# ਫ. ਏਂਗਲਜ਼

# ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ



ਸਭਨਾ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

ਫ਼. ਏਂਗਲਜ਼

# ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਂਉਂਡੇਸ਼ਨ-ਲਖਨਊ)

ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ — ਫ਼ਰੈਡਰਿਕ ਏਂਗਲਜ਼
Origin of the Family, Private Property and the State —Frederick Engels

ਇਹ ਐਡੀਸ਼ਨ — ਅਪ੍ਰੈਲ 2010

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 65 ਰੁਪਏ**

# ਤਤਕਰਾ


**ਪਹਿਲੀ ਛਾਪ ਦਾ ਮੁਖ-ਬੰਧ, 1884** . . . . . . . . . . . . . . . . . . . . . . . . . 5

**ਚੌਥੀ ਜਰਮਨ ਛਾਪ ਲਈ ਮੁਖ-ਬੰਧ, 1891 । ਆਦਿ-ਕਾਲੀਨ ਟੱਬਰ ਦੇ ਇਤਿਹਾਸ ਦੇ ਸਬੰਧ ਵਿੱਚ (ਬਾਖ਼ੋਫ਼ੇਨ, ਮੈਕਲੇਨਨ, ਮਾਰਗਨ)** . . . . . . . . . . 8

**ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਲ. ਗ. ਮਾਰਗਨ ਦੇ ਅਧਿਅਨ ਦੇ ਸਬੰਧ ਨਾਲ਼)** . . . . . . . . . . . . . . . . . 22

I ਸਭਿਆਚਾਰ ਦੇ ਪੂਰਵ–ਇਤਿਹਾਸਕ ਪੜਾਅ . . . . . . . . . . . . . . 22

1. ਵਹਿਸ਼ਤ ਜਾ ਯੁੱਗ . . . . . . . . . . . . . . . . . . . . . 22

2. ਜਹਾਲਤ ਦਾ ਯੁੱਗ . . . . . . . . . . . . . . . . . . . . . 24

**II** ਟੱਬਰ . . . . . . . . . . . . . . . . . . . . . . . . . . . . . . . . . 28

**III** ਇਰਾਕੁਈ ਗੋਤ . . . . . . . . . . . . . . . . . . . . . . . . . . . . 87

**IV** ਯੂਨਾਨੀ ਗੋਤ . . . . . . . . . . . . . . . . . . . . . . . . . . . . 102

**V** ਏਥਨਜ਼ ਦੇ ਸ਼ਹਿਰੀ ਰਾਜ ਦਾ ਉਭਰਨਾ . . . . . . . . . . . . . . . . 112

**VI** ਰੋਮ ਵਿੱਚ ਗੋਤ ਅਤੇ ਰਾਜ . . . . . . . . . . . . . . . . . . . . . 123

**VII** ਗੋਤ ਕੈਲਟਾਂ ਅਤੇ ਜਰਮਨਾਂ ਵਿੱਚ . . . . . . . . . . . . . . . . . . 135

**VIII**ਜਰਮਨਾਂ ਵਿੱਚ ਰਾਜ ਦਾ ਬਣਨਾ . . . . . . . . . . . . . . . . . . . 150

**IX** ਜਹਾਲਤ ਅਤੇ ਸਭਿਅਤਾ . . . . . . . . . . . . . . . . . . . . . . 162

ਨੋਟ . . . . . . . . . . . . . . . . . . . . . . . . . . . . . . . . . . . 184

ਨਾਮਾਵਲੀ . . . . . . . . . . . . . . . . . . . . . . . . . . . . . . . 192

ਸਾਹਿਤਕ ਅਤੇ ਮਿਥਿਹਾਸਕ ਸ਼ਖ਼ਸੀਅਤਾਂ . . . . . . . . . . . . . . . . . 203

# ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ[1]

## ਪਹਿਲੀ ਛਾਪ ਦਾ ਮੁੱਖ-ਬੰਧ, 1884

ਇੱਕ ਤਰ੍ਹਾਂ ਇਹ ਕਾਂਡ ਇੱਕ ਵਿਰਸੇ ਦੀ ਪੂਰਤੀ ਹਨ। ਇਹ ਖ਼ੁਦ ਕਾਰਲ ਮਾਰਕਸ ਹੀ ਸਨ ਜਿਨ੍ਹ ਨੇ ਇਹ ਪਲਾਨ ਬਣਾਈ ਸੀ ਕਿ ਉਹ ਖ਼ੁਦ ਆਪਣੇ ਵੱਲੋਂ—ਕੁੱਝ ਹੱਦਾਂ ਦੇ ਅੰਦਰ ਮੈਂ ਕਹਿ ਸਕਦਾ ਹਾਂ ਸਾਡੇ ਵੱਲੋਂ—ਇਤਿਹਾਸ ਦੀ ਪਦਾਰਥਵਾਦੀ ਖੋਜ ਦੇ ਸਬੰਧ ਵਿੱਚ ਮਾਰਗਨ ਦੀਆਂ ਖੋਜਾਂ ਦੇ ਸਿੱਟੇ ਪੇਸ਼ ਕਰਨ ਅਤੇ ਇਉਂ ਉਹਨਾਂ ਦੀ ਸਮੁੱਚੀ ਮਹੱਤਤਾ ਸਪਸ਼ਟ ਕਰਨ ਕਿਉਂਕਿ ਅਮਰੀਕਾ ਵਿੱਚ ਮਾਰਗਨ ਨੇ ਆਪਣੇ ਢੰਗ ਨਾਲ਼, ਇਤਿਹਾਸ ਦਾ ਉਹ ਪਦਾਰਥਵਾਦੀ ਸੰਕਲਪ ਮੁੜ-ਲੱਭਿਆ ਜਿਹੜਾ ਮਾਰਕਸ ਨੇ ਚਾਲ੍ਹੀ ਵਰ੍ਹੇ ਪਹਿਲਾਂ ਲੱਭਿਆ ਸੀ ਅਤੇ ਜਹਾਲਤ ਅਤੇ ਸਭਿਅਤਾ ਦੇ ਆਪਣੇ ਮੁਕਾਬਲੇ ਵਿੱਚ, ਮੁੱਖ ਨੁਕਤਿਆਂ ਸਬੰਧੀ, ਉਹਨਾਂ ਹੀ ਸਿੱਟਿਆਂ ਉੱਤੇ ਅੱਪੜਿਆ, ਜਿਨ੍ਹਾਂ ਉੱਤੇ ਮਾਰਕਸ ਅੱਪੜੇ ਸਨ ਅਤੇ ਐਨ ਉਸ ਤਰ੍ਹਾਂ ਜਿਵੇਂ ਜਰਮਨੀ ਵਿੱਚ ਸਰਕਾਰੀ ਅਰਥ-ਵਿਗਿਆਨੀਆਂ ਵੱਲੋਂ ਵਰ੍ਹਿਆਂ-ਬੱਧੀ 'ਸਰਮਾਇਆ' ਵਿੱਚੋਂ ਚੋਰੀ ਕੀਤੀ ਜਾਂਦੀ ਰਹੀ ਅਤੇ ਇਹਦੀ ਹੋਂਦ ਨੂੰ ਨਿਰੰਤਰ ਲੁਕਾਇਆ ਜਾਂਦਾ ਰਿਹਾ, ਐਨ ਉਸ ਤਰ੍ਹਾਂ ਇੰਗਲੈਂਡ ਵਿੱਚ 'ਪੂਰਵ-ਇਤਿਹਾਸਕ' ਵਿਗਿਆਨ ਦੇ ਬੁਲਾਰਿਆਂ ਨੇ ਮਾਰਗਨ ਦੀ ëAncient Societyí('ਪ੍ਰਾਚੀਨ ਸਮਾਜ')* ਸਬੰਧੀ ਕੀਤਾ ਹੈ। ਮੇਰੀ ਕਿਰਤ ਉਸ ਕੁੱਝ ਲਈ ਬੜਾ ਨਿਗੂਣਾ ਬਦਲ ਹੈ ਜੋ ਕੁੱਝ ਪੂਰਾ ਕਰਨਾ ਮੇਰੇ ਵਿਛੜੇ ਮਿੱਤਰ ਦੀ ਹੋਣੀ ਨਹੀਂ ਸੀ। ਪਰ ਮੇਰੇ ਸਾਹਮਣੇ ਉਹਦੇ ਵੱਲੋਂ ਮਾਰਗਨ ਦੀ ਕਿਰਤ** ਵਿੱਚੋਂ ਲਈਆਂ ਟੂਕਾਂ ਪੜਚੋਲੀ ਟੀਕਿਆਂ ਸਹਿਤ ਹਨ, ਜਿਹੜੀਆਂ ਜਿੱਥੇ ਕਿੱਧਰੇ ਇਹ ਥੋੜ੍ਹਾ ਵੀ ਸੰਭਵ ਹੈ, ਮੈਂ ਪੇਸ਼ ਕਰਦਾ ਹਾਂ।

ਪਦਾਰਥਵਾਦੀ ਸੰਕਲਪ ਅਨੁਸਾਰ ਇਤਿਹਾਸ ਵਿੱਚ ਨਿਰਣਾਇਕ ਅੰਸ਼ ਫੌਰੀ ਜੀਵਨ ਦਾ ਪੈਦਾ ਹੋਣਾ ਅਤੇ ਮੁੜ ਪੈਦਾ ਹੋਣਾ ਹੈ। ਪਰ ਆਪਣੇ ਆਪ ਵਿੱਚ ਇਹਦਾ ਦੂਹਰਾ

* ìAncient Society, or Researches in the Lines of Human Progress from Savagery through Barbarism to Civilizationî. By Lewis H. Morgan. London, Mac Millan & Co., 1877. ("ਪ੍ਰਾਚੀਨ ਸਮਾਜ, ਜਾਂ ਵਹਿਸ਼ਤ ਤੋਂ ਜਹਾਲਤ ਵਿੱਚੋਂ ਸੱਭਿਅਤਾ ਤੱਕ ਉੱਨਤੀ ਦੀਆਂ ਲੀਹਾਂ ਸਬੰਧੀ ਖੋਜ।" ਲੈਵਿਸ ਐਚ. ਮਾਰਗਨ, ਲੰਦਨ, ਮੈਕਮਿਲ ਐਂਡ ਕੰਪਨੀ, 1877) ਇਹ ਪੁਸਤਕ ਅਮਰੀਕਾ ਵਿੱਚ ਛਾਪੀ ਗਈ ਅਤੇ ਲੰਦਨ ਵਿੱਚ ਬਹੁਤ ਹੀ ਔਖ ਨਾਲ਼ ਮਿਲਦੀ ਹੈ। ਕੁੱਝ ਵਰ੍ਹੇ ਹੋਏ ਲੇਖਕ ਦੀ ਮੌਤ ਹੋ ਗਈ।

** ਇਥੇ ਹਵਾਲਾ ਹੈ ਕਾ. ਮਾਰਕਸ ਦੇ "ਲ. ਮਾਰਗਨ ਦੀ ਪੁਸਤਕ 'ਪ੍ਰਾਚੀਨ ਸਮਾਜ' ਦਾ ਵਿਸਥਾਰ-ਪੂਰਵਕ ਸਾਰ' ਦਾ। ਵੇਖੋ Marx/Engels, Archive, Vol. IX, 1941, p.p. 1-192—ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, 1941, ਪੰਨੇ 1-192) **—ਸੰਪਾ.**

ਖ਼ਾਸਾ ਹੈ। ਇੱਕ ਹੱਥ ਉਪਜੀਵਕਾ ਦੇ ਸਾਧਨਾਂ—ਖ਼ੁਰਾਕ, ਕੱਪੜੇ ਅਤੇ ਰਿਹਾਇਸ਼ ਦੇ ਸਾਧਨਾਂ ਦਾ ਅਤੇ ਉਹਨਾਂ ਲਈ ਲੋੜੀਂਦੇ ਸੰਦਾਂ—ਦਾ ਉਤਪਾਦਨ; ਅਤੇ ਦੂਜੇ ਹੱਥ ਖ਼ੁਦ ਮਨੁੱਖਾਂ ਦਾ ਉਤਪਾਦਨ, ਜਾਤੀ ਦਾ ਵਧਣਾ-ਫੁੱਲਣਾ। ਕਿਸੇ ਵਿਸ਼ੇਸ਼ ਇਤਿਹਾਸਕ ਯੁਗ ਅਤੇ ਕਿਸੇ ਵਿਸ਼ੇਸ਼ ਦੇਸ਼ ਦੇ ਮਨੁੱਖ ਜਿਨ੍ਹਾਂ ਸਮਾਜੀ ਸੰਸਥਾਵਾਂ ਅਧੀਨ ਰਹਿੰਦੇ ਹਨ, ਉਹ ਉਤਪਾਦਨ ਦੀਆਂ ਇਹਨਾਂ ਦੋਹਾਂ ਕਿਸਮਾਂ ਤੋਂ ਪ੍ਰਭਾਵਤ ਹੁੰਦੀਆਂ ਹਨ: ਇੱਕ ਹੱਥ ਕਿਰਤ ਦੇ ਵਿਕਾਸ ਤੋਂ ਅਤੇ ਦੂਜੇ ਹੱਥ ਟੱਬਰ ਦੇ ਵਿਕਾਸ ਤੋਂ। ਜਿੰਨਾਂ ਘੱਟ ਕਿਰਤ ਦਾ ਵਿਕਾਸ ਹੁੰਦਾ ਹੈ ਅਤੇ ਜਿੰਨੀ ਇਹਦੀ ਉਪਜ ਦੀ ਮਾਤਰਾ ਅਤੇ ਇਸੇ ਲਈ, ਸਮਾਜ ਦੀ ਦੌਲਤ, ਸੀਮਤ ਹੁੰਦੀ ਹੈ, ਸਮਾਜੀ ਪ੍ਰਣਾਲੀ ਉੱਤੇ ਉੱਨੇ ਵਧੇਰੇ ਲਿੰਗ ਸਬੰਧ ਪ੍ਰਧਾਨ ਤੌਰ ’ਤੇ ਭਾਰੂ ਜਾਪਦੇ ਹਨ। ਪਰ, ਲਿੰਗ ਦੇ ਸਬੰਧਾਂ ਉੱਤੇ ਆਧਾਰਤ ਸਮਾਜ ਦੀ ਬਣਤਰ ਦੇ ਅੰਦਰ, ਕਿਰਤ ਦੀ ਉਪਜਾਇਕਤਾ ਵਧੇਰੇ ਅਤੇ ਹੋਰ ਵਧੇਰੇ ਵਿਕਸਤ ਹੁੰਦੀ ਹੈ; ਇਹਦੇ ਨਾਲ਼ ਹੀ ਨਾਲ਼ ਨਿੱਜੀ ਜਾਇਦਾਦ ਅਤੇ ਵਟਾਂਦਰਾ, ਦੌਲਤ ਵਿੱਚ ਫ਼ਰਕ, ਹੋਰਨਾਂ ਦੀ ਕਿਰਤ ਵਰਤ ਸਕਣ ਦੀ ਸੰਭਾਵਨਾ ਅਤੇ ਉਸ ਤੋਂ ਸ਼੍ਰੇਣੀ ਵਿਰੋਧ ਪੈਦਾ ਹੁੰਦੇ ਹਨ: ਨਵੇਂ ਸਮਾਜੀ ਅੰਸ਼, ਜਿਹੜੇ ਪੀੜ੍ਹੀਆਂ ਦੇ ਦੌਰਾਨ ਸਮਾਜ ਦੀ ਪੁਰਾਣੀ ਬਣਤਰ ਨੂੰ ਨਵੀਆਂ ਪ੍ਰਸਥਿਤੀਆਂ ਦਾ ਅਨੁਸਾਰੀ ਬਣਾਉਣ ਦਾ ਯਤਨ ਕਰਦੇ ਹਨ, ਇਥੋਂ ਤੱਕ, ਕਿ ਅੰਤ, ਦੁਹਾਂ ਦੇ ਅਣਮੇਲ ਦਾ ਸਿੱਟਾ ਮੁਕੰਮਲ ਇਨਕਲਾਬ ਹੁੰਦਾ ਹੈ। ਪੁਰਾਣਾ ਸਮਾਜ, ਜਿਹੜਾ ਲਿੰਗ ਦੇ ਸਬੰਧਾਂ ਉੱਤੇ ਆਧਾਰਤ ਟੋਲੀਆਂ ਦਾ ਬਣਿਆ ਸੀ, ਨਵੀਆਂ ਵਿਕਸਤ ਹੋਈਆਂ ਸਮਾਜੀ ਸ਼੍ਰੇਣੀਆਂ ਨਾਲ਼ ਟਕਰਾ ਕੇ ਫਟ ਜਾਂਦਾ ਹੈ; ਇਹਦੀ ਥਾਂ ਇੱਕ ਨਵਾਂ ਸਮਾਜ ਉਭਰਦਾ ਹੈ, ਜਿਸਦਾ ਰੂਪ ਇੱਕ ਰਾਜ ਦਾ ਹੁੰਦਾ ਹੈ, ਜਿਸਦੀਆਂ ਹੇਠਲੀਆਂ ਇਕਾਈਆਂ ਦਾ ਆਧਾਰ ਹੁਣ ਲਿੰਗ ਦੇ ਸਬੰਧ ਨਹੀਂ ਸਗੋਂ ਇਲਾਕਾਈ ਟੋਲੀਆਂ ਹੁੰਦੀਆਂ ਹਨ, ਇੱਕ ਅਜਿਹਾ ਸਮਾਜ, ਜਿਸ ਵਿੱਚ ਟੱਬਰ ਦੇ ਪ੍ਰਬੰਧ ਉੱਤੇ ਜਾਇਦਾਦ ਦਾ ਪ੍ਰਬੰਧ ਉੱਕਾ ਹੀ ਭਾਰੂ ਹੁੰਦਾ ਹੈ ਅਤੇ ਜਿਸ ਵਿੱਚ ਸ਼੍ਰੇਣੀ ਵਿਰੋਧ ਅਤੇ ਸ਼੍ਰੇਣੀ ਘੋਲ਼, ਜਿਹੜੇ ਹੁਣ ਤੱਕ ਦੇ ਕੁਲ **ਲਿਖਤੀ** ਇਤਿਹਾਸ ਦਾ ਤੱਤ ਹਨ, ਹੁਣ ਖੁੱਲ੍ਹੀ ਤਰ੍ਹਾਂ ਵਿਕਸਤ ਹੁੰਦੇ ਹਨ।

ਮਾਰਗਨ ਦਾ ਮਹਾਨ ਗੁਣ ਇਸ ਗੱਲ ਵਿੱਚ ਹੈ ਕਿ ਉਹਨੇ ਸਾਡੇ ਲਿਖਤੀ ਇਤਿਹਾਸ ਦੇ ਪੂਰਵ-ਇਤਿਹਾਸਕ ਆਧਾਰਾਂ ਦੇ ਮੁੱਖ ਲੱਛਣ ਲੱਭ ਲਏ ਅਤੇ ਉੱਤਰੀ ਅਮਰੀਕੀ ਇੰਡੀਅਨਾਂ ਵਿੱਚ ਲਿੰਗ ਦੇ ਰਿਸ਼ਤਿਆਂ ਉੱਤੇ ਆਧਾਰਤ ਟੋਲੀਆਂ ਵਿੱਚ ਅਤਿ-ਅੰਤ ਮੁਢਲੇ ਯੂਨਾਨੀ, ਰੋਮ ਦੀਆਂ ਅਤੇ ਜਰਮਨ ਇਤਿਹਾਸ ਦੀਆਂ ਸਭ ਤੋਂ ਵੱਧ ਮਹਤਵ-ਪੂਰਨ ਅਤੇ ਹੁਣ ਤੱਕ ਹੱਲ ਨਾ ਹੋ ਸਕਣ ਵਾਲ਼ੀਆਂ ਅੜਾਉਣੀਆਂ ਦਾ ਹੱਲ ਲੱਭ ਲਿਆ। ਪਰ ਉਹਦੀ ਪੁਸਤਕ ਕੋਈ ਇੱਕ ਦਿਨ ਦੇ ਕੰਮ ਦਾ ਸਿੱਟਾ ਨਹੀਂ ਸੀ। ਉਹ ਆਪਣੀ ਪ੍ਰਾਪਤ ਸਮੱਗਰੀ ਨਾਲ਼ ਲਗਭਗ ਚਾਲ੍ਹੀ ਵਰ੍ਹੇ ਘੁਲਦਾ ਰਿਹਾ, ਇੱਥੋਂ ਤੱਕ ਕਿ ਉਹਨੇ ਇਹਦੇ ਵਿੱਚ ਪੂਰੀ ਮੁਹਾਰਤ ਪ੍ਰਾਪਤ ਕਰ ਲਈ। ਇਸੇ ਲਈ ਉਹਦੀ ਪੁਸਤਕ ਸਾਡੇ ਸਮੇਂ ਦੀਆਂ ਸਭ ਤੋਂ ਵੱਧ ਯੁੱਗ-ਪਲਟਾਊ ਪੁਸਤਕਾਂ ਵਿੱਚੋਂ ਇੱਕ ਹੈ।

ਇਸ ਤੋਂ ਪਿੱਛੋਂ ਜਿਹੜੀ ਵਿਆਖਿਆ ਆਉਂਦੀ ਹੈ, ਪਾਠਕ, ਸਮੁੱਚੇ ਤੌਰ ’ਤੇ, ਸੌਖੇ ਹੀ ਉਸ ਵਿਚਕਾਰ, ਜਿਹੜਾ ਮਾਰਗਨ ਤੋਂ ਲਿਆ ਗਿਆ ਹੈ ਅਤੇ ਜਿਸਦਾ ਮੈਂ ਵਾਧਾ

ਕੀਤਾ ਹੈ, ਫ਼ਰਕ ਕਰ ਸਕੇਗਾ। ਯੂਨਾਨ ਅਤੇ ਰੋਮ ਸਬੰਧੀ ਇਤਿਹਾਸਕ ਹਿੱਸਿਆਂ ਵਿੱਚ ਮੈਂ ਆਪਣੇ ਆਪ ਨੂੰ ਮਾਰਗਨ ਦੀ ਵਾਕਫ਼ੀ ਤੱਕ ਸੀਮਤ ਨਹੀਂ ਰੱਖਿਆ ਸਗੋਂ ਜੋ ਕੁੱਝ ਮੇਰੇ ਕੋਲ਼ ਸੀ ਉਸਦਾ ਵਾਧਾ ਕੀਤਾ ਹੈ। ਕੈਲਟਾਂ ਅਤੇ ਜਰਮਨਾਂ ਸਬੰਧੀ ਹਿੱਸੇ ਵੀ ਚੋਖੀ ਹੱਦ ਤੱਕ ਮੇਰੇ ਆਪਣੇ ਹਨ; ਇੱਥੇ ਮਾਰਗਨ ਕੋਲ਼ ਉਕਾ ਹੀ ਪਰਹੱਥੇ ਸਾਧਨ ਸਨ ਅਤੇ ਜਿਥੋਂ ਤੱਕ ਜਰਮਨ ਪ੍ਰਸਥਿਤੀਆਂ ਦਾ ਸਬੰਧ ਹੈ—ਟੈਟਸਿਟਸ ਤੋਂ ਬਿਨਾਂ—ਕੇਵਲ ਸ਼੍ਰੀ ਫ਼ਰੀਮੈਨ ਦੀਆਂ ਚਵਲ ਉਦਾਰਪੰਥੀ ਘਾੜਤਾਂ ਹੀ ਉਹਨੂੰ ਪ੍ਰਾਪਤ ਸਨ। ਆਰਥਕ ਦਲੀਲਾਂ, ਜਿਹੜੀਆਂ ਮਾਰਗਨ ਦੇ ਮੰਤਵਾਂ ਲਈ ਕਾਫ਼ੀ ਸਨ ਪਰ ਮੇਰੇ ਲਈ ਉੱਕਾ ਹੀ ਨਾਕਾਫ਼ੀ ਸਨ, ਮੈਂ ਨਵੇਂ ਸਿਰਿਉਂ ਵਿਸਥਾਰੀਆਂ ਹਨ ਅਤੇ ਜਿੱਥੇ ਕਿੱਧਰੇ ਸਿੱਧੀ ਮਾਰਗਨ ਵਿੱਚੋਂ ਟੂਕ ਨਹੀਂ ਦਿੱਤੀ ਗਈ ਉੱਥੇ ਮੈਂ ਸਭਨਾਂ ਸਿੱਟਿਆਂ ਲਈ ਜ਼ਿੰਮੇਵਾਰ ਹਾਂ।

26 ਮਈ 1884 ਦੇ ਨੇੜੇ ਤੇੜੇ ਲਿਖਿਆ ਗਿਆ

ਏਂਗਲਜ਼ ਵੱਲੋਂ 'ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ' ਦੀ ਪਹਿਲੀ ਛਾਪ ਲਈ ਲਿਖਿਆ ਗਿਆ, ਜਿਹੜੀ 1884 ਵਿੱਚ ਜ਼ਿਊਰਿਚ ਵਿਖੇ ਛਪੀ।

ਪੁਸਤਕ ਦੀ ਚੌਥੀ ਛਾਪ ਅਨੁਸਾਰ ਛਾਪਿਆ ਗਿਆ।

* * *

## ਚੌਥੀ ਜਰਮਨ ਛਾਪ ਲਈ ਮੁੱਖ-ਬੰਧ, 1891
## ਆਦਿ-ਕਾਲੀਨ ਟੱਬਰ ਦੇ ਇਤਿਹਾਸ ਦੇ ਸਬੰਧ ਵਿੱਚ
## (ਬਾਖ਼ੋਫ਼ੇਨ, ਮੈਕਲੇਨਨ, ਮਾਰਗਨ)

ਇਸ ਪੁਸਤਕ ਦੀਆਂ ਪਿਛਲੀਆਂ ਵੱਡੀਆਂ ਛਾਪਾਂ ਲਗਭਗ ਛੇ ਮਹੀਨੇ ਤੋਂ ਖ਼ਤਮ ਹੋ ਚੁੱਕੀਆਂ ਹਨ ਅਤੇ ਪ੍ਰਕਾਸ਼ਕ* ਕੁੱਝ ਸਮੇਂ ਤੋਂ ਇਹ ਇੱਛਾ ਪ੍ਰਗਟ ਕਰਦਾ ਰਿਹਾ ਹੈ ਕਿ ਮੈਂ ਇੱਕ ਨਵੀਂ ਛਾਪ ਤਿਆਰ ਕਰਾਂ। ਵਧੇਰੇ ਫ਼ੌਰੀ ਕੰਮਾਂ ਨੇ ਮੈਨੂੰ ਹੁਣ ਤੱਕ ਅਜਿਹਾ ਨਹੀਂ ਕਰਨ ਦਿੱਤਾ। ਪਹਿਲੀ ਛਾਪ ਛਪਣ ਤੋਂ ਪਿੱਛੋਂ ਸੱਤ ਵਰ੍ਹੇ ਲੰਘ ਗਏ ਹਨ ਅਤੇ ਇਸ ਸਮੇਂ ਵਿੱਚ ਟੱਬਰ ਦੇ ਮੂਲ ਰੂਪਾਂ ਸਬੰਧੀ ਸਾਡੇ ਗਿਆਨ ਨੇ ਚੋਖੀ ਉੱਨਤੀ ਕੀਤੀ ਹੈ। ਇਸ ਲਈ ਇਹ ਲਾਜ਼ਮੀ ਸੀ ਕਿ ਵਿਸਥਾਰਨ ਅਤੇ ਚੰਗੇਰਾ ਬਣਾਉਣ ਦੇ ਕੰਮ ਨੂੰ ਜ਼ੋਰ ਨਾਲ਼ ਹੱਥ ਵਿੱਚ ਲਿਆ ਜਾਵੇ, ਵਿਸ਼ੇਸ਼ ਤੌਰ ’ਤੇ ਇਸ ਲਈ ਕਿ ਇਸ ਪਾਠ ਦੀਆਂ ਛਾਪੇ ਦੀਆਂ ਤਖ਼ਤੀਆਂ ਬਣਾਉਣ ਦੀ ਤਜਵੀਜ਼ ਭਵਿੱਖ ਵਿੱਚ ਕੁੱਝ ਸਮੇਂ ਲਈ ਮੇਰੇ ਵੱਲੋਂ ਤਬਦੀਲੀ ਨੂੰ ਅਸੰਭਵ ਬਣਾ ਦੇਵੇਗੀ।

ਇਸ ਲਈ ਮੈਂ ਪੂਰੇ ਪਾਠ ਦੀ ਬੜੇ ਧਿਆਨ ਨਾਲ਼ ਸੁਧਾਈ ਕੀਤੀ ਹੈ ਅਤੇ ਕਈ ਵਾਧੇ ਕੀਤੇ ਹਨ, ਜਿਨ੍ਹਾਂ ਵਿੱਚ, ਮੇਰਾ ਵਿਚਾਰ ਹੈ, ਵਿਗਿਆਨ ਦੀ ਅਜੋਕੀ ਪ੍ਰਸਥਿਤੀ ਵੱਲ ਯੋਗ ਧਿਆਨ ਦਿੱਤਾ ਗਿਆ ਹੈ। ਨਾਲ਼ੇ, ਇਸ ਮੁੱਖ–ਬੰਧ ਵਿੱਚ ਮੈਂ ਬਾਖ਼ੋਫ਼ੇਨ ਤੋਂ ਮਾਰਗਨ ਤੱਕ ਟੱਬਰ ਦਾ ਇਤਿਹਾਸ ਦਿੱਤਾ ਹੈ, ਮੁੱਖ ਤੌਰ ’ਤੇ ਇਸ ਲਈ ਕਿ ਅੰਗ੍ਰੇਜ਼ ਪੂਰਵ–ਇਤਿਹਾਸਕ ਪਰਪਾਟੀ, ਜਿਸ ਵਿੱਚ ਅੰਧਰਾਸ਼ਟਰਵਾਦ ਦੀ ਭਾਹ ਹੈ, ਖ਼ਾਮੋਸ਼ੀ ਨਾਲ਼ ਉਸ ਇਨਕਲਾਬ ਨੂੰ ਕਤਲ ਕਰਨਾ ਚਾਹੁੰਦੀ ਹੈ ਜਿਹੜਾ ਮਾਰਗਨ ਦੀਆਂ ਲੱਭਤਾਂ ਨੇ ਆਦਿ–ਕਾਲੀਨ ਸਮਾਜ ਦੇ ਇਤਿਹਾਸ ਵਿੱਚ ਲਿਆਂਦਾ ਹੈ, ਭਾਵੇਂ ਉਹ ਇਹਦੇ ਸਿੱਟਿਆਂ ਨੂੰ ਹਥਿਆਉਣੋਂ ਉੱਕਾ ਹੀ ਨਹੀਂ ਝਕਦੀ। ਹੋਰਨੀਂ ਥਾਈਂ ਵੀ ਅਕਸਰ ਹੀ ਇਸ ਅੰਗ੍ਰੇਜ਼ੀ ਮਿਸਾਲ ਉਤੇ ਅਮਲ ਕੀਤਾ ਜਾਂਦਾ ਹੈ।

ਮੇਰੀ ਕਿਰਤ ਕਈ ਭਾਸ਼ਾਵਾਂ ਵਿੱਚ ਅਨੁਵਾਦੀ ਗਈ ਹੈ। ਪਹਿਲਾਂ ਅਤਾਲਵੀ ਵਿੱਚ: ìLíorigine della famiglia, della propret‡ privata e dello statoî, versione riveduta dallíautore, di Pasquale Martignetti; Benevento, 1885; ਫੇਰ ਰੋਮਾਨੀਆ ਦੀ ਭਾਸ਼ਾ ਵਿੱਚ: ìOrigina familiei, proprietatei private ∫i a statuluiî, traducere de Joan Nadejde; ਜੋ ਯਾਸੀ ਦੇ ਰਸਾਲੇ ìCotemporanulî[2] ਵਿੱਚ ਸਤੰਬਰ 1885 ਤੋਂ ਮਈ 1886 ਤੱਕ ਛਪੀ। ਫੇਰ ਡੈਨਮਾਰਕ ਦੀ ਭਾਸ਼ਾ ਵਿੱਚ:ìFamiljens, Privatejendommens og Statens Oprindelseî, Dansk, af Forfatteren gennemgaaet Udgave, besorget af Gerson Trier,

---

* ਜੇ. ਡੀਟਜ਼। —**ਸੰਪਾ.**

K^benhavn 1888; ਹੈਨਰੀ ਰਾਵੇ ਵੱਲੋਂ ਇਸ ਜਰਮਨ ਛਾਪ ਉੱਤੇ ਆਧਾਰਤ ਫ਼ਰਾਂਸੀਸੀ ਵਿੱਚ ਅਨੁਵਾਦ ਇਸ ਸਮੇਂ ਪ੍ਰੈਸ ਵਿੱਚ ਹੈ।

* * *

ਸੱਤਵੇਂ ਦਹਾਕੇ ਦੇ ਸ਼ੁਰੂ ਤੱਕ ਟੱਬਰ ਦੇ ਇਤਿਹਾਸ ਜਿਹੀ ਕੋਈ ਸ਼ੈ ਨਹੀਂ ਸੀ। ਇਤਿਹਾਸਕ ਵਿਗਿਆਨ ਦਾ ਇਹ ਖੇਤਰ ਅਜੇ ਪੂਰੀ ਤਰ੍ਹਾਂ ਮੂਸਾ ਦੀਆਂ ਪੰਜਾਂ ਪੁਸਤਕਾਂ ਦੇ ਅਸਰ ਅਧੀਨ ਸੀ। ਟੱਬਰ ਦੇ ਪਿੱਤਰੀ ਰੂਪ ਨੂੰ ਜਿਸਦਾ ਉੱਥੇ ਕਿਸੇ ਹੋਰ ਥਾਂ ਨਾਲ਼ੋਂ ਵਧੇਰੇ ਵਿਸਥਾਰ ਨਾਲ਼ ਵਰਨਣ ਕੀਤਾ ਗਿਆ ਹੈ, ਨਾ ਕੇਵਲ ਪੂਰੇ ਨਿਸ਼ਚੇ ਨਾਲ਼ ਟੱਬਰ ਦਾ ਸਭ ਤੋਂ ਪੁਰਾਣਾ ਰੂਪ ਮੰਨਿਆ ਜਾਂਦਾ ਸੀ, ਸਗੋਂ— ਬਹੁ-ਪਤਨੀ ਰੂਪ ਨੂੰ ਛੱਡ ਕੇ—ਇਹਨੂੰ ਅਜੋਕੇ ਬੁਰਜੂਆ ਟੱਬਰ ਨਾਲ਼ ਇੱਕ-ਮਿੱਕ ਕੀਤਾ ਜਾਂਦਾ ਹੈ, ਜਿਵੇਂ ਟੱਬਰ ਕਿਸੇ ਇਤਿਹਾਸਕ ਵਿਕਾਸ ਵਿੱਚੋਂ ਨਹੀਂ ਲੰਘਿਆ ਸੀ। ਵੱਧ ਤੋਂ ਵੱਧ ਇਹ ਪ੍ਰਵਾਨ ਕੀਤਾ ਜਾਂਦਾ ਸੀ ਕਿ ਸ਼ਾਇਦ ਆਦਿ-ਕਾਲੀਨ ਸਮਿਆਂ ਵਿੱਚ ਖੁੱਲ੍ਹੇ ਲਿੰਗ ਸਬੰਧਾਂ ਦੀ ਕਿਸੇ ਸਮੇਂ ਹੋਂਦ ਹੈ ਸੀ। ਨਿਸ਼ਚੇ ਹੀ, ਇੱਕ-ਪਤੀ ਇੱਕ-ਪਤਨੀ ਦੇ ਨਾਲ਼ ਨਾਲ਼ ਪੂਰਬੀ ਬਹੁ-ਪਤਨੀ ਰੂਪ ਅਤੇ ਹਿੰਦ-ਤਿੱਬਤੀ ਬਹੁ-ਕੰਤੀ ਰੂਪ ਦਾ ਵੀ ਪਤਾ ਸੀ ਪਰ ਇਹਨਾਂ ਤਿੰਨਾਂ ਰੂਪਾਂ ਨੂੰ ਕਿਸੇ ਇਤਿਹਾਸਕ ਤਰਤੀਬ ਅਨੁਸਾਰ ਬੀੜਨਾ ਸੰਭਵ ਨਹੀਂ ਸੀ ਅਤੇ ਇਹ ਅਣ-ਸਬੰਧਤ ਰੂਪ ਵਿੱਚ ਇੱਕ ਦੂਜੇ ਦੇ ਨਾਲ਼ ਨਾਲ਼ ਪ੍ਰਗਟ ਹੁੰਦੇ। ਇਹ ਗੱਲ ਕਿ ਪ੍ਰਾਚੀਨ ਸਮਿਆਂ ਦੀਆਂ ਕੁੱਝ ਕੌਮਾਂ ਵਿੱਚ ਅਤੇ ਅਜੇ ਤੱਕ ਮੌਜੂਦ ਕੁੱਝ ਵਹਿਸ਼ੀਆਂ ਵਿੱਚ, ਵਿਰਾਸਤ ਦਾ ਸਿਲਸਿਲਾ ਪਿਉ ਤੋਂ ਨਹੀਂ ਸਗੋਂ ਮਾਂ ਵੱਲੋਂ ਗਿਣਿਆ ਜਾਂਦਾ ਹੈ ਅਤੇ ਇਸੇ ਲਈ, ਕੇਵਲ ਇਸਤਰੀਆਂ ਰਾਹੀਂ ਵੰਸ਼ਾਵਲੀ ਨੂੰ ਹੀ ਜਾਇਜ਼ ਮੰਨਿਆ ਜਾਂਦਾ ਹੈ; ਕਿ ਅਜੋਕੀਆਂ ਬਹੁਤ ਸਾਰੀਆਂ ਕੌਮਾਂ ਵਿੱਚ ਸਪੱਸ਼ਟ ਵਡੇਰੇ ਸਮੂਹਾਂ ਅੰਦਰ— ਜਿਨ੍ਹਾਂ ਦੀ ਉਸ ਸਮੇਂ ਨੇੜਵੀਂ ਪੜਤਾਲ਼ ਨਹੀਂ ਸੀ ਕੀਤੀ ਗਈ— ਵਿਆਹ ਵਰਜਿਤ ਹੈ ਅਤੇ ਇਹ ਕਿ ਇਹ ਰਿਵਾਜ ਸੰਸਾਰ ਦੇ ਸਭਨਾਂ ਹਿੱਸਿਆਂ ਵਿੱਚ ਮਿਲਦਾ ਹੈ— ਇਹਨਾਂ ਤੱਥਾਂ ਦਾ ਪਤਾ ਸੀ ਅਤੇ ਨਵੀਆਂ ਮਿਸਾਲਾਂ ਲਗਾਤਾਰ ਸਾਹਮਣੇ ਲਿਆਈਆਂ ਜਾ ਰਹੀਆਂ ਸਨ। ਪਰ ਕਿਸੇ ਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਉਹਨਾਂ ਦਾ ਕੀ ਕੀਤਾ ਜਾਵੇ ਅਤੇ ਇਥੋਂ ਤੱਕ ਕਿ ਐ. ਬ. ਟੇਲਰ ਦੀ ਪੁਸਤ ìResearches into the Early History of Mankind, etcî (1865) ("ਮਨੁੱਖਜਾਤੀ ਦੇ ਮੁਢਲੇ ਇਤਿਹਾਸ ਸਬੰਧੀ ਖੋਜ, ਆਦਿ") ਵਿੱਚ ਇਹ ਵਹਿਸ਼ੀਆਂ ਵਿੱਚ ਬਲ਼ਦੀ ਲੱਕੜ ਨੂੰ ਲੋਹੇ ਦੇ ਸੰਦਾਂ ਨਾਲ਼ ਨਾ ਛੂਹਣ ਸਬੰਧੀ ਪ੍ਰਚਲਤ ਮਨਾਹੀ ਅਤੇ ਅਜਿਹੀ ਬਕਵਾਸ ਅਤੇ ਵਾਹਯਾਤੀ ਦੇ ਨਾਲ਼ ਨਾਲ਼ ਕੇਵਲ "ਅਜੀਬ ਰਿਵਾਜਾਂ" ਦੇ ਤੌਰ ਤੇ ਪ੍ਰਗਟ ਹੁੰਦੇ ਹਨ।

ਟੱਬਰ ਦੇ ਇਤਿਹਾਸ ਦਾ ਅਧਿਅਨ 1861 ਤੋਂ ਬਾਖ਼ੋਫ਼ੇਨ ਦੀ 'ਮਾਤਰੀ ਹੱਕ'* ਦੇ

* Bachofen I.I., ìDas Mutterrecht. Eine Untersuchung ¸ber die Gynaikokratie der alten welt nach ihrer religi^sen und rechtlichen Natur. î Stuttgart, 1861(ਜ. ਜ. ਬਾਖ਼ੋਫ਼ੇਨ, "ਮਾਤਰੀ ਹੱਕ, ਇਹਦੇ ਧਾਰਮਿਕ ਅਤੇ ਕਾਨੂੰਨੀ ਖ਼ਾਸੇ ਦੇ ਪ੍ਰਸੰਗ ਵਿੱਚ ਪ੍ਰਾਚੀਨ ਸਮਾਜ ਵਿੱਚ ਭਗਨੀ-ਰਾਜ ਦਾ ਅਧਿਐਨ", ਸਟੁਟਗਾਰਟ, 1861)।— **ਸੰਪਾ.**

ਪ੍ਰਕਾਸ਼ਤ ਹੋਣ ਤੋਂ ਸ਼ੁਰੂ ਹੁੰਦਾ ਹੈ। ਇਸ ਕਿਰਤ ਵਿੱਚ ਲੇਖਕ ਹੇਠ-ਲਿਖੀਆਂ ਪ੍ਰਸਤਾਵਨਾਵਾਂ ਪੇਸ਼ ਕਰਦਾ ਹੈ: 1) ਕਿ ਮੁੱਢ ਵਿੱਚ ਮਨੁੱਖਜਾਤੀ ਦੀ ਹਾਲਤ ਖੁੱਲ੍ਹੇ ਲਿੰਗ ਸਬੰਧਾਂ ਵਾਲ਼ੀ ਸੀ, ਜਿਸਨੂੰ ਮੰਦੇ ਭਾਗੀਂ ਲੇਖਕ "ਹਿਤੀਰੀਵਾਦ" (ਧਾਰਮਕ ਵੇਸਵਾ ਪ੍ਰਥਾ— **ਅਨੁ.**) ਦਾ ਨਾਂ ਦੇਂਦਾ ਹੈ; 2) ਕਿ ਅਜਿਹੇ ਖੁੱਲ੍ਹੇ ਸਬੰਧਾਂ ਕਾਰਨ ਪਿਤਾ ਸਬੰਧੀ ਪਤਾ ਕੁਲ ਯਕੀਨ ਅਸੰਭਵ ਬਣਾਉਂਦਾ ਸੀ, ਸੋ ਵੰਸ਼ਾਵਲੀ ਇਸਤਰੀਆਂ ਰਾਹੀਂ ਹੀ ਮਿੱਥੀ ਜਾ ਸਕਦੀ ਸੀ—ਮਾਤਰੀ ਹੱਕ ਅਨੁਸਾਰ— ਅਤੇ ਇਹ ਕਿ ਆਦਿ ਵਿੱਚ ਪ੍ਰਾਚੀਨ ਸਮਿਆਂ ਦੀਆਂ ਕੌਮਾਂ ਵਿਚਕਾਰ ਅਜਿਹਾ ਹੀ ਵਰਤਾਰਾ ਸੀ; 3) ਅਤੇ ਇਹਦੇ ਸਿੱਟੇ ਵਜੋਂ ਇਸਤਰੀਆਂ ਦਾ, ਜਿਹੜੀਆਂ ਮਾਵਾਂ ਦੇ ਤੌਰ 'ਤੇ ਛੁਟੇਰੀ ਪੀੜ੍ਹੀ ਦੀ ਇੱਕੋ ਇੱਕ ਮਿਥੀ ਜਾ ਸਕਣ ਵਾਲ਼ੀ ਜੱਦ ਸਨ, ਬਹੁਤ ਜ਼ਿਆਦਾ ਮਾਣ ਅਤੇ ਸਤਿਕਾਰ ਕੀਤਾ ਜਾਂਦਾ, ਜਿਹੜਾ ਬਾਖ਼ੋਫ਼ੇਨ ਦੇ ਸੰਕਲਪ ਅਨੁਸਾਰ ਇਸਤ੍ਰੀਆਂ ਦੀ ਮੁਕੰਮਲ ਹਕੂਮਤ (ਭਗਨੀ-ਰਾਜ) ਤੱਕ ਵਧਾ ਦਿੱਤਾ ਗਿਆ; 4) ਕਿ ਇੱਕ-ਪਤੀ ਇੱਕ-ਪਤਨੀ ਪ੍ਰਥਾ ਵੱਲ ਤਬਦੀਲੀ ਦੇ, ਜਿਸ ਵਿੱਚ ਇੱਕ ਇਸਤਰੀ ਉੱਕਾ ਹੀ ਇੱਕ ਮਰਦ ਦੀ ਹੁੰਦੀ ਹੈ, ਅਰਥ ਸਨ, ਆਦਿ-ਕਾਲੀਨ ਧਾਰਮਕ ਹੁਕਮਾਂ ਦੀ ਉਲੰਘਣਾ (ਅਰਥਾਤ, ਅਸਲੀ ਯਥਾਰਥ ਵਿੱਚ, ਉਸੇ ਇਸਤਰੀ ਉੱਤੇ ਹੋਰਨਾਂ ਮਰਦਾਂ ਦੇ ਹੱਕਾਂ ਦੀ ਉਲੰਘਣਾ), ਇੱਕ ਅਜਿਹੀ ਉਲੰਘਣਾ, ਜਿਸ ਲਈ ਪ੍ਰਾਸ਼ਚਿਤ ਕਰਨਾ ਪੈਂਦਾ ਸੀ ਜਾਂ ਇਸਤਰੀ ਨੂੰ ਕੁੱਝ ਸਮੇਂ ਲਈ ਦੂਜਿਆਂ ਦੇ ਹਵਾਲੇ ਕਰਕੇ ਅਜਿਹਾ ਕਰਨ ਦਾ ਹੱਕ ਖ਼ਰੀਦਣਾ ਪੈਂਦਾ ਸੀ।

ਬਾਖ਼ੋਫ਼ੇਨ ਇਹਨਾਂ ਪ੍ਰਸਤਾਵਨਾਵਾਂ ਦੇ ਹੱਕ ਵਿੱਚ ਸਬੂਤ ਪ੍ਰਾਚੀਨ ਕਲਾਸੀਕੀ ਸਾਹਿਤ ਦੇ ਅਨੇਕ ਟੋਟਕਿਆਂ ਵਿੱਚ ਲੱਭਦਾ ਹੈ, ਜਿਹੜੇ ਉਹਨੇ ਅਸਾਧਾਰਨ ਸਿਰੜ ਨਾਲ਼ ਇਕੱਤਰ ਕੀਤੇ। ਉਹਦੇ ਅਨੁਸਾਰ "ਹਿਤੀਰੀਵਾਦ" ਤੋਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਵੱਲ ਅਤੇ ਮਾਤਰੀ ਹੱਕ ਤੋਂ ਪਿਤਰੀ ਹੱਕ ਵੱਲ ਵਿਕਾਸ ਦਾ ਕਾਰਨ, ਵਿਸ਼ੇਸ਼ ਤੌਰ 'ਤੇ ਯੂਨਾਨੀਆਂ ਵਿੱਚ, ਧਾਰਮਿਕ ਵਿਚਾਰਾਂ ਦਾ ਵਿਕਾਸ, ਪੁਰਾਣੇ ਦ੍ਰਿਸ਼ਟੀਕੋਣ ਦੇ ਪ੍ਰਤਿਨਿੱਧ ਪੁਰਾਣੇ ਰਵਾਇਤੀ ਦੇਵ-ਮੰਡਲ ਵਿੱਚ ਨਵੇਂ ਦ੍ਰਿਸ਼ਟੀਕੋਣ ਦੇ ਪ੍ਰਤਿਨਿੱਧ ਨਵੇਂ ਦੇਵਤਿਆਂ ਦਾ ਘੁਸਣਾ ਹੈ, ਜਿਸ ਨਾਲ਼ ਪਹਿਲੇ ਪਿਛਲਿਆਂ ਰਾਹੀਂ ਸਦਾ ਵਧੇਰੇ ਪਿਛੋਕੜ ਵਿੱਚ ਸੁੱਟੇ ਜਾਂਦੇ ਰਹੇ। ਇਉਂ ਬਾਖ਼ੋਫ਼ੇਨ ਅਨੁਸਾਰ ਇਹ ਉਹਨਾਂ ਵਾਸਤਵਿਕ ਪ੍ਰਸਥਿਤੀਆਂ ਦਾ, ਜਿਨ੍ਹਾਂ ਵਿੱਚ ਲੋਕ ਰਹਿੰਦੇ ਹਨ, ਵਿਕਾਸ ਨਹੀਂ ਸਗੋਂ ਮਨੁੱਖਾਂ ਦੇ ਮਨਾਂ ਵਿੱਚ ਉਹਨਾਂ ਪ੍ਰਸਥਿਤੀਆਂ ਦਾ ਪ੍ਰਤਿਬਿੰਬ ਹੈ ਜਿਸਨੇ ਮਰਦਾਂ ਅਤੇ ਇਸਤਰੀਆਂ ਦੀ ਪ੍ਰਸਪਰ ਪ੍ਰਸਥਿਤੀ ਵਿੱਚ ਇਤਿਹਾਸਕ ਤਬਦੀਲੀਆਂ ਲਿਆਂਦੀਆਂ। ਇਸੇ ਅਨੁਸਾਰ ਬਾਖ਼ੋਫ਼ੇਨ ਐਸ਼ੂਲਸ ਦੇ "ਓਰੇਸਟੀਆ" ਵੱਲ ਸੂਰਮਾ ਯੁੱਗ ਵਿੱਚ ਨਿਘਰ ਰਹੇ ਮਾਤਰੀ ਹੱਕ ਅਤੇ ਵੱਧ ਰਹੇ ਅਤੇ ਜੇਤੂ ਪਿੱਤਰੀ ਹੱਕ ਵਿਚਕਾਰ ਨਾਟਕੀ ਘੋਲ਼ ਦੇ ਬਿਆਨ ਵੱਜੋਂ ਇਸ਼ਾਰਾ ਕਰਦਾ ਹੈ। ਕਲੀਤੇਮਨੇਸਤਰਾ ਨੇ ਆਪਣੇ ਪਤੀ ਅਗਾਮੈਮਨਾਨ ਨੂੰ, ਜਿਹੜਾ ਹੁਣੇ ਹੁਣੇ ਟਰਾਏ ਦੇ ਯੁੱਧ ਤੋਂ ਮੁੜਿਆ ਹੈ, ਆਪਣੇ ਆਸ਼ਕ ਐਗਿਸਥਸ ਦੀ ਖ਼ਾਤਰ ਕਤਲ ਕਰ ਦਿੱਤਾ; ਪਰ ਅਗਾਮੈਮਨਾਨ ਤੋਂ ਉਹਦਾ ਪੁੱਤਰ ਓਰੇਸਟੇਜ਼ ਆਪਣੀ ਮਾਂ ਨੂੰ ਕਤਲ ਕਰਕੇ ਆਪਣੇ ਪਿਉ ਦੇ ਖ਼ੂਨ ਦਾ ਬਦਲਾ ਲੈਂਦਾ

ਹੈ। ਇਸ ਕਾਰਨ ਅਰੀਨੀਜ਼*, ਮਾਤਰੀ ਹੱਕ ਦੀਆਂ ਰਾਖ਼ਸ਼ੀ ਰੱਖਵਾਲੀਆਂ, ਜਿਨ੍ਹਾਂ ਅਨੁਸਾਰ ਮਾਤਰੀ-ਵੱਧ ਸਭ ਤੋਂ ਵੱਧ ਘੋਰ ਅਤੇ ਸਮਝੋਂ-ਬਾਹਰਾ ਹੈ, ਉਹਦਾ ਪਿੱਛਾ ਕਰਦੀਆਂ ਹਨ। ਪਰ ਅਪਾਲੋ, ਜਿਸਨੇ ਆਪਣੀ ਦੇਵ-ਬਾਣੀ ਰਾਹੀਂ ਓਰੇਸਟੇਜ਼ ਨੂੰ ਹੀ ਕਾਰਾ ਕਰਨ ਲਈ ਭੜਕਾਇਆ ਹੈ ਅਤੇ ਐਥੀਨਾ, ਜਿਸਨੂੰ ਸਾਲਸ ਵਜੋਂ ਬੁਲਾਇਆ ਜਾਂਦਾ ਹੈ—ਦੋ ਇਸ਼ਟ ਜਿਹੜੇ ਪਿੱਤਰੀ ਹੱਕ ਉੱਤੇ ਆਧਾਰਤ ਨਵੀਂ ਪ੍ਰਣਾਲੀ ਦੇ ਪ੍ਰਤਿਨਿਧ ਹਨ—ਉਹਦੀ ਰੱਖਿਆ ਕਰਦੇ ਹਨ। ਐਥੀਨਾ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਦੀ ਹੈ। ਸਾਰੇ ਝਗੜੇ ਦਾ ਸੰਖੇਪ ਸਾਰ ਉਸ ਬਹਿਸ ਵਿੱਚ ਪੇਸ਼ ਕੀਤਾ ਜਾਂਦਾ ਹੈ ਜਿਹੜਾ ਹੁਣ ਓਰੇਸਟੇਜ਼ ਅਤੇ ਅਰੀਨੀਜ਼ ਵਿਚਕਾਰ ਪੈਦਾ ਹੋ ਜਾਂਦਾ ਹੈ। ਓਰੇਸਟੇਜ਼ ਕਹਿੰਦਾ ਹੈ ਕਿ ਕਲੀਤੇਮਨੇਸਤਰਾ ਦੂਹਰੇ ਉਪਦਰ ਦੀ ਦੋਸ਼ੀ ਹੈ : ਕਿਉਂਕਿ **ਆਪਣੇ** ਪਤੀ ਦਾ ਕਤਲ ਕਰਦੇ ਹੋਏ ਉਹਨੇ **ਉਹਦੇ** ਪਿਤਾ ਨੂੰ ਵੀ ਕਤਲ ਕੀਤਾ ਹੈ। ਫੇਰ ਅਰੀਨੀਜ਼ ਨੇ ਉਹਦੇ ਵਿਰੁੱਧ ਦੋਸ਼ ਕਿਉਂ ਲਾਇਆ ਹੈ ਅਤੇ ਕਲੀਤੇਮਨੇਸਤਰਾ ਵਿਰੁੱਧ ਕਿਉਂ ਨਹੀਂ ਜਿਹੜੀ ਵਡੇਰੀ ਦੋਸ਼ੀ ਹੈ ? ਉੱਤਰ ਬੜਾ ਉੱਘੜਵਾਂ ਹੈ:

"ਜਿਸ ਬੰਦੇ ਦਾ ਉਹਨੇ ਕਤਲ ਕੀਤਾ
ਉਹਦਾ ਉਹਦੇ ਨਾਲ਼ **ਖ਼ੂਨ ਦਾ ਰਿਸ਼ਤਾ ਨਹੀਂ ਸੀ।**"**

ਇੱਕ ਅਜਿਹੇ ਮਨੁੱਖ ਦਾ ਕਤਲ, ਜਿਹੜਾ ਭਾਵੇਂ ਕਤਲ ਕਰਨ ਵਾਲ਼ੀ ਦਾ ਪਤੀ ਹੀ ਸੀ, ਪਰ ਖ਼ੂਨ ਦੇ ਰਿਸ਼ਤੇ ਰਾਹੀਂ ਸਬੰਧਤ ਨਹੀਂ ਸੀ, ਮਾਫ਼ੀ ਯੋਗ ਹੈ ਅਤੇ ਇਹਦਾ ਅਰੀਨੀਜ਼ ਨਾਲ਼ ਕੋਈ ਸਬੰਧ ਨਹੀਂ। ਉਹਨਾਂ ਦਾ ਫ਼ਰਜ਼ ਕੇਵਲ ਖ਼ੂਨ ਦੇ ਰਿਸ਼ਤੇਦਾਰਾਂ ਦੇ ਕਤਲ ਦਾ ਬਦਲਾ ਲੈਣਾ ਹੈ ਅਤੇ ਮਾਤਰੀ ਹੱਕ ਅਨੁਸਾਰ ਮਾਤਰੀ-ਵੱਧ ਸਭ ਤੋਂ ਵੱਧ ਘੋਰ ਹੈ। ਹੁਣ ਅਪਾਲੋ ਓਰੇਸਟੇਜ਼ ਦੇ ਹੱਕ ਵਿੱਚ ਦਖ਼ਲ ਦੇਂਦਾ ਹੈ। ਐਥੀਨਾ ਅਰੀਓਪਾਗਾਈਤੇਆਂ—ਏਥਨਜ਼ ਦੇ ਮੁਨਸਫ਼ਾਂ— ਨੂੰ ਇਸ ਮਸਲੇ ਸਬੰਧੀ ਵੋਟ ਦੇਣ ਲਈ ਕਹਿੰਦੀ ਹੈ। ਰਿਹਾਈ ਅਤੇ ਸਜ਼ਾ ਦਿੱਤੇ ਜਾਣ ਦੇ ਹੱਕ ਵਿੱਚ ਵੋਟਾਂ ਦੀ ਗਿਣਤੀ ਬਰਾਬਰ ਬਰਾਬਰ ਹੈ। ਅਦਾਲਤ ਦੇ ਪ੍ਰਧਾਨ ਦੇ ਤੌਰ 'ਤੇ ਐਥੀਨਾ ਓਰੇਸਟੇਜ਼ ਦੇ ਹੱਕ ਵਿੱਚ ਵੋਟ ਦੇਂਦੀ ਹੈ ਅਤੇ ਉਹਨੂੰ ਰਿਹਾ ਕਰ ਦੇਂਦੀ ਹੈ। ਪਿੱਤਰੀ ਹੱਕ ਦੀ ਮਾਤਰੀ ਹੱਕ ਉੱਤੇ ਜਿੱਤ ਹੋ ਗਈ ਹੈ। ਅਰੀਨੀਜ਼ ਦੇ ਸ਼ਬਦਾਂ ਵਿੱਚ "ਨੀਵੇਂ ਘਰਾਣੇ ਦੇ ਦੇਵਤੇ" ਅਰੀਨੀਜ਼ ਵਿਰੁੱਧ ਜਿੱਤ ਗਏ ਹਨ ਅਤੇ ਉਹ ਅੰਤ ਇਸ ਗੱਲ ਤੇ ਰਾਜ਼ੀ ਹੋ ਜਾਂਦੀਆਂ ਹਨ ਕਿ ਉਹ ਨਵੇਂ ਪ੍ਰਬੰਧ ਦੀ ਸੇਵਾ ਵਿੱਚ ਨਵੀਆਂ ਪਦਵੀਆਂ ਸਾਂਭ ਲੈਣ।

"ਓਰੇਸਟੀਆ" ਦੀ ਇਹ ਨਵੀਂ ਪਰ ਉੱਕਾ ਹੀ ਸ਼ੁੱਧ ਵਿਆਖਿਆ ਸਮੁੱਚੀ ਪੁਸਤਕ ਦੇ ਸਰਵਉੱਤਮ ਅਤੇ ਅਤਿ-ਅੰਤ ਸੋਹਣੇ ਹਿੱਸਿਆਂ ਵਿੱਚੋਂ ਇੱਕ ਹੈ, ਪਰ ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਬਾਖ਼ੋਫ਼ੇਨ ਨੂੰ ਅਰੀਨੀਜ਼, ਅਪਾਲੋ ਅਤੇ ਐਥੀਨਾ ਵਿੱਚ ਉਨਾਂ ਹੀ ਨਿਸ਼ਚਾ ਹੈ ਜਿੰਨਾ ਉਹਦੇ ਆਪਣੇ ਸਮੇਂ ਵਿੱਚ ਐਸ਼ੂਲਸ ਨੂੰ ਸੀ; ਅਸਲ ਵਿੱਚ ਉਹਦਾ ਇਹ

* ਯੂਨਾਨੀ ਦੇਵ-ਮਾਲਾ ਵਿੱਚ ਉਹ ਕਰੂਪ ਰੂਹਾਂ, ਜਿਹੜੀਆਂ ਸਮਾਜ ਦੇ ਬੁਨਿਆਦੀ ਕਾਨੂੰਨਾਂ ਦੀ ਉਲੰਘਣਾ ਕਰਨ ਵਾਲ਼ਿਆਂ ਨੂੰ ਖ਼ਾਸ ਤੌਰ 'ਤੇ ਸਜ਼ਾ ਦੇਂਦੀਆਂ ਹਨ। ਆਮ ਤੌਰ 'ਤੇ ਉਹਨਾਂ ਦੀ ਗਿਣਤੀ ਤਿੰਨ ਮਿੱਥੀ ਜਾਂਦੀ ਹੈ। —**ਅਨੁ.**

** ਐਸ਼ੂਲਸ, "ਓਰੇਸਟੀਆ। ਇਊਮੀਨਾਈਡਾਂ।" —**ਸੰਪਾ.**

ਯਕੀਨ ਹੈ ਕਿ ਯੂਨਾਨ ਦੇ ਸੂਰਮਾ ਯੁੱਗ ਵਿੱਚ ਉਹਨਾਂ ਮਾਤਰੀ ਹੱਕ ਨੂੰ ਖ਼ਤਮ ਕਰਨ ਅਤੇ ਉਹਦੀ ਥਾਂ ਪਿੱਤਰੀ ਹੱਕ ਨੂੰ ਦੇਣ ਦਾ ਚਮਤਕਾਰ ਕੀਤਾ। ਸਪਸ਼ਟ ਤੌਰ 'ਤੇ, ਅਜਿਹੇ ਸੰਕਲਪ ਦਾ —ਜਿਹੜਾ ਕਿ ਧਰਮ ਨੂੰ ਸੰਸਾਰ ਇਤਿਹਾਸ ਦੀ ਨਿਰਣਾਇਕ ਅਰ (ਲੀਵਰ) ਸਮਝਦਾ ਹੈ— ਅੰਤ ਅਖ਼ੀਰ ਲਾਜ਼ਮੀ ਤੌਰ 'ਤੇ ਅਧਿਆਤਮਵਾਦ ਵਿੱਚ ਹੋਣਾ ਸੀ। ਇਸ ਲਈ ਬਾਖ਼ੋਫ਼ੇਨ ਦੀ ਬੋਝਲ ਚੁਪਤਰੀ ਪੁਸਤਕ ਨੂੰ ਝਾਗਣਾ ਬਹੁਤ ਔਖਾ ਅਤੇ ਕਿਸੇ ਵੀ ਤਰ੍ਹਾਂ ਸਦਾ ਲਾਹੇਵੰਦਾ ਕੰਮ ਨਹੀਂ ਹੁੰਦਾ। ਪਰ ਇਸ ਨਾਲ਼ ਇੱਕ ਮੂਹਰੈਲ ਵਜੋਂ ਉਹਦੀ ਮਹੱਤਤਾ ਘੱਟ ਨਹੀਂ ਜਾਂਦੀ ਕਿਉਂਕਿ ਉਹ ਪਹਿਲਾ ਮਨੁੱਖ ਹੈ ਜਿਹੜਾ ਖੁੱਲ੍ਹੇ ਲਿੰਗ ਭੋਗ ਦੀ ਅਣਜਾਣੀ ਆਦਿ-ਕਾਲੀਨ ਪ੍ਰਸਥਿਤੀ ਸਬੰਧੀ ਕੇਵਲ ਹਵਾਈ ਗੱਲਾਂ ਦੀ ਥਾਂ ਇਸ ਗੱਲ ਬਾਰੇ ਸਬੂਤ ਦੇਂਦਾ ਹੈ ਕਿ ਪ੍ਰਾਚੀਨ ਕਲਾਸੀਕੀ ਸਾਹਿਤ ਅਜਿਹੀ ਪ੍ਰਸਥਿਤੀ ਦੇ ਅੰਸ਼ਾਂ ਨਾਲ਼ ਭਰਪੂਰ ਹੈ, ਜਿਹੜੀ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਪ੍ਰਚਲਤ ਹੋਣ ਤੋਂ ਪਹਿਲਾਂ ਯੂਨਾਨੀਆਂ ਅਤੇ ਏਸ਼ਿਆਈਆਂ ਵਿੱਚ ਮੌਜੂਦ ਸੀ, ਜਿਸ ਅਨੁਸਾਰ ਸਥਾਪਤ ਰਿਵਾਜ ਦੀ ਉਲੰਘਣਾ ਕੀਤੇ ਬਿਨਾਂ ਇੱਕ ਮਰਦ ਇੱਕ ਤੋਂ ਵੱਧ ਇਸਤਰੀਆਂ ਨਾਲ਼ ਲਿੰਗ ਭੋਗ ਕਰ ਸਕਦਾ ਸੀ ਅਤੇ ਇਸਤਰੀ ਇੱਕ ਤੋਂ ਵੱਧ ਮਰਦਾਂ ਨਾਲ਼ ਲਿੰਗ ਭੋਗ ਕਰ ਸਕਦੀ ਸੀ; ਕਿ ਇਹ ਰਿਵਾਜ ਸੀਮਤ ਸਪੁਰਦਗੀ ਦੇ ਰੂਪ ਵਿੱਚ ਆਪਣੀਆਂ ਨਿਸ਼ਾਨੀਆਂ ਛੱਡੇ ਬਿਨਾਂ ਖ਼ਤਮ ਨਾ ਹੋਇਆ, ਜਿਸ ਅਨੁਸਾਰ ਇਸਤਰੀਆਂ ਇੱਕ-ਪਤੀ ਵਿਆਹ ਦਾ ਹੱਕ ਖ਼ਰੀਦਣ ਲਈ ਮਜਬੂਰ ਸਨ, ਕਿ ਮੁੱਢ ਵਿੱਚ ਪੀੜ੍ਹੀ ਕੇਵਲ ਇਸਤਰੀਆਂ ਦੀ ਲੀਹ ਰਾਹੀਂ, ਮਾਂ ਤੋਂ ਮਾਂ ਤੱਕ ਮਿਥੀ ਜਾ ਸਕਦੀ ਸੀ; ਕਿ ਮਦੀਨ ਲੀਹ ਦੀ ਇਹ ਅਨੰਨ ਪ੍ਰਮਾਣਤਾ ਇੱਕ-ਪਤੀ ਇੱਕ-ਪਤਨੀ ਵਿਆਹ ਦੇ ਸਮੇਂ ਵਿੱਚ ਵੀ, ਜਿਹੜਾ ਪਿੱਤਰੀਅਤ ਨਿਸ਼ਚਤ ਬਣਾਉਂਦਾ ਸੀ ਜਾਂ ਘੱਟੋ ਘੱਟ ਪ੍ਰਵਾਨ ਕਰਦਾ ਸੀ, ਬਹੁਤ ਲੰਮੇ ਸਮੇਂ ਤੱਕ ਪ੍ਰਚਲਤ ਰਹੀ; ਕਿ ਆਪਣੇ ਬੱਚਿਆਂ ਦੀ ਇੱਕੋ ਇੱਕ ਨਿਸ਼ਚਿਤ ਜੱਦ ਹੋਣ ਕਾਰਨ ਮਾਂ ਨੂੰ ਅਤੇ ਆਮ ਤੌਰ ਤੇ ਇਸਤਰੀਆਂ ਨੂੰ ਉਸ ਨਾਲ਼ੋਂ ਉਚੇਰਾ ਸਥਾਨ ਪ੍ਰਾਪਤ ਸੀ ਜਿਹੜਾ ਉਸ ਸਮੇਂ ਤੋਂ ਪਿੱਛੋਂ ਉਹਨਾਂ ਨੂੰ ਕਦੀ ਪ੍ਰਾਪਤ ਹੋਇਆ। ਬਾਖ਼ੋਫ਼ੇਨ ਨੇ ਇਹਨਾਂ ਪ੍ਰਸਤਾਵਨਾਵਾਂ ਨੂੰ ਇੰਨੇ ਸਪਸ਼ਟ ਢੰਗ ਨਾਲ਼ ਨਾ ਪੇਸ਼ ਕੀਤਾ— ਉਹਦੇ ਅਧਿਆਤਮਵਾਦੀ ਦ੍ਰਿਸ਼ਟੀਕੋਣ ਨੇ ਉਹਦੇ ਅਜਿਹਾ ਕਰਨ ਵਿੱਚ ਰੋਕ ਪਾਈ; ਪਰ ਉਹਨੇ ਸਾਬਤ ਕੀਤਾ ਕਿ ਇਹ ਠੀਕ ਹਨ ਅਤੇ 1861 ਵਿੱਚ ਇਹਦੇ ਅਰਥ ਮੁਕੰਮਲ ਇਨਕਲਾਬ ਸਨ।

ਬਾਖ਼ੋਫ਼ੇਨ ਦਾ ਬੋਝਲ ਗ੍ਰੰਥ ਜਰਮਨ ਭਾਸ਼ਾ ਵਿਚ ਲਿਖਿਆ ਗਿਆ, ਅਰਥਾਤ ਇੱਕ ਅਜਿਹੀ ਕੌਮ ਦੀ ਬੋਲੀ ਵਿੱਚ, ਜਿਹੜੀ ਉਸੇ ਸਮੇਂ, ਅਜੋਕੇ ਟੱਬਰ ਦੇ ਪੂਰਵ-ਇਤਿਹਾਸ ਵਿੱਚ ਕਿਸੇ ਹੋਰ ਨਾਲ਼ੋਂ ਘੱਟ ਦਿਲਚਸਪੀ ਲੈ ਰਹੀ ਸੀ। ਇਸ ਲਈ ਉਹ ਅਣਜਾਇਆ ਪਿਆ ਰਿਹਾ। ਉਹਦਾ ਫ਼ੌਰੀ ਵਾਰਸ 1865 ਵਿੱਚ ਬਾਖ਼ੋਫ਼ੇਨ ਦਾ ਨਾਂ ਤੱਕ ਸੁਣੇ ਬਿਨਾਂ ਪੈਦਾ ਹੋ ਗਿਆ।

ਇਹ ਵਾਰਸ ਜ. ਫ. ਮੈਕਲੇਨਨ ਸੀ, ਜਿਹੜਾ ਆਪਣੇ ਤੋਂ ਪਹਿਲੇ ਦਾ ਉੱਕਾ ਹੀ ਉਲਟ ਸੀ। ਗੁਣੀ ਅਧਿਆਤਮਵਾਦੀ ਦੀ ਥਾਂ ਅਸੀਂ ਉੱਕਾ ਹੀ ਖ਼ੁਸ਼ਕ ਵਕੀਲ ਵੇਖਦੇ ਹਾਂ;

ਉੱਛਲ ਉੱਛਲ ਪੈਂਦੀ ਕਾਵਮਈ ਕਲਪਨਾ ਦੀ ਥਾਂ ਅਸੀਂ ਆਪਣੇ ਮੁਕੱਦਮੇ ਦੇ ਹੱਕ ਵਿੱਚ ਦਲੀਲਾਂ ਦੇਂਦੇ ਵਕੀਲ ਦੀਆਂ ਜ਼ੋਰਦਾਰ ਜਾਪਦੀਆਂ ਦਲੀਲਾਂ ਵੇਖਦੇ ਹਾਂ। ਮੈਕਲੇਨਨ ਨੇ ਵਹਿਸ਼ੀਆਂ, ਜਾਹਲਾਂ ਅਤੇ ਇੱਥੋਂ ਤੱਕ ਕਿ ਪ੍ਰਾਚੀਨ ਅਤੇ ਨਵੀਨ ਸਮਿਆਂ ਦੇ ਸਭਿਆ ਲੋਕਾਂ ਵਿੱਚ ਵੀ ਵਿਆਹ ਦਾ ਇੱਕ ਅਜਿਹਾ ਰੂਪ ਵੇਖਿਆ ਜਿਸ ਵਿੱਚ ਲਾੜੇ ਨੂੰ, ਇਕੱਲੇ ਜਾਂ ਆਪਣੇ ਮਿੱਤਰਾਂ ਦੀ ਸੰਗਤ ਵਿੱਚ, ਲਾੜੀ ਨੂੰ ਉਹਦੇ ਰਿਸ਼ਤੇਦਾਰਾਂ ਤੋਂ ਜ਼ਬਰਦਸਤੀ ਖੋਹਣ ਦਾ ਸਾਂਗ ਰਚਣਾ ਪੈਂਦਾ ਹੈ। ਇਹ ਰਿਵਾਜ ਜ਼ਰੂਰ ਹੀ ਇਸ ਤੋਂ ਪਹਿਲਾਂ ਦੇ ਰਿਵਾਜ ਦੀ ਪਿੱਛ-ਰਹਿੰਦ ਸੀ, ਜਿਸ ਅਨੁਸਾਰ ਇੱਕ ਕਬੀਲੇ ਦੇ ਮਰਦ, ਕਬੀਲੇ ਤੋਂ ਬਾਹਰੋਂ, ਹੋਰਨਾਂ ਕਬੀਲਿਆਂ ਤੋਂ, ਸੱਚ ਮੁੱਚ ਜ਼ਬਰਦਸਤੀ ਉਧਾਲ ਕੇ, ਪਤਨੀਆਂ ਪ੍ਰਾਪਤ ਕਰਦੇ ਸਨ। ਤਾਂ ਫੇਰ ਇਸ "ਉਧਾਲੇ ਰਾਹੀਂ ਵਿਆਹ" ਦਾ ਮੁੱਢ ਕਿਵੇਂ ਬੱਝਾ ? ਜਿੰਨਾਂ ਚਿਰ ਮਰਦਾਂ ਨੂੰ ਆਪਣੇ ਹੀ ਕਬੀਲੇ ਵਿੱਚ ਚੋਖੀਆਂ ਇਸਤਰੀਆਂ ਮਿਲ ਸਕਦੀਆਂ ਸਨ, ਇਹਦੇ ਲਈ ਉੱਕਾ ਹੀ ਕੋਈ ਅਵਸਰ ਨਹੀਂ ਸੀ। ਪਰ ਅਸੀਂ ਅਕਸਰ ਵੇਖਦੇ ਹਾਂ ਕਿ ਅਣ-ਵਿਕਸਤ ਕੌਮਾਂ ਵਿੱਚ ਕੁੱਝ ਅਜਿਹੀਆਂ ਟੋਲੀਆਂ ਦੀ ਹੋਂਦ ਹੈ (ਜਿਨ੍ਹਾਂ ਨੂੰ 1865 ਦੇ ਨੇੜੇ ਅਜੇ ਅਕਸਰ ਖ਼ੁਦ ਕਬੀਲਿਆਂ ਤੇ ਸਮਤੁਲ ਸਮਝਿਆ ਜਾਂਦਾ ਸੀ) ਜਿਨ੍ਹਾਂ ਦੇ ਅੰਦਰ ਵਿਆਹ ਦੀ ਮਨਾਹੀ ਹੈ ਅਤੇ ਇਸਦੇ ਸਿੱਟੇ ਵਜੋਂ ਮਰਦ ਪਤਨੀਆਂ ਅਤੇ ਇਸਤਰੀਆਂ ਪਤੀ ਇਸ ਟੋਲੀ ਤੋਂ ਬਾਹਰੋਂ ਲੱਭਣ ਤੇ ਮਜਬੂਰ ਹਨ; ਜਿੱਥੇ ਹੋਰਨਾਂ ਵਿੱਚ ਇਹ ਰਿਵਾਜ ਹੈ ਕਿ ਇੱਕ ਖ਼ਾਸ ਟੋਲੀ ਦੇ ਮਰਦ ਇਸ ਗੱਲ ਉੱਤੇ ਮਜਬੂਰ ਹਨ ਕਿ ਉਹ ਆਪਣੀਆਂ ਪਤਨੀਆਂ ਆਪਣੀ ਟੋਲੀ ਦੇ ਅੰਦਰੋਂ ਹੀ ਲੱਭਣ। ਮੈਕੇਲਨਨ ਪਹਿਲੀ ਤਰ੍ਹਾਂ ਦੇ ਵਿਆਹ ਨੂੰ ਗੋਤਾਂਤਰ ਵਿਆਹ ਕਹਿੰਦਾ ਹੈ ਅਤੇ ਦੂਜੀ ਕਿਸਮ ਨੂੰ ਸਗੋਤਰ ਵਿਆਹ ਕਹਿੰਦਾ ਹੈ ਅਤੇ ਵਧੇਰੇ ਔਖ ਤੋਂ ਬਿਨਾਂ ਇਹਨਾਂ ਗੋਤਾਂਤਰ ਅਤੇ ਸਗੋਤਰ "ਕਬੀਲਿਆਂ" ਵਿਚਕਾਰ ਬੇਲਚਕ ਫ਼ਰਕ ਕਾਇਮ ਕਰ ਦੇਂਦਾ ਹੈ ਅਤੇ ਭਾਵੇਂ ਗੋਤਾਂਤਰਤਾ ਸਬੰਧੀ ਉਹਦੀਆਂ ਆਪਣੀਆਂ ਖੋਜਾਂ ਐਨ ਉਹਦੀਆਂ ਅੱਖਾਂ ਸਾਹਮਣੇ ਇਹ ਗੱਲ ਲਿਆ ਖੜੀ ਕਰਦੀਆਂ ਹਨ ਕਿ ਜੇ ਵਧੇਰੇ ਜਾਂ ਸਗੋਂ ਇੱਥੋਂ ਤੱਕ ਕਿ ਸਭਨਾਂ ਹਾਲਤਾਂ ਵਿੱਚ ਨਹੀਂ, ਤਾਂ ਅਨੇਕ ਹਾਲਤਾਂ ਵਿੱਚ ਇਸ ਫ਼ਰਕ ਦੀ ਕੇਵਲ ਉਹਦੀ ਕਲਪਨਾ ਵਿੱਚ ਹੀ ਹੋਂਦ ਹੈ, ਇਹਦੇ ਬਾਵਜੂਦ ਉਹ ਇਹਨੂੰ ਆਪਣੇ ਸਾਰੇ ਸਿਧਾਂਤ ਦੀ ਨੀਂਹ ਬਣਾਉਂਦਾ ਹੈ। ਤਦ ਅਨੁਸਾਰ, ਗੋਤਾਂਤਰ ਕਬੀਲੇ ਕੇਵਲ ਹੋਰਨਾਂ ਕਬੀਲਿਆਂ ਤੋਂ ਪਤਨੀਆਂ ਪ੍ਰਾਪਤ ਕਰ ਸਕਦੇ ਹਨ; ਅਤੇ ਉਹ ਇਸ ਸਿੱਟੇ ਤੇ ਅੱਪੜਦਾ ਹੈ ਕਿ ਕਬੀਲਿਆਂ ਵਿੱਚ ਸਥਾਈ ਯੁੱਧ ਦੀ ਪ੍ਰਸਥਿਤੀ ਵਿੱਚ, ਜਿਹੜੀ ਵਹਿਸ਼ਤ ਦੇ ਸਮੇਂ ਦੀ ਲਖਣਾਇਕ ਹੈ ਅਜਿਹਾ ਕੇਵਲ ਉਧਾਲੇ ਰਾਹੀਂ ਹੀ ਕੀਤਾ ਜਾ ਸਕਦਾ ਸੀ।

ਮੈਕਲੇਨਨ ਹੋਰ ਦਲੀਲ ਦੇਂਦਾ ਹੈ: ਇਹ ਗੋਤਾਂਤਰਤਾ ਦਾ ਰਿਵਾਜ ਕਿੱਥੋਂ ਆਇਆ ? ਖ਼ੂਨ ਦੇ ਰਿਸ਼ਤੇ ਅਤੇ ਵਰਜਿਤ-ਲਿੰਗ-ਸਬੰਧਾਂ* ਦਾ ਇਹਦੇ ਨਾਲ਼ ਕੋਈ ਸਬੰਧ ਨਹੀਂ ਕਿਉਂਕਿ ਇਹਨਾਂ ਗੱਲਾਂ ਦਾ ਬਹੁਤ ਪਿੱਛੋਂ ਜਾ ਕੇ ਵਿਕਾਸ ਹੋਇਆ। ਪਰ ਵਹਿਸ਼ੀਆਂ ਵਿੱਚ ਜੰਮਣ ਤੋਂ ਛੇਤੀ ਹੀ ਪਿੱਛੋਂ ਕੁੜੀਆਂ ਨੂੰ ਮਾਰ ਦੇਣ ਦਾ ਰਿਵਾਜ ਇਹਦਾ ਸੋਮਾ ਹੋ ਸਕਦਾ ਹੈ। ਇਸ

* ਪਿਉ-ਧੀ, ਮਾਂ-ਪੁੱਤਰ, ਭੈਣ-ਭਰਾ ਲਿੰਗ ਸਬੰਧ। **—ਅਨੁ.**

ਰਿਵਾਜ ਨੇ ਹਰ ਵਿਕੋਲਤਰੇ ਕਬੀਲੇ ਵਿੱਚ ਮਰਦਾਂ ਦੀ ਬਹੁਲਤਾ ਪੈਦਾ ਕਰ ਦਿੱਤੀ, ਜਿਸਦਾ ਲਾਜ਼ਮੀ ਅਤੇ ਫ਼ੌਰੀ ਸਿੱਟਾ ਸੀ ਇੱਕ ਇਸਤਰੀ ਦਾ ਕਈ ਮਰਦਾਂ ਦੇ ਕਬਜ਼ੇ ਵਿੱਚ ਹੋਣਾ— ਬਹੁ-ਕੰਤੀ ਵਿਆਹ। ਫੇਰ ਇਹਦਾ ਸਿੱਟਾ ਇਹ ਨਿਕਲਿਆ ਕਿ ਬੱਚੇ ਦੀ ਮਾਂ ਦਾ ਤਾਂ ਪਤਾ ਸੀ ਪਰ ਪਿਉ ਦਾ ਪਤਾ ਨਹੀਂ ਸੀ, ਇਸ ਲਈ ਸਕੇਦਾਰੀ ਮਰਦਾਂ ਨੂੰ ਇੱਕ ਪਾਸੇ ਛੱਡ ਕੇ ਇਸਤਰੀਆਂ ਤੋਂ ਪੀੜ੍ਹੀ ਵਧਣ ਨਾਲ਼ ਗਿਣੀ ਜਾਂਦੀ ਸੀ —ਮਾਤਰੀ ਹੱਕ ਅਤੇ ਕਬੀਲੇ ਦੇ ਅੰਦਰ ਇਸਤਰੀਆਂ ਦੀ ਘਾਟ ਦਾ —ਇੱਕ ਅਜਿਹੀ ਘਾਟ ਜਿਸਨੂੰ ਬਹੁ-ਕੰਤੀ ਵਿਆਹ ਘੱਟ ਤਾਂ ਕਰਦਾ ਸੀ ਪਰ ਖ਼ਤਮ ਨਹੀਂ ਸੀ ਕਰਦਾ— ਐਨ ਸਿੱਟਾ ਹੋਰਨਾਂ ਕਬੀਲਿਆਂ ਤੋਂ ਇਸਤਰੀਆਂ ਦਾ ਨੇਮ-ਬੱਧ ਜਬਰੀ ਉਧਾਲਾ ਸੀ।

> "ਕਿਉਂਕਿ ਗੋਤਾਂਤਰਤਾ ਅਤੇ ਬਹੁ-ਕੰਤੀ ਵਿਆਹ ਦਾ ਕਾਰਨ ਇੱਕ ਅਤੇ ਇੱਕੋ ਹੈ—ਦੋਹਾਂ ਲਿੰਗਾਂ ਵਿੱਚ ਤੋਲ ਦੀ ਥੁੜ— ਅਸੀਂ ਇਸ ਗੱਲ ਤੇ ਮਜਬੂਰ ਹੁੰਦੇ ਹਾਂ ਕਿ **ਸਾਰੀਆਂ ਗੋਤਾਂਤਰ ਨਸਲਾਂ ਨੂੰ ਮੁੱਢ ਵਿੱਚ ਬਹੁ-ਕੰਤੀ ਸਮਝੀਏ**।... ਸੋ ਇਹ ਲਾਜ਼ਮੀ ਹੈ ਕਿ ਅਸੀਂ ਇਸ ਗੱਲ ਨੂੰ ਅਵਿਵਾਦੀ ਸਮਝੀਏ ਕਿ ਗੋਤਾਂਤਰ ਨਸਲਾਂ ਵਿੱਚ ਸਾਕੇਦਾਰੀ ਦੀ ਪਹਿਲੀ ਪ੍ਰਣਾਲੀ ਉਹ ਸੀ ਜਿਹੜੀ ਖ਼ੂਨ ਦਾ ਰਿਸ਼ਤਾ ਕੇਵਲ ਮਾਵਾਂ ਰਾਹੀਂ ਪ੍ਰਵਾਨ ਕਰਦੀ ਸੀ।" [McLennanìStudies in Ancient Historyî, 1886, ìPrimitive Marriageî, p.124 (..."ਪ੍ਰਾਚੀਨ ਇਤਿਹਾਸ ਦਾ ਅਧਿਐਨ", 1886, "ਆਦਿ-ਕਾਲੀਨ ਵਿਆਹ")।]

ਮੈਕਲੇਨਨ ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਉਹਨੇ ਉਸ ਪ੍ਰਥਾ ਦੇ ਆਮ ਪ੍ਰਚਲਤ ਹੋਣ ਅਤੇ ਮਹੱਤਤਾ ਵੱਲ ਧਿਆਨ ਦਿਵਾਇਆ, ਜਿਸਨੂੰ ਉਹ ਗੋਤਾਂਤਰਤਾ ਕਹਿੰਦਾ ਹੈ। ਪਰ ਇਹ ਗੱਲ ਕਿਸੇ ਵੀ ਤਰ੍ਹਾਂ ਠੀਕ ਨਹੀਂ ਕਿ ਉਹਨੇ ਗੋਤਾਂਤਰ ਕਬੀਲਿਆਂ ਨੂੰ **ਲੱਭਿਆ** ਅਤੇ ਇਸ ਤੋਂ ਵੀ ਘੱਟ ਇਹ ਗੱਲ ਠੀਕ ਹੈ ਕਿ ਉਹਨੇ ਇਹਨਾਂ ਨੂੰ ਸਮਝਿਆ। ਬਹੁਤ ਸਾਰੇ ਨਰੀਖਕਾਂ ਦੀਆਂ ਲਿਖਤਾਂ ਤੋਂ ਬਿਨਾਂ, ਜਿਨ੍ਹਾਂ ਨੇ ਮੈਕਲੇਨਨ ਲਈ ਸੋਮਿਆਂ ਦਾ ਕੰਮ ਦਿੱਤਾ, ਲੈਥਮ (ìDescriptive Ethnologyî— "ਬਿਆਨੀਆ ਨਸਲ-ਵਿਗਿਆਨ" )— ਨੇ ਹਿੰਦੁਸਤਾਨੀ ਮਗਰਾਂ[3] ਵਿੱਚ ਇਸ ਸੰਸਥਾ ਦੀ ਹੋਂਦ ਨੂੰ ਇੰਨ-ਬਿੰਨ ਅਤੇ ਠੀਕ ਠੀਕ ਬਿਆਨ ਕੀਤਾ ਅਤੇ ਕਿਹਾ ਕਿ ਇਹ ਸੰਸਾਰ ਦੇ ਸਭਨਾਂ ਹਿੱਸਿਆਂ ਵਿੱਚ ਆਮ ਤੌਰ 'ਤੇ ਪ੍ਰਚਲਤ ਹੈ ਅਤੇ ਵਿਦਮਾਨ ਸੀ—ਇਹ ਇੱਕ ਅਜਿਹਾ ਟੋਟਾ ਹੈ ਜਿਸਦੀ ਖ਼ੁਦ ਮੈਕਲੇਨਨ ਟੂਕ ਦੇਂਦਾ ਹੈ। ਜਿੱਥੋਂ ਤੱਕ ਸਾਡੇ ਮਾਰਗਨ ਦਾ ਸਬੰਧ ਹੈ, 1847 ਵਿੱਚ ਹੀ , ਇਰਾਕੁਈਆਂ ਸਬੰਧੀ ਆਪਣੇ ਖ਼ਤਾਂ ਵਿੱਚ ìAmerican Reviewî ਅਤੇ 1851 ਵਿੱਚ ìThe League of Iraquisî("ਇਰਾਕੁਈਆਂ ਦਾ ਸੰਘ") ਵਿੱਚ ਉਹਨੇ ਸਾਬਤ ਕੀਤਾ ਕਿ ਇਸ ਕਬੀਲੇ ਵਿੱਚ ਇਹਦੀ ਹੋਂਦ ਹੈ ਅਤੇ ਇਹਨੂੰ ਠੀਕ ਠੀਕ ਬਿਆਨ ਕੀਤਾ, ਜਿਥੇ ਕਿ, ਜਿਹਾ ਕਿ ਅਸੀਂ ਵੇਖਾਂਗੇ, ਮੈਕਲੇਨਨ ਦੀ ਵਕੀਲ ਪ੍ਰਵਿਰਤੀ ਨੇ ਇਸ ਵਿਸ਼ੇ ਸਬੰਧੀ ਉਸ ਨਾਲ਼ੋਂ ਕਿਤੇ ਵਧੇਰੇ ਨੁਕਸਾਨ ਪੁਚਾਇਆ ਜਿਹੜਾ ਮਾਤਰੀ ਹੱਕ ਦੇ ਖੇਤਰ ਵਿੱਚ ਬਾਖ਼ੋਫੇਨ ਦੀ ਅਧਿਆਤਮਵਾਦੀ

ਕਲਪਨਾ ਨੇ ਪੁਚਾਇਆ। ਇਹ ਗੱਲ ਵੀ ਮੈਕਲੇਨਨ ਦੇ ਹੱਕ ਵਿੱਚ ਜਾਂਦੀ ਹੈ ਕਿ ਉਹਨੇ ਮਾਵਾਂ ਰਾਹੀਂ ਪੀੜ੍ਹੀ ਮਿੱਥਣ ਦੀ ਪ੍ਰਣਾਲੀ ਨੂੰ ਮੂਲ ਦੇ ਤੌਰ 'ਤੇ ਪਛਾਣ ਲਿਆ, ਭਾਵੇਂ ਜਿਵੇਂ ਕਿ ਉਹਨੇ ਆਪ ਪਿੱਛੋਂ ਜਾ ਕੇ ਮੰਨਿਆ, ਬਾਖ਼ੋਫੇਨ ਨੇ ਇਹ ਗੱਲ ਉਸ ਤੋਂ ਪਹਿਲਾਂ ਪਛਾਣ ਲਈ ਸੀ। ਪਰ ਇਥੇ ਵੀ ਉਹ ਉੱਕਾ ਹੀ ਸਪਸ਼ਟ ਨਹੀਂ; ਉਹ ਲਗਾਤਾਰ "ਕੇਵਲ ਇਸਤਰੀਆਂ ਰਾਹੀਂ ਸਾਕੇਦਾਰੀ" (Kinship through females only) ਦੀ ਗੱਲ ਕਰਦਾ ਹੈ—ਜਿਹੜੀ ਪਹਿਲੇ ਪੜਾਅ ਲਈ ਠੀਕ ਸੀ— ਅਤੇ ਇਸ ਸਮੁਦਾਇ ਨੂੰ ਪਿਛਲੇ ਪੜਾਵਾਂ ਉੱਤੇ ਵੀ ਲਾਗੂ ਕਰਦਾ ਹੈ, ਜਿਨ੍ਹਾਂ ਵਿੱਚ, ਭਾਵੇਂ ਪੀੜ੍ਹੀ ਅਤੇ ਵਿਰਾਸਤ ਅਜੇ ਤੱਕ ਸਖ਼ਤੀ ਨਾਲ਼ ਅਨੰਨ ਤੌਰ 'ਤੇ ਮਦੀਨ ਲੀਹ ਰਾਹੀਂ ਮਿੱਥੀ ਜਾਂਦੀ ਹੈ, ਸਾਕੇਦਾਰੀ ਨਰ ਲੀਹ ਅਨੁਸਾਰ ਵੀ ਮਿੱਥੀ ਅਤੇ ਪ੍ਰਗਟ ਕੀਤੀ ਜਾਂਦੀ ਹੈ। ਇਹ ਇੱਕ ਕਾਨੂੰਨਦਾਨ ਦੀ ਸੌੜੀ ਦ੍ਰਿਸ਼ਟੀ ਹੈ, ਜਿਹੜਾ ਆਪਣੇ ਲਈ ਬੇਲਚਕ ਪ੍ਰੀਭਾਸ਼ਾ ਘੜ ਲੈਂਦਾ ਹੈ ਅਤੇ ਇਹਨੂੰ ਉਹਨਾਂ ਪ੍ਰਸਥਿਤੀਆਂ ਵਿੱਚ ਤਬਦੀਲੀ ਤੋਂ ਬਿਨਾਂ ਲਾਗੂ ਕਰੀ ਜਾਂਦਾ ਹੈ ਜਿਨ੍ਹਾਂ ਇਸ ਸਮੇਂ ਵਿੱਚ ਇਹਨੂੰ ਅਪ੍ਰਸੰਗਕ ਬਣਾ ਦਿੱਤਾ ਹੈ।

ਇਹਦੀ ਮੰਨਣ-ਯੋਗਤਾ ਦੇ ਬਾਵਜੂਦ ਖ਼ੁਦ ਮੈਕਲੇਨਨ ਨੂੰ ਵੀ ਉਹਦਾ ਸਿਧਾਂਤ ਬਹੁਤ ਚੰਗੇ ਆਧਾਰ ਉੱਤੇ ਕਾਇਮ ਨਹੀਂ ਸੀ ਜਾਪਦਾ। ਘੱਟੋ ਘੱਟ ਉਹਨੂੰ ਇਹ ਗੱਲ ਅਜੀਬ ਜਾਪਦੀ ਹੈ ਕਿ

> "ਇਹ ਵੇਖਿਆ ਜਾ ਸਕਦਾ ਹੈ ਕਿ (ਨਕਲੀ) ਫੜਨ ਦਾ ਰੂਪ ਹੁਣ ਐਨ ਉਹਨਾਂ ਨਸਲਾਂ ਵਿੱਚ ਸਭ ਤੋਂ ਵੱਧ ਸਪਸ਼ਟ ਤਰ੍ਹਾਂ ਪ੍ਰਗਟ ਅਤੇ ਪ੍ਰਭਾਵਸ਼ਾਲੀ ਹੈ ਜਿਨ੍ਹਾਂ ਵਿੱਚ **ਨਰ ਸਾਕੇਦਾਰੀ ਹੈ**" (ਜਿਸਦਾ ਅਰਥ ਨਰ ਲੀਹ ਰਾਹੀਂ ਪੀੜ੍ਹੀ ਮਿਥਣਾ ਹੈ) (ਪੰਨਾ 140)।
>
> ਅਤੇ ਫੇਰ:
>
> "ਇਹ ਇੱਕ ਅਜੀਬ ਤੱਥ ਹੈ, ਕਿ ਜਿੱਥੋਂ ਤੱਕ ਸਾਡਾ ਗਿਆਨ ਜਾਂਦਾ ਹੈ, ਜਿੱਥੇ ਕਿਧਰੇ ਗੋਤਾਂਤਰਤਾ ਅਤੇ ਸਾਕੇਦਾਰੀ ਦੇ ਸਭ ਤੋਂ ਪਹਿਲੇ ਰੂਪਾਂ ਦੀ ਸਹਿਹੋਂਦ ਹੈ ਉੱਥੇ ਕਿਧਰੇ ਵੀ ਕੁੜੀ-ਮਾਰ ਪ੍ਰਣਾਲੀ ਨਹੀਂ" (ਪੰਨਾ 146)।

ਇਹ ਦੋਵੇਂ ਤੱਥ ਉਹਦੀ ਵਿਆਖਿਆ ਨੂੰ ਸਿੱਧੀ ਤਰ੍ਹਾਂ ਰੱਦ ਕਰਦੇ ਹਨ ਅਤੇ ਉਹ ਉਹਨਾਂ ਦੇ ਮੁਕਾਬਲੇ ਉੱਤੇ ਕੇਵਲ ਨਵੇਂ, ਵਧੇਰੇ ਪੇਚਦਾਰ ਮਿੱਥਾਂ ਹੀ ਪੇਸ਼ ਕਰ ਸਕਦਾ ਹੈ।

ਪਰ ਇਹਦੇ ਬਾਵਜੂਦ ਇੰਗਲੈਂਡ ਵਿੱਚ ਉਹਦੇ ਸਿਧਾਂਤ ਦੀ ਬਹੁਤ ਸ਼ਲਾਘਾ ਕੀਤੀ ਗਈ ਅਤੇ ਇਹਨੂੰ ਮਹਾਨ ਹੁੰਗਾਰਾ ਮਿਲਿਆ। ਮੈਕਲੇਨਨ ਨੂੰ ਆਮ ਤੌਰ 'ਤੇ ਟੱਬਰ ਦੇ ਇਤਿਹਾਸ ਦਾ ਮੋਢੀ ਅਤੇ ਇਸ ਖੇਤਰ ਵਿੱਚ ਸਭ ਤੋਂ ਵੱਧ ਪ੍ਰਮਾਣਿਕ ਵਿਅਕਤੀ ਮੰਨ ਲਿਆ ਗਿਆ। ਪ੍ਰਵਾਨ ਕੀਤੇ ਕੁੱਝ ਵਿਰੋਧਾਂ ਅਤੇ ਤਬਦੀਲੀਆਂ ਦੇ ਬਾਵਜੂਦ, ਗੋਤਾਂਤਰ ਅਤੇ ਸਗੋਤਰ "ਕਬੀਲਿਆਂ" ਵਿੱਚ ਫ਼ਰਕ ਪ੍ਰਚਲਤ ਵਿਚਾਰ ਦਾ ਆਧਾਰ ਰਿਹਾ ਅਤੇ ਇਹ ਉਹ ਖੋਪਾ ਸੀ ਜਿਸਨੇ ਖੋਜ ਹੇਠਲੇ ਖੇਤਰ ਦਾ ਕੋਈ ਆਜ਼ਾਦ ਸਰਵੇਖਣ ਅਤੇ ਇਹਦੇ ਸਿੱਟੇ ਵਜੋਂ ਸਪਸ਼ਟ ਉੱਨਤੀ, ਅਸੰਭਵ ਬਣਾ ਦਿੱਤੇ। ਮੈਕਲੇਨਨ ਦੀ ਮਹੱਤਤਾ ਨੂੰ ਵਧਾ ਚੜ੍ਹਾ ਕੇ ਵੇਖਣਾ, ਜਿਹੜਾ ਇੰਗਲੈਂਡ ਵਿੱਚ ਅਤੇ ਅੰਗ੍ਰੇਜ਼ੀ ਫ਼ੈਸ਼ਨ ਦੀ ਨਕਲ ਕਰਦੇ ਹੋਏ, ਹੋਰ ਥਾਂ ਵੀ

ਰਿਵਾਜ ਬਣ ਗਿਆ, ਇਸ ਗੱਲ ਨੂੰ ਆਪਣਾ ਕਰਤੱਵ ਬਣਾਉਂਦਾ ਹੈ ਕਿ ਇਹ ਗੱਲ ਕਹੇ ਕਿ ਉਹਨੇ ਆਪਣੇ ਗੋਤਾਂਤਰ ਅਤੇ ਸਗੋਤਰ "ਕਬੀਲਿਆਂ" ਵਿਚਕਾਰ ਉੱਕਾ ਹੀ ਗ਼ਲਤ ਫ਼ਰਕ ਰਾਹੀਂ ਜਿਹੜਾ ਨੁਕਸਾਨ ਪੁਚਾਇਆ ਉਹ ਉਹਦੀਆਂ ਖੋਜਾਂ ਵੱਲੋਂ ਕੀਤੇ ਭਲੇ ਨਾਲ਼ੋਂ ਕਿਤੇ ਵੱਧ ਹੈ।

ਇਚਰ ਵਧੇਰੇ ਅਤੇ ਹੋਰ ਵਧੇਰੇ ਤੱਥ ਸਾਹਮਣੇ ਆਉਂਦੇ ਗਏ, ਜਿਹੜੇ ਉਹਦੀ ਬੜੀ ਸੁਥਰੀ ਬਣਤਰ ਨਾਲ਼ ਮੇਲ ਨਹੀਂ ਸਨ ਖਾਂਦੇ। ਮੈਕਲੇਨਨ ਨੂੰ ਕੇਵਲ ਤਿੰਨ ਤਰ੍ਹਾਂ ਦੇ ਵਿਆਹਾਂ ਦਾ ਪਤਾ ਸੀ: ਬਹੁ-ਪਤਨੀ, ਬਹੁ-ਕੰਤੀ ਅਤੇ ਇੱਕ-ਪਤੀ ਇੱਕ-ਪਤਨੀ। ਪਰ ਜਦੋਂ ਇੱਕ ਵਾਰ ਇਸ ਪਾਸੇ ਧਿਆਨ ਦਿਵਾ ਦਿੱਤਾ ਗਿਆ ਤਾਂ ਇਸ ਤੱਥ ਦੇ ਵਧੇਰੇ ਅਤੇ ਵਧੇਰੇ ਸਬੂਤ ਲੱਭੇ ਗਏ ਕਿ ਅਣ-ਵਿਕਸਤ ਲੋਕਾਂ ਵਿਚਕਾਰ ਵਿਆਹ ਦੇ ਅਜਿਹੇ ਰੂਪਾਂ ਦੀ ਹੋਂਦ ਹੈ, ਜਿਨ੍ਹਾਂ ਵਿੱਚ ਮਰਦਾਂ ਦੀ ਇੱਕ ਟੋਲੀ ਕੋਲ਼ ਇਸਤਰੀਆਂ ਦੀ ਇੱਕ ਟੋਲੀ ਸਾਂਝੇ ਤੌਰ 'ਤੇ ਹੈ ਅਤੇ ਲੁਬੋਕ ਨੇ ਆਪਣੀ ìThe Origin of Civilisationî, 1870 ("ਸਭਿਅਤਾ ਦੀ ਉਤਪਤੀ") ਵਿੱਚ ਇਸ ਟੋਲੀ ਵਿਆਹ "ਸਰਬ-ਸਾਂਝੇ ਵਿਆਹ" (Communal marriage) ਸਬੰਧੀ ਮੰਨਿਆ ਕਿ ਇਹ ਇੱਕ ਇਤਿਹਾਸਕ ਤੱਥ ਹੈ।

ਇਸ ਤੋਂ ਛੇਤੀ ਹੀ ਪਿੱਛੋਂ, 1871 ਵਿੱਚ, **ਮਾਰਗਨ** ਨਵੀਂ ਅਤੇ ਅਨੇਕ ਪੱਖਾਂ ਤੋਂ, ਨਿਰਣਾਇਕ ਸਮੱਗਰੀ ਲੈ ਕੇ ਆਇਆ। ਉਹਨੂੰ ਇਸ ਗੱਲ ਦਾ ਨਿਸ਼ਚਾ ਹੋ ਗਿਆ ਕਿ ਇਰਾਕੁਈਆਂ ਵਿਚਕਾਰ ਸਾਕੇਦਾਰੀ ਦੀ ਜਿਹੜੀ ਅਨੋਖੀ ਪ੍ਰਣਾਲੀ ਪ੍ਰਚਲਤ ਸੀ, ਉਹ ਅਮਰੀਕਾ ਦੇ ਕੁੱਲ ਆਦਿ-ਵਾਸੀਆਂ ਵਿੱਚ ਸਾਂਝੀ ਸੀ ਅਤੇ ਪੂਰੇ ਮਹਾਂਦੀਪ ਉੱਤੇ ਫੈਲੀ ਹੋਈ ਸੀ, ਭਾਵੇਂ ਇਹ ਉਸ ਸਮੇਂ ਪ੍ਰਚਲਤ ਵਿਆਹ ਸਬੰਧੀ ਪ੍ਰਣਾਲੀ ਤੋਂ ਪੈਦਾ ਹੁੰਦੇ ਸਾਕੇਦਾਰੀ ਦੇ ਦਰਜਿਆਂ ਨਾਲ਼ ਸਿੱਧੀ ਤਰ੍ਹਾਂ ਟਕਰਾਉਂਦੀ ਸੀ। ਇਸ ਤੋਂ ਪਿੱਛੋਂ ਉਹਨੇ ਅਮਰੀਕਾ ਦੀ ਕੇਂਦਰੀ ਹਕੂਮਤ ਨੂੰ ਇਸ ਗੱਲ ਉੱਤੇ ਰਾਜ਼ੀ ਕਰ ਲਿਆ ਕਿ ਉਹ ਉਹਦੇ ਵੱਲੋਂ ਤਿਆਰ ਕੀਤੀਆਂ ਪ੍ਰਸ਼ਨਾਵਲੀਆਂ ਅਤੇ ਸਾਰਣੀਆਂ ਦੇ ਆਧਾਰ ਉੱਤੇ ਹੋਰਨਾਂ ਕੌਮਾਂ ਸਬੰਧੀ ਵਾਕਫ਼ੀ ਇਕੱਠੀ ਕਰੇ ਅਤੇ ਉੱਤਰਾਂ ਤੋਂ ਉਹਨੇ ਲੱਭਿਆ ਕਿ: 1) ਅਮਰੀਕੀ ਇੰਡੀਅਨਾਂ ਦੀ ਸਾਕੇਦਾਰੀ ਦੀ ਪ੍ਰਣਾਲੀ ਏਸ਼ੀਆ ਦੇ ਅਨੇਕ ਕਬੀਲਿਆਂ ਵਿੱਚ ਅਤੇ ਕੁੱਝ ਕੁ ਬਦਲੇ ਹੋਏ ਰੂਪ ਵਿੱਚ, ਅਫ਼ਰੀਕਾ ਅਤੇ ਆਸਟ੍ਰੇਲੀਆ ਵਿੱਚ ਵੀ ਪ੍ਰਚਲਤ ਹੈ; 2) ਇੱਕ ਤਰ੍ਹਾਂ ਦੇ ਟੋਲੀ ਵਿਆਹ ਰਾਹੀਂ, ਜਿਹੜਾ ਹੁਣ ਹਵਾਈ ਅਤੇ ਆਸਟ੍ਰੇਲੀਆ ਦੇ ਹੋਰਨਾਂ ਟਾਪੂਆਂ ਵਿੱਚ, ਮੁੱਕਣ ਦੇ ਨੇੜੇ ਅੱਪੜ ਰਿਹਾ ਹੈ, ਇਹਦੀ ਪੂਰੀ ਤਰ੍ਹਾਂ ਵਿਆਖਿਆ ਹੋ ਜਾਂਦੀ ਹੈ; ਅਤੇ 3) ਕਿ, ਵਿਆਹ ਦੇ ਇਸ ਰੂਪ ਦੇ ਨਾਲ਼ ਹੀ ਨਾਲ਼, ਇਹਨਾਂ ਹੀ ਟਾਪੂਆਂ ਵਿੱਚ ਸਾਕੇਦਾਰੀ ਦਾ ਇੱਕ ਪ੍ਰਬੰਧ ਪ੍ਰਚਲਤ ਹੈ, ਜਿਸਦੀ ਵਿਆਖਿਆ ਟੋਲੀ ਵਿਆਹ ਦੀ ਇਸ ਤੋਂ ਵੀ ਪਹਿਲਾਂ ਦੀ ਅਤੇ ਹੁਣ ਖ਼ਤਮ ਹੋ ਚੁੱਕੀ ਪ੍ਰਣਾਲੀ ਰਾਹੀਂ ਹੁੰਦੀ ਹੈ। ਉਹਨੇ ਇਕੱਤਰ ਕੀਤੀ ਸਮੱਗਰੀ ਅਤੇ ਉਸ ਤੋਂ ਕੱਢੇ ਆਪਣੇ ਸਿੱਟੇ ਆਪਣੀ ਪੁਸਤਕ ìSystems of Consanguinity and Affinityî, 1871 ("ਸਾਕੇਦਾਰੀ ਅਤੇ ਸਬੰਧਾਂ ਦੀਆਂ ਪ੍ਰਣਾਲੀਆਂ") ਵਿੱਚ ਪ੍ਰਕਾਸ਼ਤ ਕੀਤੇ ਅਤੇ ਇਉਂ ਉਹ ਬਹਿਸ ਨੂੰ ਅਥਾਹ ਵਧੇਰੇ ਵਿਸ਼ਾਲ ਖੇਤਰ ਵਿੱਚ ਲੈ ਗਿਆ। ਸਾਕੇਦਾਰੀ ਦੀਆਂ

ਪ੍ਰਣਾਲੀਆਂ ਨੂੰ ਆਪਣੇ ਵਿਚਾਰਾਂ ਦਾ ਮੁੱਢ ਬਣਾਉਂਦੇ ਹੋਏ, ਉਹਨੇ ਉਹਨਾਂ ਦੇ ਅਨੁਸਾਰੀ ਟੱਬਰ ਦੇ ਰੂਪਾਂ ਨੂੰ ਮੁੜ-ਘੜਿਆ ਅਤੇ ਇਉਂ ਮਨੁੱਖਜਾਤੀ ਦੇ ਪੂਰਵ-ਇਤਿਹਾਸ ਦੀ ਖੋਜ ਲਈ ਇੱਕ ਨਵਾਂ ਰਾਹ ਅਤੇ ਇੱਕ ਬਹੁਤ ਦੂਰ ਜਾਂਦੀ ਪਰਤਵੀਂ ਨਿਗਾਹ ਪੈਦਾ ਕੀਤੀ। ਜੇ ਇਹ ਤਰੀਕਾ ਜਾਇਜ਼ ਪ੍ਰਵਾਨ ਕਰ ਲਿਆ ਜਾਂਦਾ ਤਾਂ ਮੈਕਲੇਨਨ ਦੀ ਸਾਫ਼ ਸੁਥਰੀ ਬਣਤਰ ਧੂੰ ਬਣ ਕੇ ਹਵਾ ਵਿੱਚ ਉਡ ਜਾਂਦੀ ਹੈ।

ਮੈਕਲੇਨਨ ਨੇ ìPrimitive Marriageî (ìStudies in Ancient Historyî, 1876)– "ਆਦਿ-ਕਾਲੀਨ ਵਿਆਹ" ("ਪ੍ਰਾਚੀਨ ਇਤਿਹਾਸ ਦੇ ਅਧਿਐਨ", 1876)– ਦੀ ਨਵੀਂ ਛਾਪ ਵਿੱਚ ਆਪਣੇ ਸਿਧਾਂਤ ਨੂੰ ਹੱਕੀ ਠਹਿਰਾਇਆ, ਜਿਥੇ ਉਹ ਨਿਰੋਲ ਮਿੱਥਾਂ ਦੇ ਆਧਾਰ ਉੱਤ ਨਕਲੀ ਤੌਰ 'ਤੇ ਟੱਬਰ ਦਾ ਇੱਕ ਇਤਿਹਾਸ ਘੜਦਾ ਹੈ, ਉਹ ਲੁਬੋਕ ਅਤੇ ਮਾਰਗਨ ਤੋਂ ਇਹ ਮੰਗ ਕਰਦਾ ਹੈ ਕਿ ਉਹ ਆਪਣੇ ਬਿਆਨਾਂ ਵਿੱਚੋਂ ਹਰ ਇੱਕ ਲਈ ਨਾ ਕੇਵਲ ਸਬੂਤ ਪੇਸ਼ ਕਰਨ ਸਗੋਂ ਅਜਿਹੇ ਅਖੰਡਣੀ ਸ਼ੁੱਧਤਾ ਵਾਲ਼ੇ ਸਬੂਤ ਜਿਹੜੇ ਸਕਾਟਲੈਂਡ ਦੀ ਕਾਨੂੰਨੀ ਅਦਾਲਤ ਵਿੱਚ ਪ੍ਰਵਾਨ ਕੀਤੇ ਜਾ ਸਕਣ ਅਤੇ ਇਹ ਇੱਕ ਅਜਿਹਾ ਮਨੁੱਖ ਕਰਦਾ ਹੈ ਜਿਹੜਾ ਜਰਮਨਾਂ ਵਿੱਚ ਮਨੁੱਖ ਦੀ ਮਾਂ ਦੇ ਭਰਾ ਅਤੇ ਉਹਦੀ ਭੈਣ ਦੇ ਪੁੱਤਰ ਵਿਚਕਾਰ ਨੇੜਵੇਂ ਸਬੰਧ (ਟੈਟਸਿਟਸ, ìGermaniaî, ਕਾਂਡ 20) ਬ੍ਰਿਟੇਨਾਂ ਸਬੰਧੀ ਸੀਜ਼ਰ ਦੇ ਇਸ ਬਿਆਨ ਤੋਂ ਕਿ ਦਸਾਂ ਜਾਂ ਬਾਰਾਂ ਦੀਆਂ ਟੋਲੀਆਂ ਵਿੱਚ ਬ੍ਰਿਟੇਨਾਂ ਦੀਆਂ ਵਹੁਟੀਆਂ ਸਾਂਝੀਆਂ ਹੁੰਦੀਆਂ ਹਨ ਅਤੇ ਜਾਹਲਾਂ ਵਿਚਕਾਰ ਇਸਤਰੀਆਂ ਦੇ ਸਰਬ-ਸਾਂਝਾ ਹੋਣ ਸਬੰਧੀ ਪ੍ਰਾਚੀਨ ਲੇਖਕਾਂ ਦੀਆਂ ਹੋਰਨਾਂ ਲਿਖਤਾਂ ਦੇ ਆਧਾਰ ਉੱਤੇ ਬਿਨਾਂ ਕਿਸੇ ਜੱਕੋ-ਤੱਕੇ ਦੇ ਇਹ ਸਿੱਟਾ ਕੱਢਦਾ ਹੈ ਕਿ ਇਹਨਾਂ ਸਭਨਾਂ ਕੌਮਾਂ ਵਿੱਚ ਬਹੁ-ਕੰਤੀ ਵਿਆਹ ਨੇਮ ਸੀ! ਇਹ ਤਾਂ ਇਸਤਗ਼ਾਸਾ ਦੇ ਵਕੀਲ ਦੀ ਗੱਲ ਸੁਣਨ ਵਾਂਗ ਹੈ ਜਿਹੜਾ ਆਪਣਾ ਕੇਸ ਤਿਆਰ ਕਰਨ ਸਮੇਂ ਹਰ ਤਰ੍ਹਾਂ ਦੀ ਖੁਲ੍ਹ ਲੈਂਦਾ ਹੈ ਪਰ ਸਫ਼ਾਈ ਦੇ ਵਕੀਲ ਤੋਂ ਮੰਗ ਕਰਦਾ ਹੈ ਕਿ ਆਪਣੇ ਹਰ ਇੱਕ ਸ਼ਬਦ ਲਈ ਅਤਿ-ਅੰਤ ਰਸਮੀ ਅਤੇ ਕਾਨੂੰਨੀ ਤੌਰ 'ਤੇ ਅਤਿ-ਅੰਤ ਪ੍ਰਮਾਣਿਕ ਦਲੀਲ ਪੇਸ਼ ਕਰੇ।

ਉਹ ਕਹਿੰਦਾ ਹੈ ਕਿ ਟੋਲੀ ਵਿਆਹ ਕਲਪਨਾ ਦੀ ਖ਼ਾਲਸ ਘਾੜਤ ਹੈ ਅਤੇ ਇਉਂ ਬਾਖ਼ੋਫ਼ੇਨ ਤੋਂ ਬਹੁਤ ਪਿੱਛੇ ਜਾ ਡਿੱਗਦਾ ਹੈ। ਮਾਰਗਨ ਦੀਆਂ ਸਾਕੇਦਾਰੀ ਦੀਆਂ ਪ੍ਰਣਾਲੀਆਂ, ਉਹ ਕਹਿੰਦਾ ਹੈ, ਸਮਾਜੀ ਸੁਲਗਤਾ ਲਈ ਨਸੀਹਤ ਹੀ ਹਨ, ਜਿਹੜੀ ਗੱਲ ਇਸ ਤੱਥ ਤੋਂ ਸਾਬਤ ਹੁੰਦੀ ਹੈ ਕਿ ਅਮਰੀਕੀ ਇੰਡੀਅਨ, ਓਪਰਿਆਂ, ਗੋਰੇ ਲੋਕਾਂ ਨੂੰ 'ਭਰਾ' ਜਾਂ 'ਪਿਤਾ' ਆਖ ਕੇ ਸੰਬੋਧਨ ਕਰਦੇ ਹਨ। ਇਹ ਤਾਂ ਇਉਂ ਹੈ ਜਿਵੇਂ ਮਨੁੱਖ ਇਹ ਕਹੇ ਕਿ ਪਿਤਾ, ਮਾਤਾ, ਭਰਾ, ਭੈਣ ਸੰਕੇਤ ਕੇਵਲ ਸੰਬੋਧਨ ਦੇ ਥੋਥੇ ਰੂਪ ਹੀ ਹਨ ਕਿਉਂਕਿ ਕੈਥੋਲਿਕ ਪਾਦਰੀਆਂ ਅਤੇ ਮਹਨਤਣੀਆਂ ਨੂੰ ਪਿਤਾ ਅਤੇ ਮਾਤਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ ਅਤੇ ਕਿਉਂਕਿ ਵਿਰੱਕਤ ਅਤੇ ਵਿਰੱਕਤਣਾਂ ਅਤੇ ਇੱਥੋਂ ਤੱਕ ਫ਼ਰੀਮੈਸਨ ਅਤੇ ਗੰਭੀਰ ਸਮਾਗਮ ਵਿੱਚ ਜੁੜੇ ਅੰਗ੍ਰੇਜ਼ ਵਿਰਤਕ ਯੂਨੀਅਨਾਂ ਦੇ ਮੈਂਬਰ ਇੱਕ ਦੂਜੇ ਨੂੰ ਭਰਾ ਅਤੇ ਭੈਣ ਕਹਿ ਕੇ ਸੰਬੋਧਨ ਕਰਦੇ ਹਨ। ਮੁਕਦੀ ਗੱਲ ਮੈਕਲੇਨਨ ਵੱਲੋਂ ਪੇਸ਼ ਕੀਤੀ ਸਫ਼ਾਈ ਘ੍ਰਿਣਤ ਹੱਦ ਤੱਕ ਕਮਜ਼ੋਰ

ਸੀ।

ਪਰ ਇੱਕ ਨੁਕਤਾ ਅਜਿਹਾ ਰਹਿ ਗਿਆ, ਜਿਸ ਸਬੰਧੀ ਉਹਨੂੰ ਵੰਗਾਰਿਆ ਨਾ ਗਿਆ। ਗੋਤਾਂਤਰ ਅਤੇ ਸਗੋਤਰ "ਕਬੀਲਿਆਂ" ਵਿਚਕਾਰ ਫ਼ਰਕ, ਜਿਹੜਾ ਉਹਦੀ ਸਾਰੀ ਪ੍ਰਣਾਲੀ ਦਾ ਆਧਾਰ ਸੀ, ਨਾ ਕੇਵਲ ਪੱਕੇ ਪੈਰੀਂ ਸਥਾਪਤ ਰਿਹਾ ਸਗੋਂ ਇੱਥੋਂ ਤੱਕ ਕਿ ਇਹਨੂੰ ਆਮ ਤੌਰ 'ਤੇ ਟੱਬਰ ਦੇ ਇਤਿਹਾਸ ਦੇ ਧੁਰੇ ਵਜੋਂ ਕਬੂਲ ਕੀਤਾ ਗਿਆ। ਇਹ ਮੰਨਿਆ ਗਿਆ ਕਿ ਮੈਕਲੇਨਨ ਦੇ ਇਸ ਫ਼ਰਕ ਦੀ ਵਿਆਖਿਆ ਕਰਨ ਲਈ ਕੀਤੇ ਯਤਨ ਨਾਕਾਫ਼ੀ ਸਨ ਅਤੇ ਐਨ ਉਹਨਾਂ ਤੱਥਾਂ ਦੀ ਕਾਟ ਕਰਦੇ ਸਨ ਜਿਹੜੇ ਉਹਨੇ ਆਪ ਗਿਣਵਾਏ ਸਨ। ਪਰ ਖ਼ੁਦ ਫ਼ਰਕ, ਅਜਿਹੇ ਦੋ ਪ੍ਰਸਪਰ ਅਨੰਨ ਕਿਸਮ ਦੇ ਵੱਖ-ਵੱਖ ਅਤੇ ਸੁਤੰਤਰ ਕਬੀਲਿਆਂ ਦੀ ਹੋਂਦ, ਜਿਨ੍ਹਾਂ ਵਿੱਚੋਂ ਇੱਕ ਕਬੀਲੇ ਦੇ ਅੰਦਰੋਂ ਆਪਣੀਆਂ ਪਤਨੀਆਂ ਪ੍ਰਾਪਤ ਕਰਦਾ ਅਤੇ ਦੂਜੇ ਨੂੰ ਅਜਿਹਾ ਕਰਨ ਦੀ ਉੱਕਾ ਹੀ ਮਨਾਹੀ ਸੀ— ਇਹ ਰੱਬੀ ਸੱਚ ਬਣ ਕੇ ਪ੍ਰਵਾਨਿਆ ਜਾਂਦਾ ਰਿਹਾ। ਮਿਸਾਲ ਵੱਜੋਂ ਜ਼ਿਰੋ-ਤਿਓਲੋਨ ਦੀ ਰਚਨਾ 'ਟੱਬਰ ਦਾ ਆਦਿ'* ਅਤੇ ਇਥੋਂ ਤੱਕ ਕਿ ਲੁਬੋਕ ਦੀ 'ਸਭਿਅਤਾ ਦਾ ਆਦਿ'** ਨਾਲ਼ ਮੁਕਾਬਲਾ ਕਰੋ।

ਇਸ ਨੁਕਤੇ 'ਤੇ ਮਾਰਗਨ ਦੀ ਮੁੱਖ ਕਿਰਤ ìAncient Societyî 1877 ('ਪ੍ਰਾਚੀਨ ਸਮਾਜ', 1887) ਆਉਂਦੀ ਹੈ, ਇੱਕ ਅਜਿਹੀ ਪੁਸਤਕ ਜਿਸ ਉੱਤੇ ਇਹ ਕਿਰਤ ਅਧਾਰਤ ਹੈ। ਜੋ ਕੁੱਝ ਮਾਰਗਨ ਨੇ 1871 ਵਿੱਚ ਧੁੰਦਲੇ ਤੌਰ ਤੇ ਵੇਖਿਆ ਸੀ, ਇੱਥੇ ਪੂਰੀ ਸਮਝ ਨਾਲ਼ ਵਿਕਸਤ ਕੀਤਾ ਗਿਆ ਹੈ। ਗੋਤਾਂਤਰਤਾ ਅਤੇ ਸਗੋਤਰਤਾ ਕੋਈ ਫ਼ਰਕ ਨਹੀਂ ਬਣਦੀਆਂ; ਅੱਜ ਤੱਕ ਕੋਈ ਗੋਤਾਂਤਰ "ਕਬੀਲੇ" ਕਿੱਧਰੇ ਨਹੀਂ ਲੱਭੇ ਗਏ। ਪਰ ਜਦੋਂ ਟੋਲੀ ਵਿਆਹ ਅਜੇ ਪ੍ਰਚਲਤ ਸੀ— ਅਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਕਿਸੇ ਨਾ ਕਿਸੇ ਸਮੇਂ ਇਹ ਹਰ ਥਾਂ ਪ੍ਰਚਲਤ ਸੀ— ਕਬੀਲੇ ਵਿੱਚ ਕਈ ਅਜਿਹੀਆਂ ਟੋਲੀਆਂ ਸਨ ਜਿਨ੍ਹਾਂ ਵਿਚਕਾਰ ਮਾਂ ਵੱਲੋਂ ਖ਼ੂਨ ਦਾ ਰਿਸ਼ਤਾ ਸੀ, ਗੋਤ, ਜਿਨ੍ਹਾਂ ਦੇ ਅੰਦਰ ਵਿਆਹ ਦੀ ਕਰੜੀ ਮਨਾਹੀ ਸੀ, ਸੋ ਭਾਵੇਂ ਕਿਸੇ ਇੱਕ ਗੋਤ ਦੇ ਮਰਦ ਕਬੀਲੇ ਦੇ ਅੰਦਰੋਂ ਪਤਨੀਆਂ ਲੈ ਸਕਦੇ ਸਨ ਅਤੇ ਆਮ ਤੌਰ 'ਤੇ ਲੈਂਦੇ, ਪਰ ਉਹਨਾਂ ਨੂੰ ਆਪਣੀਆਂ ਪਤਨੀਆਂ ਆਪਣੇ ਗੋਤ ਤੋਂ ਬਾਹਰੋਂ ਲੈਣੀਆਂ ਪੈਂਦੀਆਂ। ਸੋ, ਜਿਥੇ ਖ਼ੁਦ ਗੋਤ ਸਖ਼ਤੀ ਨਾਲ਼ ਗੋਤਾਂਤਰ ਸੀ, ਕਬੀਲਾ, ਜਿਸ ਵਿੱਚ ਸਾਰੇ ਗੋਤ ਸ਼ਾਮਲ ਸਨ, ਸਖ਼ਤੀ ਨਾਲ਼ ਸਗੋਤਰ ਸੀ। ਇਸ ਨਾਲ਼ ਮੈਕਲੇਨਨ ਦੀ ਬਨਾਵਟੀ ਘਾੜਤ ਦੀ ਪਿੱਛ-ਰਹਿੰਦ ਬੁਰੀ ਤਰ੍ਹਾਂ ਢਹਿ-ਢੇਰੀ ਹੋ ਗਈ।

ਪਰ ਮਾਰਗਨ ਇਸ ਗੱਲ ਉੱਤੇ ਹੀ ਸੰਤੁਸ਼ਟ ਨਾ ਰਿਹਾ। ਅਮਰੀਕੀ ਇੰਡੀਅਨਾਂ ਦੇ ਗੋਤ ਨੇ ਉਹਨੂੰ ਖੋਜ ਦੇ ਉਸ ਖੇਤਰ ਵਿੱਚ, ਜਿਸ ਵਿੱਚ ਉਹ ਦਾਖ਼ਲ ਹੋਇਆ ਸੀ, ਦੂਜੀ

* Girand-Teulon A., ìLes origines de la familleî GÈneve, Paris, 1874. — **ਸੰਪਾ.**

** Lubbock I., ìThe Origin of Civilisation and the Primitive Condition of Man. Mental and Social Condition of Savagesî. Fourth Ed. London, 1882. —**ਸੰਪਾ.**

ਨਿਰਣਾਇਕ ਪੇਸ਼ਕਦਮੀ ਕਰਨ ਯੋਗ ਬਣਾਇਆ। ਉਹਨੇ ਇਹ ਲੱਭਿਆ ਕਿ ਗੋਤ, ਜਿਹੜਾ ਮਾਤਰੀ ਹੱਕ ਅਨੁਸਾਰ ਜਥੇਬੰਦ ਸੀ, ਉਹ ਅਸਲੀ ਰੂਪ ਸੀ ਜਿੱਥੋਂ ਪਿੱਛੋਂ ਆਇਆ ਗੋਤ, ਜਿਹੜਾ ਪਿੱਤਰੀ ਹੱਕ ਅਨੁਸਾਰ ਜਥੇਬੰਦ ਸੀ, ਗੋਤ ਦੇ ਉਸ ਰੂਪ ਵਿੱਚ ਵਿਕਸਤ ਹੋਇਆ ਜਿਸ ਰੂਪ ਵਿੱਚ ਅਸੀਂ ਇਹਨੂੰ ਅਤੀਤ ਦੀਆਂ ਸਭਿਆ ਕੌਮਾਂ ਵਿੱਚ ਵੇਖਦੇ ਹਾਂ। ਯੂਨਾਨੀ ਅਤੇ ਰੋਮ ਦਾ ਗੋਤ, ਜਿਹੜਾ ਇਸ ਤੋਂ ਪਹਿਲਾਂ ਸਭਨਾਂ ਇਤਿਹਾਸਕਾਰਾਂ ਲਈ ਇੱਕ ਅੜਾਉਣੀ ਸੀ, ਹੁਣ ਅਮਰੀਕੀ ਇੰਡੀਅਨ ਗੋਤ ਦੇ ਆਧਾਰ ਉੱਤੇ ਸਪਸ਼ਟ ਹੋ ਗਿਆ ਅਤੇ ਇਉਂ ਆਦਿ-ਕਾਲੀਨ ਸਮਾਜ ਦੇ ਸਮੁੱਚੇ ਇਤਿਹਾਸ ਲਈ ਇੱਕ ਨਵਾਂ ਆਧਾਰ ਲੱਭ ਪਿਆ।

ਸਭਿਆ ਕੌਮਾਂ ਦੇ ਪਿੱਤਰੀ ਹੱਕ ਗੋਤ ਦੇ ਇੱਕ ਮੁਢਲੇ ਪੜਾਅ ਵੱਜੋਂ ਮੁਢਲੇ ਮਾਤਰੀ ਹੱਕ ਗੋਤ ਦੀ ਨਵੀਂ ਸਿਰਿਓਂ ਲੱਭਤ ਦੀ ਆਦਿ-ਕਾਲੀਨ ਸਮਾਜ ਦੇ ਇਤਿਹਾਸ ਲਈ ਉਹੋ ਮਹੱਤਤਾ ਹੈ ਜਿਹੜੀ ਡਾਰਵਿਨ ਦੇ ਵਿਕਾਸ ਦੇ ਸਿਧਾਂਤ ਦੀ ਜੀਵ-ਵਿਗਿਆਨ ਲਈ ਹੈ ਅਤੇ ਮਾਰਕਸ ਦੇ ਵਾਧੂ-ਕਦਰ ਦੇ ਸਿਧਾਂਤ ਦੀ ਰਾਜਨੀਤਕ ਆਰਥਿਕਤਾ ਲਈ ਹੈ। ਇਹਨੇ ਮਾਰਗਨ ਨੂੰ ਇਸ ਯੋਗ ਬਣਾਇਆ ਕਿ, ਜਿਸ ਹੱਦ ਤੱਕ ਹੁਣ ਤੱਕ ਪ੍ਰਾਪਤ ਸਮੱਗਰੀ ਇਹ ਸੰਭਵ ਬਣਾਉਂਦੀ ਹੈ, ਉਹ ਪਹਿਲੀ ਵਾਰ ਟੱਬਰ ਦੇ ਇਤਿਹਾਸ ਦੀ ਰੂਪ-ਰੇਖਾ ਪੇਸ਼ ਕਰ ਸਕੇ, ਜਿਸ ਵਿੱਚ ਘੱਟੋ ਘੱਟ ਵਿਕਾਸ ਦੇ ਕਲਾਸਿਕੀ ਪੜਾਅ, ਸਮੁੱਚੇ ਤੌਰ ’ਤੇ ਆਰਜ਼ੀ ਤੌਰ ’ਤੇ ਸਥਾਪਤ ਕੀਤੇ ਗਏ ਹਨ। ਸਪਸ਼ਟ ਤੌਰ ’ਤੇ ਇਸ ਨਾਲ਼ ਆਦਿ-ਕਾਲੀਨ ਸਮਾਜ ਦੇ ਇਤਿਹਾਸ ਦੀ ਵਿਆਖਿਆ ਵਿੱਚ ਇੱਕ ਨਵੇਂ ਯੁੱਗ ਦਾ ਆਰੰਭ ਹੁੰਦਾ ਹੈ। ਮਾਤਰੀ ਹੱਕ ਗੋਤ ਉਹ ਧੁਰਾ ਬਣ ਗਿਆ ਜਿਸ ਦੁਆਲ਼ੇ ਸਮੁੱਚਾ ਵਿਗਿਆਨ ਘੁੰਮਦਾ ਹੈ; ਇਹਦੀ ਲੱਭਤ ਤੋਂ ਪਿੱਛੋਂ ਅਸੀਂ ਜਾਣਦੇ ਹਾਂ ਕਿ ਅਸੀਂ ਆਪਣੀ ਖੋਜ ਕਿਸ ਸੇਧ ਵਿੱਚ ਮੋੜੀਏ, ਕਿਸ ਗੱਲ ਸਬੰਧੀ ਖੋਜ ਕਰੀਏ ਅਤੇ ਆਪਣੀਆਂ ਖੋਜਾਂ ਦੇ ਨਤੀਜਿਆਂ ਨੂੰ ਕਿਵੇਂ ਦਰਜੇਬੰਦ ਕਰੀਏ। ਇਹਦੇ ਸਿੱਟੇ ਵਜੋਂ ਹੁਣ ਇਸ ਖੇਤਰ ਵਿੱਚ ਉੱਨਤੀ ਮਾਰਗਨ ਦੀ ਰਚਨਾ ਤੋਂ ਪਹਿਲਾਂ ਨਾਲ਼ੋਂ ਕਿਤੇ ਵਧੇਰੇ ਤਿੱਖੀ ਹੈ।

ਇੰਗਲੈਂਡ ਵਿੱਚ ਵੀ ਪੂਰਵ-ਇਤਿਹਾਸਕਾਰਾਂ ਨੇ ਮਾਰਗਨ ਦੀਆਂ ਲੱਭਤਾਂ ਨੂੰ ਆਮ ਤੌਰ ’ਤੇ ਪ੍ਰਵਾਨ ਕਰ ਲਿਆ ਹੈ, ਜਾਂ ਸਗੋਂ ਹਥਿਆ ਲਿਆ ਹੈ। ਪਰ ਉਹਨਾਂ ਵਿੱਚੋਂ ਇੱਕ ਵੀ ਸ਼ਾਇਦ ਇਹ ਕਬੂਲਣ ਲਈ ਤਿਆਰ ਨਹੀਂ ਕਿ ਅਸੀਂ ਦ੍ਰਿਸ਼ਟੀਕੋਣ ਵਿੱਚ ਇਸ ਇਨਕਲਾਬ ਲਈ ਮਾਰਗਨ ਦੇ ਰਿਣੀ ਹਾਂ। ਇੰਗਲੈਂਡ ਵਿੱਚ ਉਹਦੀ ਪੁਸਤਕ ਵੱਧ ਤੋਂ ਵੱਧ ਸੰਭਵ ਹੱਦ ਤੱਕ ਲੁਕਾਈ ਜਾਂਦੀ ਹੈ ਅਤੇ ਮਾਰਗਨ ਨੂੰ, ਉਹਦੇ **ਇਸ ਤੋਂ ਪਹਿਲਾਂ** ਦੇ ਕੰਮ ਲਈ ਨਿਵਾਜਵੇਂ ਢੰਗ ਨਾਲ਼ ਸ਼ਲਾਘਾ ਕਰਕੇ ਗਲ਼ੋਂ ਲਾਹ ਦਿੱਤਾ ਜਾਂਦਾ ਹੈ; ਉਹਦੀ ਵਿਆਖਿਆ ਦੇ ਵਿਸਥਾਰ ਪੜਚੋਲ ਲਈ ਚੁਣ ਲਏ ਜਾਂਦੇ ਹਨ, ਪਰ ਉਹਦੀਆਂ ਸੱਚ ਮੁੱਚ ਮਹਾਨ ਲੱਭਤਾਂ ਸਬੰਧੀ ਅੜੀਅਲ ਚੁੱਪ ਜਾਰੀ ਰਹਿੰਦੀ ਹੈ। ìAncient Societyî ਦੀ ਮੂਲ ਛਾਪ ਹੁਣ ਦੁਰਲੱਭ ਹੈ; ਅਮਰੀਕਾ ਵਿੱਚ ਅਜਿਹੀਆਂ ਪੁਸਤਕਾਂ ਲਈ ਲਾਹੇਵੰਦੀ ਮੰਡੀ ਨਹੀਂ; ਜਾਪਦਾ ਹੈ ਇੰਗਲੈਂਡ ਵਿੱਚ ਇਸ ਪੁਸਤਕ ਨੂੰ ਨੇਮ-ਬੱਧ ਢੰਗ ਨਾਲ਼ ਦਬਾਇਆ ਗਿਆ ਹੈ ਅਤੇ ਇਸ

ਯੁੱਗ-ਪਲਟਾਊ ਕਿਰਤ ਦੀ ਇੱਕੋ ਇੱਕ ਛਾਪ ਜਿਹੜੀ ਕਿਤਾਬਾਂ ਦੀ ਮੰਡੀ ਵਿੱਚ ਮਿਲਦੀ ਹੈ, ਉਹ—ਜਰਮਨ ਅਨੁਵਾਦ ਹੈ।

ਅਜਿਹਾ ਸੰਕੋਚ ਕਿਉਂ, ਜਿਸ ਨੂੰ ਚੁੱਪ ਦੀ ਸਾਜ਼ਿਸ਼ ਤੋਂ ਬਿਨਾਂ ਕਿਸੇ ਹੋਰ ਰੂਪ ਵਿੱਚ ਸਮਝਣਾ ਅਸੰਭਵ ਹੈ, ਵਿਸ਼ੇਸ਼ ਤੌਰ 'ਤੇ ਇਸ ਤੱਥ ਨੂੰ ਮੁੱਖ ਰੱਖਦੇ ਹੋਏ ਕਿ ਕੇਵਲ ਸੁਲਗਤਾ ਦੀ ਖ਼ਾਤਰ ਦਿੱਤੀਆਂ ਅਣ-ਗਿਣਤ ਟੂਕਾਂ ਅਤੇ ਭਰਾਵਲੀ ਦੇ ਹੋਰਨਾਂ ਸਬੂਤਾਂ ਨਾਲ਼ ਸਾਡੇ ਮੰਨੇ-ਪ੍ਰਮੰਨੇ ਪੂਰਵ-ਇਤਿਹਾਸਕਾਰਾਂ ਦੀਆਂ ਕਿਰਤਾਂ ਭਰੀਆਂ ਪਈਆਂ ਹਨ? ਇਹਦਾ ਕਾਰਨ ਸ਼ਾਇਦ ਇਹ ਹੈ ਕਿ ਮਾਰਗਨ ਅਮਰੀਕੀ ਹੈ ਅਤੇ ਸਮੱਗਰੀ ਇਕੱਠੀ ਕਰਨ ਵਿੱਚ ਉਹਨਾਂ ਦੇ ਅਤਿ-ਅੰਤ ਸ਼ਲਾਘਾਯੋਗ ਸਿਰੜ ਦੇ ਬਾਵਜੂਦ, ਅੰਗ੍ਰੇਜ਼ ਪੂਰਵ-ਇਤਿਹਾਸਕਾਰਾਂ ਲਈ ਉਸ ਆਮ ਦ੍ਰਿਸ਼ਟੀਕੋਣ ਲਈ ਜਿਹੜਾ ਇਸ ਸਮੱਗਰੀ ਦਾ ਪ੍ਰਬੰਧ ਅਤੇ ਵਰਗੀਕਰਣ ਮਿੱਥਦਾ ਹੈ, ਅਰਥਾਤ ਆਪਣੇ ਵਿਚਾਰਾਂ ਲਈ ਦੋ ਗੁਣੀ ਵਿਦੇਸ਼ੀਆਂ —ਬਾਖ਼ੋਫ਼ੇਨ ਅਤੇ ਮਾਰਗਨ ਉੱਤੇ ਨਿਰਭਰ ਹੋਣਾ ਅਤਿ-ਅੰਤ ਔਖਾ ਹੈ? ਇੱਕ ਜਰਮਨ ਸ਼ਾਇਦ ਸਹਾਰਿਆ ਜਾ ਸਕੇ ਪਰ ਇੱਕ ਅਮਰੀਕੀ? ਜਦੋਂ ਕਿਸੇ ਅੰਗ੍ਰੇਜ਼ ਦਾ ਕਿਸੇ ਅਮਰੀਕੀ ਨਾਲ਼ ਵਾਹ ਪੈਂਦਾ ਹੈ ਤਾਂ ਉਹ ਬਹੁਤ ਦੇਸ਼-ਭਗਤ ਢੰਗ ਨਾਲ਼ ਵਿਗਸਦਾ ਹੈ; ਜਦੋਂ ਮੈਂ ਅਮਰੀਕਾ ਵਿੱਚ ਸਾਂ ਤਾਂ ਮੈਂ ਇਹਦੀਆਂ ਕਈ ਹਸਾਉਣੀਆਂ ਮਿਸਾਲਾਂ ਵੇਖੀਆਂ[4]। ਇਹਦੇ ਵਿੱਚ ਇਸ ਗੱਲ ਦਾ ਵਾਧਾ ਕਰਨਾ ਚਾਹੀਦਾ ਹੈ ਕਿ, ਇੱਕ ਤਰ੍ਹਾਂ ਮੈਕਲੇਨਨ ਅੰਗ੍ਰੇਜ਼ ਪੂਰਵ-ਇਤਿਹਾਸਕ ਪਰਪਾਟੀ ਦਾ ਸਰਕਾਰੀ ਤੌਰ 'ਤੇ ਐਲਾਨਿਆ ਮੋਢੀ ਅਤੇ ਨੇਤਾ ਸੀ; ਅਤੇ ਇਹ ਕਿ ਇੱਕ ਤਰ੍ਹਾਂ ਪੂਰਵ-ਇਤਿਹਾਸਕਾਰਾਂ ਵਿੱਚ ਇਹ ਚੰਗੀ ਗੱਲ ਗਿਣੀ ਜਾਂਦੀ ਸੀ ਕਿ ਉਹ ਉਹਦੇ ਕੁੜੀ-ਮਾਰੀ ਤੋਂ ਬਹੁ-ਕੰਤੀ ਵਿਆਹ ਅਤੇ ਉਧਾਲੇ ਰਾਹੀਂ ਵਿਆਹ ਵਿੱਚੋਂ ਲੰਘਦੇ ਹੋਏ ਮਾਤਰੀ ਹੱਕ ਟੱਬਰ ਤੱਕ ਅੱਪੜਦੇ ਨਕਲੀ ਢੰਗ ਨਾਲ਼ ਖੜੇ ਕੀਤੇ ਇਤਿਹਾਸਕ ਸਿਧਾਂਤ ਦਾ ਅਤਿ-ਅੰਤ ਸਤਿਕਾਰ ਨਾਲ਼ ਜ਼ਿਕਰ ਕਰਨ; ਕਿ ਪ੍ਰਸਪਰ ਅਨੰਨ ਗੋਤਾਂਤਰ ਅਤੇ ਸਗੋਤਰ "ਕਬੀਲਿਆਂ" ਸਬੰਧੀ ਪ੍ਰਗਟ ਕੀਤਾ ਨਿੱਕੇ ਤੋਂ ਨਿੱਕਾ ਸ਼ੱਕ ਵੀ ਨਿਰੋਲ ਕੁਰਾਹਾ ਸਮਝਿਆ ਜਾਂਦਾ ਸੀ; ਸੋ, ਇਉਂ ਉਹਨਾਂ ਦੇ ਸਭਨਾਂ ਪਵਿਤਰਾਏ ਮੱਤਾਂ ਨੂੰ ਧੂੰ ਬਣਾ ਕੇ ਹਵਾ ਵਿੱਚ ਉਡਾ ਕੇ ਮਾਰਗਨ ਇੱਕ ਤਰ੍ਹਾਂ ਦੇ ਧਰਮ-ਅਪਮਾਨ ਦਾ ਦੋਸ਼ੀ ਬਣਿਆ ਸੀ। ਨਾਲ਼ੇ, ਉਹਨੇ ਇਹਨਾਂ ਨੂੰ ਅਜਿਹੇ ਢੰਗ ਨਾਲ਼ ਹੱਲ ਕੀਤਾ ਕਿ ਉਹਨੂੰ ਬਸ ਆਪਣੇ ਵਿਚਾਰ ਪੇਸ਼ ਕਰਨ ਦੀ ਲੋੜ ਸੀ ਅਤੇ ਇਹ ਉੱਕਾ ਹੀ ਸਪਸ਼ਟ ਹੋ ਜਾਂਦੇ; ਮੈਕਲੇਨਨ-ਪੂਜਕ, ਜਿਹੜੇ ਭੁਚਲਾਏ ਹੋਏ ਗੋਤਾਂਤਰਤਾ ਅਤੇ ਸਗੋਤਰਤਾ ਵਿਚਕਾਰ ਠੋਕਰਾਂ ਖਾ ਰਹੇ ਸਨ, ਲਗ ਭਗ ਆਪਣੇ ਮੱਥੇ ਪਿੱਟਣ 'ਤੇ ਅਤੇ ਇਹ ਕਹਿਣ 'ਤੇ ਮਜਬੂਰ ਹੋ ਗਏ: ਅਸੀਂ ਕਿਵੇਂ ਏਨੇ ਮੂਰਖ ਬਣੇ ਰਹੇ ਕਿ ਅਸਾਂ ਖ਼ੁਦ ਇਹ ਸਭ ਕੁੱਝ ਬਹੁਤ ਪਹਿਲਾਂ ਨਾ ਲੱਭ ਲਿਆ!

ਅਤੇ, ਜਿਵੇਂ ਇਹ ਜੁਰਮ ਸਰਕਾਰੀ ਪਰਪਾਟੀ ਵੱਲੋਂ ਉਹਦਾ ਜ਼ਿਕਰ ਠੰਢੀ ਅਣਗਹਿਲੀ ਤੋਂ ਬਿਨਾਂ ਕਿਸੇ ਹੋਰ ਤਰ੍ਹਾਂ ਕਰਨੋਂ ਰੋਕਣ ਲਈ ਕਾਫ਼ੀ ਨਾ ਹੋਵੇ, ਮਾਰਗਨ ਨੇ ਸਭਿਅਤਾ ਉੱਤੇ, ਜਿਣਸ ਉਤਪਾਦਨ ਦੇ ਸਮਾਜ ਉੱਤੇ, ਸਾਡੇ ਅਜੋਕੇ ਸਮਾਜ ਦੇ ਬੁਨਿਆਦੀ ਰੂਪ ਉੱਤੇ, ਅਜਿਹੇ ਢੰਗ ਨਾਲ਼ ਪੜਚੋਲ ਕਰਕੇ, ਜਿਹੜਾ ਫ਼ੌਰੀਅਰ ਦੀ ਯਾਦ ਦਿਵਾਉਂਦਾ

ਸੀ, ਸਗੋਂ ਸਮਾਜ ਵਿੱਚ ਭਵਿੱਖ ਦੀ ਤਬਦੀਲੀ ਸਬੰਧੀ ਅਜਿਹੇ ਸ਼ਬਦਾਂ ਵਿੱਚ ਗੱਲ ਕਰਕੇ ਜਿਹੜੇ ਕਾਰਲ ਮਾਰਕਸ ਵਰਤ ਸਕਦੇ ਸਨ, ਭਾਂਡਾ ਨੱਕੋ ਨੱਕ ਭਰ ਦਿੱਤਾ। ਜਦੋਂ ਮੈਕਲੇਨਨ ਨੇ ਉਨ੍ਹਾਂ ਉੱਤੇ ਗ਼ੁਸੇ ਨਾਲ਼ ਇਹ ਦੋਸ਼ ਲਾਇਆ ਕਿ ਉਹ "ਇਤਿਹਾਸਕ ਢੰਗ ਸਬੰਧੀ ਡੂੰਘੀ ਘ੍ਰਿਣਾ ਵਿਖਾਉਂਦੇ ਹਨ" ਤਾਂ ਉਨ੍ਹਾਂ ਨੂੰ ਉਹਦਾ ਯੋਗ ਸਿਲਾ ਹੀ ਮਿਲਿਆ ਅਤੇ 1884 ਵਿੱਚ ਹੀ ਜਨੇਵਾ ਵਿਖੇ ਪ੍ਰੋ. ਜ਼ਿਰੋ-ਤਿਓਲੋਨ ਨੇ ਇਸ ਵਿਚਾਰ ਦੀ ਪੁਸ਼ਟੀ ਕਰ ਦਿੱਤੀ। ਕੀ ਇਹ ਉਹੋ ਮ. ਜ਼ਿਰੋ-ਤਿਓਲੋਨ ਨਹੀਂ ਸੀ ਜਿਹੜਾ1874 ìOrigines de la familleî ਵਿੱਚ ਮੈਕਲੇਨਨ ਦੀਆਂ ਗੋਤਾਂਤਰਤਾ ਦੀਆਂ ਭੁੱਲ-ਭੁਲੱਈਆਂ ਵਿੱਚ ਬੇਬਸੀ ਨਾਲ਼ ਧੱਕੇ ਖਾ ਰਿਹਾ ਸੀ, ਜਿਸ ਵਿੱਚੋਂ ਮਾਰਗਨ ਹੀ ਉਹਨੂੰ ਮੁਕਤੀ ਦਿਵਾ ਸਕਿਆ ?

ਇਸ ਗੱਲ ਦੀ ਲੋੜ ਨਹੀਂ ਕਿ ਮੈਂ ਇਥੇ ਉਹਨਾਂ ਹੋਰ ਉੱਨਤੀਆਂ ਨੂੰ ਲਵਾਂ ਜਿਨ੍ਹਾਂ ਲਈ ਆਦਿ-ਕਾਲੀਨ ਸਮਾਜ ਦਾ ਇਤਿਹਾਸ ਮਾਰਗਨ ਦਾ ਰਿਣੀ ਹੈ; ਜਿਸ ਗੱਲ ਦੀ ਲੋੜ ਹੈ ਉਸ ਵੱਲ ਸੰਕੇਤ ਇਸ ਪੁਸਤਕ ਦੇ ਦੌਰਾਨ ਮਿਲ ਜਾਵੇਗਾ। ਉਹਦੀ ਮੁੱਖ ਕਿਰਤ ਦੇ ਛਪਣ ਤੋਂ ਪਿੱਛੋਂ ਜਿਹੜੇ ਚੌਦਾਂ ਵਰ੍ਹੇ ਲੰਘੇ ਹਨ ਉਹਨਾਂ ਵਿੱਚ ਆਦਿ-ਕਾਲੀਨ ਮਨੁੱਖੀ ਸਮਾਜ ਸਬੰਧੀ ਸਾਨੂੰ ਪ੍ਰਾਪਤ ਸਮੱਗਰੀ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਮਾਨਵ-ਵਿਗਿਆਨੀਆਂ, ਮੁਸਾਫ਼ਰਾਂ ਅਤੇ ਪੇਸ਼ਾਵਰ ਪੂਰਵ-ਇਤਿਹਾਸਕਾਰਾਂ ਤੋਂ ਬਿਨਾਂ ਤੁਲਨਾਤਮਕ ਕਾਨੂੰਨ ਦੇ ਵਿਦਿਆਰਥੀ ਪਿੜ ਵਿੱਚ ਆਏ ਹਨ ਅਤੇ ਉਹਨਾਂ ਨਵੀਂ ਸਮੱਗਰੀ ਅਤੇ ਦ੍ਰਿਸ਼ਟੀਕੋਣ ਦਾ ਵਾਧਾ ਕੀਤਾ ਹੈ। ਇਹਦੇ ਸਿੱਟੇ ਵਜੋਂ ਕੁੱਝ ਵਿਸ਼ੇਸ਼ ਨੁਕਤਿਆਂ ਸਬੰਧੀ ਮਾਰਗਨ ਦੀਆਂ ਮਿੱਥਾਂ ਹਿੱਲ ਗਈਆਂ ਹਨ, ਜਾਂ ਇਥੋਂ ਤੱਕ ਕਿ ਕੱਚੀਆਂ ਸਾਬਤ ਹੋਈ ਹਨ। ਪਰ ਕਿਧਰੇ ਵੀ ਨਵੀਂ ਇਕੱਤਰ ਕੀਤੀ ਵਾਕਫ਼ੀ ਦਾ ਸਿੱਟਾ ਉਹਦੇ ਮੁੱਖ ਸੰਕਲਪਾਂ ਦੀ ਥਾਂ ਹੋਰਨਾਂ ਨੂੰ ਦੇਣ ਵਿੱਚ ਨਹੀਂ ਨਿਕਲਿਆ। ਉਹਨੇ ਆਦਿ-ਕਾਲੀਨ ਸਮਾਜ ਦੇ ਇਤਿਹਾਸ ਦੇ ਅਧਿਐਨ ਵਿੱਚ ਜਿਹੜਾ ਪ੍ਰਬੰਧ ਦਾਖ਼ਲ ਕੀਤਾ ਉਹ ਅੱਜ ਤੱਕ ਠੀਕ ਹੈ। ਅਸੀਂ ਕਹਿ ਸਕਦੇ ਹਾਂ ਕਿ ਇਹਨੂੰ ਉਸੇ ਹੱਦ ਤੱਕ ਸਦਾ ਵੱਧ ਰਹੀ ਆਮ ਪ੍ਰਵਾਨਗੀ ਪ੍ਰਾਪਤ ਹੋ ਰਹੀ ਹੈ ਜਿਸ ਹੱਦ ਤੱਕ ਇਹਦੇ ਰਚਣਹਾਰੇ ਦਾ ਨਾਂ ਲੁਕਾਇਆ ਜਾ ਰਿਹਾ ਹੈ।*

ਲੰਦਨ, 16 ਜੂਨ 1891 **ਫ਼ਰੈਡਰਿਕ ਏਂਗਲਜ਼**

ਪਹਿਲਾਂ ਪਹਿਲ 1890-1891 ਵਿੱਚ ìNeue Leitî, Bd.2, No.41 ਰਸਾਲੇ ਵਿੱਚ ਅਤੇ Friedrich Engels. ìDer Ursprung der Familie, des Privateigenthums und des Staatsî ਕਿਤਾਬ ਵਿੱਚ ਛਪਿਆ।

---

* ਸਤੰਬਰ 1888 ਵਿੱਚ ਨਿਊ ਯਾਰਕ ਤੋਂ ਆਪਣੇ ਵਾਪਸੀ ਸਫ਼ਰ ਸਮੇਂ ਮੈਂ ਅਮਰੀਕੀ ਪ੍ਰਤਿਨਿੱਧ-ਸਦਨ ਦੇ ਰਾਚੈਸਟਰ ਦੇ ਇੱਕ ਸਾਬਕਾ ਮੈਂਬਰ ਨੂੰ ਮਿਲਿਆ, ਜਿਹੜਾ ਲੈਵਿਸ ਮਾਰਗਨ ਨੂੰ ਜਾਣਦਾ ਸੀ। ਮੰਦੇ ਭਾਗੀਂ ਉਹ ਮੈਨੂੰ ਮਾਰਗਨ ਸਬੰਧੀ ਬਹੁਤ ਘੱਟ ਦੱਸ ਸਕਿਆ। ⇨

# ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ

## I

ਲ. ਗ. ਮਾਰਗਨ ਦੇ ਅਧਿਐਨ ਦੇ ਸਬੰਧ ਨਾਲ

## 1. ਸਭਿਆਚਾਰ ਦੇ ਪੂਰਵ-ਇਤਿਹਾਸਕ ਪੜਾਅ

ਮਾਰਗਨ ਨਿਪੁੰਨ ਗਿਆਨ ਵਾਲ਼ਾ ਪਹਿਲਾ ਮਨੁੱਖ ਸੀ ਜਿਸਨੇ ਮਨੁੱਖ ਦੇ ਪੂਰਵ-ਇਤਿਹਾਸ ਵਿੱਚ ਇੱਕ ਵਿਸ਼ੇਸ਼ ਤਰਤੀਬ ਦਾਖ਼ਲ ਕਰਨ ਦਾ ਯਤਨ ਕੀਤਾ; ਜਿੰਨਾਂ ਚਿਰ ਹੋਰ ਮਹੱਤਵ-ਪੂਰਨ ਸਮੱਗਰੀ ਤਬਦੀਲੀਆਂ ਜ਼ਰੂਰੀ ਨਾ ਬਣਾ ਦੇਵੇ ਉਹਦੇ ਵੱਲੋਂ ਕੀਤੇ ਵਰਗੀਕਰਣ ਦੇ ਲਾਗੂ ਰਹਿਣ ਦੀ ਆਸ ਕੀਤੀ ਜਾ ਸਕਦੀ ਹੈ।

ਤਿੰਨ ਮੁੱਖ ਯੁੱਗਾਂ—ਵਹਿਸ਼ਤ, ਜਹਾਲਤ ਅਤੇ ਸਭਿਅਤਾ— ਵਿੱਚੋਂ ਸੁਭਾਵਕ ਹੀ ਉਹਦਾ ਸਬੰਧ ਕੇਵਲ ਪਹਿਲੇ ਦੋਹਾਂ ਨਾਲ਼ ਅਤੇ ਤੀਜੇ ਵੱਲ ਤਬਦੀਲੀ ਨਾਲ਼ ਹੈ। ਉਹ ਇਹਨਾਂ ਦੋਹਾਂ ਯੁਗਾਂ ਵਿੱਚੋਂ ਹਰ ਇੱਕ ਨੂੰ ਉਪਜੀਵਕਾ ਦੇ ਸਾਧਨਾਂ ਦੇ ਉਤਪਾਦਨ ਵਿੱਚ ਹੋਈ ਉੱਨਤੀ ਅਨੁਸਾਰ ਹੇਠਲੇ, **ਦਰਮਿਆਨੇ ਅਤੇ ਉੱਪਰਲੇ ਪੜਾਵਾਂ ਵਿੱਚ ਵੰਡਦਾ ਹੈ**; ਕਿਉਂਕਿ ਜਿਵੇਂ ਉਹ ਕਹਿੰਦਾ ਹੈ:

"ਇਸ ਸੇਧ ਵਿੱਚ ਉਹਨਾਂ ਦੀ ਸੁਯੋਗਤਾ ਉੱਤੇ ਧਰਤੀ ਉੱਤੇ ਮਨੁੱਖੀ ਸਰਦਾਰੀ ਦਾ ਸਮੁੱਚਾ ਪ੍ਰਸ਼ਨ ਨਿਰਭਰ ਸੀ। ਮਨੁੱਖਜਾਤੀ ਇੱਕੋ ਇੱਕ ਜੀਵ ਹਨ ਜਿਨ੍ਹਾਂ ਸਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਖ਼ੁਰਾਕ ਦੇ ਉਤਪਾਦਨ 'ਤੇ ਪੂਰਾ ਕੰਟਰੋਲ ਪ੍ਰਾਪਤ ਕਰ ਲਿਆ ਹੈ। ਮਨੁੱਖੀ ਉਨਤੀ ਦੇ ਮਹਾਨ ਯੁੱਗ, ਘੱਟ ਜਾਂ ਵੱਧ ਸਿੱਧੀ ਤਰ੍ਹਾਂ, ਉਪਜੀਵਕਾ ਦੇ ਸਾਧਨਾਂ ਦੇ ਵਧਣ ਨਾਲ਼ ਇੱਕ-ਮਿਕ ਕੀਤੇ ਗਏ ਹਨ।"*

ਟੱਬਰ ਦਾ ਵਿਕਾਸ ਨਾਲ਼ ਹੀ ਨਾਲ਼ ਜਾਰੀ ਰਹਿੰਦਾ ਹੈ ਪਰ ਯੁੱਗਾਂ ਦੇ ਮਿੱਥਣ ਲਈ ਅਜਿਹੀਆਂ ਨਿਰਣਾਇਕ ਕਸੌਟੀਆਂ ਪੇਸ਼ ਨਹੀਂ ਕਰਦਾ।

### 1. ਵਹਿਸ਼ਤ ਦਾ ਯੁੱਗ

---

☞ਉਹਨੇ ਕਿਹਾ ਕਿ ਮਾਰਗਨ ਰਾਚੈਸਟਰ ਵਿਖੇ ਇੱਕ ਆਮ ਸ਼ਹਿਰੀ ਵਜੋਂ ਵਸਨੀਕ ਸੀ ਅਤੇ ਆਪਣੇ ਅਧਿਐਨ ਵਿੱਚ ਮਗਨ ਰਹਿੰਦਾ। ਉਹਦਾ ਭਰਾ ਫ਼ੌਜ ਵਿੱਚ ਕਰਨੈਲ ਸੀ ਅਤੇ ਵਾਸ਼ਿੰਗਟਨ ਵਿਖੇ ਯੁੱਧ ਵਿਭਾਗ ਵਿੱਚ ਕਿਸੇ ਪਦਵੀ ਉੱਤੇ ਲੱਗਾ ਸੀ। ਆਪਣੇ ਭਰਾ ਦੀ ਸਹਾਇਤਾ ਨਾਲ਼ ਉਹ ਆਪਣੀ ਖੋਜ ਸਬੰਧੀ ਹਕੂਮਤ ਵਿੱਚ ਦਿਲਚਸਪੀ ਪੈਦਾ ਕਰਨ ਅਤੇ ਸਰਵਜਨਕ ਖ਼ਰਚੇ ਉੱਤੇ ਆਪਣੀਆਂ ਕਈ ਕਿਰਤਾਂ ਛਪਵਾਉਣ ਵਿੱਚ ਸਫ਼ਲ ਹੋ ਗਿਆ। ਪ੍ਰਤਿਨਿੱਧ-ਸਦਨ ਦੇ ਇਸ ਸਾਬਕਾ ਮੈਂਬਰ ਨੇ ਕਿਹਾ ਕਿ ਖ਼ੁਦ ਉਹਨੇ ਪ੍ਰਤਿਨਿੱਧ-ਸਦਨ ਦਾ ਮੈਂਬਰ ਹੋਣ ਸਮੇਂ ਇਸ ਵਿੱਚ ਸਹਾਇਤਾ ਦਿੱਤੀ।

* ਵੇਖੋ L. H. Morgan ìAncient Societyî, London, 1877, p.19. **—ਸੰਪਾ.**

1. **ਹੇਠਲਾ ਪੜਾਅ।** ਮਨੁੱਖੀ ਨਸਲ ਦਾ ਬਚਪਨ। ਮਨੁੱਖ ਅਜੇ ਤੱਕ ਆਪਣੇ ਪਹਿਲੇ ਘਰ, ਤਪਤਖੰਡੀ ਜਾਂ ਅਰਧ-ਤਪਤਖੰਡੀ ਜੰਗਲਾਂ ਵਿੱਚ ਰਹਿੰਦਾ ਸੀ ਅਤੇ ਘੱਟੋ ਘੱਟ ਜੁਜ਼ਵੀ ਤੌਰ 'ਤੇ, ਰੁੱਖਾਂ ਵਿੱਚ ਨਿਵਾਸ ਕਰਦਾ ਸੀ; ਕੇਵਲ ਇਸੇ ਕਾਰਨ ਹੀ ਉਹ ਵੱਡੇ ਸ਼ਿਕਾਰੀ ਜਾਨਵਰਾਂ ਦੇ ਹੁੰਦਿਆਂ ਵੀ ਲਗਾਤਾਰ ਬਚਿਆ ਰਿਹਾ। ਫਲ, ਗਿਰੀਦਾਰ ਮੇਵੇ (ਅਖਰੋਟ ਆਦਿ) ਅਤੇ ਜੜ੍ਹਾਂ ਉਹਦੀ ਖ਼ੁਰਾਕ ਸਨ; ਸਾਰਥਕ ਉਚਾਰਣ ਵਾਲ਼ੀ ਬੋਲੀ ਦੀ ਬਣਤਰ ਇਸ ਸਮੇਂ ਦੀ ਮੁੱਖ ਪ੍ਰਾਪਤੀ ਸੀ। ਇਤਿਹਾਸਕ ਯੁੱਗ ਵਿੱਚ ਜਿਨ੍ਹਾਂ ਲੋਕਾਂ ਦਾ ਪਤਾ ਲੱਗਾ ਉਹਨਾਂ ਵਿੱਚੋਂ ਕੋਈ ਵੀ ਹੁਣ ਇਸ ਆਦਿ-ਕਾਲੀਨ ਪ੍ਰਸਥਿਤੀ ਵਿੱਚ ਨਹੀਂ ਸੀ। ਭਾਵੇਂ ਇਹ ਸਮਾਂ ਹਜ਼ਾਰਾਂ ਵਰ੍ਹੇ ਰਿਹਾ ਹੋਣਾ ਹੈ, ਸਾਡੇ ਕੋਲ਼ ਇਹਦੀ ਹੋਂਦ ਦਾ ਕੋਈ ਸਿੱਧਾ ਸਬੂਤ ਨਹੀਂ; ਪਰ ਜਦੋਂ ਅਸੀਂ ਪਸ਼ੂ ਜਗਤ ਤੋਂ ਮਨੁੱਖ ਦੀ ਉਤਪਤੀ ਨੂੰ ਕਬੂਲ ਕਰ ਲੈਂਦੇ ਹਾਂ ਤਾਂ ਇਸ ਬਦਲੀ ਕਾਲ ਦੇ ਪੜਾਅ ਨੂੰ ਪ੍ਰਵਾਨ ਕਰਨਾ ਅਟੱਲ ਹੈ।

2. **ਦਰਮਿਆਨਾ ਪੜਾਅ।** ਇਹਦਾ ਮੁੱਢ ਖ਼ੁਰਾਕ ਲਈ ਮੱਛੀਆਂ ਦੀ ਵਰਤੋਂ (ਇਸ ਮਦ ਵਿੱਚ ਅਸੀਂ ਕੇਕੜੇ, ਖੋਲਦਾਰ ਮੱਛੀਆਂ ਅਤੇ ਹੋਰਨਾਂ ਸਭਨਾਂ ਪਾਣੀ ਦੇ ਜੀਵਾਂ ਨੂੰ ਸ਼ਾਮਲ ਕਰਦੇ ਹਾਂ) ਅਤੇ ਅੱਗ ਦੀ ਵਰਤੋਂ ਨਾਲ਼ ਸ਼ੁਰੂ ਹੋਇਆ। ਇਹ ਦੋਵੇਂ ਇੱਕ ਦੂਜੇ ਦੇ ਪੂਰਕ ਹਨ ਕਿਉਂਕਿ ਮੱਛੀਆਂ ਅੱਗ ਵਰਤ ਕੇ ਹੀ ਪੂਰੀ ਤਰ੍ਹਾਂ ਪ੍ਰਯਾਪਤ ਬਣਦੀਆਂ ਹਨ। ਪਰ, ਇਸ ਨਵੀਂ ਖ਼ੁਰਾਕ ਨੇ ਮਨੁੱਖ ਨੂੰ ਜਲ-ਵਾਯੂ ਅਤੇ ਸਥਾਨ ਤੋਂ ਆਜ਼ਾਦ ਕਰ ਦਿੱਤਾ। ਦਰਿਆਵਾਂ ਅਤੇ ਸਮੁੰਦਰੀ ਤੱਟਾਂ ਦੇ ਨਾਲ਼ ਨਾਲ਼ ਵਧ ਕੇ ਮਨੁੱਖ ਇਸ ਵਹਿਸ਼ੀ ਹਾਲਤ ਵਿੱਚ ਵੀ ਧਰਤੀ ਦੇ ਤਲ ਦੇ ਵਡੇਰੇ ਹਿੱਸੇ ਉੱਤੇ ਫੈਲਣ ਵਿੱਚ ਸਫ਼ਲ ਹੋਇਆ। ਮੁਢਲੇ ਪੱਥਰ ਯੁੱਗ ਦੇ—ਜਿਸਨੂੰ ਪ੍ਰਾਚੀਨ ਪੱਥਰ ਯੁੱਗ ਕਿਹਾ ਜਾਂਦਾ ਹੈ— ਪੱਥਰ ਦੇ ਭੱਦੇ, ਖਰ੍ਹਵੇ ਸੰਦ, ਜਿਹੜੇ ਪੂਰੀ ਤਰ੍ਹਾਂ ਜਾਂ ਬਹੁਤ ਹੀ ਜ਼ਿਆਦਾ ਹੱਦ ਤੱਕ, ਇਸ ਯੁੱਗ ਦੇ ਹਨ ਅਤੇ ਜਿਹੜੇ ਸਭਨਾਂ ਮਹਾਂ-ਦੀਪਾਂ ਉੱਤੇ ਫੈਲੇ ਹੋਏ ਹਨ, ਇਹਨਾਂ ਵਸੇਬਾ-ਬਦਲੀਆਂ ਦਾ ਸਬੂਤ ਹਾ। ਨਵੇਂ ਪ੍ਰਾਪਤ ਕੀਤੇ ਇਲਾਕਿਆਂ ਨੇ ਅਤੇ ਲੱਭਤ ਲਈ ਨਿਰੰਤਰ ਸਰਗਰਮ ਪ੍ਰੇਰਨਾ ਨੇ, ਘਸਾਈ ਰਾਹੀਂ ਅੱਗ ਪੈਦਾ ਕਰਨ ਦੀ ਕਲਾ ਨੇ, ਨਵੇਂ ਖ਼ੁਰਾਕੀ ਪਦਾਰਥ ਪ੍ਰਯਾਪਤ ਕਰ ਦਿੱਤੇ, ਜਿਹਾ ਕਿ ਗਰਮ ਸੁਆਹ ਜਾਂ ਪਕਾਉਣ ਵਾਲ਼ੇ ਟੋਇਆ (ਭੋਂ ਵਿਚਲੇ ਤੰਦੂਰਾਂ) ਵਿੱਚ ਪਕਾਈਆਂ ਨਸ਼ਾਸ਼ਤੇ ਵਾਲ਼ੀਆਂ ਜੜ੍ਹਾਂ ਅਤੇ ਕੰਦ-ਮੂਲ ਅਤੇ ਸ਼ਿਕਾਰ ਜਿਹੜਾ ਪਹਿਲੇ ਹਥਿਆਰਾਂ ਗੁਰਜ਼ ਅਤੇ ਬਰਛੇ ਦੀ ਕਾਢ ਤੋਂ ਪਿੱਛੋਂ ਕਦੀ ਕਦੀ ਖ਼ੁਰਾਕ ਵਿੱਚ ਸ਼ਾਮਲ ਕੀਤਾ ਜਾਂਦਾ ਸੀ। ਅਨੰਨ ਤੌਰ 'ਤੇ ਸ਼ਿਕਾਰ ਕਰਨ ਵਾਲ਼ੇ ਲੋਕਾਂ ਦੀ , ਜਿਹੜੇ ਕਿਤਾਬਾਂ ਵਿੱਚ ਦਿਸਦੇ ਹਨ, ਅਰਥਾਤ ਅਜਿਹੇ ਲੋਕ ਜਿਹੜੇ **ਕੇਵਲ** ਸ਼ਿਕਾਰ ਤੋਂ ਉਪਜੀਵਕਾ ਪ੍ਰਾਪਤ ਕਰਦੇ ਸਨ, ਕਦੀ ਹੋਂਦ ਨਹੀਂ ਰਹੀ ਕਿਉਂਕਿ ਸ਼ਿਕਾਰ ਦੇ ਫਲ ਇਹ ਗੱਲ ਸੰਭਵ ਬਣਾਉਣ ਲਈ ਬਹੁਤ ਅਨਿਸ਼ਚਿਤ ਹਨ। ਖ਼ੁਰਾਕੀ ਪਦਾਰਥਾਂ ਦੇ ਸੋਮਿਆਂ ਸਬੰਧੀ ਅਨਿਸ਼ਚਿਤਤਾ ਕਾਰਨ ਇਸ ਪੜਾਅ ਉੱਤੇ ਆਦਮਖ਼ੋਰੀ ਪੈਦਾ ਹੋਈ ਅਤੇ ਬੜੇ ਲੰਮੇ ਸਮੇਂ ਤੱਕ ਜਾਰੀ ਰਹੀ। ਆਸਟ੍ਰੇਲਵੀ ਅਤੇ ਪਾਲੀਨੇਸ਼ੀਆ ਦੇ ਕਈ ਲੋਕ ਅਜੇ ਤੱਕ ਵਹਿਸ਼ਤ ਦੇ ਇਸ ਦਰਮਿਆਨੇ ਪੜਾਅ ਉੱਤੇ ਹਨ।

3. **ਉਪਰਲਾ ਪੜਾਅ।** ਇਹਦਾ ਮੁੱਢ ਤੀਰ ਅਤੇ ਕਮਾਨ ਦੀ ਕਾਢ ਨਾਲ਼ ਸ਼ੁਰੂ

ਹੋਇਆ, ਜਿਸ ਪਿੱਛੋਂ ਸ਼ਿਕਾਰ ਕੀਤਾ ਮਾਸ ਖ਼ੁਰਾਕ ਦਾ ਨੇਮ ਅਨੁਸਾਰ ਹਿੱਸਾ ਬਣ ਗਿਆ ਅਤੇ ਸ਼ਿਕਾਰ ਸਾਧਾਰਨ ਕਿੱਤਿਆਂ ਵਿਚੋਂ ਇੱਕ ਬਣ ਗਿਆ। ਕਮਾਨ, ਤੰਦੀ ਅਤੇ ਤੀਰ ਰਲ਼ ਕੇ ਬੜਾ ਜੁੜਤ ਵਾਲ਼ਾ ਹਥਿਆਰ ਬਣਦੇ ਹਨ, ਜਿਸਦੀ ਕਾਢ ਲੰਮੇ ਸਮੇਂ ਤੋਂ ਇਕੱਤਰ ਕੀਤਾ ਅਨੁਭਵ ਅਤੇ ਤਿੱਖੀਆਂ ਹੋਈਆਂ ਦਿਮਾਗ਼ੀ ਸ਼ਕਤੀਆਂ ਅਤੇ ਨਾਲ਼ ਹੀ ਨਾਲ਼ ਬਹੁਤ ਸਾਰੀਆਂ ਹੋਰਨਾਂ ਕਾਢਾਂ ਨਾਲ਼ ਵਾਕਫ਼ੀ ਹੋਣਾ ਪਹਿਲੋਂ ਹੀ ਪ੍ਰਾਵਨ ਕਰ ਲੈਂਦੇ ਹਨ। ਅਸੀਂ ਅਜਿਹੇ ਲੋਕਾਂ ਨੂੰ, ਜਿਹੜੇ ਤੀਰ ਅਤੇ ਕਮਾਨ ਤੋਂ ਤਾਂ ਜਾਣੂ ਹਨ ਪਰ ਜਿਨ੍ਹਾਂ ਨੂੰ ਅਜੇ ਮਿੱਟੀ ਦੇ ਭਾਂਡੇ ਬਣਾਉਣ ਦੀ ਸਮਝ ਨਹੀਂ (ਜਿਸ ਸਮੇਂ ਤੋਂ ਮਾਰਗਨ ਜਹਾਲਤ ਵੱਲ ਤਬਦੀਲੀ ਦਾ ਮੁੱਢ ਮੰਨਦਾ ਹੈ), ਅਸੀਂ ਇਸ ਸ਼ੁਰੂ ਦੇ ਪੜਾਅ ਉੱਤੇ ਵੀ ਪਿੰਡਾਂ ਵਿੱਚ ਵਸੇਬੇ ਦਾ ਮੁੱਢ, ਉਪਜੀਵਕਾ ਦੇ ਸਾਧਨਾਂ ਦੇ ਉਤਪਾਦਨ ਵਿੱਚ ਕੁੱਝ ਨਿਪੁੰਨਤਾ ਪ੍ਰਾਪਤੀ ਵੇਖਦੇ ਹਾਂ: ਲੱਕੜੀ ਦੇ ਭਾਂਡੇ ਅਤੇ ਬਰਤਨ, ਰੁੱਖਾਂ ਦੀ ਛਾਲ ਤੋਂ ਉਂਗਲੀਆਂ ਨਾਲ਼ ਉਣਾਈ (ਖੱਡੀਆਂ ਤੋਂ ਬਿਨਾਂ), ਰੁੱਖਾਂ ਦੀ ਛਾਲ ਜਾਂ ਸਰ ਤੋਂ ਬਣਾਈਆਂ ਟੋਕਰੀਆਂ, ਚੀਕਣੇ (ਨਵ-ਪੱਥਰ ਯੁੱਗ) ਦੇ ਪੱਥਰ ਦੇ ਸੰਦ। ਵਧੇਰੇ ਕਰਕੇ ਅੱਗ ਅਤੇ ਪੱਥਰ ਦੀ ਕੁਹਾੜੀ ਨੇ ਪਹਿਲਾਂ ਹੀ ਲੱਕੜੀ ਖੋਦ ਕੇ ਬਣਾਈ ਹੋਈ ਬੇੜੇ ਅਤੇ ਕਿਧਰੇ ਕਿਧਰੇ ਮਕਾਨ ਬਣਾਉਣ ਲਈ ਲਕੜੀ ਅਤੇ ਤਖ਼ਤੇ ਉਪਲੱਬਧ ਕਰਾ ਦਿੱਤੇ ਸਨ। ਮਿਸਾਲ ਵਜੋਂ ਇਹ ਸਭੇ ਉੱਨਤੀਆਂ ਉੱਤਰ-ਪੱਛਮੀ ਅਮਰੀਕਾ ਦੇ ਇੰਡੀਅਨਾਂ ਵਿੱਚ ਮਿਲਦੀਆਂ ਹਨ, ਜਿਹੜੇ ਕਮਾਨ ਅਤੇ ਤੀਰ ਤੋਂ ਤਾਂ ਜਾਣੂ ਹਨ ਪਰ ਜਿਨ੍ਹਾਂ ਨੂੰ ਮਿੱਟੀ ਦੇ ਭਾਂਡਿਆਂ ਦਾ ਉੱਕਾ ਕੁੱਝ ਪਤਾ ਨਹੀਂ। ਕਮਾਨ ਅਤੇ ਤੀਰ ਵਹਿਸ਼ਤ ਦੇ ਯੁੱਗ ਲਈ ਉਹੋ ਕੁੱਝ ਸੀ ਜੋ ਲੋਹੇ ਦੀ ਤਲਵਾਰ ਜਹਾਲਤ ਲਈ ਸੀ ਅਤੇ ਆਤਸ਼ੀ ਹਥਿਆਰ ਸੱਭਿਅਤਾ ਲਈ, ਅਰਥਾਤ, ਨਿਰਣਾਇਕ ਹਥਿਆਰ।

## 2. ਜਹਾਲਤ ਦਾ ਯੁੱਗ

**1. ਹੇਠਲਾ ਪੜਾਅ।** ਇਹਦਾ ਮੁੱਢ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਸ਼ੁਰੂ ਹੋਣ ਨਾਲ਼ ਹੁੰਦਾ ਹੈ। ਇਹਦਾ ਮੁੱਢ, ਪ੍ਰਤੱਖ ਤੌਰ 'ਤੇ ਬਹੁਤ ਹਾਲਤਾਂ ਵਿੱਚ ਅਤੇ ਸ਼ਾਇਦ ਹਰ ਥਾਂ, ਟੋਕਰੀਆਂ ਅਤੇ ਲੱਕੜੀ ਦੇ ਭਾਂਡਿਆਂ ਨੂੰ ਅੱਗ ਤੋਂ ਸੁਰੱਖਿਅਤ ਬਣਾਉਣ ਲਈ ਮਿੱਟੀ ਨਾਲ਼ ਕੱਜਣ ਤੋਂ ਹੋਇਆ; ਇਉਂ ਛੇਤੀ ਹੀ ਇਹ ਪਤਾ ਲੱਗਿਆ ਕਿ ਘੜੀ ਹੋਈ ਚੀਕਣੀ ਮਿੱਟੀ ਅੰਦਰਲੇ ਭਾਂਡੇ ਤੋਂ ਬਿਨਾਂ ਇਹ ਕੰਮ ਸਾਰ ਸਕਦੀ ਹੈ।

ਇਸ ਨੁਕਤੇ ਤੱਕ ਅਸੀਂ ਵਿਕਾਸ ਦੇ ਕਰਮ ਨੂੰ ਇੱਕ ਮਿੱਥੇ ਸਮੇਂ ਲਈ, ਸਥਾਨ ਦੇ ਵਿਤਕਰੇ ਤੋਂ ਬਿਨਾਂ ਸਭਨਾਂ ਲੋਕਾਂ ਲਈ ਸਾਂਝਾ ਸਮਝ ਸਕਦੇ ਸਾਂ। ਪਰ ਜਹਾਲਤ ਦੇ ਯੁੱਗ ਦੇ ਸ਼ੁਰੂ ਹੋਣ ਨਾਲ਼ ਅਸੀਂ ਇੱਕ ਅਜਿਹੇ ਪੜਾਅ ਉੱਤੇ ਅੱਪੜ ਗਏ ਹਾਂ ਜਿੱਥੇ ਦੋ ਮਹਾਨ ਮਹਾਂ-ਦੀਪਾਂ ਦੀਆਂ ਕੁਦਰਤੀ ਦੇਣਾਂ ਨੇ ਆਪਣਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ। ਜਹਾਲਤ ਦੇ ਯੁੱਗ ਦਾ ਲਖਣਾਇਕ ਲੱਛਣ ਪਸ਼ੂਆਂ ਨੂੰ ਪਾਲਤੂ ਬਣਾਉਣਾ ਅਤੇ ਉਹਨਾਂ ਦੀ ਨਸਲ-ਕਸ਼ੀ ਅਤੇ ਬੂਟਿਆਂ ਦੀ ਖੇਤੀ ਹੈ। ਹੁਣ ਵੇਖੋ, ਪੂਰਬੀ ਮਹਾਂ-ਦੀਪ, ਅਖੌਤੀ ਪੁਰਾਣੀ ਦੁਨੀਆਂ ਵਿੱਚ , ਪਾਲਤੂ ਬਣਾਉਣ ਯੋਗ ਲੱਗ ਭਗ ਸਾਰੇ ਪਸ਼ੂ ਅਤੇ ਇੱਕ ਛੋਟ ਤੋਂ ਬਿਨਾਂ ਖੇਤੀ ਯੋਗ ਸਾਰੇ ਅਨਾਜ ਸਨ; ਜਿੱਥੇ ਕਿ ਪੱਛਮੀ ਮਹਾਂ-ਦੀਪ, ਅਮਰੀਕਾ ਵਿੱਚ ਪਾਲਤੂ ਬਣਾਉਣ

ਯੋਗ ਇੱਕੋ ਇੱਕ ਪਸ਼ੂ ਲਾਮਾ ਸੀ ਅਤੇ ਉਹ ਵੀ ਇਹਦੇ ਦੱਖਣ ਦੇ ਇੱਕ ਹਿੱਸੇ ਵਿੱਚ; ਅਤੇ ਖੇਤੀ ਯੋਗ ਇੱਕੋ ਇੱਕ ਅਨਾਜ ਮੱਕੀ ਸੀ, ਪਰ ਉਹ ਸਰਵਉਤਮ ਸੀ। ਇਹਨਾਂ ਵੱਖ ਵੱਖ ਕੁਦਰਤੀ ਪ੍ਰਸਥਿਤੀਆਂ ਦਾ ਅਸਰ ਇਹ ਸੀ ਕਿ ਹਰ ਅਰਧ-ਗੋਲ਼ੇ ਦੀ ਵੱਸੋਂ ਆਪਣੇ ਵਿਸ਼ੇਸ਼ ਰਾਹ ਚਲਦੀ ਰਹੀ ਅਤੇ ਦੋਹਾਂ ਹਾਲਤਾਂ ਵਿੱਚ ਵੱਖ ਵੱਖ ਪੜਾਵਾਂ ਨੂੰ ਨਖੇੜਨ ਵਾਲ਼ੀ ਰੇਖਾ ਉੱਤੇ ਬੁਤੀਆਂ ਵੱਖ ਵੱਖ ਹਨ।

2. **ਦਰਮਿਆਨਾ ਪੜਾਅ।** ਇਹ ਪੂਰਬ ਵਿੱਚ ਪਸ਼ੂਆਂ ਨੂੰ ਪਾਲਤੂ ਬਣਾਉਣ ਨਾਲ਼ ਸ਼ੁਰੂ ਹੁੰਦਾ ਹੈ; ਪੱਛਮ ਵਿੱਚ ਸਿੰਜਾਈ ਰਾਹੀਂ ਖ਼ੁਰਾਕੀ ਬੂਟਿਆਂ ਦੀ ਖੇਤੀ ਸ਼ੁਰੂ ਹੋਣ ਅਤੇ ਇਮਾਰਤਾਂ ਬਣਾਉਣ ਲਈ ਕੱਚੀਆਂ ਇੱਟਾਂ (ਧੁੱਪ ਵਿੱਚ ਸੁਕਾਈਆਂ ਇੱਟਾਂ) ਅਤੇ ਪੱਥਰ ਦੀ ਵਰਤੋਂ ਸ਼ੁਰੂ ਹੋਣ ਨਾਲ਼ ਇਹਦਾ ਮੁੱਢ ਬੱਝਦਾ ਹੈ।

ਅਸੀਂ ਪੱਛਮ ਤੋਂ ਸ਼ੁਰੂ ਕਰਾਂਗੇ ਕਿਉਂਕਿ ਉੱਥੇ ਯੂਰਪ ਦੇ ਲੋਕਾਂ ਵੱਲੋਂ ਜਿੱਤ ਤੋਂ ਪਹਿਲਾਂ ਕਿਧਰੇ ਵੀ ਮਨੁੱਖ ਇਸ ਪੱਧਰ ਤੋਂ ਉੱਪਰ ਨਹੀਂ ਸੀ ਉਠਿਆ।

ਜਦੋਂ ਉਹਨਾਂ ਸਬੰਧੀ ਪਤਾ ਲੱਗਾ ਤਾਂ ਜਹਾਲਤ ਦੇ ਹੇਠਲੇ ਪੜਾਅ ਤੱਕ ਪਹੁੰਚੇ ਸਭੇ ਇੰਡੀਅਨ (ਜਿਨ੍ਹਾਂ ਵਿੱਚ ਮਿਸਿਸਪੀ ਦੇ ਪੂਰਬ ਵਿੱਚ ਰਹਿਣ ਵਾਲ਼ੇ ਸਭੇ ਸਨ) ਉਦੋਂ ਵੀ ਕੁੱਝ ਹੱਦ ਤੱਕ ਬਾਗ਼ਾਂ ਵਿੱਚ ਮੱਕੀ ਅਤੇ ਸ਼ਾਇਦ ਕੱਦੂ, ਖ਼ਰਬੂਜ਼ੇ ਅਤੇ ਬਾਗ਼ਾਂ ਦੀ ਹੋਰ ਉਪਜ ਉਗਾਇਆ ਕਰਦੇ ਸਨ, ਜਿਹੜੀ ਉਹਨਾਂ ਦੀ ਖ਼ੁਰਾਕ ਦਾ ਚੋਖਾ ਹਿੱਸਾ ਦੇਂਦੀ। ਉਹ ਲੱਕੜੀ ਦੇ ਮਕਾਨਾਂ ਵਿੱਚ ਰਹਿੰਦੇ, ਪਿੰਡਾਂ ਵਿੱਚ ਜਿਨ੍ਹਾਂ ਦੁਆਲੇ ਜੰਗਲ਼ੇ ਹੁੰਦੇ। ਉੱਤਰ ਪੱਛਮ ਵਿੱਚ ਰਹਿੰਦੇ ਕਬੀਲੇ, ਵਿਸ਼ੇਸ਼ ਤੌਰ ’ਤੇ ਕੋਲੰਬੀਆ ਦਰਿਆ ਦੇ ਇਲਾਕੇ ਵਿੱਚ ਰਹਿਣ ਵਾਲ਼ੇ, ਅਜੇ ਤੱਕ ਵਹਿਸ਼ਤ ਦੇ ਉਪਰਲੇ ਪੜਾਅ ਵਿੱਚ ਸਨ ਅਤੇ ਮਿੱਟੀ ਦੇ ਭਾਂਡਿਆਂ ਜਾਂ ਕਿਸੇ ਤਰ੍ਹਾਂ ਦੀ ਖੇਤੀ ਦੀ ਉਹਨਾਂ ਨੂੰ ਸੋਝੀ ਨਹੀਂ ਸੀ। ਦੂਜੇ ਹੱਥ ਨਿਊ ਮੈਕਸੀਕੋ ਦੇ ਅਖੌਤੀ ਪੁਇਬਲੋ ਇੰਡੀਅਨ, ਮੈਕਸੀਕੋ ਦੇ, ਮੱਧ-ਅਮਰੀਕਾ ਦੇ ਅਤੇ ਪੀਰੂ ਦੇ ਇੰਡੀਅਨ[5] ਜਿੱਤ ਦੇ ਸਮੇਂ ਜਹਾਲਤ ਦੇ ਦਰਮਿਆਨੇ ਪੜਾਅ ਉੱਤੇ ਸਨ। ਉਹ ਕੱਚੀਆਂ ਇੱਟਾਂ ਜਾਂ ਪੱਥਰ ਦੇ ਬਣੇ ਕਿਲਾਹਾਰ ਮਕਾਨਾਂ ਵਿੱਚ ਰਹਿੰਦੇ; ਇਲਾਕੇ ਅਤੇ ਜਲ-ਵਾਯੂ ਅਨੁਸਾਰ ਸਿੰਜੇ ਜਾਂਦੇ ਬਾਗਾਂ ਵਿੱਚ ਮੱਕੀ ਅਤੇ ਹੋਰ ਖ਼ੁਰਾਕੀ ਫ਼ਸਲਾਂ ਦੀ ਖੇਤੀ ਕਰਦੇ, ਜਿਹੜੀਆਂ ਖ਼ੁਰਾਕ ਦਾ ਮੁੱਖ ਸੋਮਾ ਬਣਦੀਆਂ ਅਤੇ ਉਹਨਾਂ ਕੁੱਝ ਜਾਨਵਰਾਂ ਨੂੰ ਵੀ ਪਾਲਤੂ ਬਣਾ ਲਿਆ ਸੀ—ਮੈਕਸੀਕੋਵਾਸੀਆਂ ਨੇ ਟਰਕੀ ਅਤੇ ਹੋਰਨਾਂ ਪੰਛੀਆਂ ਨੂੰ ਅਤੇ ਪੀਰੂ ਵਾਸੀਆਂ ਨੇ ਲਾਮਾ ਨੂੰ। ਇਸ ਤੋਂ ਵੱਧ ਉਹਨਾਂ ਨੂੰ ਧਾਤਾਂ ਦੀ ਵਰਤੋਂ ਦੀ ਸੋਝੀ ਸੀ—ਲੋਹੇ ਤੋਂ ਬਿਨਾਂ, ਜਿਸ ਕਾਰਨ ਉਹ ਅਜੇ ਤੱਕ ਪੱਥਰ ਦੇ ਹਥਿਆਰਾਂ ਅਤੇ ਪੱਥਰ ਦੇ ਸੰਦਾਂ ਤੋਂ ਛੁਟਕਾਰਾ ਨਹੀਂ ਸਨ ਪਾ ਸਕਦੇ। ਸਪੇਨੀ ਜਿੱਤ ਨੇ ਹੋਰ ਅੱਗੇ ਸੁਤੰਤਰ ਵਿਕਾਸ ਦਾ ਅੰਤ ਕਰ ਦਿੱਤਾ।

ਪੂਰਬ ਵਿੱਚ ਜਹਾਲਤ ਦਾ ਦਰਮਿਆਨਾ ਪੜਾਅ ਅਜਿਹੇ ਜਾਨਵਰਾਂ ਦੇ ਪਾਲਤੂ ਬਣਾਏ ਜਾਣ ਨਾਲ਼ ਸ਼ੁਰੂ ਹੋਇਆ ਜਾਪਦਾ ਹੈ ਜਿਨ੍ਹਾਂ ਤੋਂ ਦੁੱਧ ਅਤੇ ਮਾਸ ਪ੍ਰਾਪਤ ਹੋ ਸਕਦੇ ਸਨ ਅਤੇ ਬੂਟਿਆਂ ਦੀ ਖੇਤੀ ਇਸ ਸਮੇਂ ਵਿੱਚ ਬਹੁਤ ਪਿੱਛੋਂ ਤੱਕ ਅਣਜਾਣੀ ਰਹੀ। ਜਾਪਦਾ ਹੈ ਕਿ ਪਸ਼ੂਆਂ ਨੂੰ ਪਾਲਤੂ ਬਣਾਉਣਾ ਅਤੇ ਉਹਨਾਂ ਦੀ ਨਸਲ-ਕਸ਼ੀ ਅਤੇ ਵੱਡੇ ਵੱਗਾਂ ਦਾ

ਬਣ ਜਾਣਾ ਆਰੀਅਨਾਂ ਅਤੇ ਸਾਮੀਆਂ ਦੇ ਹੋਰਨਾਂ ਜਾਹਲਾਂ ਨਾਲ਼ੋਂ ਵੱਖ ਹੋ ਜਾਣ ਦਾ ਕਾਰਨ ਸੀ। ਯੂਰਪੀ ਅਤੇ ਏਸ਼ਿਆਈ ਆਰੀਅਨਾਂ ਵਿੱਚ ਪਸ਼ੂਆਂ ਦੇ ਨਾਂ ਅਜੇ ਤੱਕ ਸਾਂਝੇ ਹਨ ਪਰ ਖੇਤੀ–ਯੋਗ ਬੂਟਿਆਂ ਦੇ ਨਾਂ ਉਕਾ ਹੀ ਸਾਂਝੇ ਨਹੀਂ।

ਯੋਗ ਥਾਵਾਂ ਉੱਤੇ ਵੱਗਾਂ ਦੇ ਬਣਨ ਦਾ ਸਿੱਟਾ ਪਸ਼ੂ–ਪਾਲ ਜੀਵਨ ਵਿੱਚ ਨਿਕਲਿਆ; ਸਾਮੀਆਂ ਵਿੱਚ ਦਜਲਾ ਅਤੇ ਫ਼ਰਾਤ ਦੇ ਘਾਹ ਵਾਲ਼ੇ ਮੈਦਾਨਾਂ ਵਿੱਚ; ਆਰੀਅਨਾਂ ਵਿੱਚ ਹਿੰਦ, ਜੇਹੂੰ ਅਤੇ ਸੇਹੂੰ[6], ਦੋਨ ਅਤੇ ਦਨੀਪਰ ਦੇ ਘਾਹ ਵਾਲ਼ੇ ਮੈਦਾਨਾਂ ਵਿੱਚ। ਪਸ਼ੂਆਂ ਨੂੰ ਪਹਿਲਾਂ ਪਹਿਲ ਅਜਿਹੇ ਚਰਾਂਦੀ ਮੈਦਾਨਾਂ ਦੀਆਂ ਹੱਦਾਂ ਉੱਤੇ ਹੀ ਪਾਲਤੂ ਬਣਾਇਆ ਗਿਆ ਹੋਵੇਗਾ। ਪਿੱਛੋਂ ਆਈਆਂ ਪੀੜ੍ਹੀਆਂ ਨੂੰ ਇਉਂ ਜਾਪਦਾ ਹੈ ਕਿ ਪਸ਼ੂ–ਪਾਲ ਲੋਕਾਂ ਦਾ ਆਦਿ ਉਹਨਾਂ ਇਲਾਕਿਆਂ ਵਿੱਚ ਹੋਇਆ, ਜਿਹੜੇ ਮਨੁੱਖਜਾਤੀ ਦਾ ਪੰਘੂੜੇ ਹੋਣਾ ਤਾਂ ਇੱਕ ਪਾਸੇ ਰਿਹਾ, ਇਹਦੇ ਉਲਟ, ਉਹਨਾਂ ਦੇ ਵਹਿਸ਼ੀ ਵਡੇਰੇ ਅਤੇ ਇੱਥੋਂ ਤੱਕ ਕਿ ਜਹਾਲਤ ਦੇ ਹੇਠਲੇ ਪੜਾਅ ਦੇ ਲੋਕ ਵੀ ਉਹਨਾਂ ਵਿੱਚ ਰਹਿ ਵੀ ਨਹੀਂ ਸਨ ਸਕਦੇ । ਇਹਦੇ ਉਲਟ ਜਦੋਂ ਦਰਮਿਆਨੇ ਪੜਾਅ ਦੇ ਇਹ ਜਾਹਲ ਪਸ਼ੂ–ਪਾਲ ਜੀਵਨ ਦੇ ਆਦੀ ਹੋ ਗਏ ਤਾਂ ਇਹ ਉਹਨਾਂ ਨੂੰ ਕਦੀ ਅਹੁੜ ਹੀ ਨਹੀਂ ਸੀ ਸਕਦਾ ਕਿ ਉਹ ਆਪਣੀ ਇੱਛਾ ਨਾਲ ਸਿੰਜੇ ਘਾਹ ਦੇ ਮੈਦਾਨਾਂ ਨੂੰ ਛੱਡ ਦੇਣ ਅਤੇ ਜੰਗਲਾਂ ਦੇ ਉਹਨਾਂ ਖੇਤਰਾਂ ਵਿੱਚ ਚਲੇ ਜਾਣ ਜਿਹੜੇ ਉਹਨਾਂ ਦੇ ਵਡੇਰਿਆਂ ਦਾ ਵਸੇਬਾ ਸਨ। ਜਦੋਂ ਆਰੀਆ ਅਤੇ ਸਾਮੀ ਹੋਰ ਵਧੇਰੇ ਉੱਤਰ ਅਤੇ ਪੱਛਮ ਵੱਲ ਧੱਕ ਦਿੱਤੇ ਗਏ ਤਾਂ ਉਹਨਾਂ ਨੂੰ ਉਸ ਸਮੇਂ ਤੱਕ ਪੱਛਮੀ ਏਸ਼ੀਆ ਅਤੇ ਯੂਰਪ ਦੇ ਜੰਗਲਾਂ ਵਾਲ਼ੇ ਖੇਤਰ ਵਿੱਚ ਪੱਕੀ ਤਰ੍ਹਾਂ ਰਹਿਣਾ ਅਸੰਭਵ ਜਾਪਿਆ, ਜਦੋਂ ਤੱਕ ਅਨਾਜ ਦੀ ਖੇਤੀ ਰਾਹੀਂ ਉਹ ਘੱਟ ਯੋਗ ਭੋਂ ਉੱਤੇ ਆਪਣੇ ਜਾਨਵਰਾਂ ਨੂੰ ਚਾਰਨ ਅਤੇ ਵਿਸ਼ੇਸ਼ ਤੌਰ ’ਤੇ ਸਿਆਲ ਉਥੇ ਬਿਤਾਉਣ ਦੇ ਯੋਗ ਨਾ ਹੋ ਗਏ। ਇਹ ਸੰਭਵ ਤੋਂ ਵੱਧ ਨਿਸ਼ਚਿਤ ਹੈ ਕਿ ਅਨਾਜ ਦੀ ਖੇਤੀ ਬੁਨਿਆਦੀ ਤੌਰ ’ਤੇ ਪਸ਼ੂਆਂ ਲਈ ਚਾਰਾ ਪ੍ਰਾਪਤ ਕਰਨ ਲਈ ਸ਼ੁਰੂ ਕੀਤੀ ਗਈ ਅਤੇ ਪਿੱਛੋਂ ਜਾ ਕੇ ਹੀ ਮਨੁੱਖੀ ਆਹਾਰ ਲਈ ਮਹੱਤਵ–ਪੂਰਨ ਬਣੀ।

ਆਰੀਅਨਾਂ ਅਤੇ ਸਾਮੀਆਂ ਵਿੱਚ ਮਾਸ ਅਤੇ ਦੁੱਧ ਦੀ ਭਰਪੂਰ ਖ਼ੁਰਾਕ ਅਤੇ ਵਿਸ਼ੇਸ਼ ਤੌਰ ’ਤੇ ਬੱਚਿਆਂ ਦੇ ਵਿਕਾਸ ਉੱਤੇ ਇਹਨਾਂ ਖ਼ੁਰਾਕਾਂ ਦਾ ਚੰਗਾ ਅਸਰ ਹੀ, ਸ਼ਾਇਦ, ਇਹਨਾਂ ਦੋ ਨਸਲਾਂ ਦੇ ਉਚੇਰੇ ਵਿਕਾਸ ਦਾ ਕਾਰਨ ਸੀ। ਤੱਥ ਤਾਂ ਇਹ ਹੈ ਕਿ ਨਿਊ ਮੈਕਸੀਕੋ ਦੇ ਪੁਇਬਲੋ ਇੰਡੀਅਨਾਂ ਦਾ, ਜਿਹੜੇ ਲਗ ਭਗ ਖ਼ਾਲਸ ਵੈਸ਼ਨੂੰ ਖ਼ੁਰਾਕ ਖਾਣ ’ਤੇ ਮਜਬੂਰ ਹਨ, ਦਿਮਾਗ਼ ਜਹਾਲਤ ਦੇ ਹੇਠਲੇ ਪੜਾਅ ਉੱਤੇ ਖੜੇ ਵਧੇਰੇ ਮਾਸ ਅਤੇ ਮੱਛੀ ਖਾਣ ਵਾਲ਼ੇ ਇੰਡੀਅਨਾਂ ਨਾਲ਼ੋਂ ਛੁਟੇਰਾ ਹੈ। ਕੁੱਝ ਵੀ ਹੋਵੇ, ਇਸ ਪੜਾਅ ਉੱਤੇ ਆਦਮਖ਼ੋਰੀ ਹੌਲ਼ੀ ਹੌਲ਼ੀ ਖ਼ਤਮ ਹੋ ਜਾਂਦੀ ਹੈ ਅਤੇ ਕੇਵਲ ਇੱਕ ਧਾਰਮਕ ਰਸਮ, ਜਾਂ, ਜੋ ਇਸ ਹਾਲਤ ਵਿੱਚ ਸਗਵਾਂ ਹੀ ਹੈ, ਜਾਦੂਗਰੀ ਵਜੋਂ ਬਾਕੀ ਰਹਿ ਜਾਂਦੀ ਹੈ।

3. **ਉੱਪਰਲਾ ਪੜਾਅ।** ਇਹਦਾ ਮੁੱਢ ਖਣਿਜ ਲੋਹਾ ਗਾਲਣ ਨਾਲ਼ ਹੁੰਦਾ ਹੈ ਅਤੇ ਵਰਣਮਾਲਕ ਲਿਖਤ ਅਤੇ ਸਾਹਿਤਕ ਲਿਖਤਾਂ ਲਈ ਇਸ ਲਿਖਤ ਦੀ ਵਰਤੋਂ ਰਾਹੀਂ ਸਭਿਅਤਾ ਵਿੱਚ ਚਲਾ ਜਾਂਦਾ ਹੈ। ਇਸ ਪੜਾਅ ਉੱਤੇ, ਜਿਹੜਾ, ਜਿਹਾ ਕਿ ਅਸੀਂ ਪਹਿਲਾਂ

ਵੇਖ ਚੁੱਕੇ ਹਾਂ, ਕੇਵਲ ਪੂਰਬੀ ਅਰਧ-ਗੋਲੇ ਵਿੱਚ ਹੀ ਸੁਤੰਤਰ ਰੂਪ ਵਿੱਚ ਪੂਰਾ ਕੀਤਾ ਗਿਆ, ਉਤਪਾਦਨ ਵਿੱਚ ਉਸ ਉੱਨਤੀ ਨਾਲ਼ੋਂ ਵੱਧ ਉੱਨਤੀ ਕੀਤੀ ਗਈ ਜਿੰਨੀ ਪਿਛਲੇ ਕੁਲ ਪੜਾਆਂ ਵਿੱਚ ਮਿਲਾ ਕੇ ਕੀਤੀ ਗਈ ਸੀ. ਸੂਰਮਾ ਯੁੱਗ ਦੇ ਯੂਨਾਨੀ, ਰੋਮ ਦੀ ਨੀਂਹ ਰੱਖੇ ਜਾਣ ਤੋਂ ਪਹਿਲਾਂ ਇਟਲੀ ਦੇ ਕਬੀਲੇ, ਟੈਟਸਿਟਸ ਦੇ ਜਰਮਨਾਂ ਅਤੇ ਵਾਈਕਿੰਗਾਂ[7] ਦੇ ਸਮੇਂ ਦੇ ਨਾਰਮਨ ਇਸੇ ਸਮੇਂ ਦੇ ਹਨ।

ਸਭ ਤੋਂ ਵੱਧ ਸਾਨੂੰ ਪਹਿਲੀ ਵਾਰ ਹਲ਼ ਲਈ ਲੋਹੇ ਦਾ ਫਾਲਾ ਦਿਸਦਾ ਹੈ, ਜਿਸਨੂੰ ਪਸ਼ੂ ਖਿੱਚਦੇ ਸਨ ਜਿਸਨੇ ਵਿਸ਼ਾਲ ਪੱਧਰ ਉੱਤੇ **ਖੇਤੀ-ਵਾਹੀ** ਸੰਭਵ ਬਣਾਈ ਅਤੇ ਉਸ ਸਮੇਂ ਪ੍ਰਚਲਤ ਪ੍ਰਸਥਿਤੀਆਂ ਵਿੱਚ ਉਪਜੀਵਕਾ ਦੇ ਸਾਧਨਾਂ ਵਿੱਚ ਲਗ ਭਗ ਅਸੀਮ ਵਾਧਾ ਕੀਤਾ; ਇਸ ਸਬੰਧ ਵਿੱਚ ਅਸੀਂ ਜੰਗਲ ਸਾਫ਼ ਕੀਤੇ ਜਾਣਾ ਅਤੇ ਉਹਨਾਂ ਦਾ ਖੇਤੀ ਵਾਲ਼ੀ ਅਤੇ ਚਰਾਂਦੀ ਭੋਂ ਵਿੱਚ ਤਬਦੀਲ ਹੋਣਾ ਵੇਖਦੇ ਹਾਂ—ਜਿਹੜਾ ਆਪਣੀ ਵਾਰੀ ਲੋਹੇ ਦੀ ਕੁਹਾੜੀ ਅਤੇ ਕਹੀ ਤੋਂ ਬਿਨਾਂ ਵਿਸ਼ਾਲ ਪੱਧਰ ਉੱਤੇ ਅਸੰਭਵ ਹੁੰਦਾ। ਪਰ ਇਹਦੇ ਨਾਲ਼ ਹੀ ਨਾਲ਼ ਵਸੋਂ ਵਿੱਚ ਤੇਜ਼ ਵਾਧਾ ਆਇਆ ਅਤੇ ਛੋਟੇ ਇਲਾਕਿਆਂ ਵਿੱਚ ਘਣੀ ਆਬਾਦੀ। ਵਾਹੀ ਤੋਂ ਪਹਿਲਾਂ ਕੇਵਲ ਅਸਾਧਾਰਨ ਪ੍ਰਸਥਿਤੀਆਂ ਹੀ ਇੱਕ ਕੇਂਦਰੀ ਅਗਵਾਈ ਹੇਠ ਪੰਜ ਲੱਖ ਲੋਕਾਂ ਨੂੰ ਇਕੱਠਾ ਕਰ ਸਕਦੀਆਂ ਸਨ; ਵਧੇਰੇ ਸੰਭਾਵਨਾ ਇਹ ਹੈ ਕਿ ਅਜਿਹਾ ਕਦੀ ਨਾ ਹੁੰਦਾ।

ਹੋਮਰ ਦੀਆਂ ਕਵਿਤਾਵਾਂ, ਵਿਸ਼ੇਸ਼ ਤੌਰ 'ਤੇ "ਇਲੀਅਡ" ਵਿੱਚ, ਅਸੀਂ ਜਹਾਲਤ ਦੇ ਯੁੱਗ ਦੇ ਇਸ ਪੜਾਅ ਨੂੰ ਇਹਦੀ ਸਿਖਰ 'ਤੇ ਵੇਖਦੇ ਹਾਂ। ਲੋਹੇ ਦੇ ਚੰਗੇਰੇ ਸੰਦ, ਧੌਂਕਣੀ, ਹੱਥ ਚੱਕੀ, ਘੁਮਿਆਰ ਦਾ ਚੱਕ, ਤੇਲ ਅਤੇ ਅੰਗੂਰੀ ਸ਼ਰਾਬ ਤਿਆਰ ਕਰਨਾ, ਧਾਤਾਂ ਦੇ ਕੰਮ ਦਾ ਇੱਕ ਕਲਾ ਵਿੱਚ ਤਬਦੀਲ ਹੋ ਜਾਣਾ, ਗੱਡੇ ਅਤੇ ਜੰਗੀ ਰੱਥ, ਤਖ਼ਤਿਆਂ ਅਤੇ ਸ਼ਤੀਰਾਂ ਦੇ ਜਹਾਜ਼ ਬਣਾਉਣਾ, ਇੱਕ ਕਲਾ ਦੇ ਤੌਰ 'ਤੇ ਭਵਨ-ਕਲਾ ਦਾ ਆਰੰਭ, ਬੁਰਜਾਂ ਅਤੇ ਮੋਰਚੇਦਾਰ ਕੰਧਾਂ ਵਾਲ਼ੇ ਸ਼ਹਿਰ, ਹੋਮਰ ਦੇ ਮਹਾਂ-ਕਾਵ ਅਤੇ ਸਮੁੱਚਾ ਮਿਥਿਹਾਸ—ਯੂਨਾਨੀ ਜਹਾਲਤ ਤੋਂ ਸਭਿਅਤਾ ਵੱਲ ਆਪਣੀ ਤਬਦੀਲੀ ਵਿੱਚ ਇਹ ਮੁੱਖ ਵਿਰਸੇ ਲੈ ਕੇ ਆਏ। ਜੇ ਅਸੀਂ ਸੀਜ਼ਰ ਦੇ ਜਾਂ ਇੱਥੋਂ ਤੱਕ ਕਿ ਟੈਟਸਿਟਸ ਦੇ ਵੀ ਜਰਮਨਾਂ ਸਬੰਧੀ ਵਰਣਨ ਪੜ੍ਹੀਏ, ਜਿਹੜੇ ਉਸ ਸਮੇਂ ਸਭਿਆਚਾਰ ਦੇ ਉਸ ਪੜਾਅ ਦੀਆਂ ਬਰੂਹਾਂ ਉੱਤੇ ਸਨ, ਜਿਸ ਤੋਂ ਹੋਮਰ ਦੇ ਸਮੇਂ ਦੇ ਯੂਨਾਨੀ ਅੱਗੇ ਵਧਣ ਦੀ ਤਿਆਰੀ ਕਰ ਰਹੇ ਸਨ, ਤਾਂ ਅਸੀਂ ਵੇਖਾਂਗੇ ਕਿ ਜਹਾਲਤ ਦੇ ਉਪਰਲੇ ਪੜਾਅ ਵਿੱਚ ਉਤਪਾਦਨ ਦਾ ਵਿਕਾਸ ਕਿੰਨੀ ਤੇਜ਼ੀ ਨਾਲ਼ ਹੋਇਆ।

ਮੈਂ ਮਨੁੱਖਜਾਤੀ ਦੇ ਵਹਿਸ਼ਤ ਅਤੇ ਜਹਾਲਤ ਤੋਂ ਸਭਿਅਤਾ ਦੇ ਮੁੱਢ ਤੱਕ ਦਾ ਜਿਹੜਾ ਚਿੱਤਰ ਮਾਰਗਨ ਅਨੁਸਾਰ ਖਿੱਚਿਆ ਹੈ, ਹੁਣ ਹੀ ਇਹ ਨਵੇਂ ਅਤੇ, ਇਸ ਤੋਂ ਵੱਧ, ਅਵਿਵਾਦੀ ਲੱਛਣਾਂ ਨਾਲ਼ ਭਰਪੂਰ ਹੈ, ਅਵਿਵਾਦੀ ਕਿਉਂਕਿ ਉਹ ਸਿੱਧੇ ਉਤਪਾਦਨ ਵਿੱਚੋਂ ਲਏ ਗਏ ਹਨ; ਪਰ ਇਹਦੇ ਬਾਵਜੂਦ, ਇਹ ਉਸ ਚਿੱਤਰ ਨਾਲ਼ੋਂ ਧੁੰਦਲਾ ਅਤੇ ਨਿਗੂਣਾ ਜਾਪੇਗਾ, ਜਿਹੜਾ ਸਾਡੇ ਸਫ਼ਰ ਦੇ ਅੰਤ ਉੱਤੇ ਸਾਡੇ ਸਾਹਮਣੇ ਖੁੱਲ੍ਹੇਗਾ। ਉਦੋਂ ਹੀ ਜਹਾਲਤ ਤੋਂ ਸਭਿਅਤਾ ਵੱਲ ਤਬਦੀਲੀ ਦਾ ਪੂਰਾ ਦ੍ਰਿਸ਼ ਪੇਸ਼ ਕਰਨਾ ਅਤੇ ਦੋਹਾਂ ਵਿਚਕਾਰ ਪ੍ਰਤੱਖ

ਫ਼ਰਕ ਸਪਸ਼ਟ ਕਰਨਾ ਸੰਭਵ ਹੋਵੇਗਾ। ਇਚਰ ਅਸੀਂ ਮਾਰਗਨ ਦੇ ਯੁੱਗੀਕਰਨ ਹੇਠ ਲਿਖੇ ਅਨੁਸਾਰ ਆਮਿਆ ਸਕਦੇ ਹਾਂ: ਵਹਿਸ਼ਤ—ਉਹ ਸਮਾਂ ਜਿਸ ਵਿੱਚ ਵਰਤੋਂ ਲਈ ਤਿਆਰ ਕੁਦਰਤੀ ਵਸਤਾਂ ਹੜੱਪ ਲੈਣਾ ਭਾਰੂ ਸੀ; ਮਨੁੱਖ ਵੱਲੋਂ ਪੈਦਾ ਕੀਤੀਆਂ ਵਸਤਾਂ, ਮੁੱਖ ਤੌਰ ’ਤੇ ਉਹ ਸੰਦ ਸਨ, ਜਿਹੜੇ ਇਸ ਹੜੱਪਣ ਨੂੰ ਸੌਖੇਰਾ ਬਣਾਉਂਦੇ। ਜਹਾਲਤ—ਉਹ ਸਮਾਂ ਜਿਸ ਵਿੱਚ ਪਸ਼ੂ—ਪਾਲਣ ਅਤੇ ਖੇਤੀ ਦਾ ਗਿਆਨ ਪ੍ਰਾਪਤ ਕੀਤਾ ਗਿਆ, ਜਿਸ ਵਿੱਚ ਮਨੁੱਖੀ ਸਰਗਰਮੀ ਰਾਹੀਂ ਕੁਦਰਤ ਦੀ ਉਪਜ ਦਾ ਉਤਪਾਦਨ ਵਧਾਉਣ ਦੇ ਢੰਗ ਤਰੀਕੇ ਸਿੱਖੇ ਗਏ। ਸਭਿਅਤਾ—ਉਹ ਸਮਾਂ ਜਿਸ ਵਿੱਚ ਕੁਦਰਤੀ ਉਪਜਾਂ ਨੂੰ ਹੋਰ ਬਦਲਣਾ, ਖ਼ੁਦ ਸਨਅਤ ਅਤੇ ਕਲਾ ਪ੍ਰਾਪਤ ਕੀਤੇ ਗਏ।

## II

## 2. ਟੱਬਰ

ਮਾਰਗਨ ਨੇ, ਜਿਸਨੇ ਆਪਣੀ ਉਮਰ ਦਾ ਵਧੇਰੇ ਹਿੱਸਾ ਇਰਾਕੁਈਆਂ ਵਿਚਕਾਰ ਬਿਤਾਇਆ—ਉਹ ਅਜੇ ਤੱਕ ਨਿਊਯਾਰਕ ਰਾਜ ਵਿੱਚ ਰਹਿੰਦੇ ਹਨ—ਅਤੇ ਜਿਸਨੂੰ ਉਹਨਾਂ ਦੇ ਕਬੀਲਿਆਂ ਵਿੱਚੋਂ ਇੱਕ (ਸੈਨੇਕਾ) ਨੇ ਆਪਣੇ ਵਿੱਚ ਸ਼ਾਮਲ ਕਰ ਲਿਆ, ਉਹਨਾਂ ਵਿੱਚ ਸਗੋਤਰਤਾ ਦੀ ਇੱਕ ਅਜਿਹੀ ਪ੍ਰਣਾਲੀ ਪ੍ਰਚਲਤ ਵੇਖੀ ਜਿਹੜੀ ਉਹਨਾਂ ਦੇ ਯਥਾਰਥਕ ਪਰਿਵਾਰਕ ਰਿਸ਼ਤਿਆਂ ਦੇ ਉਲਟ ਜਾਂਦੀ ਸੀ। ਇਕੱਲੇ ਇਕੱਲੇ ਜੋੜਿਆਂ ਵਿੱਚ ਵਿਆਹ, ਜਿਹੜਾ ਕਿਸੇ ਵੀ ਧਿਰ ਵੱਲੋਂ ਸੌਖੇ ਹੀ ਤੋੜਿਆ ਜਾ ਸਕਦਾ ਸੀ ਅਤੇ ਜਿਸਨੂੰ ਮਾਰਗਨ ਨੇ “ਜੋੜੇ ਟੱਬਰ” ਕਿਹਾ, ਉਹਨਾਂ ਵਿਚਕਾਰ ਵਿਆਹ ਦਾ ਇੱਕੋ ਇੱਕ ਰੂਪ ਸੀ। ਇਉਂ ਵਿਆਹੇ ਜੋੜੇ ਦੀ ਔਲਾਦ ਦਾ ਪਤਾ ਸੀ ਅਤੇ ਸਭੇ ਉਹਨੂੰ ਪ੍ਰਵਾਨ ਕਰਦੇ ਅਤੇ ਜਿਸ ਕਿਸੇ ਨੂੰ ਪਿਉ, ਮਾਂ, ਪੁੱਤਰ, ਧੀ, ਭਰਾ, ਭੈਣ, ਦਾ ਨਾਂ ਦਿੱਤਾ ਜਾਂਦਾ ਸੀ ਉਸ ਸਬੰਧੀ ਕੋਈ ਸ਼ੱਕ ਨਹੀਂ ਸੀ ਹੋ ਸਕਦਾ। ਪਰ ਇਹਨਾਂ ਨਾਵਾਂ ਦੀ ਅਸਲੀ ਵਰਤੋਂ ਇਹਦੇ ਉਲਟ ਸੀ। ਇਰਾਕੁਈ ਕੇਵਲ ਆਪਣੇ ਬੱਚਿਆਂ ਨੂੰ ਹੀ ਪੁੱਤਰ, ਧੀਆਂ ਨਹੀਂ ਸੀ ਕਹਿੰਦਾ ਸਗੋਂ ਆਪਣੇ ਭਰਾਵਾਂ ਦੇ ਬੱਚਿਆਂ ਨੂੰ ਵੀ ਇਹੋ ਕੁੱਝ ਕਹਿੰਦਾ ਹੈ ਅਤੇ ਉਹ ਉਹਨੂੰ ਪਿਤਾ ਕਹਿੰਦੇ ਹਨ। ਦੂਜੇ ਹੱਥ, ਉਹ ਆਪਣੀ ਭੈਣ ਦੇ ਬੱਚਿਆਂ ਨੂੰ ਭਣੇਵੇਂ ਅਤੇ ਭਣੇਵੀਆਂ ਕਹਿੰਦਾ ਹੈ ਅਤੇ ਉਹ ਉਹਨੂੰ ਮਾਮਾ ਕਹਿੰਦੇ ਹਨ। ਇਹਦੇ ਉਲਟ ਇਰਾਕੁਈ ਇਸਤਰੀ ਆਪਣੀਆਂ ਭੈਣਾਂ ਦੇ ਬੱਚਿਆਂ ਨੂੰ ਆਪਣੇ ਬੱਚਿਆਂ ਦੇ ਨਾਲ਼ ਹੀ ਪੁੱਤਰ ਅਤੇ ਧੀਆਂ ਕਹਿੰਦੀ ਹੈ ਅਤੇ ਉਹ ਉਹਨੂੰ ਮਾਂ ਕਹਿੰਦੇ ਹਨ। ਦੂਜੇ ਹੱਥ ਉਹ ਆਪਣੇ ਭਰਾਵਾਂ ਦੇ ਬੱਚਿਆਂ ਨੂੰ ਭਤੀਜੇ ਅਤੇ ਭਤੀਜੀਆਂ ਕਹਿੰਦੀ ਹੈ ਅਤੇ ਉਹ ਉਹਨੂੰ ਭੂਆ ਕਹਿੰਦੇ ਹਨ। ਇਸੇ ਤਰ੍ਹਾਂ ਭਰਾਵਾਂ ਦੇ ਬੱਚੇ ਇੱਕ ਦੂਜੇ ਨੂੰ ਭੈਣ ਅਤੇ ਭਰਾ ਕਹਿੰਦੇ ਹਨ ਅਤੇ ਭੈਣਾਂ ਦੇ ਬੱਚੇ ਵੀ ਇਸੇ ਤਰ੍ਹਾਂ ਕਰਦੇ ਹਨ। ਇਹਦੇ ਉਲਟ ਇੱਕ ਇਸਤਰੀ ਅਤੇ ਉਹਦੇ ਭਰਾ ਦੇ ਬੱਚੇ ਇੱਕ ਦੂਜੇ ਨੂੰ ਰਿਸ਼ਤੇ ਦੇ ਭੈਣ ਭਰਾ ਕਹਿੰਦੇ ਹਨ ਅਤੇ ਇਹ ਕੋਈ ਫੋਕੀਆਂ ਇਸਤਲਾਹਾਂ ਨਹੀਂ, ਸਗੋਂ ਨੇੜਤਾ ਅਤੇ ਰਿਸ਼ਤੇਦਾਰੀ, ਖ਼ੂਨ ਦੇ ਰਿਸ਼ਤੇ ਦੀ ਬਰਾਬਰੀ ਅਤੇ ਨਾਬਰਾਬਰੀ ਸਬੰਧੀ ਯਥਾਰਥ ਵਿੱਚ ਪ੍ਰਚਲਤ ਵਿਚਾਰਾਂ ਦਾ ਪ੍ਰਗਟਾਅ ਹਨ; ਅਤੇ ਇਹ ਵਿਚਾਰ ਸਗੋਤਰਤਾ ਦੀ ਪੂਰੀ ਤਰ੍ਹਾਂ ਤਿਆਰ ਕੀਤੀ ਪ੍ਰਣਾਲਈ ਦੇ ਆਧਾਰ ਦਾ ਕੰਮ ਦੇਂਦੇ

ਹਨ, ਜਿਹੜੀ ਇੱਕੋ ਇੱਕ ਵਿਅਕਤੀ ਸਬੰਧੀ ਲੱਗ ਭੱਗ ਸੌ ਵੱਖ ਵੱਖ ਰਿਸ਼ਤਿਆਂ ਦੇ ਪ੍ਰਗਟਾਅ ਦਾ ਆਧਾਰ ਬਣਦੇ ਹਨ। ਨਾਲ਼ੇ, ਇਹ ਪ੍ਰਣਾਲੀ ਕੇਵਲ ਪੂਰੀ ਸ਼ਕਤੀ ਨਾਲ਼ ਸਭਨਾਂ ਅਮਰੀਕੀ ਇੰਡੀਅਨਾਂ ਵਿੱਚ ਹੀ ਪ੍ਰਚਲਤ ਨਹੀਂ (ਅਜੇ ਤੱਕ ਇਸ ਤੋਂ ਕੋਈ ਛੋਟਾਂ ਨਹੀਂ ਲੱਭੀਆਂ ਗਈਆਂ) ਸਗੋ ਇਹ ਲਗਭਗ ਬਿਨਾਂ ਕਿਸੇ ਤਬਦੀਲੀ ਦੇ ਹਿੰਦ ਦੇ ਆਦਿ-ਵਾਸੀਆਂ, ਦੱਖਣ ਦੇ ਦਰਾਵੜ ਕਬੀਲਿਆਂ ਵਿੱਚ ਅਤੇ ਹਿੰਦੁਸਤਾਨ ਦੇ ਗੌਂਡ ਕਬੀਲਿਆਂ ਵਿੱਚ ਪ੍ਰਚਲਤ ਹੈ। ਦੱਖਣੀ ਹਿੰਦ ਦੇ ਤਾਮਿਲਾਂ ਅਤੇ ਨਿਊਯਾਰਕ ਰਾਜ ਦੇ ਸੈਨੇਕਾ ਇਰਾਕੁਈਆਂ ਵਿਚਕਾਰ ਦੋ ਸੌ ਤੋਂ ਵੱਖ ਵੱਖ ਰਿਸ਼ਤੇਦਾਰੀਆਂ ਲਈ ਅੱਜ ਵੀ ਪ੍ਰਚਲਤ ਇਸਤਲਾਹਾਂ ਸਗਵੀਆਂ ਹਨ ਅਤੇ ਹਿੰਦ ਦੇ ਇਹਨਾਂ ਕਬੀਲਿਆਂ ਵਿੱਚ ਵੀ , ਕੁੱਲ ਅਮਰੀਕੀ ਇੰਡੀਅਨਾਂ ਵਾਂਗ, ਟੱਬਰ ਦੀ ਪ੍ਰਚਲਤ ਪ੍ਰਣਾਲੀ ਤੋਂ ਪੈਦਾ ਹੋਈਆਂ ਇਸਤਲਾਹਾਂ ਸਗੋਤਰਤਾ ਦੀ ਪ੍ਰਣਾਲੀ ਦੇ ਵਿਰੋਧ ਵਿੱਚ ਖੜੀਆਂ ਹਨ।

ਇਸ ਗੱਲ ਦੀ ਵਿਆਖਿਆ ਕਿਵੇਂ ਕੀਤੀ ਜਾਵੇ ? ਵਹਿਸ਼ਤ ਅਤੇ ਜਹਾਲਤ ਦੇ ਪੜਾਵਾਂ ਉੱਤੇ ਇਹਨਾਂ ਲੋਕਾਂ ਦੇ ਸਮਾਜੀ ਪ੍ਰਬੰਧ ਵਿੱਚ ਸਾਕੇਦਾਰੀ ਜਿਹੜਾ ਨਿਰਣਾਇਕ ਰੋਲ਼ ਅਦਾ ਕਰਦੀ ਹੈ, ਉਹਨੂੰ ਮੁੱਖ ਰੱਖਦੇ ਹੋਏ ਇੰਨੀਂ ਵਿਸ਼ਾਲ ਪੱਧਰ ਉੱਤੇ ਫੈਲੀ ਪ੍ਰਣਾਲੀ ਕੇਵਲ ਵਾਕੰਸ਼ਾਂ ਰਾਹੀਂ ਹੀ ਆਈ ਗਈ ਨਹੀਂ ਕੀਤੀ ਜਾ ਸਕਦੀ। ਇੱਕ ਅਜਿਹੀ ਪ੍ਰਣਾਲੀ ਦੀ, ਜਿਹੜੀ ਸਮੁੱਚੇ ਅਮਰੀਕਾ ਵਿੱਚ ਆਮ ਤੌਰ 'ਤੇ ਪ੍ਰਚਲਤ ਹੈ ਅਤੇ ਜਿਹੜੀ ਉਸੇ ਤਰ੍ਹਾਂ ਏਸ਼ੀਆ ਵਿੱਚ ਇੱਕ ਉੱਕਾ ਹੀ ਵੱਖਰੀ ਨਸਲ ਦੇ ਲੋਕਾਂ ਵਿੱਚ ਵੀ ਮੌਜੂਦ ਹੈ ਅਤੇ ਜਿਹੜੀ ਕੁੱਝ ਕੁ ਤਬਦੀਲ ਹੋਏ ਰੂਪਾਂ ਵਿੱਚ ਅਫ਼ਰੀਕਾ ਅਤੇ ਆਸਟ੍ਰੇਲੀਆ ਵਿੱਚ ਹਰ ਥਾਂ ਫੈਲੀ ਹੋਈ ਹੈ, ਇਤਿਹਾਸਕ ਤੌਰ 'ਤੇ ਵਿਆਖਿਆ ਕਰਨ ਦੀ ਲੋੜ ਹੈ; ਇਹਨੂੰ ਉਸ ਤਰ੍ਹਾਂ ਆਈ ਗਈ ਨਹੀਂ ਕੀਤਾ ਜਾ ਸਕਦਾ, ਜਿਵੇਂ, ਮਿਸਾਲ ਵਜੋਂ, ਮੈਕਲੇਨਨ ਨੇ ਕਰਨ ਦਾ ਯਤਨ ਕੀਤਾ। ਪਿਉ, ਬੱਚਾ, ਭਰਾ ਅਤੇ ਭੈਣ ਕੇਵਲ ਸੰਬੋਧਨ ਦੇ ਪੂਰਕ ਰੂਪ ਨਾਂ ਹੀ ਨਹੀਂ, ਸਗੋਂ ਇਹਨਾਂ ਦੇ ਨਾਲ਼ ਬਿਲਕੁਲ ਮਿੱਥੀਆਂ ਅਤੇ ਅਤਿ-ਅੰਤ ਗੰਭੀਰ ਪ੍ਰਸਪਰ ਜ਼ਿਮੇਵਾਰੀਆਂ ਹਨ, ਜਿਨ੍ਹਾਂ ਦਾ ਸਮੂਹ ਇਹਨਾਂ ਲੋਕਾਂ ਦੀ ਸਮਾਜੀ ਬਣਤਰ ਦਾ ਇੱਕ ਜ਼ਰੂਰੀ ਹਿੱਸਾ ਹੈ ਅਤੇ ਵਿਆਖਿਆ ਲੱਭੀ ਜਾ ਸਕਦੀ ਹੈ। ਸੈਂਡਵਿਚ ਟਾਪੂਆਂ (ਹਵਾਈ) ਵਿੱਚ ਵਰਤਮਾਨ ਸਦੀ (ਉਨ੍ਹੀਵੀਂ ਸਦੀ **—ਅਨੁ**.) ਦੇ ਸ਼ੁਰੂ ਵਿੱਚ ਵੀ ਟੱਬਰ ਦਾ ਇੱਕ ਅਜਿਹਾ ਰੂਪ ਮਿਲਦਾ ਸੀ, ਜਿਸ ਵਿੱਚ ਅਜਿਹੇ ਹੀ ਪਿਉ ਅਤੇ ਮਾਵਾਂ, ਭਰਾ ਅਤੇ ਭੈਣਾਂ, ਪੁੱਤਰ ਅਤੇ ਧੀਆਂ, ਮਾਮੇ ਅਤੇ ਭੂਆ, ਭਤੀਜੇ ਭਤੀਜੀਆਂ ਅਤੇ ਭਣੇਵੇਂ ਭਣੇਵੀਆਂ ਮਿਲਦੇ ਸਨ, ਜਿਹੋ ਜਿਹਿਆਂ ਹੀ ਖ਼ੂਨ ਦੇ ਰਿਸ਼ਤੇ ਦਾ ਅਮਰੀਕੀ ਅਤੇ ਪ੍ਰਾਚੀਨ ਹਿੰਦੁਸਤਾਨੀ ਢੰਗ ਮੰਗ ਕਰਦਾ ਸੀ। ਪਰ ਇਹ ਅਜੀਬ ਗੱਲ ਹੈ ਕਿ ਹਵਾਈ ਵਿੱਚ ਸਗੋਤਰਤਾ ਦੀ ਜਿਹੜੀ ਪ੍ਰਣਾਲੀ ਪ੍ਰਚਲਤ ਸੀ ਉਹ ਉਥੇ ਮੌਜੂਦ ਟੱਬਰ ਦੇ ਯਥਾਰਥਕ ਰੂਪ ਨਾਲ਼ ਟੱਕਰ ਖਾਂਦੀ ਸੀ। ਉੱਥੇ ਸੱਭੇ ਪਹਿਲੀ ਥਾਵੇਂ ਰਿਸ਼ਤੇ ਦੇ ਭੈਣ ਭਰਾ ਕੇਵਲ ਉਹਨਾਂ ਦੀ ਮਾਂ ਅਤੇ ਉਹਦੀਆਂ ਭੈਣਾਂ ਜਾਂ ਉਹਨਾਂ ਦੇ ਪਿਉ ਅਤੇ ਉਹਨਾਂ ਦੇ ਭਰਾਵਾਂ ਦੀ ਸਾਂਝੀ ਔਲਾਦ ਵਜੋਂ ਹੀ ਨਹੀਂ ਸਗੋਂ ਬਿਨਾਂ ਕਿਸੇ ਵਿਤਕਰੇ ਦੇ ਆਪਣੇ ਮਾਂ ਪਿਉ ਦੇ ਸਭਨਾਂ ਭੈਣਾਂ ਅਤੇ ਭਰਾਵਾਂ ਦੀ ਔਲਾਦ ਵਜੋਂ ਭੈਣਾਂ ਅਤੇ ਭਰਾ ਸਮਝੇ ਜਾਂਦੇ ਹਨ। ਸੋ, ਜੇ

ਸਗੋਤਰਤਾ ਦੀ ਅਮਰੀਕੀ ਪ੍ਰਣਾਲੀ ਟੱਬਰ ਦੇ ਇੱਕ ਹੋਰ ਵਧੇਰੇ ਆਦਿ-ਕਾਲੀਨ ਰੂਪ ਦੀ ਮੰਗ ਕਰਦੀ ਹੈ, ਜਿਹੜਾ ਖ਼ੁਦ ਅਮਰੀਕਾ ਵਿੱਚ ਵਿਦਮਾਨ ਨਹੀਂ ਸੀ ਪਰ ਜਿਹੜਾ ਅਜੇ ਤੱਕ ਹਵਾਈ ਵਿੱਚ ਸੱਚ ਮੁੱਚ ਮਿਲਦਾ ਸੀ, ਹਵਾਈ ਦੀ ਸਗੋਤਰਤਾ ਪ੍ਰਣਾਲੀ ਟੱਬਰ ਦੇ ਇੱਕ ਹੋਰ ਵੀ ਆਦਿ-ਕਾਲੀਨ ਰੂਪ ਦੀ ਮੰਗ ਕਰਦੀ ਹੈ, ਜਿਸਦੀ ਅੱਜ ਕਿਸੇ ਥਾਂ ਵੀ ਹੋਂਦ ਸਾਬਤ ਕਰਨਾ ਅਸੰਭਵ ਹੈ ਪਰ ਜਿਹੜਾ ਇਸਦੇ ਬਾਵਜੂਦ **ਜ਼ਰੂਰ ਹੀ** ਹੋਂਦ ਵਿੱਚ ਰਿਹਾ ਹੋਣਾ ਹੈ ਕਿਉਂਕਿ ਇਸ ਤੋਂ ਬਿਨਾਂ ਇਹਦੀ ਅਨੁਸਾਰੀ ਸਗੋਤਰਤਾ ਦੀ ਪ੍ਰਣਾਲੀ ਹੋਂਦ ਵਿੱਚ ਨਹੀਂ ਸੀ ਆ ਸਕਦੀ। ਮਾਰਗਨ ਕਹਿੰਦਾ ਹੈ:

> "ਟੱਬਰ, ਇੱਕ ਸਰਗਰਮ ਅਮਲ ਦੀ ਪ੍ਰਤਿਨਿੱਧਤਾ ਕਰਦਾ ਹੈ। ਇਹ ਕਦੀ ਅਹਿਲ ਨਹੀਂ ਰਹਿੰਦਾ ਸਗੋਂ ਜਿਉਂ ਜਿਉਂ ਸਮਾਜ ਨੀਵੀਂ ਤੋਂ ਉਚੇਰੀ ਪ੍ਰਸਥਿਤੀ ਵੱਲ ਉੱਨਤੀ ਕਰਦਾ ਹੈ, ਇਹ ਨੀਵੇਂ ਤੋਂ ਉਚੇਰੇ ਰੂਪ ਵੱਲ ਵਧਦਾ ਹੈ। ਇਹਦੇ ਉਲਟ ਸਗੋਤਰਤਾ ਦੇ ਰੂਪ ਸਿਥਲ ਹੁੰਦੇ ਹਨ, ਜਿਹੜੇ ਟੱਬਰ ਵੱਲੋਂ ਕੀਤੀ ਉਨਤੀ ਨੂੰ ਬਹੁਤ ਲੰਮੇ ਸਮੇਂ ਉੱਤੇ ਖਿਲਰੇ ਵਕਫ਼ਿਆਂ ਤੋਂ ਪਿੱਛੋਂ ਅੰਕਤ ਕਰਦੇ ਹਨ ਅਤੇ ਉਹਨਾਂ ਵਿੱਚ ਬੁਨਿਆਦੀ ਤਬਦੀਲੀ ਉਦੋਂ ਹੀ ਆਉਂਦੀ ਹੈ ਜਦੋਂ ਟੱਬਰ ਦੇ ਰੂਪ ਵਿੱਚ ਬੁਨਿਆਦੀ ਤਬਦੀਲੀ ਆ ਚੁੱਕੀ ਹੁੰਦੀ ਹੈ।"*

ਅਤੇ ਮਾਰਕਸ ਇਸ ਵਿੱਚ ਵਾਧਾ ਕਰਦੇ ਹਨ, "ਅਤੇ ਇਹੋ ਗੱਲ ਰਾਜਸੀ, ਕਾਨੂੰਨੀ, ਧਾਰਮਿਕ ਅਤੇ ਦਾਰਸ਼ਨਿਕ ਪ੍ਰਣਾਲੀਆਂ ਉੱਤੇ ਆਮ ਤੌਰ 'ਤੇ ਲਾਗੂ ਹੁੰਦੀ ਹੈ।" ਜਿਥੇ ਟੱਬਰ ਜਿਊਂਦਾ ਰਹਿੰਦਾ ਹੈ ਉਥੇ ਸਗੋਤਰਤਾ ਦੀ ਪ੍ਰਣਾਲੀ ਪੱਥਰਾ ਜਾਂਦੀ ਹੈ ਅਤੇ ਜਿੱਥੇ ਇਹ ਰਿਵਾਜੀ ਰੂਪ ਵਿੱਚ ਕਾਇਮ ਰਹਿੰਦੀ ਹੈ, ਟੱਬਰ ਇਸ ਤੋਂ ਅੱਗੇ ਲੰਘ ਜਾਂਦਾ ਹੈ। ਪਰ ਐਨ ਉਸੇ ਤਰ੍ਹਾਂ ਜਿਵੇਂ ਕੁਵਿਯੇ ਪੈਰਿਸ ਦੇ ਨੇੜੇ ਲੱਭੇ ਇੱਕ ਜਾਨਵਰ ਦੇ ਪਿੰਜਰ ਦੀਆਂ ਥੈਲੀ ਦੀਆਂ ਹੱਡੀਆਂ ਤੋਂ ਨਿਸ਼ਚੇ ਨਾਲ਼ ਇਹ **ਸਿੱਟਾ** ਕੱਢ ਸਕਿਆ ਕਿ ਇਹ ਇਸ ਥੈਲੀਦਾਰ ਜਾਨਵਰ ਦੀਆਂ ਸਨ ਅਤੇ ਹੁਣ ਖ਼ਤਮ ਹੋ ਚੁੱਕੇ ਥੈਲੀਦਾਰ ਜਾਨਵਰ ਕਦੀ ਉੱਥੇ ਰਹਿੰਦੇ ਸਨ, ਸੋ ਅਸੀਂ, ਉਸੇ ਹੀ ਨਿਸ਼ਚਿਤਤਾ ਨਾਲ਼ ਸਗੋਤਰਤਾ ਦੀ ਇਤਿਹਾਸਕ ਤੌਰ 'ਤੇ ਸਾਡੇ ਤੱਕ ਅੱਪੜੀ ਪ੍ਰਣਾਲੀ ਤੋਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਇੱਕ ਸਮੇਂ ਇਹਦੇ ਅਨੁਸਾਰੀ ਟੱਬਰ ਦੇ ਰੂਪ ਦੀ ਹੋਂਦ ਸੀ।

ਸਗੋਤਰਤਾ ਅਤੇ ਟੱਬਰ ਦੇ ਜਿਨ੍ਹਾਂ ਰੂਪਾਂ ਦਾ ਹੁਣੇ ਹੁਣੇ ਜ਼ਿਕਰ ਕੀਤਾ ਗਿਆ ਹੈ ਉਹ ਅਜੋਕੀ ਪ੍ਰਣਾਲੀ ਤੋਂ ਇਸ ਗੱਲੋਂ ਵੱਖਰੇ ਹਨ ਕਿ ਹਰ ਬੱਚੇ ਦੇ ਕਈ ਪਿਉ ਅਤੇ ਮਾਵਾਂ ਹੁੰਦੀਆਂ ਸਨ। ਸਗੋਤਰਤਾ ਦੀ ਅਮਰੀਕੀ ਪ੍ਰਣਾਲੀ ਅਨੁਸਾਰ, ਹਵਾਈ ਦਾ ਟੱਬਰ ਜਿਸਦਾ ਅਨੁਸਾਰੀ ਹੈ, ਭੈਣ ਅਤੇ ਭਰਾ ਇੱਕੋ ਅਤੇ ਉਸੇ ਬੱਚੇ ਦੇ ਮਾਂ ਪਿਉ ਨਹੀਂ ਹੋ ਸਕਦੇ; ਇਹਦੇ ਉਲਟ ਹਵਾਈ ਦੀ ਸਗੋਤਰਤਾ ਦੀ ਪ੍ਰਣਾਲੀ ਪਹਿਲਾਂ ਹੀ ਇੱਕ ਅਜਿਹੇ ਟੱਬਰ ਦੀ ਹੋਂਦ ਮੰਨ

---

* Morgan L. H., ìAncient Societyî. (ਲ. ਗ. ਮਾਰਗਨ, "ਆਦਿ-ਕਾਲੀਨ ਸਮਾਜ")। London, 1877, p. 435.—**ਸੰਪਾ.**

ਲੈਂਦੀ ਹੈ ਜਿਸ ਵਿੱਚ ਇਹੋ ਰਿਵਾਜ ਸੀ। ਟੱਬਰ ਦੇ ਰੂਪਾਂ ਦੀ ਇੱਕ ਲੜੀ ਸਾਡੇ ਸਾਹਮਣੇ ਆਉਂਦੀ ਹੈ ਜਿਹੜੀ ਉਹਨਾਂ ਰੂਪਾਂ ਦੇ ਸਿੱਧੀ ਉਲਟ ਹੈ ਜਿਨ੍ਹਾਂ ਨੂੰ ਇੱਕੋ ਇੱਕ ਪ੍ਰਚਲਤ ਰੂਪ ਸਮਝਿਆ ਜਾਂਦਾ ਸੀ। ਰਵਾਇਤੀ ਸੰਕਲਪ ਕੇਵਲ ਇੱਕ-ਪਤੀ ਇੱਕ-ਪਤਨੀ ਰੂਪ ਨੂੰ ਜਾਣਦਾ ਹੈ, ਜਿਸ ਦੇ ਨਾਲ਼ ਹੀ ਨਾਲ਼ ਵਿਕੋਲਤ੍ਰੇ ਮਰਦਾਂ ਵੱਲੋਂ ਬਹੁ-ਪਤਨੀ ਐਨ ਸੰਭਵ ਹੈ ਅਤੇ ਵਿਕੋਲਤ੍ਰੀਆਂ ਇਸਤਰੀਆਂ ਵੱਲੋਂ ਬਹੁ-ਕੰਤੀ ਢੰਗਾਂ ਉੱਤੇ ਅਮਲ ਕੀਤਾ ਜਾਂਦਾ ਹੈ ਅਤੇ-ਜਿਹਾ ਕਿ ਉਪਦੇਸ਼ ਕਰਨ ਵਾਲ਼ੇ ਖ਼ੂਹ ਦੇ ਡੱਡੂਆਂ ਦਾ ਵਤੀਰਾ ਹੁੰਦਾ ਹੈ—ਇਸ ਤੱਥ ਨੂੰ ਲੁਕਾ ਦਿੱਤਾ ਜਾਂਦਾ ਹੈ ਕਿ ਅਮਲ ਵਿੱਚ ਸਰਕਾਰੀ ਸਮਾਜ ਵੱਲੋਂ ਮਿੱਥੀਆਂ ਇਹਨਾਂ ਹੱਦਾਂ ਦੀ ਚੁਪ ਚਾਪ ਪਰ ਬਿਨਾਂ ਸ਼ਰਮ ਉਲੰਘਣਾ ਕੀਤੀ ਜਾਂਦੀ ਹੈ। ਇਹਦੇ ਉਲਟ ਆਦਿ-ਕਾਲੀਨ ਸਮਾਜ ਦੇ ਇਤਿਹਾਸ ਦਾ ਅਧਿਐਨ ਸਾਡੇ ਸਾਹਮਣੇ ਅਜਿਹੀਆਂ ਪ੍ਰਸਥਿਤੀਆਂ ਪ੍ਰਗਟ ਕਰਦਾ ਹੈ ਜਿਨ੍ਹਾਂ ਵਿੱਚ ਮਰਦ ਬਹੁ-ਪਤਨੀ ਪ੍ਰਥਾ ਅਨੁਸਾਰ ਰਹਿੰਦੇ ਹਨ ਅਤੇ ਉਹਨਾਂ ਦੀਆਂ ਪਤਨੀਆਂ ਉਸੇ ਸਮੇਂ ਬਹੁ-ਕੰਤੀ ਪ੍ਰਥਾ ਅਨੁਸਾਰ ਰਹਿੰਦੀਆਂ ਹਨ, ਇਸੇ ਲਈ, ਸਾਂਝੇ ਬੱਚੇ ਉਹਨਾਂ ਸਭਨਾਂ ਦੇ ਸਾਂਝੇ ਗਿਣੇ ਜਾਂਦੇ ਹਨ; ਆਪਣੀ ਵਾਰੀ ਇਹਨਾਂ ਪ੍ਰਸਥਿਤੀਆਂ ਵਿੱਚ ਤਬਦੀਲੀਆਂ ਦੀ ਇੱਕ ਪੂਰੀ ਲੜੀ ਆਉਂਦੀ ਹੈ, ਇੱਥੋਂ ਤੱਕ ਕਿ ਉਹ ਘੁਲ਼ ਕੇ ਇੱਕ-ਪਤੀ ਇੱਕ-ਪਤਨੀ ਪ੍ਰਥਾ ਬਣ ਜਾਂਦੀ ਹੈ। ਇਹਨਾਂ ਤਬਦੀਲੀਆਂ ਦਾ ਖ਼ਾਸਾ ਅਜਿਹਾ ਹੈ ਕਿ ਸਾਂਝੇ ਵਿਆਹ ਦੇ ਰਿਸ਼ਤਿਆਂ ਦੀ ਵਲਗਣ ਵਿੱਚ ਆਉਂਦੇ ਲੋਕਾਂ ਦਾ ਘੇਰਾ—ਜਿਹੜਾ ਮੁੱਢ ਵਿੱਚ ਬਹੁਤ ਵਿਸ਼ਾਲ ਸੀ—ਤੰਗ ਅਤੇ ਹੋਰ ਤੰਗ ਹੁੰਦਾ ਜਾਂਦਾ ਹੈ, ਇਥੋਂ ਤੱਕ ਕਿ, ਅੰਤ, ਇੱਕੋ ਜੋੜਾ ਰਹਿ ਜਾਂਦਾ ਹੈ, ਜਿਹੜੀ ਪ੍ਰਥਾ ਅੱਜ-ਕਲ ਭਾਰੂ ਹੈ।

ਪਰਤਵੀਂ ਨਿਗਾਹ ਮਾਰਦੇ ਹੋਏ ਟੱਬਰ ਦਾ ਇਤਿਹਾਸ ਘੜਨ ਵਿੱਚ, ਮਾਰਗਨ, ਆਪਣੇ ਸਾਥੀਆਂ ਦੀ ਬਹੁ-ਗਿਣਤੀ ਦੀ ਸੰਮਤੀ ਸਹਿਤ, ਇੱਕ ਆਦਿ-ਕਾਲੀਨ ਪੜਾਅ ਉੱਤੇ ਅਪੜਿਆ ਜਿਥੇ ਕਬੀਲੇ ਦੇ ਅੰਦਰ ਖੁਲ੍ਹੇ ਲਿੰਗ ਸਬੰਧ ਪ੍ਰਚਲਤ ਸਨ, ਇਉਂ ਕਿ ਹਰ ਇਸਤਰੀ ਸਾਵੇਂ ਤੌਰ ’ਤੇ ਹਰ ਮਰਦ ਦੀ ਸੀ ਅਤੇ ਹਰ ਮਰਦ ਹਰ ਇਸਤਰੀ ਦਾ ਸੀ। ਪਿਛਲੀ ਸਦੀ ਤੋਂ ਲਗਾਤਾਰ ਅਜਿਹੀ ਆਦਿ-ਕਾਲੀਨ ਪ੍ਰਸਥਿਤੀ ਸਬੰਧੀ ਗੱਲਾਂ ਹੁੰਦੀਆਂ ਰਹੀਆਂ ਹਨ, ਪਰ ਕੇਵਲ ਅਤਿ-ਅੰਤ ਆਮ ਢੰਗ ਨਾਲ; ਸਭ ਤੋਂ ਪਹਿਲਾਂ ਬਾਖ਼ੋਫ਼ੇਨ ਨੇ—ਅਤੇ ਇਹ ਉਹਦੀਆਂ ਮਹਾਨ ਸੇਵਾਵਾਂ ਵਿੱਚੋਂ ਇੱਕ ਸੀ— ਇਸ ਪ੍ਰਸਥਿਤੀ ਨੂੰ ਗੰਭੀਰਤਾ ਨਾਲ਼ ਲਿਆ ਅਤੇ ਇਤਿਹਾਸਕ ਅਤੇ ਧਾਰਮਿਕ ਰਵਾਇਤਾਂ ਵਿੱਚ ਇਹਦੇ ਅੰਸ਼ ਲੱਭਣ ਦਾ ਯਤਨ ਕੀਤਾ। ਪਰ ਅੱਜ ਅਸੀਂ ਜਾਣਦੇ ਹਾਂ ਕਿ ਉਹਨੇ ਜਿਹੜੇ ਅੰਸ਼ ਲੱਭੇ ਉਹ ਉੱਕਾ ਹੀ ਖੁੱਲ੍ਹੇ ਲਿੰਗ ਸਬੰਧਾਂ ਦੇ ਸਮਾਜੀ ਪੜਾਅ ਤੱਕ ਨਹੀਂ ਲੈ ਜਾਂਦੇ ਸਗੋਂ, ਉਸ ਤੋਂ ਬਹੁਤ ਪਿੱਛੋਂ ਆਏ ਰੂਪ, ਟੋਲੀ ਵਿਆਹ ਤੱਕ ਲੈ ਜਾਂਦੇ ਹਨ। ਉਹ ਆਦਿ-ਕਾਲੀਨ ਸਮਾਜੀ ਪੜਾਅ, ਜੇ ਸੱਚ-ਮੁੱਚ ਇਹਦੀ ਹੋਂਦ ਸੀ, ਇੰਨੇ ਦੁਰੇਡੇ ਯੁੱਗ ਦਾ ਹੈ ਕਿ ਅਸੀਂ ਪ੍ਰਾਚੀਨ ਸਮਾਜੀ ਜੀਵਾਂ, ਪੱਛੜੇ ਵਹਿਸ਼ੀਆਂ ਵਿੱਚ ਵੀ ਇਹਦੀ ਪਹਿਲਾਂ ਦੀ ਹੋਂਦ ਦਾ ਸਿੱਧਾ ਸਬੂਤ ਲੱਭਣ ਦੀ ਆਸ ਲਗਭਗ ਨਹੀਂ ਕਰ ਸਕਦੇ। ਇਹ ਗੱਲ ਬਾਖ਼ੋਫ਼ੇਨ ਦੇ ਹੱਕ ਵਿੱਚ ਜਾਂਦੀ ਹੈ ਕਿ ਉਹਨੇ ਇਸ ਸਵਾਲ ਨੂੰ ਆਪਣੀ

ਖੋਜ ਦੇ ਅਗਵਾੜੇ ਰੱਖਿਆ।*

ਪਿੱਛੇ ਜਿਹੇ ਤੋਂ ਇਹ ਫ਼ੈਸ਼ਨ ਬਣ ਗਿਆ ਹੈ ਕਿ ਲਿੰਗ ਜੀਵਨ ਦੇ ਇਸ ਮੁੱਢਲੇ ਰੂਪ ਦੀ ਹੋਂਦ ਤੋਂ ਇਨਕਾਰ ਕੀਤਾ ਜਾਵੇ। ਇਸ ਗੱਲ ਦਾ ਮੰਤਵ ਮਨੁੱਖਜਾਤੀ ਨੂੰ ਇਸ "ਸ਼ਰਮ" ਤੋਂ ਬਚਾਉਣਾ ਹੈ। ਕਿਸੇ ਵੀ ਸਿੱਧੇ ਸਬੂਤ ਦੀ ਅਣਹੋਂਦ ਵੱਲ ਇਸ਼ਾਰਾ ਕਰਨ ਤੋਂ ਬਿਨਾਂ ਬਾਕੀ ਦੇ ਪਸ਼ੂ ਜਗਤ ਦੀ ਮਿਸਾਲ ਵੱਲ ਇਸ਼ਾਰਾ ਕੀਤਾ ਜਾਂਦਾ ਹੈ; ਜਿੱਥੋਂ ਲਾਟੂਰਨੀਊ ('ਵਿਆਹ ਅਤੇ ਟੱਬਰ ਦਾ ਵਿਕਾਸ', 1888**) ਨੇ ਇਹ ਵਿਖਾਉਣ ਵਾਲ਼ੀਆਂ ਅਨੇਕ ਮਿਸਾਲਾਂ ਇਕੱਠੀਆਂ ਕੀਤੀਆਂ ਕਿ ਇੱਥੇ ਵੀ, ਮੁਕੰਮਲ ਖੁਲ੍ਹੇ ਲਿੰਗ ਸਬੰਧ ਨੀਵੀਂ ਪੱਧਰ ਦੀ ਗੱਲ ਹਨ। ਪਰ, ਇਹਨਾਂ ਸਭਨਾਂ ਤੱਥਾਂ ਤੋਂ ਮੈਂ ਜਿਹੜਾ ਇੱਕੋ ਇੱਕ ਸਿੱਟਾ ਕੱਢ ਸਕਦਾ ਹਾਂ ਉਹ ਇਹ ਹੈ ਕਿ ਜਿੱਥੋਂ ਤੱਕ ਮਨੁੱਖ ਅਤੇ ਉਹਦੇ ਜੀਵਨ ਦੀਆਂ ਆਦਿ-ਕਾਲੀਨ ਪ੍ਰਸਥਿਤੀਆਂ ਦਾ ਸਬੰਧ ਹੈ, ਇਹ ਉੱਕਾ ਹੀ ਕੁੱਝ ਸਾਬਤ ਨਹੀਂ ਕਰਦੇ। ਕੰਗਰੋੜ ਵਾਲ਼ੇ ਜਾਨਵਰਾਂ ਵਿੱਚ ਕੁੱਝ ਸਮੇਂ ਲਈ ਇਕੱਠੇ ਰਹਿਣ ਦੀ ਵਿਆਖਿਆ ਸਰੀਰਕ ਲੋੜਾਂ ਦੇ ਆਧਾਰ ਉੱਤੇ ਹੋ ਸਕਦੀ ਹੈ; ਮਿਸਾਲ ਵਜੋਂ ਪੰਛੀਆਂ ਵਿੱਚ ਅੰਡਿਆਂ ਉੱਤੇ ਬੈਠਣ ਸਮੇਂ ਮਦੀਨ ਦੀ ਸਹਾਇਤਾ ਦੀ ਲੋੜ; ਪੰਛੀਆਂ ਵਿੱਚ ਵਫ਼ਾਦਾਰ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੀਆਂ ਮਿਸਾਲਾਂ ਕੁੱਝ ਸਾਬਤ ਨਹੀਂ ਕਰਦੀਆਂ ਕਿਉਂਕਿ ਮਨੁੱਖਾਂ ਦੀ ਉਤਪਤੀ ਪੰਛੀਆਂ ਤੋਂ ਨਹੀਂ ਹੋਈ ਅਤੇ ਜੇ ਕਰੜੀ ਇੱਕ-ਪਤੀ ਇੱਕ ਪਤਨੀ ਪ੍ਰਥਾ ਨੂੰ ਕੁੱਲ ਸਦਾਚਾਰ ਨਿਚੋੜ ਸਮਝਿਆ ਜਾਣਾ ਚਾਹੀਦਾ ਹੈ ਤਾਂ ਇਹਦਾ ਸਿਹਰਾ ਮਨੁੱਖ ਦੇ ਸਿਰ ਨਹੀਂ ਸਗੋਂ ਮਲ੍ਹਪ ਸਿਰ ਬੱਝਦਾ ਹੈ, ਜਿਸ ਦੇ ਸਰੀਰ ਦੇ 50 ਤੋਂ 200 ਬਾਲਗ਼ ਹਿੱਸਿਆਂ ਵਿੱਚੋਂ ਹਰ ਇੱਕ ਵਿੱਚ ਮੁਕੰਮਲ ਨਰ ਅਤੇ

---

* ਬਾਖ਼ੋਫ਼ੇਨ ਨੇ ਜੋ ਕੁੱਝ ਲੱਭਿਆ ਜਾਂ ਸਗੋਂ ਜਿਸ ਗੱਲ ਦਾ ਅਨੁਮਾਨ ਲਾਇਆ, ਉਸ ਸਬੰਧੀ ਉਹਨੂੰ ਕਿੰਨੀ ਥੋੜ੍ਹੀ ਸਮਝ ਆਈ ਇਸ ਦਾ ਅੰਦਾਜ਼ਾ ਉਹਦੇ ਇਸ ਆਦਿ-ਕਾਲੀਨ ਪ੍ਰਸਥਿਤੀ ਨੂੰ ਹਿਤੀਰੀਵਾਦ ਕਹਿਣ ਤੋਂ ਲੱਗਦਾ ਹੈ। ਇਹ ਸ਼ਬਦ ਯੂਨਾਨੀਆਂ ਨੇ ਲਾਗੂ ਕੀਤਾ ਜਦੋਂ ਉਹਨਾਂ ਨੇ ਇਸ ਤੋਂ ਅਣ-ਵਿਆਹੇ, ਜਾਂ ਇੱਕ-ਪਤਨੀ ਪ੍ਰਥਾ ਅਨੁਸਾਰ ਰਹਿ ਰਹੇ ਮਰਦਾਂ ਅਤੇ ਅਣ-ਵਿਆਹੀਆਂ ਇਸਤਰੀਆਂ ਵਿਚਕਾਰ ਲਿੰਗ ਭੋਗ ਦੇ ਅਰਥ ਲਏ; ਇਹ ਪਹਿਲਾਂ ਹੀ ਵਿਆਹ ਦੇ ਕਿਸੇ ਨਾ ਕਿਸੇ ਸਪਸ਼ਟ ਰੂਪ ਦੀ ਹੋਂਦ ਫ਼ਰਜ਼ ਕਰ ਲੈਂਦਾ ਹੈ, ਜਿਸ ਤੋਂ ਬਾਹਰ ਅਜਿਹਾ ਭੋਗ ਹੁੰਦਾ ਹੈ ਅਤੇ ਇਸ ਵਿੱਚ, ਘੱਟੋ-ਘੱਟ ਇੱਕ ਪਹਿਲਾਂ ਹੀ ਹੋਂਦ ਵਿੱਚ ਆ ਚੁੱਕੀ ਸੰਭਾਵਨਾ ਦੇ ਤੌਰ 'ਤੇ, ਵੇਸਵਾ ਪ੍ਰਥਾ ਵੀ ਸ਼ਾਮਲ ਹੈ। ਇਹ ਸ਼ਬਦ ਕਿਸੇ ਹੋਰ ਅਰਥ ਵਿੱਚ ਨਹੀਂ ਵਰਤਿਆ ਗਿਆ ਅਤੇ ਮੈਂ ਮਾਰਗਨ ਵਾਂਗ ਇਹਨੂੰ ਇਸੇ ਹੀ ਅਰਥ ਵਿੱਚ ਵਰਤਦਾ ਹਾਂ। ਬਾਖ਼ੋਫ਼ੇਨ ਦੀਆਂ ਅਤਿ-ਅੰਤ ਮਹੱਤਵ-ਪੂਰਨ ਲੱਭਤਾਂ ਹਰ ਥਾਂ ਉਹਦੇ ਇਸ ਅਜੀਬ ਨਿਸ਼ਚੇ ਕਾਰਨ ਅਣਮੰਨਵੀਂ ਹੱਦ ਤੱਕ ਧੁੰਦਲਾ ਜਾਂਦੀਆਂ ਹਨ ਕਿ ਇਤਿਹਾਸਕ ਤੌਰ 'ਤੇ ਮਰਦ ਅਤੇ ਇਸਤਰੀ ਵਿਚਕਾਰ ਸਬੰਧ ਉਸ ਸਮੇਂ ਦੇ ਮਨੁੱਖਾਂ ਦੇ ਧਾਰਮਿਕ ਵਿਚਾਰਾਂ ਤੋਂ ਪੈਦਾ ਹੋਏ ਅਤੇ ਉਹਨਾਂ ਦੇ ਜੀਵਨ ਦੀਆਂ ਅਸਲੀ ਪ੍ਰਸਥਿਤੀਆਂ ਤੋਂ ਨਹੀਂ।

** Letourneau Ch., ìLíevolution du mariage et de la familleî. Paris, 1888. **—ਸੰਪਾ.**

ਮਦੀਨ ਅੰਗ ਹਨ ਅਤੇ ਉਹ ਆਪਣਾ ਸਾਰਾ ਜੀਵਨ ਇਹਨਾਂ ਵਿੱਚੋਂ ਹਰ ਇੱਕ ਹਿੱਸੇ ਵਿੱਚ ਆਪਣੇ ਆਪ ਨਾਲ਼ ਭੋਗ ਕਰਦੇ ਹੋਏ ਬਿਤਾਉਂਦਾ ਹੈ। ਪਰ ਜੇ ਅਸੀਂ ਆਪਣੇ ਆਪ ਨੂੰ ਦੁੱਧ-ਚੁੰਘਾਉਣ ਵਾਲ਼ੇ ਜੀਵਾਂ ਤੱਕ ਸੀਮਤ ਰੱਖੀਏ ਤਾਂ ਅਸੀਂ ਉਹਨਾਂ ਵਿੱਚ ਲਿੰਗ ਜੀਵਨ ਦੇ ਸਾਰੇ ਹੀ ਰੂਪ ਵੇਖਦੇ ਹਾਂ: ਖੁੱਲ੍ਹੇ ਸੰਬੰਧ, ਟੋਲੀ ਵਿਆਹ ਦੀਆਂ ਝਲਕਾਂ, ਬਹੁ-ਪਤਨੀ ਪ੍ਰਥਾ ਅਤੇ ਇੱਕ-ਪਤੀ ਇੱਕ-ਪਤਨੀ ਪ੍ਰਥਾ। ਕੇਵਲ ਬਹੁ-ਕੰਤੀ ਵਿਆਹ ਦੀ ਅਣ-ਹੋਂਦ ਹੈ। ਇਹ ਕੇਵਲ ਮਨੁੱਖ ਹੀ ਪੈਦਾ ਕਰ ਸਕਦੇ ਸਨ। ਇਥੋਂ ਤੱਕ ਕਿ ਸਾਡੇ ਸਭ ਤੋਂ ਨੇੜਵੇਂ ਰਿਸ਼ਤੇਦਾਰ, quadrumana (ਚੌਹੱਥੇ ਜੀਵ, ਜਿਹੜੇ ਆਪਣੇ ਹੱਥਾਂ ਅਤੇ ਪੈਰਾਂ ਨੂੰ ਇਕੋ ਤਰ੍ਹਾਂ ਵਰਤ ਸਕਦੇ ਹਨ—**ਅਨ.**) ਨਰਾਂ ਅਤੇ ਮਦੀਨਾਂ ਦੀਆਂ ਟੋਲੀਆਂ ਦੀ ਵੱਧ ਤੋਂ ਵੱਧ ਸੰਭਵ ਵਿਲੱਖਣਤਾ ਪੇਸ਼ ਕਰਦੇ ਹਨ ਅਤੇ ਜੇ ਅਸੀਂ ਲੀਕ ਹੋਰ ਵੀ ਨੇੜੇ ਖਿੱਚੀਏ ਅਤੇ ਕੇਵਲ ਚਾਰ ਮਨੁੱਖਹਾਰ ਬਣਮਾਣਸਾਂ ਨੂੰ ਹੀ ਮੁੱਖ ਰੱਖੀਏ ਤਾਂ ਲਾਟੂਰਨੀਊ ਸਾਨੂੰ ਕੇਵਲ ਇਹ ਦੱਸਦਾ ਹੈ ਕਿ ਉਹ ਕਦੀ ਇੱਕ-ਪਤੀ ਇੱਕ-ਪਤਨੀ ਪ੍ਰਥਾ ਉੱਤੇ ਚਲਦੇ ਹਨ ਅਤੇ ਕਈ ਵਾਰ ਬਹੁ-ਪਤਨੀ ਪ੍ਰਥਾ ਉੱਤੇ, ਜਿੱਥੇ ਕਿ ਸਾਓਸੁਰ, ਜਿਸ ਤੋਂ ਜ਼ਿਰੋ-ਤਿਓਲੋਨ ਟੂਕ ਦੇਂਦਾ ਹੈ, ਇਹ ਦਾਅਵਾ ਕਰਦਾ ਹੈ ਕਿ ਉਹ ਇੱਕ-ਪਤੀ ਇੱਕ-ਪਤਨੀ ਪ੍ਰਥਾ ਉੱਤੇ ਚਲਦੇ ਹਨ। ਪਿੱਛੇ ਜਿਹੇ ਵੈਸਟਰਮਾਰਕ ਆਪਣੀ ਪੁਸਤਕ ìThe History of Human Marriageî, London, 1891 ("ਮਨੁੱਖੀ ਵਿਆਹ ਦਾ ਇਤਿਹਾਸ", ਲੰਦਨ, 1891) ਵਿੱਚ ਮਨੁੱਖਹਾਰ ਬਣਮਾਣਸਾਂ ਵਿੱਚ ਇੱਕ-ਪਤੀ ਇੱਕ-ਪਤਨੀ ਪ੍ਰਥਾ ਸਬੰਧੀ ਜਿਹੜੇ ਦਾਅਵੇ ਕਰਦਾ ਹੈ, ਉਹ ਵੀ ਕਿਸੇ ਤਰ੍ਹਾਂ ਸਬੂਤ ਨਹੀਂ। ਮੁਕਦੀ ਗੱਲ, ਸਬੂਤ ਅਜਿਹੇ ਖ਼ਾਸੇ ਦੇ ਹਨ ਕਿ ਇਮਾਨਦਾਰ ਲਾਟੂਰਨੀਊ ਮੰਨਦਾ ਹੈ:

> "ਜਿੱਥੋਂ ਤੱਕ ਬਾਕੀ ਗੱਲਾਂ ਦਾ ਸਬੰਧ ਹੈ, ਦੁੱਧ-ਚੁੰਘਾਉਣ ਵਾਲ਼ੇ ਜੀਵਾਂ ਵਿੱਚ ਬੌਧਕ ਵਿਕਾਸ ਦੇ ਪੱਧਰ ਅਤੇ ਲਿੰਗ ਮੇਲ ਦੇ ਰੂਪ ਵਿਚਕਾਰ ਕੋਈ ਕਰੜਾ ਸਬੰਧ ਨਹੀਂ।"

ਅਤੇ ਐਸਪੀਨਾਸ ("ਪਸ਼ੂ ਸਮਾਜ", 1877)* ਵਿੱਚ ਤੋੜ ਕੇ ਕਹਿੰਦਾ ਹੈ:

> "ਜਾਨਵਰਾਂ ਵਿੱਚ ਵੇਖੀ ਜਾਂਦੀ ਧਾੜ ਸਭ ਤੋਂ ਉੱਚੀ ਸਮਾਜੀ ਟੋਲੀ ਹੈ। ਇਹ **ਵੇਖਣ** ਨੂੰ ਟੱਬਰਾਂ ਦਾ ਸਮੂਹ ਜਾਪਦਾ ਹੈ ਪਰ ਮੁੱਢ ਤੋਂ ਹੀ **ਟੱਬਰ ਅਤੇ ਧਾੜ ਇੱਕ ਦੂਜੇ ਦੇ ਵਿਰੋਧ ਵਿੱਚ ਖੜੇ ਹਨ**, ਉਹ ਉਲਟੀ ਨਿਸਬਤ ਨਾਲ਼ ਵਿਕਸਤ ਹੁੰਦੇ ਹਨ।"

ਜਿਥੋਂ ਤੱਕ ਉਪਰੋਕਤ ਤੋਂ ਸਪਸ਼ਟ ਹੈ ਅਸੀਂ ਮਨੁੱਖਹਾਰ ਬਣਮਾਣਸਾਂ ਵਿੱਚ ਟੱਬਰ ਅਤੇ ਹੋਰ ਸਮਾਜੀ ਟੋਲੀਆਂ ਸਬੰਧੀ ਨਿਰਣਾਇਕ ਤੌਰ 'ਤੇ ਕੁੱਝ ਵੀ ਨਹੀਂ ਜਾਣਦੇ। ਸਬੂਤ ਇੱਕ ਦੂਜੇ ਦੇ ਸਿੱਧੇ ਵਿਰੋਧੀ ਹਨ। ਇਹ ਕੋਈ ਅਜੀਬ ਗੱਲ ਨਹੀਂ। ਵਹਿਸ਼ੀ ਮਨੁੱਖੀ ਕਬੀਲਿਆਂ ਸਬੰਧੀ ਵੀ ਸਾਨੂੰ ਪ੍ਰਾਪਤ ਵਾਕਫ਼ੀਆਂ ਦੀ ਡੂੰਘੀ ਨਿਰਖ-ਪਰਖ ਅਤੇ ਛਾਣ ਬੀਣ ਦੀ ਕਿੰਨੀ

---

* Espinas A., ìDes sociÈtÈs animales. Etude de psychologie comparÈeî. Paris, 1877. —**ਸੰਪਾ.**

ਲੋੜ ਹੈ! ਪਰ ਬਣਮਾਣਸ ਸਮਾਜਾਂ ਦਾ ਨਰੀਖਣ ਕਰਨਾ ਮਨੁੱਖੀ ਸਮਾਜਾਂ ਦੇ ਨਰੀਖਣ ਨਾਲ਼ੋਂ ਹੋਰ ਵੀ ਔਖਾ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਅਸੀਂ ਅਜੇ ਤੱਕ ਅਜਿਹੀਆਂ ਉੱਕਾ ਹੀ ਬੇਇਤਬਾਰੀਆਂ ਖ਼ਬਰਾਂ ਦੇ ਆਧਾਰ ਉੱਤੇ ਕੱਢੇ ਹਰ ਸਿੱਟੇ ਨੂੰ ਰੱਦ ਕਰੀਏ।

ਪਰ, ਉੱਪਰ ਐਸਪੀਨਾਸ ਤੋਂ ਜਿਹੜਾ ਟੁਕੜਾ ਦਿੱਤਾ ਗਿਆ ਹੈ ਉਹ ਸਾਨੂੰ ਚੰਗੇਰੀ ਸੂਹ ਦੇਂਦਾ ਹੈ। ਉਚੇਰੇ ਜਾਨਵਰਾਂ ਵਿੱਚ ਧਾੜ ਅਤੇ ਟੱਬਰ ਇੱਕ ਦੂਜੇ ਦੇ ਪੂਰਕ ਨਹੀਂ ਸਗੋਂ ਇੱਕ ਦੂਜੇ ਦੇ ਵਿਰੋਧੀ ਹਨ। ਐਸਪੀਨਾਸ ਬੜੀ ਚੰਗੀ ਤਰ੍ਹਾਂ ਦੱਸਦਾ ਹੈ ਕਿ ਕਿਵੇਂ ਮੁਸ਼ਕਣ ਦੇ ਸਮੇਂ ਨਰਾਂ ਵਿਚਕਾਰ ਈਰਖਾ ਹਰ ਵਾਗਲੀ ਧਾੜ ਦੇ ਸਬੰਧ ਢਿੱਲੇ ਕਰ ਦੇਂਦੀ ਜਾਂ ਇੱਥੋਂ ਤੱਕ ਕਿ ਉਹਨਾਂ ਨੂੰ ਅਸਥਾਈ ਤੌਰ ’ਤੇ ਤੋੜ ਦੇਂਦੀ ਹੈ।

> “ਜਿੱਥੇ ਟੱਬਰ ਵਿੱਚ ਨੇੜਵੀਂ ਜੁੜਤ ਹੁੰਦੀ ਹੈ, ਧਾੜਾਂ ਅਤਿ ਅਸਾਧਾਰਨ ਛੋਟ ਹਨ। ਦੂਜੇ ਹੱਥ, ਜਿੱਥੇ ਖੁੱਲ੍ਹਾ ਲਿੰਗ ਭੋਗ ਜਾਂ ਬਹੁ-ਪਤਨੀ ਪ੍ਰਥਾ ਦਾ ਰਿਵਾਜ ਹੋਵੇ ਉੱਥੇ ਧਾੜ ਲਗ ਭਗ ਸੁਭਾਵਕ ਤੌਰ ’ਤੇ ਪੈਦਾ ਹੋ ਜਾਂਦੀ ਹੈ।... ਧਾੜ ਦੇ ਉੱਭਰਨ ਲਈ ਇਹ ਲਾਜ਼ਮੀ ਹੈ ਕਿ ਟੱਬਰ ਦੇ ਸਬੰਧ ਢਿੱਲੇ ਹੋ ਗਏ ਹੋਣ ਅਤੇ ਜੀਵ ਨੂੰ ਮੁੜ ਆਜ਼ਾਦ ਕਰ ਦਿੱਤਾ ਗਿਆ ਹੋਵੇ। ਇਸੇ ਲਈ ਅਸੀਂ ਪੰਛੀਆਂ ਵਿੱਚ ਜਥੇਬੰਦ ਡਾਰਾਂ ਬਹੁਤ ਹੀ ਘਟ ਵੇਖਦੇ ਹਾਂ।... ਪਰ ਦੁੱਧ-ਚੁੰਘਾਉਣ ਵਾਲ਼ੇ ਜੀਵਾਂ ਵਿੱਚ ਘੱਟ ਜਾਂ ਵੱਧ ਜਥੇਬੰਦ ਸਮਾਜ ਐਨ ਇਸੇ ਲਈ ਮਿਲਦੇ ਹਨ ਕਿ ਜੀਵ ਟੱਬਰ ਵਿੱਚ ਲੀਨ ਨਹੀਂ ਹੋਇਆ ਹੁੰਦਾ।... ਇਉਂ, ਇਹਦੇ ਆਦਿ ਤੋਂ ਹੀ, ਧਾੜ ਦੇ ਸਮੂਹਕ ਅਨੁਭਵ (Conscience collective) ਦਾ ਟੱਬਰ ਦੇ ਸਮੂਹਕ ਅਨੁਭਵ ਤੋਂ ਵੱਡਾ ਦੁਸ਼ਮਣ ਕੋਈ ਨਹੀਂ ਹੋ ਸਕਦਾ। ਸਾਨੂੰ ਇਹ ਕਹਿਣੋਂ ਝਕਣਾ ਨਹੀਂ ਚਾਹੀਦਾ ਕਿ ਜੇ ਟੱਬਰ ਤੋਂ ਉਚੇਰਾ ਕੋਈ ਸਮਾਜੀ ਰੂਪ ਹੋਂਦ ਵਿੱਚ ਆਇਆ ਹੈ ਤਾਂ ਇਹ ਕੇਵਲ ਇਸ ਤੱਥ ਕਰਕੇ ਹੈ ਕਿ ਇਹਨੇ ਆਪਣੇ ਵਿੱਚ ਅਜਿਹੇ ਟੱਬਰ ਸ਼ਾਮਲ ਕਰ ਲਏ ਹਨ ਜਿਨ੍ਹਾਂ ਵਿੱਚ ਬੁਨਿਆਦੀ ਤਬਦੀਲੀ ਆ ਗਈ ਹੈ; ਜਿਹੜਾ ਇਸ ਸੰਭਾਵਨਾ ਨੂੰ ਵੱਖ ਨਹੀਂ ਕਰਦਾ ਕਿ, ਐਨ ਇਸੇ ਕਾਰਨ, ਇਹ ਟੱਬਰ ਆਪਣੇ ਆਪ ਨੂੰ ਅਤਿ-ਅੰਤ ਵਧੇਰੇ ਸੁਖਾਵੇਂ ਹਾਲਾਤ ਅਧੀਨ ਮੁੜ-ਘੜਨ ਵਿੱਚ ਸਫ਼ਲ ਹੋ ਗਏ।” (ਐਸਪੀਨਾਸ, ਉਪਰੋਕਤ (ਕਾਂਡ 1); ਜ਼ੀਰੋ-ਤਿਓਲੋਨ ਵੱਲੋਂ ਆਪਣੀ ਪੁਸਤਕ ‘ਵਿਆਹ ਅਤੇ ਟੱਬਰ ਦਾ ਮੁੱਢ’* ਵਿੱਚ ਦਿੱਤੀ ਟੂਕ ਅਨੁਸਾਰ।)

ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਨੁੱਖੀ ਸਮਾਜਾਂ ਸਬੰਧੀ ਸਿੱਟੇ ਕੱਢਣ ਵਿੱਚ ਪਸ਼ੂ ਸਮਾਜਾਂ ਦੀ ਕੁੱਝ ਮਹੱਤਤਾ ਹੈ—ਪਰ ਕੇਵਲ ਨਾਂਹ-ਪੱਖੀ ਅਰਥਾਂ ਵਿੱਚ। ਜਿੱਥੋਂ ਤੱਕ ਅਸੀਂ ਪੱਕੀ ਤਰ੍ਹਾਂ ਪਤਾ ਲਾਇਆ ਹੈ, ਕੰਗਰੋੜ ਵਾਲ਼ੇ ਉਚੇਰੇ ਜਾਨਵਰਾਂ ਨੂੰ ਟੱਬਰ ਦੇ ਕੇਵਲ ਦੋ ਰੂਪਾਂ ਦਾ ਹੀ ਪਤਾ ਹੈ: ਬਹੁ-ਪਤਨੀ ਜਾਂ ਇੱਕੋ ਇੱਕ ਜੋੜੀ। ਦੋਹਾਂ ਹਾਲਤਾਂ ਵਿੱਚ

* Giraud-Teulon A., ìLes origines du mariage et de la familleî. Geneve, Paris, 1884, p. XV—**ਸੰਪਾ.**

ਕੇਵਲ **ਇੱਕੋ** ਨਰ ਦੀ, **ਇੱਕੋ** ਪਤੀ ਦੀ ਆਗਿਆ ਹੁੰਦੀ ਹੈ। ਨਰ ਦੀ ਈਰਖਾ, ਜਿਹੜੀ ਟੱਬਰ ਦੇ ਸਬੰਧਾਂ ਅਤੇ ਹੱਦਾਂ ਦੋਹਾਂ ਨੂੰ ਮਿੱਥਦੀ ਹੈ, ਪਸ਼ੂ ਟੱਬਰ ਨੂੰ ਵੱਗ ਨਾਲ਼ ਟੱਕਰ ਵਿੱਚ ਲਿਆਉਂਦੀ ਹੈ। ਮੁਸ਼ਕਲ ਦੇ ਸਮੇਂ ਵਿੱਚ ਵੱਗ, ਇੱਕ ਉਚੇਰਾ ਸਮਾਜੀ ਰੂਪ, ਕਿਧਰੇ ਅਸੰਭਵ ਹੋ ਜਾਂਦਾ ਹੈ, ਕਿਧਰੇ ਢਿੱਲਾ ਪੈ ਜਾਂਦਾ ਹੈ ਜਾਂ ਉੱਕਾ ਹੀ ਟੁੱਟ ਜਾਂਦਾ ਹੈ: ਕੁੱਝ ਵੀ ਹੋਵੇ, ਨਰ ਦੀ ਈਰਖਾ ਕਾਰਨ ਇਹਦੇ ਲਗਾਤਾਰ ਵਿਕਾਸ ਵਿੱਚ ਰੋਕ ਪੈਂਦੀ ਹੈ। ਕੇਵਲ ਇਹ ਤੱਥ ਇਕੱਲਾ ਹੀ ਇਹ ਸਾਬਤ ਕਰਨ ਲਈ ਕਾਫ਼ੀ ਹੈ ਕਿ ਪਸ਼ੂ ਟੱਬਰ ਅਤੇ ਆਦਿ-ਕਾਲੀਨ ਮਨੁੱਖੀ ਸਮਾਜ ਆਪੋ ਵਿੱਚ ਅਣਮੇਲ ਹਨ; ਪਸ਼ੂ ਪੜਾਅ ਤੋਂ ਉੱਪਰ ਵੱਲ ਆਪਣਾ ਰਸਤਾ ਬਣਾਉਂਦੇ ਹੋਏ ਆਦਿ-ਕਾਲੀਨ ਮਨੁੱਖ ਨੂੰ ਜਾਂ ਤਾਂ ਕਿਸੇ ਟੱਬਰ ਦੀ ਸੋਝੀ ਨਹੀਂ ਸੀ ਅਤੇ ਜਾਂ ਵੱਧ ਤੋਂ ਵੱਧ ਉਹਨੂੰ ਇੱਕ ਅਜਿਹੇ ਟੱਬਰ ਦੀ ਸੋਝੀ ਸੀ ਜਿਸਦੀ ਪਸ਼ੂਆਂ ਵਿੱਚ ਹੋਂਦ ਨਹੀਂ। ਇੱਕ ਇੰਨਾ ਨਿਹੱਥਾ ਪਸ਼ੂ ਜਿਹੜਾ ਮਨੁੱਖ ਬਣ ਰਿਹਾ ਸੀ ਇਕੱਲ ਵਿੱਚ ਥੋੜ੍ਹੀ ਗਿਣਤੀ ਵਿੱਚ, ਬਿਨਾਂ ਕਿਸੇ ਉਚੇਰੇ ਸਮਾਜਕ ਸਮੂਹ ਤੋਂ ਸਿਰਫ਼ ਇਕੱਲੇ ਜੋੜੇ ਦੀ ਹਾਲਤ ਵਿੱਚ ਵੀ ਜਿਉਂਦਾ ਰਹਿ ਸਕਦਾ ਸੀ, ਜਿਹਾ ਕਿ ਵੈਸਟਰਮਾਰਕ ਨੇ ਸ਼ਿਕਾਰੀਆਂ ਦੇ ਕਥਨਾਂ ਅਨੁਸਾਰ ਗੁਰੀਲਾ ਅਤੇ ਚਿੰਪਾਂਜ਼ੀ ਬਣਮਾਣਸਾਂ ਸਬੰਧੀ ਲਿਖਿਆ ਹੈ। ਪਸ਼ੂ ਪੜਾਅ ਤੋਂ ਵਿਕਾਸ ਲਈ, ਕੁਦਰਤ ਵਿੱਚ ਸਭ ਤੋਂ ਵੱਡੀ ਉਨਤੀ ਲਈ, ਇੱਕ ਵਾਧੂ ਅੰਸ਼ ਦੀ ਲੋੜ ਸੀ: ਜੀਵ ਦੀ ਰੱਖਿਆ ਦੀ ਨਾਕਾਫ਼ੀ ਸ਼ਕਤੀ ਦੀ ਥਾਂ ਵੱਗ ਦੀ ਇੱਕ-ਮੁੱਠ ਸ਼ਕਤੀ ਅਤੇ ਸਾਂਝੇ ਯਤਨ ਨੂੰ ਦੇਣਾ। ਜਿਨ੍ਹਾਂ ਪ੍ਰਸਥਿਤੀਆਂ ਵਿੱਚ ਮਨੁੱਖਹਾਰ ਬਣਮਾਣਸ ਅੱਜ ਰਹਿੰਦੇ ਹਨ ਉਹਨਾਂ ਤੋਂ ਮਨੁੱਖੀ ਪੜਾਅ ਤੱਕ ਤਬਦੀਲੀ ਉੱਕਾ ਹੀ ਵਿਆਖਿਆ ਤੋਂ ਬਾਹਰੀ ਹੁੰਦੀ। ਇਹ ਬਣਮਾਣਸ ਤਾਂ ਕੁਰਾਹੇ ਪਈਆਂ ਸ਼ਾਖ਼ਾਂ ਦਾ ਪ੍ਰਭਾਵ ਪੇਸ਼ ਕਰਦੇ ਹਨ, ਜਿਹੜੀਆਂ ਹੌਲ਼ੀ ਹੌਲ਼ੀ ਖ਼ਤਮ ਹੋਣ ਦੇ ਨੇੜੇ ਅੱਪੜ ਰਹੀਆਂ ਹਨ ਜਾਂ ਘੱਟੋ ਘੱਟ ਗਿਰਾਵਟ ਦੇ ਅਮਲ ਵਿੱਚ ਹਨ। ਕੇਵਲ ਇਹ ਇਕੱਲਾ ਤੱਥ ਹੀ ਉਹਨਾਂ ਦੇ ਟੱਬਰ ਦੇ ਰੂਪਾਂ ਅਤੇ ਆਦਿ-ਕਾਲੀਨ ਮਨੁੱਖ ਦੇ ਟੱਬਰ ਦੇ ਰੂਪਾਂ ਵਿਚਕਾਰ ਸਮਾਨਤਾਵਾਂ ਉੱਤੇ ਆਧਾਰਤ ਸਭਨਾਂ ਸਿੱਟਿਆਂ ਨੂੰ ਰੱਦ ਕਰਨ ਲਈ ਕਾਫੀ ਕਾਰਨ ਹੈ। ਉਹ ਵੱਡੀਆਂ ਵੱਡੀਆਂ ਅਤੇ ਪੱਕੀਆਂ ਟੋਲੀਆਂ ਸਥਾਪਤ ਕਰਨ ਲਈ, ਕੇਵਲ ਜਿਨ੍ਹਾਂ ਅੰਦਰ ਹੀ ਪਸ਼ੂ ਤੋਂ ਮਨੁੱਖ ਵੱਲ ਤਬਦੀਲੀ ਪ੍ਰਾਪਤ ਕੀਤੀ ਜਾ ਸਕਦੀ ਸੀ, ਬਾਲ਼ਗ ਨਰਾਂ ਵਿੱਚ ਪ੍ਰਸਪਰ ਸਹਿਣਸ਼ੀਲਤਾ, ਈਰਖਾ ਤੋਂ ਆਜ਼ਾਦੀ ਪਹਿਲੀ ਸ਼ਰਤ ਸੀ ਅਤੇ ਨਿਰਸੰਦੇਹ, ਅਸੀਂ ਟੱਬਰ ਦੇ ਜਿਹੜੇ ਸਭ ਤੋਂ ਪੁਰਾਣੇ ਅਤਿ-ਅੰਤ ਆਦਿ-ਕਾਲੀਨ ਰੂਪ ਵੇਖਦੇ ਹਾਂ, ਜਿਨ੍ਹਾਂ ਸਬੰਧੀ ਇਤਿਹਾਸ ਵਿੱਚ ਰੱਦ ਨਾ ਹੋ ਸਕਣ ਵਾਲ਼ਾ ਸਬੂਤ ਮਿਲਦਾ ਹੈ ਅਤੇ ਜਿਨ੍ਹਾਂ ਦਾ ਕਿਤੇ ਕਿਤੇ ਅੱਜ ਵੀ ਅਧਿਅਨ ਕੀਤਾ ਜਾ ਸਕਦਾ ਹੈ, ਟੋਲੀ ਵਿਆਹ, ਇੱਕ ਅਜਿਹਾ ਰੂਪ ਜਿਸ ਵਿੱਚ ਮਰਦਾਂ ਦੀਆਂ ਪੂਰੀਆਂ ਟੋਲੀਆਂ ਅਤੇ ਇਸਤਰੀਆਂ ਦੀਆਂ ਪੂਰੀਆਂ ਟੋਲੀਆਂ ਇੱਕ ਦੂਜੇ ਦੀਆਂ ਹਨ ਅਤੇ ਜਿਸ ਵਿੱਚ ਈਰਖਾ ਲਈ ਬਹੁਤ ਥੋੜ੍ਹੀ ਥਾਂ ਰਹਿ ਜਾਂਦੀ ਹੈ ਅਤੇ ਹੋਰ ਪਿੱਛੇ, ਅਸੀਂ ਵਿਕਾਸ ਦੇ ਇੱਕ ਅਗਲੇਰੇ ਪੜਾਅ ਉੱਤੇ ਬਹੁ-ਕੰਤੀ ਵਿਆਹ ਦਾ ਇੱਕ ਅਸਾਧਾਰਨ ਰੂਪ ਵੇਖਦੇ ਹਾਂ, ਜਿਹੜਾ ਈਰਖਾ ਦੀ ਕਿਸੇ ਵੀ ਭਾਵਨਾ ਦੇ ਉਕਾ ਹੀ ਉਲਟ ਜਾਂਦਾ ਹੈ ਅਤੇ ਇਸੇ ਲਈ ਪਸ਼ੂ ਇਸਨੂੰ ਨਹੀਂ ਜਾਣਦੇ। ਪਰ ਕਿਉਂਕਿ ਅਸੀਂ ਟੋਲੀ ਵਿਆਹ ਦੇ ਜਿਨ੍ਹਾਂ ਰੂਪਾਂ

ਤੋਂ ਜਾਣੂ ਹਾਂ ਉਹਨਾਂ ਨਾਲ਼ ਇੰਨੀਆਂ ਗੁੰਝਲਦਾਰ ਸ਼ਰਤਾਂ ਲੱਗੀਆਂ ਹੋਈਆਂ ਹਨ ਕਿ ਉਹ ਲਾਜ਼ਮੀ ਤੌਰ 'ਤੇ ਲਿੰਗ ਸਬੰਧਾਂ ਦੇ ਇਸ ਤੋਂ ਵੀ ਪਹਿਲਾਂ ਦੇ ਅਤੇ ਵਧੇਰੇ ਸਾਦਾ ਰੂਪਾਂ ਵੱਲ ਅਤੇ ਇਉਂ, ਅੰਤਲੇ ਵਿਸ਼ਲੇਸ਼ਣ ਵਿੱਚ ਖੁੱਲ੍ਹੇ ਲਿੰਗ ਭੋਗ ਵੱਲ ਇਸ਼ਾਰਾ ਕਰਦੀਆਂ ਹਨ, ਜਿਹੜਾ ਪਸ਼ੂਪੁਣੇ ਤੋਂ ਮਨੁੱਖਤਾ ਵੱਲ ਤਬਦੀਲੀ ਦਾ ਅਨੁਸਾਰੀ ਸੀ, ਇਸ ਲਈ ਪਸ਼ੂਆਂ ਵਿੱਚ ਵਿਆਹ ਦੇ ਰੂਪਾਂ ਦਾ ਜ਼ਿਕਰ ਸਾਨੂੰ ਐਨ ਉਸੇ ਥਾਂ ਉੱਤੇ ਮੋੜ ਲਿਆਉਂਦਾ ਹੈ ਜਿਥੋਂ ਇਹ ਫ਼ਰਜ਼ ਕੀਤਾ ਗਿਆ ਸੀ ਕਿ ਇਹ ਸਾਨੂੰ ਸਦਾ ਲਈ ਅੱਗੇ ਲੈ ਗਿਆ ਹੈ।

ਤਾਂ, ਫੇਰ, ਖੁੱਲ੍ਹੇ ਲਿੰਗ ਸਬੰਧਾਂ ਦੇ ਅਰਥ ਕੀ ਹਨ ? ਕਿ ਅੱਜ ਜਿਹੜੀਆਂ ਰੋਕਾਂ ਲੱਗੀਆਂ ਹਨ ਜਾਂ ਜਿਹੜੀਆਂ ਪਹਿਲਾਂ ਲੱਗੀਆਂ ਹੋਈਆਂ ਸਨ ਉਹਨਾਂ ਦੀ ਹੋਂਦ ਨਹੀਂ ਸੀ। ਅਸੀਂ ਪਹਿਲਾਂ ਹੀ ਈਰਖਾ ਦੀ ਰੋਕ ਦਾ ਢਹਿ-ਢੇਰੀ ਹੋਣਾ ਵੇਖ ਚੁੱਕੇ। ਜੇ ਕੋਈ ਗੱਲ ਨਿਸ਼ਚਿਤ ਹੈ ਤਾਂ ਉਹ ਇਹ ਹੈ ਕਿ ਈਰਖਾ ਦੀ ਇਹ ਭਾਵਨਾ ਮੁਕਾਬਲੇ ਉਤੇ ਪਿਛੋਂ ਦੇ ਸਮੇਂ ਦੀ ਪੈਦਾਵਾਰ ਹੈ। ਇਹੋ ਗੱਲ ਵਰਜਿਤ ਲਿੰਗ ਭੋਗ (ਪਿਉ-ਧੀ, ਮਾਂ-ਪੁੱਤਰ, ਭੈਣ-ਭਰਾ ਲਿੰਗ ਭੋਗ **—ਅਨੁ.**) ਉਤੇ ਵੀ ਲਾਗੂ ਹੁੰਦੀ ਹੈ। ਨਾ ਕੇਵਲ ਮੁੱਢ ਵਿੱਚ ਭੈਣ ਭਰਾ ਪਤੀ ਪਤਨੀ ਵਜੋਂ ਰਹਿੰਦੇ ਸਨ ਸਗੋਂ ਬਹੁਤ ਸਾਰੇ ਲੋਕਾਂ ਵਿੱਚ ਅੱਜ ਵੀ ਮਾਂ ਪਿਉ ਅਤੇ ਬੱਚਿਆਂ ਵਿਚਕਾਰ ਲਿੰਗ ਭੋਗ ਦੀ ਆਗਿਆ ਹੈ। ਬੈਨਕਰਾਫ਼ਟ* ਬੈਰਿੰਗ ਜਲ-ਡਮਰੂ ਮੱਧ ਦੇ ਕਾਵੀਆਕਾਂ, ਅਲਾਸਕਾ ਦੇ ਨੇੜੇ ਦੇ ਕਾਡੀਆਕਾਂ ਅਤੇ ਬਰਤਾਨਵੀ ਉੱਤਰੀ ਅਮਰੀਕਾ ਦੇ ਅੰਦਰ ਦੇ ਟਿੱਨੇਹਾਂ ਵਿੱਚ ਇਹਦੀ ਹੋਂਦ ਦੀ ਸ਼ਾਅਦੀ ਭਰਦਾ ਹੈ। ਲਾਟੂਰਨੀਊ ਨੇ ਚਿਪੇਵਾ ਇੰਡੀਅਨਾਂ, ਚਿਲੀ ਦੇ ਕੁਕੁਸਾਂ ਅਤੇ ਕੈਰੇਬੀਅਨ ਟਾਪੂਆਂ ਦੇ ਆਦਿ-ਵਾਸੀਆਂ ਅਤੇ ਬਰਮਾ ਦੇ ਕਾਰੇਨਾਂ ਵਿੱਚ ਇਹਦੀ ਹੋਂਦ ਸਬੰਧੀ ਖ਼ਬਰਾਂ ਇਕੱਠੀਆਂ ਕੀਤੀਆਂ ਹਨ, ਪਾਰਥੀਆਈਆਂ, ਈਰਾਨੀਆਂ, ਸ਼ਾਕਾਂ, ਹੂਨਾਂ, ਆਦਿ ਸਬੰਧੀ ਪ੍ਰਾਚੀਨ ਯੂਨਾਨੀਆਂ ਅਤੇ ਰੋਮਨਾਂ ਦੇ ਬ੍ਰਿਤਾਂਤਾਂ ਦੀ ਤਾਂ ਗੱਲ ਹੀ ਛੱਡੋ, ਇਹਦਾ ਜ਼ਿਕਰ ਕੀਤਾ ਹੈ। ਵਰਜਿਤ ਲਿੰਗ ਭੋਗ ਦੀ ਕਾਢ ਤੋਂ ਪਹਿਲਾਂ (ਅਤੇ **ਇਹ** ਇੱਕ ਕਾਢ ਹੈ ਅਤੇ ਅਤਿ-ਅੰਤ ਵਡ-ਮੁੱਲੀ ਕਾਢ ਹੈ) ਮਾਤਾ ਪਿਤਾ ਅਤੇ ਉਹਨਾਂ ਦੇ ਬੱਚਿਆਂ ਵਿਚਕਾਰ ਲਿੰਗ ਭੋਗ ਕਿਸੇ ਤਰ੍ਹਾਂ ਵੀ ਉਸ ਤੋਂ ਵੱਧ ਘਿਣਾਉਣਾ ਨਹੀਂ ਸੀ ਜਿੰਨਾਂ ਵੱਖ ਵੱਖ ਪੀੜ੍ਹੀਆਂ ਦੇ ਲੋਕਾਂ ਵਿਚਕਾਰ ਲਿੰਗ ਭੋਗ ਹੁੰਦਾ ਹੈ—ਜਿਹਾ ਕਿ ਅੱਜ ਕਲ ਵੀ ਸੱਚ ਮੁਚ ਅਤਿ-ਅੰਤ ਅਸਭਿਆ ਦੇਸ਼ਾਂ ਵਿੱਚ ਘੋਰ ਗ਼ੁੱਸਾ ਜਗਾਏ ਬਿਨਾਂ ਹੁੰਦਾ ਹੈ; ਤੱਥ ਤਾਂ ਇਹ ਹੈ ਕਿ ਸੱਠਾਂ ਤੋਂ ਉੱਪਰ ਦੀਆਂ ਬੁੱਢ—"ਕੁਆਰੀਆਂ" ਵੀ, ਜੇ ਉਹ ਚੋਖੀਆਂ ਅਮੀਰ ਹੋਣ ਤਾਂ ਲਗ ਭਗ ਤੀਹਾਂ ਦੇ ਜਵਾਨਾਂ ਨਾਲ਼ ਵਿਆਹ ਕਰਵਾ ਸਕਦੀਆਂ ਹਨ। ਪਰ ਜੇ ਅਸੀਂ ਟੱਬਰ ਦੇ ਉਸ ਅਤਿ ਅੰਤ ਆਦਿ-ਕਾਲੀਨ ਰੂਪ ਤੋਂ, ਜਿਸਦਾ ਸਾਨੂੰ ਪਤਾ ਹੈ, ਵਰਜਿਤ ਲਿੰਗ ਭੋਗ ਸਬੰਧੀ ਉਹ ਸੰਕਲਪ ਵੱਖ ਕਰ ਦਈਏ ਜਿਹੜੇ ਉਹਨਾਂ ਨਾਲ਼ ਜੋੜੇ ਜਾਂਦੇ ਹਨ—ਸੰਕਲਪ ਜਿਹੜੇ ਸਾਡੇ ਆਪਣੇ ਸੰਕਲਪਾਂ ਤੋਂ ਉੱਕਾ ਹੀ ਵੱਖਰੇ ਅਤੇ ਅਕਸਰ ਉਹਨਾਂ ਦੇ ਸਿੱਧੇ ਵਿਰੋਧ ਵਿੱਚ ਹੁੰਦੇ ਹਨ— ਤਾਂ ਅਸੀਂ ਲਿੰਗ ਸਬੰਧਾਂ ਦੇ ਇੱਕ

* Bancroft H.H., ìNatuve Races of the Pacifie States of North Americaî. Vol. I-V, New York, 1875 ("ਉੱਤਰੀ ਅਮਰੀਕੀ ਸ਼ਾਂਤ-ਮਹਾਂਸਾਗਰੀ ਤੱਟ ਦੀਆਂ ਅਸਲੀ ਨਸਲਾਂ", 1875, ਸੈਂਚੀ 1-5)। **—ਸੰਪਾ.**

ਅਜਿਹੇ ਰੂਪ 'ਤੇ ਅੱਪੜਦੇ ਹਾਂ ਜਿਸਨੂੰ ਕੇਵਲ ਖੁੱਲ੍ਹਾ ਹੀ ਕਿਹਾ ਜਾ ਸਕਦਾ ਹੈ— ਇਸ ਪੱਖੋਂ ਖੁੱਲ੍ਹਾ ਕਿ ਪਿੱਛੋਂ ਜਾ ਕੇ ਰਿਵਾਜ ਨੇ ਜਿਹੜੀਆਂ ਰੋਕਾਂ ਲਾਈਆਂ ਉਹਨਾਂ ਦੀ ਅਜੇ ਹੋਂਦ ਨਹੀਂ ਸੀ। ਇਸ ਤੋਂ ਇਹ ਸਿੱਟਾ ਕਿਸੇ ਵੀ ਤਰ੍ਹਾਂ ਨਹੀਂ ਨਿਕਲਦਾ ਕਿ ਅਗੜ-ਦੁੱਗੜ ਖੁੱਲ੍ਹੇ ਸਬੰਧ ਨਿੱਤ ਦਾ ਵਰਤਾਰਾ ਸਨ। ਥੋੜ੍ਹੇ ਸਮੇਂ ਲਈ ਵੱਖ ਵੱਖ ਜੋੜੇ ਬਣ ਜਾਣਾ ਕਿਸੇ ਵੀ ਤਰ੍ਹਾਂ ਕਿਆਸੋਂ ਬਾਹਰਾ ਨਹੀਂ ਸੀ; ਤੱਥ ਤਾਂ ਇਹ ਹੈ ਕਿ ਹੁਣ ਟੋਲੀ ਵਿਆਹਾਂ ਵਿੱਚ ਉਹ ਬਹੁ-ਗਿਣਤੀ ਬਣਦੇ ਹਨ ਅਤੇ ਜੇ ਵੈਸਟਰਮਾਰਕ, ਜਿਹੜਾ ਇਸ ਮੁੱਢਲੀ ਪ੍ਰਸਥਿਤੀ ਦੀ ਹੋਂਦ ਤੋਂ ਇਨਕਾਰ ਕਰਨ ਵਾਲ਼ਾ ਸਭ ਤੋਂ ਅਖ਼ੀਰਲਾ ਹੈ, ਹਰ ਉਸ ਹਾਲਤ ਨੂੰ ਜਿੱਥੇ ਬੱਚੇ ਦੇ ਜਨਮ ਤੱਕ ਮਰਦ ਅਤੇ ਇਸਤਰੀ ਦੋਵੇਂ ਇਕੱਠੇ ਰਹਿੰਦੇ ਹਨ, ਵਿਆਹ ਕਹਿੰਦਾ ਹੈ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਖੁੱਲ੍ਹੇ ਲਿੰਗ ਸਬੰਧਾਂ ਦੀ ਹਾਲਤ ਵਿੱਚ ਵੀ, ਖੁੱਲ੍ਹ ਦੀ ਉਲੰਘਣਾ ਕੀਤੇ ਬਿਨਾਂ, ਅਰਥਾਤ ਰਿਵਾਜ ਵੱਲੋਂ ਖੜੀਆਂ ਕੀਤੀਆਂ ਰੋਕਾਂ ਦੀ ਅਣਹੋਂਦ ਦੀ ਹਾਲਤ ਵਿੱਚ, ਇਸ ਤਰ੍ਹਾਂ ਦਾ ਵਿਆਹ ਸੌਖੇ ਹੀ ਹੋ ਸਕਦਾ ਸੀ। ਨਿਸ਼ਚੇ ਹੀ, ਵੈਸਟਰਮਾਰਕ ਇਸ ਦ੍ਰਿਸ਼ਟੀਕੋਣ ਤੋਂ ਮੁੱਢ ਬੰਨ੍ਹਦਾ ਹੈ ਕਿ

> "ਖੁੱਲ੍ਹੇ ਲਿੰਗ **ਸਬੰਧ** ਵਿੱਚ ਵਿਕੋਲਤ੍ਰੇ ਝੁਕਾਵਾਂ ਨੂੰ ਦਬਾਉਣਾ ਸ਼ਾਮਲ ਹੈ" ਅਤੇ ਇਸੇ ਲਈ "ਵੇਸਵਾਗਮਨੀ ਇਹਦਾ ਸਭ ਤੋਂ ਸੱਚਾ ਰੂਪ ਹੈ"।

ਮੈਨੂੰ ਜਾਪਦਾ ਹੈ ਕਿ ਜਦੋਂ ਤੱਕ ਅਸੀਂ ਇਹਨਾਂ ਨੂੰ ਚਕਲੇ ਦੀ ਐਨਕ ਨਾਲ਼ ਵੇਖਦੇ ਰਹਾਂਗੇ, ਆਦਿ-ਕਾਲੀਨ ਪ੍ਰਸਥਿਤੀਆਂ ਦੀ ਕੁੱਲ ਸੂਝ ਅਸੰਭਵ ਰਹੇਗੀ। ਸੋ, ਜਦੋਂ ਅਸੀਂ ਟੋਲੀ ਵਿਆਹ ਨੂੰ ਲਵਾਂਗੇ ਤਾਂ ਅਸੀਂ ਇਸ ਨੁਕਤੇ ਵੱਲ ਮੁੜ ਆਵਾਂਗੇ।

ਮਾਰਗਨ ਅਨੁਸਾਰ ਇਸ ਮੁਢਲੇ ਖੁੱਲ੍ਹੇ ਲਿੰਗ ਭੋਗ ਤੋਂ, ਸ਼ਾਇਦ ਇੱਕ ਬਹੁਤ ਮੁੱਢਲੇ ਪੜਾਅ ਉੱਤੇ ਹੇਠ-ਲਿਖੇ ਰੂਪ ਵਿਕਸਤ ਹੋਏ:

1. **ਸਹਿਗੋਤਰ ਟੱਬਰ**, ਟੱਬਰ ਦਾ ਪਹਿਲਾ ਰੂਪ। ਇੱਥੇ ਟੋਲੀ ਵਿਆਹ ਪੀੜ੍ਹੀਆਂ ਅਨੁਸਾਰ ਬੀੜੇ ਹੋਏ ਹਨ: ਸਭੇ ਦਾਦੇ ਅਤੇ ਨਾਨੇ, ਦਾਦੀਆਂ ਅਤੇ ਨਾਨੀਆਂ ਟੱਬਰ ਦੀਆਂ ਹੱਦਾਂ ਦੇ ਅੰਦਰ ਪ੍ਰਸਪਰ ਪਤੀ ਅਤੇ ਪਤਨੀਆਂ ਹਨ। ਇਹੋ ਹੀ ਉਹਨਾਂ ਦੀ ਔਲਾਦ, ਪਿਤਾਵਾਂ ਅਤੇ ਮਾਤਾਵਾਂ ਦੀ ਹਾਲਤ ਹੈ, ਜਿਨ੍ਹਾਂ ਦੇ ਬੱਚੇ ਸਾਂਝੇ ਪਤੀ-ਪਤਨੀ ਦਾ ਤੀਜਾ ਘੇਰਾ ਬਣਾਉਣਗੇ ਅਤੇ ਉਹਨਾਂ ਦੇ ਬੱਚੇ —ਪਹਿਲਿਆਂ ਦੇ ਪੜਪੋਤੇ-ਪੜਪੋਤੀਆਂ— ਆਪਣੀ ਵਾਰੀ ਚੌਥਾ ਘੇਰਾ ਬਣਾਉਂਦੇ ਹਨ। ਇਉਂ ਟੱਬਰ ਦੇ ਇਸ ਰੂਪ ਵਿੱਚ ਕੇਵਲ ਪਿਤਾ-ਪਿਤਾਮਾ ਅਤੇ ਉਹਨਾਂ ਦੀ ਔਲਾਦ, ਮਾਤਾ-ਪਿਤਾ ਅਤੇ ਉਹਨਾਂ ਦੇ ਬੱਚੇ (ਅਸੀਂ ਕਹਿ ਸਕਦੇ ਹਾਂ) ਇੱਕ ਦੂਜੇ ਨਾਲ਼ ਵਿਆਹ ਦੇ ਹੱਕਾਂ ਅਤੇ ਜ਼ਿਮੇਵਾਰੀਆਂ ਤੋਂ ਬਾਹਰੇ ਹਨ। ਭੈਣਾਂ ਅਤੇ ਭਰਾ, ਪਹਿਲੀ, ਦੂਜੀ ਅਤੇ ਵਧੇਰੇ ਦੂਰ ਥਾਵਾਂ 'ਤੇ ਰਿਸ਼ਤੇ ਦੇ ਭੈਣਾਂ ਅਤੇ ਭਰਾ ਪ੍ਰਸਪਰ ਭੈਣਾਂ ਅਤੇ ਭਰਾ ਹਨ ਅਤੇ **ਐਨ ਇਸੇ ਲਈ** ਪ੍ਰਸਪਰ ਪਤੀ ਅਤੇ ਪਤਨੀਆਂ ਹਨ। ਇਸ ਪੜਾਅ ਉਤੇ ਭੈਣ ਅਤੇ ਭਰਾ ਦੇ ਰਿਸ਼ਤੇ ਵਿੱਚ ਸੁਭਾਵਕ ਤੌਰ 'ਤੇ ਲਿੰਗ ਭੋਗ ਕਰਨਾ ਸ਼ਾਮਲ ਹੈ।* ਇਹਦੇ

---

* 1882 ਦੀ ਬਸੰਤ ਰੁਤੇ ਲਿਖੇ ਇੱਕ ਖ਼ਤ ਵਿੱਚ[8] ਮਾਰਕਸ ਆਦਿ-ਕਾਲੀਨ ਸਮਿਆਂ ਦੇ ਉਸ ਉੱਕਾ ਵਿਗਾੜ ਵਿਰੁੱਧ ਵੱਧ ਤੋਂ ਵੱਧ ਕਰੜੇ ਸ਼ਬਦਾਂ ਵਿੱਚ ਆਪਣੀ ਰਾਏ ਪ੍ਰਗਟ ਕਰਦੇ ⇒

ਲੱਛਣੀ ਰੂਪ ਵਿੱਚ, ਅਜਿਹਾ ਟੱਬਰ ਇੱਕ ਜੋੜੇ ਦੀ ਔਲਾਦ ਹੁੰਦਾ ਸੀ, ਜਿਸ ਵਿੱਚੋਂ ਹਰ ਪੀੜ੍ਹੀ ਦੀ ਔਲਾਦ ਸਭ ਭੈਣਾਂ ਅਤੇ ਭਰਾ ਹਨ ਅਤੇ ਐਨ ਇਸੇ ਹੀ ਕਾਰਨ, ਪ੍ਰਸਪਰ ਪਤੀ ਅਤੇ ਪਤਨੀਆਂ ਹਨ।

ਸਹਿਗੋਤਰ ਟੱਬਰ ਲੁਪਤ ਹੋ ਗਿਆ ਹੈ। ਇਤਿਹਾਸ ਨੂੰ ਜਿਨ੍ਹਾਂ ਸਭ ਤੋਂ ਵੱਧ ਪੱਛੜੇ ਲੋਕਾਂ ਦਾ ਪਤਾ ਹੈ ਉਹ ਵੀ ਅਜਿਹੇ ਟੱਬਰ ਦੀ ਕੋਈ ਤਸਦੀਕ ਹੋ ਸਕਣ ਯੋਗ ਉਦਾਹਰਣ ਨਹੀਂ ਦੇਂਦੇ। ਪਰ ਹਵਾਈ ਦੀ ਸਹਿਗੋਤਰਤਾ ਦੀ ਪ੍ਰਣਾਲੀ, ਜਿਹੜੀ ਸਾਰੇ ਪਾਲੀਨੇਸ਼ੀਆ

---

⇒ ਹਨ ਜਿਹੜਾ ਵੈਗਨਰ ਦੇ ìNibelungî ("ਨਿਬੇਲੁੰਗਨ ਦੇ ਗੀਤ") ਵਿੱਚ ਦਿੱਤਾ ਗਿਆ ਹੈ। "ਕਿਸੇ ਨੇ ਕਦੀ ਸੁਣਿਆ ਕਿ ਭਰਾ ਨੇ ਭੈਣ ਨੂੰ ਲਾੜੀ ਬਣਾ ਕੇ ਜੱਫੀ ਪਾਈ ?"[9] ਵੈਗਨਰ ਦੇ ਇਹਨਾਂ ਲੁੱਚੇ ਦੇਵਤਿਆਂ ਦੇ ਜਵਾਬ ਵਿੱਚ, ਜਿਹੜੇ ਐਨ ਨਵੀਨ ਢੰਗ ਨਾਲ਼ ਆਪਣੇ ਪਿਆਰਾਂ ਨੂੰ ਵਰਜਿਤ ਲਿੰਗ-ਭੋਗ ਨਾਲ਼ ਕਰਾਰਾ ਕਰ ਲੈਂਦੇ ਹਨ, ਮਾਰਕਸ ਉੱਤਰ ਦਿੰਦੇ ਹਨ, "ਆਦਿ-ਕਾਲੀਨ ਸਮਿਆਂ ਵਿੱਚ ਭੈਣ ਪਤਨੀ ਹੁੰਦੀ ਸੀ ਅਤੇ ਇਹੋ ਸਦਾਚਾਰ ਸੀ।" (ਏਂਗਲਜ਼ ਵਲੋਂ 1884 ਦੀ ਛਾਪ ਲਈ ਟੂਕ।)

ਵੈਗਨਰ ਦਾ ਇੱਕ ਫ਼ਰਾਂਸੀਸੀ ਦੋਸਤ ਅਤੇ ਪ੍ਰਸੰਸਕ [Bonnier] ਇਸ ਟੂਕ ਨਾਲ਼ ਸਹਿਮਤ ਨਹੀਂ ਅਤੇ ਕਹਿੰਦਾ ਹੈ ਕਿ ìOgisdreckaî ("ਓਗਿਸਡਰੇਕਾ")[10], ਪਹਿਲਾਂ ਦੀ ìEddaî ("ਐਡਾ") ਵਿੱਚ, ਜਿਸਨੂੰ ਵੈਗਨਰ ਨੇ ਆਪਣੇ ਲਈ ਨਮੂਨਾ ਬਣਾਇਆ, ਲੋਕੀ ਫ਼ਰੀਆ ਨੂੰ ਇਉਂ ਮਿਹਣਾ ਦੇਂਦਾ ਹੈ: "ਤੂੰ ਦੇਵਤਿਆਂ ਦੇ ਸਾਹਮਣੇ ਖ਼ੁਦ ਆਪਣੇ ਭਰਾ ਨੂੰ ਜੱਫ਼ੀ ਪਾਈ।" ਉਹਦਾ ਦਾਅਵਾ ਹੈ ਕਿ ਭੈਣ ਅਤੇ ਭਰਾ ਵਿਚਕਾਰ ਵਿਆਹ ਦੀ ਉਸ ਸਮੇਂ ਹੀ ਮਨਾਹੀ ਹੋ ਚੁੱਕੀ ਸੀ। "ਓਗਿਸਡਰੇਕਾ" ਉਸ ਸਮੇਂ ਦਾ ਪ੍ਰਗਟਾਅ ਹੈ ਜਦੋਂ ਪ੍ਰਾਚੀਨ ਮਿਥਿਹਾਸਕ ਕਹਾਣੀਆਂ ਵਿੱਚ ਯਕੀਨ ਉੱਕਾ ਖ਼ਤਮ ਹੋ ਚੁੱਕਾ ਸੀ; ਇਹ ਸੱਚ ਮੁੱਚ ਦੇਵਤਿਆਂ ਉੱਤੇ ਲੁਸੀਆਨਿਆਈ ਵਿਅੰਗ ਹੈ। ਜੇ ਮੈਫ਼ਿਸਟਾਫ਼ਲੀਸ ਦੇ ਰੂਪ ਵਿੱਚ ਲੋਕੀ ਫ਼ਰੀਆ ਨੂੰ ਇਉਂ ਮਿਹਣਾ ਦੇਂਦਾ ਹੈ ਤਾਂ ਇਹ ਸਗੋਂ ਵੈਗਨਰ ਦੀ ਵਿਰੁੱਧ ਦਲੀਲ ਹੈ। ਕੁੱਝ ਛੰਦ ਅੱਗੇ ਜਾ ਕੇ ਲੋਕੀ ਨਿਯੋਰਦਰ ਨੂੰ ਕਹਿੰਦਾ ਹੈ: "ਆਪਣੀ ਭੈਣ ਤੋਂ ਤੂੰ (ਅਜਿਹਾ) ਪੁੱਤਰ ਪੈਦਾ ਕੀਤਾ" (vidh systur thinni gaztu slikan m^g) ਹੁਣ ਨਿਯੋਰਦਰ ਆਸਾ ਨਹੀਂ ਸਗੋਂ ਵਾਨਾ ਹੈ ਅਤੇ ìYnglinga sagaî ("ਯਨਗਲਿੰਗਾ ਵਾਰ") ਵਿੱਚ ਕਹਿੰਦਾ ਹੈ ਕਿ ਵਾਨਾਦੇਸ ਵਿੱਚ ਭੈਣਾਂ ਅਤੇ ਭਰਾਵਾਂ ਵਿਚਕਾਰ ਵਿਆਹ ਆਮ ਸਨ, ਜੋ ਕਿ ਆਸਾਵਾਂ ਵਿਚਕਾਰ ਨਹੀਂ ਹੁੰਦਾ।[11] ਇਸ ਤੋਂ ਇਸ ਗੱਲ ਦਾ ਇਸ਼ਾਰਾ ਮਿਲਦਾ ਹੈ ਕਿ ਵਾਨਾ ਆਸਾਵਾ ਤੋਂ ਪੁਰਾਣੇ ਦੇਵਤੇ ਹਨ। ਕੁੱਝ ਵੀ ਹੋਵੇ ਨਿਯੋਰਦਰ ਆਸਾਵਾਂ ਵਿਚਕਾਰ ਬਰਾਬਰ ਦੇ ਬੰਦੇ ਵਾਂਗ ਰਹਿੰਦਾ ਹੈ ਅਤੇ ਇਉਂ "ਓਗਿਸਡਰੇਕਾ" ਇਸ ਗੱਲ ਦਾ ਸਬੂਤ ਹੈ ਕਿ ਭੈਣਾਂ ਅਤੇ ਭਰਾਵਾਂ ਵਿਚਕਾਰ ਵਿਆਹ, ਘੱਟੋ ਘੱਟ ਦੇਵਤਿਆਂ ਵਿਚਕਾਰ, ਉਸ ਸਮੇਂ ਤੱਕ ਕੋਈ ਕਰਾਹਤ ਪੈਦਾ ਨਹੀਂ ਸਨ ਕਰਦੇ ਜਦੋਂ ਨਾਰਵਿਜੀਆਂ ਦੀਆਂ ਵਾਰਾਂ ਲਿਖੀਆਂ ਗਈਆਂ। ਜੇ ਵੈਗਨਰ ਨੂੰ ਮਾਫ਼ੀ ਹੀ ਦੇਣੀ ਹੈ ਤਾਂ ਬੰਦੇ ਲਈ "ਐਡਾ" ਦੀ ਥਾਂ ਗੋਇਟੇ ਤੋਂ ਟੂਕ ਦੇਣੀ ਚੰਗੇਰੀ ਰਹੇਗੀ ਕਿਉਂਕਿ ਆਪਣੀ ਰੱਬ ਅਤੇ ਬਯਾਦੇਰੀ ਦੀ ਕਵਿਤਾ ਵਿੱਚ, ਉਹ ਇਸਤਰੀਆਂ ਦੇ ਧਾਰਮਿਕ ਤੌਰ 'ਤੇ ਹੇਠਾਂ ਪੈਣਾਂ ਸਬੰਧੀ ਅਜਿਹੀ ਗ਼ਲਤੀ ਕਰਦਾ ਹੈ, ਜਿਸਨੂੰ ਉਹ ਨਵੀਨ ਵੇਸਵਾਗਮਨੀ ਦੇ ਬਹੁਤ ਨੇੜੇ ਦਾ ਸਮਝਦਾ ਹੈ। (**ਚੌਥੀ ਛਾਪ ਲਈ ਏਂਗਲਜ਼ ਵਲੋਂ ਟੂਕ, 1891।)**

ਵਿੱਚ ਪ੍ਰਚਲਤ ਹੈ ਅਤੇ ਜਿਹੜੀ ਸਹਿਗੋਤਰਤਾ ਦੇ ਅਜਿਹੇ ਦਰਜੇ ਪੇਸ਼ ਕਰਦੀ ਹੈ, ਜਿਹੜੇ ਟੱਬਰ ਦੇ ਕੇਵਲ ਅਜਿਹੇ ਰੂਪ ਤੋਂ ਹੀ ਪੈਦਾ ਹੋ ਸਕਦੇ ਸਨ, ਸਾਨੂੰ ਇਸ ਸਿੱਟੇ ਉੱਤੇ ਅਪੜਨ ਲਈ ਮਜਬੂਰ ਕਰ ਦੇਂਦੀ ਹੈ ਕਿ ਇਹਦੀ **ਜ਼ਰੂਰ ਹੀ** ਹੋਂਦ ਰਹੀ ਹੋਣੀ ਹੈ ਅਤੇ ਟੱਬਰ ਦੇ ਅੱਗੋਂ ਦੇ ਸਾਰੇ ਵਿਕਾਸ ਤੋਂ, ਜਿਹੜਾ ਇਸ ਰੂਪ ਨੂੰ ਇੱਕ ਲੋੜੀਂਦੇ ਮੁੱਢਲੇ ਪੜਾਅ ਵਜੋਂ, ਇੱਕ ਪੂਰਵ-ਮਨੌਤ ਬਣਾ ਦੇਂਦਾ ਹੈ, ਅਸੀਂ ਇਸੇ ਸਿੱਟੇ ਉੱਤੇ ਅਪੜਨ 'ਤੇ ਮਜਬੂਰ ਹੁੰਦੇ ਹਾਂ।

2. **ਪੁਨਾਲੁਆਲਨ ਟੱਬਰ।** ਜੇ ਜਥੇਬੰਦੀ ਵੱਲ ਪਹਿਲੀ ਉੱਨਤੀ ਮਾਤਾ-ਪਿਤਾ ਅਤੇ ਬੱਚਿਆਂ ਨੂੰ ਪ੍ਰਸਪਰ ਲਿੰਗ ਸਬੰਧਾਂ ਵਿੱਚੋਂ ਕੱਢਣਾ ਸੀ ਤਾਂ ਦੂਜਾ ਭੈਣਾਂ ਅਤੇ ਭਰਾਵਾਂ ਨੂੰ ਇਸ ਵਿੱਚੋਂ ਕੱਢਣਾ ਸੀ। ਦੋਹਾਂ ਭਿਆਲਾਂ ਦੀਆਂ ਉਮਰਾਂ ਵਿਚਕਾਰ ਵਧੇਰੇ ਸਮਾਨਤਾ ਨੂੰ ਮੁੱਖ ਰੱਖਦੇ ਹੋਏ ਇਹ ਕਦਮ ਪਹਿਲੇ ਨਾਲ਼ੋਂ ਅਤਿ-ਅੰਤ ਵਧੇਰੇ ਮਹੱਤਵ-ਪੂਰਨ ਅਤੇ ਨਾਲ਼ੇ ਕਿਤੇ ਵਧੇਰੇ ਔਖਾ ਸੀ। ਇਹ ਕੰਮ ਹੌਲ਼ੀ ਹੌਲ਼ੀ ਸਿਰੇ ਚਾੜ੍ਹਿਆ ਗਿਆ ਸਭ ਤੋਂ ਵੱਧ ਸੰਭਵ ਗੱਲ ਇਹ ਹੈ ਕਿ ਸਭ ਤੋਂ ਪਹਿਲਾਂ ਇੱਕ-ਗਰਭੀ ਭੈਣਾਂ ਅਤੇ ਭਰਾਵਾਂ (ਅਰਥਾਤ, ਮਾਂ ਵਲੋਂ ਭੈਣਾਂ ਅਤੇ ਭਰਾਵਾਂ) ਨੂੰ, ਆਪੋ ਵਿੱਚ ਲਿੰਗ ਸਬੰਧਾਂ ਵਿੱਚੋਂ ਕੱਢ ਦਿੱਤਾ ਗਿਆ, ਪਹਿਲਾਂ ਪਹਿਲ ਇੱਕੜ-ਦੁੱਕੜ ਹਾਲਤਾਂ ਵਿੱਚ, ਪਰ ਫਿਰ ਇਹ ਨੇਮ ਬਣ ਗਿਆ [ਹਵਾਈ ਵਿੱਚ ਇਸ ਸਦੀ (ਉਨ੍ਹੀਵੀਂ ਸਦੀ **—ਅਨੁ**.) ਵਿੱਚ ਵੀ ਇਸ ਨਿਯਮ ਤੋਂ ਛੋਟਾਂ ਮਿਲਦੀਆਂ ਸਨ], ਅਤੇ ਇਹਦਾ ਅੰਤ ਰਿਸ਼ਤੇ ਦੇ ਭੈਣਾਂ ਅਤੇ ਭਰਾਵਾਂ ਵਿਚਕਾਰ ਵਿਆਹ ਦੀ ਮਨਾਹੀ ਨਾਲ਼ ਹੋਇਆ, ਜਾਂ ਜਿਵੇਂ ਅਸੀਂ ਕਹਿੰਦੇ ਹਾਂ ਪਹਿਲੀ, ਦੂਜੀ ਅਤੇ ਤੀਜੀ ਥਾਵੇਂ ਰਿਸ਼ਤੇ ਦੇ ਭੈਣਾਂ ਅਤੇ ਭਰਾਵਾਂ ਵਿਚਕਾਰ। ਮਾਰਗਨ ਅਨੁਸਾਰ ਇਹ

"ਪ੍ਰਕਿਰਤਕ ਚੋਣ ਦੇ ਅਮਲ ਦੀ ਇੱਕ ਸੋਹਣੀ ਮਿਸਾਲ ਪੇਸ਼ ਕਰਦਾ ਹੈ।"

ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਜਿਨ੍ਹਾਂ ਕਬੀਲਿਆਂ ਵਿੱਚ ਇਸ ਉੱਨਤੀ ਰਾਹੀਂ ਇਉਂ ਨੇੜਵੇਂ ਰਿਸ਼ਤੇ ਦੇ ਵਿਆਹਾਂ ਦੀ ਮਨਾਹੀ ਕਰ ਦਿੱਤੀ ਗਈ ਉਹਨਾਂ ਨੇ ਉਹਨਾਂ ਨਾਲ਼ੋਂ ਵਧੇਰੇ ਤੇਜ਼ੀ ਨਾਲ਼ ਅਤੇ ਪੂਰੀ ਤਰ੍ਹਾਂ ਉੱਨਤੀ ਕਰਨੀ ਸੀ ਜਿਨ੍ਹਾਂ ਵਿਚਕਾਰ ਭੈਣਾਂ ਅਤੇ ਭਰਾਵਾਂ ਵਿਚਕਾਰ ਵਿਆਹ ਨੇਮ ਅਤੇ ਕਰਤਵ ਦੋਵੇਂ ਬਣੇ ਰਹੇ ਅਤੇ ਇਸ ਉੱਨਤੀ ਦਾ ਪ੍ਰਭਾਵ ਕਿੰਨੇ ਜ਼ੋਰ ਨਾਲ਼ ਅਨੁਭਵ ਕੀਤਾ ਗਿਆ, ਇਹ **ਗੋਤ** ਦੀ ਸਥਾਪਤੀ ਤੋਂ ਪਤਾ ਲੱਗਦਾ ਹੈ, ਜਿਹੜਾ ਸਿੱਧੀ ਤਰ੍ਹਾਂ ਇਸ ਤੋਂ ਪੈਦਾ ਹੋਇਆ ਅਤੇ ਇਸ ਤੋਂ ਬਹੁਤ ਅੱਗੇ ਨਿਕਲ ਗਿਆ। ਗੋਤ, ਜੇ ਸੰਸਾਰ ਦੇ ਸਭਨਾਂ ਜਾਹਲ ਲੋਕਾਂ ਦੀ ਨਹੀਂ ਤਾਂ ਵਧੇਰੇ ਦੀ ਸਮਾਜੀ ਬਣਤਰ ਦਾ ਆਧਾਰ ਜ਼ਰੂਰ ਸੀ ਅਤੇ ਯੂਨਾਨ ਅਤੇ ਰੋਮ ਵਿੱਚ ਅਸੀਂ ਇਸ ਤੋਂ ਸਿੱਧੇ ਸਭਿਅਤਾ ਵਿੱਚ ਅੱਪੜਦੇ ਹਾਂ।

ਹਰ ਆਦਿ-ਕਾਲੀਨ ਟੱਬਰ ਨੂੰ ਵੱਧ ਤੋਂ ਵੱਧ ਦੋ ਕੁ ਪੀੜ੍ਹੀਆਂ ਪਿੱਛੋਂ ਫਟਣਾ ਪੈਂਦਾ ਸੀ। ਮੁਢਲਾ ਕਮਿਊਨਿਸਟ ਕਿਸਮ ਦਾ ਸਾਂਝਾ ਪਰਿਵਾਰ, ਜਿਹੜਾ ਬਿਨਾਂ ਛੋਟ ਜਹਾਲਤ ਦੇ ਦਰਮਿਆਨੇ ਪੜਾਅ ਤੱਕ ਜਾਰੀ ਰਿਹਾ, ਬਦਲਦੀਆਂ ਪ੍ਰਸਥਿਤੀਆਂ ਅਨੁਸਾਰ, ਪਰ ਹਰ ਇਲਾਕੇ ਵਿੱਚ ਇੱਕ ਚੋਖੀ ਸਪਸ਼ਟ ਹੱਦ ਅੰਦਰ, ਪਰਿਵਾਰਕ ਭਾਈਚਾਰੇ ਦਾ ਵੱਧ ਤੋਂ ਵੱਧ ਆਕਾਰ ਮਿੱਥਦਾ ਸੀ। ਜਿਉਂ ਹੀ ਇੱਕੋਂ ਮਾਂ ਦੇ ਸਾਂਝੇ ਬੱਚਿਆਂ ਵਿਚਕਾਰ ਲਿੰਗ ਭੋਗ ਦੇ

ਅਯੋਗ ਹੋਣ ਦਾ ਵਿਚਾਰ ਪੈਦਾ ਹੋਇਆ, ਇਹਦਾ ਲਾਜ਼ਮੀ ਸਿੱਟਾ ਇਹਨਾਂ ਪੁਰਾਣੀਆਂ ਵੰਡਾਂ ਉੱਤੇ ਪ੍ਰਭਾਵ ਪੈਣਾ ਅਤੇ ਨਵੇਂ ਪਰਿਵਾਰਕ ਭਾਈਚਾਰਿਆਂ ਦੀਆਂ ਸਥਾਪਤੀ ਹੋਣਾ ਸੀ [Hausgemeinden] (ਪਰ, ਜਿਹੜੇ ਲਾਜ਼ਮੀ ਤੌਰ ’ਤੇ ਟੱਬਰ ਦੀ ਟੋਲੀ ਨਾਲ਼ ਸਗਵੇਂ ਨਹੀਂ ਸਨ)। ਭੈਣਾਂ ਦੀਆਂ ਇੱਕ ਜਾਂ ਵੱਧ ਟੋਲੀਆਂ ਇੱਕ ਪਰਿਵਾਰ ਦਾ ਧੁਰਾ ਬਣ ਗਈਆਂ ਅਤੇ ਉਹਨਾਂ ਦੇ ਇੱਕ-ਗਰਭੀ ਭਰਾ ਦੂਜੇ ਦਾ ਧੁਰਾ ਬਣ ਗਏ। ਇਸ ਜਾਂ ਇਹਦੇ ਨਾਲ਼ ਬਹੁਤ ਮਿਲਦੇ-ਜੁਲਦੇ ਕਿਸੇ ਰੂਪ ਵਿੱਚ ਟੱਬਰ ਦੇ ਉਸ ਰੂਪ ਦਾ, ਜਿਸ ਨੂੰ ਮਾਰਗਨ ਪੁਨਾਲੁਆਲਨ ਟੱਬਰ ਕਹਿੰਦਾ ਹੈ, ਸਹਿਗੋਤਰ ਟੱਬਰ ਵਿੱਚੋਂ ਵਿਕਾਸ ਹੋਇਆ। ਹਵਾਈ ਦੇ ਰਿਵਾਜ ਅਨੁਸਾਰ ਕੁੱਝ ਭੈਣਾਂ, ਇੱਕ ਗਰਭੀ ਜਾਂ ਰਿਸ਼ਤੇ ਦੀਆਂ (ਅਰਥਾਤ ਪਹਿਲੀ, ਦੂਜੀ ਜਾਂ ਤੀਜੀ ਜਾਂ ਇਸ ਤੋਂ ਵੱਧ ਦੁਰੇਡੀ ਥਾਵੇਂ ਭੈਣਾਂ) ਆਪਣੇ ਸਾਂਝੇ ਪਤੀਆਂ ਦੀਆਂ ਸਾਂਝੀਆਂ ਪਤਨੀਆਂ ਸਨ, ਪਰ ਇਹਨਾਂ ਪਤੀਆਂ ਵਿੱਚ ਉਹਨਾਂ ਦੇ ਭਰਾ ਸ਼ਾਮਲ ਨਹੀਂ ਸਨ। ਇਹ ਪਤੀ ਇੱਕ ਦੂਜੇ ਨੂੰ ਹੁਣ ਭਰਾ ਕਹਿ ਕੇ ਸੰਬੋਧਨ ਨਾ ਕਰਦੇ —ਜਿਹੜੇ ਅਸਲ ਵਿੱਚ ਹੋਣਾ ਹੁਣ ਉਹਨਾਂ ਲਈ ਲਾਜ਼ਮੀ ਨਹੀਂ ਸੀ ਸਗੋਂ ਪੁਨਾਲੁਆ, ਅਰਥਾਤ ਇੱਕ ਤਰ੍ਹਾਂ ਨੇੜਵਾਂ ਸਾਥੀ, associÈ, ਭਿਆਲ, ਕਹਿ ਕੇ ਸੰਬੋਧਨ ਕਰਦੇ। ਇਸੇ ਤਰ੍ਹਾਂ ਕੁੱਝ ਇੱਕ-ਗਰਭੀ ਜਾਂ ਰਿਸ਼ਤੇ ਦੇ ਭਰਾਵਾਂ ਦੀਆਂ ਸਾਂਝੇ ਵਿਆਹ ਵਿੱਚ ਕੁੱਝ ਇਸਤਰੀਆਂ ਹੁੰਦੀਆਂ ਹਨ, ਜਿਹੜੀਆਂ ਉਹਨਾਂ ਦੀਆਂ ਭੈਣਾਂ **ਨਹੀਂ** ਹੁੰਦੀਆਂ ਅਤੇ ਇਹ ਇਸਤਰੀਆਂ ਇੱਕ ਦੂਜੇ ਨੂੰ ਪੁਨਾਲੁਆ ਕਹਿ ਕੇ ਸੰਬੋਧਨ ਕਰਦੀਆਂ। ਇਹ ਟੱਬਰ ਦੀ ਬਣਤਰ (Familienformation) ਦਾ ਕਲਾਸਿਕੀ ਰੂਪ ਹੈ, ਜਿਸ ਵਿੱਚ ਪਿੱਛੋਂ ਜਾ ਕੇ ਤਬਦੀਲੀਆਂ ਦੀ ਇੱਕ ਪੂਰੀ ਲੜੀ ਆ ਗਈ ਅਤੇ ਜਿਸਦੇ ਲਾਜ਼ਮੀ ਲਖਣਾਇਕ ਲੱਛਣ ਸਨਃ ਟੱਬਰ ਦੇ ਇੱਕ ਸਪਸ਼ਟ ਘੇਰੇ ਅੰਦਰ ਪਤੀਆਂ ਅਤੇ ਪਤਨੀਆਂ ਦਾ ਪ੍ਰਸਪਰ ਸਾਂਝਾ ਹੋਣਾ, ਪਰ, ਇਹਨਾਂ ਵਿੱਚੋਂ ਪਤਨੀਆਂ ਦੇ ਭਰਾ —ਪਹਿਲਾਂ ਇੱਕ-ਗਰਭੀ ਭਰਾ ਅਤੇ ਫੇਰ ਰਿਸ਼ਤੇ ਦੇ ਭਰਾ ਵੀ— ਵੱਖ ਕਰ ਦਿੱਤੇ ਗਏ ਸਨ ਅਤੇ ਇਹੋ ਨਿਯਮ ਇਹਦੇ ਉਲਟੇ ਰੂਪ ਵਿੱਚ ਪਤੀਆਂ ਦੀਆਂ ਭੈਣਾਂ ਉੱਤੇ ਵੀ ਲਾਗੂ ਹੁੰਦਾ।

ਟੱਬਰ ਦਾ ਇਹ ਰੂਪ ਹੁਣ ਸਾਨੂੰ ਅਤਿ-ਅੰਤ ਮੁਕੰਮਲ ਸ਼ੁੱਧਤਾ ਨਾਲ਼ ਸਾਕੇਦਾਰੀ ਦੇ ਉਹ ਦਰਜੇ ਦਿੰਦਾ ਹੈ ਜਿਨ੍ਹਾਂ ਦੀ ਅਮਰੀਕੀ ਪ੍ਰਣਾਲੀ ਵਿੱਚ ਹੋਂਦ ਹੈ। ਮੇਰੀ ਮਾਂ ਦੀਆਂ ਭੈਣਾਂ ਦੇ ਬੱਚੇ ਅਜੇ ਤੱਕ ਮੇਰੀ ਮਾਂ ਦੇ ਬੱਚੇ ਰਹਿੰਦੇ ਹਨ, ਇਸੇ ਤਰ੍ਹਾਂ ਮੇਰੇ ਪਿਤਾ ਦੇ ਭਰਾਵਾਂ ਦੇ ਬੱਚੇ ਮੇਰੇ ਪਿਤਾ ਦੇ ਬੱਚੇ ਰਹਿੰਦੇ ਹਨ ਅਤੇ ਉਹ ਸਾਰੇ ਮੇਰੇ ਭੈਣਾਂ ਅਤੇ ਭਰਾ ਹਨ; ਪਰ ਮੇਰੀ ਮਾਂ ਦੇ ਭਰਾਵਾਂ ਦੇ ਬੱਚੇ ਹੁਣ ਉਹਦੇ ਭਤੀਜੇ ਅਤੇ ਭਤੀਜੀਆਂ ਹਨ, ਮੇਰੇ ਪਿਤਾ ਦੀਆਂ ਭੈਣਾਂ ਦੇ ਬੱਚੇ ਉਹਦੇ ਭਣੇਵੇਂ ਭਣੇਵੀਆਂ ਹਨ ਅਤੇ ਉਹ ਸਾਰੇ ਮੇਰੇ ਰਿਸ਼ਤੇ ਦੇ ਭੈਣ ਭਰਾ ਹਨ ਕਿਉਂਕਿ ਜਿਥੇ ਮੇਰੀ ਮਾਂ ਦੀਆਂ ਭੈਣਾਂ ਦੇ ਪਤੀ ਅਜੇ ਤੱਕ ਉਹਦੇ ਪਤੀ ਹਨ ਅਤੇ ਮੇਰੇ ਪਿਤਾ ਦੇ ਭਰਾਵਾਂ ਦੀਆਂ ਪਤਨੀਆਂ ਅਜੇ ਤੱਕ ਉਹਦੀਆਂ ਪਤਨੀਆਂ ਹਨ —ਹੱਕ ਦੇ ਤੌਰ ’ਤੇ ਭਾਵੇਂ ਯਥਾਰਥ ਵਿੱਚ ਸਦਾ ਅਜਿਹਾ ਨਹੀਂ ਹੁੰਦਾ— ਭੈਣਾਂ ਅਤੇ ਭਰਾਵਾਂ ਵਿੱਚ ਲਿੰਗ ਭੋਗ ਉੱਤੇ ਸਮਾਜੀ ਪਾਬੰਦੀ ਨੇ ਪਹਿਲੀ ਥਾਵੇਂ ਰਿਸ਼ਤੇ ਦੇ ਭੈਣਾਂ ਅਤੇ ਭਰਾਵਾਂ ਨੂੰ, ਜਿਨ੍ਹਾਂ ਨੂੰ ਹੁਣ ਤੱਕ ਬਿਨਾਂ ਕਿਸੇ ਵਿਤਕਰੇ ਦੇ ਭੈਣਾਂ ਅਤੇ ਭਰਾ ਸਮਝਿਆ ਜਾਂਦਾ ਸੀ, ਦੋ ਸ਼੍ਰੇਣੀਆਂ ਵਿੱਚ

ਵੰਡ ਦਿੱਤਾ: ਕੁੱਝ ਪਹਿਲਾਂ ਵਾਂਗ ਹੀ (ਸਹਿਗੋਤਰ) ਭੈਣਾਂ ਅਤੇ ਭਰਾ ਰਹਿੰਦੇ ਹਨ; ਦੂਜੇ, ਇੱਕ ਹੱਥ ਭਰਾਵਾਂ ਦੇ ਬੱਚੇ ਅਤੇ ਦੂਜੇ ਹੱਥ ਭੈਣਾਂ ਦੇ ਬੱਚੇ ਹੁਣ ਭੈਣਾਂ ਅਤੇ ਭਰਾ **ਨਹੀਂ ਹੋ ਸਕਦੇ**, ਉਹਨਾਂ ਦੇ ਸਾਂਝੇ ਮਾਤਾ ਪਿਤਾ, ਪਿਉ, ਮਾਂ ਜਾਂ ਦੋਵੇਂ, ਨਹੀਂ ਹੋ ਸਕਦੇ, ਇਸੇ ਲਈ ਭਤੀਜੇ ਭਤੀਜੀਆਂ ਅਤੇ ਭਣੇਵੇਂ ਭਣੇਵੀਆਂ, ਨਰ ਅਤੇ ਮਦੀਨ ਰਿਸ਼ਤੇ ਦੇ ਭੈਣਾਂ ਅਤੇ ਭਰਾ —ਜਿਹੜੇ ਟੱਬਰ ਦੀ ਪਿਛਲੀ ਪ੍ਰਣਾਲੀ ਵਿੱਚ ਅਰਥਹੀਣ ਹੁੰਦੇ— ਹੁਣ ਪਹਿਲੀ ਵਾਰ ਲੋੜੀਂਦੇ ਹੋ ਜਾਂਦੇ ਹਨ। ਸਹਿਗੋਤਰਤਾ ਦੀ ਅਮਰੀਕੀ ਪ੍ਰਣਾਲੀ ਦੀ, ਜਿਹੜੀ ਵਿਅਕਤੀਗਤ ਵਿਆਹ ਦੀ ਕਿਸੇ ਕਿਸਮ ਉੱਤੇ ਆਧਾਰਤ ਟੱਬਰ ਦੇ ਹਰ ਰੂਪ ਅਨੁਸਾਰ ਉੱਕਾ ਹੀ ਵਾਹਯਾਤ ਜਾਪਦੀ ਹੈ, ਪੁਨਾਲੁਆਲਨ ਟੱਬਰ ਇਹਦੇ ਅਖ਼ੀਰੀ ਵਿਸਥਾਰ ਤੱਕ ਇਹਦੀ ਤਰਕ ਅਨੁਸਾਰ ਵਿਆਖਿਆ ਕਰ ਦਿੰਦਾ ਹੈ ਅਤੇ ਇਹਨੂੰ ਹੱਕੀ ਠਹਿਰਾ ਦਿੰਦਾ ਹੈ। ਜਿਸ ਹੱਦ ਤੱਕ ਸਹਿਗੋਤਰਤਾ ਦੀ ਇਹ ਪ੍ਰਣਾਲੀ ਪ੍ਰਚਲਤ ਸੀ, ਘੱਟੋ ਘੱਟ, ਐਨ ਉਸੇ ਹੱਦ ਤੱਕ, ਪੁਨਾਲੁਆਲਨ ਟੱਬਰ, ਜਾਂ ਇਹਦੇ ਨਾਲ਼ ਮਿਲਦੇ-ਜੁਲਦੇ ਕਿਸੇ ਹੋਰ ਰੂਪ ਦੀ ਹੋਂਦ ਜ਼ਰੂਰ ਹੀ ਰਹੀ ਹੋਣੀ ਹੈ।

ਟੱਬਰ ਦਾ ਇਹ ਰੂਪ ਹਵਾਈ ਵਿੱਚ ਸੱਚ-ਮੁਚ ਪ੍ਰਚਲਤ ਵਿਖਾਇਆ ਜਾ ਸਕਦਾ ਸੀ ਅਤੇ ਸ਼ਾਇਦ ਸਾਰੇ ਪਾਲੀਨੇਸ਼ੀਆ ਵਿੱਚ ਵਿਖਾਏ ਜਾ ਸਕਣ ਯੋਗ ਹੁੰਦਾ ਜੇ ਦੀਨਦਾਰ ਈਸਾਈ ਮਿਸ਼ਨਰੀਆਂ ਨੂੰ —ਅਮਰੀਕਾ ਦੇ ਕਿਸੇ ਸਮੇਂ ਸਪੇਨੀ ਭਿਕਸ਼ੂ ਵਾਂਗ ਹੀ— ਇਹਨਾਂ ਅਣ-ਇਸਾਈ ਸਬੰਧਾਂ ਵਿੱਚ ਕੇਵਲ "ਕਾਲ਼ੀ ਕਰਤੂਤ" ਤੋਂ ਬਿਨਾਂ ਕੁੱਝ ਹੋਰ ਦਿਸਿਆ ਹੁੰਦਾ।* ਜਦੋਂ ਸੀਜ਼ਰ ਸਾਨੂੰ ਬ੍ਰਿਟੇਨਾਂ (ਬਰਤਾਨੀਆ ਦੇ ਆਦਿ-ਵਾਸੀਆਂ —**ਅਨੁ**.) ਸਬੰਧੀ, ਜਿਹੜੇ ਉਸ ਸਮੇਂ ਜਹਾਲਤ ਦੇ ਦਰਮਿਆਨੇ ਪੜਾਅ ਉੱਤੇ ਸਨ, ਇਹ ਦੱਸਦਾ ਹੈ ਕਿ, "ਦਸਾਂ ਦਸਾਂ ਬਾਰ੍ਹਾਂ ਬਾਰ੍ਹਾਂ ਦੀਆਂ ਟੋਲੀਆਂ ਵਿੱਚ ਉਹਨਾਂ ਦੀਆਂ ਪਤਨੀਆਂ ਸਾਂਝੀਆਂ ਹੁੰਦੀਆਂ ਸਨ ਅਤੇ ਅਜਿਹੀ ਸਾਂਝ ਵਧੇਰੇ ਭਰਾਵਾਂ ਦੀ ਭਰਾਵਾਂ ਨਾਲ਼ ਅਤੇ ਮਾਤਾ ਪਿਤਾ ਦੀ ਬੱਚਿਆਂ ਨਾਲ਼ ਹੁੰਦੀ ਸੀ", ਤਾਂ ਇਹਦੀ ਸਭ ਤੋਂ ਚੰਗੀ ਵਿਆਖਿਆ ਟੋਲੀ ਵਿਆਹ ਰਾਹੀਂ ਹੁੰਦੀ ਹੈ। ਜਹਾਲਤ ਦੇ ਜ਼ਮਾਨੇ ਦੀਆਂ ਮਾਵਾਂ ਦੇ ਦਸ ਜਾਂ ਬਾਰ੍ਹਾਂ ਪੁੱਤਰ ਏਨੀ ਉਮਰ ਦੇ ਨਹੀਂ ਸਨ ਹੁੰਦੇ ਕਿ ਉਹਨਾਂ ਦੀਆਂ ਪਤਨੀਆਂ ਸਾਂਝੀਆਂ ਹੋਣ ਪਰ ਸਹਿਗੋਤਰਤਾ ਦੀ ਅਮਰੀਕੀ ਪ੍ਰਣਾਲੀ, ਜਿਹੜੀ ਪੁਨਾਲੁਆਲਨ ਟੱਬਰ ਦੀ ਅਨੁਸਾਰੀ ਹੈ, ਕਈ ਭਰਾ ਪੈਦਾ ਕਰ ਦੇਂਦੀ ਹੈ ਕਿਉਂਕਿ

* ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਅਭੇਦ ਲਿੰਗ ਭੋਗ ਦੀਆਂ ਬਾਕੀ ਰਹੀਆਂ ਨਿਸ਼ਾਨੀਆਂ, ਉਹਦਾ ਅਖੌਤੀ "ਪਾਪ ਦਾ ਸੰਕਲਪ" ìsumpfzeugungî, ਜਿਹੜਾ ਬਾਖ਼ੋਫ਼ੇਨ ਸਮਝਦਾ ਹੈ ਕਿ ਉਹਨੇ ਲੱਭਿਆ ਹੈ, ਪਿੱਛੇ ਟੋਲੀ ਵਿਆਹ ਵੱਲ ਜਾਂਦੀਆਂ ਹਨ। "ਜੇ ਬਾਖ਼ੋਫ਼ੇਨ ਇਹਨਾਂ ਪੁਨਾਲੁਆਲਨ ਵਿਆਹਾਂ ਨੂੰ 'ਗ਼ੈਰ-ਕਾਨੂੰਨੀ' ਸਮਝਦਾ ਹੈ ਤਾਂ ਉਸ ਸਮੇਂ ਦਾ ਮਨੁੱਖ ਮਾਂ ਜਾਂ ਪਿਉ ਵੱਲੋਂ ਨੇੜਵੇਂ ਜਾਂ ਦੁਰਾਡੇ ਭੈਣਾਂ ਅਤੇ ਭਰਾਵਾਂ ਵਿਚਕਾਰ ਅਜੋਕੇ ਵਿਆਹਾਂ ਨੂੰ, ਵਰਜਿਤ ਲਿੰਗ ਭੋਗ ਦੇ ਘੇਰੇ ਵਿੱਚ, ਅਰਥਾਤ ਸਹਿਗੋਤਰ ਭੈਣਾਂ ਅਤੇ ਭਰਾਵਾਂ ਵਿਚਕਾਰ ਵਿਆਹ ਵਾਂਗ ਸਮਝੇਗਾ।" (ਮਾਰਕਸ) (ਮਾਰਕਸ ਅਤੇ ਏਂਗਲਜ਼, ਮੁਖ਼ਾਫ਼ਜ਼ਖ਼ਾਨਾ, ਸੈਂਚੀ 9, ਪੰਨਾ 187। —**ਸੰਪਾ**.)

ਕਿਸੇ ਵੀ ਮਰਦ ਦੇ ਸਭੇ ਨੇੜੇ ਅਤੇ ਦੂਰ ਦੇ ਰਿਸ਼ਤੇ ਦੇ ਭਰਾ, ਭਰਾ ਹਨ। "ਮਾਤਾ ਪਿਤਾ ਦੀ ਬੱਚਿਆਂ ਨਾਲ਼" ਸੀਜ਼ਰ ਦੀ ਗ਼ਲਤੀ ਜਾਪਦੀ ਹੈ; ਪਰ ਇਹ ਪ੍ਰਣਾਲੀ ਪਿਉ ਅਤੇ ਪੁੱਤਰ ਜਾਂ ਮਾਂ ਅਤੇ ਧੀ ਦੇ ਇੱਕੋ ਹੀ ਵਿਆਹੀ ਟੋਲੀ ਵਿੱਚ ਹੋਣ ਦੀ ਸੰਭਾਵਨਾ ਨੂੰ ਉੱਕਾ ਹੀ ਰੱਦ ਨਹੀਂ ਕਰਦੀ ਪਰ ਇਹ ਪਿਉ ਅਤੇ ਧੀ ਜਾਂ ਮਾਂ ਅਤੇ ਪੁੱਤਰ ਦੇ ਇੱਕੋ ਟੋਲੀ ਵਿੱਚ ਹੋਣ ਦੀ ਸੰਭਾਵਨਾ ਨੂੰ ਉੱਕਾ ਹੀ ਰੱਦ ਕਰਦੀ ਹੈ। ਇਸੇ ਤਰ੍ਹਾਂ, ਇਹ ਜਾਂ ਟੋਲੀ ਵਿਆਹ ਦਾ ਕੋਈ ਹੋਰ ਰੂਪ ਹੀਰੋਡਾਟਸ ਅਤੇ ਹੋਰ ਪ੍ਰਾਚੀਨ ਲੇਖਕਾਂ ਵੱਲੋਂ ਵਹਿਸ਼ੀ ਅਤੇ ਜਾਹਲ ਲੋਕਾਂ ਵਿਚਕਾਰ ਪਤਨੀਆਂ ਸਾਂਝੀਆਂ ਹੋਣ ਸਬੰਧੀ ਲਿਖਤਾਂ ਦੀ ਸਭ ਤੋਂ ਸਾਦਾ ਵਿਆਖਿਆ ਪੇਸ਼ ਕਰਦਾ ਹੈ। ਇਹੋ ਵਰਨਣ ਅਵਧ (ਗੰਗਾ ਦੇ ਉੱਤਰ) ਦੇ ਟਿਕੁਰਾਂ ਸਬੰਧੀ ਵੀ ਲਾਗੂ ਹੁੰਦਾ ਹੈ ਜਿਨ੍ਹਾਂ ਸਬੰਧੀ ਵਾਟਸਨ ਅਤੇ ਕੇ ਨੇ ਆਪਣੀ ਪੁਸਤਕ ìThe People of Indiaî ("ਹਿੰਦ ਦੇ ਲੋਕ") ਵਿੱਚ ਲਿਖਿਆ ਹੈ:

> "ਉਹ ਲਗਭਗ ਅਭੇਦ ਤੌਰ 'ਤੇ (ਅਰਥਾਤ ਲਿੰਗ ਸਬੰਧਾਂ ਦੇ ਪੱਖੋਂ) ਵੱਡੇ ਭਾਈਚਾਰਿਆਂ ਵਿੱਚ ਇਕੱਠੇ ਰਹਿੰਦੇ ਹਨ ਅਤੇ ਜਦੋਂ ਦੋ ਜੀਵਾਂ ਨੂੰ ਵਿਆਹਿਆ ਹੋਇਆ ਗਿਣਿਆ ਜਾਂਦਾ ਹੈ ਤਾਂ ਇਹ ਸਬੰਧ ਬਸ ਨਾਂ ਦਾ ਹੀ ਹੁੰਦਾ ਹੈ।"

ਬਹੁਤ ਵੱਡੀ ਬਹੁ-ਗਿਣਤੀ ਹਾਲਤਾਂ ਵਿੱਚ **ਗੋਤ** ਸਿੱਧਾ ਪੁਨਾਲੁਆਲਨ ਟੱਬਰ ਵਿੱਚੋਂ ਉਪਜਿਆ ਜਾਪਦਾ ਹੈ। ਨਿਸ਼ਚੇ ਹੀ, ਆਸਟ੍ਰੇਲਵੀ ਵਰਗ ਪ੍ਰਣਾਲੀ ਵੀ ਇਹਦੇ ਆਦਿ ਦਾ ਨੁਕਤਾ ਪੇਸ਼ ਕਰਦੀ ਜਾਪਦੀ ਹੈ[12]: ਆਸਟ੍ਰੇਲੀਅਨਾਂ ਵਿੱਚ ਗੋਤ ਹਨ, ਪਰ ਉਹਨਾਂ ਵਿੱਚ ਅਜੇ ਤੱਕ ਪੁਨਾਲੁਆਲਨ ਟੱਬਰ ਨਹੀਂ; ਉਹਨਾਂ ਵਿੱਚ ਟੋਲੀ ਵਿਆਹ ਦਾ ਇੱਕ ਵਧੇਰੇ ਅਨਘੜ ਰੂਪ ਹੈ।

ਟੋਲੀ ਵਿਆਹ ਦੇ ਹਰ ਰੂਪ ਵਿੱਚ ਇਹ ਗੱਲ ਗ਼ੈਰ-ਯਕੀਨੀ ਹੈ ਕਿ ਬੱਚੇ ਦਾ ਪਿਤਾ ਕੌਣ ਹੈ, ਪਰ ਇਹ ਯਕੀਨੀ ਹੁੰਦਾ ਹੈ ਕਿ ਮਾਂ ਕੌਣ ਹੈ। ਭਾਵੇਂ ਉਹ ਇਸ ਸਮੂਹਿਕ ਟੱਬਰ ਦੇ **ਸਭਨਾਂ** ਬੱਚਿਆਂ ਨੂੰ ਆਪਣੇ ਬੱਚੇ ਕਹਿੰਦੀ ਹੈ ਅਤੇ ਉਹਦੇ ਸਿਰ ਇਹਨਾਂ ਬੱਚਿਆਂ ਸਬੰਧੀ ਮਾਂ ਵਾਲ਼ੀਆਂ ਜ਼ਿਮੇਵਾਰੀਆਂ ਆਉਂਦੀਆਂ ਹਨ, ਪਰ ਉਹ ਆਪਣੇ ਗਰਭੀ ਬੱਚਿਆਂ ਨੂੰ ਬਾਕੀ ਬੱਚਿਆਂ ਤੋਂ ਵੱਖਰਾ ਜਾਣਦੀ ਹੈ। ਇਸ ਲਈ ਇਹ ਸਪਸ਼ਟ ਹੈ ਕਿ ਜਿਥੇ ਕਿਧਰੇ ਟੋਲੀ ਵਿਆਹ ਦੀ ਹੋਂਦ ਹੈ ਉੱਥੇ ਪੀੜ੍ਹੀ ਕੇਵਲ **ਮਾਤਰੀ** ਪੱਖ ਵਿੱਚ ਹੀ ਲੱਭੀ ਜਾ ਸਕਦੀ ਹੈ ਅਤੇ ਸੋ ਕੇਵਲ **ਮਦੀਨ ਲੀਹ** ਹੀ ਪ੍ਰਵਾਨ ਕੀਤੀ ਜਾਂਦੀ ਹੈ। ਅਸਲ ਵਿੱਚ ਸਭਨਾਂ ਵਹਿਸ਼ੀ ਲੋਕਾਂ ਅਤੇ ਜਹਾਲਤ ਦੇ ਹੇਠਲੇ ਪੜਾਅ ਉਤੇ ਖੜੇ ਸਭਨਾਂ ਲੋਕਾਂ ਵਿੱਚ ਇਹੋ ਹਾਲਤ ਹੈ; ਅਤੇ ਇਹ ਬਾਖ਼ੋਫ਼ੇਨ ਦੀ ਦੂਜੀ ਵੱਡੀ ਪ੍ਰਾਪਤੀ ਹੈ ਕਿ ਉਹਨੇ ਸਭ ਤੋਂ ਪਹਿਲਾਂ ਇਹ ਗੱਲ ਲੱਭੀ। ਉਹ ਕੇਵਲ ਮਾਂ ਵੱਲੋਂ ਲੀਹ ਅਤੇ ਸਮਾਂ ਪਾ ਕੇ ਇਸ ਤੋਂ ਪੈਦਾ ਹੋਏ ਵਿਰਾਸਤ ਦੇ ਹੱਕ ਨੂੰ ਮਾਤਰੀ ਹੱਕ ਕਹਿੰਦਾ ਹੈ। ਮੈਂ ਸੰਖੇਪਤਾ ਦੀ ਖ਼ਾਤਰ ਇਹ ਸ਼ਬਦਾਵਲੀ ਕਾਇਮ ਰੱਖੀ ਹੈ। ਪਰ ਇਹ ਕੋਈ ਚੰਗੀ ਚੋਣ ਨਹੀਂ ਕਿਉਂਕਿ ਇਸ ਸਮਾਜੀ ਪੜਾਅ ਉੱਤੇ ਕਾਨੂੰਨੀ ਅਰਥਾਂ ਵਿੱਚ ਹੱਕ ਜਿਹੀ ਕੋਈ ਸ਼ੈਅ ਨਹੀਂ ਸੀ।

ਹੁਣ ਜੇ ਅਸੀਂ ਪੁਨਾਲੁਆਲਨ ਟੱਬਰ ਤੋਂ ਦੋ ਲੱਛਣੀ ਰੂਪਾਂ ਵਿਚੋਂ ਇੱਕ ਨੂੰ ਲਈਏ—

ਅਰਥਾਤ ਉਹ ਜਿਸ ਵਿੱਚ ਇੱਕ-ਗਰਭੀ ਜਾਂ ਰਿਸ਼ਤੇ ਦੀਆਂ ਭੈਣਾਂ ਦੀ (ਅਰਥਾਤ ਉਹਨਾਂ ਦੀ ਜਿਹੜੀਆਂ ਇੱਕ-ਗਰਭੀ ਭੈਣਾਂ ਦੀ ਪਹਿਲੀ, ਦੂਜੀ ਜਾਂ ਵਧੇਰੇ ਦੁਰੇਡੀ ਥਾਂ ਵਿੱਚ ਔਲਾਦ ਹਨ), ਆਪਣੇ ਬੱਚਿਆਂ ਅਤੇ ਮਾਂ ਵੱਲੋਂ ਆਪਣੇ ਇੱਕ-ਗਰਭੀ ਅਤੇ ਰਿਸ਼ਤੇ ਦੇ ਭਰਾਵਾਂ ਸਮੇਤ (ਜਿਹੜੇ ਸਾਡੇ ਆਧਾਰ ਅਨੁਸਾਰ ਉਹਨਾਂ ਦੇ ਪਤੀ **ਨਹੀਂ**), ਤਾਂ ਸਾਨੂੰ ਲੋਕਾਂ ਦਾ ਐਨ ਉਹ ਘੇਰਾ ਪ੍ਰਾਪਤ ਹੋ ਜਾਂਦਾ ਹੈ, ਜਿਹੜਾ ਪਿੱਛੋਂ ਜਾ ਕੇ ਇਸ ਸੰਸਥਾ ਦੇ ਮੂਲ ਰੂਪ ਵਿੱਚ ਇੱਕ ਗੋਤ ਦੇ ਬੰਦਿਆਂ ਵਜੋਂ ਸਾਹਮਣੇ ਆਉਂਦਾ ਹੈ। ਉਹਨਾਂ ਸਾਰਿਆਂ ਦੀ ਇੱਕ ਵਡੇਰੀ ਸੀ, ਜਿਸਦੀ ਮਦੀਨ ਆਲ, ਪੀੜ੍ਹੀਓ ਪੀੜ੍ਹੀ, ਉਸ ਤੋਂ ਉਤਪਨ ਹੋਣ ਕਾਰਨ, ਭੈਣਾਂ ਹਨ। ਪਰ ਇਹਨਾਂ ਭੈਣਾਂ ਦੇ ਪਤੀ ਹੁਣ ਉਹਨਾਂ ਦੇ ਭਰਾ ਨਹੀਂ ਹੋ ਸਕਦੇ, ਅਰਥਾਤ ਉਸ ਵਡੇਰੀ ਦੀ ਔਲਾਦ ਨਹੀਂ ਹੋ ਸਕਦੇ ਅਤੇ ਇਸ ਲਈ ਇਸ ਸਹਿਗੋਤਰ ਟੋਲੀ ਦੇ, ਜਿਹੜੀ ਪਿੱਛੋਂ ਜਾ ਕੇ ਗੋਤ ਬਣੀ, ਜੀਅ ਨਹੀਂ ਹੋ ਸਕਦੇ; ਪਰ ਉਹਨਾਂ ਦੇ ਬੱਚੇ ਇਸੇ ਗੋਤ ਦੇ ਹੁੰਦੇ ਹਨ ਕਿਉਂਕਿ ਪੀੜ੍ਹੀ ਕੇਵਲ ਮਾਂ ਵੱਲੋਂ ਨਿਰਣਾਇਕ ਹੈ ਕਿਉਂਕਿ ਕੇਵਲ ਇਹੋ ਹੀ ਨਿਸ਼ਚਿਤ ਹੈ। ਜਦੋਂ ਇੱਕ ਵਾਰ ਮਾਂ ਵੱਲੋਂ ਅਤਿ-ਅੰਤ ਦੁਰੇਡੇ ਰਿਸ਼ਤੇ ਦੇ ਭੈਣਾਂ ਅਤੇ ਭਰਾਵਾਂ ਸਮੇਤ ਸਭਨਾਂ ਭੈਣਾਂ ਅਤੇ ਭਰਾਵਾਂ ਵਿਚਕਾਰ ਲਿੰਗ ਭੋਗ ਉੱਤੇ ਪਾਬੰਦੀ ਸਥਾਪਤ ਹੋ ਜਾਂਦੀ ਹੈ ਤਾਂ ਉਪਰੋਕਤ ਟੋਲੀ ਗੋਤ ਵਿੱਚ ਤਬਦੀਲ ਹੋ ਜਾਂਦੀ ਹੈ —ਅਰਥਾਤ ਇਹ ਆਪਣੇ ਆਪ ਨੂੰ ਮਦੀਨ ਲੀਹ ਅਨੁਸਾਰ ਸਖ਼ਤੀ ਨਾਲ਼ ਸੀਮਤ ਖ਼ੂਨ ਦੇ ਰਿਸ਼ਤੇਦਾਰਾਂ ਦੇ ਘੇਰੇ ਵਿੱਚ ਤਬਦੀਲ ਕਰ ਲੈਂਦੀ ਹੈ, ਜਿਨ੍ਹਾਂ ਨੂੰ ਆਪੋ ਵਿੱਚ ਵਿਆਹ ਕਰਨ ਦੀ ਇਜਾਜ਼ਤ ਨਹੀਂ; ਹੁਣ ਤੋਂ ਇਹ ਸਮਾਜੀ ਅਤੇ ਧਾਰਮਿਕ ਖ਼ਾਸੇ ਦੀਆਂ ਹੋਰ ਸਾਂਝੀਆਂ ਸੰਸਥਾਵਾਂ ਰਾਹੀਂ ਆਪਣੇ ਆਪ ਨੂੰ ਸਦਾ ਵਧੇਰੇ ਮਜ਼ਬੂਤ ਬਣਾ ਲੈਂਦੀ ਹੈ ਅਤੇ ਆਪਣੇ ਆਪ ਨੂੰ ਉਸੇ ਕਬੀਲੇ ਦੇ ਹੋਰਨਾਂ ਗੋਤਾਂ ਤੋਂ ਵੱਖ ਕਰਦੀ ਹੈ। ਅਸੀਂ ਅੱਗੇ ਚੱਲਕੇ ਇਹਨੂੰ ਵਿਸਥਾਰ ਨਾਲ਼ ਲਵਾਂਗੇ। ਪਰ ਜੇ ਅਸੀਂ ਇਹ ਵੇਖੀਏ ਕਿ ਗੋਤ ਜ਼ਰੂਰੀ ਹੀ ਨਹੀਂ ਸਗੋਂ ਸਪਸ਼ਟ ਤੌਰ ਉਤੇ ਪੁਨਾਲੁਆਲਨ ਟੱਬਰ ਵਿੱਚੋਂ ਵਿਕਸਤ ਹੋਏ ਹਨ ਤਾਂ ਇਸ ਗੱਲ ਨੂੰ ਲਗ ਭਗ ਪਕੇਜ ਦੇ ਤੌਰ ’ਤੇ ਫ਼ਰਜ਼ ਕਰਨ ਲਈ ਕਾਰਨ ਹੈ ਕਿ ਪਹਿਲੀਆਂ ਵਿੱਚ ਉਹਨਾਂ ਸਭਨਾਂ ਲੋਕਾਂ ਅੰਦਰ, ਜਿਨ੍ਹਾਂ ਵਿੱਚ ਗੋਤਰੀ ਸੰਸਥਾਵਾਂ ਵੇਖੀਆਂ ਜਾ ਸਕਦੀਆਂ ਹਨ —ਅਰਥਾਤ ਸਭਨਾਂ ਜਾਹਲ ਅਤੇ ਸਭਿਆ ਲੋਕਾਂ ਵਿੱਚ— ਟੱਬਰ ਦੇ ਅਜਿਹੇ ਰੂਪ ਦੀ ਹੋਂਦ ਸੀ।

ਜਿਸ ਸਮੇਂ ਮਾਰਗਨ ਨੇ ਆਪਣੀ ਕਿਤਾਬ ਲਿਖੀ, ਟੋਲੀ ਵਿਆਹ ਸਬੰਧੀ ਸਾਡੀ ਵਾਕਫ਼ੀ ਅਜੇ ਬਹੁਤ ਜ਼ਿਆਦਾ ਸੀਮਤ ਸੀ। ਆਸਟ੍ਰੇਲੀਆ ਦੇ ਲੋਕਾਂ ਵਿੱਚ, ਜਿਹੜੇ ਸ਼੍ਰੇਣੀਆਂ ਅਨੁਸਾਰ ਜਥੇਬੰਦ ਸਨ, ਪ੍ਰਚਲਤ ਟੋਲੀ ਵਿਆਹਾਂ ਸਬੰਧੀ ਕੁੱਝ ਵਾਕਫ਼ੀ ਸੀ ਅਤੇ ਇਸ ਤੋਂ ਵੱਧ 1871 ਵਿੱਚ ਹੀ ਮਾਰਗਨ ਨੇ ਹਵਾਈ ਦੇ ਪੁਨਾਲੁਆਲਨ ਟੱਬਰ ਸਬੰਧੀ ਉਹ ਵਾਕਫ਼ੀ ਛਾਪੀ ਜਿਹੜੀ ਉਹਦੇ ਤੱਕ ਅਪੜੀ। ਇੱਕ ਹੱਥ, ਪੁਨਾਲੁਆਲਨ ਟੱਬਰ ਸਹਿਗੋਤਰਤਾ ਦੀ ਉਸ ਪ੍ਰਣਾਲੀ ਲਈ, ਜਿਹੜੀ ਅਮਰੀਕੀ ਇੰਡੀਅਨਾਂ ਵਿੱਚ ਪ੍ਰਚਲਤ ਸੀ, ਮੁਕੰਮਲ ਵਿਆਖਿਆ ਪੇਸ਼ ਕਰਦਾ ਸੀ —ਇਹ ਉਹ ਪ੍ਰਣਾਲੀ ਸੀ ਜਿਹੜੀ ਮਾਰਗਨ ਦੀਆਂ ਕੁੱਲ ਖੋਜਾਂ ਦਾ ਮੁੱਢ ਸੀ; ਦੂਜੇ ਹੱਥ ਇਹ ਮਾਤਰੀ ਹੱਕ ਗੋਤ ਦੀ ਉਤਪਤੀ ਲਈ ਸ਼ੁਰੂ ਹੋਣ ਲਈ

ਠੀਕ ਨੁਕਤਾ ਵੀ ਬਣਦਾ ਸੀ ਅਤੇ ਅੰਤ ਆਸਟ੍ਰੇਲੀਆਈ ਸ਼੍ਰੇਣੀਆਂ ਤੋਂ ਵਿਕਾਸ ਦੀ ਉਚੇਰੀ ਪੱਧਰ ਦਾ ਪ੍ਰਤਿਨਿੱਧ ਸੀ। ਇਸ ਲਈ ਇਹ ਗੱਲ ਸਮਝ ਆਉਣ ਵਾਲ਼ੀ ਹੈ ਕਿ ਮਾਰਗਨ ਪੁਨਾਲੁਅਲਨ ਟੱਬਰ ਨੂੰ ਜੋੜੇ ਟੱਬਰ ਤੋਂ ਪਹਿਲਾਂ ਵਿਕਾਸ ਦਾ ਇੱਕ ਲਾਜ਼ਮੀ ਪੜਾਅ ਸਮਝੇ ਅਤੇ ਇਹ ਫ਼ਰਜ਼ ਕਰ ਲਵੇ ਕਿ ਪਹਿਲੀਆਂ ਵਿੱਚ ਇਹ ਆਮ ਤੌਰ 'ਤੇ ਪ੍ਰਚਲਤ ਸੀ। ਉਸ ਤੋਂ ਪਿੱਛੋਂ ਸਾਨੂੰ ਟੋਲੀ ਵਿਆਹ ਦੇ ਕਈ ਹੋਰ ਰੂਪਾਂ ਦਾ ਪਤਾ ਲੱਗਾ ਹੈ ਅਤੇ ਹੁਣ ਅਸੀਂ ਜਾਣਦੇ ਹਾਂ ਕਿ ਮਾਰਗਨ ਬਹੁਤ ਅੱਗੇ ਚਲਾ ਗਿਆ ਸੀ। ਪਰ ਇਹ ਉਹਦੇ ਚੰਗੇ ਭਾਗ ਸਨ ਕਿ ਉਹਨੂੰ ਆਪਣੇ ਪੁਨਾਲੁਆਲਨ ਟੱਬਰ ਦੇ ਰੂਪ ਵਿੱਚ ਟੋਲੀ ਵਿਆਹ ਦਾ ਸਰਵਉੱਚ, ਕਲਾਸਿਕੀ ਰੂਪ ਮਿਲਿਆ, ਇੱਕ ਅਜਿਹਾ ਰੂਪ ਜਿਸ ਤੋਂ ਉਚੇਰੇ ਪੜਾਅ ਵੱਲ ਤਬਦੀਲੀ ਦੀ ਸੌਖੇ ਹੀ ਵਿਆਖਿਆ ਕੀਤੀ ਜਾ ਸਕਦੀ ਹੈ।

ਅਸੀਂ ਟੋਲੀ ਵਿਆਹ ਸਬੰਧੀ ਆਪਣੇ ਗਿਆਨ ਨੂੰ ਅਤਿ-ਅੰਤ ਜ਼ਰੂਰੀ ਢੰਗ ਨਾਲ਼ ਭਰਪੂਰ ਕਰਨ ਲਈ ਅੰਗ੍ਰੇਜ਼ ਮਿਸ਼ਨਰੀ ਲਾਰੀਮਰ ਫ਼ਿਸਨ ਦੇ ਰਿਣੀ ਹਾਂ, ਜਿਸਨੇ ਵਿਆਹ ਦੇ ਇਸ ਰੂਪ ਦਾ ਇਹਦੇ ਕਲਾਸਿਕੀ ਵਤਨ, ਆਸਟ੍ਰੇਲੀਆ ਵਿੱਚ ਵਰ੍ਹਿਆਂ-ਬੱਧੀ ਅਧਿਐਨ ਕੀਤਾ। ਉਹਨੇ ਦੱਖਣੀ ਆਸਟ੍ਰੇਲੀਆ ਵਿੱਚ ਗੈਂਬੀਅਰ ਪਹਾੜ ਦੇ ਆਸਟ੍ਰੇਲੀਆਈ ਹਬਸ਼ੀਆਂ ਵਿਚਕਾਰ ਇਹਦੇ ਵਿਕਾਸ ਦਾ ਸਭ ਤੋਂ ਨੀਵਾਂ ਰੂਪ ਵੇਖਿਆ। ਇੱਥੇ ਪੂਰਾ ਕਬੀਲਾ ਦੋ ਮਹਾਨ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਹੈ —ਕਰੋਕੀ ਅਤੇ ਕੁਮਿਤੇ। ਇਹਨਾਂ ਦੋਹਾਂ ਸ਼੍ਰੇਣੀਆਂ ਦੇ ਅੰਦਰ ਲਿੰਗ ਭੋਗ ਦੀ ਸਖ਼ਤੀ ਨਾਲ਼ ਮਨਾਹੀ ਹੈ; ਪਰ ਦੂਜੇ ਹੱਥ, ਇੱਕ ਸ਼੍ਰੇਣੀ ਦਾ ਹਰ ਮਰਦ ਦੂਜੀ ਸ਼੍ਰੇਣੀ ਦੀ ਹਰ ਇਸਤਰੀ ਦਾ ਜਮਾਂਦਰੂ ਪਤੀ ਹੈ ਅਤੇ ਉਹ ਉਹਦੀ ਜਮਾਂਦਰੂ ਪਤਨੀ ਹੈ। ਵਿਅਕਤੀ ਨਹੀਂ ਸਗੋਂ ਪੂਰੀਆਂ ਟੋਲੀਆਂ ਇੱਕ ਦੂਜੇ ਨਾਲ਼ ਵਿਆਹੀਆਂ ਹਨ; ਸ਼੍ਰੇਣੀ ਸ਼੍ਰੇਣੀ ਨਾਲ਼ ਵਿਆਹੀ ਹੋਈ ਹੈ ਅਤੇ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਉਮਰ ਦੇ ਫ਼ਰਕ ਜਾਂ ਵਿਸ਼ੇਸ਼ ਖ਼ੂਨ ਦੇ ਰਿਸ਼ਤੇ ਸਬੰਧੀ ਕੋਈ ਵਖਰੇਵੇਂ ਨਹੀਂ ਕੀਤੇ ਜਾਂਦੇ, ਸਿਵਾਏ ਉਹਨਾਂ ਦੇ ਜਿਹੜੇ ਦੋ ਗੋਤਾਂਤਰ ਸ਼੍ਰੇਣੀਆਂ ਵਿੱਚ ਵੰਡ ਰਾਹੀਂ ਮਿੱਥੇ ਜਾਂਦੇ ਹਨ। ਇੱਕ ਕਰੋਕੀ ਹੱਕੀ ਤੌਰ 'ਤੇ ਹਰ ਕੁਮਿਤੇ ਇਸਤਰੀ ਨੂੰ ਪਤਨੀ ਵਜੋਂ ਲੈ ਸਕਦਾ ਹੈ ਅਤੇ ਕਿਉਂਕਿ ਇੱਕ ਕੁਮਿਤੇ ਇਸਤਰੀ ਤੋਂ ਉਹਦੀ ਆਪਣੀ ਧੀ ਵੀ, ਮਾਤਰੀ ਹੱਕ ਅਨੁਸਾਰ, ਕੁਮਿਤੇ ਹੈ, ਇਸ ਲਈ ਉਹ, ਆਪਣੇ ਪਿਉ ਸਮੇਤ, ਹਰ ਕਰੋਕੀ ਦੀ ਜਮਾਂਦਰੂ ਪਤਨੀ ਹੈ। ਭਾਵੇਂ ਕੁੱਝ ਵੀ ਹੋਵੇ, ਜਿਹਾ ਕਿ ਅਸੀਂ ਜਾਣਦੇ ਹਾਂ, ਸ਼੍ਰੇਣੀ ਜਥੇਬੰਦੀ ਇੱਥੇ ਕੋਈ ਰੋਕ ਨਹੀਂ ਲਾਉਂਦੀ। ਇਸ ਲਈ, ਇਹ ਜਥੇਬੰਦੀ ਜਾਂ ਤਾਂ ਇੱਕ ਅਜਿਹੇ ਸਮੇਂ ਹੋਂਦ ਵਿੱਚ ਆਈ ਜਦੋਂ ਨੇੜਵੇਂ ਰਿਸ਼ਤੇ ਦੇ ਸਭਨਾਂ ਲਿੰਗ ਸਬੰਧਾਂ ਉੱਤੇ ਪਾਬੰਦੀ ਲਾਉਣ ਦੇ ਸਭ ਧੁੰਦਲੇ ਭਾਵਾਂ ਦੇ ਬਾਵਜੂਦ ਮਾਤਾ ਪਿਤਾ ਅਤੇ ਬੱਚਿਆਂ ਵਿਚਕਾਰ ਲਿੰਗ ਭੋਗ ਵੱਲ ਅਜੇ ਵਿਸ਼ੇਸ਼ ਭਿਆਨਕਤਾ ਨਾਲ਼ ਨਹੀਂ ਸੀ ਵੇਖਿਆ ਜਾਂਦਾ, ਜਿਸ ਹਾਲਤ ਵਿੱਚ ਸ਼੍ਰੇਣੀ ਪ੍ਰਬੰਧ ਸਿੱਧਾ ਖੁੱਲ੍ਹੇ ਲਿੰਗ ਭੋਗ ਦੀਆਂ ਪ੍ਰਸਥਿਤੀਆਂ ਵਿੱਚ ਪੈਦਾ ਹੋਇਆ; ਜਾਂ ਜਦੋਂ ਸ਼੍ਰੇਣੀਆਂ ਹੋਂਦ ਵਿੱਚ ਆਈਆਂ ਤਾਂ ਮਾਤਾ ਪਿਤਾ ਅਤੇ ਬੱਚਿਆਂ ਵਿਚਕਾਰ ਲਿੰਗ ਭੋਗ ਉੱਤੇ **ਪਹਿਲਾਂ ਹੀ** ਰਿਵਾਜ ਰਾਹੀਂ ਪਾਬੰਦੀ ਲਾ ਦਿੱਤੀ ਗਈ ਸੀ, ਜਿਸ ਹਾਲਤ ਵਿੱਚ ਅਜੋਕੀ ਪ੍ਰਸਥਿਤੀ ਸਹਿਗੋਤਰ ਟੱਬਰ ਦੀ ਹੋਂਦ ਵੱਲ ਸੰਕੇਤ ਕਰਦੀ

ਹੈ ਅਤੇ ਉਸ ਤੋਂ ਅੱਗੇ ਵੱਲ ਪਹਿਲੀ ਉੱਨਤੀ ਹੈ। ਪਿਛਲੇਰੀ ਮਿੱਥ ਵਧੇਰੇ ਸੰਭਾਵਕ ਹੈ। ਜਿਥੋਂ ਤੱਕ ਮੈਨੂੰ ਪਤਾ ਹੈ ਆਸਟ੍ਰੇਲੀਆ ਵਿੱਚ ਮਾਤਾ ਪਿਤਾ ਅਤੇ ਬੱਚਿਆਂ ਵਿਚਕਾਰ ਵਿਆਹ ਦੇ ਸਬੰਧਾਂ ਦੀ ਕੋਈ ਖ਼ਬਰ ਨਹੀਂ ਮਿਲੀ ਅਤੇ ਗੋਤਾਂਤਰਤਾ ਦਾ ਪਿਛਲੇਰਾ ਰੂਪ, ਮਾਤਰੀ ਹੱਕ ਗੋਤ ਵੀ, ਆਮ ਤੌਰ 'ਤੇ ਚੁੱਪ-ਚਾਪ ਅਜਿਹੇ ਭੋਗ ਦੀ ਪਾਬੰਦੀ ਮੰਨ ਲੈਂਦਾ ਹੈ ਜਿਹੜੀ ਇਹਦੀ ਸਥਾਪਤੀ ਸਮੇਂ ਪਹਿਲਾਂ ਹੀ ਹੋਂਦ ਵਿੱਚ ਸੀ।

ਦੱਖਣੀ ਆਸਟ੍ਰੇਲੀਆ ਵਿੱਚ ਗੈਂਬੀਅਰ ਪਹਾੜ ਤੋਂ ਬਿਨਾਂ, ਦੋ-ਸ਼੍ਰੇਣੀ ਪ੍ਰਣਾਲੀ ਇਸੇ ਤਰ੍ਹਾਂ ਵਧੇਰੇ ਪੂਰਬ ਵਿੱਚ, ਡਾਰਲਿੰਗ ਦਰਿਆ ਦੇ ਕੰਡੇ ਅਤੇ ਉੱਤਰ-ਪੂਰਬ ਵਿੱਚ ਕੁਈਨਜ਼ਲੈਂਡ ਵਿੱਚ ਵੀ ਪ੍ਰਚਲਤ ਹੈ ਅਤੇ ਇਉਂ ਇਹ ਬਹੁਤ ਵਿਸ਼ਾਲ ਇਲਾਕੇ ਵਿੱਚ ਫੈਲੀ ਹੋਈ ਹੈ। ਇਹ ਪ੍ਰਣਾਲੀ ਕੇਵਲ ਭੈਣਾਂ ਅਤੇ ਭਰਾਵਾਂ ਵਿਚਕਾਰ, ਭਰਾਵਾਂ ਦੇ ਬੱਚਿਆਂ ਵਿਚਕਾਰ ਅਤੇ ਮਾਂ ਵੱਲੋਂ ਭੈਣਾਂ ਦੇ ਬੱਚਿਆਂ ਵਿਚਕਾਰ ਵਿਆਹ ਦੀ ਮਨਾਹੀ ਕਰਦੀ ਹੈ ਕਿਉਂਕਿ ਇਹ ਇੱਕੋ ਸ਼੍ਰੇਣੀ ਦੇ ਹਨ; ਦੂਜੇ ਹੱਥ ਭੈਣ ਅਤੇ ਭਰਾ ਦੇ ਬੱਚਿਆਂ ਨੂੰ ਆਪੋ ਵਿੱਚ ਵਿਆਹ ਕਰਨ ਦੀ ਇਜਾਜ਼ਤ ਹੈ। ਨੇੜਵੇਂ ਰਿਸ਼ਤੇ ਦੇ ਲਿੰਗ ਸਬੰਧਾਂ ਨੂੰ ਰੋਕਣ ਵੱਲ ਇੱਕ ਹੋਰ ਕਦਮ ਨਿਊ ਸਾਊਥ-ਵੇਲਜ਼ ਵਿੱਚ, ਡਾਰਲਿੰਗ ਦਰਿਆ ਦੇ ਨਾਲ਼ ਨਾਲ਼ ਕਾਮਿਲਰਾਏ ਲੋਕਾਂ ਵਿੱਚ ਮਿਲਦਾ ਹੈ, ਜਿੱਥੇ ਦੋ ਆਦਿ ਸ਼੍ਰੇਣੀਆਂ ਫਟ ਕੇ ਚਾਰ ਬਣ ਗਈਆਂ ਹਨ ਅਤੇ ਇਹਨਾਂ ਚਾਰਾਂ ਵਿੱਚੋਂ ਹਰ ਇੱਕ ਸ਼੍ਰੇਣੀ ਸਰੀਰਕ ਤੌਰ 'ਤੇ ਇੱਕ ਹੋਰ ਸਪਸ਼ਟ ਸ਼੍ਰੇਣੀ ਨਾਲ਼ ਵਿਆਹੀ ਹੋਈ ਹੈ। ਪਹਿਲੀਆਂ ਦੋ ਸ਼੍ਰੇਣੀਆਂ ਇੱਕ ਦੂਜੇ ਦੇ ਜਮਾਂਦਰੂ ਪਤੀ ਪਤਨੀ ਹਨ; ਬੱਚੇ ਇਸ ਅਨੁਸਾਰ ਤੀਜੀ ਅਤੇ ਚੌਥੀ ਸ਼੍ਰੇਣੀ ਦੇ ਹੋ ਜਾਂਦੇ ਹਨ ਕਿ ਮਾਂ ਪਹਿਲੀ ਸ਼੍ਰੇਣੀ ਦੀ ਧੀ ਜਾਂ ਦੂਜੀ ਦੀ; ਤੀਜੀ ਅਤੇ ਚੌਥੀ ਸ਼੍ਰੇਣੀ ਦੇ ਬੱਚੇ, ਜਿਹੜੇ ਇਸੇ ਤਰ੍ਹਾਂ ਇੱਕ ਦੂਜੇ ਨਾਲ਼ ਵਿਆਹੇ ਹੋਏ ਹਨ, ਫੇਰ ਪਹਿਲੀ ਅਤੇ ਦੂਜੀ ਸ਼੍ਰੇਣੀ ਦੇ ਹੋ ਜਾਂਦੇ ਹਨ। ਸੋ ਇੱਕ ਪੀੜ੍ਹੀ ਸਦਾ ਪਹਿਲੀ ਅਤੇ ਦੂਜੀ ਸ਼੍ਰੇਣੀ ਦੀ ਹੁੰਦੀ ਹੈ, ਅਗਲੀ ਤੀਜੀ ਅਤੇ ਚੌਥੀ ਸ਼੍ਰੇਣੀ ਦੀ ਹੁੰਦੀ ਹੈ ਅਤੇ ਅਗਲੀ ਫੇਰ ਪਹਿਲੀ ਅਤੇ ਦੂਜੀ ਦੀ। ਇਸ ਪ੍ਰਣਾਲੀ ਅਨੁਸਾਰ (ਮਾਂ ਵੱਲੋਂ) ਭੈਣਾਂ ਅਤੇ ਭਰਾਵਾਂ ਦੇ ਬੱਚੇ ਪਤੀ ਅਤੇ ਪਤਨੀ ਨਹੀਂ ਬਣ ਸਕਦੇ, ਪਰ ਉਹਨਾਂ ਦੇ ਬੱਚਿਆਂ ਦੇ ਬੱਚੇ ਬਣ ਸਕਦੇ ਹਨ। ਇਹ ਅਜੀਬ ਤੌਰ 'ਤੇ ਪੇਚਦਾਰ ਪ੍ਰਣਾਲੀ ਵਧੇਰੇ ਗੁੰਝਲਦਾਰ ਹੋ ਜਾਂਦੀ ਹੈ ਜਦੋਂ ਇਹਦੇ ਉੱਤੇ ਮਾਤਰੀ ਹੱਕ ਗੋਤ ਠੋਕ ਦਿੱਤੇ ਜਾਂਦੇ ਹਨ, ਘੱਟੋ ਘੱਟ ਅੱਗੋਂ ਜਾ ਕੇ; ਪਰ ਅਸੀਂ ਇਥੇ ਇਹਨੂੰ ਨਹੀਂ ਲੈ ਸਕਦੇ। ਅਸੀਂ ਹੁਣ ਵੇਖਦੇ ਹਾਂ ਕਿ ਕਿਵੇਂ ਨੇੜਵੇਂ ਰਿਸ਼ਤੇ ਦੇ ਲਿੰਗ ਸਬੰਧਾਂ ਨੂੰ ਰੋਕਣ ਦੀ ਅੰਤਰਪ੍ਰੇਰਨਾ ਘੜੀ ਮੁੜੀ ਪ੍ਰਬਲ ਹੁੰਦੀ ਹੈ, ਪਰ ਇੱਕ ਟੋਂਹਦੇ, ਆਪ-ਮੁਹਾਰੇ ਢੰਗ ਨਾਲ਼, ਮੰਤਵ ਦੀ ਸਪਸ਼ਟ ਸੋਝੀ ਤੋਂ ਬਿਨਾਂ।

ਟੋਲੀ ਵਿਆਹ, ਜਿਹੜਾ ਆਸਟ੍ਰੇਲੀਆ ਵਿੱਚ ਅਜੇ ਤੱਕ ਸ਼੍ਰੇਣੀ ਵਿਆਹ ਹੈ, ਮਰਦਾਂ ਦੀ ਇੱਕ ਪੂਰੀ ਸ਼੍ਰੇਣੀ ਦੀ, ਜਿਹੜੀ ਅਕਸਰ ਸਾਰੇ ਮਹਾਂ-ਦੀਪ ਉੱਤੇ ਫੈਲੀ ਹੋਈ ਹੈ, ਇਸੇ ਹੀ ਤਰ੍ਹਾਂ ਵਿਸ਼ਾਲ ਪੱਧਰ ਉੱਤੇ ਖਿੰਡੀਆਂ ਇਸਤਰੀਆਂ ਨਾਲ਼ ਵਿਆਹ ਦੀ ਪ੍ਰਸਥਿਤੀ —ਜਦੋਂ ਇਸ ਟੋਲੀ ਵਿਆਹ ਨੂੰ ਨੇੜਿਉਂ ਵੇਖਿਆ ਜਾਵੇ ਤਾਂ ਇਹ ਉਨਾਂ ਭਿਆਨਕ ਉਕਾ ਹੀ ਨਹੀਂ ਜਿੰਨਾਂ ਤੰਗ-ਨਜ਼ਰ ਮਨੁੱਖ ਇਸ ਨੂੰ ਚਕਲੇ ਦਾ ਮੁਹਾਣ ਰੱਖਣ ਵਾਲ਼ੀ ਕਲਪਨਾ

ਵਿੱਚ ਸਮਝਦਾ ਹੈ। ਇਹਦੇ ਉਲਟ ਲੰਮਾ ਸਮਾਂ ਲੰਘਣ ਪਿੱਛੋਂ ਹੀ ਇਹਦੀ ਹੋਂਦ ਸਬੰਧੀ ਸ਼ੱਕ ਕੀਤਾ ਗਿਆ ਅਤੇ, ਨਿਰਸੰਦੇਹ, ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਇੱਕ ਵਾਰ ਫੇਰ ਇਹਦੀ ਹੋਂਦ ਸਬੰਧੀ ਸ਼ੱਕ ਕੀਤਾ ਗਿਆ ਹੈ। ਓਪਰੀ ਤਰ੍ਹਾਂ ਵੇਖਣ ਵਾਲ਼ੇ ਨੂੰ ਇਹ ਇੱਕ ਢਿੱਲੀ ਇੱਕ-ਪਤੀ ਇੱਕ-ਪਤਨੀ ਪ੍ਰਣਾਲੀ ਜਾਪਦੀ ਹੈ ਅਤੇ ਕਿਧਰੇ ਕਿਧਰੇ ਬਹੁ-ਪਤਨੀ ਪ੍ਰਣਾਲੀ ਹੈ, ਜਿਸ ਦੇ ਨਾਲ਼ ਹੀ ਨਾਲ਼ ਕਦੀ ਕਦੀ ਬੇਵਫ਼ਾਈ ਵੀ ਹੁੰਦੀ ਹੈ। ਲੋੜ ਇਸ ਗੱਲ ਦੀ ਹੈ ਕਿ, ਜਿਵੇਂ ਫ਼ਿਸਨ ਅਤੇ ਹੋਵਿਟ ਨੇ ਕੀਤਾ, ਮਨੁੱਖ ਉਹਨਾਂ ਨਿਯਮਾਂ ਨੂੰ ਲੱਭਣ ਦੇ ਕੰਮ ਵਿੱਚ ਕਈ ਵਰ੍ਹੇ ਬਿਤਾਏ, ਜਿਹੜੇ ਵਿਆਹ ਦੀਆਂ ਇਹਨਾਂ ਪ੍ਰਸਥਿਤੀਆਂ ਨੂੰ ਨੇਮ-ਬੱਧ ਕਰਦੇ ਹਨ — ਜਿਹੜੇ ਅਮਲ ਵਿੱਚ ਇੱਕ ਔਸਤ ਯੂਰਪੀ ਨੂੰ ਵਿਆਹ ਸਬੰਧੀ ਆਪਣੇ ਰਿਵਾਜਾਂ ਦੀ ਯਾਦ ਦਿਵਾਉਂਦੇ ਹਨ— ਉਹ ਨਿਯਮ ਜਿਨ੍ਹਾਂ ਅਨੁਸਾਰ ਇੱਕ ਆਸਟ੍ਰੇਲੀਆਈ ਹਬਸ਼ੀ ਨੂੰ, ਜਦੋਂ ਉਹ ਆਪਣੇ ਘਰ ਤੋਂ ਹਜ਼ਾਰਾਂ ਮੀਲ ਦੂਰ, ਅਜਿਹੇ ਲੋਕਾਂ ਵਿਚਕਾਰ, ਜਿਨ੍ਹਾਂ ਦੀ ਬੋਲੀ ਤੱਕ ਉਹ ਸਮਝ ਨਹੀਂ ਸਕਦਾ, ਓਪਰਾ ਹੁੰਦਾ ਹੈ ਤਾਂ ਇਹਦੇ ਬਾਵਜੂਦ, ਅਕਸਰ ਪੜਾਓ-ਪੜਾਅ ਅਤੇ ਕਬੀਲਿਓ-ਕਬੀਲੇ ਫਿਰਦੇ ਹੋਏ ਅਜਿਹੀਆਂ ਇਸਤਰੀਆਂ ਮਿਲ ਜਾਂਦੀਆਂ ਹਨ, ਜਿਹੜੀਆਂ ਨਿਰਛਲਤਾ ਨਾਲ਼, ਬਿਨਾਂ ਕਿਸੇ ਵਿਰੋਧ ਦੇ ਆਪਣੇ ਆਪ ਨੂੰ ਉਹਦੇ ਹਵਾਲੇ ਕਰ ਦੇਂਦੀਆਂ ਹਨ ਅਤੇ ਜਿਸ ਅਨੁਸਾਰ ਉਹ ਮਨੁੱਖ, ਜਿਸ ਦੀਆਂ ਕਈ ਪਤਨੀਆਂ ਹੁੰਦੀਆਂ ਹਨ, ਉਹਨਾਂ ਵਿੱਚੋਂ ਇੱਕ ਨੂੰ ਰਾਤ ਲਈ ਆਪਣੇ ਮਹਿਮਾਨ ਦੇ ਹਵਾਲੇ ਕਰ ਦੇਂਦਾ ਹੈ। ਜਿਥੇ ਯੂਰਪੀਆਂ ਨੂੰ ਦੁਰਾਚਾਰ ਅਤੇ ਲਾਕਾਨੂੰਨੀ ਦਿਸਦੀ ਹੈ, ਉਥੇ ਕਰੜੇ ਤੌਰ 'ਤੇ ਕਾਨੂੰਨ ਦਾ ਰਾਜ ਹੈ। ਇਸਤਰੀਆਂ ਓਪਰੇ ਮਰਦ ਦੀ ਵਿਆਹ ਸ਼੍ਰੇਣੀ ਵਿਚੋਂ ਹਨ ਅਤੇ ਇਸ ਲਈ ਉਹਦੀਆਂ ਜਮਾਂਦਰੂ ਪਤਨੀਆਂ ਹਨ; ਜਿਹੜਾ ਸਦਾਚਾਰਕ ਨਿਯਮ ਇੱਕ ਨੂੰ ਦੂਜੇ ਦੇ ਹਵਾਲੇ ਕਰਦਾ ਹੈ, ਉਹੋ, ਕਬੀਲੇ ਵਿੱਚੋਂ ਕੱਢ ਦਿੱਤੇ ਜਾਣ ਦੀ ਸਜ਼ਾ ਦੇ ਡਰ ਨਾਲ਼, ਇੱਕ ਦੂਜੇ ਨੂੰ ਮਿਲਦੀਆਂ ਵਿਆਹ ਸ਼੍ਰੇਣੀਆਂ ਤੋਂ ਬਾਹਰ ਲਿੰਗ ਭੋਗ ਦੀ ਉਕਾ ਹੀ ਮਨਾਹੀ ਕਰਦਾ ਹੈ। ਜਦੋਂ ਇਸਤਰੀਆਂ ਨੂੰ ਉਧਾਲਿਆ ਵੀ ਜਾਂਦਾ ਹੈ, ਜਿਵੇਂ ਅਕਸਰ ਹੁੰਦਾ ਹੈ ਅਤੇ ਜਿਹੜਾ ਕੁੱਝ ਇਲਾਕਿਆਂ ਵਿੱਚ ਨੇਮ ਹੈ, ਸ਼੍ਰੇਣੀ ਨਿਯਮ ਉੱਤੇ ਸਖ਼ਤੀ ਨਾਲ਼ ਅਮਲ ਕੀਤਾ ਜਾਂਦਾ ਹੈ।

ਇਸਤਰੀਆਂ ਨੂੰ ਉਧਾਲਣਾ ਇਥੇ ਪਹਿਲਾਂ ਹੀ ਵਿਅਕਤੀਗਤ ਵਿਆਹ ਵੱਲ ਤਬਦੀਲੀ ਨੂੰ ਪ੍ਰਗਟ ਕਰਦਾ ਹੈ —ਘਟੋ ਘੱਟ ਜੋੜੇ ਵਿਆਹ ਦੇ ਰੂਪ ਵਿੱਚਃ ਜਦੋਂ ਕਿਸੇ ਜਵਾਨ ਨੇ ਆਪਣੇ ਮਿੱਤਰਾਂ ਦੀ ਸਹਾਇਤਾ ਨਾਲ਼ ਕਿਸੇ ਇਸਤਰੀ ਨੂੰ ਉਧਾਲ ਲਿਆ ਹੈ ਜਾਂ ਉਹਨੂੰ ਨਠਾ ਲਿਆਇਆ ਹੈ ਤਾਂ ਸਾਰੇ ਮਿੱਤਰ ਇੱਕ ਤੋਂ ਪਿਛੋਂ ਦੂਜਾ ਉਸ ਇਸਤਰੀ ਨਾਲ਼ ਭੋਗ ਕਰਦੇ ਹਨ, ਪਰ, ਇਸਤੋਂ ਪਿਛੋਂ ਉਹ ਉਸ ਜਵਾਨ ਦੀ ਪਤਨੀ ਸਮਝੀ ਜਾਂਦੀ ਹੈ ਜਿਸਨੇ ਉਧਾਲੇ ਦਾ ਮੁੱਢ ਬੰਨ੍ਹਿਆ ਅਤੇ ਇਹਦੇ ਉਲਟ ਜੇ ਉਧਾਲੀ ਇਸਤਰੀ ਉਸ ਬੰਦੇ ਕੋਲੋਂ ਨੱਠ ਜਾਵੇ ਅਤੇ ਕੋਈ ਹੋਰ ਉਹਨੂੰ ਫੜ ਲਵੇ ਤਾਂ ਉਹ ਉਹਦੀ ਪਤਨੀ ਬਣ ਜਾਂਦੀ ਹੈ ਅਤੇ ਪਹਿਲੇ ਬੰਦੇ ਦੇ ਵਿਸ਼ੇਸ਼ ਹੱਕ ਜਾਂਦੇ ਰਹਿੰਦੇ ਹਨ। ਇਉਂ ਅਨੰਨ ਸਬੰਧ, ਲੰਮੇਰੇ ਜਾਂ ਛੁਟੇਰੇ ਸਮੇਂ ਲਈ ਜੋੜੇ ਬਣਨਾ ਅਤੇ ਬਹੁ-ਪਤਨੀ ਵਿਆਹ ਵੀ, ਟੋਲੀ ਵਿਆਹ ਦੀ ਪ੍ਰਣਾਲੀ ਦੇ ਨਾਲ਼ ਹੀ ਨਾਲ਼ ਅਤੇ ਇਹਦੇ ਅੰਦਰ ਹੀ ਆਪਣੇ ਆਪ ਨੂੰ ਸਥਾਪਤ ਕਰ ਲੈਂਦੇ ਹਨ ਪਰ ਆਮ ਤੌਰ 'ਤੇ

ਟੋਲੀ ਵਿਆਹ ਸਥਾਪਤ ਰਹਿੰਦਾ ਹੈ; ਸੋ ਇਥੇ ਵੀ ਟੋਲੀ ਵਿਆਹ ਹੌਲ਼ੀ ਹੌਲ਼ੀ ਮਰ ਰਿਹਾ ਹੈ, ਸਵਾਲ ਕੇਵਲ ਇਹ ਹੈ ਕਿ ਯੂਰਪੀ ਅਸਰ ਹੇਠ ਪਹਿਲਾਂ ਕੌਣ ਮਰੇਗਾ —ਟੋਲੀ ਵਿਆਹ ਜਾਂ ਇਸ ਪ੍ਰਣਾਲੀ 'ਤੇ ਅਮਲ ਕਰਨ ਵਾਲ਼ੇ ਆਸਟ੍ਰੇਲੀਆਈ ਹਬਸ਼ੀ।

ਕੁੱਝ ਵੀ ਹੋਵੇ ਪੂਰੀਆਂ ਸ਼੍ਰੇਣੀਆਂ ਵਿਚਕਾਰ ਵਿਆਹ, ਜਿਹੋ ਜਿਹਾ ਆਸਟ੍ਰੇਲੀਆ ਵਿੱਚ ਪ੍ਰਚਲਤ ਹੈ, ਟੋਲੀ ਵਿਆਹ ਦਾ ਅਤਿ ਨੀਵਾਂ ਅਤੇ ਆਦਿ-ਕਾਲੀਨ ਰੂਪ ਹੈ; ਜਿਥੇ ਕਿ, ਜਿਥੋਂ ਤੱਕ ਅਸੀਂ ਜਾਣਦੇ ਹਾਂ, ਪੁਨਾਲੁਆਲਨ ਵਿਆਹ ਇਹਦੇ ਵਿਕਾਸ ਦਾ ਸਰਵਉੱਚ ਰੂਪ ਹੈ। ਪਹਿਲਾ ਟੱਪਰੀਵਾਸ ਵਹਿਸ਼ੀਆਂ ਦੇ ਸਮਾਜੀ ਦਰਜੇ ਦਾ ਅਨੁਸਾਰੀ ਜਾਪਦਾ ਹੈ ਜਿਥੇ ਕਿ ਦੂਜਾ ਪਹਿਲਾਂ ਹੀ ਕਮਿਊਨਿਸਟ ਕਿਸਮ ਦੇ ਸਾਪੇਖ, ਸਥਿਰ ਭਾਈਚਾਰਿਆਂ ਦੀ ਹੋਂਦ ਮੰਨ ਲੈਂਦਾ ਹੈ ਅਤੇ ਸਿੱਧਾ ਅਗਲੇਰੇ ਅਤੇ ਉਚੇਰੇ ਪੜਾਅ ਵੱਲ ਜਾਂਦਾ ਹੈ। ਨਿਸ਼ਚੇ ਹੀ ਦੋਹਾਂ ਦੇ ਵਿਚਕਾਰਲੇ ਕੁੱਝ ਦਰਮਿਆਨੇ ਰੂਪ ਲੱਭਣਗੇ; ਇਥੇ ਖੋਜ ਦਾ ਦਰ ਅਜੇ ਹੁਣੇ ਹੀ ਖੁਲ੍ਹਿਆ ਹੈ ਅਤੇ ਖੋਜ ਦਾ ਅਛੋਹ ਰਾਹ ਸਾਡੇ ਸਾਹਮਣੇ ਪਿਆ ਹੈ।

3. **ਜੋੜਾ ਟੱਬਰ।** ਟੋਲੀ ਵਿਆਹ ਵਿੱਚ ਜਾਂ ਉਸ ਤੋਂ ਪਹਿਲਾਂ ਵੀ ਲੰਮੇਰੇ ਜਾਂ ਛੁਟੇਰੇ ਸਮੇਂ ਲਈ ਕੁੱਝ ਜੋੜੇ ਬਣਦੇ ਸਨ। ਉਹਦੀਆਂ ਕਈ ਪਤਨੀਆਂ ਵਿੱਚੋਂ ਮਰਦ ਦੀ ਇੱਕ ਮੁੱਖ ਪਤਨੀ ਹੁੰਦੀ ਸੀ (ਅਜੇ ਸਭ ਤੋਂ ਪਿਆਰੀ ਪਤਨੀ ਦੀ ਤਾਂ ਗੱਲ ਨਹੀਂ ਕੀਤੀ ਜਾ ਸਕਦੀ) ਅਤੇ ਹੋਰਨਾਂ ਵਿੱਚੋਂ ਉਹ ਉਹਦਾ ਮੁੱਖ ਪਤੀ ਹੁੰਦਾ ਸੀ। ਇਸ ਪ੍ਰਸਥਿਤੀ ਨੇ ਮਿਸ਼ਨਰੀਆਂ ਦੇ ਵਿਚਾਰਾਂ ਵਿੱਚ ਗੜ ਬੜ ਪੈਦਾ ਕਰਨ ਵਿੱਚ ਕੁੱਝ ਘੱਟ ਹਿੱਸਾ ਨਹੀਂ ਪਾਇਆ, ਜਿਹੜੇ ਟੋਲੀ ਵਿਆਹ ਵਿੱਚ ਕਦੀ ਪਤਨੀਆਂ ਦੀ ਖੁੱਲ੍ਹੀ ਸਾਂਝ ਵੇਖਦੇ ਸਨ ਅਤੇ ਕਦੀ ਬੇਮੁਹਾਰ ਵਿਭਚਾਰ। ਅਜਿਹੀਆਂ ਸੁਭਾਵਕ ਜੋੜੀਆਂ ਬਣਨਾ ਵਧੇਰੇ ਅਤੇ ਹੋਰ ਵਧੇਰੇ ਉਦੋਂ ਸਥਾਪਤ ਹੁੰਦਾ ਗਿਆ ਜਦੋਂ ਗੋਤ ਵਿਕਸਤ ਹੋਏ ਅਤੇ ਉਹਨਾਂ "ਭਰਾਵਾਂ" ਅਤੇ "ਭੈਣਾਂ" ਦੇ ਵਰਗਾਂ ਦੀ ਗਿਣਤੀ ਵਧਦੀ ਗਈ ਜਿਨ੍ਹਾਂ ਵਿਚਕਾਰ ਵਿਆਹ ਅਸੰਭਵ ਸੀ। ਗੋਤ ਨੇ ਖ਼ੂਨ ਦੇ ਰਿਸ਼ਤੇਦਾਰਾਂ ਵਿਚਕਾਰ ਵਿਆਹ ਰੋਕਣ ਨੂੰ ਜਿਹੜਾ ਉਤੇਜਕ ਦਿੱਤਾ ਉਹਨੇ ਮਾਮਲੇ ਨੂੰ ਹੋਰ ਅੱਗੇ ਵਧਾਇਆ। ਸੋ ਅਸੀਂ ਵੇਖਦੇ ਹਾਂ ਕਿ ਇਰਾਕੁਈਆਂ ਅਤੇ ਜਹਾਲਤ ਦੇ ਹੇਠਲੇ ਪੜਾਅ 'ਤੇ ਅੱਪੜੇ ਵਧੇਰੇ ਇੰਡੀਅਨ ਕਬੀਲਿਆਂ ਵਿੱਚ ਉਹਨਾਂ ਦੀ ਪ੍ਰਣਾਲੀ ਵੱਲੋਂ ਕਬੂਲ ਕੀਤੇ **ਸਭਨਾਂ** ਰਿਸ਼ਤੇਦਾਰਾਂ ਵਿਚਕਾਰ ਵਿਆਹ ਦੀ ਮਨਾਹੀ ਹੈ ਅਤੇ ਅਜਿਹੇ ਰਿਸ਼ਤੇਦਾਰਾਂ ਦੀ ਗਿਣਤੀ ਕਈ ਸੌ ਹੈ। ਵਿਆਹ ਉੱਤੇ ਲੱਗੀਆਂ ਇਹਨਾਂ ਵਧਦੀਆਂ ਬੰਦਸ਼ਾਂ ਨੇ ਟੋਲੀ ਵਿਆਹਾਂ ਨੂੰ ਹੋਰ ਅਤੇ ਹੋਰ ਅਸੰਭਵ ਬਣਾ ਦਿੱਤਾ; ਉਹਨਾਂ ਦੀ ਥਾਂ **ਜੋੜਾ ਟੱਬਰ ਨੇ** ਲੈ ਲਈ। ਇਸ ਪੜਾਅ ਉੱਤੇ ਇੱਕ ਮਰਦ ਇੱਕ ਇਸਤਰੀ ਨਾਲ਼ ਰਹਿੰਦਾ ਹੈ, ਪਰ ਅਜਿਹੇ ਢੰਗ ਨਾਲ਼ ਕਿ ਬਹੁ-ਪਤਨੀ ਅਤੇ ਕਦੀ ਕਦੀ ਬੇਵਫ਼ਾਈ ਮਰਦਾਂ ਦਾ ਵਿਸ਼ੇਸ਼ ਹੱਕ ਬਣਿਆ ਰਹਿੰਦਾ ਹੈ, ਭਾਵੇਂ ਬਹੁ-ਪਤਨੀ ਪ੍ਰਬੰਧ ਆਰਥਕ ਕਾਰਨਾਂ ਕਾਰਨ ਕਦੀ ਕਦੀ ਹੀ ਹੁੰਦਾ ਹੈ; ਇਹਦੇ ਨਾਲ਼ ਹੀ ਨਾਲ਼ ਇਕੱਠੇ ਰਹਿਣ ਦੇ ਸਮੇਂ ਇਸਤਰੀ ਤੋਂ ਕਰੜੀ ਵਫ਼ਾਦਾਰੀ ਦੀ ਮੰਗ ਕੀਤੀ ਜਾਂਦੀ ਹੈ ਅਤੇ ਉਹਨੂੰ ਵਿਭਚਾਰ ਲਈ ਬੇਰਹਿਮੀ ਨਾਲ਼ ਸਜ਼ਾ ਦਿੱਤੀ ਜਾਂਦੀ ਹੈ। ਪਰ ਵਿਆਹ ਦਾ ਬੰਧਨ ਕਿਸੇ ਇੱਕ ਧਿਰ ਵੱਲੋਂ ਸੌਖੇ ਹੀ ਤੋੜਿਆ ਜਾ ਸਕਦਾ ਹੈ ਅਤੇ ਬੱਚੇ ਪਹਿਲਾਂ ਵਾਂਗ ਹੀ

ਉੱਕਾ ਮਾਂ ਦੇ ਹੁੰਦੇ ਹਨ।

ਵਿਆਹ ਤੋਂ ਖ਼ੂਨ ਦੇ ਰਿਸ਼ਤੇਦਾਰਾਂ ਦੇ ਸਦਾ ਵੱਧ ਰਹੇ ਘੇਰੇ ਦੇ ਇਸ ਨਖੇੜੇ ਵਿੱਚ ਪ੍ਰਕਿਰਤਕ ਚੋਣ ਵੀ ਆਪਣਾ ਅਸਰ ਪਾਉਂਦੀ ਰਹਿੰਦੀ ਹੈ। ਮਾਰਗਨ ਦੇ ਸ਼ਬਦਾਂ ਵਿੱਚ,

> "ਗ਼ੈਰ-ਸਹਿਗੋਤਰ ਗੋਤਾਂ ਵਿਚਕਾਰ ਵਿਆਹ ਕਾਰਨ ਸਰੀਰਕ ਅਤੇ ਦਿਮਾਗ਼ੀ ਤੌਰ 'ਤੇ ਵਧੇਰੇ ਬਲਵਾਨ ਨਸਲ ਦੀ ਸਿਰਜਣ ਦਾ ਝੁਕਾਅ ਪੈਦਾ ਹੋਇਆ। ਜਦੋਂ ਦੋ ਉੱਨਤੀ ਕਰ ਰਹੇ ਕਬੀਲੇ ਘੁਲ ਮਿਲ ਕੇ ਇਕ ਬਣ ਗਏ... ਤਾਂ ਇਸਦੇ ਸਿੱਟੇ ਵਜੋਂ ਨਵੀਂ ਖੋਪੜੀ ਅਤੇ ਦਿਮਾਗ਼ ਦੋਹਾਂ ਦੀਆਂ ਯੋਗਤਾਵਾਂ ਦੇ ਜੋੜ ਦੇ ਬਰਾਬਰ ਚੌੜੇ ਅਤੇ ਲੰਮੇ ਹੋ ਗਏ।"

ਇਸ ਲਈ ਇਹ ਲਾਜ਼ਮੀ ਸੀ ਕਿ ਗੋਤਾਂ ਅਨੁਸਾਰ ਬਣੇ ਕਬੀਲਿਆਂ ਦਾ ਹੱਥ ਵਧੇਰੇ ਪੱਛੜਿਆਂ ਦੇ ਉੱਪਰ ਰਹੇ ਜਾਂ ਉਹ ਆਪਣੇ ਉਦਾਹਰਣ ਦੇ ਬਲ ਨਾਲ਼ ਉਹਨਾਂ ਨੂੰ ਆਪਣੇ ਨਾਲ਼ ਖਿੱਚ ਲਿਜਾਣ।

ਸੋ ਪੂਰਵ-ਇਤਿਹਾਸਕ ਸਮੇਂ ਵਿੱਚ ਟੱਬਰ ਦਾ ਵਿਕਾਸ ਉਸ ਘੇਰੇ ਦਾ —ਜਿਸ ਵਿੱਚ ਸ਼ੁਰੂ ਵਿੱਚ ਸਮੁੱਚਾ ਕਬੀਲਾ ਸ਼ਾਮਲ ਸੀ— ਲਗਾਤਾਰ ਸੌੜੇਰਾ ਹੋਣਾ ਹੈ ਜਿਸ ਅੰਦਰ ਦੋਹਾਂ ਜਿਣਸਾਂ ਵਿਚਕਾਰ ਵਿਆਹ ਦੇ ਸਬੰਧ ਪ੍ਰਚਲਤ ਸਨ। ਵਾਰੋ ਵਾਰੀ, ਪਹਿਲਾਂ ਨੇੜਵੇਂ, ਫੇਰ ਵਧੇਰੇ ਦੁਰਾਡੇ ਰਿਸ਼ਤੇਦਾਰਾਂ ਦਾ ਅਤੇ ਅੰਤ ਕੇਵਲ ਵਿਆਹ ਰਾਹੀਂ ਸਬੰਧਤ ਦਾ ਵੀ ਵਿਆਹ ਦੇ ਘੇਰੇ ਵਿੱਚੋਂ ਕੱਢ ਦਿੱਤਾ ਜਾਣਾ; ਹਰ ਤਰ੍ਹਾਂ ਦਾ ਟੋਲੀ ਵਿਆਹ ਅਖ਼ੀਰ ਅਮਲੀ ਤੌਰ 'ਤੇ ਅਸੰਭਵ ਹੋ ਗਿਆ; ਅੰਤ ਇੱਕੋ ਇੱਕ, ਇਸ ਸਮੇਂ ਢਿੱਲੇ ਸਬੰਧਾਂ ਵਾਲ਼ੀ ਜੋੜੀ, ਅਣੂ, ਰਹਿ ਗਈ, ਜਿਸ ਦੇ ਟੁੱਟਣ ਨਾਲ਼ ਖ਼ੁਦ ਵਿਆਹ ਦਾ ਪੂਰਨ ਅੰਤ ਹੋ ਜਾਂਦਾ ਹੈ। ਕੇਵਲ ਇਸ ਤੋਂ ਹੀ ਪਤਾ ਲੱਗਦਾ ਹੈ ਕਿ ਇੱਕ-ਪਤੀ ਇੱਕ-ਪਤਨੀ ਪ੍ਰਣਾਲੀ ਦੇ ਆਦਿ ਵਿੱਚ, ਵਰਤਮਾਨ ਅਰਥਾਂ ਵਿੱਚ, ਵਿਅਕਤੀਗਤ ਲਿੰਗ ਪਿਆਰ ਦਾ ਕਿੰਨਾਂ ਥੋੜ੍ਹਾ ਹਿੱਸਾ ਸੀ। ਇਸ ਪੜਾਅ ਦੇ ਸਭਨਾਂ ਲੋਕਾਂ ਦਾ ਅਮਲ ਇਸ ਗੱਲ ਦਾ ਹੋਰ ਸਬੂਤ ਪੇਸ਼ ਕਰਦਾ ਹੈ। ਜਿੱਥੇ ਕਿ ਟੱਬਰ ਦੇ ਪਹਿਲੇ ਰੂਪਾਂ ਅਧੀਨ ਮਰਦਾਂ ਨੂੰ ਕਦੀ ਇਸਤਰੀਆਂ ਦੀ ਥੁੜ ਨਹੀਂ ਸੀ ਹੋਈ, ਸਗੋਂ ਇਸਦੇ ਉਲਟ ਉਹਨਾਂ ਕੋਲ਼ ਉਹਨਾਂ ਦੀ ਬਹੁਲਤਾ ਹੁੰਦੀ ਸੀ, ਹੁਣ ਇਸਤਰੀਆਂ ਦੁਰਲਭ ਹੋ ਗਈਆਂ ਅਤੇ ਉਹਨਾਂ ਲਈ ਅਭਿਲਾਖਾ ਕੀਤੀ ਜਾਣ ਲੱਗ ਪਈ। ਇਹਦੇ ਸਿੱਟੇ ਵਜੋਂ, ਜੋੜੇ ਟੱਬਰ ਦੇ ਨਾਲ਼ ਇਸਤਰੀਆਂ ਦਾ ਉਧਾਲਾ ਅਤੇ ਖ਼ਰੀਦ ਸ਼ੁਰੂ ਹੁੰਦੀ ਹੈ — ਜਿਹੜੀਆਂ ਉਸ ਕਿਤੇ ਵਧੇਰੇ ਡੂੰਘੀ ਤਬਦੀਲੀ ਦੀਆਂ, ਜਿਹੜੀ ਸ਼ੁਰੂ ਹੋ ਗਈ ਸੀ, ਕੇਵਲ ਵਿਸ਼ਾਲ ਪੱਧਰ ਤੇ ਫੈਲੀਆਂ **ਨਿਸ਼ਾਨੀਆਂ** ਹੀ ਸਨ ਅਤੇ ਹੋਰ ਕੁੱਝ ਨਹੀਂ। ਪਰ ਇਹਦੇ ਬਾਵਜੂਦ, ਇਹਨਾਂ ਨਿਸ਼ਾਨੀਆਂ, ਇਸਤਰੀਆਂ ਪ੍ਰਾਪਤ ਕਰਨ ਦੇ ਕੇਵਲ ਢੰਗਾਂ ਨੂੰ, ਮੈਕਲੇਨਨ, ਸਕਾਟਲੈਂਡ ਦਾ ਪੰਡਤਾਊ ਵਸਨੀਕ, ਟੱਬਰਾਂ ਦੀਆਂ ਵਿਸ਼ੇਸ਼ ਕਿਸਮਾਂ ਵਿੱਚ ਤਬਦੀਲ ਕਰ ਦੇਂਦਾ ਹੈ, ਜਿਨ੍ਹਾਂ ਨੂੰ ਉਹ "ਉਧਾਲੇ ਰਾਹੀਂ ਵਿਆਹ" ਅਤੇ "ਖ਼ਰੀਦ ਰਾਹੀਂ ਵਿਆਹ" ਕਹਿੰਦਾ ਹੈ। ਨਾਲ਼ੇ ਅਮਰੀਕੀ ਇੰਡੀਅਨਾਂ ਵਿੱਚ ਅਤੇ ਹੋਰਨਾਂ ਕਬੀਲਿਆਂ ਵਿੱਚ (ਜਿਹੜੇ ਉਸੇ ਪੜਾਅ ਉੱਤੇ ਹਨ) ਵਿਆਹ ਦਾ ਪ੍ਰਬੰਧ ਉਹਨਾਂ ਦੋ ਜੀਆਂ ਦਾ ਮਾਮਲਾ ਨਹੀਂ ਜਿਨ੍ਹਾਂ ਦਾ ਵਿਆਹ

ਹੋਣਾ ਹੈ, ਨਿਸ਼ਚੇ ਹੀ, ਉਹਨਾਂ ਤੋਂ ਤਾਂ ਪੁਛਿਆ ਵੀ ਨਹੀਂ ਜਾਂਦਾ, ਇਹ ਉਹਨਾਂ ਦੀਆਂ ਮਾਵਾਂ ਦਾ ਮਾਮਲਾ ਹੁੰਦਾ ਹੈ। ਇਉਂ ਅਕਸਰ ਦੋ ਉੱਕਾ ਹੀ ਓਪਰਿਆਂ ਦੀ ਮੰਗਣੀ ਕਰ ਦਿੱਤੀ ਜਾਂਦੀ ਹੈ ਜਿਨ੍ਹਾਂ ਨੂੰ ਮਾਮਲਾ ਤੈਅ ਹੋ ਜਾਣ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਵਿਆਹ ਦਾ ਦਿਨ ਨੇੜੇ ਆਉਂਦਾ ਹੈ। ਵਿਆਹ ਤੋਂ ਪਹਿਲਾਂ ਲਾੜੇ ਵੱਲੋਂ ਲਾੜੀ ਦੇ ਗੋਤਰੀ ਰਿਸ਼ਤੇਦਾਰਾਂ (ਅਰਥਾਤ ਮਾਂ ਵੱਲੋਂ ਉਹਦੇ ਰਿਸ਼ਤੇਦਾਰਾਂ) ਨੂੰ ਸੁਗ਼ਾਤਾਂ ਦਿੱਤੀਆਂ ਜਾਂਦੀਆਂ ਹਨ (ਅਤੇ ਪਿਉ ਵੱਲੋਂ ਉਹਦੇ ਰਿਸ਼ਤੇਦਾਰਾਂ ਨੂੰ ਨਹੀਂ), ਇਹ ਸੁਗ਼ਾਤਾਂ ਦਿੱਤੀ ਗਈ ਕੁੜੀ ਲਈ ਮੁੱਲ ਵਜੋਂ ਸੁਗ਼ਾਤਾਂ ਦਾ ਕੰਮ ਕਰਦੀਆਂ ਹਨ। ਦੋਹਾਂ ਜੀਆਂ ਵਿਚੋਂ ਕਿਸੇ ਇੱਕ ਦੀ ਮਰਜ਼ੀ ਨਾਲ਼ ਵਿਆਹ ਤੋੜਿਆ ਜਾ ਸਕਦਾ ਹੈ। ਪਰ ਇਹਦੇ ਬਾਵਜੂਦ, ਕਈ ਕਬੀਲਿਆਂ, ਮਿਸਾਲ ਵਜੋਂ ਇਰਾਕੁਈਆਂ ਵਿੱਚ ਹੌਲ਼ੀ ਹੌਲ਼ੀ ਜਨਤਕ ਭਾਵਨਾ ਅਜਿਹੇ ਵਿਛੋੜਿਆਂ ਵਿਰੁੱਧ ਹੋ ਗਈ। ਜਦੋਂ ਝਗੜਾ ਹੁੰਦਾ ਹੈ ਤਾਂ ਦੋਹਾਂ ਧਿਰਾਂ ਦੇ ਗੋਤਰੀ ਰਿਸ਼ਤੇਦਾਰ ਦਖ਼ਲ ਦੇਂਦੇ ਹਨ ਅਤੇ ਸੁਲ੍ਹਾ ਕਰਾਉਣ ਦਾ ਯਤਨ ਕਰਦੇ ਹਨ ਅਤੇ ਵਿਛੋੜਾ ਤਾਂ ਹੀ ਹੁੰਦਾ ਹੈ ਜੇ ਇਹ ਯਤਨ ਵਿਅਰਥ ਰਹਿਣ, ਬੱਚੇ ਮਾਂ ਕੋਲ਼ ਰਹਿੰਦੇ ਹਨ ਅਤੇ ਦੋਨਾਂ ਧਿਰਾਂ ਨੂੰ ਮੁੜ ਵਿਆਹ ਕਰਨ ਦੀ ਖੁੱਲ੍ਹ ਹੁੰਦੀ ਹੈ।

ਜੋੜੇ ਟੱਬਰ ਨੇ, ਜਿਹੜਾ ਆਪਣੇ ਆਪ ਵਿੱਚ ਸੁਤੰਤਰ ਘਰ ਲੋੜੀਂਦਾ ਬਣਾਉਣ ਲਈ ਜਾਂ ਇੱਥੋਂ ਤੱਕ ਕਿ ਯੋਗ ਬਣਾਉਣ ਲਈ ਅਤਿ-ਅੰਤ ਕਮਜ਼ੋਰ ਅਤੇ ਅਸਥਿਰ ਸੀ, ਕਿਸੇ ਵੀ ਤਰ੍ਹਾਂ ਪਹਿਲੀਆਂ ਤੋਂ ਚਲੇ ਆਉਂਦੇ ਕਮਿਊਨਿਸਟ ਕਿਸਮ ਦੇ ਪਰਿਵਾਰ ਨੂੰ ਨਾ ਤੋੜਿਆ। ਪਰ ਕਮਿਊਨਿਸਟ ਕਿਸਮ ਦੇ ਪਰਿਵਾਰ ਦੇ ਅਰਥ ਘਰ ਵਿੱਚ ਇਸਤਰੀਆਂ ਦੀ ਪ੍ਰਧਾਨਗੀ ਹਨ ਕਿਉਂਕਿ ਪਿਤਾ ਦਾ ਪਤਾ ਕਰ ਸਕਣਾ ਸ਼ੱਕੀ ਹੋਣ ਕਾਰਨ ਜਨਮ ਦੇਣ ਵਾਲ਼ੀ ਮਾਂ ਨੂੰ ਅਨੰਨ ਪ੍ਰਵਾਨਗੀ ਦਿੱਤੀ ਜਾਂਦੀ ਸੀ, ਜਿਸ ਦੇ ਅਰਥ ਹਨ, ਇਸਤਰੀਆਂ, ਅਰਥਾਤ, ਮਾਵਾਂ ਲਈ, ਉੱਚ ਸਤਿਕਾਰ। ਇਹ ਗੱਲ ਕਿ ਸਮਾਜ ਦੇ ਆਦਿ ਦੇ ਸਮੇਂ ਇਸਤਰੀ ਮਰਦ ਦੀ ਗ਼ੁਲਾਮ ਸੀ, ਉਹਨਾਂ ਅਤਿ-ਅੰਤ ਵਾਹੀਆਤ ਸੰਕਲਪਾਂ ਵਿੱਚੋਂ ਇੱਕ ਹੈ ਜਿਹੜਾ ਅਠਾਰ੍ਹਵੀਂ ਸਦੀ ਦੇ ਜਾਗ੍ਰਤੀ ਦੇ ਸਮੇਂ ਤੋਂ ਸਾਡੇ ਤੱਕ ਆਇਆ ਹੈ। ਸਭਨਾਂ ਵਹਿਸ਼ੀਆਂ ਅਤੇ ਹੇਠਲੇ ਅਤੇ ਦਰਮਿਆਨੇ ਪੜਾਵਾਂ ਦੇ ਸਭਨਾਂ ਜਾਹਲਾਂ ਵਿੱਚ ਅਤੇ ਕੁੱਝ ਹੱਦ ਤੱਕ ਜਹਾਲਤ ਦੇ ਉਚੇਰੇ ਪੜਾਵਾਂ ਦੇ ਲੋਕਾਂ ਵਿੱਚ ਵੀ ਇਸਤਰੀਆਂ ਨੂੰ ਨਾ ਕੇਵਲ ਆਜ਼ਾਦ ਸਗੋਂ ਬਹੁਤ ਉੱਚੇ ਸਤਿਕਾਰ ਵਾਲ਼ਾ ਸਥਾਨ ਪ੍ਰਾਪਤ ਸੀ। ਸੈਨੇਕਾ ਇਰਾਕੁਈਆਂ ਵਿੱਚ ਕਈ ਵਰ੍ਹੇ ਮਿਸ਼ਨਰੀ ਦਾ ਕੰਮ ਕਰਨ ਵਾਲ਼ੇ ਆਰਥਰ ਰ੍ਹਾਈਟ ਨੂੰ ਇਹ ਦੱਸਣ ਦਿਉ ਕਿ ਜੋੜੇ ਟੱਬਰ ਵਿੱਚ ਇਸਤਰੀ ਦਾ ਅਜੇ ਵੀ ਕੀ ਸਥਾਨ ਸੀ:

"ਜਿਥੋਂ ਤੱਕ ਉਹਨਾਂ ਦੀ ਟੱਬਰ ਦੀ ਪ੍ਰਣਾਲੀ ਦਾ ਸਬੰਧ ਹੈ, ਜਦੋਂ ਉਹ ਪੁਰਾਣੇ ਲੰਮੇ ਮਕਾਨਾਂ ਵਿੱਚ ਰਹਿੰਦੇ ਹਨ (ਕਮਿਊਨਿਸਟ ਕਿਸਮ ਦੇ ਪਰਿਵਾਰ, ਜਿਨ੍ਹਾਂ ਵਿੱਚ ਕਈ ਟੱਬਰ ਸ਼ਾਮਲ ਹੁੰਦੇ ਸਨ)... ਇਹ ਸੰਭਵ ਹੈ ਕਿ ਕੋਈ ਇੱਕ ਕਟੁੰਬ (ਗੋਤ) ਭਾਰੂ ਹੁੰਦਾ ਹੈ, ਇਸਤਰੀਆਂ ਆਪਣੇ ਪਤੀ ਹੋਰਨਾਂ ਕਟੁੰਬਾਂ (ਗੋਤਾਂ) ਵਿੱਚੋਂ ਲੈਂਦੀਆਂ ਹਨ।... ਆਮ ਤੌਰ 'ਤੇ ਮਦੀਨ ਹਿੱਸਾ ਘਰ ਉੱਤੇ ਹਕੂਮਤ ਕਰਦਾ ਹੈ; ਭੰਡਾਰ ਇਕੱਠੇ ਰੱਖੇ ਜਾਂਦੇ ਹਨ; ਪਰ ਜਿਹੜਾ

ਬਦਕਿਸਮਤ ਪਤੀ ਜਾਂ ਪ੍ਰੇਮੀ ਖ਼ੁਰਾਕ ਪ੍ਰਾਪਤ ਕਰਨ ਵਿੱਚ ਆਪਣਾ ਹਿੱਸਾ ਪਾਉਣੋਂ ਨਿਰਯੋਗ ਸਾਬਤ ਹੁੰਦਾ ਹੈ, ਉਹਦੇ ਮੰਦੇ ਭਾਗ। ਭਾਵੇਂ ਉਹਦੇ ਘਰ ਵਿੱਚ ਕਿੰਨੇ ਬੱਚੇ ਜਾਂ ਵਸਤਾਂ ਹੋਣ, ਉਹਨੂੰ ਕਿਸੇ ਵੀ ਸਮੇਂ ਆਪਣਾ ਕੰਬਲ ਵਲ੍ਹੇਟਣ ਅਤੇ ਉਥੋਂ ਚਲੇ ਜਾਣ ਲਈ ਕਿਹਾ ਜਾ ਸਕਦਾ ਹੈ; ਅਤੇ ਅਜਿਹਾ ਹੁਕਮ ਮਿਲਣ ਤੋਂ ਪਿੱਛੋਂ ਉਹਦੇ ਲਈ ਇਹਦੀ ਉਲੰਘਣਾ ਕਰਨਾ ਕਿਸੇ ਵੀ ਤਰ੍ਹਾਂ ਨਰੋਈ ਗੱਲ ਨਹੀਂ ਹੋਵੇਗੀ। ਘਰ ਉਹਦੇ ਲਈ ਬਹੁਤ ਅਸੁਖਾਵਾਂ ਹੋ ਜਾਵੇਗਾ ਅਤੇ ਉਹਨੂੰ ਆਪਣੇ ਕੁਟੰਬ(ਗੋਤ) ਵਿੱਚ ਮੁੜਨਾ ਪੈਂਦਾ ਸੀ, ਜਾਂ ਜਿਹਾ ਅਕਸਰ ਕੀਤਾ ਜਾਂਦਾ ਹੈ, ਜਾ ਕੇ ਕਿਸੇ ਹੋਰ ਵਿੱਚ ਮਾਤਰੀ-ਲੀਹ ਵਾਲ਼ਾ ਨਵਾਂ ਰਿਸ਼ਤਾ ਸ਼ੁਰੂ ਕਰਨਾ ਪਵੇਗਾ। ਹੋਰਨਾਂ ਥਾਵਾਂ ਵਾਂਗ ਕੁਟੰਬਾਂ (ਗੋਤਾਂ) ਵਿੱਚ ਵੀ ਇਸਤਰੀਆਂ ਮਹਾਨ ਸ਼ਕਤੀ ਸਨ। ਜਿਵੇਂ ਕਿ ਇਹਨੂੰ ਤਕਨੀਕੀ ਤੌਰ ’ਤੇ ਕਿਹਾ ਜਾਂਦਾ ਹੈ, ਉਹ ਜੇ ਲੋੜ ਪਵੇ ਤਾਂ, ਮੁਖੀ ਦੇ ਸਿਰੋਂ ਸਿੰਙ ਲਾਹ ਸੁੱਟਣ ਅਤੇ ਉਹਨੂੰ ਵਾਪਸ ਯੋਧਿਆਂ ਦੀਆਂ ਸਫ਼ਾਂ ਵਿੱਚ ਭੇਜਣੋਂ ਉੱਕਾ ਹੀ ਨਾ ਝਕਦੀਆਂ।”

ਕਮਿਊਨਿਸਟ ਕਿਸਮ ਦਾ ਪਰਿਵਾਰ, ਜਿਸ ਵਿੱਚ ਵਧੇਰੇ ਇਸਤਰੀਆਂ ਜਾਂ ਇੱਥੋਂ ਤੱਕ ਕਿ ਸਾਰੀਆਂ ਇਸਤਰੀਆਂ, ਇੱਕੋ ਗੋਤ ਦੀਆਂ ਹਨ, ਪਰ ਮਰਦ ਵੱਖ-ਵੱਖ ਗੋਤਾਂ ਤੋਂ ਆਏ ਹਨ, ਇਸਤਰੀਆਂ ਦੇ ਉਸ ਗ਼ਲਬੇ ਦਾ ਪਦਾਰਥਕ ਆਧਾਰ ਸੀ ਜਿਹੜਾ ਆਮ ਤੌਰ ’ਤੇ ਆਦਿ-ਕਾਲੀਨ ਸਮਿਆਂ ਵਿੱਚ ਪ੍ਰਚਲਤ ਸੀ ਅਤੇ ਬਾਖ਼ੋਫੇਨ ਵੱਲੋਂ ਇਸ ਗੱਲ ਦਾ ਲੱਭਿਆ ਜਾਣਾ ਉਹਦੇ ਵੱਲੋਂ ਕੀਤੀ ਤੀਜੀ ਵੱਡੀ ਸੇਵਾ ਹੈ। ਮੈਂ ਇੱਥੇ ਇਹ ਵੀ ਕਹਿ ਦਿਆਂ ਕਿ ਵਹਿਸ਼ੀ ਅਤੇ ਜਾਹਲ ਲੋਕਾਂ ਵਿੱਚ ਇਸਤਰੀਆਂ ਉੱਤੇ ਕਿਰਤ ਦਾ ਹੱਦੋਂ ਵੱਧ ਭਾਰ ਹੋਣ ਸਬੰਧੀ ਮੁਸਾਫ਼ਰਾਂ ਅਤੇ ਮਿਸ਼ਨਰੀਆਂ ਦੀਆਂ ਖ਼ਬਰਾਂ ਕਿਸੇ ਵੀ ਤਰ੍ਹਾਂ ਉਸ ਨਾਲ਼ ਟੱਕਰ ਨਹੀਂ ਖਾਂਦੀਆਂ ਜੋ ਕੁੱਝ ਉੱਪਰ ਕਿਹਾ ਗਿਆ ਹੈ। ਮਰਦਾਂ ਅਤੇ ਇਸਤਰੀਆਂ ਵਿਚਕਾਰ ਕਿਰਤ ਦੀ ਵੰਡ ਨੂੰ ਜਿਹੜੇ ਕਾਰਨ ਮਿੱਥਦੇ ਹਨ ਉਹ ਉਹਨਾਂ ਤੋਂ ਉੱਕਾ ਹੀ ਵੱਖਰੇ ਹਨ ਜਿਹੜੇ ਸਮਾਜ ਵਿੱਚ ਇਸਤਰੀ ਦਾ ਸਥਾਨ ਮਿੱਥਦੇ ਹਨ। ਜਿਨ੍ਹਾਂ ਲੋਕਾਂ ਦੀਆਂ ਇਸਤਰੀਆਂ ਨੂੰ ਉਸ ਨਾਲ਼ੋਂ ਬਹੁਤ ਜ਼ਿਆਦਾ ਮੁਸ਼ੱਕਤ ਕਰਨੀ ਪੈਂਦੀ ਹੈ, ਜਿੰਨੀ ਅਸੀਂ ਯੋਗ ਸਮਝਦੇ ਹਾਂ, ਅਕਸਰ ਉਹ ਆਪਣੀਆਂ ਇਸਤਰੀਆਂ ਲਈ ਉਸ ਨਾਲ਼ੋਂ ਵਧੇਰੇ ਸਤਿਕਾਰ ਵਿਖਾਉਂਦੇ ਹਨ ਜਿੰਨਾਂ ਸਾਡੇ ਯੂਰਪੀ ਆਪਣੀਆਂ ਇਸਤਰੀਆਂ ਲਈ ਵਿਖਾਉਂਦੇ ਹਨ। ਸਭਿਅਤਾ ਦੀ ਮਲਕਜ਼ਾਦੀ ਦਾ, ਜਿਹੜੀ ਨਕਲੀ ਆਦਰ ਨਾਲ਼ ਘਿਰੀ ਹੋਈ ਅਤੇ ਕੁੱਲ ਅਸਲੀ ਕੰਮ ਤੋਂ ਕੱਟੀ ਹੋਈ ਹੈ, ਦਰਜਾ ਜਹਾਲਤ ਦੀ ਪ੍ਰਸਥਿਤੀ ਦੀਆਂ ਮਿਹਨਤੀ ਇਸਤਰੀਆਂ ਨਾਲ਼ੋਂ ਅਤਿ-ਅੰਤ ਨੀਵਾਂ ਹੈ, ਜਿੱਥੇ ਕਿ ਉਹਦੇ ਲੋਕ ਉਹਨੂੰ ਸੱਚ ਮੁੱਚ ਮਲਕਜ਼ਾਦੀ ਸਮਝਦੇ ਸਨ (lady, frowa, Frau)* ਅਤੇ ਅਜਿਹੀ ਸੱਚ ਮੁੱਚ ਉਹਦੀ ਪ੍ਰਸਥਿਤੀ ਸੀ।

ਜੋੜੇ ਵਿਆਹ ਨੇ ਅਮਰੀਕਾ ਵਿੱਚ ਪੂਰੀ ਤਰ੍ਹਾਂ ਟੋਲੀ ਵਿਆਹ ਦੀ ਥਾਂ ਲੈ ਲਈ ਹੈ ਜਾਂ ਨਹੀਂ, ਇਹਦਾ ਨਿਰਣਾ ਲਾਜ਼ਮੀ ਤੌਰ ’ਤੇ ਉੱਤਰ-ਪੱਛਮੀ ਅਤੇ ਵਿਸ਼ੇਸ਼ ਤੌਰ ’ਤੇ ਦੱਖਣੀ ਅਮਰੀਕੀ ਲੋਕਾਂ ਦੇ ਨੇੜਵੇਂ ਅਧਿਐਨ ਪਿੱਛੋਂ ਕਰਨਾ ਚਾਹੀਦਾ ਹੈ, ਜਿਹੜੇ ਵਹਿਸ਼ਤ ਦੇ

---

* ਮਾਲਕਣ। —**ਅਨੁ.**

ਉਚੇਰੇ ਪੜਾਅ ਉੱਤੇ ਹਨ। ਇਹਨਾਂ ਪਿਛਲੇਰਿਆਂ ਸਬੰਧੀ ਲਿੰਗ ਖੁੱਲ੍ਹ ਦੀਆਂ ਇੰਨੀਆਂ ਮਿਸਾਲਾਂ ਦੱਸੀਆਂ ਜਾਂਦੀਆਂ ਹਨ ਕਿ ਪੁਰਾਣੇ ਟੋਲੀ ਵਿਆਹ ਦਾ ਮੁਕੰਮਲ ਖ਼ਾਤਮਾ ਚਿਤਵਿਆ ਨਹੀਂ ਜਾ ਸਕਦਾ। ਕੁੱਝ ਵੀ ਹੋਵੇ, ਇਹਦੀਆਂ ਸਭ ਨਿਸ਼ਾਨੀਆਂ ਅਜੇ ਖ਼ਤਮ ਨਹੀਂ ਹੋਈਆਂ। ਘੱਟੋ ਘੱਟ ਚਾਲ੍ਹੀ ਉੱਤਰੀ ਅਮਰੀਕੀ ਕਬੀਲਿਆਂ ਵਿੱਚ ਜਿਹੜਾ ਮਰਦ ਵੱਡੀ ਭੈਣ ਨਾਲ਼ ਵਿਆਹ ਕਰਦਾ ਹੈ, ਉਹਦਾ ਬਾਕੀ ਭੈਣਾਂ ਉੱਤੇ, ਉਹਨਾਂ ਦੇ ਯੋਗ ਉਮਰ ’ਤੇ ਅੱਪੜਦਿਆਂ ਹੀ ਹੱਕ ਹੋ ਜਾਂਦਾ ਹੈ —ਇਹ ਭੈਣਾਂ ਦੀ ਪੂਰੀ ਟੋਲੀ ਲਈ ਪਤੀਆਂ ਦੀ ਸਾਂਝ ਦੀ ਰਹਿੰਦ-ਖੂੰਹਦ ਹੈ ਅਤੇ ਬੈਨਕਰਾਫ਼ਟ ਦੱਸਦਾ ਹੈ ਕਿ ਕੈਲੀਫ਼ੋਰਨੀਆ ਟਾਪੂਹਾਰ ਦੇ ਕਬੀਲਿਆਂ ਦੇ (ਜਿਹੜੇ ਵਹਿਸ਼ਤ ਦੇ ਉਪਰਲੇ ਪੜਾਅ ਉੱਤੇ ਹਨ), ਕੁੱਝ ਜਸ਼ਨ ਹੁੰਦੇ ਹਨ, ਜਿਨ੍ਹਾਂ ਦੇ ਸਮੇਂ ਕਈ “ਕਬੀਲੇ” ਅਭੇਦ ਲਿੰਗ ਭੋਗ ਲਈ ਇਕੱਠੇ ਹੁੰਦੇ ਹਨ। ਸਪਸ਼ਟ ਹੈ ਕਿ ਇਹ ਗੋਤ ਹਨ, ਜਿਨ੍ਹਾਂ ਲਈ ਇਹ ਜਸ਼ਨ ਉਸ ਸਮੇਂ ਦੀਆਂ ਧੁੰਦਲੀਆਂ ਯਾਦਾਂ ਹਨ, ਜਦੋਂ ਇੱਕ ਗੋਤ ਦੀਆਂ ਇਸਤਰੀਆਂ ਲਈ ਦੂਜੀ ਗੋਤ ਦੇ ਸਾਰੇ ਮਰਦ ਪਤੀ ਹੁੰਦੇ ਸਨ ਅਤੇ ਇੱਕ ਗੋਤ ਦੇ ਸਭਨਾਂ ਮਰਦਾਂ ਲਈ ਦੂਜੀ ਗੋਤ ਦੀਆਂ ਸਾਰੀਆਂ ਇਸਤਰੀਆਂ ਪਤਨੀਆਂ ਹੁੰਦੀਆਂ ਸਨ। ਇਹੋ ਰਿਵਾਜ ਅਜੇ ਤੱਕ ਆਸਟ੍ਰੇਲੀਆ ਵਿੱਚ ਪ੍ਰਚਲਤ ਹੈ। ਕੁੱਝ ਲੋਕਾਂ ਵਿੱਚ ਇਉਂ ਹੁੰਦਾ ਹੈ ਕਿ ਵਡੇਰੇ ਮਰਦ, ਮੁਖੀ ਅਤੇ ਜਾਦੂਗਰ-ਪ੍ਰੋਹਤ, ਪਤਨੀਆਂ ਦੀ ਸਾਂਝ ਦੀ ਆਪਣੇ ਲਈ ਕੁਵਰਤੋਂ ਕਰਦੇ ਹਨ ਅਤੇ ਵਧੇਰੇ ਇਸਤਰੀਆਂ ਦੀ ਆਪਣੇ ਲਈ ਅਜਾਰੇਦਾਰੀ ਸਥਾਪਤ ਕਰ ਲੈਂਦੇ ਹਨ; ਪਰ ਆਪਣੀ ਵਾਰੀ ਉਹਨਾਂ ਨੂੰ ਕੁੱਝ ਜਸ਼ਨਾਂ ਅਤੇ ਮਹਾਨ ਜਨਤਕ ਇਕੱਠਾਂ ਸਮੇਂ ਪੁਰਾਣਾ ਸਾਂਝਾ ਕਬਜ਼ਾ ਮੁੜ ਸਥਾਪਤ ਕਰਨ ਦੀ ਅਤੇ ਆਪਣੀਆਂ ਪਤਨੀਆਂ ਨੂੰ ਜਵਾਨਾਂ ਨਾਲ਼ ਰੰਗ-ਰਲੀਆਂ ਮਨਾਉਣ ਦੀ ਆਗਿਆ ਦੇਣੀ ਪੈਂਦੀ ਹੈ। ਵੈਸਟਰਮਾਰਕ (ਪੰਨੇ 28 ਅਤੇ 29) ਅਜਿਹੇ ਸਮੇਂ ਸਮੇਂ ਹੁੰਦੇ ਸੈਚੁਰਨਾਲਵੀ ਜਸ਼ਨਾਂ[13] ਦੀਆਂ ਮਿਸਾਲਾਂ ਦੀ ਪੂਰੀ ਲੜੀ ਪੇਸ਼ ਕਰਦਾ ਹੈ ਜਿਸ ਵਿੱਚ ਪੁਰਾਣਾ ਖੁੱਲ੍ਹਾ ਲਿੰਗ ਭੋਗ ਥੋੜੇ ਸਮੇਂ ਲਈ ਫੇਰ ਬਲ ਪ੍ਰਾਪਤ ਕਰ ਲੈਂਦਾ ਹੈ, ਮਿਸਾਲ ਵਜੋਂ ਹਿੰਦ ਦੇ ਹੋਆਂ, ਸੰਥਾਲਾਂ, ਪੰਜਾਵਾਂ ਅਤੇ ਕੋਤਾਰਾਂ ਵਿੱਚ, ਕੁੱਝ ਅਫ਼ਰੀਕੀ ਲੋਕਾਂ, ਆਦਿ, ਵਿੱਚ। ਪਰ ਅਜੀਬ ਗੱਲ ਇਹ ਹੈ ਕਿ ਵੈਸਟਰਮਾਰਕ ਇਸ ਤੋਂ ਇਹ ਸਿੱਟਾ ਕਢਦਾ ਹੈ ਕਿ ਇਹ ਟੋਲੀ ਵਿਆਹ ਦੀਆਂ ਨਿਸ਼ਾਨੀਆਂ ਨਹੀਂ, ਜਿਸਨੂੰ ਉਹ ਰੱਦ ਕਰਦਾ ਹੈ, ਸਗੋਂ ਮੁਸ਼ਕਣ ਦੇ ਸਮੇਂ ਦੀਆਂ ਨਿਸ਼ਾਨੀਆਂ ਹਨ, ਜਿਹੜੀ ਹਾਲਤ ਆਦਿ-ਕਾਲੀਨ ਮਨੁੱਖ ਅਤੇ ਹੋਰਨਾਂ ਪਸ਼ੂਆਂ ਵਿੱਚ ਸਾਂਝੀ ਹੈ।

ਹੁਣ ਅਸੀਂ ਬਾਖ਼ੋਫੇਨ ਦੀ ਚੌਥੀ ਮਹਾਨ ਲੱਭਤ, ਟੋਲੀ ਵਿਆਹ ਤੋਂ ਜੋੜੇ ਟੱਬਰ ਵੱਲ ਵਿਸ਼ਾਲ ਪੱਧਰ ’ਤੇ ਫੈਲੀ ਤਬਦੀਲੀ ਦੀ ਲੱਭਤ ਵੱਲ ਆਉਂਦੇ ਹਾਂ। ਬਾਖ਼ੋਫ਼ੇਨ ਜਿਸ ਗੱਲ ਨੂੰ ਦੇਵਤਿਆਂ ਦੇ ਪੁਰਾਣੇ ਹਜ਼ੂਰੀ ਹੁਕਮਾਂ ਦੀ ਉਲੰਘਣਾ ਲਈ ਪ੍ਰਾਸ਼ਚਿਤ ਸਮਝਦਾ ਹੈ, ਅਜਿਹਾ ਪ੍ਰਾਸ਼ਚਿਤ ਜਿਸ ਰਾਹੀਂ ਇਸਤਰੀ ਆਪਣਾ ਸਤਵੰਤੀ ਹੋਣ ਦਾ ਹੱਕ ਪ੍ਰਾਪਤ ਕਰਦੀ ਹੈ, ਅਸਲ ਵਿੱਚ ਉਸ ਪ੍ਰਾਸ਼ਚਿਤ ਦਾ ਛਾਇਆਵਾਦੀ ਪ੍ਰਗਟਾਅ ਹੈ, ਜਿਸ ਰਾਹੀਂ ਇਸਤਰੀ ਪ੍ਰਾਚੀਨ ਪਤੀਆਂ ਦੀ ਸਾਂਝ ਤੋਂ ਆਪਣੀ ਮੁਕਤੀ ਪ੍ਰਾਪਤ ਕਰਦੀ ਹੈ ਅਤੇ ਆਪਣੇ ਆਪ ਨੂੰ **ਇਕੋ** ਮਰਦ ਦੇ ਹਵਾਲੇ ਕਰਨ ਦਾ ਹੱਕ ਜਿੱਤਦੀ ਹੈ। ਇਹ ਪ੍ਰਾਸ਼ਚਿਤ ਸੀਮਤ ਹੱਦ ਤੱਕ ਹੇਠਾਂ

ਪੈਣ ਦਾ ਰੂਪ ਧਾਰਦਾ ਹੈ: ਬੇਬੀਲੋਨ ਦੀਆਂ ਇਸਤਰੀਆਂ ਮੀਲਿਤਾ ਦੇ ਮੰਦਰ ਵਿੱਚ ਸਾਲ ਵਿੱਚ ਇੱਕ ਵਾਰ ਆਪਣੇ ਆਪ ਨੂੰ ਹਰ ਇੱਕ ਦੇ ਹਵਾਲੇ ਕਰ ਦੇਂਦੀਆਂ ਸਨ। ਹੋਰ ਮੱਧ-ਪੂਰਬੀ ਲੋਕ ਆਪਣੀਆਂ ਕੁੜੀਆਂ ਨੂੰ ਕਈ ਵਰ੍ਹੇ ਅਨਾਈਤਸ ਦੇ ਮੰਦਰ ਵਿਖੇ ਭੇਜਦੇ, ਜਿਥੇ ਉਹ ਆਪਣੀ ਮਰਜ਼ੀ ਦੇ ਮਨ-ਪਸੰਦ ਮਰਦਾਂ ਨਾਲ਼ ਖੁੱਲ੍ਹਾ ਲਿੰਗ ਭੋਗ ਕਰਦੀਆਂ ਤਾਂ ਹੀ ਉਹਨਾਂ ਨੂੰ ਵਿਆਹ ਕਰਨ ਦੀ ਆਗਿਆ ਦਿੱਤੀ ਜਾਂਦੀ। ਧਾਰਮਿਕ ਰੂਪ ਰੱਖਣ ਵਾਲ਼ੇ ਅਜਿਹੇ ਹੀ ਰਿਵਾਜ ਰੋਮ ਸਾਗਰ ਅਤੇ ਗੰਗਾ ਦੇ ਵਿਚਕਾਰਲੇ ਲਗਭਗ ਸਭਨਾਂ ਲੋਕਾਂ ਵਿੱਚ ਬਹੁਤ ਆਮ ਹਨ। ਜਿਹਾ ਕਿ ਬਾਖ਼ੋਫ਼ੇਨ ਕਹਿੰਦਾ ਹੈ ਸਮੇਂ ਨਾਲ਼ ਮੁਕਤੀ ਦੇ ਮੰਤਵ ਨਾਲ਼ ਪ੍ਰਾਸ਼ਚਿਤ ਦੀ ਕੁਰਬਾਨੀ ਹੌਲ਼ੀ ਹੁੰਦੀ ਗਈ:

> "ਸਾਲਾਨਾ ਹਵਾਲਗੀ ਦੀ ਥਾਂ ਇੱਕੋ ਵਾਰ ਹਵਾਲਗੀ ਨੇ ਲੈ ਲਈ; ਵਿਆਹੁਤਾ ਇਸਤਰੀਆਂ ਦੇ ਹਿਤੀਰੀਵਾਦ ਦੀ ਥਾਂ ਕੁਵਾਰੀਆਂ ਦੇ ਹਿਤੀਰੀਵਾਦ ਨੇ ਲੈ ਲਈ, ਵਿਆਹਤਾ ਜੀਵਨ ਵਿੱਚ ਅਮਲ ਦੀ ਥਾਂ ਵਿਆਹ ਤੋਂ ਪਹਿਲਾਂ ਦੇ ਅਮਲ ਨੇ, ਬਿਨਾਂ ਫ਼ਰਕ ਹਰ ਇੱਕ ਦੇ ਹੇਠਾਂ ਪੈਣ ਦੀ ਥਾਂ ਕੁੱਝ ਲੋਕਾਂ ਹੇਠ ਪੈਣ ਨੇ" ("ਮਾਤਰੀ ਹੱਕ", ਪੰਨਾ 19)*।

ਹੋਰਨਾਂ ਲੋਕਾਂ ਵਿਚ ਧਾਰਮਕ ਭੇਖ ਦੀ ਅਣਹੋਂਦ ਹੈ; ਹੋਰਨਾਂ ਵਿੱਚ—ਪ੍ਰਾਚੀਨ ਯੁੱਗ ਦੇ ਥਰੇਸਿਆਈਆਂ, ਕੈਲਟਾਂ ਆਦਿ, ਵਿੱਚ ਅਤੇ ਹਿੰਦ ਦੇ ਕਈ ਆਦਿ-ਵਾਸੀਆਂ ਵਿੱਚ, ਮਲਾਈ ਲੋਕਾਂ, ਦੱਖਣੀ ਸਾਗਰ ਦੇ ਟਾਪੂਆਂ ਦੇ ਵਸਨੀਕਾਂ ਅਤੇ ਕਈ ਅਮਰੀਕੀ ਇੰਡੀਅਨਾਂ ਵਿੱਚ ਅੱਜ ਤੱਕ ਵੀ— ਕੁੜੀਆਂ ਨੂੰ ਉਹਨਾਂ ਵਿਆਹ ਤੱਕ ਵੱਧ ਤੋਂ ਵੱਧ ਲਿੰਗ ਖੁੱਲ੍ਹ ਪ੍ਰਾਪਤ ਹੁੰਦੀ ਹੈ। ਅਜਿਹਾ ਲਗਭਗ ਸਾਰੇ ਦੱਖਣੀ ਅਮਰੀਕਾ ਵਿੱਚ ਵੀ ਹੈ, ਜਿਵੇਂ ਕਿ ਕੋਈ ਵੀ ਮਨੁੱਖ, ਜਿਹੜਾ ਥੋੜ੍ਹਾ ਵੀ ਅੰਦਰਲੇ ਇਲਾਕੇ ਵਿੱਚ ਗਿਆ ਹੈ ਸ਼ਾਅਦੀ ਭਰ ਸਕਦਾ ਹੈ। ਅਗਾਸਿਜ਼ (ì A Journey in Brazilî, Boston and New York, 1886, p.266 — "ਬ੍ਰਾਜ਼ੀਲ ਵਿੱਚ ਇੱਕ ਸਫ਼ਰ", ਬੋਸਟਨ ਅਤੇ ਨਿਊ ਯਾਰਕ, 1886, ਪੰਨਾ 266) ਵਿੱਚ ਇੰਡੀਅਨ ਆਦਿ ਦੇ ਇੱਕ ਧਨੀ ਟੱਬਰ ਸਬੰਧੀ ਹੇਠ ਲਿਖੀ ਗੱਲ ਬਿਆਨ ਕਰਦਾ ਹੈ। ਜਦੋਂ ਉਹਨੂੰ ਘਰ ਦੀ ਧੀ ਨਾਲ਼ ਜਾਣੂ ਕਰਵਾਇਆ ਗਿਆ, ਤਾਂ ਉਹਨੇ ਉਹਦੇ ਪਿਤਾ ਸਬੰਧੀ ਪੁਛਿਆ, ਜਿਸ ਬਾਰੇ ਉਹਨੇ ਸੋਚਿਆ ਕਿ ਉਹਦੀ ਮਾਂ ਦਾ ਪਤੀ ਹੋਵੇਗਾ, ਜਿਹੜਾ ਪੈਰਾਗੂਏ ਵਿਰੁੱਧ ਯੁੱਧ ਵਿੱਚ ਲਾਮ 'ਤੇ ਗਿਆ ਹੋਇਆ ਸੀ, ਤਾਂ ਮਾਂ ਨੇ ਮੁਸਕਰਾਉਂਦੇ ਹੋਏ ਉੱਤਰ ਦਿੱਤਾ: ìnao tem pai, È filha da fortunaî— (ਇਹਦਾ ਕੋਈ ਪਿਤਾ ਨਹੀਂ, ਇਹ ਤਾਂ ਸਬੱਬੀ ਮੇਲ ਦੀ ਧੀ ਹੈ।)

> "ਇੰਡੀਅਨ ਜਾਂ ਅੱਧ-ਗੋਰੀਆਂ ਇਸਤਰੀਆਂ ਆਪਣੇ ਹਰਾਮੀ ਬੱਚਿਆਂ ਬਾਰੇ ਇਸ ਢੰਗ ਨਾਲ਼ ਗੱਲ ਕਰਦੀਆਂ ਹਨ ਅਤੇ ਉਹਨਾਂ ਨੂੰ ਇਸ ਵਿੱਚ ਕੋਈ ਗ਼ਲਤ ਗੱਲ ਜਾਂ ਸ਼ਰਮ ਨਹੀਂ ਦਿਸਦੀ। ਇਹ ਗੱਲ ਅਸਾਧਾਰਨ ਤੋਂ ਏਨੀ ਦੂਰ ਹੈ ਕਿ ਇਹਦਾ ਉਲਟ ਅਸਾਧਾਰਨ ਜਾਪਦਾ ਹੈ। ਬੱਚਿਆਂ ਨੂੰ ...ਅਕਸਰ

---

* Bachofen I.I., ìDas Mutterrechtî, Stuttgart, 1861.—**ਸੰਪਾ.**

ਕੇਵਲ ਆਪਣੀਆਂ ਮਾਵਾਂ ਸਬੰਧੀ ਹੀ ਪਤਾ ਹੁੰਦਾ ਹੈ ਕਿਉਂਕਿ ਸਾਰੀ ਫ਼ਿਕਰ ਅਤੇ ਜ਼ਿੰਮੇਵਾਰੀ ਉਹਦੇ ਉੱਤੇ ਪੈਂਦੀ ਹੈ; ਪਰ ਉਹਨਾਂ ਨੂੰ ਆਪਣੇ ਪਿਤਾ ਸਬੰਧੀ ਕੁੱਝ ਪਤਾ ਨਹੀਂ ਹੁੰਦਾ, ਨਾ ਹੀ ਇਹ ਗੱਲ ਇਸਤਰੀਆਂ ਨੂੰ ਕਦੀ ਅਹੁੜਦੀ ਹੈ ਕਿ ਉਹਦਾ ਜਾਂ ਉਹਦੇ ਬੱਚਿਆਂ ਦਾ ਪਿਤਾ ਉੱਤੇ ਕੋਈ ਹੱਕ ਹੈ"।

ਜਿਹੜੀ ਗੱਲ ਸਭਿਆ ਮਨੁੱਖ ਨੂੰ ਇੰਨੀ ਅਜੀਬ ਜਾਪਦੀ ਹੈ ਉਹ ਮਾਤਰੀ ਹੱਕ ਅਨੁਸਾਰ ਅਤੇ ਟੋਲੀ ਵਿਆਹ ਵਿੱਚ ਸਿਰਫ਼ ਨੇਮ ਹੀ ਹੈ।

ਇਹਨਾਂ ਤੋਂ ਵੀ ਵੱਖਰੇ ਲੋਕਾਂ ਵਿੱਚ ਲਾੜੇ ਦੇ ਮਿੱਤਰ ਅਤੇ ਰਿਸ਼ਤੇਦਾਰ ਜਾਂ ਵਿਆਹ 'ਤੇ ਸੱਦੇ ਗਏ ਪ੍ਰਾਹੁਣੇ, ਲਾੜੀ ਉੱਤੇ ਆਪਣਾ ਪੁਰਾਣਾ ਰਿਵਾਇਤੀ ਹੱਕ ਵਿਆਹ ਸਮੇਂ ਹੀ ਵਰਤਦੇ ਹਨ ਅਤੇ ਲਾੜੇ ਦੀ ਵਾਰੀ ਅਖ਼ੀਰ 'ਤੇ ਆਉਂਦੀ ਹੈ; ਮਿਸਾਲ ਵੱਜੋਂ ਬਾਲੀਆਰਿਕ ਟਾਪੂਆਂ ਵਿੱਚ ਅਤੇ ਪ੍ਰਾਚੀਨ ਸਮੇਂ ਦੇ ਆਉਗੀਲਾ ਅਫ਼ਰੀਕੀਆਂ ਵਿੱਚ ਅਤੇ ਅੱਜ ਵੀ ਐਬੇਸੀਨੀਆ ਦੇ ਬਾਰੀਆਈਆਂ ਵਿੱਚ। ਇਹਨਾਂ ਤੋਂ ਵੀ ਵੱਖਰੇ ਲੋਕਾਂ ਵਿੱਚ ਇੱਕ ਸਰਕਾਰੀ ਵਿਅਕਤੀ —ਕਬੀਲੇ ਜਾਂ ਗੋਤ ਦਾ ਮੁਖੀ, ਕਾਸਿਕ, ਸ਼ਮਾਨ, ਪ੍ਰੋਹਤ, ਰਾਜਾ, ਭਾਵੇਂ ਉਹਦੀ ਪਦਵੀ ਕੋਈ ਕਿਉਂ ਨਾ ਹੋਵੇ—ਭਾਈਚਾਰੇ ਦੀ ਪ੍ਰਤਿਨਿਧਤਾ ਕਰਦਾ ਹੈ ਅਤੇ ਲਾੜੀ ਨਾਲ਼ ਪਹਿਲੀ ਰਾਤ ਬਿਤਾਉਣ ਦਾ ਹੱਕ ਵਰਤਦਾ ਹੈ। ਸਾਰੀ ਨਵ-ਰੋਮਾਂਚਕੀ ਲੇਪਾ-ਪੋਤੀ ਦੇ ਬਾਵਜੂਦ, ਇਹ jus primae noctis* ਅੱਜ ਤੱਕ ਅਲਾਸਕਾ ਦੇ ਇਲਾਕੇ ਦੇ ਅਸਲੀ ਵਧੇਰੇ ਵਸਨੀਕਾਂ ਵਿੱਚ (Bancroft, ìNative Racesî, I, p.82 — ਬੈਨਕਰਾਫ਼ਟ "ਅਸਲੀ ਨਸਲਾਂ", 1, ਪੰਨਾ 81), ਉੱਤਰੀ ਮੈਕਸੀਕੋ ਦੇ ਤਾਹੂਆਂ ਵਿੱਚ (ਉਪਰੋਕਤ, ਪੰਨਾ 584) ਅਤੇ ਹੋਰਨਾਂ ਲੋਕਾਂ ਵਿੱਚ ਟੋਲੀ ਵਿਆਹ ਦੀ ਨਿਸ਼ਾਨੀ ਵਜੋਂ ਮੌਜੂਦ ਹੈ; ਅਤੇ ਮੱਧ ਕਾਲ ਵਿੱਚ ਇਹ ਘਟੋ ਘੱਟ ਉਹਨਾਂ ਦੇਸ਼ਾਂ ਵਿੱਚ ਪ੍ਰਚਲਤ ਸੀ ਜਿਹੜੇ ਕੈਲਟ ਨਸਲ ਦੇ ਦੇਸ਼ ਸਨ; ਜਿਥੇ ਇਹ ਸਿੱਧਾ ਟੋਲੀ ਵਿਆਹ ਰਾਹੀਂ ਆਇਆ ਸੀ; ਮਿਸਾਲ ਵਜੋਂ ਅਰਾਗੋਨ ਵਿੱਚ। ਜਿੱਥੇ ਕੈਸਟਾਈਲ ਦਾ ਕਿਸਾਨ ਕਦੀ ਖੇਤ-ਗ਼ੁਲਾਮ ਨਹੀਂ ਸੀ ਰਿਹਾ, ਅਰਾਗੋਨ ਵਿੱਚ ਅਤਿ-ਅੰਤ ਦੁਰਗਤੀ ਵਾਲ਼ੀ ਖੇਤ-ਗ਼ੁਲਾਮੀ ਉਸ ਸਮੇਂ ਤੱਕ ਪ੍ਰਚਲਤ ਸੀ ਜਦੋਂ ਕਿ ਫ਼ਰਡੀਨੈਂਡ ਕੈਥੋਲਕ ਨੇ 1486 ਵਿੱਚ ਫ਼ੁਰਮਾਨ ਰਾਹੀਂ ਇਹਦਾ ਅੰਤ ਨਾ ਕਰ ਦਿੱਤਾ। ਇਹ ਸਰਵਜਨਕ ਕਾਨੂੰਨ ਕਹਿੰਦਾ ਹੈ:

> "ਅਸੀਂ ਫ਼ੈਸਲਾ ਕਰਦੇ ਹਾਂ ਅਤੇ ਐਲਾਨ ਕਰਦੇ ਹਾਂ ਕਿ ਉਪਰੋਕਤ ਰਾਠ (senors, barons) ... ਕਿਸੇ ਕਿਸਾਨ ਵੱਲੋਂ ਵਿਆਹੀ ਇਸਤਰੀ ਨਾਲ਼ ਪਹਿਲੀ ਰਾਤ ਵੀ ਨਹੀਂ ਸੌਣਗੇ, ਨਾ ਹੀ ਉਹ ਵਿਆਹ ਦੀ ਰਾਤ ਨੂੰ, ਇਸਤਰੀ ਦੇ ਬਿਸਤਰੇ ਵਿੱਚ ਲੇਟ ਜਾਣ ਪਿੱਛੋਂ, ਆਪਣੇ ਅਧਿਕਾਰ ਦੀ ਨਿਸ਼ਾਨੀ ਵਜੋਂ ਉਸ ਉਪਰੋਂ ਉਲਾਂਘ ਭਰਨਗੇ; ਨਾ ਹੀ ਉਪਰੋਕਤ ਰਾਠ ਪੈਸੇ ਦੇ ਕੇ ਜਾਂ ਪੈਸੇ ਦਿੱਤੇ ਬਿਨਾਂ, ਉਹਨਾਂ ਦੀ ਇੱਛਾ ਵਿਰੁੱਧ, ਕਿਸਾਨਾਂ ਦੇ ਧੀਆਂ ਜਾਂ ਪੁੱਤਰਾਂ ਦੀਆਂ ਸੇਵਾਵਾਂ ਦਾ ਲਾਭ ਉਠਾਉਣਗੇ।" (ਜ਼ੁਗਨਹੀਮ ਵੱਲੋਂ "ਖੇਤ-ਗ਼ੁਲਾਮੀ",

---

* ਨਵੀਂ ਲਾੜੀ ਨਾਲ਼ ਪਹਿਲੀ ਰਾਤ ਸੌਣ ਦਾ ਹੱਕ। **—ਸੰਪਾ.**

ਪੀਟਰਜ਼ਬਰਗ, 1861, ਪੰਨਾ 355* ਵਿੱਚ ਮੂਲ ਕੈਟਾਲੋਨੀ ਭਾਸ਼ਾ ਵਿੱਚ ਦਿੱਤੀ ਟੂਕ।)

ਜਦੋਂ ਬਾਖ਼ੋਫ਼ੇਨ ਇਹ ਕਹਿੰਦਾ ਹੈ ਕਿ ਉਹ ਜਿਸਨੂੰ "ਹਿਤੀਰੀਵਾਦ" ਜਾਂ ìSumpfzeugungî** ਕਹਿੰਦਾ ਹੈ, ਉਸ ਤੋਂ ਇੱਕ-ਪਤੀ ਇੱਕ-ਪਤਨੀ ਪ੍ਰਣਾਲੀ ਵੱਲ ਤਬਦੀਲੀ ਲਾਜ਼ਮੀ ਤੌਰ 'ਤੇ ਇਸਤਰੀਆਂ ਨੇ ਲਿਆਂਦੀ ਤਾਂ ਉਹ ਉੱਕਾ ਹੀ ਠੀਕ ਹੈ। ਜੀਵਨ ਦੀਆਂ ਆਰਥਿਕ ਹਾਲਤਾਂ ਦੇ ਵਿਕਾਸ ਨਾਲ਼, ਅਰਥਾਤ ਪੁਰਾਣੇ ਕਮਿਊਨਿਜ਼ਮ ਦੀਆਂ ਜੜ੍ਹਾਂ ਖੁਰਨ ਅਤੇ ਵਸੋਂ ਦੀ ਘਣਤਾ ਵਧਣ ਕਾਰਨ ਪੁਰਾਣੇ ਲਿੰਗ ਸਬੰਧਾਂ ਦਾ ਸਿੱਧੜ, ਆਦਿ-ਕਾਲੀਨ ਜੰਗਲਾਂ ਵਾਲ਼ਾ ਖ਼ਾਸਾ ਜਿੰਨਾ ਵਧੇਰੇ ਖ਼ਤਮ ਹੁੰਦਾ ਗਿਆ, ਇਸਤਰੀਆਂ ਨੂੰ ਇੱਹ ਜ਼ਰੂਰ ਹੀ ਉਨੇ ਵਧੇਰੇ ਨਿਰਾਦਰੀ ਭਰੇ ਅਤੇ ਜਾਬਰਾਨਾ ਜਾਪਣ ਲੱਗ ਪਏ ਹੋਣਗੇ; ਉਨੇ ਹੀ ਵਧੇਰੇ ਜੋਸ਼ ਨਾਲ਼ ਉਹਨਾਂ ਜ਼ਰੂਰ ਹੀ ਸਤਵੰਤੀ ਹੋਣ ਦੇ ਹੱਕ ਦੀ ਚੇਸ਼ਟਾ ਕੀਤੀ ਹੋਣੀ ਹੈ, ਮੁਕਤੀ ਵਜੋਂ ਕੇਵਲ ਇੱਕੋ ਇੱਕ ਮਨੁੱਖ ਨਾਲ਼ ਆਰਜ਼ੀ ਜਾਂ ਸਥਾਈ ਵਿਆਹ ਦੀ। ਇਸ ਉੱਨਤੀ ਦਾ ਆਰੰਭ ਮਰਦਾਂ ਵੱਲੋਂ ਤਾਂ ਕਦੇ ਨਹੀਂ ਹੋਇਆ ਹੋਣਾ ਜੇ ਹੋਰ ਨਹੀਂ ਤਾਂ ਕੇਵਲ ਇਸ ਕਾਰਨ ਇਕ ਉਹਨਾਂ ਕਦੇ ਵੀ —ਅੱਜ ਤੱਕ ਵੀ— ਅਸਲੀ ਟੋਲੀ ਵਿਆਹ ਦਾ ਆਨੰਦ ਤਿਆਗਣ ਸਬੰਧੀ ਨਹੀਂ ਸੋਚਿਆ। ਕੇਵਲ ਜਦੋਂ ਇਸਤਰੀਆਂ ਨੇ ਜੋੜਾ ਵਿਆਹ ਵੱਲ ਤਬਦੀਲੀ ਲਿਆ ਦਿੱਤੀ ਤਾਂ ਮਰਦ ਸਖ਼ਤੀ ਨਾਲ਼ ਇੱਕ-ਸੰਗੀ ਪ੍ਰਣਾਲੀ ਲਾਗੂ ਕਰ ਸਕੇ—ਨਿਸ਼ਚੇ ਹੀ ਕੇਵਲ ਇਸਤਰੀਆਂ ਲਈ।

ਜੋੜਾ ਟੱਬਰ ਵਹਿਸ਼ਤ ਅਤੇ ਜਹਾਲਤ ਦੇ ਯੁੱਗਾਂ ਦੇ ਦੁਮੇਲ ਤੇ ਹੋਂਦ ਵਿੱਚ ਆਇਆ, ਮੁੱਖ ਤੌਰ 'ਤੇ ਵਹਿਸ਼ਤ ਦੇ ਉਪਰਲੇ ਪੜਾਅ ਵਿੱਚ ਅਤੇ ਕਿਤੇ-ਕਿਤੇ ਜਹਾਲਤ ਦੇ ਹੇਠਲੇ ਪੜਾਅ ਵਿੱਚ। ਟੱਬਰ ਦਾ ਇਹ ਰੂਪ ਜਹਾਲਤ ਦੇ ਯੁੱਗ ਦਾ ਲਖਣਾਇਕ ਹੈ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਟੋਲੀ ਵਿਆਹ ਵਹਿਸ਼ਤ ਦੇ ਯੁੱਗ ਦਾ ਅਤੇ ਇੱਕ-ਪਤੀ ਇੱਕ-ਪਤਨੀ ਵਿਆਹ ਸਭਿਅਤਾ ਦੇ ਯੁੱਗ ਦਾ ਲਖਣਾਇਕ। ਇਹਦੇ ਸਥਿਰ ਇੱਕ-ਪਤੀ ਇੱਕ-ਪਤਨੀ ਵੱਲ ਹੋਰ ਵਿਕਾਸ ਲਈ ਉਹਨਾਂ ਤੋਂ ਵੱਖਰੇ ਕਾਰਨਾਂ ਦੀ ਲੋੜ ਸੀ ਜਿਹੋ ਜਿਹੇ ਅਸੀਂ ਅਜੇ ਤੱਕ ਅਮਲ ਵਿੱਚ ਆਉਂਦੇ ਵੇਖੇ ਹਨ। ਜੋੜੇ ਟੱਬਰ ਵਿੱਚ ਟੋਲੀ ਪਹਿਲਾਂ ਹੀ ਆਪਣੀ ਅੰਤਲੀ ਇਕਾਈ, ਦੋ-ਪ੍ਰਮਾਣੂ ਵਾਲੇ ਅਣੂ ਤੱਕ —ਇੱਕ ਮਰਦ ਅਤੇ ਇੱਕ ਇਸਤਰੀ ਤੱਕ— ਘੱਟ ਗਈ ਸੀ। ਕੁਦਰਤੀ ਚੋਣ ਨੇ ਸਾਂਝੇ ਵਿਆਹ ਦੇ ਘੇਰੇ ਨੂੰ ਲਗਾਤਾਰ ਘਟਾ ਕੇ ਆਪਣਾ ਕੰਮ ਪੂਰਾ ਕਰ ਦਿੱਤਾ ਸੀ; ਇਹਦੇ ਲਈ ਇਸ ਸੇਧ ਵਿੱਚ ਕਰਨ ਨੂੰ ਹੋਰ ਕੁੱਝ ਨਹੀਂ ਸੀ ਰਹਿ ਗਿਆ। ਜੇ ਕਈ ਨਵੀਆਂ **ਸਮਾਜੀ** ਚਾਲਕ ਸ਼ਕਤੀਆਂ ਅਮਲ ਵਿੱਚ ਨਾ ਆਉਂਦੀਆਂ ਤਾਂ ਇਸ ਗੱਲ ਲਈ

---

* Sugenheim S., ìGeschichte der Aufhebung der Leibeirgenchaft und Hˆrigkeit in Europa bis an die Mitte des neunzehnten Iahrhundertsî, St. Petersburg, 1861 ("ਉੱਨ੍ਹੀਵੀਂ ਸਦੀ ਦੇ ਮੱਧ ਤੱਕ ਯੂਰਪ ਵਿੱਚ ਖੇਤ-ਗ਼ੁਲਾਮੀ ਅਤੇ ਬਰਦਾ-ਮਜ਼ਦੂਰੀ ਦੇ ਅੰਤ ਦਾ ਇਤਿਹਾਸ"), ਸੇਂਟ ਪੀਟਰਜ਼ਬਰਗ, 1861। **—ਸੰਪਾ.**

** ਪਾਪ ਦਾ ਸੰਕਲਪ। **—ਅਨੁ.**

ਕੋਈ ਕਾਰਨ ਨਹੀਂ ਸੀ ਕਿ ਜੋੜੇ ਟੱਬਰ ਵਿੱਚੋਂ ਟੱਬਰ ਦਾ ਕੋਈ ਨਵਾਂ ਰੂਪ ਜਨਮ ਲਵੇ। ਪਰ ਇਹਨਾਂ ਸ਼ਕਤੀਆਂ ਨੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਸੀ।

ਹੁਣ ਅਸੀਂ ਅਮਰੀਕਾ ਨੂੰ ਜੋੜੇ ਟੱਬਰ ਦੇ ਕਲਾਸਿਕੀ ਵਤਨ ਨੂੰ ਛੱਡ ਦੇਂਦੇ ਹਾਂ। ਸਾਡੇ ਇਸ ਸਿੱਟੇ ਉੱਤੇ ਅਪੜਨ ਯੋਗ ਹੋਣ ਲਈ ਕਿ ਇਹਦੀ ਲੱਭਤ ਅਤੇ ਜਿੱਤ ਲਏ ਜਾਣ ਤੋਂ ਪਹਿਲਾਂ ਕਿਸੇ ਸਮੇਂ ਉਥੇ ਟੱਬਰ ਦਾ ਕੋਈ ਉਚੇਰਾ ਰੂਪ ਹੋਂਦ ਵਿੱਚ ਸੀ ਜਾਂ ਸਖ਼ਤੀ ਨਾਲ਼ ਇੱਕ-ਪਤੀ ਇੱਕ-ਪਤਨੀ ਪ੍ਰਣਾਲੀ ਉੱਤੇ ਅਮਲ ਹੁੰਦਾ ਸੀ ਕੋਈ ਸ਼ਾਹਦੀ ਨਹੀਂ ਮਿਲਦੀ। ਪੁਰਾਣੀ ਦੁਨੀਆਂ ਵਿੱਚ ਹਾਲਤ ਵੱਖਰੀ ਸੀ।

ਇਥੇ ਪਸ਼ੂਆਂ ਦੇ ਪਾਲਤੂ ਬਣਾਉਣ ਅਤੇ ਉਹਨਾਂ ਦੇ ਵੱਗ ਤਿਆਰ ਕਰਨ ਨੇ ਦੌਲਤ ਦਾ ਇੱਕ ਅਜਿਹਾ ਸੋਮਾ ਪੈਦਾ ਕਰ ਦਿੱਤਾ, ਜਿਹੜਾ ਅਜੇ ਤੱਕ ਕਿਆਸੋਂ ਬਾਹਰਾ ਸੀ ਅਤੇ ਇਹਨੇ ਉੱਕਾ ਹੀ ਨਵੇਂ ਸਮਾਜੀ ਸਬੰਧ ਖੜੇ ਕਰ ਦਿੱਤੇ। ਜਹਾਲਤ ਦੇ ਯੁੱਗ ਦੇ ਹੇਠਲੇ ਪੜਾਅ ਤੱਕ ਪੱਕੀ ਦੌਲਤ ਨਿਰੋਲ ਮਕਾਨ, ਕੱਪੜੇ, ਭੱਦੇ ਜ਼ੇਵਰਾਂ, ਖ਼ੁਰਾਕ ਪ੍ਰਾਪਤ ਕਰਨ ਅਤੇ ਤਿਆਰ ਕਰਨ ਲਈ ਭੱਦੇ ਔਜ਼ਾਰ ਅਤੇ ਸੰਦ: ਕਿਸ਼ਤੀਆਂ, ਹਥਿਆਰ, ਅਤੇ ਅਤਿਅੰਤ ਸਾਦੀ ਕਿਸਮ ਦੇ ਘਰੋਗੀ ਬਰਤਨ ਹੁੰਦੀ ਸੀ। ਖ਼ੁਰਾਕ ਨਿੱਤ ਦੀ ਨਿੱਤ ਪ੍ਰਾਪਤ ਕਰਨੀ ਪੈਂਦੀ ਸੀ। ਹੁਣ ਘੋੜਿਆਂ, ਊਠਾਂ, ਗਦੋਆਂ, ਬਲਦਾਂ, ਭੇਡਾਂ, ਬੱਕਰੀਆਂ ਅਤੇ ਸੂਰਾਂ ਦੇ ਵੱਗਾਂ ਕਾਰਨ ਉੱਨਤੀ ਕਰ ਰਹੇ ਪਸ਼ੂ-ਪਾਲ ਲੋਕਾਂ —ਹਿੰਦ ਦੀ ਪੰਜ ਦਰਿਆਵਾਂ ਦੀ ਭੂਮੀ ਪੰਜਾਬ ਅਤੇ ਗੰਗਾ ਦੇ ਇਲਾਕੇ ਦੇ ਅਤੇ ਜੇਹੂੰ ਅਤੇ ਸੇਂਹੂੰ ਦੇ ਉਸ ਸਮੇਂ ਵਧੇਰੇ ਭਰਪੂਰ ਪਾਣੀ ਵਾਲ਼ੀਆਂ ਸਤੈਪ ਭੂਮੀਆਂ ਦੇ ਆਰੀਆ ਅਤੇ ਦਜਲਾ ਅਤੇ ਫ਼ਰਾਤ ਦੇ ਸਾਮੀ ਲੋਕਾਂ— ਨੂੰ ਅਜਿਹੀਆਂ ਮਿਲਖਾਂ ਮਿਲ ਗਈਆਂ ਜਿਹੜੀਆਂ ਕੇਵਲ ਨਿਗਰਾਨੀ ਅਤੇ ਅਤਿ-ਅੰਤ ਮਾਮੂਲੀ ਦੇਖ-ਭਾਲ ਮੰਗਦੀਆਂ ਸਨ ਅਤੇ ਜਿਹੜੀਆਂ ਸਦਾ ਵੱਧਦੀ ਗਿਣਤੀ ਵਿੱਚ ਫੈਲ ਸਕਦੀਆਂ ਅਤੇ ਦੁੱਧ ਅਤੇ ਮਾਸ ਦੇ ਰੂਪ ਵਿੱਚ ਅਤਿ-ਅੰਤ ਭਰਪੂਰ ਆਹਾਰ ਦੇਂਦੀਆਂ ਸਨ। ਖ਼ੁਰਾਕ ਪ੍ਰਾਪਤ ਕਰਨ ਦੇ ਸਾਰੇ ਪੁਰਾਣੇ ਢੰਗ ਹੁਣ ਪਿਛੋਕੜ ਵਿੱਚ ਚਲੇ ਗਏ। ਸ਼ਿਕਾਰ, ਜਿਹੜਾ ਇੱਕ ਸਮੇਂ ਲੋੜ ਸੀ, ਹੁਣ ਅਯਾਸ਼ੀ ਬਣ ਗਿਆ।

ਪਰ ਇਹ ਨਵੀਂ ਦੌਲਤ ਕਿਸ ਦੀ ਸੀ ? ਮੁੱਢ ਵਿੱਚ, ਨਿਰਸੰਦੇਹ, ਗੋਤ ਦੀ। ਪਰ ਵੱਗਾਂ ਦੀ ਨਿੱਜੀ ਮਾਲਕੀ ਜ਼ਰੂਰ ਹੀ ਬਹੁਤ ਮੁਢਲੇ ਪੜਾਅ ਉੱਤੇ ਸ਼ੁਰੂ ਹੋ ਗਈ ਹੋਵੇਗੀ। ਇਹ ਕਹਿਣਾ ਔਖਾ ਹੈ ਕਿ ਮੂਸਾ ਦੀ ਅਖੌਤੀ ਪਹਿਲੀ ਪੁਸਤਕ ਦੇ ਲੇਖਕ ਦੀਆਂ ਨਜ਼ਰਾਂ ਵਿੱਚ ਬਜ਼ੁਰਗ ਅਬਰਾਹਮ ਪਰਿਵਾਰਕ ਭਾਈਚਾਰੇ ਦੇ ਮੁਖੀ ਵਜੋਂ ਜਾਂ ਆਪਣੇ ਨਿੱਜੀ ਹੱਕ ਦੇ ਤੌਰ 'ਤੇ ਵੱਗਾਂ ਅਤੇ ਇੱਜੜਾਂ ਦਾ ਮਾਲਕ ਸੀ ਜਾਂ ਗੋਤ ਦੇ ਅਸਲੀ ਜੱਦੀ ਮੁਖੀ ਹੋਣ ਦੀ ਪਦਵੀ ਕਾਰਨ। ਪਰ ਇੱਕ ਗੱਲ ਸਪਸ਼ਟ ਹੈ ਅਤੇ ਉਹ ਇਹ ਹੈ ਕਿ ਅਸੀਂ ਉਹਨੂੰ ਅਜੋਕੇ ਅਰਥਾਂ ਵਿੱਚ ਜਾਇਦਾਦ ਦਾ ਮਾਲਕ ਨਹੀਂ ਸਮਝ ਸਕਦੇ। ਇਹ ਗੱਲ ਵੀ ਓਨੀ ਹੀ ਨਿਸ਼ਚਿਤ ਹੈ ਕਿ ਪ੍ਰਮਾਣਤ ਇਤਿਹਾਸ ਦੀਆਂ ਬਰੂਹਾਂ ਉੱਤੇ ਅਸੀਂ ਵੇਖਦੇ ਹਾਂ ਕਿ ਹਰ ਥਾਂ ਵੱਗ ਪਹਿਲਾਂ ਹੀ ਪਰਿਵਾਰਕ ਮੁਖੀਆਂ ਦੀ ਮਿਲਖ ਹਨ, ਐਨ ਉਸੇ ਤਰ੍ਹਾਂ ਜਿਵੇਂ ਵਹਿਸ਼ਤ ਦੇ ਯੁੱਗ ਦੀਆਂ ਵਸਤਾਂ, ਧਾਤਾਂ ਦੇ ਭਾਂਡੇ, ਐਸ਼ ਦੇ ਸਾਧਨ ਅਤੇ ਅੰਤ ਮਨੁੱਖੀ ਪਸ਼ੂ—ਗ਼ੁਲਾਮ, ਉਹਨਾਂ ਦੀ

ਮਾਲਕੀ ਸਨ।

ਅਤੇ ਹੁਣ ਗ਼ੁਲਾਮੀ ਦੀ ਵੀ ਕਾਢ ਕੀਤੀ ਗਈ। ਨੀਵੇਂ ਪੜਾਅ ਦੇ ਜਾਹਲ ਲਈ ਗ਼ੁਲਾਮ ਬੇਲੋੜਾ ਸੀ। ਇਹੋ ਕਾਰਨ ਹੈ ਕਿ ਅਮਰੀਕੀ ਇੰਡੀਅਨ ਆਪਣੇ ਹਾਰੇ ਹੋਏ ਵੈਰੀਆਂ ਨਾਲ਼ ਉਸ ਨਾਲ਼ੋਂ ਵੱਖਰਾ ਵਰਤਾਓ ਕਰਦੇ ਹਨ ਜਿਹੋ ਜਿਹਾ ਉਚੇਰੇ ਪੜਾਅ ਵਿੱਚ ਕੀਤਾ ਜਾਂਦਾ ਸੀ। ਮਰਦਾਂ ਨੂੰ ਕਤਲ ਕਰ ਦਿੱਤਾ ਜਾਂਦਾ ਸੀ ਜਾਂ ਭਰਾ ਬਣਾ ਕੇ ਜੇਤੂਆਂ ਦੇ ਕਬੀਲੇ ਵਿੱਚ ਸ਼ਾਮਲ ਕਰ ਲਿਆ ਜਾਂਦਾ ਸੀ। ਇਸਤਰੀਆਂ ਨਾਲ਼ ਜਾਂ ਤਾਂ ਵਿਆਹ ਕਰ ਲਿਆ ਜਾਂਦਾ ਸੀ ਅਤੇ ਉਹਨਾਂ ਦੇ ਜਿਉਂਦੇ ਬੱਚਿਆਂ ਸਮੇਤ ਉਹਨਾਂ ਨੂੰ ਕਬੀਲੇ ਵਿੱਚ ਸ਼ਾਮਲ ਕਰ ਲਿਆ ਜਾਂਦਾ ਸੀ। ਇਸ ਪੜਾਅ ਉੱਤੇ ਮਨੁੱਖੀ ਕਿਰਤ ਸ਼ਕਤੀ ਉਹਨੂੰ ਜਿਉਂਦਾ ਰੱਖਣ ਤੋਂ ਵੱਧ ਕੁੱਝ ਪ੍ਰਤੱਖ ਤੌਰ ’ਤੇ ਵਾਫ਼ਰ ਪੈਦਾ ਨਹੀਂ ਸੀ ਕਰਦੀ। ਪਸ਼ੂ ਪਾਲਣ ਦੇ, ਧਾਤਾਂ ਦੇ ਕੰਮ ਦੇ, ਕਪੜੇ ਉਣਨ ਦੇ ਅਤੇ ਅਖ਼ੀਰ ਖੇਤਾਂ ਵਿੱਚ ਵਾਹੀ ਦੇ ਸ਼ੁਰੂ ਹੋਣ ਨਾਲ਼, ਇਹ ਹਾਲਤ ਤਬਦੀਲ ਹੋ ਗਈ। ਐਨ ਉਸੇ ਤਰ੍ਹਾਂ ਜਿਵੇਂ ਇੱਕ ਸਮੇਂ ਇੰਨੇ ਸੌਖ ਨਾਲ਼ ਪ੍ਰਾਪਤ ਹੋ ਸਕਣ ਵਾਲ਼ੀਆਂ ਪਤਨੀਆਂ ਨੇ ਹੁਣ ਤਬਾਦਲੇ ਦੀ ਕਦਰ ਪ੍ਰਾਪਤ ਕਰ ਲਈ ਸੀ ਅਤੇ ਉਹ ਉਹ ਖ਼ਰੀਦੀਆਂ ਜਾਂਦੀਆਂ ਸਨ, ਐਨ ਉਹੋ ਗੱਲ ਕਿਰਤ ਸ਼ਕਤੀ ਨਾਲ਼ ਹੋਈ, ਵਿਸ਼ੇਸ਼ ਤੌਰ ’ਤੇ ਵੱਗਾਂ ਦੇ ਟੱਬਰ ਦੀ ਮਾਲਕੀ ਵਿੱਚ ਤਬਦੀਲ ਕਰ ਦਿੱਤੇ ਜਾਣ ਪਿਛੋਂ। ਟੱਬਰ ਉੱਨੀ ਤੇਜ਼ੀ ਨਾਲ਼ ਨਹੀਂ ਸੀ ਵਧਦਾ ਜਿੰਨੀ ਤੇਜ਼ੀ ਨਾਲ਼ ਪਸ਼ੂ ਵਧਦੇ ਸਨ। ਉਹਨਾਂ ਦਾ ਧਿਆਨ ਰੱਖਣ ਲਈ ਵਧੇਰੇ ਲੋਕਾਂ ਦੀ ਲੋੜ ਸੀ: ਯੁੱਧ ਵਿੱਚ ਕੈਦੀ ਬਣਾਏ ਲੋਕ ਇਸ ਕੰਮ ਲਈ ਵਰਤੇ ਜਾ ਸਕਦੇ ਸਨ ਅਤੇ ਇਸ ਤੋਂ ਵੀ ਵੱਧ, ਖ਼ੁਦ ਪਸ਼ੂਆਂ ਵਾਂਗ ਉਹਨਾਂ ਦੀ ਨਸਲਕਸ਼ੀ ਕੀਤੀ ਜਾ ਸਕਦੀ ਸੀ।

ਜਦੋਂ ਉਹ ਇੱਕ ਵਾਰ ਟੱਬਰਾਂ ਦੀ ਨਿੱਜੀ ਮਾਲਕੀ ਵਿੱਚ ਚਲੀਆਂ ਗਈਆਂ ਅਤੇ ਉਹਨਾਂ ਦੀ ਗਿਣਤੀ ਤੇਜ਼ੀ ਨਾਲ਼ ਵੱਧ ਗਈ ਤਾਂ ਅਜਿਹੀਆਂ ਦੌਲਤਾਂ ਨੇ ਜੋੜੇ ਵਿਆਹ ਅਤੇ ਮਾਤਰੀ ਹੱਕ ਗੋਤ ਉੱਤੇ ਆਧਾਰਤ ਸਮਾਜ ਉੱਤੇ ਜ਼ੋਰਦਾਰ ਚੋਟ ਕੀਤੀ। ਜੋੜੇ ਵਿਆਹ ਨੇ ਟੱਬਰ ਵਿੱਚ ਇੱਕ ਨਵਾਂ ਅੰਸ਼ ਦਾਖ਼ਲ ਕਰ ਦਿੱਤਾ ਸੀ। ਗਰਭੀ ਮਾਂ ਦੇ ਨਾਲ਼ ਹੀ ਨਾਲ਼ ਉਹਨੇ ਪ੍ਰਮਾਣਿਕ ਵੀਰਜੀ ਪਿਤਾ ਨੂੰ ਖੜਾ ਕਰ ਦਿੱਤਾ ਸੀ—ਜਿਹੜਾ ਸ਼ਾਇਦ ਅਜੋਕੇ ਕਈ “ਪਿਤਾਵਾਂ” ਨਾਲ਼ੋਂ ਵਧੇਰੇ ਪ੍ਰਮਾਣਿਕ ਸੀ। ਉਸ ਸਮੇਂ ਟੱਬਰ ਵਿੱਚ ਕਿਰਤ ਦੀ ਜਿਹੜੀ ਵੰਡ ਪ੍ਰਚਲਤ ਸੀ, ਉਸ ਅਨੁਸਾਰ ਖ਼ੁਰਾਕ ਪ੍ਰਾਪਤ ਕਰਨਾ ਅਤੇ ਉਹਦੇ ਲਈ ਲੋੜੀਂਦੇ ਸੰਦ ਅਤੇ ਇਸੇ ਲਈ ਉਹਨਾਂ ਦੀ ਮਾਲਕੀ ਵੀ, ਮਰਦ ਦੇ ਹੱਥ ਹੁੰਦੀ; ਵੱਖ ਵੱਖ ਹੋਣ ਦੀ ਹਾਲਤ ਵਿੱਚ ਉਹ ਇਹ ਸੰਦ ਆਪਣੇ ਨਾਲ਼ ਲੈ ਜਾਂਦਾ, ਐਨ ਉਸੇ ਤਰ੍ਹਾਂ ਜਿਵੇਂ ਘਰੋਗੀ ਵਸਤਾਂ ਇਸਤਰੀ ਕੋਲ਼ ਰਹਿੰਦੀਆਂ। ਸੋ, ਉਸ ਸਮੇਂ ਦੇ ਸਮਾਜ ਦੇ ਰਿਵਾਜ ਅਨੁਸਾਰ ਮਰਦ ਖ਼ੁਰਾਕ ਦੇ ਨਵੇਂ ਸਾਧਨਾਂ — ਪਸ਼ੂਆਂ — ਅਤੇ ਪਿੱਛੋਂ ਜਾ ਕੇ, ਕਿਰਤ ਦੇ ਨਵੇਂ ਸੰਦਾਂ —ਗ਼ੁਲਾਮਾਂ, ਦਾ ਵੀ ਮਾਲਕ ਸੀ। ਉਸੇ ਸਮਾਜ ਦੇ ਰਿਵਾਜ ਅਨੁਸਾਰ ਉਹਦੇ ਬੱਚੇ ਇਹ ਕੁੱਝ ਵਿਰਸੇ ਵਿੱਚ ਪ੍ਰਾਪਤ ਨਹੀਂ ਸਨ ਕਰ ਸਕਦੇ ਕਿਉਂਕਿ ਇਸ ਸਬੰਧੀ ਪ੍ਰਸਥਿਤੀ ਇਉਂ ਸੀ।

ਮਾਤਰੀ ਹੱਕ ਅਨੁਸਾਰ, ਅਰਥਾਤ, ਜਿੰਨਾ ਚਿਰ ਪੀੜ੍ਹੀ ਕੇਵਲ ਮਦੀਨ ਲੀਹ ਤੋਂ ਮਿਥੀ ਜਾਂਦੀ ਸੀ ਅਤੇ ਗੋਤ ਵਿੱਚ ਵਿਰਾਸਤ ਦੇ ਮੂਲ ਰਿਵਾਜ ਅਨੁਸਾਰ ਗੋਤ ਦੇ ਕਿਸੇ ਮਰ

ਗਏ ਵਿਅਕਤੀ ਤੋਂ ਉਹਦੇ ਗੋਤਰੀ ਰਿਸ਼ਤੇਦਾਰਾਂ ਨੂੰ ਵਿਰਸਾ ਮਿਲਦਾ ਸੀ; ਜਾਇਦਾਦ ਗੋਤ ਦੇ ਅੰਦਰ ਹੀ ਰਹਿਣੀ ਸੀ। ਪਹਿਲਾਂ ਪਹਿਲ ਸਬੰਧਤ ਵਸਤਾਂ ਦੀ ਨਿਗੂਣਤਾ ਨੂੰ ਮੁੱਖ ਰੱਖਦੇ ਹੋਏ, ਇਹ ਅਮਲ ਵਿੱਚ, ਉਹਦੇ ਸਭ ਤੋਂ ਨੇੜਵੇਂ ਗੋਤਰੀ ਰਿਸ਼ਤੇਦਾਰਾਂ ਨੂੰ ਮਿਲ ਸਕਦੀਆਂ ਸਨ— ਅਰਥਾਤ ਮਾਂ ਦੀ ਧਿਰੋਂ ਉਹਦੇ ਖ਼ੂਨ ਦੇ ਰਿਸ਼ਤੇਦਾਰਾਂ ਨੂੰ। ਪਰ ਮ੍ਰਿਤਕ ਦੇ ਬੱਚੇ ਉਹਦੇ ਗੋਤ ਦੇ ਨਹੀਂ ਸਗੋਂ ਆਪਣੀ ਮਾਂ ਦੇ ਗੋਤ ਦੇ ਹੁੰਦੇ ਸਨ। ਮੁੱਢ ਵਿੱਚ ਉਹਨਾਂ ਨੂੰ, ਮਾਂ ਦੇ ਹੋਰਨਾਂ ਖ਼ੂਨ ਦੇ ਰਿਸ਼ਤੇਦਾਰਾਂ ਦੇ ਨਾਲ਼ ਹੀ, ਆਪਣੀ ਮਾਂ ਤੋਂ ਵਿਰਸਾ ਮਿਲਦਾ ਸੀ ਅਤੇ ਪਿਛੋਂ ਸ਼ਾਇਦ ਉਹਨਾਂ ਨੂੰ ਮਾਂ ਦੀ ਜਾਇਦਾਦ ਉੱਤੇ ਪਹਿਲਾ ਹੱਕ ਹੁੰਦਾ ਸੀ; ਪਰ ਉਹਨਾਂ ਨੂੰ ਆਪਣੇ ਪਿਤਾ ਤੋਂ ਵਿਰਸਾ ਨਾ ਮਿਲਦਾ ਕਿਉਂਕਿ ਉਹ ਉਹਦੇ ਗੋਤ ਦੇ ਨਹੀਂ ਸਨ ਅਤੇ ਉਹਦੀ ਜਾਇਦਾਦ ਉਹਦੇ ਗੋਤ ਵਿੱਚ ਰਹਿਣੀ ਲਾਜ਼ਮੀ ਸੀ। ਸੋ ਵੱਗਾਂ ਦੇ ਮਾਲਕ ਦੀ ਮੌਤ ’ਤੇ ਉਹਦੇ ਵੱਗ, ਸਭ ਤੋਂ ਪਹਿਲਾਂ ਉਹਦੇ ਭੈਣਾਂ ਅਤੇ ਭਰਾਵਾਂ ਅਤੇ ਉਹਦੀਆਂ ਭੈਣਾਂ ਦੇ ਬੱਚਿਆਂ ਨੂੰ ਜਾਂ ਉਹਦੀ ਮਾਂ ਦੀਆਂ ਭੈਣਾਂ ਦੀ ਔਲਾਦ ਨੂੰ ਮਿਲਦੇ ਸਨ। ਪਰ ਉਹਦੇ ਆਪਣੇ ਬੱਚੇ ਬੇਦਖਲ ਕਰ ਦਿੱਤੇ ਜਾਂਦੇ।

ਸੋ, ਜਿਉਂ ਦੌਲਤ ਵਧੀ, ਇੱਕ ਹੱਥ ਇਹਨੇ ਟੱਬਰ ਵਿੱਚ ਮਰਦ ਨੂੰ ਇਸਤਰੀ ਨਾਲ਼ੋਂ ਵਧੇਰੇ ਮਹੱਤਵ-ਪੂਰਨ ਦਰਜਾ ਦੇ ਦਿੱਤਾ ਅਤੇ ਦੂਜੇ ਹੱਥ, ਇਹਨੇ ਇਸ ਵਧੇਰੇ ਮਜ਼ਬੂਤ ਹੋਈ ਪ੍ਰਸਥਿਤੀ ਨੂੰ ਵਿਰਾਸਤ ਦੇ ਰਿਵਾਜੀ ਕ੍ਰਮ ਦਾ ਤਖ਼ਤਾ ਉਹਦੇ ਆਪਣੇ ਬੱਚਿਆਂ ਦੇ ਹੱਕ ਵਿੱਚ ਉਲਟਾਉਣ ਲਈ ਉਤੇਜਕ ਪੈਦਾ ਕੀਤਾ। ਪਰ ਜਿੰਨਾ ਚਿਰ ਮਾਤਰੀ ਹੱਕ ਅਨੁਸਾਰ ਪੀੜ੍ਹੀ ਪ੍ਰਚਲਤ ਸੀ, ਅਜਿਹਾ ਕਰਨਾ ਅਸੰਭਵ ਸੀ। ਇਸ ਲਈ ਇਹਦਾ ਤਖ਼ਤਾ ਉਲਟਣਾ ਲਾਜ਼ਮੀ ਸੀ ਅਤੇ ਇਹਦਾ ਤਖ਼ਤਾ ਉਲਟ ਦਿੱਤਾ ਗਿਆ ਅਤੇ ਅਜਿਹਾ ਕਰਨਾ ਇੰਨਾ ਔਖਾ ਨਹੀਂ ਸੀ ਜਿੰਨਾਂ ਇਹ ਹੁਣ ਸਾਨੂੰ ਜਾਪਦਾ ਹੈ ਕਿਉਂਕਿ ਇਸ ਗੱਲ ਦੀ ਲੋੜ ਨਹੀਂ ਸੀ ਕਿ ਇਹ ਇਨਕਲਾਬ —ਮਨੁੱਖਜਾਤੀ ਨੇ ਜਿਹੜੇ ਇਨਕਲਾਬ ਵੇਖੇ ਹਨ ਉਹਨਾਂ ਵਿੱਚੋਂ ਸਭ ਤੋਂ ਮਹਤਵਪੂਰਨ ਵਿੱਚੋਂ ਇੱਕ— ਗੋਤ ਦੇ ਇੱਕ ਵਿਅਕਤੀ ਨੂੰ ਵੀ ਪ੍ਰੇਸ਼ਾਨ ਕਰੇ। ਸਭ ਵਿਅਕਤੀ ਉਹ ਕੁੱਝ ਰਹਿ ਸਕਦੇ ਸਨ ਜੋ ਕੁੱਝ ਉਹ ਸਨ। ਕੇਵਲ ਇਹ ਸਾਦਾ ਫ਼ੈਸਲਾ ਕਾਫ਼ੀ ਸੀ ਕਿ ਭਵਿੱਖ ਵਿੱਚ ਨਰਾਂ ਦੇ ਬੱਚੇ ਗੋਤ ਵਿੱਚ ਰਹਿਣਗੇ ਪਰ ਮਦੀਨਾਂ ਦੇ ਬੱਚੇ ਗੋਤ ਵਿੱਚੋਂ ਕੱਢ ਦਿੱਤੇ ਜਾਣਗੇ ਅਤੇ ਉਹਨਾਂ ਦੇ ਪਿਤਾ ਦੇ ਗੋਤ ਵਿੱਚ ਸ਼ਾਮਲ ਕਰ ਦਿੱਤੇ ਜਾਣਗੇ। ਇਸ ਅਨੁਸਾਰ ਮਦੀਨ ਲੀਹ ਤੋਂ ਪੀੜ੍ਹੀ ਮਿੱਥਣਾ ਅਤੇ ਮਾਂ ਰਾਹੀਂ ਵਿਰਾਸਤ ਦਾ ਅੰਤ ਕਰ ਦਿੱਤਾ ਗਿਆ ਅਤੇ ਨਰ ਲੀਹ ਅਤੇ ਪਿਤਾ ਵੱਲੋਂ ਵਿਰਾਸਤ ਸਥਾਪਤ ਕੀਤੀ ਗਈ। ਅਸੀਂ ਇਸ ਸਬੰਧੀ ਕੁੱਝ ਨਹੀਂ ਜਾਣਦੇ ਕਿ ਸਭਿਆ ਕੌਮਾਂ ਵਿੱਚ ਇਹ ਇਨਕਲਾਬ ਕਿਵੇਂ ਅਤੇ ਕਦੋਂ ਲਿਆਂਦਾ ਗਿਆ। ਇਹ ਉੱਕਾ ਹੀ ਪੂਰਵ-ਇਤਿਹਾਸਕ ਸਮਿਆਂ ਦੀ ਗੱਲ ਹੈ। ਇਹ ਗੱਲ ਕਿ ਇਹ ਸੱਚ ਮੁੱਚ **ਕੀਤਾ ਗਿਆ** ਮਾਤਰੀ ਹੱਕ ਦੀਆਂ ਉਹਨਾਂ ਬਹੁਤ ਸਾਰੀਆਂ ਨਿਸ਼ਾਨੀਆਂ ਤੋਂ ਸਿੱਧ ਹੁੰਦਾ ਹੈ ਜਿਹੜੀਆਂ ਵਿਸ਼ੇਸ਼ ਤੌਰ ’ਤੇ ਬਾਖ਼ੋਫ਼ੇਨ ਨੇ ਇਕੱਠੀਆਂ ਕੀਤੀਆਂ ਹਨ। ਇਹ ਕਿੰਨੀ ਸੌਖੀ ਤਰ੍ਹਾਂ ਕੀਤਾ ਜਾ ਸਕਦਾ ਹੈ ਉਹ ਅਮਰੀਕੀ ਇੰਡੀਅਨ ਕਬੀਲਿਆਂ ਦੀ ਬਹੁਤ ਵੱਡੀ ਬਹੁ-ਗਿਣਤੀ ਵਿੱਚ ਵੇਖਿਆ ਜਾ ਸਕਦਾ ਹੈ, ਜਿਥੇ ਇਹ ਅਜੇ ਹੁਣੇ ਹੀ

ਹੋਇਆ ਹੈ ਅਤੇ ਅਜੇ ਚਲ ਰਿਹਾ ਹੈ, ਕੁੱਝ ਤਾਂ ਵਧ ਰਹੀ ਦੌਲਤ ਅਤੇ ਜੀਵਨ ਦੇ ਤਬਦੀਲ ਹੋਏ ਢੰਗ ਤੋਂ (ਜੰਗਲਾਂ ਤੋਂ ਕੱਢ ਕੇ ਖੁੱਲ੍ਹੇ ਮੈਦਾਨਾਂ ਵਿੱਚ ਵਸਾਏ ਜਾਣਾ) ਅਤੇ ਕੁੱਝ ਸਭਿਅਤਾ ਅਤੇ ਮਿਸ਼ਨਰੀਆਂ ਦੇ ਸਦਾਚਾਰਕ ਅਸਰ ਕਾਰਨ। ਮਿਸੂਰੀ ਦਰਿਆ ਦੇ ਤਾਸ ਦੇ ਅੱਠਾਂ ਕਬੀਲਿਆਂ ਵਿੱਚੋਂ ਛੇ ਵਿੱਚ ਨਰਾਂ ਤੋਂ ਪੀੜ੍ਹੀ ਮਿੱਥੀ ਜਾਂਦੀ ਹੈ ਅਤੇ ਦੋ ਵਿੱਚ ਅਜੇ ਤੱਕ ਮਦੀਨ ਤੋਂ ਪੀੜ੍ਹੀ ਮਿੱਥਣਾ ਅਤੇ ਵਿਰਾਸਤ ਬਾਕੀ ਹੈ। ਸ਼ਾਉਨੀਆਂ, ਮਿਆਮੀਆਂ ਅਤੇ ਡੈਲਾਵੇਰਾਂ ਵਿੱਚ ਇਹ ਰਿਵਾਜ ਬਣ ਗਿਆ ਹੈ ਕਿ ਬੱਚਿਆਂ ਨੂੰ ਪਿਤਾ ਦੇ ਗੋਤ ਵਿੱਚ ਪ੍ਰਚਲਤ ਇੱਕ ਨਾਂ ਦੇ ਕੇ ਉਹਨਾਂ ਨੂੰ ਉਸ ਗੋਤ ਵਿੱਚ ਸ਼ਾਮਲ ਕਰ ਦਿੱਤਾ ਜਾਵੇ ਤਾਂ ਜੁ ਉਹ ਉਸ ਤੋਂ ਵਿਰਸਾ ਪ੍ਰਾਪਤ ਕਰ ਸਕਣ। "ਵਸਤਾਂ ਦੇ ਨਾਂ ਤਬਦੀਲ ਕਰਕੇ ਵਸਤਾਂ ਨੂੰ ਤਬਦੀਲ ਕਰਨ ਦਾ ਯਤਨ ਕਰਨਾ ਅੰਤ੍ਰੀਵ ਮਨੁੱਖੀ ਹੁਜਤਬਾਜ਼ੀ (Casuistry) ਹੈ! ਅਤੇ ਜਦੋਂ ਕਦੇ ਸਿੱਧੇ ਹਿੱਤ ਨੇ ਇਹਦੇ ਲਈ ਚੋਖਾ ਮੰਤਵ ਪੈਦਾ ਕੀਤਾ ਤਾਂ ਪ੍ਰੰਪਰਾ ਦੇ ਅੰਦਰ ਹੀ ਅੰਦਰ ਮਨੁੱਖ ਪ੍ਰੰਪਰਾ ਵਿੱਚੋਂ ਨਿਕਲਣ ਲਈ ਵਿਰਲ ਲੱਭ ਲੈਂਦਾ!" (ਮਾਰਕਸ)*। ਇਹਦੇ ਸਿੱਟੇ ਵਜੋਂ ਘੋਰ ਗੜ ਬੜ ਪੈਦਾ ਹੋ ਗਈ ਅਤੇ ਕੇਵਲ ਪਿੱਤਰੀ ਹੱਕ ਵੱਲ ਤਬਦੀਲੀ ਕਰਕੇ ਹੀ ਮਾਮਲਾ ਸੁਲਝਾਇਆ ਜਾ ਸਕਦਾ ਸੀ ਅਤੇ ਕੁੱਝ ਹੱਦ ਤੱਕ ਸੁਲਝਾਇਆ ਗਿਆ। "ਕੁੱਲ ਮਿਲਾ ਕੇ ਇਹ ਸਭ ਤੋਂ ਵੱਧ ਸੁਭਾਵਕ ਤਬਦੀਲੀ ਜਾਪਦੀ ਹੈ।" (ਮਾਰਕਸ)** ਜਿਥੋਂ ਤੱਕ ਤੁਲਨਾਤਮਕ ਕਾਨੂੰਨ ਦੇ ਮਾਹਿਰ ਸਾਨੂੰ ਉਹਨਾਂ ਢੰਗਾਂ ਅਤੇ ਤਰੀਕਿਆਂ ਸਬੰਧੀ ਦੱਸ ਸਕਦੇ ਹਨ, ਜਿਨ੍ਹਾਂ ਰਾਹੀਂ ਇਹ ਤਬਦੀਲੀ ਪੁਰਾਣੀ ਦੁਨੀਆਂ ਦੀਆਂ ਸਭਿਆ ਕੌਮਾਂ ਅੰਦਰ ਲਿਆਂਦੀ ਗਈ –ਜਿਹੜੇ ਨਿਸ਼ਚੇ ਹੀ ਕੇਵਲ ਮਿੱਥਾਂ ਹੀ ਹਨ– ਵੇਖੋ ਮੈ. ਕੋਵਾਲੇਵਸਕੀ ਦੀ ਪੁਸਤਕ ("ਟੱਬਰ ਅਤੇ ਜਾਇਦਾਦ ਦੇ ਆਦਿ ਅਤੇ ਵਿਕਾਸ ਦੀ ਰੂਪ-ਰੇਖਾ", ਸਟਾਕਹੋਮ, 1890)***

ਮਾਤਰੀ ਹੱਕ ਦਾ ਤਖ਼ਤਾ ਉਲਟਿਆ ਜਾਣਾ **ਮਾਦਾ ਸੈਕਸ ਦੀ ਸੰਸਾਰ-ਇਤਿਹਾਸਕ ਹਾਰ ਸੀ**। ਘਰ ਵਿੱਚ ਵੀ ਮਰਦ ਨੇ ਵਾਗ-ਡੋਰ ਸੰਭਾਲ ਲਈ, ਇਸਤਰੀ ਦਾ ਦਰਜਾ ਨੀਵਾਂ ਹੋ ਗਿਆ, ਉਹਨੂੰ ਗ਼ੁਲਾਮ ਬਣਾ ਲਿਆ ਗਿਆ, ਉਹ ਮਰਦ ਦੀ ਵਾਸ਼ਨਾ ਦੀ ਗ਼ੁਲਾਮ ਬਣ ਗਈ, ਬੱਚੇ ਪੈਦਾ ਕਰਨ ਲਈ ਕੇਵਲ ਇੱਕ ਸਾਧਨ। ਇਸਤਰੀਆਂ ਦੀ ਇਹ ਨੀਵੀਂ ਹੋਈ ਪ੍ਰਸਥਿਤੀ, ਜਿਹੜੀ ਸੂਰਮਾ ਯੁੱਗ ਅਤੇ ਉਸ ਤੋਂ ਵੀ ਵੱਧ ਕਲਾਸਿਕੀ ਯੁੱਗ ਦੇ ਯੂਨਾਨੀਆਂ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰਤੱਖ ਸੀ, ਹੌਲ਼ੀ ਹੌਲ਼ੀ ਸ਼ਿੰਗਾਰੀ ਅਤੇ ਦੰਭੀ ਬਣ ਗਈ ਹੈ ਅਤੇ ਕੁੱਝ ਹੱਦ ਤੱਕ, ਇੱਕ ਨਰਮ ਰੂਪ ਵਿੱਚ ਗਲੇਫੀ ਗਈ ਹੈ ਪਰ, ਇਹ ਕਿਸੇ ਵੀ ਤਰ੍ਹਾਂ ਖ਼ਤਮ ਨਹੀਂ ਹੋਈ।

ਮਰਦਾਂ ਦੀ ਜਿਹੜੀ ਨਿਹਕੇਵਲ (Exclusive) ਹਕੂਮਤ ਹੁਣ ਸਥਾਪਤ ਹੋ ਗਈ ਸੀ ਉਹਦਾ ਪਹਿਲਾ ਅਸਰ ਟੱਬਰ ਦੇ ਦਰਮਿਆਨੇ ਰੂਪ ਵਿੱਚ ਦਿਸਿਆ, ਜਿਹੜਾ ਹੁਣ

---

* ਵੇਖੋ ਮਾਰਕਸ, ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨਾ 111। **—ਸੰਪਾ.**

** ਉਪ੍ਰੋਕਤ, ਪੰਨਾ 112। **—ਸੰਪਾ.**

*** Kovalevsky M., ìTableau des origins et de líÈvolution de la famille et de la properiÍtÈî, Stockholm, 1890.**—ਸੰਪਾ.**

ਸਥਾਪਤ ਹੋ ਗਿਆ ਸੀ, ਪਿੱਤਰੀ ਟੱਬਰ। ਇਹਦਾ ਮੁੱਖ ਲੱਛਣ ਬਹੁ-ਪਤਨੀ ਨਹੀਂ —ਜਿਸ ਸਬੰਧੀ ਹੋਰ ਛੇਤੀ ਹੀ ਕਿਹਾ ਜਾਵੇਗਾ— ਸਗੋਂ

> "ਟੱਬਰ ਦੇ ਮੁਖੀ ਦੇ ਪਿੱਤਰੀ ਅਖ਼ਤਿਆਰਾਂ ਅਧੀਨ ਕੁੱਝ ਲੋਕਾਂ, ਗ਼ੁਲਾਮਾਂ ਅਤੇ ਆਜ਼ਾਦ, ਦਾ ਇੱਕ ਟੱਬਰ ਵਿੱਚ ਇਕੱਠਾ ਹੋਣਾ ਹੈ। ਇਹਦੇ ਸਾਮੀ ਰੂਪ (Semetic Form) ਵਿੱਚ ਟੱਬਰ ਦਾ ਮੁਖੀ ਬਹੁ-ਪਤਨੀ ਢੰਗ ਨਾਲ਼ ਰਹਿੰਦਾ ਹੈ, ਗ਼ੁਲਾਮ ਦੀ ਪਤਨੀ ਅਤੇ ਬੱਚੇ ਹੁੰਦੇ ਹਨ ਅਤੇ ਸਾਰੀ ਜਥੇਬੰਦੀ ਦਾ ਮੰਤਵ ਇੱਕ ਮਿੱਥੇ ਇਲਾਕੇ ਵਿੱਚ ਵੱਗਾਂ ਅਤੇ ਇੱਜੜਾਂ ਦੀ ਦੇਖ ਭਾਲ ਕਰਨਾ ਹੈ।"[14]

ਇਹਦੇ ਮੁੱਖ ਲੱਛਣ, ਗ਼ੁਲਾਮਾਂ ਨੂੰ ਇਸ ਵਿੱਚ ਸ਼ਾਮਲ ਕਰਨਾ ਅਤੇ ਪਿੱਤਰੀ ਅਧਿਕਾਰ ਹੈ; ਤਦਅਨੁਸਾਰ ਰੋਮ ਦਾ ਟੱਬਰ ਆਪਣੇ ਆਪ ਵਿੱਚ ਟੱਬਰ ਦਾ ਅਤਿ-ਅੰਤ ਨਿਪੁੰਨ ਬਣਾਇਆ ਰੂਪ ਹੈ। ਸ਼ਬਦ familia* ਦੇ ਅਰਥ ਸ਼ੁਰੂ ਵਿੱਚ ਉਹ ਨਹੀਂ ਸਨ ਜਿਹੜਾ ਸਾਡੇ ਨਵੀਨ ਤੰਗ-ਨਜ਼ਰ ਦਾ ਆਦਰਸ਼ ਹੈ, ਜਿਹੜਾ ਭਾਵੁਕਤਾ ਅਤੇ ਟੱਬਰ ਵਿੱਚ ਲੜਾਈ ਝਗੜੇ ਦਾ ਮਿਸ਼ਰਣ ਹੈ। ਰੋਮਨਾਂ ਵਿੱਚ ਪਹਿਲਾਂ ਪਹਿਲ ਇਹਦਾ ਅਰਥ ਇੱਕ ਵਿਆਹੁਤਾ ਜੋੜੀ ਅਤੇ ਉਹਦੇ ਬੱਚੇ ਵੀ ਨਹੀਂ, ਸਗੋਂ ਇਹਦਾ ਅਰਥ ਕੇਵਲ ਗ਼ੁਲਾਮ ਸਨ। Famulus (ਫ਼ੈਮੁਲਸ) ਦੇ ਅਰਥ ਘਰੇਲੂ ਗ਼ੁਲਾਮ ਹਨ ਅਤੇ familia (ਫ਼ੈਮੀਲੀਆ, famulus ਦਾ ਬਹੁ-ਵਚਨ —**ਅਨੁ.**) ਦੇ ਅਰਥ ਇੱਕ ਵਿਅਕਤੀ ਦੀ ਮਾਲਕੀ ਦੇ ਗ਼ੁਲਾਮਾਂ ਦਾ ਕੁੱਲ ਜੋੜ ਹੈ। ਇਥੋਂ ਤੱਕ ਕਿ ਗਾਈਸ ਦੇ ਸਮੇਂ ਵਿੱਚ ਵੀ familia, id est patrimonium (ਅਰਥਾਤ ਵਿਰਸਾ) ਵਸੀਅਤ ਰਾਹੀਂ ਦਿੱਤਾ ਜਾਂਦਾ ਸੀ। ਰੋਮਨਾਂ ਨੇ ਇਹ ਸ਼ਬਦ ਇੱਕ ਨਵੀਂ ਸਮਾਜੀ ਬਣਤਰ ਨੂੰ ਬਿਆਨ ਕਰਨ ਲਈ ਘੜਿਆ, ਜਿਸ ਅਨੁਸਾਰ ਰੋਮ ਦੇ ਪਿੱਤਰੀ ਅਧਿਕਾਰ ਅਧੀਨ, ਇਹਦੇ ਮੁਖੀ ਅਧੀਨ ਉਹਦੀ ਪਤਨੀ ਅਤੇ ਬੱਚੇ ਅਤੇ ਕੁੱਝ ਗ਼ੁਲਾਮ ਹੁੰਦੇ ਸਨ, ਜਿਨ੍ਹਾਂ ਸਭਨਾਂ ਉੱਤੇ ਉਹਨੂੰ ਜ਼ਿੰਦਗੀ ਅਤੇ ਮੌਤ ਦਾ ਅਧਿਕਾਰ ਹੁੰਦਾ ਸੀ।

> "ਇਸੇ ਲਈ, ਇਹ ਇਸਤਲਾਹ (Term) ਲਾਤੀਨੀ ਕਬੀਲਿਆਂ ਦੀ ਅਤਿ-ਕਰੜੀ ਟੱਬਰ ਪ੍ਰਣਾਲੀ ਤੋਂ, ਜਿਹੜੀ ਖੇਤਾਂ ਵਿਚ ਬਿਜਾਈ ਅਤੇ ਗ਼ੁਲਾਮੀ ਦੇ ਕਾਨੂੰਨੀ ਬਣਨ ਦੇ ਅਤੇ ਯੂਨਾਨੀਆਂ ਅਤੇ (ਆਰੀਆ) ਲਾਤੀਨੀਆਂ ਦੇ ਵੱਖ ਵੱਖ ਹੋ ਜਾਣ ਦੇ ਸਮੇਂ ਆਈ, ਤੋਂ ਪੁਰਾਣੀ ਨਹੀਂ।"[15]

ਇਹਦੇ ਵਿੱਚ ਮਾਰਕਸ ਵਾਧਾ ਕਰਦੇ ਹਨ: "ਨਵੀਨ ਟੱਬਰ ਵਿੱਚ ਭਰੂਣ ਰੂਪ ਵਿੱਚ ਗ਼ੁਲਾਮੀ (servitus) ਹੀ ਸ਼ਾਮਲ ਨਹੀਂ ਸਗੋਂ ਖੇਤ-ਗ਼ੁਲਾਮੀ ਵੀ ਸ਼ਾਮਲ ਹੈ ਕਿਉਂਕਿ ਮੁੱਢ ਤੋਂ ਹੀ ਇਹਦਾ ਸਬੰਧ ਖੇਤੀ ਸੇਵਾਵਾਂ ਨਾਲ਼ ਸੀ। ਇਸ ਅੰਦਰ ਉਹ ਸਾਰੇ ਵਿਰੋਧ, ਜਿਹੜੇ ਪਿਛੋਂ ਜਾ ਕੇ ਸਮਾਜ ਅਤੇ ਰਾਜ ਵਿੱਚ ਵਿਕਸਤ ਹੋਏ, **ਲਘੂ ਰੂਪ ਵਿੱਚ** ਮੌਜੂਦ ਸਨ।"

ਟੱਬਰ ਦਾ ਅਜਿਹਾ ਰੂਪ ਜੋੜੇ ਟੱਬਰ ਤੋਂ ਇੱਕ-ਪਤੀ ਇੱਕ-ਪਤਨੀ ਰੂਪ ਵੱਲ ਤਬਦੀਲੀ ਨੂੰ ਪ੍ਰਗਟ ਕਰਦਾ ਹੈ। ਪਤਨੀ ਦੀ ਵਫ਼ਾਦਾਰੀ ਯਕੀਨੀ ਬਣਾਉਣ ਲਈ, ਅਰਥਾਤ ਬੱਚਿਆਂ ਦੀ ਵਲਦੀਅਤ ਯਕੀਨੀ ਬਣਾਉਣ ਲਈ, ਇਸਤਰੀ ਨੂੰ ਮਰਦ ਦੇ ਨਿਹਕੇਵਲ

---

* Familia—ਫ਼ੈਮੀਲੀਆ—ਟੱਬਰ। **—ਅਨੁ.**

ਅਖ਼ਤਿਆਰ (Exclusive supermacy) ਅਧੀਨ ਕਰ ਦਿੱਤਾ ਜਾਂਦਾ ਹੈ; ਜੇ ਉਹ ਉਹਨੂੰ ਕਤਲ ਕਰਦਾ ਹੈ ਤਾਂ ਉਹ ਬਸ ਆਪਣਾ ਹੱਕ ਹੀ ਵਰਤ ਰਿਹਾ ਹੈ।

ਪਿੱਤਰੀ ਟੱਬਰ ਦੇ ਹੋਂਦ ਵਿੱਚ ਆਉਣ ਨਾਲ਼ ਅਸੀਂ ਲਿਖਤੀ ਇਤਿਹਾਸ ਦੇ ਖੇਤਰ ਵਿੱਚ ਦਾਖ਼ਲ ਹੁੰਦੇ ਹਾਂ; ਇਹ ਇੱਕ ਅਜਿਹਾ ਖੇਤਰ ਹੈ ਜਿਸ ਵਿਚ ਤੁਲਨਾਤਮਕ ਕਾਨੂੰਨ ਸਾਨੂੰ ਮਹੱਤਵ-ਪੂਰਨ ਸਹਾਇਤਾ ਦੇ ਸਕਦਾ ਹੈ ਅਤੇ ਤੱਥ ਤਾਂ ਇਹ ਹੈ ਕਿ ਇਸ ਖੇਤਰ ਵਿੱਚ ਇਹਨੇ ਸਾਡੇ ਲਈ ਬਹੁਤ ਉੱਨਤੀ ਪ੍ਰਾਪਤ ਕੀਤੀ ਹੈ ਅਤੇ ਅਸੀਂ ਮੈਕਸਿਮ ਕੋਵਾਲੇਵਸਕੀ ("ਟੱਬਰ ਅਤੇ ਜਾਇਦਾਦ ਦੇ ਆਦਿ ਅਤੇ ਵਿਕਾਸ ਦੀ ਰੂਪ-ਰੇਖਾ", ਸਟਾਕਹੋਮ, 1890, ਪੰਨੇ 60-100) ਦੇ ਇਸ ਗੱਲ ਦੇ ਸਬੂਤ ਲਈ ਰਿਣੀ ਹਾਂ ਕਿ ਸਾਨੂੰ ਸਰਬਾਂ ਅਤੇ ਬਲਗੇਰੀਅਨਾਂ ਵਿੱਚ ਅੱਜ ਤੱਕ Z·druga (ਜ਼ਾਦਰੁਗਾ, ਜਿਸਦੇ ਅਰਥ ਕੁੱਝ ਭਾਈਚਾਰਾ ਜਿਹੇ ਹਨ) ਜਾਂ Bratstvo (ਬਰਾਦਰੀ) ਦੇ ਨਾਂ ਹੇਠ ਅਤੇ ਪੂਰਬੀ ਲੋਕਾਂ ਵਿੱਚ ਕੁੱਝ ਬਦਲੇ ਹੋਏ ਰੂਪ ਵਿੱਚ ਜਿਹੜਾ ਪਿੱਤਰੀ ਪਰਿਵਾਰਕ ਭਾਈਚਾਰਾ (Hausgenossenschaft) ਮਿਲਦਾ ਹੈ, ਉਹ ਟੋਲੀ ਵਿਆਹ ਵਿੱਚੋਂ ਵਿਕਸਤ ਮਾਤਰੀ ਹੱਕ ਟੱਬਰ ਅਤੇ ਉਸ ਵਿਕੋਲਤ੍ਰੇ ਟੱਬਰ ਵਿਚਕਾਰ, ਜਿਸਦਾ ਨਵੀਨ ਦੁਨੀਆਂ ਨੂੰ ਪਤਾ ਹੈ, ਸੰਗਰਾਂਦੀ ਪੜਾਅ ਬਣਾ ਹੈ। ਘੱਟੋ ਘੱਟ ਜਿਥੋਂ ਤੱਕ ਪੁਰਾਣੀ ਦੁਨੀਆਂ ਦੇ ਸਭਿਆ ਲੋਕਾਂ, ਆਰੀਆ, ਸਾਮੀਆਂ ਦਾ ਸਬੰਧ ਹੈ, ਇਹ ਗੱਲ ਸਾਬਤ ਹੋ ਗਈ ਜਾਪਦੀ ਹੈ।

ਦੱਖਣੀ-ਸਲਾਵੀ Z·druga ਅਜਿਹੇ ਪਰਿਵਾਰਕ ਭਾਈਚਾਰੇ ਦੀ ਸਭ ਤੋਂ ਚੰਗੀ ਮੌਜੂਦ ਮਿਸਾਲ ਪੇਸ਼ ਕਰਦਾ ਹੈ। ਇਸ ਵਿੱਚ ਇੱਕ ਪਿਤਾ ਦੀਆਂ ਕਈ ਪੀੜ੍ਹੀਆਂ ਅਤੇ ਉਹਨਾਂ ਦੀਆਂ ਪਤਨੀਆਂ ਦੀਆਂ ਕਈ ਪੀੜ੍ਹੀਆਂ ਸ਼ਾਮਲ ਹੁੰਦੀਆਂ ਹਨ, ਜਿਹੜੇ ਇਕੱਠੇ ਇੱਕੋ ਪਰਿਵਾਰ ਵਿੱਚ ਰਹਿੰਦੇ ਹਨ, ਆਪਣੇ ਖੇਤਾਂ ਉੱਤੇ ਸਾਂਝੇ ਤੌਰ 'ਤੇ ਵਾਹੀ ਕਰਦੇ ਹਨ, ਸਾਂਝੇ ਭੰਡਾਰ ਤੋਂ ਆਪਣੇ ਲਈ ਖ਼ੁਰਾਕ ਪ੍ਰਾਪਤ ਕਰਦੇ ਹਨ, ਆਪਣਾ ਤਨ ਢੱਕਦੇ ਹਨ ਅਤੇ ਸਾਂਝੇ ਤੌਰ 'ਤੇ ਸਾਰੀਆਂ ਵਾਫ਼ਰ ਉਪਜਾਂ ਦੇ ਮਾਲਕ ਹਨ। ਭਾਈਚਾਰਾ ਪਰਿਵਾਰ ਦੇ ਮੁਖੀ dom‡cin ਦੇ ਸਰਵਉੱਚ ਪ੍ਰਬੰਧ ਹੇਠ ਹੁੰਦਾ ਹੈ, ਜਿਹੜਾ ਪਰਿਵਾਰ ਤੋਂ ਬਾਹਰਲੇ ਮਾਮਲਿਆਂ ਵਿੱਚ ਇਹਦੀ ਪ੍ਰਤਿਨਿੱਧਤਾ ਕਰਦਾ ਹੈ, ਛੋਟੀਆਂ ਮੋਟੀਆਂ ਚੀਜ਼ਾਂ ਵੇਚ ਸਕਦਾ ਹੈ ਅਤੇ ਇਹਦੇ ਵਿੱਤ ਮਾਮਲਿਆਂ ਦਾ ਪ੍ਰਬੰਧ ਕਰਦਾ ਹੈ ਅਤੇ ਇਹਨਾਂ ਮਾਮਲਿਆਂ ਅਤੇ ਨਿੱਤ ਦੇ ਕੰਮ ਕਾਜ ਦੇ ਪ੍ਰਬੰਧ ਲਈ ਜ਼ਿੰਮੇਵਾਰ ਹੈ। ਉਹ ਚੁਣਿਆ ਜਾਂਦਾ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਲਾਜ਼ਮੀ ਨਹੀਂ ਕਿ ਉਹ ਉਮਰ ਵਿੱਚ ਸਭ ਤੋਂ ਵੱਡਾ ਹੋਵੇ। ਇਸਤਰੀਆਂ ਅਤੇ ਉਹਨਾਂ ਦਾ ਕੰਮ ਘਰ ਦੀ ਮੁਖੀ ਇਸਤਰੀ (dom‡Êica) ਦੀ ਨਿਗਰਾਨੀ ਹੇਠ ਹੁੰਦਾ ਹੈ, ਜਿਹੜੀ ਆਮ ਤੌਰ ਤੇ dom‡cin ਦੀ ਪਤਨੀ ਹੁੰਦੀ ਹੈ। ਕੁੜੀਆਂ ਲਈ ਪਤੀਆਂ ਦੀ ਚੋਣ ਵਿੱਚ ਉਹਨੂੰ ਇੱਕ ਮਹੱਤਵ-ਪੂਰਨ, ਅਕਸਰ ਨਿਰਣਾਇਕ ਅਧਿਕਾਰ ਪ੍ਰਾਪਤ ਹੁੰਦਾ ਹੈ। ਪਰ ਸਰਵਉੱਚ ਅਧਿਕਾਰ ਪਰਿਵਾਰਕ ਪ੍ਰੀਸ਼ਦ ਦੇ ਕੋਲ਼ ਹੁੰਦਾ ਹੈ ਜਿਹੜੀ ਸਾਰੇ ਬਾਲ.ਗ ਜੀਆਂ, ਮਰਦਾਂ ਅਤੇ ਇਸਤਰੀਆਂ, ਦਾ ਇਕੱਠ ਹੁੰਦੀ ਹੈ। ਇਸ ਇਕੱਠ ਸਾਹਮਣੇ ਪਰਿਵਾਰ ਦਾ ਮੁਖੀ ਆਪਣਾ ਲੇਖਾ ਪੇਸ਼ ਕਰਦਾ ਹੈ; ਇਹੋ ਇਕੱਠ ਸਾਰੇ ਮਹੱਤਵ-ਪੂਰਨ ਫ਼ੈਸਲੇ ਕਰਦਾ ਹੈ, ਆਪਣੇ ਜੀਆਂ

ਵਿਚਕਾਰ ਇਨਸਾਫ਼ ਕਰਦਾ ਹੈ, ਕਿਸੇ ਵੀ ਥੋੜ੍ਹੀ ਜਾਂ ਬਹੁਤੀ ਮਹੱਤਤਾ ਦੀ ਖ਼ਰੀਦ ਸਬੰਧੀ ਫ਼ੈਸਲਾ ਕਰਦਾ ਹੈ, ਵਿਸ਼ੇਸ਼ ਤੌਰ 'ਤੇ ਭੋਂ ਦੀ ਖ਼ਰੀਦ ਸਬੰਧੀ, ਆਦਿ।

ਅਜੇ ਦਸ ਵਰ੍ਹੇ ਹੀ ਹੋਏ ਹਨ ਕਿ ਰੂਸ ਵਿੱਚ[16] ਅਜਿਹੇ ਵੱਡੇ ਪਰਿਵਾਰਕ ਭਾਈਚਾਰਿਆਂ ਦੀ ਹੋਂਦ ਸਾਬਤ ਕੀਤੀ ਗਈ; ਹੁਣ ਇਹ ਆਮ ਤੌਰ 'ਤੇ ਪ੍ਰਵਾਨ ਕੀਤਾ ਜਾਂਦਾ ਹੈ ਕਿ ਉਹ ਰੂਸੀਆਂ ਦੇ ਜਨਤਕ ਰਿਵਾਜਾਂ ਵਿੱਚ ਉਸੇ ਢੰਗ ਨਾਲ਼ ਪੱਕੀ ਤਰ੍ਹਾਂ ਸਥਾਪਤ ਹਨ ਜਿਸ ਢੰਗ ਨਾਲ਼ oböËina, ਜਾਂ ਪਿੰਡ ਦਾ ਭਾਈਚਾਰਾ। ਉਹ ਰੂਸ ਦੀ ਸਭ ਤੋਂ ਪੁਰਾਣੀ ਨਿਆਂ ਸੰਘਤਾ —ਯਾਰੋਸਲਾਵ ਦੇ "Pravda" ("ਪ੍ਰਾਵਦਾ") —ਵਿੱਚ ਉਸ ਨਾਂ (Vervj—ਵੇਰਵ) ਹੇਠ ਵੇਖੇ ਜਾ ਸਕਦੇ ਹਨ ਜਿਸ ਹੇਠ ਉਹ ਦਲਮਾਸ਼ੀਆ ਦੇ ਕਾਨੂੰਨਾਂ[17] ਵਿੱਚ ਵੇਖੇ ਜਾ ਸਕਦੇ ਹਨ ਅਤੇ ਪ੍ਰਾਚੀਨ ਪੋਲਿਸਤਾਨੀ ਅਤੇ ਚੈਕ ਇਤਿਹਾਸਕ ਸੋਮਿਆਂ ਵਿੱਚ ਵੀ ਲੱਭਦੇ ਹਨ।

ਹਿਊਸਲਰ ਅਨੁਸਾਰ ("ਜਰਮਨ ਹੱਕ ਦੀਆਂ ਬੁਨਿਆਦੀ ਸੰਸਥਾਵਾਂ"*), ਜਰਮਨਾਂ ਵਿੱਚ ਵੀ ਆਰਥਕ ਇਕਾਈ ਮੁੱਢ ਵਿੱਚ ਅਜੋਕੇ ਅਰਥਾਂ ਵਿੱਚ ਵਿਕੋਲਤ੍ਰਾ ਟੱਬਰ ਨਹੀਂ ਸੀ ਸਗੋਂ "ਪਰਿਵਾਰਕ ਭਾਈਚਾਰਾ" (Hausgenossenschaft) ਸੀ, ਜਿਸ ਵਿੱਚ ਕਈ ਪੀੜ੍ਹੀਆਂ ਜਾਂ ਵਿਕੋਲਤ੍ਰੇ ਟੱਬਰ ਹੁੰਦੇ ਸਨ ਅਤੇ ਇਸ ਵਿੱਚ ਅਕਸਰ ਬਹੁਤ ਸਾਰੇ ਗ਼ੁਲਾਮ ਹੁੰਦੇ ਸਨ। ਰੋਮ ਦੇ ਟੱਬਰ ਦਾ ਵੀ ਇਹੋ ਜਿਹੇ ਟੱਬਰ ਤੱਕ ਖੁਰਾ ਲੱਭ ਲਿਆ ਗਿਆ ਹੈ ਅਤੇ ਇਹਦੇ ਸਿੱਟੇ ਵਜੋਂ ਪਰਿਵਾਰ ਦੇ ਮੁਖੀ ਦੇ ਨਿਹਕੇਵਲ ਅਧਿਕਾਰ ਵੀ ਅਤੇ ਉਹਦੇ ਸਬੰਧ ਵਿੱਚ ਪਰਿਵਾਰ ਦੇ ਬਾਕੀ ਜੀਆਂ ਦੀ ਹੱਕਾਂ ਦੀ ਅਣਹੋਂਦ ਸਬੰਧੀ ਵੀ ਪਿੱਛੇ ਜਿਹੇ ਤੋਂ ਸ਼ੰਕਾ ਕੀਤਾ ਗਿਆ ਹੈ। ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਆਇਰਲੈਂਡ ਦੇ ਕੈਲਟਾਂ ਵਿੱਚ ਵੀ ਅਜਿਹੇ ਹੀ ਪਰਿਵਾਰਾਂ ਦੀ ਹੋਂਦ ਰਹੀ ਹੈ; ਫ਼ਰਾਂਸ ਵਿੱਚ ਨਿਵੇਰਨਾਇਸ ਦੇ ਇਲਾਕੇ ਵਿੱਚ ਉਹ parÁonneries (ਪਾਰਸੋਨੇਰੀਸ) ਦੇ ਨਾਂ ਹੇਠ ਫ਼ਰਾਂਸੀਸੀ ਇਨਕਲਾਬ ਦੇ ਸਮੇਂ ਤੱਕ ਕਾਇਮ ਰਹੇ ਅਤੇ ਫ਼ਰਾਂਚੇ-ਕਾਂਟੇ ਵਿੱਚ ਅਜੇ ਵੀ ਉਹਨਾਂ ਦਾ ਖੁਰਾ ਖੋਜ ਨਹੀਂ ਮਿਟਿਆ। ਲੂਹਾਨਜ਼ ਦੇ ਇਲਾਕੇ (ਸਾਓਨ ਏਤ ਲੋਏ) ਵਿੱਚ ਕਿਸਾਨਾਂ ਦੇ ਵੱਡੇ ਵੱਡੇ ਘਰ ਵੇਖੇ ਜਾ ਸਕਦੇ ਹਨ, ਜਿਨ੍ਹਾਂ ਦੇ ਵਿਚਕਾਰ ਇੱਕ ਬਹੁਤ ਉੱਚਾ ਹਾਲ ਕਮਰਾ ਹੁੰਦਾ ਹੈ ਜਿਹੜਾ ਛੱਤ ਤੱਕ ਅੱਪੜਦਾ ਹੈ, ਇਹਦੇ ਦਵਾਲੇ ਸੌਣ ਵਾਲ਼ੇ ਕਮਰੇ ਹੁੰਦੇ ਹਨ, ਜਿਨ੍ਹਾਂ ਤੱਕ ਛੇ ਜਾਂ ਅੱਠ ਪੌੜਾਂ ਵਾਲ਼ੀਆਂ ਪੌੜੀਆਂ ਰਾਹੀਂ ਅੱਪੜਿਆ ਜਾਂਦਾ ਹੈ ਅਤੇ ਉਹਨਾਂ ਵਿੱਚ ਉਸੇ ਪਰਿਵਾਰ ਦੀਆਂ ਕਈ ਪੀੜ੍ਹੀਆਂ ਰਹਿੰਦੀਆਂ ਹਨ।

ਹਿੰਦ ਵਿੱਚ, ਭੋਂ ਦੀ ਸਾਂਝੀ ਵਾਹੀ ਸਮੇਤ ਪਰਿਵਾਰਕ ਭਾਈਚਾਰੇ ਦਾ ਜ਼ਿਕਰ ਸਿਕੰਦਰ ਮਹਾਨ ਦੇ ਸਮੇਂ ਵਿੱਚ ਹੀ ਨਿਆਰਕਸ ਨੇ ਕੀਤਾ ਸੀ ਅਤੇ ਇਹ ਅਜੇ ਤੱਕ ਉਸੇ ਇਲਾਕੇ ਵਿੱਚ, ਪੰਜਾਬ ਅਤੇ ਦੇਸ਼ ਦੇ ਸਾਰੇ ਉੱਤਰ-ਪੱਛਮੀ ਹਿੱਸੇ ਵਿੱਚ ਕਾਇਮ ਹੈ। ਕੋਵਾਲੇਵਸਕੀ ਖ਼ੁਦ ਕਾਕੇਸ਼ੀਆ ਵਿੱਚ ਇਹਦੀ ਹੋਂਦ ਦੀ ਸ਼ਾਅਦੀ ਭਰ ਸਕਿਆ ਸੀ। ਅਲਜੇਰੀਆ ਵਿੱਚ ਕਾਬੇਲਿਆਂ ਵਿੱਚ ਇਹਦੀ ਅਜੇ ਤੱਕ ਹੋਂਦ ਹੈ। ਕਿਹਾ ਜਾਂਦਾ ਹੈ ਕਿ

* Heusler A., ìInstitutionen des deutschen Rechtsî, Bd. I-II, Leipzig, 1885-86. —ਸੰਪਾ.

ਅਮਰੀਕਾ ਵਿੱਚ ਵੀ ਇਹਦੀ ਹੋਂਦ ਸੀ; ਜ਼ੁਰੀਤਾ ਵੱਲੋਂ ਬਿਆਨ ਕੀਤੇ, ਪ੍ਰਾਚੀਨ ਮੈਕਸੀਕੋ ਦੇ Calpullis[18] (ਕਾਲਪੁਲਿਸ) ਨਾਲ਼ ਇਹਨੂੰ ਇੱਕ-ਮਿਕ ਕਰਨ ਦੇ ਯਤਨ ਕੀਤੇ ਜਾ ਰਹੇ ਹਨ; ਦੂਜੇ ਹੱਥ ਕੁਨੋਵ ਨੇ ਚੋਖੀ ਸਪਸ਼ਟਤਾ ਨਾਲ਼ (ìAuslandî— "ਆਸਲੈਂਡ" — 1890, ਅੰਕ 42-44 ਵਿੱਚ)[19] ਇਹ ਗੱਲ ਚੋਖੀ ਹੱਦ ਤੱਕ ਸਿੱਧ ਕਰ ਦਿੱਤੀ ਹੈ ਕਿ ਇੱਕ ਤਰ੍ਹਾਂ ਦੀ ਮਾਰਕ ਬਣਤਰ ਦੀ ਪੀਰੂ ਵਿੱਚ ਉਹਦੇ ਉੱਤੇ ਯੂਰਪੀ ਕਬਜ਼ੇ ਤੋਂ ਪਹਿਲਾਂ ਹੋਂਦ ਸੀ (ਅਤੇ ਇੱਕ ਚੋਖੀ ਅਜੀਬ ਗੱਲ ਇਹ ਹੈ ਕਿ ਉਥੇ ਇਹਨੂੰ marca—ਮਾਰਕਾ—ਕਿਹਾ ਜਾਂਦਾ ਸੀ), ਜਿਸ ਅਧੀਨ ਸਮੇਂ ਸਮੇਂ ਵਾਹੀ-ਹੇਠ ਭੋਂ ਦੀ ਮੁੜ-ਵੰਡ ਕੀਤੀ ਜਾਂਦੀ ਸੀ ਅਤੇ ਵਿਅਕਤੀਗਤ ਤੌਰ 'ਤੇ ਖੇਤੀ ਕੀਤੀ ਜਾਂਦੀ ਸੀ।

ਭਾਵੇਂ ਕੁੱਝ ਵੀ ਹੋਵੇ, ਭੋਂ ਦੀ ਸਾਂਝੀ ਮਾਲਕੀ ਅਤੇ ਸਾਂਝੀ ਵਾਹੀ ਸਮੇਤ ਪਿੱਤਰੀ ਪਰਿਵਾਰਕ ਭਾਈਚਾਰਾ ਹੁਣ ਪਹਿਲਾਂ ਨਾਲ਼ੋਂ ਉੱਕਾ ਹੀ ਵੱਖਰੀ ਮਹੱਤਤਾ ਅਖ਼ਤਿਆਰ ਕਰ ਲੈਂਦਾ ਹੈ। ਅਸੀਂ ਹੁਣ ਉਸ ਸੰਗਰਾਂਦੀ ਰੋਲ਼ ਨੂੰ ਅਖੋਂ ਉਹਲੇ ਨਹੀਂ ਕਰ ਸਕਦੇ ਜਿਹੜਾ ਇਹਨੇ ਪੁਰਾਣੀ ਦੁਨੀਆਂ ਦੇ ਸਭਿਆ ਅਤੇ ਹੋਰਨਾਂ ਲੋਕਾਂ ਵਿੱਚ ਮਾਤਰੀ ਹੱਕ ਟੱਬਰ ਤੋਂ ਇੱਕ-ਪਤੀ ਇੱਕ-ਪਤਨੀ ਟੱਬਰ ਵੱਲ ਤਬਦੀਲੀ ਵਿੱਚ ਅਦਾ ਕੀਤਾ। ਅਸੀਂ ਉਸ ਹੋਰ ਸਿੱਟੇ ਵੱਲ ਮੁੜ ਪਰਤਾਂਗੇ ਜਿਹੜਾ ਕੋਵਾਲੇਵਸਕੀ ਨੇ ਕੱਢਿਆ, ਅਰਥਾਤ, ਕਿ ਇਸੇ ਤਰ੍ਹਾਂ ਇਹ ਵੀ ਇੱਕ ਸੰਗਰਾਂਦੀ ਦੌਰ ਸੀ ਜਿਸ ਵਿੱਚੋਂ ਪਿੰਡ ਦਾ, ਜਾਂ ਮਾਰਕ, ਭਾਈਚਾਰਾ ਵਿਅਕਤੀਗਤ ਖੇਤੀ ਅਤੇ ਪਹਿਲਾਂ ਵਾਹੀ-ਯੋਗ ਅਤੇ ਚਰਾਂਦੀ ਭੋਂ ਦੀ ਸਮੇਂ ਸਮੇਂ ਅਤੇ ਫੇਰ ਪੱਕੀ ਅਲਾਟਮੈਂਟ ਦੇ ਸਮੇਤ, ਵਿਕਸਤ ਹੋਇਆ।

ਜਿਥੋਂ ਤੱਕ ਇਹਨਾਂ ਪਰਿਵਾਰਕ ਭਾਈਚਾਰਿਆਂ ਅੰਦਰ ਪਰਿਵਾਰਕ ਜੀਵਨ ਦਾ ਸਬੰਧ ਹੈ, ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਘੱਟੋ ਘੱਟ ਰੂਸ ਵਿੱਚ ਪਰਿਵਾਰ ਦਾ ਮੁਖੀ ਜਵਾਨ ਇਸਤਰੀਆਂ, ਵਿਸ਼ੇਸ਼ ਤੌਰ 'ਤੇ ਆਪਣੀਆਂ ਨੂੰਹਾਂ, ਸਬੰਧੀ ਆਪਣੇ ਸਥਾਨ ਦੀ ਬਹੁਤ ਬੁਰੀ ਤਰ੍ਹਾਂ ਕੁਵਰਤੋਂ ਕਰਦਾ ਦਸਿਆ ਜਾਂਦਾ ਹੈ ਅਤੇ ਅਕਸਰ ਉਹਨਾਂ ਨੂੰ ਆਪਣਾ ਹਰਮ ਬਣਾ ਲੈਂਦਾ ਹੈ; ਇਹਨਾਂ ਪ੍ਰਸਥਿਤੀਆਂ ਦਾ ਰੂਸੀ ਲੋਕ ਗੀਤਾਂ ਵਿੱਚ ਬੜਾ ਉੱਘੜਵਾਂ ਪ੍ਰਗਟਾਅ ਹੁੰਦਾ ਹੈ।

ਮਾਤਰੀ ਹੱਕ ਤਖ਼ਤਾ ਉਲਟੇ ਜਾਣ ਤੋਂ ਪਿੱਛੋਂ ਜਿਹੜਾ ਇੱਕ-ਪਤੀ ਇੱਕ-ਪਤਨੀ ਟੱਬਰ ਵਿਕਸਤ ਹੋਇਆ ਉਹਨੂੰ ਹੱਥ ਵਿੱਚ ਲੈਣ ਤੋਂ ਪਹਿਲਾਂ ਬਹੁ-ਪਤਨੀ ਅਤੇ ਬਹੁ-ਕੰਤੀ ਪ੍ਰਥਾ ਸਬੰਧੀ ਕੁੱਝ ਸ਼ਬਦ। ਜੇ ਇਹ ਕਿਸੇ ਦੇਸ਼ ਵਿੱਚ ਨਾਲ਼ੋ ਨਾਲ਼ ਹੋਂਦ ਵਿੱਚ ਨਾ ਆਏ ਹੋਣ, ਜਿਹਾ ਕਿ ਚੰਗੀ ਤਰ੍ਹਾਂ ਪਤਾ ਹੈ, ਨਹੀਂ ਹੋਇਆ ਤਾਂ ਵਿਆਹ ਦੇ ਇਹ ਦੋਵੇਂ ਰੂਪ ਛੋਟਾਂ ਹੀ ਹੋ ਸਕਦੀਆਂ ਹਨ, ਇਹ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ ਅਯਾਸ਼ੀਆਂ ਹੀ ਸਨ ਅਤੇ ਇਸ ਲਈ ਜਿਹੜੇ ਮਰਦ ਬਹੁ-ਪਤਨੀ ਪ੍ਰਥਾ ਤੋਂ ਬਾਹਰ ਰਹਿ ਗਏ ਉਹ ਆਪਣੇ ਆਪ ਨੂੰ ਬਹੁ-ਕੰਤੀ ਪ੍ਰਥਾ ਤੋਂ ਬਾਕੀ ਰਹਿ ਗਈਆਂ ਇਸਤਰੀਆਂ ਨਾਲ਼ ਸੰਤੁਸ਼ਟ ਨਹੀਂ ਸਨ ਕਰ ਸਕਦੇ ਕਿਉਂਕਿ ਸਮਾਜੀ ਸੰਸਥਾਵਾਂ ਦੀ ਪਰਵਾਹ ਕੀਤੇ ਬਿਨਾਂ ਹੁਣ ਤੱਕ ਮਰਦਾਂ ਅਤੇ ਇਸਤਰੀਆਂ ਦੀ ਗਿਣਤੀ ਸਾਂਵੀਂ ਰਹੀ ਸੀ ਇਸ ਲਈ ਇਹਨਾਂ ਵਿੱਚੋਂ ਨਾਂ ਤਾਂ ਇੱਕ ਅਤੇ ਨਾ ਦੂਜਾ ਰੂਪ ਆਮ ਪ੍ਰਚਲਤ ਹੋ ਸਕਦਾ ਸੀ। ਅਸਲ ਵਿੱਚ ਮਰਦਾਂ ਵੱਲੋਂ ਇਕ ਤੋਂ ਵੱਧ

ਪਤਨੀਆਂ ਰੱਖਣਾ ਗ਼ੁਲਾਮੀ ਪ੍ਰਥਾ ਦੀ ਉਪਜ ਸੀ ਅਤੇ ਕੁੱਝ ਹਾਲਤਾਂ ਤੱਕ ਹੀ ਸੀਮਤ ਸੀ। ਸਾਮੀ ਪਿੱਤਰੀ ਟੱਬਰ ਵਿੱਚ ਟੱਬਰ ਦਾ ਮੁਖੀ ਅਤੇ ਵੱਧ ਤੋਂ ਵੱਧ ਉਹਦੇ ਦੋ ਕੁ ਪੁੱਤਰ ਬਹੁ-ਪਤਨੀ ਪ੍ਰਥਾ ਅਨੁਸਾਰ ਰਹਿੰਦੇ ਸਨ; ਬਾਕੀਆਂ ਨੂੰ ਇੱਕ ਪਤਨੀ ਉੱਤੇ ਹੀ ਸੰਤੁਸ਼ਟ ਹੋਣਾ ਪੈਂਦਾ ਸੀ। ਅੱਜ ਤੱਕ ਪੂਰੇ ਪੂਰਬ ਵਿੱਚ ਹਾਲਤ ਇਹੋ ਹੈ। ਬਹੁ-ਪਤਨੀ ਪ੍ਰਥਾ ਅਮੀਰਾਂ ਅਤੇ ਵਡਾਰੂਆਂ ਦਾ ਹੀ ਵਿਸ਼ੇਸ਼ ਹੱਕ ਸੀ ਅਤੇ ਪਤਨੀਆਂ ਮਦੀਨ ਗ਼ੁਲਾਮ ਖ਼ਰੀਦ ਕੇ ਪ੍ਰਾਪਤ ਕੀਤੀਆਂ ਜਾਂਦੀਆਂ ਹਨ; ਆਮ ਲੋਕ ਇੱਕ-ਪਤਨੀ ਪ੍ਰਥਾ ਅਨੁਸਾਰ ਰਹਿੰਦੇ। ਅਜਿਹੀ ਹੀ ਇੱਕ ਛੋਟ ਹਿੰਦ ਅਤੇ ਤਿੱਬਤ ਵਿੱਚ ਬਹੁ-ਕੰਤੀ ਪ੍ਰਥਾ ਪੇਸ਼ ਕਰਦੀ ਹੈ, ਜਿਸ ਦੇ ਟੋਲੀ ਵਿਆਹ ਤੋਂ ਉੱਕਾ ਹੀ ਰੋਚਕ ਆਦਿ ਦੀ ਵਧੇਰੇ ਨੇੜਵੀਂ ਪਰਖ ਦੀ ਲੋੜ ਹੈ। ਅਮਲ ਵਿੱਚ ਇਹ ਮੁਸਲਮਾਨਾਂ ਦੇ ਈਰਖਾ ਭਰੇ ਹਰਮਾਂ ਨਾਲ਼ੋਂ ਵਧੇਰੇ ਸਹਿਣ-ਸ਼ੀਲ ਜਾਪਦੀ ਹੈ। ਘੱਟੋ ਘੱਟ ਹਿੰਦ ਦੇ ਨਾਇਰਾਂ ਵਿੱਚ, ਜਿਥੇ ਮਰਦਾਂ ਦੀਆਂ ਤਿੰਨਾਂ ਚਾਰਾਂ ਦੀਆਂ ਟੋਲੀਆਂ ਵਿੱਚ ਇੱਕ ਸਾਂਝੀ ਪਤਨੀ ਹੁੰਦੀ ਹੈ, ਪਰ ਉਹਨਾਂ ਵਿੱਚੋਂ ਹਰ ਇੱਕ ਦੀ ਨਾਲ਼ ਹੀ ਨਾਲ਼, ਤਿੰਨ ਜਾਂ ਵਧੇਰੇ ਹੋਰਨਾਂ ਮਰਦਾਂ ਨਾਲ਼ ਦੂਜੀ ਪਤਨੀ ਸਾਂਝੀ ਹੁੰਦੀ ਹੈ ਅਤੇ ਇਸੇ ਹੀ ਤਰ੍ਹਾਂ, ਇੱਕ ਤੀਜੀ ਪਤਨੀ ਅਤੇ ਚੌਥੀ, ਆਦਿ। ਇਹ ਹੈਰਾਨੀ ਦੀ ਗੱਲ ਹੈ ਕਿ ਇਹਨਾਂ ਵਿਆਹ ਕਲੱਬਾਂ ਵਿੱਚ, ਜਿਨ੍ਹਾਂ ਵਿੱਚੋਂ ਕਈਆਂ ਕਈਆਂ ਦੀ ਮੈਂਬਰੀ ਮਰਦਾਂ ਲਈ ਇੱਕੋ ਸਮੇਂ ਖੁੱਲ੍ਹੀ ਸੀ ਅਤੇ ਜਿਨ੍ਹਾਂ ਨੂੰ ਉਹਨੇ ਖ਼ੁਦ ਬਿਆਨ ਕੀਤਾ ਹੈ, ਮੈਕਲੇਨਨ ਨੂੰ ਵਿਆਹ ਦਾ ਇੱਕ ਨਵਾਂ ਰੂਪ —**ਕਲੱਬ ਵਿਆਹ** ਦਾ ਰੂਪ— ਨਾਂ ਲੱਭ ਪਿਆ। ਇਹ ਕਲੱਬ ਵਿਆਹ ਦਾ ਮਾਮਲਾ ਕਿਸੇ ਵੀ ਤਰ੍ਹਾਂ ਅਸਲ ਬਹੁ-ਕੰਤੀ ਪ੍ਰਥਾ ਨਹੀਂ; ਇਹਦੇ ਉਲਟ, ਜਿਹਾ ਕਿ ਜ਼ਿਰੋ-ਤਿਓਲੋਨ ਨੇ ਕਿਹਾ ਹੈ, ਇਹ ਟੋਲੀ ਵਿਆਹ ਦਾ ਇੱਕ ਵਿਸ਼ੇਸ਼ ਰੂਪ ਹੈ, ਜਿਸ ਵਿੱਚ ਮਰਦ ਬਹੁ-ਪਤਨੀ ਪ੍ਰਥਾ ਉੱਤੇ ਚਲਦੇ ਹਨ ਅਤੇ ਇਸਤਰੀਆਂ ਬਹੁ-ਕੰਤੀ ਪ੍ਰਥਾ ਉੱਤੇ।

**4. ਇੱਕ-ਪਤੀ ਇੱਕ-ਪਤਨੀ ਟੱਬਰ।** ਜਿਹਾ ਕਿ ਪਹਿਲਾਂ ਸੰਕੇਤ ਕੀਤਾ ਜਾ ਚੁੱਕਾ ਹੈ ਇਹ ਜਹਾਲਤ ਦੇ ਦਰਮਿਆਨੇ ਤੋਂ ਉਪਰਲੇ ਪੜਾਅ ਵੱਲ ਤਬਦੀਲੀ ਦੇ ਸਮੇਂ ਜੋੜੇ ਟੱਬਰ ਵਿੱਚੋਂ ਪੈਦਾ ਹੁੰਦਾ ਹੈ ਅਤੇ ਇਹਦੀ ਅੰਤਮ ਜਿੱਤ ਸੱਭਿਅਤਾ ਦੇ ਸ਼ੁਰੂ ਹੋਣ ਦੀਆਂ ਨਿਸ਼ਾਨੀਆਂ ਵਿੱਚੋਂ ਇੱਕ ਹੈ। ਇਹਦਾ ਆਧਾਰ ਮਰਦ ਦੀ ਪ੍ਰਮੁੱਖਤਾ ਹੈ; ਇਹਦਾ ਖ਼ਾਸ ਮੰਤਵ ਅਜਿਹੇ ਬੱਚੇ ਪੈਦਾ ਕਰਨਾ ਹੈ ਜਿਨ੍ਹਾਂ ਦੀ ਪਿੱਤਰਤਾ ਸਬੰਧੀ ਕੋਈ ਸ਼ੱਕ ਨਾ ਹੋਵੇ, ਇਸ ਪਿੱਤਰਤਾ ਦੀ ਇਸ ਲਈ ਲੋੜ ਸੀ ਕਿ ਸਮਾਂ ਆਉਣ ’ਤੇ ਇਹ ਬੱਚੇ ਆਪਣੇ ਪਿਤਾ ਦੇ ਕੁਦਰਤੀ ਵਾਰਸਾਂ ਦੇ ਤੌਰ ’ਤੇ ਉਹਦੀ ਜਾਇਦਾਦ ਵਿਰਸੇ ਵਿੱਚ ਪ੍ਰਾਪਤ ਕਰਨ। ਇੱਕ-ਪਤੀ ਇੱਕ-ਪਤਨੀ ਵਿਆਹ ਜੋੜੇ ਪਰਿਵਾਰ ਤੋਂ ਵਿਆਹ ਦੇ ਬੰਧਨ ਕਿਤੇ ਵਧੇਰੇ ਕਰੜੇ ਹੋਣ ਵਿੱਚ ਵੱਖਰਾ ਹੈ, ਜਿਹੜੇ ਹੁਣ ਦੋਹਾਂ ਵਿੱਚੋਂ ਕਿਸੇ ਧਿਰ ਵੱਲੋਂ ਖ਼ੁਸ਼ੀ ਨਾਲ਼ ਤੋੜੇ ਨਹੀਂ ਜਾ ਸਕਦੇ। ਹੁਣ, ਆਮ ਤੌਰ ’ਤੇ, ਕੇਵਲ ਮਰਦ ਹੀ ਵਿਆਹ ਨੂੰ ਖ਼ਤਮ ਕਰ ਸਕਦਾ ਅਤੇ ਆਪਣੀ ਪਤਨੀ ਨੂੰ ਤਿਆਗ ਸਕਦਾ ਹੈ। ਵਿਆਹ ਵਿੱਚ ਬੇਵਫ਼ਾਈ ਹੁਣ ਵੀ ਉਹਦਾ ਹੀ ਹੱਕ ਰਹਿੰਦਾ ਹੈ ਅਤੇ ਘੱਟੋ ਘੱਟ, ਰਿਵਾਜ ਇਹਦੀ ਆਗਿਆ ਦੇਂਦਾ ਹੈ (Code NapolÈon* — ਨੈਪੋਲੀਅਨ ਦੀ ਸੰਘਤਾ

* ਇਥੇ ਇਸ਼ਾਰਾ ਦੀਵਾਨੀ ਸੰਘਤਾ ਦੀ ਧਾਰਾ 230 ਵੱਲ ਹੈ, ਜਿਹੜੀ 1804 ਵਿੱਚ ਨੈਪੋਲੀਅਨ ਦੇ ਰਾਜ ਸਮੇਂ ਪ੍ਰਵਾਨ ਕੀਤੀ ਗਈ। **—ਸੰਪਾ.**

—ਪਤੀ ਨੂੰ ਇਹ ਹੱਕ ਦਿੰਦੀ ਹੈ, ਜਦੋਂ ਤੱਕ ਉਹ ਆਪਣੀ ਰਖੇਲ ਨੂੰ ਆਪਣੇ ਵਿਆਹੁਤਾ ਘਰ ਵਿੱਚ ਨਾ ਲਿਆਵੇ) ਅਤੇ ਸਮਾਜ ਦੇ ਵਿਕਾਸ ਨਾਲ ਇਹਦੀ ਸਦਾ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਜੇ ਪਤਨੀ ਪੁਰਾਣੇ ਲਿੰਗ ਰਿਵਾਜਾਂ ਨੂੰ ਯਾਦ ਕਰੇ ਅਤੇ ਉਹਨਾਂ ਨੂੰ ਸੁਰਜੀਤ ਕਰਨ ਦਾ ਯਤਨ ਕਰੇ ਤਾਂ ਉਹਨੂੰ ਪਹਿਲਾਂ ਕਿਸੇ ਵੀ ਸਮੇਂ ਨਾਲ਼ੋਂ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ।

ਸਾਨੂੰ ਵਿਆਹ ਦਾ ਇਹ ਨਵਾਂ ਰੂਪ ਯੂਨਾਨੀਆਂ ਵਿੱਚ ਆਪਣੀ ਪੂਰੀ ਸਖ਼ਤੀ ਨਾਲ਼ ਨਜ਼ਰ ਆਉਂਦਾ ਹੈ ਅਤੇ ਜਿਹਾ ਕਿ ਮਾਰਕਸ ਕਹਿੰਦੇ ਹਨ ਮਿਥਿਹਾਸ ਵਿੱਚ ਦੇਵੀਆਂ ਦੀ ਪ੍ਰਸਥਿਤੀ ਇੱਕ ਪਹਿਲਾਂ ਦੇ ਸਮੇਂ ਦੀ ਪ੍ਰਤਿਨਿੱਧ ਹੈ ਜਦੋਂ ਇਸਤਰੀਆਂ ਨੂੰ ਵਧੇਰੇ ਆਜ਼ਾਦੀ ਅਤੇ ਵਧੇਰੇ ਸਤਿਕਾਰਿਆ ਸਥਾਨ ਪ੍ਰਾਪਤ ਸੀ, ਸੂਰਮਾ ਯੁੱਗ ਵਿੱਚ ਅਸੀਂ ਮੁੱਢ ਤੋਂ ਹੀ ਮਰਦਾਂ ਦੇ ਗ਼ਲਬੇ ਅਤੇ ਬਾਂਦੀਆਂ ਵੱਲੋਂ ਮੁਕਾਬਲੇ ਕਾਰਨ ਇਸਤਰੀਆਂ ਦੀ ਅਧੋਗਤੀ ਹੋਈ ਵੇਖਦੇ ਹਾਂ। ਅਸੀਂ "ਓਡੇਸੀ" ਵਿੱਚ ਪੜ੍ਹਦੇ ਹਾਂ ਕਿਵੇਂ ਟੈਲੀਮਾਕਸ ਆਪਣੀ ਮਾਂ ਦੀ ਗੱਲ ਟੋਕ ਦੇਂਦਾ ਹੈ ਅਤੇ ਉਹਨੂੰ ਚੁੱਪ ਰਹਿਣ ਦਾ ਹੁਕਮ ਦੇਂਦਾ ਹੈ*। ਹੋਮਰ ਦੀਆਂ ਕਿਰਤਾਂ ਵਿੱਚ ਜਵਾਨ ਮਦੀਨ ਕੈਦਣਾਂ ਜੇਤੂਆਂ ਦੀ ਵਾਸ਼ਨਾ ਪੂਰੀ ਕਰਨ ਦੀ ਸ਼ੈਅ ਬਣ ਜਾਂਦੀਆਂ ਹਨ; ਅਤੇ ਇੱਕ ਤੋਂ ਪਿੱਛੋਂ ਦੂਜਾ ਮੁਖੀ, ਦਰਜੇ ਅਨੁਸਾਰ ਆਪਣੇ ਲਈ ਸਭ ਤੋਂ ਸੋਹਣੀਆਂ ਨੂੰ ਚੁਣਦਾ ਹੈ। ਜਿਹਾ ਕਿ ਅਸੀਂ ਜਾਣਦੇ ਹਾਂ ਸਮੁੱਚੀ "ਇਲੀਅਡ" ਐਕਲੀਜ਼ ਅਤੇ ਅਗਾਮੈਮਨਾਨ ਵਿਚਕਾਰ ਇੱਕ ਅਜਿਹੀ ਬਾਂਦੀ ਸਬੰਧੀ ਝਗੜੇ ਦੁਆਲੇ ਘੁੰਮਦੀ ਹੈ। ਹੋਮਰ ਦੇ ਥੋੜ੍ਹੀ ਜਿਹੀ ਮਹੱਤਤਾ ਰੱਖਣ ਵਾਲ਼ੇ ਕਿਸੇ ਵੀ ਨਾਇਕ ਸਬੰਧੀ ਕਿਸੇ ਕੈਦੀ ਮੁਟਿਆਰ ਦਾ ਜ਼ਿਕਰ ਆਉਂਦਾ ਹੈ ਜਿਸ ਨਾਲ਼ ਉਹਦਾ ਬਿਸਤਰਾ ਅਤੇ ਤੰਬੂ ਸਾਂਝੇ ਸਨ। ਇਹਨਾਂ ਮੁਟਿਆਰਾਂ ਨੂੰ ਮੁੜਦੇ ਹੋਏ ਵਿਆਹੁਤਾ ਘਰਾਂ ਵਿੱਚ ਲਿਜਾਇਆ ਜਾਂਦਾ ਹੈ ਜਿਵੇਂ ਐਸ਼ੂਲਸ ਵਿੱਚ ਅਗਾਮੈਮਨਾਨ ਕਸਾਂਦਰਾ ਨੂੰ ਨਾਲ਼ ਲੈ ਗਿਆ ਸੀ।** ਇਹਨਾਂ ਬਾਂਦੀਆਂ ਤੋਂ ਜੰਮੇ ਪੁੱਤਰਾਂ ਨੂੰ ਪਿਤਾ ਦੀ ਜਾਇਦਾਦ ਵਿੱਚੋਂ ਥੋੜ੍ਹਾ ਜਿਹਾ ਹਿੱਸਾ ਮਿਲਦਾ ਹੈ ਅਤੇ ਉਹਨਾਂ ਨੂੰ ਆਜ਼ਾਦ ਸਮਝਿਆ ਜਾਂਦਾ ਹੈ। ਟਿਊਕਰੋਜ਼, ਟੈਲਾਮਾਨ ਦਾ ਅਜਿਹਾ ਹੀ ਹਰਾਮੀ ਪੁੱਤਰ ਸੀ ਅਤੇ ਉਹਨੂੰ ਆਪਣੇ ਪਿਤਾ ਦਾ ਪਰਿਵਾਰਕ ਨਾਂ ਅਪਣਾਉਣ ਦਾ ਹੱਕ ਦਿੱਤਾ ਗਿਆ। ਵਿਆਹੁਤਾ ਪਤਨੀ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਇਹ ਸਭ ਕੁੱਝ ਸਹਾਰੇ ਪਰ ਆਪ ਸਖ਼ਤ ਤੋਂ ਸਖ਼ਤ ਸਤ ਅਤੇ ਵਫ਼ਾਦਾਰੀ ਕਾਇਮ ਰੱਖੇ। ਇਹ ਠੀਕ ਹੈ ਕਿ ਸੂਰਮਾ ਯੁੱਗ ਵਿੱਚ ਯੂਨਾਨੀ ਪਤਨੀ ਦਾ ਸਭਿਅਤਾ ਦੇ ਸਮੇਂ ਨਾਲ਼ੋਂ ਵਧੇਰੇ ਸਤਿਕਾਰ ਕੀਤਾ ਜਾਂਦਾ ਹੈ; ਪਰ ਯਥਾਰਥ ਵਿੱਚ ਉਹ ਪਤੀ ਲਈ ਕੇਵਲ ਉਹਦੇ ਜਾਇਜ਼ ਬੱਚਿਆਂ ਦੀ ਮਾਂ, ਮੁੱਖ ਗ੍ਰਹਿਣੀ ਅਤੇ ਬਾਂਦੀਆਂ ਦੀ ਨਿਗਰਾਨੀ ਕਰਨ ਵਾਲ਼ੀ ਹੈ, ਜਿਨ੍ਹਾਂ ਨੂੰ ਉਹ ਆਪਣੀ ਮਰਜ਼ੀ ਨਾਲ਼ ਆਪਣੀਆਂ ਰਖੇਲਾਂ ਬਣਾ ਸਕਦਾ ਹੈ ਅਤੇ ਬਣਾਉਂਦਾ ਹੈ। ਇਹ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਨਾਲ਼ ਨਾਲ਼ ਗ਼ੁਲਾਮੀ ਦੀ ਹੋਂਦ ਹੀ ਸੀ, ਜਵਾਨ ਸੋਹਣੀਆਂ ਬਾਂਦੀਆਂ ਦੀ ਹੋਂਦ ਹੀ ਸੀ, ਜਿਹੜੀਆਂ ਆਪਣੇ ਸਭ ਕੁੱਝ ਸਮੇਤ **ਮਰਦ** ਦੀ ਮਿਲਖ ਹਨ, ਜਿਸਨੇ ਮੁੱਢ ਤੋਂ ਹੀ ਇੱਕ-ਪਤੀ ਇੱਕ-ਪਤਨੀ ਵਿਆਹ ਨੂੰ **ਕੇਵਲ ਇਸਤਰੀ**

---

* ਹੋਮਰ, "ਓਡੇਸੀ", ਪਹਿਲਾ ਗੀਤ। **—ਸੰਪਾ.**

** ਐਸ਼ੂਲਸ, "ਓਰੇਸਟੀਆ, ਅਗਾਮੈਨਾਨ"। **—ਸੰਪਾ.**

**ਲਈ** ਅਤੇ ਮਰਦ ਲਈ ਨਹੀਂ, ਇੱਕ-ਪਤੀ ਇੱਕ-ਪਤਨੀ ਵਿਆਹ ਦਾ ਰੂਪ ਦਿੱਤਾ ਅਤੇ ਉਹਦਾ ਇਹ ਖ਼ਾਸਾ ਅਜੇ ਤੱਕ ਕਾਇਮ ਹੈ।

ਜਿਥੋਂ ਤੱਕ ਪਿੱਛੋਂ ਦੇ ਸਮੇਂ ਦੇ ਯੂਨਾਨੀਆਂ ਦਾ ਸਬੰਧ ਹੈ ਸਾਨੂੰ ਡੈਰੀਆਈਆਂ ਅਤੇ ਆਇਓਨੀਆਂ ਵਿਚਕਾਰ ਫ਼ਰਕ ਕਰਨਾ ਚਾਹੀਦਾ ਹੈ। ਪਹਿਲਿਆਂ ਵਿੱਚ, ਸਪਾਰਟਾ ਜਿਸਦੀ ਕਲਾਸਿਕੀ ਮਿਸਾਲ ਹੈ, ਕਈ ਪੱਖਾਂ ਤੋਂ ਵਿਆਹ ਦੇ ਹੋਮਰ ਵੱਲੋਂ ਦੱਸੇ ਸਬੰਧਾਂ ਨਾਲ਼ੋਂ ਵੀ ਪੁਰਾਣੇ ਸਬੰਧ ਸਨ। ਸਪਾਰਟਾ ਵਿੱਚ ਸਾਨੂੰ ਜੋੜੇ ਵਿਆਹ ਦਾ ਇੱਕ ਰੂਪ ਮਿਲਦਾ ਹੈ — ਜਿਸਨੂੰ ਉਸ ਸਮੇਂ ਪ੍ਰਚਲਤ ਵਿਚਾਰਾਂ ਅਨੁਸਾਰ ਰਾਜ ਨੇ ਤਬਦੀਲ ਕੀਤਾ ਸੀ— ਜਿਸ ਵਿੱਚ ਅਜੇ ਤੱਕ ਟੋਲੀ ਵਿਆਹ ਦੀ ਰਹਿੰਦ-ਖੂੰਹਦ ਬਾਕੀ ਹੈ। ਬੇਔਲਾਦ ਵਿਆਹ ਖ਼ਤਮ ਕਰ ਦਿੱਤੇ ਜਾਂਦੇ ਸਨ: ਬਾਦਸ਼ਾਹ ਅਨਾਕਸਾਂਦਰੀਦਾਜ਼ (ਲਗ ਭਗ 560 ਈਸਾ ਪੂਰਬ) ਨੇ ਆਪਣੀ ਪਹਿਲੀ ਬੇਔਲਾਦ ਪਤਨੀ ਤੋਂ ਬਿਨਾਂ ਇੱਕ ਹੋਰ ਵਿਆਹ ਕੀਤਾ ਅਤੇ ਦੋ ਵੱਖ ਵੱਖ ਘਰ ਸਥਾਪਤ ਕੀਤੇ, ਉਸੇ ਹੀ ਯੁਗ ਦੇ ਬਾਦਸ਼ਾਹ ਅਰਿਸਟੋਨਜ਼ ਨੇ ਆਪਣੀਆਂ ਦੋ ਪਹਿਲੀਆਂ ਬੇਔਲਾਦ ਪਤਨੀਆਂ ਵਿੱਚ ਇੱਕ ਤੀਜੀ ਦਾ ਵਾਧਾ ਕੀਤਾ ਪਰ ਉਹਨੇ ਪਹਿਲੀਆਂ ਵਿਚੋਂ ਇੱਕ ਨੂੰ ਛੱਡ ਦਿੱਤਾ। ਦੂਜੇ ਹੱਥ ਕਈ ਭਰਾਵਾਂ ਦੀ ਇੱਕ ਸਾਂਝੀ ਪਤਨੀ ਹੋ ਸਕਦੀ ਸੀ। ਜੇ ਕਿਸੇ ਮਨੁੱਖ ਨੂੰ ਆਪਣੇ ਮਿੱਤਰ ਦੀ ਪਤਨੀ ਚੰਗੀ ਲੱਗੇ ਤਾਂ ਉਹ ਉਹਦੇ ਨਾਲ਼ ਉਹਨੂੰ ਸਾਂਝੀ ਕਰ ਸਕਦਾ ਸੀ ਅਤੇ ਆਪਣੀ ਪਤਨੀ ਨੂੰ, ਬਿਸਮਾਰਕ ਦੇ ਸ਼ਬਦਾਂ ਵਿੱਚ, ਕਿਸੇ ਹੱਟੇ-ਕੱਟੇ "ਸਾਨ੍ਹ" ਦੇ ਹਵਾਲੇ ਕਰਨਾ ਠੀਕ ਸਮਝਿਆ ਜਾਂਦਾ ਸੀ, ਭਾਵੇਂ ਉਹਨੂੰ ਸ਼ਹਿਰੀ ਹੱਕ ਵੀ ਪ੍ਰਾਪਤ ਨਾ ਹੋਣ। ਪਲੂਟਾਰਚ ਦੀ ਲਿਖਤ ਦੇ ਇੱਕ ਹਿੱਸੇ ਦਾ ਅਰਥ, ਜਿਸ ਅਨੁਸਾਰ ਸਪਾਰਟਾ ਦੀ ਇੱਕ ਇਸਤਰੀ ਆਪਣੇ ਆਸ਼ਕ ਨੂੰ, ਜਿਹੜਾ ਉਹਨੂੰ ਤੰਗ ਕਰ ਰਿਹਾ ਹੈ, ਆਪਣੇ ਪਤੀ ਨਾਲ਼ ਗੱਲ ਬਾਤ ਕਰਨ ਲਈ ਭੇਜਦੀ ਹੈ, ਅਰਥ ਸ਼ੁਮਾਨ ਅਨੁਸਾਰ ਹੋਰ ਵਧੇਰੇ ਲਿੰਗ ਸੁਤੰਤਰਤਾ ਹੈ। ਸੋ, ਅਸਲੀ ਛਨਾਰੀ, ਪਤੀ ਦੀ ਪਿੱਠ ਪਿੱਛੇ ਪਤਨੀ ਦੀ ਬੇਵਫ਼ਾਈ ਅਣਸੁਣੀ ਗੱਲ ਸੀ। ਦੂਜੇ ਹੱਥ ਸਪਾਰਟਾ ਵਿੱਚ ਘਰੇਲੂ ਗ਼ੁਲਾਮੀ ਅਣਸੁਣੀ ਗੱਲ ਸੀ, ਘੱਟੋ ਘੱਟ ਇਹਦੇ ਸਿਖਰ ਦੇ ਦਿਨਾਂ ਵਿੱਚ; ਹੀਲਾਟ ਖੇਤ-ਗ਼ੁਲਾਮ ਜਾਗੀਰਾਂ ਉੱਤੇ ਵੱਖ ਰਹਿੰਦੇ ਸਨ ਅਤੇ ਇਸੇ ਲਈ ਸਪਾਰਟੀਆਟਾਂ[20] ਲਈ ਇਸ ਗੱਲ ਲਈ ਘੱਟ ਖਿੱਚ ਸੀ ਕਿ ਉਹ ਉਹਨਾਂ ਦੀਆਂ ਇਸਤਰੀਆਂ ਨਾਲ਼ ਭੋਗ ਕਰਨ। ਇਹ ਗੱਲ ਕਿ ਇਹਨਾਂ ਸਭਨਾਂ ਪ੍ਰਸਥਿਤੀਆਂ ਅਧੀਨ ਸਪਾਰਟਾ ਦੀਆਂ ਇਸਤਰੀਆਂ ਨੂੰ ਹੋਰਨਾਂ ਯੂਨਾਨੀ ਇਸਤਰੀਆਂ ਨਾਲ਼ੋਂ ਵਧੇਰੇ ਸਨਮਾਨਿਆ ਸਥਾਨ ਪ੍ਰਾਪਤ ਸੀ, ਐਨ ਸੁਭਾਵਕ ਹੈ। ਸਪਾਰਟਾ ਦੀਆਂ ਇਸਤਰੀਆਂ ਅਤੇ ਏਥਨਜ਼ ਦੀਆਂ hetaerae (ਹਿਤੀਰੀਆਂ —ਦੇਵਤਿਆਂ ਦੇ ਮੰਦਰਾਂ ਦੀਆਂ ਪੁਜਾਰਨਾਂ, ਜਿਹੜੀਆਂ ਵੇਸਵਾਵਾਂ ਵੀ ਹੁੰਦੀਆਂ ਸਨ—**ਅਨੁ**.) ਵਿਚੋਂ ਚੋਣਵੀਆਂ ਹੀ ਉਹ ਯੂਨਾਨੀ ਇਸਤਰੀਆਂ ਹਨ ਜਿਨ੍ਹਾਂ ਦਾ ਪ੍ਰਾਚੀਨ ਸਮੇਂ ਦੇ ਲੋਕ ਸਤਿਕਾਰ ਨਾਲ਼ ਨਾਂ ਲੈਂਦੇ ਹਨ ਅਤੇ ਜਿਨ੍ਹਾਂ ਦੀਆਂ ਗੱਲਾਂ ਨੂੰ ਉਹ ਲਿਖ ਕੇ ਸਾਂਭਣ ਯੋਗ ਸਮਝਦੇ ਹਨ।

ਆਇਓਨੀਆਂ ਵਿੱਚ —ਏਥਨਜ਼ ਜਿਸਦਾ ਲਖਣਾਇਕ ਹੈ— ਮਾਮਲਾ ਉੱਕਾ ਹੀ ਵੱਖਰਾ ਹੈ। ਕੁੜੀਆਂ ਨੂੰ ਕੇਵਲ ਕੱਤਣਾ, ਉਣਨਾ ਅਤੇ ਕੱਪੜੇ ਸਿਉਣਾਂ, ਵਧ ਤੋਂ ਵਧ ਕੁੱਝ

ਪੜ੍ਹਨਾ ਅਤੇ ਲਿਖਣਾ ਸਿਖਾਇਆ ਜਾਂਦਾ ਹੈ। ਉਹਨਾਂ ਨੂੰ ਅਮਲੀ ਤੌਰ 'ਤੇ ਉੱਕਾ ਹੀ ਵੱਖ ਰੱਖਿਆ ਜਾਂਦਾ ਹੈ ਅਤੇ ਉਹਨਾਂ ਦਾ ਮੇਲ ਜੋਲ ਹੋਰਨਾਂ ਇਸਤਰੀਆਂ ਨਾਲ਼ ਹੀ ਹੁੰਦਾ ਹੈ। ਜ਼ਨਾਨਖ਼ਾਨਾ ਮਕਾਨ ਦਾ ਵੱਖਰਾ ਅਤੇ ਸਪਸ਼ਟ ਹਿੱਸਾ ਹੁੰਦਾ ਹੈ, ਦੂਜੀ ਮੰਜ਼ਲੇ ਜਾਂ ਪਿਛਵਾੜੇ ਦੀ ਇਮਾਰਤ ਵਿੱਚ, ਜਿਥੇ ਮਰਦ, ਵਿਸ਼ੇਸ਼ ਤੌਰ 'ਤੇ ਓਪਰੇ ਸੌਖ ਨਾਲ਼ ਨਹੀਂ ਅੱਪੜ ਸਕਦੇ; ਜਦੋਂ ਮਰਦ ਪ੍ਰਾਹੁਣੇ ਆਉਂਦੇ ਤਾਂ ਇਸਤਰੀਆਂ ਉਥੇ ਚਲੀਆਂ ਜਾਂਦੀਆਂ। ਬਾਂਦੀ ਨਾਲ਼ ਹੋਏ ਬਿਨਾਂ ਇਸਤਰੀਆਂ ਬਾਹਰ ਨਾ ਜਾਂਦੀਆਂ; ਘਰ ਵਿੱਚ ਉਹਨਾਂ ਨੂੰ ਲਗ ਭਗ ਪਹਿਰੇ ਹੇਠ ਰੱਖਿਆ ਜਾਂਦਾ; ਅਰਿਸਟੋਫ਼ੇਨਜ਼[21] ਮੋਲੋਸਿਆਈ ਸ਼ਿਕਾਰ ਕੁੱਤਿਆਂ ਸਬੰਧੀ ਲਿਖਦਾ ਹੈ, ਜਿਹੜੇ ਵਿਭਚਾਰੀਆਂ ਨੂੰ ਡਰਾਉਣ ਲਈ ਪਾਲੇ ਜਾਂਦੇ ਸਨ ਅਤੇ ਘੱਟੋ ਘੱਟ ਏਸ਼ਿਆਈ ਸ਼ਹਿਰਾਂ ਵਿੱਚ ਤਾਂ ਇਸਤਰੀਆਂ ਉੱਤੇ ਪਹਿਰਾ ਦੇਣ ਲਈ ਖ਼ਾਜਾ-ਸਰਾ ਰੱਖੇ ਜਾਂਦੇ ਸਨ; ਹੀਰੋਡਾਟਸ ਦੇ ਪੁਰਾਣੇ ਸਮੇਂ ਵਿੱਚ ਹੀ ਇਸ ਵਪਾਰ ਲਈ ਹੀਓਸ ਵਿਖੇ ਖੁਸਰੇ ਬਣਾਏ ਜਾਂਦੇ ਅਤੇ ਵਾਕਸਮੁਟ ਅਨੁਸਾਰ ਉਹ ਕੇਵਲ ਜਾਹਲਾਂ ਲਈ ਹੀ ਨਹੀਂ ਸਨ ਬਣਾਏ ਜਾਂਦੇ। ਯੂਰੀਪੀਡੀਜ਼* ਦੀਆਂ ਲਿਖਤਾਂ ਵਿੱਚ ਪਤਨੀ ਨੂੰ oikurema (ਓਇਕੁਰੇਮਾ) ਕਿਹਾ ਗਿਆ ਹੈ, ਜਿਸ ਦੇ ਅਰਥ ਹਨ ਘਰ ਦਾ ਪ੍ਰਬੰਧ ਕਰਨ ਵਾਲ਼ੀ ਵਸਤੂ (ਇਹ ਸ਼ਬਦ ਨਿਪੁੰਸਕ ਲਿੰਗ ਵਿੱਚ ਹੈ) ਅਤੇ ਬੱਚੇ ਪੈਦਾ ਕਰਨ ਤੋਂ ਬਿਨਾਂ ਉਹ ਏਥਨਜ਼ ਦੇ ਸ਼ਹਿਰੀ ਲਈ ਮੁੱਖ ਨੌਕਰਾਣੀ ਤੋਂ ਬਿਨਾਂ ਕੁੱਝ ਨਹੀਂ ਸੀ। ਪਤੀ ਲਈ ਉਹਦੀਆਂ ਜਿਮਨਾਸਟਕ ਦੀਆਂ ਵਰਜ਼ਸ਼ਾਂ ਹਨ, ਉਹਦੇ ਸਰਵਜਨਕ ਮਾਮਲੇ ਹਨ, ਜਿਨ੍ਹਾਂ ਤੋਂ ਉਹਦੀ ਪਤਨੀ ਬਾਹਰੀ ਹੈ; ਇਸ ਤੋਂ ਬਿਨਾਂ ਉਹਨੂੰ ਬਾਂਦੀਆਂ ਪ੍ਰਾਪਤ ਹਨ ਅਤੇ ਜਿਸ ਸਮੇਂ ਏਥਨਜ਼ ਆਪਣੀ ਸਿਖਰ 'ਤੇ ਸੀ ਤਾਂ ਵਿਸ਼ਾਲ ਪੱਧਰ 'ਤੇ ਵੇਸਵਾਗਮਨੀ ਹੁੰਦੀ ਸੀ, ਜਿਸ ਸਬੰਧੀ, ਸੰਖੇਪ ਤੋਂ ਸੰਖੇਪ ਗੱਲ ਕਰਦਿਆਂ, ਰਾਜ ਦਾ ਵਤੀਰਾ ਮਿਹਰ ਵਾਲ਼ਾ ਸੀ ਅਤੇ ਐਨ ਇਸੇ ਵੇਸਵਾਗਮਨੀ ਦੇ ਆਧਾਰ ਉਤੇ ਇੱਕੋ ਇੱਕ ਕਿਸਮ ਦੀਆਂ ਉੱਘੀਆਂ ਇਸਤਰੀਆਂ ਪੈਦਾ ਹੋਈਆਂ ਜਿਹੜੀਆਂ ਆਪਣੇ ਬੌਧਿਕ ਅਤੇ ਕਲਾਤਮਕ ਸਵਾਦਾਂ ਕਾਰਨ ਪ੍ਰਾਚੀਨ ਇਸਤਰੀਅਤ ਦੀ ਆਮ ਪੱਧਰ ਤੋਂ ਉਸੇ ਤਰ੍ਹਾਂ ਬਹੁਤ ਉੱਪਰ ਸਨ ਜਿਸ ਤਰ੍ਹਾਂ ਸਪਾਰਟਾ ਦੀਆਂ ਇਸਤਰੀਆਂ ਆਪਣੇ ਆਚਰਣ ਕਾਰਨ ਸਨ। ਇਹ ਗੱਲ ਕਿ ਕਿਸੇ ਨੂੰ ਇਸਤਰੀ ਬਣਨ ਤੋਂ ਪਹਿਲਾਂ hetaera ਬਣਨਾ ਪੈਂਦਾ ਸੀ ਏਥਨਜ਼ ਦੇ ਟੱਬਰ ਵਿਰੁੱਧ ਸਭ ਤੋਂ ਵੱਡਾ ਦੋਸ਼ ਹੈ।

ਸਮਾਂ ਪਾਕੇ ਏਥਨਜ਼ ਦਾ ਟੱਬਰ ਉਹ ਨਮੂਨਾ ਬਣ ਗਿਆ ਜਿਸ ਉੱਤੇ ਨਾ ਕੇਵਲ ਆਇਓਨੀਆਂ ਨੇ ਸਗੋਂ ਮੁੱਖ-ਭੂਮੀ ਦੇ ਅਤੇ ਬਸਤੀਆਂ ਦੇ ਸਾਰੇ ਯੂਨਾਨੀਆਂ ਨੇ ਆਪਣੇ ਘਰੋਗੀ ਸਬੰਧਾਂ ਨੂੰ ਸਦਾ ਵਧੇਰੇ ਢਾਲਿਆ। ਪਰ ਸਾਰੇ ਇਕਲਾਪੇ ਅਤੇ ਨਿਗਰਾਨੀ ਦੇ ਬਾਵਜੂਦ ਯੂਨਾਨੀ ਇਸਤਰੀਆਂ ਆਪਣੇ ਘਰ ਵਾਲ਼ਿਆਂ ਨੂੰ ਧੋਖਾ ਦੇਣ ਦੇ ਅਵਸਰ ਅਕਸਰ ਲਭ ਲੈਂਦੀਆਂ ਅਤੇ ਪਤੀ, ਜਿਨ੍ਹਾਂ ਨੂੰ ਆਪਣੀਆਂ ਪਤਨੀਆਂ ਲਈ ਪਿਆਰ ਪ੍ਰਗਟ ਕਰਨ ਵਿੱਚ ਸ਼ਰਮ ਆਉਂਦੀਆਂ ਹਿਤੀਰੀਆਂ ਨਾਲ਼ ਹਰ ਤਰ੍ਹਾਂ ਦੇ ਪਿਆਰਾਂ ਦਾ ਸਵਾਦ ਮਾਣਦੇ ਰਹਿੰਦੇ। ਪਰ ਇਸਤਰੀਆਂ ਦੀ ਗਿਰਾਵਟ ਦਾ ਖ਼ੁਦ ਮਰਦਾਂ ਉੱਤੇ ਪਰਤਵਾਂ ਅਸਰ ਹੋਇਆ

---

* ਯੂਰੀਪੀਡੀਜ਼, "ਓਰੇਸਟੇਜ਼"। **—ਸੰਪਾ.**

ਅਤੇ ਇਹਨੇ ਉਹਨਾਂ ਨੂੰ ਵੀ ਡੇਗ ਦਿੱਤਾ, ਇੱਥੋਂ ਤੱਕ ਕਿ ਉਹ ਮੁੰਡੇਬਾਜੀ ਜਿਹੇ ਵਿਗਾੜ ਵਿੱਚ ਫਸ ਗਏ ਅਤੇ ਗਨੀਮੇਡ ਦੀ ਮਿਥਿਹਾਸਕ ਕਹਾਣੀ ਰਾਹੀਂ ਆਪਣੇ ਆਪ ਅਤੇ ਆਪਣੇ ਦੇਵਤਿਆਂ, ਦੋਹਾਂ, ਨੂੰ ਨੀਚ ਬਣਾ ਦਿੱਤਾ।

ਜਿਥੋਂ ਤੱਕ ਅਸੀਂ ਪ੍ਰਾਚੀਨ ਕਾਲ ਦੇ ਅਤਿ-ਅੰਤ ਸਭਿਆ ਅਤੇ ਅਤਿ-ਅੰਤ ਵਿਕਸਤ ਲੋਕਾਂ ਵਿੱਚ ਲੱਭ ਸਕੇ ਹਾਂ, ਇੱਕ-ਪਤੀ ਇੱਕ-ਪਤਨੀ ਪ੍ਰਥਾ ਦਾ ਇਹ ਆਦਿ ਸੀ। ਇਹਦਾ ਸਬੰਧ ਕਿਸੇ ਵੀ ਤਰ੍ਹਾਂ ਵਿਅਕਤੀਗਤ ਲਿੰਗ ਪਿਆਰ ਨਾਲ਼ ਨਹੀਂ ਸੀ ਕਿਉਂਕਿ ਵਿਆਹ ਪਹਿਲਾਂ ਵਾਂਗ ਹੀ ਸਹੂਲਤ ਦੇ ਵਿਆਹ ਰਹੇ। ਇਹ ਟੱਬਰ ਦਾ ਪਹਿਲਾ ਰੂਪ ਸੀ ਜਿਹੜਾ ਕੁਦਰਤੀ ਹਾਲਤਾਂ ਉੱਤੇ ਨਹੀਂ ਸਗੋਂ ਆਰਥਕ ਪ੍ਰਸਥਿਤੀਆਂ ਉੱਤੇ, ਅਰਥਾਤ ਆਦਿ ਦੀ, ਕੁਦਰਤੀ ਤੌਰ ’ਤੇ ਵਿਕਸਤ ਹੋਈ, ਸਾਂਝੀ ਮਾਲਕੀ ਉੱਤੇ ਨਿੱਜੀ ਜਾਇਦਾਦ ਦੀ ਜਿੱਤ ਉੱਤੇ ਆਧਾਰਤ ਸੀ। ਟੱਬਰ ਵਿੱਚ ਮਰਦ ਦੀ ਹਕੂਮਤ, ਅਜਿਹੇ ਬੱਚੇ ਪੈਦਾ ਕਰਨਾ ਜਿਹੜੇ ਕੇਵਲ ਉਹਦੇ ਹੀ ਹੋ ਸਕਦੇ ਸਨ ਅਤੇ ਜਿਨ੍ਹਾਂ ਦੀ ਹੋਣੀ ਉਹਦੀ ਦੌਲਤ ਦਾ ਵਾਰਸ ਬਣਨਾ ਸੀ— ਯੂਨਾਨੀਆਂ ਨੇ ਬੜੀ ਖੁੱਲ੍ਹੀ ਤਰ੍ਹਾਂ ਕੇਵਲ ਇਹਨਾਂ ਨੂੰ ਹੀ ਇਕ-ਪਤੀ ਇੱਕ-ਪਤਨੀ ਪ੍ਰਥਾ ਦੇ ਪ੍ਰਵਾਣੇ ਮੰਤਵ ਮੰਨਿਆ। ਇਸ ਤੋਂ ਬਿਨਾਂ ਇਹ ਇੱਕ ਬੋਝ ਸੀ, ਦੇਵਤਿਆਂ, ਰਾਜ ਅਤੇ ਆਪਣੇ ਪਿੱਤਰਾਂ ਵੱਲ ਇੱਕ ਫ਼ਰਜ਼ ਸੀ, ਜਿਹੜਾ ਬਸ ਪੂਰਾ ਕਰਨਾ ਹੀ ਪੈਂਦਾ ਸੀ। ਏਥਨਜ਼ ਦਾ ਕਾਨੂੰਨ ਨਾ ਕੇਵਲ ਵਿਆਹ ਲਾਜ਼ਮੀ ਕਰਾਰ ਦੇਂਦਾ ਸਗੋਂ ਮਰਦ ਵੱਲੋਂ ਘੱਟੋ ਘੱਟ ਅਖੌਤੀ ਵਿਵਾਹ ਦੇ ਫ਼ਰਜ਼ ਪੂਰੇ ਕਰਨਾ ਵੀ ਲਾਜ਼ਮੀ ਬਣਾਉਂਦਾ ਸੀ।

ਇੱਕ-ਪਤੀ ਇੱਕ-ਪਤਨੀ ਪ੍ਰਥਾ ਕਿਸੇ ਵੀ ਤਰ੍ਹਾਂ ਮਰਦ ਅਤੇ ਇਸਤਰੀ ਵਿਚਕਾਰ ਸੁਲ੍ਹਾ ਦੇ ਤੌਰ ’ਤੇ ਇਤਿਹਾਸ ਵਿੱਚ ਪ੍ਰਗਟ ਨਹੀਂ ਹੋਈ ਅਤੇ ਇਸ ਸੁਲ੍ਹਾ ਦੇ ਸਰਵਉੱਚ ਰੂਪ ਦੇ ਤੌਰ ’ਤੇ ਤਾਂ ਉੱਕਾ ਹੀ ਪ੍ਰਗਟ ਨਹੀਂ ਹੋਈ। ਇਹਦੇ ਉਲਟ ਇਹ ਇੱਕ ਸੈਕਸ ਦੇ ਪੂਰੀ ਤਰ੍ਹਾਂ ਦੂਜੀ ਸੈਕਸ ਵੱਲੋਂ ਦਬਾ ਲਏ ਜਾਣ ਦੇ ਸਿੱਟੇ ਵਜੋਂ, ਦੋਹਾਂ ਸੈਕਸਾਂ ਵਿਚਕਾਰ ਇੱਕ ਅਜਿਹੀ ਟੱਕਰ ਦੇ ਐਲਾਨ ਦੇ ਨਤੀਜੇ ਵਜੋਂ ਹੋਂਦ ਵਿੱਚ ਆਈ ਜਿਸਦਾ ਇਸ ਤੋਂ ਪਹਿਲਾਂ ਇਤਿਹਾਸ-ਪੂਰਵ ਸਮੇਂ ਵਿੱਚ ਨਿਸ਼ਾਨ ਤੱਕ ਨਹੀਂ ਮਿਲਦਾ। ਇੱਕ ਪੁਰਾਣੇ ਅਣ-ਛਪੇ ਖਰੜੇ ਵਿੱਚ, ਜਿਹੜਾ 1846 ਵਿੱਚ ਲਿਖੀ ਮਾਰਕਸ ਦੀ ਅਤੇ ਮੇਰੀ ਕਿਰਤ ਹੈ*, ਮੈਨੂੰ ਇਹ ਲਿਖਤ ਮਿਲੀ ਹੈ: “ਕਿਰਤ ਦੀ ਪਹਿਲੀ ਵੰਡ ਮਰਦ ਅਤੇ ਇਸਤਰੀ ਵਿਚਕਾਰ ਬੱਚੇ ਪੈਦਾ ਕਰਨ ਲਈ ਹੈ।” ਅਤੇ ਅੱਜ ਮੈਂ ਇਸ ਵਿੱਚ ਇਹ ਵਾਧਾ ਕਰ ਸਕਦਾ ਹਾਂ: ਇਤਿਹਾਸ ਵਿੱਚ ਜਿਹੜੇ ਪਹਿਲੇ ਜਮਾਤੀ ਵਿਰੋਧ ਪੈਦਾ ਹੋਏ ਉਹ ਇੱਕ-ਪਤੀ ਇੱਕ-ਪਤਨੀ ਵਿਆਹ ਵਿੱਚ ਮਰਦ ਅਤੇ ਇਸਤਰੀ ਵਿਚਕਾਰ ਪੈਦਾ ਹੋਏ ਵਿਰੋਧ ਹਨ ਅਤੇ ਪਹਿਲਾ ਜਮਾਤੀ ਜਬਰ ਨਰ ਸੈਕਸ ਵੱਲੋਂ ਮਦੀਨ ਸੈਕਸ ਉੱਤੇ ਜਬਰ ਹੈ। ਇੱਕ-ਪਤੀ ਇੱਕ-ਪਤਨੀ ਪ੍ਰਥਾ ਇੱਕ ਮਹਾਨ ਇਤਿਹਾਸਕ ਉੱਨਤੀ ਸੀ, ਪਰ ਇਹਦੇ ਨਾਲ਼ ਹੀ ਨਾਲ਼ ਇਹਨੇ, ਗ਼ੁਲਾਮੀ ਅਤੇ ਨਿੱਜੀ ਦੌਲਤ ਦੇ ਨਾਲ਼ ਨਾਲ਼, ਉਸ ਦੌਰ ਦਾ ਆਰੰਭ ਕੀਤਾ, ਜਿਹੜਾ ਅੱਜ ਤੱਕ ਜਾਰੀ ਹੈ, ਜਿਸ

* ਕਾ. ਮਾਰਕਸ, ਫ. ਏਂਗਲਜ਼ ìDie deutsche Ideologieî (“ਜਰਮਨ ਵਿਚਾਰਧਾਰ”)।— **ਸੰਪਾ.**

ਵਿੱਚ ਹਰ ਉਨਤੀ ਉਸੇ ਤਰ੍ਹਾਂ ਪਿਛੇ ਹਟਣਾ ਵੀ ਹੈ, ਜਿਸ ਵਿੱਚ ਇੱਕ ਟੋਲੀ ਦੀ ਖ਼ੁਸ਼ਹਾਲੀ ਅਤੇ ਵਿਕਾਸ ਹੋਰਨਾਂ ਦੀ ਮੰਦਹਾਲੀ ਅਤੇ ਉਹਨਾਂ ਉੱਤੇ ਜਬਰ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ। ਇਹ ਸਭਿਆ ਸਮਾਜ ਦੀ ਖੋਲੀਦਾਰ ਬਣਤਰ ਹੀ ਹੈ ਜਿਸ ਵਿੱਚ ਅਸੀਂ ਉਹਨਾਂ ਟੱਕਰਾਂ ਅਤੇ ਵਿਰੋਧਾਂ ਦੇ ਖ਼ਾਸੇ ਦਾ ਪਹਿਲਾਂ ਹੀ ਅਧਿਐਨ ਕਰ ਸਕਦੇ ਹਾਂ ਜਿਹੜੇ ਪਿਛਲੇਰੇ ਵਿੱਚ ਪੂਰੀ ਤਰ੍ਹਾਂ ਵਿਕਸਤ ਹੁੰਦੇ ਹਨ।

ਜੋੜੇ ਟੱਬਰ, ਜਾਂ ਇੱਥੋਂ ਤੱਕ ਕਿ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਜਿੱਤ ਜਾਣ ਨਾਲ਼ ਵੀ ਲਿੰਗ ਭੋਗ ਦੀ ਪੁਰਾਣੀ ਨਿਸਬਤਨ ਆਜ਼ਾਦੀ ਕਿਸੇ ਵੀ ਤਰ੍ਹਾਂ ਖ਼ਤਮ ਨਾ ਹੋ ਗਈ।

> "ਵਿਆਹ ਦੀ ਪੁਰਾਣੀ ਪ੍ਰਣਾਲੀ, ਜਿਹੜੀ ਪੁਨਾਲੁਆਲਨ ਟੋਲੀਆਂ ਦੇ ਹੌਲ਼ੀ ਹੌਲ਼ੀ ਲੋਪ ਹੋਣ ਨਾਲ਼ ਹੁਣ ਸੌੜੇਰੀਆਂ ਹੱਦਾਂ ਦੇ ਅੰਦਰ ਸੀਮਤ ਹੋ ਗਈ ਸੀ ਅਜੇ ਤੱਕ ਅੱਗੇ ਵੱਧ ਰਹੇ ਟੱਬਰ ਨੂੰ ਵਲੀ ਖੜੀ ਸੀ, ਜਿਨ੍ਹਾਂ ਅੰਦਰ ਇਹਨੇ ਸਭਿਅਤਾ ਦੇ ਸ਼ੁਰੂ ਹੋਣ ਤੱਕ ਚੱਲਣਾ ਸੀ।...ਇਹ ਅੰਤ ਹਿਤੀਰੀਵਾਦ ਦੇ ਨਵੇਂ ਰੂਪ ਵਿੱਚ ਲੋਪ ਹੋ ਗਈ, ਜਿਹੜਾ ਟੱਬਰ ਉੱਤੇ ਕਾਲੇ ਪਰਛਾਵੇਂ ਵਾਂਗ ਸਭਿਅਤਾ ਦੇ ਅੰਦਰ ਮਨੁੱਖਜਾਤੀ ਦੇ ਪਿੱਛੇ ਲੱਗਾ ਫਿਰਦਾ ਹੈ।"

ਹਿਤੀਰੀਵਾਦ ਤੋਂ ਮਾਰਗਨ ਦੇ ਅਰਥ ਮਰਦਾਂ ਅਤੇ ਅਣ-ਵਿਆਹੀਆਂ ਇਸਤਰੀਆਂ ਵਿਚਕਾਰ ਵਿਆਹ ਦੀ ਹੱਦ ਤੋਂ ਬਾਹਰੇ ਲਿੰਗ ਸਬੰਧ ਹਨ, ਜਿਨ੍ਹਾਂ ਦੀ **ਇਕ-ਪਤੀ ਇੱਕ-ਪਤਨੀ ਪ੍ਰਥਾ ਦੇ ਨਾਲ਼ ਨਾਲ਼** ਹੋਂਦ ਰਹੀ ਹੈ ਅਤੇ ਜਿਹਾ ਕਿ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ, ਇਹ ਸੱਭਿਅਤਾ ਦੇ ਸਾਰੇ ਸਮੇਂ ਵਿੱਚ ਅਤਿ-ਅੰਤ ਭਿੰਨ ਭਿੰਨ ਰੂਪਾਂ ਵਿੱਚ ਪ੍ਰਫੁਲਤ ਰਹੇ ਹਨ ਅਤੇ ਹੁਣ ਨਿਰੰਤਰ ਵਿਕਸਤ ਹੋ ਕੇ ਖੁੱਲ੍ਹੀ ਵੇਸਵਾਗਮਨੀ ਬਣ ਰਹੇ ਹਨ। ਇਸ ਹਿਤੀਰੀਵਾਦ ਦਾ ਖੁਰਾ ਸਿੱਧਾ ਟੋਲੀ ਵਿਆਹ ਤੱਕ, ਇਸਤਰੀਆਂ ਦੇ ਕੁਰਬਾਨੀ ਦੇ ਅੰਦਾਜ਼ ਨਾਲ਼, ਜਿਸ ਰਾਹੀਂ ਉਹ ਆਪਣਾ ਸਤ ਦਾ ਹੱਕ ਜਿਤਦੀਆਂ ਸਨ, ਹੇਠਾਂ ਪੈਣ ਤੱਕ ਲੱਭਿਆ ਜਾ ਸਕਦਾ ਹੈ। ਪੈਸੇ ਲਈ ਹੇਠਾਂ ਪੈਣਾ ਪਹਿਲਾਂ ਪਹਿਲ ਇੱਕ ਧਾਰਮਿਕ ਕਾਰਵਾਈ ਸੀ, ਜਿਹੜੀ ਪਿਆਰ ਦੀ ਦੇਵੀ ਦੇ ਮੰਦਰ ਵਿੱਚ ਹੁੰਦੀ ਅਤੇ ਇਸ ਤੋਂ ਪ੍ਰਾਪਤ ਹੋਇਆ ਪੈਸਾ ਮੰਦਰ ਦੇ ਖ਼ਜ਼ਾਨੇ ਵਿੱਚ ਜਾਂਦਾ। ਆਰਮੀਨੀਆ ਵਿੱਚ ਐਨਾਈਤਸ ਦੀਆਂ, ਕੋਰਿੰਥ ਵਿੱਚ ਐਫ਼ਰੋਡਾਈਟ ਦੀਆਂ hieroduls[22] ਵੀ ਅਤੇ ਹਿੰਦ ਦੇ ਮੰਦਰਾਂ ਨਾਲ਼ ਸਬੰਧਤ ਧਾਰਮਿਕ ਨਾਚੀਆਂ— ਅਖੌਤੀ bayaders (ਇਹ ਸ਼ਬਦ ਪੁਰਤਗੇਜ਼ੀ ਸ਼ਬਦ bailadeira ਨਾਚੀ, ਤੋਂ ਵਿਗੜ ਕੇ ਬਣਿਆ ਹੈ) —ਪਹਿਲੀਆਂ ਵੇਸਵਾਵਾਂ ਸਨ। ਕੁਰਬਾਨੀ ਦੇ ਤੌਰ 'ਤੇ ਇਹ ਹੇਠਾਂ ਪੈਣਾ, ਜਿਹੜਾ ਮੁੱਢ ਵਿੱਚ ਸਭਨਾਂ ਇਸਤਰੀਆਂ ਲਈ ਲਾਜ਼ਮੀ ਸੀ, ਪਿੱਛੋਂ ਕੇਵਲ ਪੁਜਾਰਨਾਂ ਵੱਲੋਂ ਪ੍ਰਤਿਨਿੱਧ ਦੇ ਤੌਰ 'ਤੇ ਸਭਨਾਂ ਇਸਤਰੀਆਂ ਵੱਲੋਂ ਕੀਤਾ ਜਾਣ ਲੱਗ ਪਿਆ। ਹੋਰਨਾਂ ਕੌਮਾਂ ਵਿੱਚ ਹਿਤੀਰੀਵਾਦ ਉਹ ਲਿੰਗ ਆਜ਼ਾਦੀ ਵਿੱਚੋਂ ਪੈਦਾ ਹੋਇਆ ਜਿਹੜੀ ਕੁੜੀਆਂ ਨੂੰ ਵਿਆਹ ਤੋਂ ਪਹਿਲਾਂ ਦਿੱਤੀ ਜਾਂਦੀ ਸੀ —ਅਤੇ ਇਸੇ ਤਰ੍ਹਾਂ ਇਹ ਵੀ ਟੋਲੀ ਵਿਆਹ ਦੀ ਇੱਕ ਰਹਿੰਦ-ਖੂੰਹਦ ਹੈ, ਜਿਹੜੀ ਸਾਡੇ ਤੱਕ ਬਸ ਇੱਕ ਹੋਰ ਰਾਹ ਤੋਂ ਹੋ ਕੇ ਅਪੜੀ ਹੈ।

ਜਾਇਦਾਦ ਦੇ ਫ਼ਰਕ ਉੱਭਰਨ ਨਾਲ਼—ਅਰਥਾਤ, ਜਹਾਲਤ ਦੇ ਉਪਰਲੇ ਪੜਾਅ ਸਮੇਂ ਹੀ—ਗ਼ੁਲਾਮ ਕਿਰਤ ਦੇ ਨਾਲ਼ ਹੀ ਨਾਲ਼ ਕਦੀ ਕਦਾਈਂ ਉਜਰਤੀ ਕਿਰਤੀ ਕਿਰਤ ਪ੍ਰਗਟ ਹੁੰਦੀ ਹੈ; ਅਤੇ ਉਸੇ ਸਮੇਂ ਹੀ, ਇਹਦੇ ਲਾਜ਼ਮੀ ਸਾਥੀ ਦੇ ਤੌਰ ’ਤੇ, ਬਾਂਦੀਆਂ ਦੇ ਜਬਰਨ ਹੇਠਾਂ ਪੈਣ ਦੇ ਨਾਲ਼ ਹੀ ਨਾਲ਼ ਆਜ਼ਾਦ ਇਸਤਰੀਆਂ ਦੀ ਪੇਸ਼ਾਵਰ ਵੇਸਵਾਗਮਨੀ ਹੋਂਦ ਵਿੱਚ ਆਉਂਦਾ ਹੈ। ਇਉਂ ਟੋਲੀ ਵਿਆਹ ਨੇ ਸਭਿਅਤਾ ਨੇ ਸਭਿਅਤਾ ਨੂੰ ਜੋ ਵਿਰਸਾ ਦਿੱਤਾ ਹੈ ਉਹ ਦੋ-ਪੱਖੀ ਹੈ, ਐਨ ਉਸੇ ਤਰ੍ਹਾਂ ਜਿਵੇਂ ਸਭਿਅਤਾ ਵੱਲੋਂ ਪੈਦਾ ਕੀਤੀ ਹਰ ਚੀਜ਼ ਦੋ-ਪੱਖੀ, ਦੋ-ਜਿਭੀ, ਆਪਾ-ਵਿਰੋਧੀ ਅਤੇ ਟਾਕਰਵੀਂ ਹੈ: ਇੱਕ ਹੱਥ ਇੱਕ-ਪਤੀ ਇੱਕ-ਪਤਨੀ ਪ੍ਰਥਾ ਅਤੇ ਦੂਜੇ ਹੱਥ ਇਹਦੇ ਅਤਿ-ਅੰਤ ਅਤਿ ਦੇ ਰੂਪ, ਵੇਸਵਾਗਮਨੀ, ਸਮੇਤ ਹਿਤੀਰੀਵਾਦ। ਹਿਤੀਰੀਵਾਦ ਹੋਰਨਾਂ ਦੀ ਤਰ੍ਹਾਂ ਇੱਕ ਸਮਾਜੀ ਸੰਸਥਾ ਹੈ; ਇਹ ਪੁਰਾਣੀ ਲਿੰਗ ਆਜ਼ਾਦੀ ਦਾ —ਮਰਦਾਂ ਦੇ ਹੱਕ ਵਿੱਚ— ਜਾਰੀ ਰਹਿਣ ਹੈ। ਭਾਵੇਂ, ਯਥਾਰਥ ਵਿੱਚ, ਇਹਨੂੰ ਨਾ ਕੇਵਲ ਸਹਾਰਿਆ ਜਾਂਦਾ ਹੈ ਸਗੋਂ ਇਹਦੇ ਉੱਤੇ ਬੜੇ ਜੋਸ਼ ਨਾਲ਼ ਅਮਲ ਕੀਤਾ ਜਾਂਦਾ ਹੈ, ਜ਼ਬਾਨੀ ਕਲਾਮੀ ਇਹਦੀ ਨਖੇਧੀ ਕੀਤੀ ਜਾਂਦੀ ਹੈ। ਯਥਾਰਥ ਵਿੱਚ ਇਹਦੀ ਵਰਤੋਂ ਕਰਨ ਵਾਲ਼ੇ ਮਰਦਾਂ ਉੱਤੇ ਇਹ ਕਿਸੇ ਵੀ ਤਰ੍ਹਾਂ ਚੋਟ ਨਹੀਂ ਕਰਦੀ, ਇਹ ਕੇਵਲ ਇਸਤਰੀਆਂ ਉੱਤੇ ਚੋਟ ਕਰਦੀ ਹੈ: ਮਦੀਨ ਉੱਤੇ ਨਰ ਦੇ ਨਿਹਕੇਵਲ ਗ਼ਲਬੇ ਦਾ ਇੱਕ ਵਾਰ ਫੇਰ ਸਮਾਜ ਦਾ ਬੁਨਿਆਦੀ ਕਾਨੂੰਨ ਹੋਣ ਦਾ ਐਲਾਨ ਕਰਨ ਲਈ ਇਸਤਰੀਆਂ ਨੂੰ ਛੇਕ ਦਿੱਤਾ ਜਾਂਦਾ ਹੈ।

ਪਰ ਇਉਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਵਿੱਚ ਇੱਕ ਨਵਾਂ ਵਿਰੋਧ ਵਿਕਸਤ ਕੀਤਾ ਜਾਂਦਾ ਹੈ। ਪਤੀ ਦੇ ਨਾਲ਼ ਹੀ, ਜਿਸਦੇ ਜੀਵਨ ਨੂੰ ਹਿਤੀਰੀਵਾਦ ਨਾਲ਼ ਸ਼ਿੰਗਾਰਿਆ ਗਿਆ ਹੈ, ਰੁਲ਼ੀ ਹੋਈ ਪਤਨੀ ਹੁੰਦੀ ਹੈ ਅਤੇ ਇਹ ਉਸੇ ਤਰ੍ਹਾਂ ਅਸੰਭਵ ਹੈ ਕਿ ਇੱਕ ਵਿਰੋਧ ਦਾ ਦੂਜਾ ਪੱਖ ਹੋਏ ਬਿਨਾਂ ਇੱਕ ਪੱਖ ਨਹੀਂ ਹੋ ਸਕਦਾ, ਐਨ ਉਸੇ ਤਰ੍ਹਾਂ ਜਿਵੇਂ ਅੱਧਾ ਸਿਉ ਖਾ ਲੈਣ ਮਗਰੋਂ ਬੰਦੇ ਦੇ ਹੱਥ ਵਿੱਚ ਪੂਰਾ ਸਿਉ ਰਹਿਣਾ ਅਸੰਭਵ ਹੁੰਦਾ ਹੈ। ਪਰ ਜਾਪਦਾ ਹੈ ਜਦੋਂ ਤੱਕ ਉਹਨਾਂ ਦੀਆਂ ਪਤਨੀਆਂ ਨੇ ਉਹਨਾਂ ਨੂੰ ਚੰਗੇਰੀ ਤਰ੍ਹਾਂ ਨਾ ਸਿਖਾ ਦਿੱਤਾ ਮਰਦਾਂ ਦਾ ਖ਼ਿਆਲ ਹੋਰ ਸੀ। ਦੋ ਸਥਾਈ ਸਮਾਜੀ ਵਿਅਕਤੀ, ਜਿਨ੍ਹਾਂ ਦੀ ਪਹਿਲਾਂ ਅਣਹੋਂਦ ਸੀ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਨਾਲ਼ ਨਾਲ਼ ਹੋਂਦ ਵਿੱਚ ਆਉਂਦੇ ਹਨ— ਪਤਨੀ ਦਾ ਅਸ਼ਨਾ ਅਤੇ ਬਦਕਾਰ ਪਤਨੀ ਦਾ ਪਤੀ। ਮਰਦਾਂ ਨੇ ਇਸਤਰੀਆਂ ਉੱਤੇ ਜਿੱਤ ਪ੍ਰਾਪਤ ਕਰ ਲਈ ਸੀ ਪਰ ਜੇਤੂ ਦੇ ਸਿਰ ਉੱਤੇ ਤਾਜ ਰੱਖਣ ਦਾ ਕੰਮ ਬੜੀ ਦਿਆਲਤਾ ਨਾਲ਼ ਹਾਰੇ ਹੋਇਆ ਨੇ ਸਾਂਭ ਲਿਆ। ਵਿਭਚਾਰ—ਜਿਸ ਉੱਤੇ ਪਾਬੰਦੀ ਲਾਈ ਜਾਂਦੀ, ਜਿਸ ਲਈ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਪਰ ਜਿਹੜਾ ਦਬਾਇਆ ਨਹੀਂ ਸੀ ਜਾ ਸਕਦਾ — ਇੱਕ-ਪਤੀ ਇੱਕ ਪਤਨੀ ਪ੍ਰਥਾ ਅਤੇ ਹਿਤੀਰੀਵਾਦ ਦੇ ਨਾਲ਼ ਹੀ ਨਾਲ਼ ਇੱਕ ਅਟੱਲ ਸਮਾਜੀ ਸੰਸਥਾ ਬਣ ਗਿਆ ਅਤੇ ਬੱਚਿਆਂ ਦੇ ਪਿਤਾ ਦਾ ਯਕੀਨੀ ਹੋਣਾ ਪਹਿਲਾਂ ਵਾਂਗ ਹੀ ਨਿਸ਼ਚੇ ਉੱਤੇ ਆਧਾਰਤ ਰਿਹਾ ਅਤੇ ਹੱਲ ਨਾ ਹੋ ਸਕਣ ਵਾਲ਼ੇ ਵਿਰੋਧ ਨੂੰ ਹੱਲ ਕਰਨ ਲਈ Code NapolÈon (ਨੈਪੋਲੀਅਨ ਦੀ ਸੰਘਤਾ) ਦੀ ਧਾਰਾ 312 ਨੇ ਨਿਰਣਾ ਦਿੱਤਾ:

ìLíenfant conÁu pendant le mariage a pour pÈre le

marií, —"ਪਤੀ ਵਿਆਹ ਦੇ ਦੌਰਾਨ ਵਿਆਏ ਬੱਚੇ ਦਾ ਪਿਤਾ ਹੈ"।

ਇਹ ਹੈ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਤਿੰਨ ਹਜ਼ਾਰ ਵਰ੍ਹਿਆਂ ਦਾ ਅੰਤਮ ਸਿੱਟਾ।

ਸੋ, ਇੱਕ-ਪਤੀ ਇੱਕ-ਪਤਨੀ ਟੱਬਰ ਵਿੱਚ, ਉਹਨਾਂ ਹਾਲਤਾਂ ਵਿੱਚ ਜਿਥੇ ਇਹ ਬੜੀ ਵਫ਼ਾਦਾਰੀ ਨਾਲ਼ ਆਪਣੇ ਇਤਿਹਾਸਕ ਆਦਿ ਨੂੰ ਪ੍ਰਤਿਬਿੰਬਤ ਕਰਦਾ ਹੈ ਅਤੇ ਜਿਹੜਾ ਨਰ ਦੇ ਨਿਹਕੇਵਲ ਗ਼ਲਬੇ ਤੋਂ ਪੈਦਾ ਹੋਣ ਵਾਲ਼ੀ ਮਰਦ ਅਤੇ ਇਸਤਰੀ ਵਿਚਕਾਰ ਤਿੱਖੀ ਟੱਕਰ ਨੂੰ ਸਪਸ਼ਟ ਤੌਰ 'ਤੇ ਉਘਾੜ੍ਹਦਾ ਹੈ, ਸਾਨੂੰ ਨਿੱਕੇ ਰੂਪ ਵਿੱਚ ਸਮਾਜ ਦੀਆਂ, ਜਿਹੜਾ ਸਭਿਅਤਾ ਦੇ ਮੁੱਢ ਤੋਂ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਹੈ, ਉਹ ਟੱਕਰਾਂ ਅਤੇ ਵਿਰੋਧ ਮਿਲਦੇ ਹਨ, ਜਿਨ੍ਹਾਂ ਅੰਦਰ ਸਮਾਜ, ਉਹਨਾਂ ਨੂੰ ਹੱਲ ਕਰਨ ਅਤੇ ਉਹਨਾਂ ਉੱਤੇ ਕਾਬੂ ਪਾਉਣ ਵਿੱਚ ਸਫ਼ਲ ਰਹੇ ਬਿਨਾਂ, ਹਰਕਤ ਕਰਦਾ ਹੈ। ਸੁਭਾਵਕ ਹੀ ਮੈਂ ਇਥੇ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੀਆਂ ਉਹਨਾਂ ਪ੍ਰਸਥਿਤੀਆਂ ਦਾ ਜ਼ਿਕਰ ਕਰ ਰਿਹਾ ਹਾਂ ਜਿਥੇ ਵਿਆਹੁਤਾ ਜੀਵਨ ਸਮੁੱਚੀ ਸੰਸਥਾ ਦੇ ਆਦਿ ਖ਼ਾਸੇ ਅਨੁਸਾਰ ਆਪਣਾ ਰਾਹ ਬਣਾਉਂਦਾ ਹੈ, ਪਰ ਜਿਥੇ ਪਤਨੀ ਪਤੀ ਦੇ ਗ਼ਲਬੇ ਵਿਰੁੱਧ ਬਗ਼ਾਵਤ ਕਰ ਦੇਂਦੀ ਹੈ। ਇਸ ਗੱਲ ਦਾ ਕਿ ਸਭਨਾਂ ਵਿਆਹਾਂ ਦੀ ਹਾਲਤ ਵਿੱਚ ਅਜਿਹਾ ਨਹੀਂ ਹੁੰਦਾ, ਜਰਮਨ ਤੰਗ-ਨਜ਼ਰ ਤੋਂ ਵੱਧ ਕਿਸੇ ਨੂੰ ਪਤਾ ਨਹੀਂ, ਜਿਹੜਾ ਆਪਣੇ ਘਰ ਉੱਤੇ ਹਕੂਮਤ ਕਰਨ ਦੇ ਉਸੇ ਤਰ੍ਹਾਂ ਨਿਰਯੋਗ ਹੈ ਜਿਸ ਤਰ੍ਹਾਂ ਉਹ ਰਾਜ ਉੱਤੇ ਹਕੂਮਤ ਕਰਨ ਦੇ ਹੈ ਅਤੇ ਇਸੇ ਲਈ ਉਹਦੀ ਪਤਨੀ ਸਰਦਾਰੀ ਕਰਦੀ ਹੈ, ਜਿਸਦੇ ਉਹ ਨਿਰਯੋਗ ਹੈ, ਪਰ ਆਪਣੇ ਆਪ ਨੂੰ ਤਸੱਲੀ ਦੇਣ ਲਈ ਉਹ ਆਪਣੇ ਆਪ ਨੂੰ ਮੁਸੀਬਤ ਵਿੱਚ ਪਾਏ ਆਪਣੇ ਫ਼ਰਾਂਸੀਸੀ ਸਾਥੀ ਤੋਂ ਬਹੁਤ ਉੱਤਮ ਸਮਝਦਾ ਹੈ, ਜਿਸਦਾ, ਉਹਦੇ ਨਾਲ਼ੋਂ ਵਧੇਰੇ ਵਾਰ, ਕਿਤੇ ਬੁਰਾ ਹਾਲ ਹੁੰਦਾ ਹੈ।

ਪਰ ਇੱਕ-ਪਤੀ ਇੱਕ-ਪਤਨੀ ਟੱਬਰ ਕਿਸੇ ਵੀ ਤਰ੍ਹਾਂ ਹਰ ਥਾਂ ਅਤੇ ਸਦਾ ਉਸ ਕਲਾਸਿਕੀ ਕਰੜੇ ਰੂਪ ਵਿੱਚ ਪ੍ਰਗਟ ਨਾ ਹੋਇਆ ਜਿਹੜਾ ਇਹਨੇ ਯੂਨਾਨੀਆਂ ਵਿੱਚ ਅਖ਼ਤਿਆਰ ਕੀਤਾ। ਰੋਮਨਾਂ ਵਿੱਚ, ਜਿਨ੍ਹਾਂ ਭਵਿੱਖ ਦੇ ਸੰਸਾਰ ਜੇਤੂਆਂ ਦੇ ਤੌਰ 'ਤੇ ਯੂਨਾਨੀਆਂ ਨਾਲ਼ੋਂ ਚੌੜੇਰੀ  ਪਰ ਘੱਟ ਸੂਖਮ ਦ੍ਰਿਸ਼ਟੀ ਅਪਣਾਈ, ਇਸਤਰੀਆਂ ਵਧੇਰੇ ਆਜ਼ਾਦ ਅਤੇ ਸਤਿਕਾਰੀਆਂ ਹੁੰਦੀਆਂ ਸਨ। ਰੋਮਵਾਸੀ ਇਹ ਸਮਝਦਾ ਸੀ ਕਿ ਕਿਉਂਕਿ ਉਹਨੂੰ ਆਪਣੀ ਪਤਨੀ ਉੱਤੇ ਜੀਵਨ ਅਤੇ ਮੌਤ ਦਾ ਹੱਕ ਪ੍ਰਾਪਤ ਹੈ, ਇਸ ਲਈ ਉਹਦੀ ਵਿਆਹੁਤਾ ਵਫ਼ਾਦਾਰੀ ਚੋਖੀ ਸੁਰੱਖਿਅਤ ਹੈ। ਨਾਲ਼ੇ ਪਤੀ ਵਾਂਗ ਹੀ ਪਤਨੀ ਵੀ ਸਵੈ-ਇੱਛਾ ਨਾਲ਼ ਵਿਆਹ ਦਾ ਅੰਤ ਕਰ ਸਕਦੀ ਸੀ। ਪਰ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਵਿਕਾਸ ਵਿੱਚ ਸਭ ਤੋਂ ਵੱਧ ਉਨਤੀ ਸਪਸ਼ਟ ਤੌਰ 'ਤੇ ਜਰਮਨਾਂ ਦੇ ਇਤਿਹਾਸ ਦੇ ਖੇਤਰ ਵਿੱਚ ਆਉਣ ਨਾਲ਼ ਹੋਈ ਕਿਉਂਕਿ ਸ਼ਾਇਦ ਉਹਨਾਂ ਦੀ ਗ਼ਰੀਬੀ ਕਾਰਨ ਉਹਨਾਂ ਵਿੱਚ ਅਜੇ ਜੋੜੇ ਵਿਆਹ ਤੋਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਪੂਰੀ ਤਰ੍ਹਾਂ ਉਭਰੀ ਨਹੀਂ ਸੀ। ਅਸੀਂ ਟੈਟਸਿਟਸ ਵੱਲੋਂ ਦੱਸੀਆਂ ਤਿੰਨ ਪ੍ਰਸਥਿਤੀਆਂ ਤੋਂ ਇਹ ਸਿੱਟਾ ਕੱਢਦੇ ਹਾਂ: ਪਹਿਲੇ, ਵਿਆਹ ਦੀ ਪਵਿਤਰਤਾ ਵਿੱਚ ਉਹਨਾਂ ਦੇ ਪੱਕੇ ਨਿਸ਼ਚੇ ਦੇ ਬਾਵਜੂਦ —"ਹਰ ਮਰਦ ਇੱਕੋ ਇੱਕ ਪਤਨੀ ਨਾਲ਼

ਸੰਤੁਸ਼ਟ ਹੈ ਅਤੇ ਇਸਤਰੀਆਂ ਸਤ ਦੇ ਵਾੜੇ ਅੰਦਰ ਰਹਿੰਦੀਆਂ ਹਨ"— ਰੁਤਬੇ ਵਾਲ਼ੇ ਲੋਕਾਂ ਅਤੇ ਕਬੀਲਿਆਂ ਦੇ ਮੁਖੀਆਂ ਲਈ ਬਹੁ-ਪਤਨੀ ਪ੍ਰਥਾ ਦੀ ਹੋਂਦ ਸੀ, ਇੱਕ ਅਜਿਹੀ ਪ੍ਰਸਥਿਤੀ ਜਿਹੜੀ ਅਮਰੀਕੀਆਂ ਦੀ, ਜਿਨ੍ਹਾਂ ਅੰਦਰ ਜੋੜਾ ਵਿਆਹ ਪ੍ਰਚਲਤ ਸੀ, ਪ੍ਰਸਥਿਤੀ ਦੇ ਅਨੁਸਾਰੀ ਸੀ। ਦੂਜੇ, ਮਾਤਰੀ ਹੱਕ ਤੋਂ ਪਿੱਤਰੀ ਹੱਕ ਵੱਲ ਤਬਦੀਲੀ ਅਜੇ ਬਹੁਤ ਥੋੜ੍ਹਾ ਸਮਾਂ ਪਹਿਲਾਂ ਹੀ ਹੋਈ ਹੋਣੀ ਹੈ ਕਿਉਂਕਿ ਮਾਂ ਦੇ ਭਰਾ ਨੂੰ —ਜਿਹੜਾ ਮਾਤਰੀ ਹੱਕ ਅਨੁਸਾਰ ਸਭ ਤੋਂ ਨੇੜਵਾਂ ਨਰ ਰਿਸ਼ਤੇਦਾਰ ਹੈ—ਅਜੇ ਤੱਕ ਆਪਣੇ ਪਿਤਾ ਨਾਲ਼ੋਂ ਲਗ ਭਗ ਵਧੇਰੇ ਨੇੜਵਾਂ ਰਿਸ਼ਤੇਦਾਰ ਸਮਝਿਆ ਜਾਂਦਾ ਹੈ, ਇਹ ਗੱਲ ਵੀ ਉਸੇ ਹੀ ਤਰ੍ਹਾਂ ਅਮਰੀਕੀ ਇੰਡੀਅਨਾਂ ਦੇ ਦ੍ਰਿਸ਼ਟੀਕੋਣ ਦੇ ਅਨੁਸਾਰੀ ਹੈ, ਜਿਨ੍ਹਾਂ ਵਿੱਚ, ਜਿਹਾ ਕਿ ਉਹ ਅਕਸਰ ਕਿਹਾ ਕਰਦੇ ਸੀ, ਮਾਰਕਸ ਨੂੰ ਸਾਡੇ ਆਪਣੇ ਇਤਿਹਾਸੋਂ-ਪੂਰਬਲੇ ਬੀਤੇ ਨੂੰ ਸਮਝਣ ਦੀ ਕੁੰਜੀ ਲੱਭੀ ਅਤੇ ਤੀਜੇ, ਜਰਮਨਾਂ ਵਿੱਚ ਇਸਤਰੀਆਂ ਦਾ ਬਹੁਤ ਜ਼ਿਆਦਾ ਸਤਿਕਾਰ ਕੀਤਾ ਜਾਂਦਾ ਸੀ ਅਤੇ ਸਰਵਜਨਕ ਮਾਮਲਿਆਂ ਵਿੱਚ ਉਹਨਾਂ ਨੂੰ ਵੀ ਰਸੂਖ਼ ਪ੍ਰਾਪਤ ਸੀ —ਇਹ ਗੱਲ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਨਰ ਖ਼ਾਸੇ ਨਾਲ਼ ਸਿੱਧੀ ਤਰ੍ਹਾਂ ਟੱਕਰ ਖਾਂਦੀ ਹੈ। ਲਗ ਭਗ ਇਹ ਸਾਰੇ ਉਹ ਨੁਕਤੇ ਹਨ ਜਿਨ੍ਹਾਂ ਉੱਤੇ ਜਰਮਨਾਂ ਦਾ ਸਪਾਰਟਾ ਦੇ ਵਾਸੀਆਂ ਨਾਲ਼, ਜਿਨ੍ਹਾਂ ਵਿੱਚ ਵੀ, ਜਿਹਾ ਕਿ ਅਸੀਂ ਵੇਖ ਚੁੱਕੇ ਹਾਂ, ਜੋੜੇ ਟੱਬਰ ਦਾ ਪੂਰੀ ਤਰ੍ਹਾਂ ਅੰਤ ਨਹੀਂ ਸੀ ਹੋਇਆ, ਮੇਲ ਹੈ। ਸੋ, ਇਸ ਸਬੰਧ ਵਿੱਚ ਵੀ, ਜਰਮਨਾਂ ਦੇ ਉੱਭਰਨ ਨਾਲ਼ ਇੱਕ ਨਵੇਂ ਅੰਸ਼ ਨੇ ਸੰਸਾਰ ਸਰਵਉੱਚਤਾ ਪ੍ਰਾਪਤ ਕਰ ਲਈ। ਨਵੀਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਨੇ ਜਿਹੜੀ ਹੁਣ ਰੋਮ ਦੇ ਸੰਸਾਰ ਦੇ ਖੰਡਰਾਂ ਉਤੇ ਕੌਮਾਂ ਦੇ ਇੱਕ ਦੂਜੇ ਨਾਲ਼ ਮਿਲਣ ਕਾਰਨ ਹੋਂਦ ਵਿੱਚ ਆਈ, ਉਹਨਾਂ ਮਰਦਾਂ ਦੇ ਗ਼ਲਬੇ ਉੱਤੇ ਵਧੇਰੇ ਨਰਮ ਰੂਪਾਂ ਦਾ ਪਰਦਾ ਪਾ ਦਿੱਤਾ ਅਤੇ ਘੱਟੋ ਘੱਟ ਬਾਹਰੋਂ ਬਾਹਰ ਵੇਖਣ ਨੂੰ, ਇਸਤਰੀਆਂ ਨੂੰ ਉਸ ਨਾਲ਼ੋਂ ਕਿਤੇ ਵਧੇਰੇ ਆਜ਼ਾਦ ਅਤੇ ਸਤਿਕਾਰਿਆ ਸਥਾਨ ਪ੍ਰਾਪਤ ਕਰਨ ਦੀ ਆਗਿਆ ਦਿੱਤੀ ਜਿਹੜੀ ਕਲਾਸਿਕੀ ਅਤੀਤ ਨੇ ਉਹਨਾਂ ਨੂੰ ਕਦੇ ਦਿੱਤੀ ਸੀ। ਇਹਨੇ, ਪਹਿਲੀ ਵਾਰ, ਉਸ ਸਭ ਤੋਂ ਵੱਧ ਮਹਾਨ ਸਦਾਚਾਰਕ ਉੱਨਤੀ ਲਈ ਸੰਭਾਵਨਾ ਪੈਦਾ ਕੀਤੀ, ਜਿਹੜੀ ਸਾਨੂੰ ਇੱਕ-ਪਤੀ ਇੱਕ-ਪਤਨੀ ਪ੍ਰਥਾ ਤੋਂ ਮਿਲਦੀ ਹੈ ਅਤੇ ਜਿਸ ਲਈ ਅਸੀਂ ਇਹਦੇ ਦੇਣਦਾਰ ਹਾਂ—ਇੱਕ ਅਜਿਹਾ ਵਿਕਾਸ ਜਿਹੜਾ, ਜਿਹੋ ਜਿਹੀ ਪ੍ਰਸਥਿਤੀ ਹੋਵੇ, ਤਾਂ ਇਹਦੇ ਅੰਦਰ, ਇਹਦੇ ਨਾਲ਼ ਨਾਲ਼, ਜਾਂ ਇਹਦੇ ਵਿਰੋਧ ਵਿੱਚ ਹੁੰਦਾ ਹੈ, ਅਰਥਾਤ, ਨਵੀਨ ਵਿਅਕਤੀਗਤ ਲਿੰਗ ਪਿਆਰ, ਜਿਸ ਤੋਂ ਪਹਿਲਾਂ ਸਮੁੱਚਾ ਸੰਸਾਰ ਅਣਜਾਣ ਸੀ।

ਪਰ ਇਹ ਉੱਨਤੀ, ਨਿਸ਼ਚੇ ਹੀ, ਇਸ ਪ੍ਰਸਥਿਤੀ ਵਿੱਚੋਂ ਪੈਦਾ ਹੋਈ ਕਿ ਜਰਮਨਾਂ ਨੇ ਜਿਹੜੇ ਅਜੇ ਤੱਕ ਜੋੜੇ ਟੱਬਰ ਦੀ ਹਾਲਤ ਵਿੱਚ ਰਹਿੰਦੇ ਸਨ ਅਤੇ ਜਿਥੋਂ ਤੱਕ ਸੰਭਵ ਹੋ ਸਕਿਆ ਉਹਨਾਂ ਇਹਦੇ ਅਨੁਸਾਰੀ ਇਸਤਰੀਆਂ ਦੀ ਪ੍ਰਸਥਿਤੀ ਨੂੰ ਇੱਕ-ਪਤੀ ਇੱਕ-ਪਤਨੀ ਪ੍ਰਥਾ ਨਾਲ਼ ਮਿਲਾ ਦਿੱਤਾ। ਇਹ ਕਿਸੇ ਵੀ ਤਰ੍ਹਾਂ ਜਰਮਨਾਂ ਦੀ ਸੁਭਾਅ ਦੀ ਰਵਾਇਤੀ, ਸ਼ਾਨਦਾਰ ਸਦਾਚਾਰਕ ਸਵੱਛਤਾ ਦਾ ਸਿੱਟਾ ਨਹੀਂ ਸੀ, ਜਿਹੜੀ ਇਸ ਗੱਲ ਤੱਕ ਸੀਮਤ ਸੀ ਕਿ ਅਮਲ ਵਿੱਚ ਜੋੜਾ ਟੱਬਰ ਉਹ ਪ੍ਰਤੱਖ ਸਦਾਚਾਰਕ ਟੱਕਰ ਨਹੀਂ ਸੀ ਪ੍ਰਗਟ ਕਰਦਾ

ਜਿਹੜਾ ਇੱਕ-ਪਤੀ ਇੱਕ-ਪਤਨੀ ਪ੍ਰਥਾ ਪ੍ਰਗਟ ਕਰਦੀ ਸੀ। ਇਹਦੇ ਉਲਟ ਆਪਣੇ ਪਰਵਾਸਾਂ ਵਿੱਚ, ਵਿਸ਼ੇਸ਼ ਤੌਰ 'ਤੇ ਕਾਲ਼ੇ ਸਾਗਰ ਦੇ ਉੱਤਰ-ਪੂਰਬੀ ਕੰਢੇ ਸਟੈਪ ਭੂਮੀਆਂ ਦੇ ਟੱਪਰੀਵਾਸਾਂ ਵੱਲ ਪਰਵਾਸਾਂ ਵਿੱਚ, ਜਰਮਨ ਚੋਖੀ ਗਿਰਾਵਟ ਦਾ ਸ਼ਿਕਾਰ ਹੋਏ ਅਤੇ ਆਪਣੀ ਘੁੜਸਵਾਰੀ ਤੋਂ ਬਿਨਾਂ ਉਹਨਾਂ ਕਈ ਗੰਭੀਰ ਅਣ-ਪ੍ਰਕਿਰਤਕ ਐਬ ਸਿੱਖ ਲਏ, ਜਿਹਾ ਕਿ ਅਮੀਆਨੁਸ ਤਾਇਫ਼ਾਲੀ ਸਬੰਧੀ ਅਤੇ ਪ੍ਰੋਕੋਪੀਅਸ ਹੀਰੂਲੀਆਂ[23] ਸਬੰਧੀ ਸਪਸ਼ਟ ਤੌਰ 'ਤੇ ਸ਼ਾਅਦੀ ਭਰਦੇ ਹਨ।

ਭਾਵੇਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਟੱਬਰ ਦਾ ਇੱਕੋ ਇੱਕ ਜਾਣਿਆ ਰੂਪ ਸੀ, ਜਿਸ ਅੰਦਰ ਨਵੀਨ ਲਿੰਗ ਪਿਆਰ ਵਿਕਸਤ ਹੋ ਸਕਦਾ ਸੀ, ਇਸ ਤੋਂ ਇਹ ਸਿੱਟਾ ਨਹੀਂ ਨਿਕਲਦਾ ਕਿ ਇਸ ਪਿਆਰ ਦਾ ਵਿਕਾਸ, ਮਰਦ ਅਤੇ ਪਤਨੀ ਦੇ ਪ੍ਰਸਪਰ ਪਿਆਰ ਵੱਜੋਂ ਅਨੰਨ ਤੌਰ 'ਤੇ ਜਾਂ ਇੱਥੋਂ ਤੱਕ ਕਿ ਪ੍ਰਬਲ ਤੌਰ 'ਤੇ ਇਹਦੇ ਅੰਦਰ ਹੋਇਆ। ਮਰਦ ਦੇ ਗ਼ਲਬੇ ਅਧੀਨ ਸਖ਼ਤੀ ਨਾਲ਼ ਇੱਕ-ਪਤੀ ਇੱਕ-ਪਤਨੀ ਵਿਆਹ ਦਾ ਸਾਰਾ ਖ਼ਾਸਾ ਇਸ ਗੱਲ ਨੂੰ ਰੱਦ ਕਰਦਾ ਹੈ। ਸਭਨਾਂ ਇਤਿਹਾਸਕ ਤੌਰ 'ਤੇ ਸਰਗਰਮ ਸ਼੍ਰੇਣੀਆਂ ਵਿੱਚ, ਅਰਥਾਤ ਹਾਕਮ ਸ਼੍ਰੇਣੀਆਂ ਵਿੱਚ, ਵਿਆਹ ਉਹੋ ਕੁੱਝ ਰਿਹਾ ਜੋ ਇਹ ਜੋੜੇ ਟੱਬਰ ਦੇ ਸਮੇਂ ਤੋਂ ਰਿਹਾ ਸੀ —ਮਾਤਾ ਪਿਤਾ ਵੱਲੋਂ ਕੀਤਾ ਗਿਆ ਸਹੂਲਤ ਵਾਲ਼ਾ ਪ੍ਰਬੰਧ ਅਤੇ ਲਿੰਗ ਪਿਆਰ ਦਾ ਪਹਿਲਾ ਰੂਪ ਜਿਹੜਾ ਇਤਿਹਾਸਕ ਤੌਰ 'ਤੇ ਵੇਗ ਵਜੋਂ ਹੋਂਦ ਵਿੱਚ ਆਇਆ ਅਤੇ ਇੱਕ ਅਜਿਹੇ ਵੇਗ ਵਜੋਂ ਜਿਸ ਕਿਸੇ ਵੀ ਮਨੁੱਖ ਨੂੰ (ਘੱਟੋ ਘੱਟ ਹਾਕਮ ਸ਼੍ਰੇਣੀਆਂ ਦੇ ਮਨੁੱਖ ਨੂੰ) ਲਿੰਗ ਤਰੰਗ ਦੇ ਸਰਵਉਚ ਰੂਪ ਵਜੋਂ —ਜਿਹੜਾ ਐਨ ਇਹਦਾ ਲੱਛਣ ਹੈ— ਹਿੱਸਾ ਲੈਣ ਦਾ ਹੱਕ ਹੈ, ਇਹ ਇਹਦਾ ਪਹਿਲਾ ਰੂਪ ਮੱਧ ਕਾਲ ਦੇ ਸੂਰਮਾ ਪਿਆਰ ਵਜੋਂ ਹੋਂਦ ਵਿੱਚ ਆਇਆ, ਜਿਹੜਾ ਵਿਆਹਤ ਪਿਆਰ ਤਾਂ ਕਿਸੇ ਵੀ ਤਰ੍ਹਾਂ ਨਹੀਂ ਸੀ। ਇਹਦੇ ਉਲਟ, ਇਹਦੇ ਕਲਾਸਿਕੀ ਰੂਪ ਵਿੱਚ, ਪ੍ਰੋਵੈਂਸ ਦੇ ਰਹਿਣ ਵਾਲ਼ਿਆਂ ਵਿੱਚ, ਇਹ ਪੂਰੇ ਬਲ ਨਾਲ਼ ਵਿਭਚਾਰ ਵੱਲ ਜਾਂਦਾ ਹੈ, ਜਿਸ ਦੇ ਸੋਹਿਲੇ ਉਹਨਾਂ ਦੇ ਕਵੀ ਗਾਉਂਦੇ ਹਨ। ਜਰਮਨ Tagelieder (ਊਸ਼ਾ ਦੇ ਗੀਤਾਂ) ਵਿੱਚ ìAlbasî ਪ੍ਰੋਵੈਂਸ ਦੀ ਪਿਆਰ ਕਵਿਤਾ ਦੀ ਸਿਖਰ ਹਨ। ਉਹ ਬੜੇ ਉੱਘੜੇ ਰੰਗਾਂ ਵਿੱਚ ਬਿਆਨ ਕਰਦੇ ਹਨ ਕਿਵੇਂ ਸੂਰਮਾ ਆਪਣੀ ਪ੍ਰੇਮਕਾ ਨਾਲ਼ ਲੇਟਿਆ ਹੋਇਆ ਹੈ —ਜਿਹੜੀ ਕਿਸੇ ਹੋਰ ਦੀ ਪਤਨੀ ਹੈ— ਜਿਥੇ ਕਿ ਪਹਿਰੇਦਾਰ ਬਾਹਰ ਪਹਿਰਾ ਦੇ ਰਿਹਾ ਹੈ ਅਤੇ ਊਸ਼ਾ (alba) ਦੀ ਪਹਿਲੀ ਮੱਧਮ ਜਿਹੀ ਨਿਸ਼ਾਨੀ ਪ੍ਰਗਟ ਹੁੰਦਿਆਂ ਹੀ ਉਹਨੂੰ ਆਵਾਜ਼ ਦੇਂਦਾ ਹੈ ਤਾਂ ਜੁ ਉਹ ਕਿਸੇ ਨੂੰ ਪਤਾ ਲੱਗੇ ਬਿਨਾਂ ਉਥੋਂ ਚਲਾ ਜਾਵੇ। ਵਿਦੈਗੀ ਦੇ ਦ੍ਰਿਸ਼ ਸਿਖਰ ਹਨ। ਉੱਤਰੀ ਫ਼ਰਾਂਸ ਦੇ ਵਾਸੀਆਂ ਅਤੇ ਉਹਨਾਂ ਵਾਂਗ ਹੀ ਛਬੀਲੇ ਜਰਮਨਾਂ ਨੇ ਕਵਿਤਾ ਦਾ ਇਹ ਰੂਪ, ਸੂਰਮਾ ਪਿਆਰ ਦੇ ਉਸ ਰੂਪ ਦੇ ਨਾਲ਼ ਨਾਲ਼ ਜਿਹੜਾ ਇਹਦਾ ਅਨੁਸਾਰੀ ਸੀ, ਅਪਣਾਇਆ; ਅਤੇ ਇਸੇ ਅਸ਼ਲੀਲਤਾ ਵਾਲ਼ੇ ਵਿਸ਼ੇ ਸਬੰਧੀ ਸਾਡੇ ਪ੍ਰਾਚੀਨ ਵੁਲਫ਼ਰੈਮ ਵਾਨ ਐਸ਼ਨਬਾਖ਼ ਨੇ ਤਿੰਨ ਅਤਿ-ਅੰਤ ਸ਼ਾਨਦਾਰ ਊਸ਼ਾ ਦੇ ਗੀਤ ਛੱਡੇ ਹਨ ਜਿਹੜੇ ਮੈਨੂੰ ਉਹਦੀਆਂ ਤਿੰਨ ਲੰਮੀਆਂ ਬੀਰ-ਰਸੀ ਕਵਿਤਾਵਾਂ ਤੋਂ ਵਧੇਰੇ ਪਸੰਦ ਹਨ।

ਸਾਡੇ ਸਮੇਂ ਦਾ ਬੁਰਜੂਆ ਵਿਆਹ ਦੋ ਤਰ੍ਹਾਂ ਦਾ ਹੁੰਦਾ ਹੈ। ਕੈਥੋਲਕ ਦੇਸਾਂ ਵਿੱਚ, ਪਹਿਲਾਂ ਵਾਂਗ ਹੀ, ਮਾਤਾ ਪਿਤਾ ਆਪਣੇ ਜਵਾਨ ਬੂਰਜੂਆ ਪੁੱਤਰ ਲਈ ਯੋਗ ਪਤਨੀ ਦਾ ਪ੍ਰਬੰਧ ਕਰਦੇ ਹਨ ਅਤੇ ਇਹਦਾ ਸਿੱਟਾ ਸੁਭਾਵਕ ਹੀ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਅੰਤ੍ਰੀਵ ਵਿਰੋਧਾਂ ਦਾ ਪੂਰੀ ਤਰ੍ਹਾਂ ਪ੍ਰਫੁੱਲਤ ਹੋਣਾ ਹੁੰਦਾ ਹੈ —ਪਤੀ ਵੱਲੋਂ ਭਰਪੂਰ ਹਿਤੀਰੀਵਾਦ ਅਤੇ ਪਤਨੀ ਵੱਲੋਂ ਭਰਪੂਰ ਵਿਭਚਾਰ। ਕੈਥੋਲਕ ਸੰਪ੍ਰਦਾਅ ਨੇ ਕੇਵਲ ਇਸ ਲਈ ਤਲਾਕ ਦਾ ਅੰਤ ਕੀਤਾ ਕਿ ਇਹਨੂੰ ਨਿਸ਼ਚਾ ਸੀ ਕਿ ਮੌਤ ਵਾਂਗ ਹੀ ਵਿਭਚਾਰ ਦੀ ਵੀ ਕੋਈ ਦਵਾ ਨਹੀਂ। ਦੂਜੇ ਹੱਥ ਪ੍ਰੋਟੈਸਟੰਟ ਦੇਸ਼ਾਂ ਵਿੱਚ ਇਹ ਰਿਵਾਜ ਹੈ ਕਿ ਬੁਰਜੂਆ ਪੁੱਤਰ ਨੂੰ ਆਪਣੀ ਸ਼੍ਰੇਣੀ ਵਿਚੋਂ, ਘੱਟ ਜਾਂ ਵਧ ਆਜ਼ਾਦੀ ਨਾਲ, ਆਪਣੇ ਲਈ ਪਤਨੀ ਚੁਣਨ ਦੀ ਆਗਿਆ ਦਿੱਤੀ ਜਾਂਦੀ ਹੈ। ਇਹਦੇ ਸਿੱਟੇ ਵਜੋਂ ਵਿਆਹ ਕਿਸੇ ਹੱਦ ਤੱਕ ਪਿਆਰ ਉੱਤੇ ਅਧਾਰਤ ਹੁੰਦਾ ਹੈ, ਜਿਹੜਾ, ਸਾਊਪੁਣੇ ਦੀ ਖ਼ਾਤਰ, ਪ੍ਰੋਟੈਸਟੰਟ ਦੰਭ ਅਨੁਸਾਰ, ਸਦਾ ਫ਼ਰਜ਼ ਕਰ ਲਿਆ ਜਾਂਦਾ ਹੈ। ਇਸ ਹਾਲਤ ਵਿੱਚ ਮਰਦ ਹਿਤੀਰੀਵਾਦ ਉੱਤੇ ਘੱਟ ਸਰਗਰਮੀ ਨਾਲ਼ ਅਮਲ ਕਰਦਾ ਹੈ ਅਤੇ ਇਸਤਰੀ ਵੱਲੋਂ ਵਿਭਚਾਰ ਇੰਨਾ ਆਮ ਨਹੀਂ ਹੁੰਦਾ। ਪਰ ਕਿਉਂਕਿ ਹਰ ਤਰ੍ਹਾਂ ਦੇ ਵਿਆਹ ਵਿੱਚ ਲੋਕ ਉਹੋ ਕੁੱਝ ਰਹਿੰਦੇ ਹਨ ਜੋ ਉਹ ਵਿਆਹ ਤੋਂ ਪਹਿਲਾਂ ਸਨ ਅਤੇ ਕਿਉਂਕਿ ਪ੍ਰੋਟੈਸਟੰਟ ਦੇਸ਼ਾਂ ਦੇ ਸ਼ਹਿਰੀ ਵਧੇਰੇ ਕਰਕੇ ਤੰਗ-ਨਜ਼ਰ ਹਨ, ਇਸ ਲਈ, ਜੇ ਅਸੀਂ ਸਰਵਉੱਤਮ ਹਲਤਾਂ ਨੂੰ ਵੀ ਲਈਏ ਤਾਂ ਇਸ ਪ੍ਰੋਟੈਸਟੰਟ ਇੱਕ-ਪਤੀ ਇੱਕ-ਪਤਨੀ ਵਿਆਹ ਦਾ ਸਿੱਟਾ, ਅਤਿ-ਅੰਤ ਅਕੇਵੇਂ ਦਾ ਵਿਆਹੁਤਾ ਜੀਵਨ ਹੁੰਦਾ ਹੈ, ਜਿਸਨੂੰ ਘਰੋਗੀ ਆਨੰਦ ਕਿਹਾ ਜਾਂਦਾ ਹੈ। ਇਹਨਾਂ ਦੋ ਕਿਸਮਾਂ ਦੇ ਵਿਆਹ ਦਾ ਸਭ ਤੋਂ ਚੰਗਾ ਦਰਪਣ ਨਾਵਲ ਹੈ; ਕੈਥੋਲਕ ਕਿਸਮ ਲਈ ਫ਼ਰਾਂਸੀਸੀ ਨਾਵਲ ਅਤੇ ਪ੍ਰੋਟੈਸਟੰਟ ਲਈ ਜਰਮਨ ਨਾਵਲ। ਦੋਹਾਂ ਹਾਲਤਾਂ ਵਿੱਚ "ਉਹਨੂੰ ਮਿਲ ਜਾਂਦਾ ਹੈ": ਜਰਮਨ ਨਾਵਲ ਵਿੱਚ ਜਵਾਨ ਨੂੰ ਮੁਟਿਆਰ ਮਿਲ ਜਾਂਦੀ ਹੈ ਅਤੇ ਫ਼ਰਾਂਸੀਸੀ ਨਾਵਲ ਵਿੱਚ ਉਹਨੂੰ ਬਦਕਾਰ ਪਤਨੀ ਦੇ ਪਤੀ ਦੇ ਸਿੰਙ ਮਿਲ ਜਾਂਦੇ ਹਨ। ਇਹਨਾਂ ਦੋਹਾਂ ਵਿਚੋਂ ਕਿਹੜੀ ਹਾਲਤ ਵਧੇਰੇ ਭੈੜੀ ਹੈ, ਇਹ ਪਤਾ ਕੱਢਣਾ ਸਦਾ ਸੌਖਾ ਨਹੀਂ ਹੁੰਦਾ ਕਿਉਂਕਿ ਜਰਮਨ ਨਾਵਲ ਦੀ ਬੇਰਸੀ ਫ਼ਰਾਂਸੀਸੀ ਬੁਰਜੂਆਜ਼ੀ ਵਿੱਚ ਉਹੋ ਕਰਾਹਤ ਉਭਾਰਦੀ ਹੈ ਜਿਹੜੀ ਫ਼ਰਾਂਸੀਸੀ ਨਾਵਲ ਦਾ "ਭ੍ਰਿਸ਼ਟਾਚਾਰ" ਜਰਮਨ ਤੰਗ-ਨਜ਼ਰ ਵਿੱਚ ਪੈਦਾ ਕਰਦਾ ਹੈ, ਭਾਵੇਂ ਪਿੱਛੇ ਜਿਹੇ ਤੋਂ ਕਿਉਂਕਿ "ਬਰਲਿਨ ਇੱਕ ਵੱਡਾ ਸ਼ਹਿਰ ਬਣਦਾ ਜਾ ਰਿਹਾ ਹੈ", ਜਰਮਨ ਨਾਵਲ-ਲੇਖਕਾਂ ਨੇ ਕੁੱਝ ਘੱਟ ਡਰਦੇ ਢੰਗ ਨਾਲ਼ ਹਿਤੀਰੀਵਾਦ ਅਤੇ ਵਿਭਚਾਰ ਨਾਲ਼ ਨਿੱਬੜਨਾ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਦੀ ਹੋਂਦ ਦਾ ਲੰਮੇ ਸਮੇਂ ਤੋਂ ਪਤਾ ਸੀ।

ਪਰ, ਦੋਹਾਂ ਹਾਲਤਾਂ ਵਿੱਚ, ਵਿਆਹ ਦਾ ਨਿਰਣਾ ਖ਼ਿਆਲਾਂ ਦੀ ਸ਼੍ਰੇਣੀ ਪ੍ਰਸਥਿਤੀ ਰਾਹੀਂ ਹੁੰਦਾ ਹੈ ਅਤੇ ਉਸ ਹੱਦ ਤੱਕ ਇਹ ਸਹੂਲਤ ਦਾ ਵਿਆਹ ਹੀ ਰਹਿੰਦਾ ਹੈ। ਦੋਹਾਂ ਹਾਲਤਾਂ ਵਿੱਚ ਇਹ ਸਹੂਲਤ ਦਾ ਵਿਆਹ ਅਤਿ-ਅੰਤ ਭੱਦੀ ਵੇਸਵਾਗਮਨੀ ਬਣ ਜਾਂਦੀ ਹੈ —ਕਈ ਵਾਰ ਦੋਹਾਂ ਧਿਰਾਂ ਵੱਲੋਂ, ਪਰ ਕਿਤੇ ਵਧੇਰੇ ਆਮ ਤੌਰ 'ਤੇ ਪਤਨੀ ਵੱਲੋਂ, ਜਿਹੜੀ ਸਾਧਾਰਨ ਵੇਸਵਾ ਤੋਂ ਕੇਵਲ ਇਸ ਗੱਲ ਵਿੱਚ ਵੱਖ ਹੁੰਦੀ ਹੈ ਕਿ ਉਹ ਆਪਣਾ ਸਰੀਰ ਕਿਸੇ

ਉਜਰਤੀ-ਮਜ਼ਦੂਰ ਵਾਂਗ ਠੇਕੇ 'ਤੇ ਨਹੀਂ ਦੇਂਦੀ ਸਗੋਂ ਇਹਨੂੰ ਸਦਾ ਲਈ ਗ਼ੁਲਾਮੀ ਵਿੱਚ ਵੇਚ ਦੇਂਦੀ ਹੈ ਅਤੇ ਫ਼ੋਰੀਅਰ ਦੇ ਸ਼ਬਦ ਸਹੂਲਤ ਦੇ ਸਭਨਾਂ ਵਿਆਹਾਂ ਸਬੰਧੀ ਠੀਕ ਰਹਿੰਦੇ ਹਨ:

> "ਜਿਵੇਂ ਵਿਆਕਰਣ ਵਿਚਲੇ ਦੋ ਨਾਂਹ ਮਿਲ ਕੇ ਹਾਂ ਬਣਦੇ ਹਨ ਇਸੇ ਤਰ੍ਹਾਂ ਵਿਆਹ ਦੇ ਸਦਾਚਾਰਾਂ ਵਿੱਚ ਦੋ ਵੇਸਵਾਗਮਨੀਆਂ ਮਿਲ ਕੇ ਇੱਕ ਸਤ ਬਣਦੇ ਹਨ।"

ਪਤੀ ਅਤੇ ਪਤਨੀ ਵਿਚਕਾਰ ਲਿੰਗ ਪਿਆਰ ਕੇਵਲ ਪਸਿਤੀਆਂ ਸ਼੍ਰੇਣੀਆਂ, ਅਰਥਾਤ ਇਸ ਸਮੇਂ ਪ੍ਰੋਲੇਤਾਰੀ ਵਿੱਚ ਹੀ ਨੇਮ ਬਣ ਸਕਦਾ ਹੈ ਅਤੇ ਹੈ, ਭਾਵੇਂ ਇਸ ਸਬੰਧ ਦੀ ਸਰਕਾਰੀ ਤੌਰ 'ਤੇ ਪ੍ਰਵਾਨਗੀ ਦਿੱਤੀ ਗਈ ਹੋਵੇ ਭਾਵੇਂ ਨਾਂਹ। ਪਰ ਇੱਥੇ ਕਲਾਸਿਕੀ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਸਭੇ ਆਧਾਰ ਖ਼ਤਮ ਕਰ ਦਿੱਤੇ ਗਏ ਹਨ। ਇਥੇ ਕੁੱਲ ਜਾਇਦਾਦ ਦੀ ਮੁਕੰਮਲ ਅਣਹੋਂਦ ਹੈ, ਜਿਸ ਦੀ ਰੱਖਿਆ ਅਤੇ ਵਿਰਸੇ ਵਿੱਚ ਮਿਲਣ ਲਈ ਇੱਕ-ਪਤੀ ਇੱਕ-ਪਤਨੀ ਪ੍ਰਥਾ, ਨਰ ਗ਼ਲਬਾ ਸਥਾਪਤ ਕੀਤਾ ਗਿਆ ਸੀ। ਇਸ ਲਈ ਇਥੇ ਨਰ ਗ਼ਲਬੇ ਉੱਤੇ ਜ਼ੋਰ ਦੇਣ ਲਈ ਕੋਈ ਉਤੇਜਕ ਨਹੀਂ। ਇਸ ਤੋਂ ਵੀ ਵੱਧ, ਅਜਿਹਾ ਕਰਨ ਦੇ ਸਾਧਨ ਵੀ ਮੌਜੂਦ ਨਹੀਂ; ਬੁਰਜੂਆ ਕਾਨੂੰਨ, ਜਿਹੜਾ ਇਸ ਗ਼ਲਬੇ ਦੀ ਰੱਖਿਆ ਕਰਦਾ ਹੈ, ਕੇਵਲ ਜਾਇਦਾਦ ਵਾਲ਼ੀਆਂ ਸ਼੍ਰੇਣੀਆਂ ਅਤੇ ਪ੍ਰੋਲੇਤਾਰੀਆਂ ਨਾਲ਼ ਉਹਨਾਂ ਦੇ ਸਬੰਧਾਂ ਲਈ ਹੋਂਦ ਵਿੱਚ ਹੈ। ਇਹਦੇ ਲਈ ਪੈਸਾ ਲਗਦਾ ਹੈ ਅਤੇ ਇਸੇ ਲਈ, ਕਿਰਤੀ ਦੀ ਗ਼ਰੀਬੀ ਕਾਰਨ ਇਹਦੀ ਆਪਣੀ ਪਤਨੀ ਵੱਲ ਕਿਰਤੀ ਦੇ ਵਤੀਰੇ ਲਈ ਇਹਦੀ ਕੋਈ ਪ੍ਰਮਾਣਕਤਾ ਨਹੀਂ। ਇਥੇ ਉੱਕਾ ਹੀ ਵੱਖਰੀ ਤਰ੍ਹਾਂ ਦੇ ਨਿੱਜੀ ਅਤੇ ਸਮਾਜੀ ਸਬੰਧ ਨਿਰਣਾਇਕ ਅੰਸ਼ ਹਨ। ਨਾਲ਼ੇ ਕਿਉਂਕਿ ਵੱਡੀ ਪੱਧਰ ਦੀ ਸਨਅਤ ਨੇ ਇਸਤਰੀ ਨੂੰ ਘਰ ਤੋਂ ਕਿਰਤ ਮੰਡੀ ਅਤੇ ਕਾਰਖ਼ਾਨੇ ਵਿੱਚ ਧੱਕ ਦਿੱਤਾ ਹੈ ਅਤੇ ਕਈ ਵਾਰ ਇਹ ਉਹਨੂੰ ਟੱਬਰ ਦਾ ਮੁੱਖ ਕਮਾਊ ਬਣਾ ਦੇਂਦੀ ਹੈ, ਇਸ ਲਈ ਪ੍ਰੋਲੇਤਾਰੀ ਘਰ ਵਿੱਚ ਨਰ ਗ਼ਲਬੇ ਦੀ ਅਖ਼ੀਰੀ ਰਹਿੰਦ-ਖੂੰਹਦ ਦਾ ਸਾਰਾ ਆਧਾਰ ਖ਼ਤਮ ਹੋ ਗਿਆ ਹੈ—ਸ਼ਾਇਦ ਬਿਨਾਂ ਇਸਤਰੀਆਂ ਵੱਲ ਉਸ ਬਰਬਰੀਅਤ ਦੇ ਕੁੱਝ ਹਿੱਸੇ ਦੇ ਜਿਹੜੀ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਨਾਲ਼ ਪੱਕੇ ਪੈਰੀਂ ਸਥਾਪਤ ਹੋ ਗਈ। ਸੋ, ਅਤਿ-ਅੰਤ ਸਹੀ ਅਰਥਾਂ ਵਿੱਚ, ਅਤਿ-ਅੰਤ ਜੋਸ਼ੀਲੇ ਪਿਆਰ ਅਤੇ ਦੋਹਾਂ ਧਿਰਾਂ ਵਲੋਂ ਸਖ਼ਤ ਤੋਂ ਸਖ਼ਤ ਵਫ਼ਾਦਾਰੀ ਦੀ ਹਾਲਤ ਵਿੱਚ ਵੀ ਅਤੇ ਇਹਨੂੰ ਜਿਹੜੀਆਂ ਸਾਰੀਆਂ ਧਾਰਮਿਕ ਅਤੇ ਸੰਸਾਰਕ ਅਸੀਸਾਂ ਮਿਲੀਆਂ ਹੋਣ ਉਹਨਾਂ ਦੇ ਬਾਵਜੂਦ ਪ੍ਰੋਲੇਤਾਰੀ ਟੱਬਰ ਇੱਕ-ਪਤੀ ਇੱਕ-ਪਤਨੀ ਪ੍ਰਥਾ ਵਾਲ਼ਾ ਨਹੀਂ। ਸੋ, ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਦੋ ਸਦੀਵੀ ਜੋੜ—ਹਿਤੀਰੀਵਾਦ ਅਤੇ ਵਿਭਚਾਰ—ਇਥੇ ਨਿਗੂਣਾ ਰੋਲ਼ ਅਦਾ ਕਰਦੇ ਹਨ; ਇਸਤਰੀ ਨੇ ਅਸਲ ਵਿੱਚ ਵੱਖ ਹੋਣ ਦਾ ਹੱਕ ਮੁੜ ਜਿੱਤ ਲਿਆ ਹੈ ਅਤੇ ਜਦੋਂ ਮਰਦ ਅਤੇ ਇਸਤਰੀ ਦੀ ਨਹੀਂ ਨਿਭਦੀ ਤਾਂ ਉਹ ਵੱਖ ਹੋ ਜਾਣਾ ਚੰਗੇਰਾ ਸਮਝਦੇ ਹਨ। ਮੁਕਦੀ ਗੱਲ ਪ੍ਰੋਲੇਤਾਰੀ ਟੱਬਰ ਸ਼ਬਦੀ ਅਰਥਾਂ ਵਿੱਚ ਇਕ-ਪਤੀ ਇੱਕ-ਪਤਨੀ ਪ੍ਰਥਾ ਵਾਲ਼ਾ ਹੈ ਪਰ ਕਿਸੇ ਵੀ ਤਰ੍ਹਾਂ ਇਤਿਹਾਸਕ ਅਰਥਾਂ ਵਿੱਚ ਅਜਿਹਾ ਨਹੀਂ।

ਨਿਸ਼ਚੇ ਹੀ ਸਾਡੇ ਕਾਨੂੰਨਦਾਨ ਇਹ ਦਾਅਵਾ ਕਰਦੇ ਹਨ ਕਿ ਕਾਨੂੰਨਾਂ ਦੀ ਉੱਨਤੀ ਸਦਾ ਵਧੇਰੇ ਹੱਦ ਤੱਕ ਇਸਤਰੀ ਵੱਲੋਂ ਸ਼ਿਕਾਇਤ ਦੇ ਸਭੇ ਕਾਰਨ ਦੂਰ ਕਰੀ ਜਾ ਰਹੀ ਹੈ। ਨਵੀਨ ਸਭਿਆ ਦੇਸ਼ਾਂ ਦੀਆਂ ਕਾਨੂੰਨ ਦੀਆਂ ਪ੍ਰਣਾਲੀਆਂ ਇਸ ਗੱਲ ਨੂੰ ਸਦਾ ਵਧੇਰੇ ਪ੍ਰਵਾਨ ਕਰਦੀਆਂ ਜਾ ਰਹੀਆਂ ਹਨ ਕਿ, ਪਹਿਲੇ, ਕਾਰਗਰ ਹੋਣ ਲਈ ਇਹ ਲਾਜ਼ਮੀ ਹੈ ਕਿ ਵਿਆਹ ਦੋਹਾਂ ਧਿਰਾਂ ਵੱਲੋਂ ਸਵੈ-ਇੱਛਾ ਨਾਲ਼ ਕੀਤਾ ਕਰਾਰ ਹੋਵੇ ਅਤੇ ਦੂਜੇ, ਕਿ ਵਿਆਹੁਤਾ ਜੀਵਨ ਦੇ ਦੌਰਾਨ ਵੀ ਹੱਕਾਂ ਅਤੇ ਫ਼ਰਜ਼ਾਂ ਦੇ ਸਬੰਧ ਵਿੱਚ ਦੋਹਾਂ ਧਿਰਾਂ ਦਾ ਸਾਵੇਂ ਆਧਾਰ ਉਤੇ ਹੋਣਾ ਲਾਜ਼ਮੀ ਹੈ। ਪਰ ਜੇ ਇਹਨਾਂ ਦੋ ਮੰਗਾਂ ਉਤੇ ਨਿਰੰਤਰ ਅਮਲ ਕੀਤਾ ਗਿਆ ਹੁੰਦਾ ਤਾਂ ਇਸਤਰੀਆਂ ਨੂੰ ਉਹ ਸਭ ਕੁੱਝ ਮਿਲ ਗਿਆ ਹੁੰਦਾ ਜੋ ਉਹ ਮੰਗ ਸਕਦੀਆਂ ਸਨ।

ਇਹ ਵਕੀਲ ਦੀ ਲਖਣਾਇਕ ਦਲੀਲ ਐਨ ਉਹੋ ਜਿਹੀ ਹੈ ਜਿਹੋ ਜਿਹੀ ਨਾਲ਼ ਗਰਮ-ਖ਼ਿਆਲ ਗਣ-ਰਾਜੀ ਬੁਰਜੂਆਜ਼ੀ ਪ੍ਰੋਲੇਤਾਰੀ ਤੋਂ ਖਹਿੜਾ ਛੁਡਾਉਂਦੀ ਹੈ। ਇਹ ਫ਼ਰਜ਼ ਕਰ ਲਿਆ ਜਾਂਦਾ ਹੈ ਕਿ ਕਿਰਤ ਸਬੰਧੀ ਕਰਾਰ ਦੋਹਾਂ ਧਿਰਾਂ ਨੇ ਸਵੈ-ਇਛਾ ਨਾਲ਼ ਕੀਤਾ ਹੈ। ਪਰ ਇਹ ਫ਼ਰਜ਼ ਕਰ ਲਿਆ ਜਾਂਦਾ ਹੈ ਕਿ ਜਿਉਂ ਹੀ ਕਾਨੂੰਨ ਨੇ ਦੋਹਾਂ ਧਿਰਾਂ ਨੂੰ **ਕਾਗ਼ਜ਼ ਉੱਤੇ** ਸਾਂਵੇਂ ਆਧਾਰ ਉੱਤੇ ਰੱਖ ਦਿੱਤਾ ਹੈ, ਇਹ ਕਰਾਰ ਸਵੈ-ਇੱਛਾ ਨਾਲ਼ ਕੀਤਾ ਗਿਆ ਹੈ। ਇੱਕ ਧਿਰ ਨੂੰ ਉਹਦੀ ਵੱਖਰੀ ਸ਼੍ਰੇਣੀ ਪ੍ਰਸਥਿਤੀ ਕਾਰਨ ਜੋ ਸ਼ਕਤੀ ਪ੍ਰਾਪਤ ਹੈ, ਇਹ ਦੂਜੇ ਉੱਤੇ ਜਿਹੜਾ ਦਬਾਅ ਪਾਉਂਦੀ ਹੈ —ਦੋਹਾਂ ਦੀ ਅਸਲੀ ਆਰਥਿਕ ਪ੍ਰਸਥਿਤੀ— ਇਸ ਨਾਲ਼ ਕਾਨੂੰਨ ਦਾ ਕੋਈ ਵਾਸਤਾ ਨਹੀਂ ਅਤੇ ਇੱਕ ਵਾਰ ਫੇਰ ਇਹ ਫ਼ਰਜ਼ ਕਰ ਲਿਆ ਜਾਂਦਾ ਹੈ ਕਿ ਜੇ ਦੋਹਾਂ ਧਿਰਾਂ ਵਿੱਚੋਂ ਇੱਕ ਜਾਂ ਦੂਜੀ ਨੇ ਉਹਨਾਂ ਨੂੰ ਸਪਸ਼ਟ ਤੌਰ ’ਤੇ ਤਿਆਗ ਨਾ ਦਿੱਤਾ ਹੋਵੇ ਤਾਂ ਕਿਰਤ ਦੇ ਕਰਾਰ ਦੇ ਸਮੇਂ ਵਿੱਚ ਦੋਹਾਂ ਧਿਰਾਂ ਨੂੰ ਸਾਂਵੇਂ ਹੱਕ ਪ੍ਰਾਪਤ ਹਨ। ਕਿ ਠੋਸ ਆਰਥਕ ਪ੍ਰਸਥਿਤੀ ਕਿਰਤੀ ਨੂੰ ਇਸ ਗੱਲ ਉੱਤੇ ਮਜਬੂਰ ਕਰਦੀ ਹੈ ਕਿ ਉਹ ਸਾਂਵੇਂ ਹੱਕਾਂ ਦੀ ਨਿੱਕੀ ਤੋਂ ਨਿੱਕੀ ਦਿੱਖ ਨੂੰ ਵੀ ਤਿਆਗ ਦੇਵੇ —ਇਹ ਇੱਕ ਹੋਰ ਗੱਲ ਹੈ ਜਿਸ ਨਾਲ਼ ਕਾਨੂੰਨ ਦਾ ਕੋਈ ਸਬੰਧ ਨਹੀਂ।

ਜਿਥੋਂ ਤੱਕ ਵਿਆਹ ਦਾ ਸਬੰਧ ਹੈ, ਜਿਉਂ ਹੀ ਧਿਰਾਂ ਆਪਣੀ ਵਿਆਹ ਕਰਨ ਦੀ ਸਵੈ-ਇੱਛਕ ਇੱਛਾ ਨੂੰ ਰਸਮੀ ਤੌਰ ’ਤੇ ਰਜਿਸਟਰ ਕਰਾਉਂਦੀਆਂ ਹਨ ਤਾਂ ਅਤਿ-ਅੰਤ ਅਗਾਂਹ-ਵਧੂ ਕਾਨੂੰਨ ਵੀ ਸੰਤੁਸ਼ਟ ਹੋ ਜਾਂਦਾ ਹੈ। ਕਾਨੂੰਨ ਦੇ ਪਰਦਿਆਂ ਦੇ ਪਿਛੇ, ਜਿਥੇ ਅਸਲੀ ਜੀਵਨ ਵਿਚਰਦਾ ਹੈ, ਕੀ ਹੋਇਆ, ਇਸ ਸਵੈ-ਇਛਕ ਰਜ਼ਾਮੰਦੀ ਉਤੇ ਕਿਵੇਂ ਅੱਪੜਿਆ ਗਿਆ— ਇਹਦੇ ਨਾਲ਼ ਕਾਨੂੰਨ ਅਤੇ ਕਾਨੂੰਨਦਾਨ ਦਾ ਕੋਈ ਸਬੰਧ ਨਹੀਂ ਅਤੇ ਇਹਦੇ ਬਾਵਜੂਦ ਵੱਖ ਵੱਖ ਦੇਸ਼ਾਂ ਦੇ ਕਾਨੂੰਨਾਂ ਦਾ ਸਾਦੇ ਤੋਂ ਸਾਦਾ ਮੁਕਾਬਲਾ ਕਾਨੂੰਨਦਾਨ ਨੂੰ ਇਹ ਵਿਖਾਉਣ ਦਾ ਕੰਮ ਕਰ ਸਕਦਾ ਹੈ ਕਿ ਇਹ ਸਵੈ-ਇੱਛਕ ਰਜ਼ਾਮੰਦੀ ਦੇ ਅਰਥ ਕੀ ਹਨ। ਜਿਨ੍ਹਾਂ ਦੇਸ਼ਾਂ ਵਿੱਚ ਬੱਚਿਆਂ ਨੂੰ ਆਪਣੇ ਮਾਤਾ ਪਿਤਾ ਦੀ ਜਾਇਦਾਦ ਦਾ ਇੱਕ ਹਿੱਸਾ ਮਿਲਣ ਦੀ ਕਾਨੂੰਨੀ ਤੌਰ ’ਤੇ ਜ਼ਾਮਨੀ ਹੈ ਅਤੇ ਇਉਂ ਉਹਨਾਂ ਨੂੰ ਬੇਦਖਲ ਨਹੀਂ ਕੀਤਾ ਜਾ ਸਕਦਾ—ਜਰਮਨੀ ਵਿੱਚ, ਉਹਨਾਂ ਦੇਸ਼ਾਂ ਵਿੱਚ ਜਿਥੇ ਫ਼ਰਾਂਸੀਸੀ ਕਾਨੂੰਨ ਲਾਗੂ

ਹੁੰਦਾ ਹੈ, ਆਦਿ—ਬੱਚਿਆਂ ਲਈ ਇਹ ਲਾਜ਼ਮੀ ਹੈ ਕਿ ਉਹ ਵਿਆਹ ਸਬੰਧੀ ਆਪਣੇ ਮਾਤਾ ਪਿਤਾ ਦੀ ਰਜ਼ਾਮੰਦੀ ਪ੍ਰਾਪਤ ਕਰਨ। ਅੰਗ੍ਰੇਜ਼ ਕਾਨੂੰਨ ਅਧੀਨ ਦੇਸ਼ਾਂ ਵਿੱਚ, ਜਿਥੇ ਵਿਆਹ ਲਈ ਮਾਤਾ ਪਿਤਾ ਦੀ ਮਨਜ਼ੂਰੀ ਕਾਨੂੰਨੀ ਤੌਰ 'ਤੇ ਲੋੜੀਂਦੀ ਨਹੀਂ, ਮਾਤਾ ਪਿਤਾ ਨੂੰ ਆਪਣੀ ਜਾਇਦਾਦ ਸਬੰਧੀ ਪੂਰੀ ਵਸੀਅਤੀ ਆਜ਼ਾਦੀ ਪ੍ਰਾਪਤ ਹੈ ਅਤੇ ਜੇ ਉਹ ਚਾਹੁਣ ਤਾਂ ਉਹ ਆਪਣੇ ਬੱਚਿਆਂ ਨੂੰ ਵਿਰਸੇ ਵਿੱਚ ਇੱਕ ਸ਼ਿਲਿੰਗ ਦੇ ਕੇ ਛੁਟਕਾਰਾ ਪਾ ਸਕਦੇ ਹਨ। ਇਸ ਲਈ ਇਹ ਸਪਸ਼ਟ ਹੈ ਕਿ ਇਹਦੇ ਬਾਵਜੂਦ, ਜਾਂ ਸ਼ਾਇਦ ਇਹਦੇ ਕਾਰਨ, ਜਿਨ੍ਹਾਂ ਸ਼੍ਰੇਣੀਆਂ ਕੋਲ਼ ਵਿਰਸੇ ਵਿੱਚ ਮਿਲਣ ਲਈ ਕੁੱਝ ਹੈ, ਉਹਨਾਂ ਲਈ ਵਿਆਹ ਕਰਨ ਦੀ ਆਜ਼ਾਦੀ ਇੰਗਲੈਂਡ ਅਤੇ ਅਮਰੀਕਾ ਵਿੱਚ ਫ਼ਰਾਂਸ ਅਤੇ ਜਰਮਨੀ ਨਾਲ਼ੋਂ ਰੰਚਕ ਮਾਤਰ ਵੀ ਵਧ ਨਹੀਂ।

ਕਾਨੂੰਨ ਸਾਹਮਣੇ ਮਰਦ ਅਤੇ ਇਸਤਰੀ ਦੀ ਵਿਆਹ ਵਿੱਚ ਬਰਾਬਰੀ ਸਬੰਧੀ ਵੀ ਪ੍ਰਸਥਿਤੀ ਕੋਈ ਚੰਗੇਰੀ ਨਹੀਂ। ਕਾਨੂੰਨ ਵਿੱਚ ਦੋਹਾਂ ਦੀ ਨਾਬਰਾਬਰੀ, ਜਿਹੜੀ ਪਹਿਲੀਆਂ ਦੀਆਂ ਸਮਾਜੀ ਪ੍ਰਸਥਿਤੀਆਂ ਦਾ ਵਿਰਸਾ ਹੈ, ਇਸਤਰੀਆਂ ਦੇ ਆਰਥਿਕ ਤੌਰ 'ਤੇ ਦੱਬੇ ਹੋਣ ਦਾ ਕਾਰਨ ਨਹੀਂ ਸਗੋਂ ਸਿੱਟਾ ਹੈ। ਪੁਰਾਣੇ ਕਮਿਊਨਿਸਟ ਕਿਸਮ ਦੇ ਪਰਿਵਾਰ ਵਿੱਚ, ਜਿਹੜਾ ਅਨੇਕ ਜੋੜਿਆਂ ਅਤੇ ਉਹਨਾਂ ਦੇ ਬੱਚਿਆਂ ਨੂੰ ਆਪਣੀ ਵਲਗਣ ਵਿੱਚ ਲੈਂਦਾ ਸੀ, ਪਰਿਵਾਰ ਦਾ ਪ੍ਰਬੰਧ, ਉਸੇ ਹੱਦ ਤੱਕ ਸਰਵਜਨਕ, ਸਮਾਜੀ ਤੌਰ 'ਤੇ ਲੋੜੀਂਦੀ ਸਨਅਤ ਸੀ ਜਿਸ ਹੱਦ ਤੱਕ ਮਰਦਾਂ ਵਲੋਂ ਖ਼ੁਰਾਕ ਦਾ ਪ੍ਰਬੰਧ ਕਰਨਾ। ਇਹ ਪ੍ਰਸਥਿਤੀ ਪਿੱਤਰੀ ਟੱਬਰ ਨਾਲ਼ ਤਬਦੀਲ ਹੋ ਗਈ ਅਤੇ ਇੱਕ-ਪਤੀ ਇੱਕ-ਪਤਨੀ ਟੱਬਰ ਨਾਲ਼ ਤਾਂ ਹੋਰ ਵੀ ਤਬਦੀਲ ਹੋ ਗਈ। ਪਰਿਵਾਰ ਦੇ ਪ੍ਰਬੰਧ ਦਾ ਸਰਵਜਨਕ ਖ਼ਾਸਾ ਜਾਂਦਾ ਰਿਹਾ। ਹੁਣ ਸਮਾਜ ਨਾਲ਼ ਇਹਦਾ ਸਬੰਧ ਨਹੀਂ ਸੀ ਰਿਹਾ। ਇਹ ਇੱਕ **ਨਿੱਜੀ ਸੇਵਾ** ਬਣ ਗਈ ਸੀ। ਪਤਨੀ ਪ੍ਰਮੁੱਖ ਘਰੇਲੂ ਨੌਕਰ ਬਣ ਗਈ ਜਿਸਨੂੰ ਸਮਾਜੀ ਉਤਪਾਦਨ ਵਿੱਚੋਂ ਬਾਹਰ ਧੱਕ ਦਿੱਤਾ ਗਿਆ ਸੀ। ਕੇਵਲ ਨਵੀਨ ਵੱਡੀ ਪੱਧਰ ਦੀ ਸਨਅਤ ਨੇ ਹੀ ਇੱਕ ਵਾਰ ਫੇਰ ਉਹਦੇ ਲਈ —ਅਤੇ ਉਹ ਵੀ ਕੇਵਲ ਪ੍ਰੋਲੇਤਾਰੀ ਇਸਤਰੀਆਂ ਲਈ— ਸਮਾਜੀ ਉਤਪਾਦਨ ਦੇ ਰਾਹ ਖੋਲ੍ਹ ਦਿੱਤੇ ਹਨ; ਪਰ ਇੱਕ ਅਜਿਹੇ ਢੰਗ ਨਾਲ਼ ਕਿ ਜੇ ਉਹ ਆਪਣੇ ਟੱਬਰ ਦੀ ਘਰੋਗੀ ਸੇਵਾ ਵਿੱਚ ਆਪਣੇ ਕਰਤਵ ਪੂਰੇ ਕਰੇ ਤਾਂ ਉਹ ਸਰਵਜਨਕ ਉਤਪਾਦਨ ਤੋਂ ਵੱਖ ਕੀਤੀ ਰਹਿੰਦੀ ਹੈ ਅਤੇ ਕੁੱਝ ਕਮਾ ਨਹੀਂ ਸਕਦੀ ਅਤੇ ਜਦੋਂ ਉਹ ਸਰਵਜਨਕ ਸਨਅਤ ਵਿੱਚ ਹਿੱਸਾ ਲੈਣਾ ਅਤੇ ਆਪਣਾ ਗੁਜ਼ਾਰਾ ਸੁਤੰਤਰ ਤੌਰ 'ਤੇ ਕਮਾਉਣਾ ਚਾਹੁੰਦੀ ਹੈ ਤਾਂ ਉਹ ਆਪਣੇ ਪਰਿਵਾਰਕ ਫ਼ਰਜ਼ ਪੂਰੇ ਕਰਨ ਦੀ ਪ੍ਰਸਥਿਤੀ ਵਿੱਚ ਨਹੀਂ ਰਹਿੰਦੀ। ਜੋ ਕੁੱਝ ਕਾਰਖ਼ਾਨੇ ਵਿੱਚ ਇਸਤਰੀਆਂ ਉੱਤੇ ਲਾਗੂ ਹੁੰਦਾ ਹੈ ਉਹੋ ਕੁੱਝ ਹੋਰ ਸਭਨਾਂ ਕਿੱਤਿਆਂ ਵਿੱਚ, ਇਥੋਂ ਤੱਕ ਕਿ ਚਕਿਤਸਾ ਅਤੇ ਕਾਨੂੰਨ ਤੱਕ ਵਿੱਚ, ਉਹਦੇ ਉੱਤੇ ਲਾਗੂ ਹੁੰਦਾ ਹੈ। ਨਵੀਨ ਵਿਕੋਲਤ੍ਰਾ ਟੱਬਰ ਇਸਤਰੀ ਨੂੰ ਖੁਲ੍ਹੇ ਜਾਂ ਗੁੱਝੇ ਢੰਗ ਨਾਲ਼ ਘਰੇਲੂ ਗ਼ੁਲਾਮ ਬਣਾਉਣ ਉੱਤੇ ਆਧਾਰਤ ਹੈ; ਅਤੇ ਨਵੀਨ ਸਮਾਜ ਇਹਦੇ ਅਣੂਆਂ ਦੇ ਤੌਰ 'ਤੇ ਵਿਕੋਲਤ੍ਰੇ ਟੱਬਰਾਂ ਤੋਂ ਬਣਿਆ ਇੱਕ ਸਮੂਹ ਹੈ। ਅੱਜ, ਬਹੁਤ ਵੱਡੀ ਬਹੁ-ਗਿਣਤੀ ਦੀ ਹਾਲਤ ਵਿੱਚ, ਮਰਦ ਨੂੰ ਕਮਾਊ, ਟੱਬਰ ਦਾ ਰੋਟੀ ਪ੍ਰਾਪਤ ਕਰਨ ਵਾਲ਼ਾ ਬਣਨਾ ਪੈਂਦਾ ਹੈ, ਘੱਟੋ ਘੱਟ ਜਾਇਦਾਦ ਦੀਆਂ ਮਾਲਕ ਸ਼੍ਰੇਣੀਆਂ ਵਿੱਚ ਅਤੇ

ਇਸ ਨਾਲ਼ ਉਹਨੂੰ ਇੱਕ ਭਾਰੂ ਸਥਾਨ ਪ੍ਰਾਪਤ ਹੋ ਜਾਂਦਾ ਹੈ ਜਿਸ ਲਈ ਕਿਸੇ ਵਿਸ਼ੇਸ਼ ਕਾਨੂੰਨੀ ਵਿਸ਼ੇਸ਼-ਅਧਿਕਾਰ ਦੀ ਲੋੜ ਨਹੀਂ। ਟੱਬਰ ਵਿੱਚ ਉਹ ਬੁਰਜੂਆ ਹੈ; ਪਤਨੀ ਪ੍ਰੋਲੇਤਾਰੀ ਦੀ ਪ੍ਰਤਿਨਿਧਤਾ ਕਰਦੀ ਹੈ। ਪਰ ਸਨਅਤੀ ਦੁਨੀਆਂ ਵਿੱਚ ਪ੍ਰੋਲੇਤਾਰੀ ਨੂੰ ਦਬਾ ਕੇ ਰੱਖਣ ਵਾਲ਼ਾ ਆਰਥਕ ਜਬਰ ਆਪਣੀ ਪੂਰੀ ਤੀਖਣਤਾ ਨਾਲ਼ ਉਦੋਂ ਹੀ ਉੱਭਰ ਕੇ ਸਾਹਮਣੇ ਆਉਂਦਾ ਹੈ ਜਦੋਂ ਸਰਮਾਏਦਾਰ ਸ਼੍ਰੇਣੀ ਦੇ ਸਭੇ ਖ਼ਾਸ ਕਾਨੂੰਨੀ ਵਿਸ਼ੇਸ਼-ਅਧਿਕਾਰ ਇੱਕ ਪਾਸੇ ਕਰ ਦਿੱਤੇ ਜਾਂਦੇ ਹਨ ਅਤੇ ਦੋਹਾਂ ਸ਼੍ਰੇਣੀਆਂ ਦੀ ਮੁਕੰਮਲ ਕਾਨੂੰਨੀ ਬਰਾਬਰੀ ਸਥਾਪਤ ਕਰ ਦਿੱਤੀ ਜਾਂਦੀ ਹੈ। ਜਮਹੂਰੀ ਗਣ-ਰਾਜ ਦੋਹਾਂ ਸ਼੍ਰੇਣੀਆਂ ਵਿੱਚਕਾਰ ਟੱਕਰ ਨੂੰ ਖ਼ਤਮ ਨਹੀਂ ਕਰ ਦੇਂਦਾ; ਇਹਦੇ ਉਲਟ ਇਹ ਇਹਨਾਂ ਦੇ ਨਿਰਣਾਇਕ ਯੁੱਧ ਲਈ ਪਿੜ ਮੁਹੱਈਆ ਕਰਦਾ ਹੈ ਅਤੇ ਇਸੇ ਤਰ੍ਹਾਂ ਹੀ, ਨਵੀਨ ਟੱਬਰ ਵਿੱਚ ਇਸਤਰੀ ਉਤੇ ਮਰਦ ਦੇ ਗ਼ਲਬੇ ਦਾ ਅਨੋਖਾ ਖ਼ਾਸਾ ਅਤੇ ਦੋਹਾਂ ਵਿਚਕਾਰ ਸਮਾਜੀ ਬਰਾਬਰੀ ਸਥਾਪਤ ਕਰਨ ਦੀ ਲੋੜ ਅਤੇ ਢੰਗ ਪੂਰੀ ਤਰ੍ਹਾਂ ਤਾਂ ਹੀ ਉਜਾਗਰ ਹੋਣਗੇ ਜਦੋਂ ਦੋਵੇਂ ਕਾਨੂੰਨ ਦੇ ਸਾਹਮਣੇ ਪੂਰੀ ਤਰ੍ਹਾਂ ਬਰਾਬਰ ਹੋਣਗੇ। ਤਾਂ ਫੇਰ ਇਹ ਸਪਸ਼ਟ ਹੋ ਜਾਵੇਗਾ ਕਿ ਇਸਤਰੀਆਂ ਦੀ ਮੁਕਤੀ ਲਈ ਪਹਿਲੀ ਲੋੜ ਸਮੁੱਚੇ ਮਦੀਨ ਸੈਕਸ ਨੂੰ ਮੁੜ ਕੇ ਸਰਵਜਨਕ ਉਤਪਾਦਨ ਵਿੱਚ ਦਾਖ਼ਲ ਕਰਨਾ ਹੈ ਅਤੇ ਇਹ ਕਿ ਇਹ ਮੰਗ ਕਰਦਾ ਹੈ ਕਿ ਵਿਕੋਲਤ੍ਰੇ ਟੱਬਰ ਵਿੱਚ ਸਮਾਜ ਦੀ ਆਰਥਕ ਇਕਾਈ ਹੋਣ ਦੀ ਜਿਹੜੀ ਸਿਫ਼ਤ ਹੈ ਉਹਨੂੰ ਖ਼ਤਮ ਕੀਤਾ ਜਾਵੇ।

* * *

ਸੋ, ਅਸੀਂ ਵਿਆਹ ਦੇ ਤਿੰਨ ਮੁੱਖ ਰੂਪ ਵੇਖਦੇ ਹਾਂ, ਜਿਹੜੇ, ਮੋਟੇ ਤੌਰ ’ਤੇ, ਮਨੁੱਖੀ ਵਿਕਾਸ ਦੇ ਤਿੰਨ ਮੁੱਖ ਪੜਾਵਾਂ ਦੇ ਅਨੁਸਾਰੀ ਹਨ। ਵਹਿਸ਼ਤ ਲਈ—ਟੋਲੀ ਵਿਆਹ; ਜਹਾਲਤ ਲਈ—ਜੋੜਾ ਵਿਆਹ; ਸਭਿਅਤਾ ਲਈ—ਇੱਕ-ਪਤੀ ਇੱਕ-ਪਤਨੀ, ਜਿਸ ਵਿੱਚ ਵਿਭਚਾਰ ਅਤੇ ਵੇਸਵਾਗਮਨੀ ਦਾ ਵਾਧਾ ਹੁੰਦਾ ਹੈ। ਜਹਾਲਤ ਦੇ ਉੱਪਰਲੇ ਪੜਾਅ ਵਿੱਚ, ਜੋੜੇ ਵਿਆਹ ਅਤੇ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਵਿਚਕਾਰ ਬਾਂਦੀਆਂ ਉੱਤੇ ਮਰਦਾਂ ਦੇ ਗ਼ਲਬੇ ਅਤੇ ਬਹੁ-ਪਤਨੀ ਪ੍ਰਥਾ ਦਾ ਫਾਨਾ ਲਗਾ ਹੋਇਆ ਹੈ।

ਜਿਹਾ ਕਿ ਸਾਡੀ ਸਾਰੀ ਵਿਆਖਿਆ ਨੇ ਵਿਖਾਇਆ ਹੈ ਇਸ ਕ੍ਰਮ ਵਿੱਚ ਜਿਹੜੀ ਉੱਨਤੀ ਧਿਆਨ ਵਿੱਚ ਰੱਖਣ ਵਾਲ਼ੀ ਹੈ ਉਹ ਇਹ ਹੈ ਕਿ ਜਿਥੇ ਇਸਤਰੀਆਂ ਨੂੰ ਟੋਲੀ ਵਿਆਹ ਦੀ ਲਿੰਗ ਆਜ਼ਾਦੀ ਤੋਂ ਸਦਾ ਵਧੇਰੇ ਵੰਚਿਤ ਕਰ ਦਿੱਤਾ ਜਾਂਦਾ ਹੈ ਉਥੇ ਮਰਦਾਂ ਨੂੰ ਨਹੀਂ ਕੀਤਾ ਜਾਂਦਾ। ਅਸਲ ਵਿੱਚ, ਮਰਦਾਂ ਲਈ ਟੋਲੀ ਵਿਆਹ ਦੀ ਅੱਜ ਤੱਕ ਹੋਂਦ ਹੈ; ਜਿਹੜੀ ਗੱਲ ਇਸਤਰੀ ਲਈ ਇੱਕ ਅਜਿਹਾ ਜੁਰਮ ਸਮਝੀ ਜਾਂਦੀ ਹੈ ਜਿਸਦੇ ਘੋਰ ਕਾਨੂੰਨੀ ਅਤੇ ਸਮਾਜੀ ਸਿੱਟੇ ਨਿਕਲਦੇ ਹਨ, ਉਥੇ ਮਰਦ ਦੀ ਹਾਲਤ ਵਿੱਚ ਇਹਨੂੰ ਮਾਣ ਵਾਲ਼ਾ ਜਾਂ ਵੱਧ ਤੋਂ ਵੱਧ ਮਾਮੂਲੀ ਜਿਹਾ ਸਦਾਚਾਰਕ ਦਾਗ਼ ਸਮਝਿਆ ਜਾਂਦਾ ਹੈ, ਜਿਹੜਾ ਮਨੁੱਖ ਮਾਣ ਨਾਲ਼ ਸਹਾਰਦਾ ਹੈ। ਜਿੰਨਾਂ ਵਧੇਰੇ ਸਾਡੇ ਸਮੇਂ ਵਿੱਚ ਸਰਮਾਏਦਾਰ ਜਿਣਸ ਉਤਪਾਦਨ ਪੁਰਾਣੇ ਰਿਵਾਇਤੀ ਹਿਤੀਰੀਵਾਦ ਨੂੰ ਤਬਦੀਲ ਕਰਦਾ ਅਤੇ ਆਪਣੇ ਅਨੁਸਾਰੀ ਬਣਾਉਂਦਾ ਹੈ ਅਤੇ ਜਿੰਨਾਂ ਵਧੇਰੇ ਇਹ ਉਹਨੂੰ ਖੁਲ੍ਹੀ ਵੇਸਵਾਗਮਨੀ ਵਿੱਚ ਤਬਦੀਲ ਕਰਦਾ ਹੈ, ਉਨਾ

ਚਿਰ ਹੀ ਗਿਰਾਵਟ ਵਾਲ਼ੇ ਇਹਦੇ ਸਿੱਟੇ ਹੁੰਦੇ ਹਨ ਅਤੇ ਇਹ ਮਰਦਾਂ ਵਿੱਚ ਇਸਤਰੀਆਂ ਤੋਂ ਵੱਧ ਗਿਰਾਵਟ ਲਿਆਉਂਦਾ ਹੈ। ਇਸਤਰੀਆਂ ਵਿੱਚ ਇਹ ਕੇਵਲ ਉਹਨਾਂ ਵਿੱਚ ਗਿਰਾਵਟ ਲਿਆਉਂਦਾ ਹੈ ਜਿਹੜੀਆਂ ਮੰਦੇ ਭਾਗੀਂ ਇਹਦੇ ਚੁੰਗਲ ਵਿੱਚ ਫਸ ਜਾਂਦੀਆਂ ਹਨ ਅਤੇ ਉਹਨਾਂ ਵਿੱਚ ਵੀ ਉਸ ਨਾਲ਼ੋਂ ਕਿਤੇ ਘੱਟ ਗਿਰਾਵਟ ਆਉਂਦੀ ਹੈ ਜਿੰਨੀ ਕਿ ਆਮ ਖ਼ਿਆਲ ਕੀਤੀ ਜਾਂਦੀ ਹੈ। ਇਹਦੇ ਉਲਟ ਇਹ ਸਾਰੇ ਨਰ ਜਗਤ ਵਿੱਚ ਗਿਰਾਵਟ ਲਿਆ ਦੇਂਦਾ ਹੈ। ਸੋ, ਦਸ ਵਿਚੋਂ ਨੌਂ ਹਾਲਤਾਂ ਵਿੱਚ ਇੱਕ ਲੰਮੀ ਮੰਗਣੀ ਅਮਲੀ ਤੌਰ ’ਤੇ ਵਿਆਹ ਵਿੱਚ ਬੇਵਫ਼ਾਈ ਦੀ ਤਿਆਰੀ ਹੀ ਹੁੰਦੀ ਹੈ।

ਅਸੀਂ ਹੁਣ ਇੱਕ ਅਜਿਹੀ ਸਮਾਜੀ ਕਾਇਆ-ਪਲਟ ਦੇ ਨੇੜੇ ਅਪੜ ਰਹੇ ਹਾਂ ਜਿਸ ਵਿੱਚ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਵਿਦਮਾਨ ਆਰਥਕ ਆਧਾਰ ਉਸੇ ਤਰ੍ਹਾਂ ਲੋਪ ਹੋ ਜਾਣਗੇ ਜਿਸ ਤਰ੍ਹਾਂ ਇਹਦੇ ਪੂਰਕ—ਵੇਸਵਾਗਮਨੀ ਦੇ। ਇੱਕ-ਪਤੀ ਇੱਕ-ਪਤਨੀ ਪ੍ਰਥਾ ਚੋਖੀ ਦੌਲਤ ਇੱਕ ਮਨੁੱਖ ਦੇ ਹੱਥ —ਅਤੇ ਉਹ ਵੀ ਇੱਕ ਮਰਦ— ਦੇ ਹੱਥ ਵਿੱਚ ਇਕੱਠੀ ਹੋ ਜਾਣ ਕਾਰਨ ਅਤੇ ਇਸ ਇੱਛਾ ਵਿਚੋਂ ਉਭਰੀ ਕਿ ਇਹ ਦੌਲਤ ਵਿਰਸੇ ਵਿੱਚ ਉਸੇ ਮਰਦ ਦੇ ਬੱਚਿਆਂ ਨੂੰ ਮਿਲੇ ਅਤੇ ਕਿਸੇ ਹੋਰ ਨੂੰ ਨਹੀਂ। ਇਸ ਲਈ ਇੱਕ-ਪਤੀ ਪ੍ਰਥਾ ਇਸਤਰੀ ਲਈ ਜ਼ਰੂਰੀ ਸੀ ਪਰ ਇੱਕ-ਪਤਨੀ ਪ੍ਰਥਾ ਮਰਦ ਲਈ ਜ਼ਰੂਰੀ ਨਹੀਂ ਸੀ; ਸੋ ਇਸਤਰੀਆਂ ਦੀ ਇਸ ਇੱਕ-ਪਤੀ ਪ੍ਰਥਾ ਨੇ ਕਿਸੇ ਵੀ ਤਰ੍ਹਾਂ ਮਰਦਾਂ ਦੀ ਖੁੱਲ੍ਹੀ ਜਾਂ ਗੁੱਝੀ ਬਹੁ-ਪਤਨੀ ਪ੍ਰਥਾ ਵਿੱਚ ਰੋਕ ਨਹੀਂ ਪਾਈ। ਆਉਂਦੀ ਸਮਾਜੀ ਕਾਇਆ-ਪਲਟ ਘੱਟੋ ਘੱਟ ਵਿਰਸੇ ਵਿੱਚ ਮਿਲਣ ਯੋਗ ਦੌਲਤ ਦੇ ਕਿਤੇ ਵਡੇਰੇ ਹਿੱਸੇ—ਉਤਪਾਦਨ ਦੇ ਸਾਧਨਾਂ—ਨੂੰ ਸਮਾਜੀ ਮਾਲਕੀ ਬਣਾ ਕੇ ਵਿਰਸੇ ਸਬੰਧੀ ਫ਼ਿਕਰ ਨੂੰ ਘੱਟੋ ਘੱਟ ਹੱਦ ਤੱਕ ਘਟਾ ਦੇਵੇਗੀ ਕਿਉਂਕਿ ਇੱਕ-ਪਤੀ ਇੱਕ-ਪਤਨੀ ਪ੍ਰਥਾ ਆਰਥਕ ਕਾਰਨਾਂ ਕਰਕੇ ਹੋਂਦ ਵਿੱਚ ਲਿਆਂਦੀ ਗਈ। ਕੀ ਜਦੋਂ ਇਹ ਕਾਰਨ ਖ਼ਤਮ ਹੋ ਜਾਣਗੇ ਤਾਂ ਇਹ ਵੀ ਖ਼ਤਮ ਹੋ ਜਾਵੇਗੀ ?

ਬੰਦਾ ਹੱਕੀ ਤੌਰ ’ਤੇ ਉੱਤਰ ਦੇ ਸਕਦਾ ਹੈ: ਖ਼ਤਮ ਹੋਣਾ ਤਾਂ ਇੱਕ ਪਾਸੇ ਰਿਹਾ, ਇਹ ਤਾਂ ਹੀ ਪੂਰੀ ਤਰ੍ਹਾਂ ਅਮਲ ਵਿੱਚ ਆਉਣੀ ਸ਼ੁਰੂ ਹੋਵੇਗੀ। ਕਿਉਂਕਿ ਉਤਪਾਦਨ ਦੇ ਸਾਧਨਾਂ ਦੇ ਸਮਾਜੀ ਮਾਲਕੀ ਬਣਨ ਨਾਲ਼, ਉਜਰਤੀ ਕਿਰਤ, ਪ੍ਰੋਲੇਤਾਰੀ, ਦਾ ਵੀ ਅੰਤ ਹੋ ਜਾਂਦਾ ਹੈ ਅਤੇ ਇਹਦੇ ਨਾਲ਼ ਹੀ ਨਾਲ਼ ਇਸਤਰੀਆਂ ਦੀ ਇੱਕ ਖ਼ਾਸ ਗਿਣਤੀ ਦੀ — ਜਿਸਦਾ ਅੰਕੜਿਆਂ ਅਨੁਸਾਰ ਹਿਸਾਬ ਲਾਇਆ ਜਾ ਸਕਦਾ ਹੈ— ਪੈਸੇ ਲਈ ਹੇਠਾਂ ਪੈਣ ਦੀ ਲੋੜ ਵੀ ਖ਼ਤਮ ਹੋ ਜਾਂਦੀ ਹੈ। ਵੇਸਵਾਗਮਨੀ ਖ਼ਤਮ ਹੋ ਜਾਂਦੀ ਹੈ; ਇੱਕ-ਪਤੀ ਇੱਕ-ਪਤਨੀ ਪ੍ਰਥਾ ਕਮਜ਼ੋਰ ਪੈਣ ਦੀ ਥਾਂ ਯਥਾਰਥ ਬਣਦੀ ਹੈ—ਮਰਦਾਂ ਲਈ ਵੀ।

ਕੁੱਝ ਵੀ ਹੋਵੇ, ਇਉਂ ਮਰਦਾਂ ਦੀ ਪ੍ਰਸਥਿਤੀ ਵਿੱਚ ਚੋਖੀ ਤਬਦੀਲੀ ਆ ਜਾਂਦੀ ਹੈ। ਪਰ ਇਸਤਰੀਆਂ, **ਸਭਨਾਂ** ਇਸਤਰੀਆਂ ਦੀ ਪ੍ਰਸਥਿਤੀ ਵਿੱਚ ਵੀ ਮਹੱਤਵ-ਪੂਰਨ ਤਬਦੀਲੀ ਆਉਂਦੀ ਹੈ। ਉਤਪਾਦਨ ਦੇ ਸਾਧਨ ਸਾਂਝੀ ਮਾਲਕੀ ਬਣ ਜਾਣ ਨਾਲ਼ ਵਿਕੋਲਤ੍ਰਾ ਟੱਬਰ ਸਮਾਜ ਦੀ ਆਰਥਕ ਇਕਾਈ ਨਹੀਂ ਰਹਿੰਦਾ। ਘਰ ਦਾ ਨਿੱਜੀ ਪ੍ਰਬੰਧ ਇੱਕ ਸਮਾਜੀ ਸਨਅਤ ਵਿੱਚ ਤਬਦੀਲ ਹੋ ਜਾਂਦਾ ਹੈ। ਬੱਚਿਆਂ ਦਾ ਧਿਆਨ ਅਤੇ ਵਿਦਿਆ ਇੱਕ ਸਰਵਜਨਕ

ਮਾਮਲਾ ਬਣ ਜਾਂਦੇ ਹਨ। ਸਮਾਜ ਸਭਨਾਂ ਬੱਚਿਆਂ ਦਾ ਇੱਕੋ ਜਿਹਾ ਧਿਆਨ ਰੱਖਦਾ ਹੈ ਭਾਵੇਂ ਉਹ ਵਿਆਹੁਤਾ ਜੀਵਨ ਵਿੱਚ ਪੈਦਾ ਹੋਏ ਹਨ ਭਾਵੇਂ ਨਹੀਂ। ਸੋ "ਸਿੱਟਿਆਂ" ਸਬੰਧੀ ਫ਼ਿਕਰ, ਜਿਹੜਾ ਉਹ ਸਭ ਤੋਂ ਮਹੱਤਵਪੂਰਨ —ਸਦਾਚਾਰਕ ਵੀ ਅਤੇ ਆਰਥਕ ਵੀ— ਸਮਾਜੀ ਅੰਸ਼ ਹੈ, ਜਿਹੜਾ ਕਿਸੇ ਮੁਟਿਆਰ ਨੂੰ ਆਪਣੇ ਆਪ ਨੂੰ ਪੂਰਨ ਆਜ਼ਾਦੀ ਨਾਲ਼ ਉਸ ਮਰਦ ਦੇ ਹਵਾਲੇ ਕਰਨੋਂ ਰੋਕਦਾ ਹੈ ਜਿਸਨੂੰ ਉਹ ਪਿਆਰ ਕਰਦੀ ਹੈ, ਖ਼ਤਮ ਹੋ ਜਾਂਦਾ ਹੈ। ਕੀ ਇਹ ਹੌਲ਼ੀ ਹੌਲ਼ੀ ਵਧੇਰੇ ਬੇਰੋਕ ਟੋਕ ਲਿੰਗ ਸਬੰਧਾਂ ਦੇ ਉਭਾਰ ਅਤੇ ਇਹਦੇ ਨਾਲ਼ ਹੀ ਨਾਲ਼ ਕੰਵਾਰ ਦੀ ਪੱਤ ਅਤੇ ਇਸਤਰੀਆਂ ਦੀ ਬੇਪੱਤੀ ਵੱਲ ਵਧੇਰੇ ਸਹਿਣਸ਼ੀਲ ਲੋਕ ਰਾਏ ਦੇ ਉਭਰਨ ਲਈ ਚੋਖਾ ਕਾਰਨ ਨਹੀਂ ਹੋਵੇਗਾ ? ਅਤੇ ਅੰਤ, ਕੀ ਅਸੀਂ ਇਹ ਨਹੀਂ ਵੇਖਿਆ ਕਿ ਨਵੀਨ ਸੰਸਾਰ ਵਿੱਚ ਇੱਕ-ਪਤੀ ਇੱਕ-ਪਤਨੀ ਪ੍ਰਥਾ ਅਤੇ ਵੇਸਵਾਗਮਨੀ, ਭਾਵੇਂ ਇੱਕ ਦੂਜੇ ਦੇ ਵਿਰੋਧੀ ਹਨ, ਪਰ ਅਜਿਹੇ ਵਿਰੋਧੀ ਹਨ ਜਿਹੜੇ ਇੱਕ ਦੂਜੇ ਤੋਂ ਵੱਖ ਨਹੀਂ ਹੋ ਸਕਦੇ, ਸਮਾਨ ਸਮਾਜੀ ਪ੍ਰਸਥਿਤੀਆਂ ਦੇ ਧਰੂ ਹਨ ? ਕੀ ਇਹ ਇੱਕ-ਪਤੀ ਇੱਕ-ਪਤਨੀ ਪ੍ਰਥਾ ਨੂੰ ਆਪਣੇ ਨਾਲ਼ ਦਰੱਗ ਵਿੱਚ ਖਿੱਚੇ ਬਿਨਾਂ ਲੋਪ ਹੋ ਸਕਦਾ ਹੈ ?

ਇਥੇ ਇੱਕ ਨਵਾਂ ਅੰਸ਼ ਅਮਲ ਵਿੱਚ ਆਉਂਦਾ ਹੈ, ਇੱਕ ਅਜਿਹਾ ਅੰਸ਼ ਜਿਸਦੀ ਉਸ ਸਮੇਂ ਭਰੂਣ ਰੂਪ ਵਿੱਚ ਹੋਂਦ ਸੀ ਜਦੋਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਵਿਕਸਤ ਹੋਈ, ਅਰਥਾਤ ਵਿਅਕਤੀਗਤ ਲਿੰਗ ਪਿਆਰ।

ਮੱਧ ਕਾਲ ਤੋਂ ਪਹਿਲਾਂ ਵਿਅਕਤੀਗਤ ਲਿੰਗ ਪਿਆਰ ਜਿਹੀ ਕੋਈ ਸ਼ੈਅ ਨਹੀਂ ਸੀ। ਇਹ ਗੱਲ ਸਪਸ਼ਟ ਹੈ ਕਿ ਨਿੱਜੀ ਸੁਹੱਪਣ, ਨੇੜਵੇਂ ਸਬੰਧ, ਇਕੋ ਜਿਹੇ ਝੁਕਾਅ ਆਦਿ, ਵਿਰੋਧੀ ਸੈਕਸ ਦੇ ਲੋਕਾਂ ਵਿਚਕਾਰ ਲਿੰਗ ਭੋਗ ਦੀ ਇੱਛਾ ਉੱਭਾਰਦੇ ਸਨ, ਕਿ ਮਰਦ ਵੀ ਅਤੇ ਇਸਤਰੀਆਂ ਵੀ ਇਸ ਪ੍ਰਸ਼ਨ ਵੱਲੋਂ ਉੱਕਾ ਲਾਪਰਵਾਹ ਨਹੀਂ ਸਨ ਕਿ ਉਹ ਇਹ ਅਤਿ-ਅੰਤ ਨੇੜਵੇਂ ਸਬੰਧ ਕਿਸ ਨਾਲ਼ ਸਥਾਪਤ ਕਰਨ। ਪਰ ਅਜੇ ਇਹ ਸਾਡੇ ਸਮੇਂ ਦੇ ਲਿੰਗ ਪਿਆਰ ਤੋਂ ਬਹੁਤ ਦੂਰ ਦੀ ਗੱਲ ਹੈ। ਸਾਰੇ ਅਤੀਤ ਵਿੱਚ ਮਾਤਾ ਪਿਤਾ ਵਿਆਹ ਦਾ ਪ੍ਰਬੰਧ ਕਰਦੇ ਅਤੇ ਦੋਵੇਂ ਧਿਰਾਂ ਬਸ ਰਜ਼ਾਮੰਦੀ ਹੀ ਦੇਂਦੀਆਂ। ਅਤੀਤ ਵਿੱਚ ਜਿਸ ਥੋੜ੍ਹੇ ਬਹੁਤ ਵਿਆਹੁਤਾ ਪਿਆਰ ਦਾ ਪਤਾ ਲੱਗਦਾ ਹੈ ਉਹ ਕਿਸੇ ਵੀ ਤਰ੍ਹਾਂ ਅੰਤਰ-ਮੁਖੀ ਝੁਕਾਅ ਨਹੀਂ ਸਗੋਂ ਇੱਕ ਬਾਹਰਮੁਖੀ ਕਰਤੱਵ ਸੀ; ਵਿਆਹ ਲਈ ਕਾਰਨ ਨਹੀਂ ਸਗੋਂ ਇਹਦਾ ਇੱਕ ਸਿੱਟਾ ਸੀ। ਅਤੀਤ ਵਿੱਚ ਨਵੀਨ ਅਰਥਾਂ ਅਨੁਸਾਰ ਪਿਆਰ ਪ੍ਰਮਾਣਿਕ ਸਮਾਜ ਤੋਂ ਬਾਹਰ ਹੀ ਹੁੰਦਾ ਹੈ। ਆਜੜੀ, ਜਿਨ੍ਹਾਂ ਦੇ ਪਿਆਰ ਦੇ ਸੋਹਲੇ ਥੀਓਕਰਾਈਟਸ ਅਤੇ ਮੋਸਕ ਨੇ ਜਾਂ ਲੋਂਗਸ ਦੀ "ਡਾਫ਼ਨਿਸ ਅਤੇ ਕਲੋਓ" ਵਿੱਚ ਗਾਏ ਗਏ ਹਨ, ਕੇਵਲ ਗ਼ੁਲਾਮ ਸਨ ਅਤੇ ਉਹਨਾਂ ਨੂੰ ਰਾਜ ਵਿੱਚ, ਆਜ਼ਾਦ ਸ਼ਹਿਰੀਆਂ ਦੇ ਖੇਤਰ ਵਿੱਚ, ਕੋਈ ਹਿੱਸਾ ਪ੍ਰਾਪਤ ਨਹੀਂ ਸੀ। ਪਰ ਗ਼ੁਲਾਮਾਂ ਅੰਦਰ ਪਿਆਰ ਤੋਂ ਬਿਨਾਂ ਅਸੀਂ ਪਿਆਰ ਦੇ ਮਾਮਲੇ ਅਵੁੰਨਤੀ ਕਰ ਰਹੇ ਪ੍ਰਾਚੀਨ ਜਗਤ ਦੇ ਟੁੱਟਣ ਫੁੱਟਣ ਦੀਆਂ ਉਪਜਾਂ ਵਿੱਚ ਵੇਖਦੇ ਹਾਂ ਅਤੇ ਅਜਿਹੀਆਂ ਇਸਤਰੀਆਂ ਨਾਲ਼ ਜਿਹੜੀਆਂ ਸਰਕਾਰੀ ਸਮਾਜ ਦੇ ਘੇਰੇ ਤੋਂ ਬਾਹਰ ਹਨ, **ਹਿਤੀਰੀਆਂ** ਨਾਲ਼, ਅਰਥਾਤ ਵਿਦੇਸੀ ਜਾਂ ਗ਼ੁਲਾਮਾਂ ਤੋਂ ਆਜ਼ਾਦ ਕੀਤੀਆਂ ਇਸਤਰੀਆਂ ਨਾਲ਼: ਏਥਨਜ਼

ਇਹਦੀ ਗਿਰਾਵਟ ਤੋਂ ਐਨ ਪਹਿਲਾਂ ਤੋਂ ਸ਼ੁਰੂ ਕਰਕੇ, ਰੋਮ ਵਿੱਚ ਸ਼ਹਿਨਸ਼ਾਹਾਂ ਦੇ ਸਮੇਂ। ਜੇ ਆਜ਼ਾਦ ਮਰਦਾਂ ਅਤੇ ਇਸਤਰੀਆਂ ਵਿਚਕਾਰ ਪਿਆਰ ਦੇ ਮਾਮਲੇ ਹੁੰਦੇ ਤਾਂ ਉਹ ਕੇਵਲ ਵਿਭਚਾਰ ਦੇ ਰੂਪ ਵਿੱਚ ਹੁੰਦੇ ਅਤੇ ਜਿਨ੍ਹਾਂ ਅਰਥਾਂ ਵਿਚ ਅਸੀਂ ਲਿੰਗ ਪਿਆਰ ਨੂੰ ਸਮਝਦੇ ਹਾਂ, ਉਹਦੀ ਅਤੀਤ ਦੇ ਕਲਾਸਿਕੀ ਪਿਆਰ ਦੇ ਕਵੀ, ਪ੍ਰਾਚੀਨ ਐਨਾਕਰੀਓਨ, ਲਈ ਇੰਨੀ ਥੋੜ੍ਹੀ ਮਹੱਤਤਾ ਸੀ ਕਿ ਉਹਦੇ ਲਈ ਪਿਆਰੇ ਦਾ ਸੈਕਸ ਵੀ ਉੱਕਾ ਹੀ ਬੇਪ੍ਰਵਾਹੀ ਦਾ ਮਾਮਲਾ ਸੀ।

ਸਾਡਾ ਲਿੰਗ ਪਿਆਰ ਪ੍ਰਾਚੀਨ ਯੁੱਗ ਦੇ ਲੋਕਾਂ ਦੀ ਸਾਦਾ ਲਿੰਗ ਇੱਛਾ, eros ਤੋਂ ਬੁਨਿਆਦੀ ਤੌਰ 'ਤੇ ਵੱਖਰਾ ਹੈ। ਪਹਿਲੇ, ਇਹ ਪਹਿਲੋਂ ਹੀ ਮਿਥ ਲੈਂਦਾ ਹੈ ਕਿ ਜਿਸਨੂੰ ਪਿਆਰ ਕੀਤਾ ਜਾਂਦਾ ਹੈ ਉਹ ਵਾ ਜਵਾਬੀ ਪਿਆਰ ਕਰਦਾ ਹੈ; ਇਸ ਸਬੰਧ ਵਿੱਚ ਇਸਤਰੀ ਨੂੰ ਮਰਦ ਨਾਲ਼ ਸਾਂਵਾਂ ਰੱਖਿਆ ਜਾਂਦਾ ਹੈ; ਪਰ ਪ੍ਰਾਚੀਨ eros ਵਿੱਚ ਕਿਸੇ ਵੀ ਤਰ੍ਹਾਂ ਇਸਤਰੀ ਦੀ ਸਦਾ ਸਲਾਹ ਨਹੀਂ ਸੀ ਲਈ ਜਾਂਦੀ। ਦੂਜੇ, ਲਿੰਗ ਪਿਆਰ ਉਥੇ ਤੀਖਣਤਾ ਅਤੇ ਸਥਾਈਪੁਣੇ ਦੀ ਇੱਕ ਪੱਧਰ ਪ੍ਰਾਪਤ ਕਰਦਾ ਹੈ ਜਿਥੇ ਦੋਵੇਂ ਧਿਰਾਂ ਇੱਕ ਦੂਜੇ ਨੂੰ ਪ੍ਰਾਪਤ ਨਾ ਕਰ ਸਕਣ ਜਾਂ ਵਖ ਹੋ ਜਾਣ ਨੂੰ ਇੱਕ ਮਹਾਨ, ਜੇ ਮਹਾਨਤਮ ਨਹੀਂ, ਬਦਕਿਸਮਤੀ ਸਮਝਦੀਆਂ ਹਨ; ਇੱਕ ਦੂਜੇ ਨੂੰ ਪ੍ਰਾਪਤ ਕਰਨ ਲਈ ਉਹ ਮਹਾਨ ਖ਼ਤਰੇ ਮੁੱਲ ਲੈਂਦੀਆਂ ਹਨ, ਇਥੋਂ ਤੱਕ ਕਿ ਖ਼ੁਦ ਜੀਵਨ ਵੀ ਖ਼ਤਰੇ ਵਿੱਚ ਪਾਉਂਦੀਆਂ ਹਨ—ਅਤੀਤ ਵਿੱਚ , ਜੇ ਅਜਿਹਾ ਹੁੰਦਾ ਵੀ, ਵਿਭਚਾਰ ਦੀ ਹਾਲਤ ਵਿੱਚ ਹੁੰਦਾ ਅਤੇ ਅੰਤ, ਲਿੰਗ ਭੋਗ ਸਬੰਧੀ ਨਿਰਣਾ ਕਰਨ ਲਈ ਇੱਕ ਨਵੀਂ ਸਦਾਚਾਰਕ ਪੱਧਰ ਹੋਂਦ ਵਿੱਚ ਆਉਂਦੀ ਹੈ। ਕੇਵਲ ਇਹ ਪ੍ਰਸ਼ਨ ਨਹੀਂ ਪੁੱਛਿਆ ਜਾਂਦਾ ਕਿ ਇਹ ਲਿੰਗ ਭੋਗ ਜਾਇਜ਼ ਸੀ ਜਾਂ ਨਹੀਂ ਸਗੋਂ ਇਹ ਵੀ ਪੁੱਛਿਆ ਜਾਂਦਾ ਹੈ ਕਿ ਇਹ ਪ੍ਰਸਪਰ ਪਿਆਰ ਦਾ ਸਿੱਟਾ ਹੈ ਜਾਂ ਨਹੀਂ ? ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਸਾਮੰਤੀ ਜਾਂ ਬੁਰਜੂਆ ਅਮਲ ਵਿੱਚ ਇਸ ਨਵੀਂ ਸਦਾਚਾਰਕ ਪੱਧਰ ਦਾ ਹਸ਼ਰ ਕਿਸੇ ਹੋਰ ਸਦਾਚਾਰਕ ਪੱਧਰ ਨਾਲ਼ੋਂ ਚੰਗੇਰਾ ਨਹੀਂ ਹੁੰਦਾ —ਇਹਨੂੰ ਬਸ ਅਖੋਂ ਪਰੋਖਾ ਕਰ ਦਿੱਤਾ ਜਾਂਦਾ ਹੈ। ਪਰ ਇਹਦਾ ਹਸ਼ਰ ਕੋਈ ਵਧੇਰੇ ਮਾੜਾ ਵੀ ਨਹੀਂ ਹੁੰਦਾ। ਇਹਨੂੰ ਬਾਕੀਆਂ ਵਾਂਗ ਹੀ ਸਿਧਾਂਤ ਵਿੱਚ, ਕਾਗਜ਼ ਉੱਤੇ ਕਬੂਲਿਆ ਜਾਂਦਾ ਹੈ ਅਤੇ ਅਜੋਕੇ ਸਮੇਂ ਇਸ ਤੋਂ ਵੱਧ ਆਸ ਨਹੀਂ ਕੀਤੀ ਜਾ ਸਕਦੀ।

ਜਿਥੇ ਅਤੀਤ ਨੇ ਲਿੰਗ ਪਿਆਰ ਵੱਲ ਆਪਣੇ ਮੁੱਢ ਨਾਲ਼ ਤੋੜ ਵਿਛੋੜਾ ਕੀਤਾ, ਉਥੋਂ ਮੱਧ ਕਾਲ ਨੇ ਮੁੱਢ ਬੰਨ੍ਹਿਆ, ਅਰਥਾਤ, ਵਿਭਚਾਰ ਨਾਲ਼। ਅਸੀਂ ਪਹਿਲਾਂ ਹੀ ਸੂਰਮਾ ਪਿਆਰ ਦਾ ਵਰਨਣ ਕੀਤਾ ਹੈ, ਜਿਸਨੇ ਊਸ਼ਾ ਦੇ ਗੀਤਾਂ ਨੂੰ ਜਨਮ ਦਿੱਤਾ। ਅਜੇ ਅਜਿਹੇ ਪਿਆਰ ਵਿਚਕਾਰ, ਜਿਸਦਾ ਮੰਤਵ ਵਿਆਹ ਨੂੰ ਤੋੜਨਾ ਹੈ ਅਤੇ ਅਜਿਹੇ ਪਿਆਰ ਵਿੱਚਕਾਰ ਜਿਸਦੀ ਹੋਣੀ ਇਹਦਾ ਆਧਾਰ ਬਣਨਾ ਹੈ, ਇਹ ਬਹੁਤ ਵੱਡਾ ਪਾੜ ਹੈ, ਇੱਕ ਅਜਿਹਾ ਪਾੜ ਜਿਸਨੂੰ ਸੂਰਮਾ ਯੁੱਗ ਨੇ ਕਦੇ ਨਹੀਂ ਪਾਟਿਆ। ਜਦੋਂ ਅਸੀਂ ਗ਼ੈਰ-ਗੰਭੀਰ ਲਾਤੀਨੀਆਂ ਤੋਂ ਸਤਵਾਦੀ ਜਰਮਨਾਂ ਵੱਲ ਜਾਂਦੇ ਹਾਂ ਤਾਂ ਅਸੀਂ ìNibelungenliedî ("ਨਿਬੇਲੁੰਗਨ ਦਾ ਗੀਤ") ਵਿੱਚ ਵੇਖਦੇ ਹਾਂ ਕਿ ਕ੍ਰਿਮਹਿਲਡ —ਭਾਵੇਂ ਉਹ ਗੁਪਤ ਤੌਰ 'ਤੇ ਸੀਗਫ਼ਰੀਡ

ਨੂੰ ਉਨ੍ਹਾਂ ਹੀ ਪਿਆਰ ਕਰਦੀ ਹੈ ਜਿੰਨਾਂ ਉਹ ਉਹਨੂੰ ਕਰਦਾ ਹੈ— ਗੁਨਥਰ ਵੱਲੋਂ ਇਹ ਖ਼ਬਰ ਦਿੱਤੇ ਜਾਣ 'ਤੇ ਕਿ ਉਹਨੇ ਉਹਦਾ ਰਿਸ਼ਤਾ ਇੱਕ ਅਜਿਹੇ ਸੂਰਮੇ ਨਾਲ਼ ਕਰ ਦਿੱਤਾ ਹੈ ਜਿਸਦਾ ਉਹ ਨਾਂ ਨਹੀਂ ਲੈਂਦਾ, ਸਿਰਫ ਇਹ ਉੱਤਰ ਦੇਂਦੀ ਹੈ:

> "ਤੁਹਾਨੂੰ ਮੈਥੋਂ ਪੁੱਛਣ ਦੀ ਕੋਈ ਲੋੜ ਨਹੀਂ, ਜਿਵੇਂ ਤੁਸੀਂ ਹੁਕਮ ਕਰੋਗੇ ਉਸੇ ਤਰ੍ਹਾਂ ਮੈ ਸਦਾ ਕਰਾਂਗੀ। ਮੇਰੇ ਮਾਲਕ ਜਿਸਨੂੰ ਤੁਸੀਂ ਮੇਰੇ ਪਤੀ ਦੇ ਤੌਰ 'ਤੇ ਚੁਣੋਗੇ, ਮੈਂ ਉਹਨੂੰ ਖ਼ੁਸ਼ੀ ਨਾਲ਼ ਆਪਣਾ ਕਰਾਰ ਦਿਆਂਗੀ"।

ਉਹਨੂੰ ਇਹ ਗੱਲ ਅਹੁੜਦੀ ਹੀ ਨਹੀਂ ਕਿ ਇਸ ਮਾਮਲੇ ਵਿੱਚ ਉਹਦੇ ਪਿਆਰ ਨੂੰ ਵਿਚਾਰਿਆ ਵੀ ਜਾ ਸਕਦਾ ਹੈ। ਗੁਨਥਰ ਬਰੁਨਹਿਲਡ ਨੂੰ ਵੇਖੇ ਬਿਨਾਂ ਉਹਦਾ ਰਿਸ਼ਤਾ ਲੋੜਦਾ ਹੈ ਅਤੇ ਐਟਜ਼ਲ ਕ੍ਰਿਮਹਿਲ਼ਡ ਸਬੰਧੀ ਇਹੋ ਕਰਦਾ ਹੈ। "ਗੁਦਰੁਨ"[24] ਵਿੱਚ ਵੀ ਇਹੋ ਕੁੱਝ ਹੁੰਦਾ ਹੈ, ਜਿਥੇ ਆਇਰਲੈਂਡ ਦਾ ਸਿਗੇਬਾਂਤ, ਨਾਰਵੇ ਦੀ ਉਟੇ ਦਾ ਰਿਸ਼ਤਾ ਲੋੜਦਾ ਹੈ, ਹੇਗੇਲਿੰਗਨ ਦਾ ਹੈਟਲ ਆਇਰਲੈਂਡ ਦੀ ਹਿਲਡੇ ਦਾ ਅਤੇ ਅੰਤ ਮੋਰਲੈਂਡ ਦਾ ਸੀਗਫ਼ਰੀਡ, ਓਰਮਾਨੀ ਦਾ ਹਾਰਮੁਟ ਅਤੇ ਸੀਲੈਂਡ ਦਾ ਹਰਵਿੰਗ ਗੁਦਰੁਨ ਦਾ ਰਿਸ਼ਤਾ ਲੋੜਦੇ ਹਨ ਅਤੇ ਇਥੇ ਪਹਿਲੀ ਵਾਰ ਅਜਿਹਾ ਹੁੰਦਾ ਹੈ ਕਿ ਗੁਦਰੁਨ ਆਪਣੀ ਆਜ਼ਾਦ ਇੱਛਾ ਨਾਲ਼ ਅੰਤਲੇ ਦੇ ਹੱਕ ਵਿੱਚ ਨਿਰਣਾ ਕਰਦੀ ਹੈ। ਆਮ ਤੌਰ 'ਤੇ ਜਵਾਨ ਰਾਜੇ ਦੀ ਲਾੜੀ ਉਹਦੇ ਮਾਤਾ ਪਿਤਾ ਚੁਣਦੇ ਹਨ ਅਤੇ ਜੇ ਉਹ ਜਿਉਂਦੇ ਨਾ ਹੋਣ ਤਾਂ ਉਹ ਆਪ ਆਪਣੇ ਸਰਵਉਚ ਲਗਾਨਦਾਰ ਮੁਖੀਆਂ ਦੀ ਸਹਾਇਤਾ ਨਾਲ਼ ਅਜਿਹਾ ਕਰਦਾ ਹੈ, ਜਿਨ੍ਹਾਂ ਦੀ ਰਾਏ ਦਾ ਹਰ ਹਾਲਤ ਵਿੱਚ ਬਹੁਤ ਵਜ਼ਨ ਹੁੰਦਾ ਹੈ। ਇਹਦੇ ਉਲਟ ਹੋ ਵੀ ਨਹੀਂ ਸਕਦਾ। ਰਾਜੇ ਵਾਂਗ ਹੀ ਸੂਰਮੇ ਜਾਂ ਰਾਠ ਲਈ ਵੀ ਵਿਆਹ ਇੱਕ ਰਾਜਸੀ ਅਮਲ ਹੈ, ਨਵੇਂ ਸਬੰਧਾਂ ਰਾਹੀਂ ਸ਼ਕਤੀ ਵਧਾਉਣ ਦਾ ਸਾਧਨ ਹੈ; **ਵੰਸ਼** ਦੇ ਹਿੱਤ ਨਾ ਕਿ ਵਿਅਕਤੀਗਤ ਝੁਕਾਅ ਨਿਰਣਾਇਕ ਅੰਸ਼ ਹਨ। ਇਥੇ ਵਿਆਹ ਸਬੰਧੀ ਪਿਆਰ ਦੀ ਗੱਲ ਅਖ਼ੀਰੀ ਕਿਵੇਂ ਹੋ ਸਕਦੀ ਹੈ ?

ਮੱਧ ਕਾਲ ਦੀਆਂ ਕਿਰਤ-ਬਰਾਦਰੀਆਂ ਦੇ ਮੈਂਬਰਾਂ ਸਬੰਧੀ ਵੀ ਪ੍ਰਸਥਿਤੀ ਇਹੋ ਸੀ। ਉਹ ਵਿਸ਼ੇਸ਼-ਅਧਿਕਾਰ ਹੀ ਜਿਹੜੇ ਉਹਦੀ ਰਖਿਆ ਕਰਦੇ ਸਨ—ਆਪਣੀਆਂ ਵਿਸ਼ੇਸ਼ ਸ਼ਰਤਾਂ ਸਮੇਤ ਕਿਰਤ-ਬਰਾਦਰੀਆਂ ਦੇ ਅਧਿਕਾਰ-ਪਾਤਰ, ਉਹ ਨਕਲੀ ਹੱਦਾਂ ਜਿਹੜੀਆਂ ਉਹਨੂੰ ਕਾਨੂੰਨੀ ਤੌਰ 'ਤੇ ਹੋਰਨਾਂ ਕਿਰਤ-ਬਰਾਦਰੀਆਂ ਤੋਂ, ਆਪਣੀ ਕਿਰਤ-ਬਰਾਦਰੀ ਦੇ ਹੋਰਨਾਂ ਮੈਂਬਰਾਂ ਤੋਂ ਅਤੇ ਆਪਣੇ ਦਿਹਾੜੀਦਾਰਾਂ ਅਤੇ ਸਿਖਾਂਦਰੂਆਂ ਤੋਂ ਨਖੇੜਦੀਆਂ ਸਨ— ਉਸ ਘੇਰੇ ਨੂੰ ਚੋਖਾ ਸੌੜਾ ਬਣਾ ਦੇਂਦੀਆਂ ਜਿਸ ਦੇ ਅੰਦਰੋਂ ਉਹ ਜੀਵਨ-ਸਾਥੀ ਲੱਭਣ ਦੀ ਆਸ ਕਰ ਸਕਦਾ ਸੀ ਅਤੇ ਇਸ ਪੇਚਦਾਰ ਪ੍ਰਣਾਲੀ ਅਧੀਨ ਇਸ ਗੱਲ ਦਾ ਨਿਰਣਾ ਕਿ ਕੌਣ ਸਭ ਤੋਂ ਵੱਧ ਯੋਗ ਹੈ ਵਿਅਕਤੀਗਤ ਝੁਕਾਅ ਨਹੀਂ ਸਗੋਂ ਪਰਿਵਾਰਕ ਹਿੱਤ ਕਰਦੇ ਸਨ।

ਸੋ, ਮੱਧ ਕਾਲ ਦੇ ਅੰਤ ਤੱਕ ਬਹੁਤ ਵੱਡੀ ਬਹੁ-ਗਿਣਤੀ ਦੀਆਂ ਹਾਲਤਾਂ ਵਿੱਚ ਵਿਆਹ ਉਹੋ ਕੁੱਝ ਰਿਹਾ ਜੋ ਕਿ ਆਦਿ ਤੋਂ ਸੀ, ਇੱਕ ਅਜਿਹਾ ਮਾਮਲਾ ਜਿਸ ਦਾ ਨਿਰਣਾ

ਦੋ ਮੁੱਖ ਧਿਰਾਂ ਨਹੀਂ ਸਨ ਕਰਦੀਆਂ। ਮੁੱਢ ਵਿੱਚ ਮਨੁੱਖ ਵਿਆਹਿਆ ਹੋਇਆ ਇਸ ਦੁਨੀਆਂ ਵਿੱਚ ਆਉਂਦਾ, ਦੂਜੇ ਸੈਕਸ ਦੀ ਇੱਕ ਪੂਰੀ ਟੋਲੀ ਨਾਲ਼ ਵਿਆਹਿਆ ਹੋਇਆ। ਟੋਲੀ ਵਿਆਹਾਂ ਦੇ ਪਿੱਛੋਂ ਦੇ ਰੂਪਾਂ ਵਿੱਚ ਸ਼ਾਇਦ ਕਿਸੇ ਅਜਿਹੇ ਹੀ ਪ੍ਰਬੰਧ ਦੀ ਹੋਂਦ ਸੀ ਕੇਵਲ ਟੋਲੀ ਸਦਾ ਵਧੇਰੇ ਸੌੜੇਰੀ ਹੁੰਦੀ ਗਈ। ਜੋੜੇ ਟੱਬਰਾਂ ਵਿੱਚ ਇਹ ਨੇਮ ਹੈ ਕਿ ਮਾਵਾਂ ਆਪਣੇ ਬੱਚਿਆਂ ਦੇ ਵਿਆਹਾਂ ਦਾ ਪ੍ਰਬੰਧ ਕਰਦੀਆਂ ਹਨ ਅਤੇ ਇਥੇ ਵੀ ਰਿਸ਼ਤੇਦਾਰੀ ਦੇ ਉਹਨਾਂ ਸਬੰਧਾਂ ਦੇ ਵਿਚਾਰ ਜਿਹੜੇ ਗੋਤ ਅਤੇ ਕਬੀਲੇ ਅੰਦਰ ਜਵਾਨ ਜੋੜੀ ਦੀ ਪ੍ਰਸਥਿਤੀ ਚੰਗੇਰੀ ਬਣਾਉਂਦੇ ਹਨ, ਨਿਰਣਾਇਕ ਅੰਸ਼ ਹਨ ਅਤੇ ਜਦੋਂ ਸਾਂਝੀ ਜਾਇਦਾਦ ਉਤੇ ਨਿੱਜੀ ਜਾਇਦਾਦ ਭਾਰੂ ਹੋ ਜਾਂਦੀ ਹੈ ਅਤੇ ਵਿਰਸੇ ਵਿੱਚ ਦਿਲਚਸਪੀ, ਪਿੱਤਰੀ ਹੱਕ ਅਤੇ ਇੱਕ-ਪਤੀ ਇੱਕ-ਪਤਨੀ ਪ੍ਰਥਾ ਪ੍ਰਧਾਨ ਹੋ ਜਾਂਦੇ ਹਨ ਤਾਂ ਵਿਆਹ ਪਹਿਲਾਂ ਤੋਂ ਕਿਤੇ ਵੱਧ ਆਰਥਕ ਵਿਚਾਰਾਂ ਉਤੇ ਆਧਾਰਤ ਹੋ ਜਾਂਦਾ ਹੈ। ਖ਼ਰੀਦ ਰਾਹੀਂ ਵਿਆਹ ਦਾ **ਰੂਪ** ਖ਼ਤਮ ਹੋ ਜਾਂਦਾ ਹੈ, ਖ਼ੁਦ ਸਾਰਾ ਮਾਮਲਾ ਇਉਂ ਤੈਅ ਕੀਤਾ ਜਾਂਦਾ ਹੈ ਕਿ ਨਾ ਕੇਵਲ ਇਸਤਰੀ ਸਗੋਂ ਮਰਦ ਨੂੰ ਉਹਦੇ ਨਿੱਜੀ ਗੁਣਾਂ ਅਨੁਸਾਰ ਨਹੀਂ ਸਗੋਂ ਉਹਦੀ ਮਿਲਖ ਅਨੁਸਾਰ ਜੋਖਿਆ ਜਾਂਦਾ ਹੈ। ਇਹ ਵਿਚਾਰ ਕਿ ਮੁੱਖ ਧਿਰਾਂ ਦੇ ਪ੍ਰਸਪਰ ਝੁਕਾਅ ਵਿਆਹ ਲਈ ਭਾਰੂ ਕਾਰਨ ਹੋਣੇ ਚਾਹੀਦੇ ਹਨ, ਹਾਕਮ ਸ਼੍ਰੇਣੀਆਂ ਦੇ ਅਮਲ ਵਿੱਚ ਮੁੱਢ ਤੋਂ ਹੀ ਅਣਸੁਣਿਆ ਰਿਹਾ ਹੈ। ਅਜਿਹੀਆਂ ਗੱਲਾਂ ਪ੍ਰੇਮ-ਕਥਾਵਾਂ ਵਿੱਚ ਹੀ ਹੁੰਦੀਆਂ ਸਨ, ਜਾਂ—ਪਸਿਤੀਆਂ ਸ਼੍ਰੇਣੀਆਂ ਵਿੱਚ, ਜਿਨ੍ਹਾਂ ਦਾ ਕੋਈ ਮੁੱਲ ਨਹੀਂ ਸੀ।

ਜਦੋਂ ਭੂਗੋਲਕ ਲੱਭਤਾਂ ਦੇ ਯੁੱਗ ਤੋਂ ਪਿਛੋਂ ਸਰਮਾਏਦਾਰ ਉਤਪਾਦਨ ਸੰਸਾਰ ਵਪਾਰ ਅਤੇ ਕਾਰਖ਼ਾਨੇਦਾਰੀ ਰਾਹੀਂ ਸੰਸਾਰ ਨੂੰ ਜਿੱਤਣ ਲਈ ਨਿਕਲਿਆ ਤਾਂ ਉਹਨੂੰ ਇਹ ਪ੍ਰਸਥਿਤੀ ਮਿਲੀ। ਮਨੁੱਖ ਸੋਚ ਸਕਦਾ ਹੈ ਕਿ ਵਿਆਹ ਦਾ ਇਹ ਢੰਗ ਇਹਨੂੰ ਬਹੁਤ ਹੀ ਰਾਸ ਆਉਂਦਾ ਹੋਵੇਗਾ ਅਤੇ ਯਥਾਰਥ ਵਿੱਚ ਅਜਿਹਾ ਹੀ ਹੋਇਆ। ਪਰ ਇਹਦੇ ਬਾਵਜੂਦ — ਸੰਸਾਰ ਇਤਿਹਾਸ ਦਾ ਵਿਅੰਗ ਅਪੁਹ ਹੈ— ਇਹ ਸਰਮਾਏਦਾਰ ਉਤਪਾਦਨ ਹੀ ਸੀ ਜਿਸਨੇ ਇਹਦੇ ਨਾਲ਼ ਨਿਰਣਾਇਕ ਤੋੜ-ਵਿਛੋੜਾ ਕਰਨਾ ਸੀ। ਸਭਨਾਂ ਵਸਤਾਂ ਨੂੰ ਉਪਜਾਂ ਵਿੱਚ ਤਬਦੀਲ ਕਰਕੇ ਇਹਨੇ ਸਭੇ ਪ੍ਰਾਚੀਨ ਰਿਵਾਇਤੀ ਸਬੰਧ ਖੋਰ ਦਿੱਤੇ ਅਤੇ ਵਿਰਸੇ ਵਿੱਚ ਮਿਲੇ ਰਿਵਾਜਾਂ ਅਤੇ ਇਤਿਹਾਸਕ ਹੱਕਾਂ ਦੀ ਥਾਂ ਇਹਨੇ ਖ਼ਰੀਦ ਅਤੇ ਵਿਕਰੀ, "ਆਜ਼ਾਦ" ਕਰਾਰ ਨੂੰ ਦੇ ਦਿੱਤੀ ਅਤੇ ਅੰਗ੍ਰੇਜ਼ ਕਾਨੂੰਨਦਾਨ ਹ. ਸ. ਮੈਨ ਦਾ ਖ਼ਿਆਲ ਸੀ ਕਿ ਜਦੋਂ ਉਹਨੇ ਕਿਹਾ ਕਿ ਪਹਿਲਿਆਂ ਦੇ ਯੁੱਗਾਂ ਦੇ ਮੁਕਾਬਲੇ ਵਿੱਚ ਸਾਡੀ ਸਾਰੀ ਉਨਤੀ ਇਸ ਵਿੱਚ ਹੈ ਕਿ ਅਸੀਂ ਮਿੱਥੀ ਅਵਸਥਾ ਤੋਂ ਵਿਕਾਸ ਕਰਕੇ ਕਰਾਰ ਦੀ ਹਾਲਤ ਤੱਕ (from status to contract), ਵਿਰਸੇ ਵਿੱਚ ਮਿਲੀਆਂ ਪ੍ਰਸਥਿਤੀਆਂ ਤੋਂ ਸਵੈ-ਇਛਾ ਨਾਲ਼ ਸਹੇੜੀ ਪ੍ਰਸਥਿਤੀ ਤੱਕ ਵਿਕਾਸ ਕੀਤਾ ਹੈ, ਤਾਂ ਉਹਨੇ ਕੋਈ ਮਹਾਨ ਲੱਭਤ ਲੱਭੀ ਸੀ —ਇਹ ਇੱਕ ਅਜਿਹਾ ਬਿਆਨ ਹੈ ਜਿਹੜਾ, ਜਿਥੋਂ ਤੱਕ ਇਹ ਠੀਕ ਹੈ, ਬਹੁਤ ਪਹਿਲਾਂ "ਕਮਿਊਨਿਸਟ ਮੈਨੀਫ਼ੈਸਟੋ" ਵਿੱਚ ਸ਼ਾਮਲ ਸੀ।

ਪਰ ਕਰਾਰਾਂ ਦਾ ਮੁਕੰਮਲ ਹੋਣਾ ਪਹਿਲੋਂ ਹੀ ਅਜਿਹੇ ਲੋਕਾਂ ਦੀ ਹੋਂਦ ਮਿੱਥ ਲੈਂਦਾ

ਹੈ ਜਿਹੜੇ ਆਪਣੇ ਸਰੀਰਾਂ, ਅਮਲਾਂ ਅਤੇ ਮਿਲਖਾਂ ਨੂੰ ਆਜ਼ਾਦੀ ਨਾਲ਼, ਜਿਵੇਂ ਚਾਹੁਣ ਵਰਤ ਸਕਦੇ ਹਨ ਅਤੇ ਜਿਹੜੇ ਇੱਕ ਦੂਜੇ ਨੂੰ ਸਾਂਵੇਂ ਆਧਾਰ ਉੱਤੇ ਮਿਲਦੇ ਹਨ। ਅਜਿਹੇ "ਆਜ਼ਾਦ" ਅਤੇ "ਸਾਂਵੇਂ" ਲੋਕਾਂ ਦੀ ਸਿਰਜਣਾ ਕਰਨਾ ਸਰਮਾਏਦਾਰ ਉਤਪਾਦਨ ਦੇ ਮੁੱਖ ਕੰਮਾਂ ਵਿੱਚ ਐਨ ਇੱਕ ਸੀ। ਭਾਵੇਂ ਮੁੱਢ ਵਿੱਚ ਅਜਿਹਾ ਅਰਧ-ਸੁਚੇਤ ਢੰਗ ਨਾਲ਼ ਹੋਇਆ ਅਤੇ ਉਹ ਵੀ ਧਾਰਮਿਕ ਭੇਖ ਵਿੱਚ, ਪਰ ਲੂਥਰਿਆਈ ਅਤੇ ਕੈਲਵਿਨੀ ਸੁਧਾਰ ਦੇ ਸਮੇਂ ਤੋਂ ਇਹ ਇੱਕ ਪੱਕਾ ਅਸੂਲ ਬਣ ਗਿਆ ਕਿ ਕੋਈ ਮਨੁੱਖ ਆਪਣੇ ਅਮਲਾਂ ਲਈ ਤਾਂ ਹੀ ਜ਼ਿੰਮੇਵਾਰ ਹੈ ਜੇ ਉਹਨਾਂ ਨੂੰ ਕਰਨ ਸਮੇਂ ਉਹਨੂੰ ਇੱਛਾ ਦੀ ਪੂਰੀ ਆਜ਼ਾਦੀ ਪ੍ਰਾਪਤ ਹੋਵੇ ਅਤੇ ਇਹ ਕਿ ਕੋਈ ਵੀ ਅਣਸਦਾਚਾਰਕ ਕੰਮ ਕਰਨ ਦਾ ਵਿਰੋਧ ਕਰਨਾ ਸਦਾਚਾਰਕ ਫ਼ਰਜ਼ ਹੈ। ਪਰ ਇਹ ਵਿਆਹ ਸਬੰਧੀ ਪਹਿਲਾਂ ਦੇ ਰਿਵਾਜ ਨਾਲ਼ ਕਿਵੇਂ ਮੇਲ ਖਾਂਦਾ ਹੈ? ਬੁਰਜੂਆ ਸੰਕਲਪਾਂ ਅਨੁਸਾਰ ਵਿਆਹ ਇੱਕ ਕਰਾਰ ਹੈ, ਇੱਕ ਕਾਨੂੰਨੀ ਮਾਮਲਾ ਹੈ, ਨਿਸ਼ਚੇ ਹੀ ਸਭ ਤੋਂ ਵੱਧ ਮਹੱਤਵ-ਪੂਰਨ ਹੈ ਕਿਉਂਕਿ ਇਹ ਦੋ ਵਿਅਕਤੀਆਂ ਦੇ ਸਰੀਰਾਂ ਅਤੇ ਮਨਾਂ ਨੂੰ ਜੀਵਨ ਭਰ ਲਈ ਬੰਨ੍ਹ ਦੇਂਦਾ ਹੈ। ਇਹ ਸੱਚ ਹੈ, ਰਸਮੀ ਤੌਰ 'ਤੇ ਇਹ ਕਰਾਰ ਸਵੈ—ਇੱਛਾ ਨਾਲ਼ ਹੁੰਦਾ ਸੀ; ਇਹ ਧਿਰਾਂ ਦੀ ਰਜ਼ਾਮੰਦੀ ਤੋਂ ਬਿਨਾਂ ਨਹੀਂ ਸੀ ਹੁੰਦਾ; ਪਰ ਇਹ ਰਜ਼ਾਮੰਦੀ ਕਿਵੇਂ ਪ੍ਰਾਪਤ ਕੀਤੀ ਗਈ ਅਤੇ ਕਿਸਨੇ ਵਿਆਹ ਦਾ ਪ੍ਰਬੰਧ ਕੀਤਾ, ਇਹਦਾ ਬਹੁਤ ਚੰਗੀ ਤਰ੍ਹਾਂ ਪਤਾ ਸੀ। ਪਰ ਜੇ ਹੋਰਨਾਂ ਸਭਨਾਂ ਕਰਾਰਾਂ ਦਾ ਫ਼ੈਸਲਾ ਕਰਨ ਲਈ ਮੁਕੰਮਲ ਆਜ਼ਾਦੀ ਦੀ ਮੰਗ ਕੀਤੀ ਜਾਂਦੀ ਸੀ ਤਾਂ ਇਸ ਲਈ ਕਿਉਂ ਨਹੀਂ? ਜਿਨ੍ਹਾਂ ਦੋ ਜਵਾਨ ਲੋਕਾਂ ਨੂੰ ਜੋੜਿਆ ਜਾਣ ਵਾਲ਼ਾ ਸੀ ਕੀ ਉਹਨਾਂ ਨੂੰ ਇਹ ਹੱਕ ਨਹੀਂ ਸੀ ਕਿ ਉਹ ਆਪਣੇ ਆਪ ਨੂੰ, ਆਪਣੇ ਸਰੀਰਾਂ ਨੂੰ, ਆਪਣੇ ਅੰਗਾਂ ਨੂੰ, ਆਜ਼ਾਦੀ ਨਾਲ਼ ਜਿਵੇਂ ਚਾਹੁਣ ਵਰਤਣ? ਕੀ ਸੂਰਮਤਾਈ ਦੇ ਸਿੱਟੇ ਵੱਜੋਂ ਲਿੰਗ ਪਿਆਰ ਫ਼ੈਸ਼ਨ ਨਹੀਂ ਸੀ ਬਣ ਗਿਆ ਅਤੇ ਸੂਰਮਿਆਂ ਦੇ ਵਿਭਚਾਰੀ ਪਿਆਰ ਦੇ ਉਲਟ ਕੀ ਪਤੀ ਪਤਨੀ ਦਾ ਪਿਆਰ ਇਹਦਾ ਠੀਕ ਬੁਰਜੂਆ ਰੂਪ ਨਹੀਂ ਸੀ? ਪਰ ਜੇ ਇਹ ਵਿਆਹੇ ਲੋਕਾਂ ਦਾ ਕਰਤੱਵ ਸੀ ਕਿ ਉਹ ਇੱਕ ਦੂਜੇ ਨੂੰ ਪਿਆਰ ਕਰਨ ਤਾਂ ਕੀ ਇਹ ਪ੍ਰੇਮੀਆਂ ਦਾ ਉੱਨਾਂ ਕਰਤਵ ਨਹੀਂ ਸੀ ਕਿ ਉਹ ਇੱਕ ਦੂਜੇ ਨਾਲ਼ ਵਿਆਹ ਕਰਨ ਅਤੇ ਕਿਸੇ ਹੋਰ ਨਾਲ਼ ਨਹੀਂ? ਅਤੇ ਕੀ ਇਹਨਾਂ ਪ੍ਰੇਮੀਆਂ ਦਾ ਹੱਕ ਮਾਤਾ ਪਿਤਾ, ਰਿਸ਼ਤੇਦਾਰਾਂ ਅਤੇ ਹੋਰ ਰਵਾਇਤੀ ਵਿੱਚਲਿਆਂ ਅਤੇ ਸਾਕ ਕਰਾਉਣ ਵਾਲ਼ਿਆਂ ਦੇ ਹੱਕਾਂ ਤੋਂ ਉੱਪਰ ਨਹੀਂ ਸੀ ਖੜਾ? ਜੇ ਬਿਨਾਂ ਕਿਸੇ ਰੱਖ-ਰਖਾ ਦੇ ਆਜ਼ਾਦ ਨਿੱਜੀ ਚੋਣ ਦਾ ਹੱਕ ਧਾਰਮਿਕ ਸੰਪ੍ਰਦਾਅ ਅਤੇ ਧਰਮ ਵਿੱਚ ਘੁਸ ਗਿਆ ਸੀ ਤਾਂ ਇਹ ਪੁਰਾਣੀ ਪੀੜ੍ਹੀ ਦੇ ਛੁਟੇਰੀ ਪੀੜ੍ਹੀ ਸਬੰਧੀ ਸਰੀਰ ਅਤੇ ਆਤਮਾ, ਜਾਇਦਾਦ, ਖ਼ੁਸ਼ੀ ਅਤੇ ਨਾ-ਖ਼ੁਸ਼ੀ ਸਮੇਤ ਨਬੇੜਨ ਦੇ ਅਸਹਿ ਦਾਅਵੇ ਉੱਤੇ ਕਿਵੇਂ ਰੁਕ ਸਕਦਾ ਸੀ?

ਜਿਸ ਯੁੱਗ ਨੇ ਸਭਨਾਂ ਪੁਰਾਣੇ ਸਬੰਧਾਂ ਨੂੰ ਢਿਲਾ ਕਰ ਦਿੱਤਾ ਅਤੇ ਜਿਸਨੇ ਸਭਨਾਂ ਰਵਾਇਤੀ ਸੰਕਲਪਾਂ ਦੇ ਆਧਾਰ ਹਿਲਾ ਦਿੱਤੇ ਉਸ ਵਿੱਚ ਇਹ ਪ੍ਰਸ਼ਨ ਉੱਠਣੇ ਲਾਜ਼ਮੀ ਸਨ। ਇੱਕੋ ਵਾਰ ਨਾਲ਼ ਦੁਨੀਆਂ ਦਾ ਆਕਾਰ ਲਗ ਭਗ ਦਸ ਗੁਣਾ ਹੋ ਗਿਆ ਸੀ। ਅੱਧ-ਗੋਲੇ ਦੀ ਚੌਥ ਦੀ ਥਾਂ ਸਾਰਾ ਗੋਲਾ ਹੁਣ ਪੱਛਮੀ ਯੂਰਪੀਅਨਾਂ ਦੀਆਂ ਅੱਖਾਂ ਦੇ ਸਾਹਮਣੇ ਸੀ,

ਜਿਨ੍ਹਾਂ ਬਾਕੀ ਸਭ ਚੌਥਾਂ ਉੱਤੇ ਕਬਜ਼ਾ ਕਰਨ ਦੀ ਕਾਹਲ ਕੀਤੀ ਅਤੇ ਵਿਚਾਰਾਂ ਦੇ ਮੱਧ-ਕਾਲੀਨ ਸੋਚਣ ਢੰਗ ਨੇ ਜਿਹੜੀਆਂ ਹਜ਼ਾਰ ਵਰ੍ਹੇ ਪੁਰਾਣੀਆਂ ਰੋਕਾਂ ਖੜੀਆਂ ਕੀਤੀਆਂ ਸਨ, ਉਹ ਵਤਨ ਦੀਆਂ ਪੁਰਾਣੀਆਂ ਤੰਗ ਹੱਦਾਂ ਨਾਲ਼ ਹੀ ਲੋਪ ਹੋ ਗਈਆਂ। ਮਨੁੱਖ ਦੀ ਬਾਹਰਲੀ ਅਤੇ ਅੰਦਰਲੀ, ਦੋਹਾਂ ਅੱਖਾਂ ਲਈ ਇੱਕ ਅਨੰਤ ਵਧੇਰੇ ਵਿਸ਼ਾਲ ਦੁਮੇਲ ਪ੍ਰਗਟ ਹੋਇਆ। ਜਿਹੜੇ ਜਵਾਨ ਨੂੰ ਹਿੰਦ ਦੀਆਂ ਦੌਲਤਾਂ ਅਤੇ ਮੈਕਸੀਕੋ ਅਤੇ ਪੋਟੋਸੀ ਦੀਆਂ ਚਾਂਦੀ ਅਤੇ ਸੋਨੇ ਦੀਆਂ ਖਾਣਾਂ ਖਿੱਚ ਪਾ ਰਹੀਆਂ ਸਨ, ਉਹਦੇ ਲਈ ਪੀੜ੍ਹੀਆਂ ਤੋਂ ਵਿਰਸੇ ਵਿੱਚ ਮਿਲੀਆਂ ਸਾਊਪੁਣੇ ਦੀਆਂ ਨੇਕ ਨੀਅਤਾਂ ਜਾਂ ਕਿਰਤ-ਬਰਾਦਰੀਆਂ ਦੇ ਵਿਸ਼ੇਸ਼ ਹੱਕਾਂ ਦੇ ਕੀ ਅਰਥ ਸਨ? ਇਹ ਬੁਰਜੂਆਜ਼ੀ ਦਾ ਫਿਰਤੂ ਸੂਰਮਾ ਯੁੱਗ ਸੀ; ਇਹਦੀਆਂ ਪ੍ਰੇਮ ਕਥਾਵਾਂ ਵੀ ਸਨ ਅਤੇ ਇਹਦੇ ਪਿਆਰ ਦੇ ਸੁਪਨੇ ਵੀ, ਪਰ ਬੁਰਜੂਆ ਆਧਾਰ ਉੱਤੇ ਅਤੇ ਅੰਤਲੇ ਵਿਸ਼ਲੇਸ਼ਣ ਵਿੱਚ ਬੁਰਜੂਆ ਆਸ਼ੇ ਮੁੱਖ ਰੱਖ ਕੇ।

ਸੋ, ਹੋਇਆ ਇਹ ਕਿ ਉਭਰ ਰਹੀ ਬੁਰਜੂਆਜ਼ੀ ਨੇ, ਵਿਸ਼ੇਸ਼ ਤੌਰ 'ਤੇ ਪ੍ਰੋਟੈਸਟੰਟ ਦੇਸ਼ਾਂ ਵਿਚ, ਜਿਥੇ ਪ੍ਰਚਲਤ ਪ੍ਰਬੰਧ ਸਭ ਤੋਂ ਵੱਧ ਹਿਲ ਗਿਆ ਸੀ, ਵਿਆਹ ਲਈ ਵੀ ਸਦਾ ਵਧੇਰੇ ਕਰਾਰ ਦੀ ਆਜ਼ਾਦੀ ਪ੍ਰਵਾਨ ਕਰ ਲਈ ਅਤੇ ਇਹਨੂੰ ਉਪਰ ਦੱਸੇ ਢੰਗ ਨਾਲ਼ ਅਮਲ ਵਿੱਚ ਲਿਆਂਦਾ। ਵਿਆਹ ਸ਼੍ਰੇਣੀ ਵਿਆਹ ਹੀ ਰਿਹਾ ਪਰ ਸ਼੍ਰੇਣੀ ਦੀਆਂ ਹੱਦਾਂ ਦੇ ਅੰਦਰ ਧਿਰਾਂ ਨੂੰ ਕੁੱਝ ਕੁਝ ਆਜ਼ਾਦੀ ਦੇ ਦਿੱਤੀ ਗਈ ਅਤੇ ਕਾਗ਼ਜ਼ ਉੱਤੇ, ਕਾਵਿਕ ਬਿਆਨ ਵਾਂਗ ਸਦਾਚਾਰਕ ਸਿਧਾਂਤ ਵਿੱਚ ਵੀ, ਹੋਰ ਕੁੱਝ ਵੀ ਇਸ ਤੋਂ ਵੱਧ ਪੱਕੀ ਤਰ੍ਹਾਂ ਸਥਾਪਤ ਨਹੀਂ ਸੀ ਕਿ ਹਰ ਉਹ ਵਿਆਹ ਜਿਹੜਾ ਪ੍ਰਸਪਰ ਲਿੰਗ ਪਿਆਰ ਅਤੇ ਪਤੀ ਅਤੇ ਪਤਨੀ ਦੇ ਸਚ ਮੁੱਚ ਆਜ਼ਾਦ ਕਰਾਰ ਉੱਤੇ ਆਧਾਰਤ ਨਹੀਂ ਉਹ ਭ੍ਰਿਸ਼ਟਾਚਾਰੀ ਹੈ। ਮੁੱਕਦੀ ਗੱਲ ਪਿਆਰ ਉੱਤੇ ਆਧਾਰਤ ਵਿਆਹ ਦੇ ਮਨੁੱਖੀ ਹੱਕ ਹੋਣ ਦਾ ਐਲਾਨ ਕਰ ਦਿੱਤਾ ਗਿਆ; ਨਾ ਕੇਵਲ droit de líhomme* ਸਗੋਂ, ਛੋਟ ਦੇ ਤੌਰ 'ਤੇ droit de la famme** ਵੀ।

ਪਰ ਇੱਕ ਪੱਖ ਤੋਂ ਇਹ ਮਨੁੱਖੀ ਹੱਕ ਹੋਰਨਾਂ ਸਭਨਾਂ ਅਖੌਤੀ ਮਨੁੱਖੀ ਹੱਕਾਂ ਤੋਂ ਵੱਖਰਾ ਸੀ। ਜਿਥੇ, ਅਮਲ ਵਿੱਚ, ਪਿਛਲੇਰੇ ਕੇਵਲ ਹਾਕਮ ਸ਼੍ਰੇਣੀ, ਬੁਰਜੂਆਜ਼ੀ, ਤੱਕ ਹੀ ਸੀਮਤ ਰਹੇ —ਪਸਿਤੀ ਸ਼੍ਰੇਣੀ, ਪ੍ਰੋਲੇਤਾਰੀ ਸਿੱਧੀ ਜਾਂ ਅਣਸਿੱਧੀ ਤਰ੍ਹਾਂ ਇਹਨਾਂ ਤੋਂ ਵੰਚਿਤ ਰਹੀ— ਇਤਿਹਾਸ ਦਾ ਵਿਅੰਗ ਇਥੇ ਇੱਕ ਵਾਰ ਫੇਰ ਆਪਣਾ ਪ੍ਰਭਾਵ ਵਿਖਾਉਂਦਾ ਹੈ। ਹਾਕਮ ਸ਼੍ਰੇਣੀਆਂ ਉੱਤੇ ਜਾਣੇ ਪਛਾਣੇ ਆਰਥਕ ਪ੍ਰਭਾਵਾਂ ਦਾ ਗ਼ਲਬਾ ਰਹਿੰਦਾ ਹੈ ਅਤੇ ਇਸੇ ਲਈ, ਕੇਵਲ ਛੋਟ ਦੇ ਤੌਰ 'ਤੇ ਹੀ ਇਹ ਸੱਚ-ਮੁੱਚ ਸਵੈ-ਇੱਛਕ ਵਿਆਹਾਂ ਦੀ ਆਗਿਆ ਦੇ ਸਕਦੀ ਹੈ; ਪਰ ਜਿਹਾ ਕਿ ਅਸੀਂ ਵੇਖਿਆ ਹੈ ਇਹ ਦਬਾਈ ਗਈ ਸ਼੍ਰੇਣੀ ਵਿੱਚ ਇਹ ਨੇਮ ਹਨ।

ਵਿਆਹ ਵਿੱਚ ਪੂਰਨ ਆਜ਼ਾਦੀ ਤਾਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਜਦੋਂ ਸਰਮਾਏਦਾਰ ਉਤਪਾਦਨ ਅਤੇ ਇਹਦੇ ਵੱਲੋਂ ਸਿਰਜੇ ਜਾਇਦਾਦ ਦੇ ਸਬੰਧਾਂ ਦਾ ਅੰਤ ਉਹਨਾਂ

---

* ਮਰਦ ਦਾ ਹੱਕ। **—ਸੰਪਾ.**

** ਇਸਤਰੀ ਦਾ ਹੱਕ। **—ਸੰਪਾ.**

ਸਭਨਾਂ ਦੁਜੈਲੇ ਆਰਥਕ ਵਿਚਾਰਾਂ ਦਾ ਅੰਤ ਕਰ ਦੇਵੇਗਾ ਜਿਹੜੇ ਅਜੇ ਤੱਕ ਸਾਥੀ ਦੀ ਚੋਣ ਉਤੇ ਇੰਨਾਂ ਬਲਵਾਨ ਅਸਰ ਪਾਉਂਦੇ ਹਨ। ਫੇਰ ਪ੍ਰਸਪਰ ਪਿਆਰ ਤੋਂ ਬਿਨਾਂ ਕੋਈ ਮੰਤਵ ਨਹੀਂ ਰਹਿ ਜਾਂਦਾ।

ਕਿਉਂਕਿ ਲਿੰਗ ਪਿਆਰ ਆਪਣੇ ਖ਼ਾਸੇ ਕਾਰਨ ਹੀ ਨਿਸ਼ੇਧਕ ਹੈ—ਭਾਵੇਂ ਅੱਜ ਇਹ ਨਿਸ਼ੇਧ ਕੇਵਲ ਇਸਤਰੀਆਂ ਵਿੱਚ ਹੀ ਪ੍ਰਾਪਤ ਕੀਤਾ ਗਿਆ ਹੈ—ਸੋ ਲਿੰਗ ਪਿਆਰ ਉੱਤੇ ਆਧਾਰਤ ਵਿਆਹ ਆਪਣੇ ਖ਼ਾਸੇ ਕਾਰਨ ਹੀ ਇੱਕ-ਪਤੀ ਇੱਕ-ਪਤਨੀ ਵਿਆਹ ਹੈ। ਅਸੀਂ ਵੇਖਿਆ ਹੈ ਕਿ ਜਦੋਂ ਉਹਨੇ ਟੋਲੀ ਵਿਆਹ ਤੋਂ ਵਿਅਕਤੀਗਤ ਵਿਆਹ ਵੱਲ ਤਬਦੀਲੀ ਨੂੰ ਇਸਤਰੀਆਂ ਦਾ ਕੰਮ ਸਮਝਿਆ ਤਾਂ ਬਾਖ਼ੋਫ਼ੇਨ ਕਿੰਨਾਂ ਠੀਕ ਸੀ; ਕੇਵਲ ਜੋੜੇ ਵਿਆਹ ਤੋਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਵੱਲ ਤਬਦੀਲੀ ਮਰਦਾਂ ਦੇ ਖਾਤੇ ਵਿੱਚ ਪਾਈ ਜਾ ਸਕਦੀ ਹੈ ਅਤੇ ਇਤਿਹਾਸਕ ਤੌਰ ਨੇ, ਇਹਦਾ ਤੱਤ ਲਾਜ਼ਮੀ ਤੌਰ 'ਤੇ ਇਸਤਰੀਆਂ ਦੀ ਪ੍ਰਸਥਿਤੀ ਖ਼ਰਾਬ ਕਰਨਾ ਅਤੇ ਮਰਦਾਂ ਵੱਲੋਂ ਬੇਵਫ਼ਾਈ ਸੌਖੀ ਬਣਾਉਣਾ ਸੀ। ਉਹਨਾਂ ਆਰਥਕ ਵਿਚਾਰਾਂ ਦੇ ਖ਼ਤਮ ਹੋਣ ਨਾਲ਼ ਜਿਹੜੇ ਇਸਤਰੀਆਂ ਨੂੰ ਮਰਦਾਂ ਵੱਲੋਂ ਰਿਵਾਇਤੀ ਬੇਵਫ਼ਾਈ ਸਹਾਰਨ 'ਤੇ ਮਜਬੂਰ ਕਰਦੇ ਸਨ —ਆਪਣੇ ਗੁਜ਼ਾਰੇ ਸਬੰਧੀ ਅਤੇ ਇਸ ਤੋਂ ਵੀ ਵੱਧ ਆਪਣੇ ਬੱਚਿਆਂ ਦੇ ਭਵਿੱਖ ਸਬੰਧੀ ਫ਼ਿਕਰ— ਜਿਹੜੀ ਬਰਾਬਰੀ ਪ੍ਰਾਪਤ ਹੋਵੇਗੀ, ਸਾਰੇ ਪਿਛਲੇ ਅਨੁਭਵ ਤੋਂ ਨਿਰਣਾ ਕਰਦੇ ਹੋਏ ਉਹਦਾ ਸਿੱਟਾ ਮਰਦਾਂ ਦਾ ਸੱਚ-ਮੁੱਚ ਵਧੇਰੇ ਇੱਕ-ਪਤਨੀ ਪ੍ਰਥਾ 'ਤੇ ਚਲਣਾ ਹੋਵੇਗਾ ਅਤੇ ਇਸਤਰੀਆਂ ਦਾ ਬਹੁ-ਕੰਤੀ ਪ੍ਰਥਾ 'ਤੇ ਚੱਲਣਾ ਨਹੀਂ।

ਪਰ, ਇੱਕ-ਪਤੀ ਇੱਕ-ਪਤਨੀ ਪ੍ਰਥਾ ਵਿਚੋਂ ਜੋ ਕੁੱਝ ਨਿਸ਼ਚੇ ਹੀ ਲੋਪ ਹੋ ਜਾਵੇਗਾ ਉਹ ਇਹਦੇ ਸਾਰੇ ਉਹ ਲਛਣ ਹਨ ਜਿਨ੍ਹਾਂ ਦੀ ਇਹਦੇ ਜਾਇਦਾਦ ਦੇ ਸਬੰਧਾਂ ਵਿਚੋਂ ਉਭਰਨ ਕਾਰਨ ਇਹਦੇ ਉੱਤੇ ਛਾਪ ਲੱਗੀ ਹੈ। ਇਹ ਹਨ, ਪਹਿਲੇ, ਮਰਦ ਦਾ ਗ਼ਲਬਾ, ਅਤੇ ਦੂਜੇ, ਵਿਆਹ ਦਾ ਅਟੁੱਟ ਹੋਣਾ। ਵਿਆਹ ਵਿੱਚ ਮਰਦ ਦਾ ਗ਼ਲਬਾ ਕੇਵਲ ਉਹਦੇ ਆਰਥਕ ਗ਼ਲਬੇ ਦਾ ਸਿੱਟਾ ਹੈ ਅਤੇ ਇਹਦੇ ਨਾਲ਼ ਹੀ ਇਹ ਆਪਣੇ ਆਪ ਲੋਪ ਹੋ ਜਾਵੇਗਾ। ਵਿਆਹ ਦਾ ਅਟੁੱਟ ਹੋਣਾ ਜੁਜ਼ਵੀ ਤੌਰ 'ਤੇ ਉਹਨਾਂ ਆਰਥਕ ਪ੍ਰਸਥਿਤੀਆਂ ਦਾ ਸਿੱਟਾ ਹੈ ਜਿਨ੍ਹਾਂ ਅਧੀਨ ਇੱਕ-ਪਤੀ ਇੱਕ-ਪਤਨੀ ਪ੍ਰਥਾ ਹੋਂਦ ਵਿੱਚ ਆਈ ਅਤੇ ਜੁਜ਼ਵੀ ਤੌਰ 'ਤੇ ਉਸ ਸਮੇਂ ਤੋਂ ਚਲੀ ਆ ਰਹੀ ਰਵਾਇਤ ਹੈ ਜਦੋਂ ਆਰਥਕ ਪ੍ਰਸਥਿਤੀਆਂ ਅਤੇ ਇੱਕ-ਪਤੀ ਇੱਕ-ਪਤਨੀ ਪ੍ਰਥਾ ਵਿਚਕਾਰ ਸਬੰਧ ਠੀਕ ਤਰ੍ਹਾਂ ਸਮਝਿਆ ਨਹੀਂ ਸੀ ਗਿਆ ਅਤੇ ਧਰਮ ਨੇ ਇਹਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਸੀ। ਅੱਜ ਇਹ ਹਜ਼ਾਰ ਵਾਰ ਤੋੜੀ ਜਾ ਚੁੱਕੀ ਹੈ। ਜੇ ਕੇਵਲ ਪਿਆਰ ਉੱਤੇ ਆਧਾਰਤ ਵਿਆਹ ਸਦਾਚਾਰਕ ਹੈ ਤਾਂ ਕੇਵਲ ਉਹ ਵਿਆਹ ਸਦਾਚਾਰਕ ਹਨ ਜਿਨ੍ਹਾਂ ਵਿੱਚ ਪਿਆਰ ਕਾਇਮ ਰਹਿੰਦਾ ਹੈ। ਵਿਅਕਤੀਗਤ ਲਿੰਗ ਪਿਆਰ ਦੇ ਸਥਿਰ ਰਹਿਣ ਦਾ ਸਮਾਂ ਵਿਅਕਤੀ-ਵਿਅਕਤੀ ਲਈ ਬਹੁਤ ਵੱਖ ਵੱਖ ਹੁੰਦਾ ਹੈ, ਵਿਸ਼ੇਸ਼ ਤੌਰ 'ਤੇ ਮਰਦਾਂ ਵਿੱਚ ਅਤੇ ਸਪਸ਼ਟ ਤੌਰ 'ਤੇ ਪਿਆਰ ਦਾ ਅੰਤ ਜਾਂ ਇਹਦੀ ਥਾਂ ਇੱਕ ਨਵੇਂ ਵੇਗਮਈ ਪਿਆਰ ਵੱਲੋਂ ਲੈ ਲੈਣਾ, ਵਿਛੋੜੇ ਨੂੰ ਦੋਹਾਂ ਧਿਰਾਂ ਲਈ ਵੀ ਅਤੇ ਸਮਾਜ ਲਈ ਵੀ

ਇੱਕ ਨਿਆਮਤ ਬਣਾ ਦੇਂਦਾ ਹੈ। ਲੋਕ ਕੇਵਲ ਤਲਾਕ ਦੀ ਅਦਾਲਤੀ ਕਾਰਵਾਈ ਦੀ ਜਿੱਲ੍ਹਣ ਵਿਚੋਂ ਲੰਘਣੋਂ ਬਚ ਜਾਣਗੇ।

ਸੋ, ਸਰਮਾਏਦਾਰ ਉਤਪਾਦਨ ਦੇ ਨੇੜੇ ਆਏ ਅੰਤ ਪਿਛੋਂ ਲਿੰਗ ਸਬੰਧਾਂ ਦੇ ਨੇਮਬਧ ਹੋਣ ਸਬੰਧੀ ਅਸੀਂ ਇਸ ਸਮੇਂ ਜੋ ਕੁੱਝ ਚਿਤਵ ਸਕਦੇ ਹਾਂ ਉਹ ਨਾਂਹ-ਪੱਖੀ ਖ਼ਾਸੇ ਵਾਲ਼ਾ ਹੈ, ਵਧੇਰੇ ਉਸ ਤੱਕ ਸੀਮਤ ਹੈ ਕਿ ਕੀ ਲੋਪ ਹੋ ਜਾਵੇਗਾ। ਪਰ ਇਸ ਵਿੱਚ ਕਿਸ ਸ਼ੈਅ ਦਾ ਵਾਧਾ ਹੋਵੇਗਾ ? ਇਹਦਾ ਨਿਰਣਾ ਉਦੋਂ ਹੋਵੇਗਾ ਜਦੋਂ ਇੱਕ ਨਵੀਂ ਪੀੜ੍ਹੀ ਪ੍ਰਵਾਨ ਚੜ੍ਹ ਚੁੱਕੀ ਹੋਵੇਗੀ: ਮਰਦਾਂ ਦੀ ਇੱਕ ਅਜਿਹੀ ਪੀੜ੍ਹੀ ਜਿਨ੍ਹਾਂ ਨੂੰ ਆਪਣੇ ਸਾਰੇ ਜੀਵਨ ਵਿੱਚ ਕਦੇ ਕਿਸੇ ਇਸਤਰੀ ਦੇ ਹੇਠਾਂ ਪੈਣ ਨੂੰ ਪੈਸੇ ਜਾਂ ਸਮਾਜੀ ਸ਼ਕਤੀ ਦੇ ਕਿਸੇ ਹੋਰ ਸਾਧਨ ਰਾਹੀਂ ਖ਼ਰੀਦਣ ਦਾ ਅਵਸਰ ਨਹੀਂ ਮਿਲਿਆ ਹੋਵੇਗਾ ਅਤੇ ਇਸਤਰੀਆਂ ਦੀ ਜਿਹੜੀਆਂ ਸੱਚੇ ਪਿਆਰ ਤੋਂ ਬਿਨਾਂ ਕਿਸੇ ਹੋਰ ਕਾਰਨ ਕਦੀ ਕਿਸੇ ਮਰਦ ਦੇ ਹੇਠ ਨਹੀਂ ਪਈਆਂ ਹੋਣਗੀਆਂ ਜਾਂ ਜਿਨ੍ਹਾਂ ਨੂੰ ਆਰਥਿਕ ਸਿੱਟਿਆਂ ਦੇ ਡਰ ਕਾਰਨ ਆਪਣੇ ਆਪ ਨੂੰ ਆਪਣੇ ਪਿਆਰੇ ਦੇ ਹਵਾਲੇ ਕਰਨੋਂ ਸੰਕੋਚ ਕਰਨਾ ਪਿਆ ਹੋਵੇ। ਜਦੋਂ ਇੱਕ ਵਾਰ ਅਜਿਹੇ ਲੋਕ ਹੋਂਦ ਵਿੱਚ ਆ ਜਾਣਗੇ ਉਹ ਇਸ ਗੱਲ ਦੀ ਰੰਚਕ ਮਾਤਰ ਪਰਵਾਹ ਨਹੀਂ ਕਰਨਗੇ ਕਿ ਅੱਜ ਅਸੀਂ ਕੀ ਸੋਚਦੇ ਹਾਂ ਉਹ ਕੀ ਕਰਨਗੇ। ਉਹ ਆਪਣੇ ਅਮਲ ਸਥਾਪਤ ਕਰਨਗੇ ਅਤੇ ਉਹਦੇ ਨਾਲ਼ ਮੇਲ ਖਾਂਦੀ, ਹਰ ਵਿਅਕਤੀ ਦੇ ਅਮਲ ਉੱਤੇ ਆਧਾਰਤ ਆਪਣੀ ਲੋਕ ਰਾਏ ਸਥਾਪਤ ਕਰਨਗੇ —ਅਤੇ ਬਸ।

ਇਚਰ ਆਓ ਅਸੀਂ ਮਾਰਗਨ ਵੱਲ ਮੁੜੀਏ ਜਿਸ ਤੋਂ ਅਸੀਂ ਚੋਖੇ ਕੁਰਾਹੇ ਚਲੇ ਗਏ ਹਾਂ। ਜਿਹੜੀਆਂ ਸਮਾਜੀ ਸੰਸਥਾਵਾਂ ਸੱਭਿਅਤਾ ਦੇ ਸਮੇਂ ਵਿੱਚ ਵਿਕਸਤ ਹੋਈਆਂ ਉਹਨਾਂ ਇਤਿਹਾਸਕ ਖੋਜ ਇਸ ਪੁਸਤਕ ਦੇ ਖੇਤਰ ਤੋਂ ਬਾਹਰੀ ਹੈ। ਇਹਦੇ ਸਿੱਟੇ ਵਜੋਂ ਉਹ ਆਪਣੇ ਸਮੇਂ ਵਿੱਚ ਇੱਕ-ਪਤੀ ਇੱਕ-ਪਤਨੀ ਪ੍ਰਥਾ ਵੱਲ ਬਹੁਤ ਘੱਟ ਧਿਆਨ ਦੇਂਦਾ ਹੈ। ਉਹ ਵੀ ਇੱਕ-ਪਤੀ ਇੱਕ-ਪਤਨੀ ਟੱਬਰ ਦੇ ਵਿਕਾਸ ਨੂੰ ਇੱਕ ਉੱਨਤੀ ਸਮਝਦਾ ਹੈ, ਜਿਹੜੀ ਦੋਹਾਂ ਸੈਕਸਾਂ ਦੀ ਮੁਕੰਮਲ ਬਰਾਬਰੀ ਦੇ ਨੇੜੇ ਅਪੜਦੀ ਹੈ, ਪਰ ਇਹ ਸੋਚੇ ਬਿਨਾਂ ਕਿ ਇਹ ਬਰਾਬਰੀ ਪ੍ਰਾਪਤ ਕਰ ਲਈ ਗਈ ਹੈ। ਪਰ ਉਹ ਕਹਿੰਦਾ ਹੈ:

> "ਜਦੋਂ ਇਹ ਤੱਥ ਪ੍ਰਵਾਨ ਕੀਤਾ ਜਾਂਦਾ ਹੈ ਕਿ ਟੱਬਰ ਵਾਰੋ ਵਾਰੀ ਚਾਰ ਰੂਪਾਂ ਵਿੱਚੋਂ ਲੰਘਿਆ ਹੈ ਅਤੇ ਹੁਣ ਪੰਜਵੇਂ ਰੂਪ ਵਿੱਚ ਹੈ, ਇਹ ਪ੍ਰਸ਼ਨ ਇੱਕ ਦਮ ਉੱਠਦਾ ਹੈ ਕਿ ਕੀ ਭਵਿੱਖ ਵਿੱਚ ਇਹ ਰੂਪ ਸਥਾਈ ਹੋ ਸਕਦਾ ਹੈ ? ਇਹਦਾ ਜਿਹੜਾ ਇੱਕੋ ਇੱਕ ਉੱਤਰ ਦਿੱਤਾ ਜਾ ਸਕਦਾ ਹੈ ਉਹ ਹੈ ਕਿ ਸਮਾਜ ਦੀ ਉਨਤੀ ਦੇ ਨਾਲ਼ ਹੀ ਨਾਲ਼ ਇਹਨੂੰ ਵੀ ਉੱਨਤੀ ਕਰਨੀ ਚਾਹੀਦੀ ਹੈ ਅਤੇ ਸਮਾਜ ਦੇ ਬਦਲਣ ਨਾਲ਼ ਬਦਲਣਾ ਚਾਹੀਦਾ ਹੈ, ਐਨ ਉਸੇ ਤਰ੍ਹਾਂ ਜਿਵੇਂ ਇਹਨੇ ਬੀਤੇ ਵਿੱਚ ਕੀਤਾ। ਇਹ ਇੱਕ ਸਮਾਜੀ ਪ੍ਰਣਾਲੀ ਦੀ ਉਪਜ ਹੈ ਅਤੇ ਇਹਦੇ ਸਭਿਆਚਾਰ ਨੂੰ ਪ੍ਰਤਿਬਿੰਬਤ ਕਰੇਗਾ। ਜਿਵੇਂ ਇੱਕ-ਪਤੀ ਇੱਕ-ਪਤਨੀ ਟੱਬਰ ਸੱਭਿਅਤਾ ਦੇ ਮੁੱਢ ਤੋਂ ਬਹੁਤ ਚੰਗੇਰਾ ਹੋਇਆ ਹੈ ਅਤੇ ਨਵੀਨ ਯੁੱਗ ਵਿੱਚ ਬਹੁਤ ਹੋਸ਼ਮੰਦ ਢੰਗ ਨਾਲ਼ ਸੁਧਰਿਆ ਹੈ, ਘੱਟੋ ਘੱਟ ਇਹ ਕਲਪਨਾ ਕੀਤੀ ਜਾ

ਸਕਦੀ ਹੈ ਕਿ ਇਹ ਹੋਰ ਸੁਧਾਰ ਦੇ ਯੋਗ ਹੈ, ਇਥੋਂ ਤੱਕ ਕਿ ਦੋਹਾਂ ਸੈਕਸਾਂ ਦੀ ਬਰਾਬਰੀ ਪ੍ਰਾਪਤ ਹੋ ਜਾਵੇਗੀ। ਜੇ ਦੁਰਾਡੇ ਭਵਿੱਖ ਵਿੱਚ ਇੱਕ-ਪਤੀ ਇੱਕ-ਪਤਨੀ ਟੱਬਰ ਸਮਾਜ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਸਫ਼ਲ ਰਹੇ ਤਾਂ ਇਹਦੇ ਵਾਰਸ ਦਾ ਖ਼ਾਸਾ ਅਗਾਊਂ ਦਸ ਸਕਣਾ ਅਸੰਭਵ ਹੈ।"

# III

# ਇਰਾਕੁਈ ਗੋਤ

ਹੁਣ ਅਸੀਂ ਮਾਰਗਨ ਦੀ ਇੱਕ ਹੋਰ ਲੱਭਤ ਵੱਲ ਆਉਂਦੇ ਹਾਂ, ਜਿਹੜੀ ਘੱਟੋ ਘੱਟ ਉਨੀ ਹੀ ਮਹੱਤਵ-ਪੂਰਨ ਹੈ ਜਿੰਨਾਂ ਸਹਿਗੋਤਰਤਾ ਦੀਆਂ ਪ੍ਰਣਾਲੀਆਂ ਤੋਂ ਟੱਬਰ ਦੇ ਆਦਿ-ਕਾਲੀਨ ਰੂਪ ਨੂੰ ਮੁੜ-ਘੜਨਾ। ਇਸ ਤੱਥ ਦਾ ਪ੍ਰਗਟਾਅ ਕਿ ਅਮਰੀਕੀ ਇੰਡੀਅਨ ਕਬੀਲੇ ਵਿੱਚ consanguinei (ਸਹਿਗੋਤ ਲੋਕਾਂ) ਦੇ ਸਮੂਹ, ਜਿਨ੍ਹਾਂ ਨੂੰ ਜਾਨਵਰਾਂ ਦੇ ਨਾਂ ਦਿੱਤੇ ਜਾਂਦੇ ਹਨ ਆਪਣੇ ਤੱਤ ਵਿੱਚ ਯੂਨਾਨੀ genea (ਗੋਤ) ਅਤੇ ਰੋਮਨਾਂ ਦੇ gentes (ਗੋਤਾਂ) ਨਾਲ਼ ਸਗਵੇਂ ਹਨ; ਕਿ ਅਮਰੀਕੀ ਗੋਤ ਗੋਤ ਦਾ ਆਦਿ ਰੂਪ ਹਨ ਅਤੇ ਯੂਨਾਨੀ ਅਤੇ ਰੋਮ ਦਾ ਉਸ ਤੋਂ ਮਗਰਲਾ, ਵਿਉਤਪਤ ਰੂਪ ਹੈ; ਆਦਿ-ਕਾਲੀਨ ਸਮੇਂ ਦੇ ਯੂਨਾਨੀਆਂ ਅਤੇ ਰੋਮਨਾਂ ਦੀ ਸਮੁੱਚੀ ਸਮਾਜੀ ਜਥੇਬੰਦੀ ਦਾ ਗੋਤ, ਬਰਾਦਰੀ ਅਤੇ ਕਬੀਲੇ ਸਮੇਤ ਅਮਰੀਕੀ ਇੰਡੀਅਨਾਂ ਵਿੱਚ ਇੰਨ ਬਿੰਨ ਅਤੇ ਸਮਾਨ ਮਿਲਦਾ ਹੈ; ਕਿ (ਜਿਥੋਂ ਤੱਕ ਹੁਣ ਤੱਕ ਪ੍ਰਾਪਤ ਵਾਕਫ਼ੀ ਦੇ ਸੋਮੇ ਜਾਂਦੇ ਹਨ) ਗੋਤ ਇੱਕ ਅਜਿਹੀ ਸੰਸਥਾ ਹੈ ਜਿਹੜੀ ਸਭਨਾਂ ਜਾਹਲਾਂ ਵਿੱਚ ਸੱਭਿਅਤਾ ਵਿੱਚ ਪ੍ਰਵੇਸ਼ ਕਰਨ ਤੱਕ ਅਤੇ ਉਸ ਤੋਂ ਪਿੱਛੋਂ ਵੀ ਸਾਂਝੀ ਹੈ —ਇਸ ਵਿਆਖਿਆ ਨੇ ਇੱਕੋ ਸੱਟੇ ਅਤਿ-ਅੰਤ ਮੁੱਢਲੇ ਯੂਨਾਨੀ ਅਤੇ ਰੋਮਨ ਇਤਿਹਾਸ ਦੇ ਸਭ ਤੋਂ ਵੱਧ ਔਖੇ ਹਿੱਸੇ ਸਪਸ਼ਟ ਕਰ ਦਿੱਤੇ। ਇਹਦੇ ਨਾਲ਼ ਹੀ ਨਾਲ਼ ਇਹਨੇ ਆਦਿ-ਕਾਲੀਨ ਸਮੇਂ ਦੀ ਸਮਾਜੀ ਬਣਤਰ—**ਰਾਜ** ਦੇ ਆਦਿ ਤੋਂ ਪਹਿਲਾਂ— ਦੇ ਬੁਨਿਆਦੀ ਲੱਛਣਾਂ ਉੱਤੇ ਆਕਸਮਿਕ ਚਾਨਣ ਪਾਇਆ ਹੈ। ਜਦੋਂ ਮਨੁੱਖ ਇਹਨੂੰ ਜਾਣ ਲੈਂਦਾ ਹੈ ਤਾਂ ਇਹ ਭਾਵੇਂ ਕਿੰਨਾਂ ਸਾਦਾ ਕਿਉਂ ਨਾ ਜਾਪੇ—ਪਰ ਮਾਰਗਨ ਨੇ ਇਹਨੂੰ ਅਜੇ ਬਹੁਤ ਥੋੜ੍ਹਾ ਸਮਾਂ ਪਹਿਲਾਂ ਹੀ ਲੱਭਿਆ। ਆਪਣੀ ਇਸ ਤੋਂ ਪਹਿਲੀ ਕਿਰਤ ਵਿੱਚ, ਜਿਹੜੀ 1871* ਵਿੱਚ ਛਪੀ, ਉਹ ਅਜੇ ਇਸ ਭੇਤ ਨੂੰ ਪਕੜ ਨਹੀਂ ਸੀ ਸਕਿਆ, ਜਿਸ ਦੀ ਉਸ ਤੋਂ ਪਿੱਛੋਂ ਦੀ ਲੱਭਤ ਨੇ ਆਮ ਤੌਰ 'ਤੇ ਇੰਨੇ ਭਰੋਸੇ ਵਾਲ਼ੇ ਅੰਗ੍ਰੇਜ਼ ਪੂਰਬ-ਇਤਿਹਾਸਕਾਰਾਂ ਨੂੰ ਕੁੱਝ ਸਮੇਂ ਲਈ ਚੂਹੇ ਵਾਂਗ ਚੁੱਪ ਕਰਵਾ ਦਿੱਤਾ।

ਲਾਤੀਨੀ ਸ਼ਬਦ gens, ਜਿਹੜਾ ਮਾਰਗਨ ਸਹਿਗੋਤ ਲੋਕਾਂ ਦੇ ਆਮ ਬਿਆਨ ਲਈ ਵਰਤਦਾ ਹੈ, ਆਪਣੇ ਯੂਨਾਨੀ ਸਮਾਨ genos ਵਾਂਗ ਆਰੀਆ ਆਦਿ gan ਤੋਂ ਉਪਜਿਆ ਹੈ (ਜਰਮਨ ਵਿੱਚ ਜਿਥੇ ਆਰੀਆ g ਨੇਮ ਅਨੁਸਾਰ k ਬਣ ਜਾਂਦਾ ਹੈ ਇਹ kan ਹੈ), ਜਿਸ ਦੇ ਅਰਥ ਹਨ ਪੈਦਾ ਕਰਨਾ। Gens (ਗੈਨਸ), genos (ਗੈਨੋਸ), ਸੰਸਕ੍ਰਿਤ

* ਵੇਖੋ ਹਥਲੀ ਪੁਸਤਕ, ਪੰਨਾ 16। **—ਸੰਪਾ.**

ਜਨਸ, ਗਾਥਿਕ kuni (ਕੁਨੀ, ਉੱਪਰ ਦੱਸੇ ਨੇਮ ਅਨੁਸਾਰ), ਪ੍ਰਾਚੀਨ ਨਾਰਡਿਕ ਅਤੇ ਐਂਗਲੋ-ਸੈਕਸਨ kyn (ਕੁਇਨ), ਅੰਗ੍ਰੇਜ਼ੀ kin (ਕਿਨ), ਦਰਮਿਆਨੇ ਸਮੇਂ ਦਾ ਉੱਚ ਜਰਮਨ kunne (ਕੂਨੇ), ਸਭ ਇੱਕੋ ਤਰ੍ਹਾਂ ਰਿਸ਼ਤੇਦਾਰੀ ਉਤਪਤੀ ਪ੍ਰਗਟ ਕਰਦੇ ਹਨ। ਪਰ, ਲਾਤੀਨੀ ਵਿੱਚ gens ਅਤੇ ਯੂਨਾਨੀ ਵਿੱਚ genos ਸਹਿਗੋਤ ਲੋਕਾਂ ਦੇ ਉਹਨਾਂ ਸਮੂਹਾਂ ਲਈ ਵਰਤੇ ਜਾਂਦੇ ਹਨ ਜਿਹੜੇ ਸਾਂਝੀ ਉਤਪਤੀ (ਇਸ ਹਾਲਤ ਇੱਕ ਸਾਂਝੇ ਨਰ ਵਡੇਰੇ ਤੋਂ) ਮੰਨਦੇ ਹਨ ਅਤੇ ਜਿਹੜੇ ਕੁੱਝ ਸਮਾਜੀ ਅਤੇ ਧਾਰਮਿਕ ਸੰਸਥਾਵਾਂ ਰਾਹੀਂ ਇੱਕ ਵਿਸ਼ੇਸ਼ ਭਾਈਚਾਰੇ ਵਿੱਚ ਜੁੜੇ ਹੋਏ ਹਨ, ਪਰ, ਜਿਸਦਾ ਆਦਿ ਅਤੇ ਖ਼ਾਸਾ, ਹੁਣ ਤੱਕ ਸਾਡੇ ਸਭਨਾਂ ਇਤਿਹਾਸਕਾਰਾਂ ਲਈ ਅਸਪਸ਼ਟ ਰਿਹਾ ਸੀ।

ਅਸੀਂ ਪਿੱਛੇ, ਪੁਨਾਲੁਆਲਨ ਟੱਬਰ ਦੇ ਸਬੰਧ ਵਿੱਚ, ਵੇਖ ਚੁੱਕੇ ਹਨ ਕਿ ਗੋਤ ਆਪਣੇ ਆਦਿ ਰੂਪ ਵਿੱਚ ਕਿਵੇਂ ਹੋਂਦ ਵਿੱਚ ਆਉਂਦਾ ਹੈ। ਇਸ ਵਿੱਚ ਉਹ ਸਭ ਲੋਕ ਸ਼ਾਮਲ ਹੁੰਦੇ ਹਨ, ਜਿਹੜੇ ਪੁਨਾਲੁਆਲਨ ਵਿਆਹ ਕਾਰਨ ਅਤੇ ਉਸ ਅੰਦਰ ਲਾਜ਼ਮੀ ਤੌਰ ’ਤੇ ਪ੍ਰਧਾਨ ਵਿਚਾਰਾਂ ਦੇ ਅਨੁਸਾਰ, ਇੱਕ ਸਪਸ਼ਟ ਵਿਅਕਤੀਗਤ ਵਡੇਰੀ, ਗੋਤ ਦਾ ਆਦਿ ਕਰਨ ਵਾਲ਼ੀ ਦੀ, ਔਲਾਦ ਹਨ ਕਿਉਂਕਿ ਟੱਬਰ ਦੇ ਇਸ ਰੂਪ ਵਿੱਚ ਪਿੱਤਰਤਾਈ ਅਸਪਸ਼ਟ ਹੁੰਦੀ ਹੈ, ਕੇਵਲ ਮਦੀਨ ਲੀਹ ਹੀ ਜਾਇਜ਼ ਹੁੰਦੀ ਹੈ ਕਿਉਂਕਿ ਭਰਾ ਆਪਣੀਆਂ ਭੈਣਾਂ ਨਾਲ਼ ਵਿਆਹ ਨਹੀਂ ਕਰ ਸਕਦੇ ਸਗੋਂ ਕੇਵਲ ਵੱਖਰੀ ਲੀਹ ਦੀਆਂ ਇਸਤਰੀਆਂ ਨਾਲ਼ ਹੀ ਵਿਆਹ ਕਰ ਸਕਦੇ ਹਨ, ਇਸ ਲਈ ਅਜਿਹੀਆਂ ਇਸਤਰੀਆਂ ਤੋਂ ਪੈਦਾ ਹੋਏ ਬੱਚੇ, ਮਾਤਰੀ ਹੱਕ ਅਨੁਸਾਰ, ਗੋਤ ਤੋਂ ਬਾਹਰ ਰਹਿੰਦੇ ਹਨ। ਸੋ, ਹਰ ਪੀੜ੍ਹੀ ਵਿੱਚ ਕੇਵਲ **ਧੀਆਂ** ਦੀ ਔਲਾਦ ਹੀ ਸਾਕੇਦਾਰੀ ਦੇ ਘੇਰੇ ਵਿੱਚ ਰਹਿੰਦੀ ਹੈ, ਜਿਥੇ ਕਿ ਪੁੱਤਰਾਂ ਦੀ ਔਲਾਦ ਆਪਣੀਆਂ ਮਾਵਾਂ ਦੇ ਗੋਤਾਂ ਵਿੱਚ ਚਲੀ ਜਾਂਦੀ ਹੈ। ਤਾਂ ਫੇਰ ਜਦੋਂ ਇੱਕ ਵਾਰ ਸਹਿਗੋਤ ਟੋਲੀ ਆਪਣੇ ਆਪ ਨੂੰ ਕਬੀਲੇ ਦੇ ਅੰਦਰ ਅਜਿਹੀਆਂ ਹੀ ਹੋਰ ਟੋਲੀਆਂ ਦੇ ਮੁਕਾਬਲੇ ਉੱਤੇ ਵਖਰੀ ਟੋਲੀ ਦੇ ਰੂਪ ਵਿੱਚ ਰੂਪਮਾਨ ਕਰ ਲੈਂਦੀ ਹੈ ਤਾਂ ਇਹਦੇ ਨਾਲ਼ ਕੀ ਵਾਪਰਦੀ ਹੈ?

ਮਾਰਗਨ ਇਰਾਕੁਈਆਂ, ਖ਼ਾਸ ਤੌਰ ’ਤੇ ਸੈਨੇਕਾ ਕਬੀਲੇ ਦੀ, ਗੋਤ ਦੇ ਕਲਾਸਿਕੀ ਰੂਪ ਵਜੋਂ ਮਿਸਾਲ ਲੈਂਦਾ ਹੈ। ਉਹਨਾਂ ਦੇ ਅੱਠ ਗੋਤ ਹਨ; ਜਿਨ੍ਹਾਂ ਦੇ ਨਾਂ ਹੇਠ ਲਿਖੇ ਜਾਨਵਰਾਂ ਦੇ ਨਾਵਾਂ ’ਤੇ ਰੱਖੇ ਗਏ ਹਨ: (1) ਬਘਿਆੜ; (2) ਰਿੱਛ; (3) ਕੱਛੂ-ਕੁਮਾ; (4) ਊਦ-ਬਿਲਾ; (5) ਹਿਰਨ; (6) ਚਹਾ; (7) ਬਗਲਾ; (8) ਬਾਜ਼। ਹਰ ਗੋਤ ਵਿੱਚ ਹੇਠ ਲਿਖਿਆ ਰਿਵਾਜ ਪ੍ਰਚਲਤ ਹੈ:

1. ਇਹ ਆਪਣਾ ਸੈਚੇਮ (ਅਮਨ ਦੇ ਦਿਨਾਂ ਵਿੱਚ ਮੁਖੀ) ਅਤੇ ਮੁਖੀ (ਯੁੱਧ ਵਿਚ ਮੁਖੀ) ਚੁਣਦਾ ਹੈ। ਸੈਚੇਮ ਗੋਤ ਦੇ ਵਿਚੋਂ ਚੁਣਿਆ ਜਾਣਾ ਲਾਜ਼ਮੀ ਸੀ ਅਤੇ ਇਹ ਗੋਤ ਦੇ ਅੰਦਰ ਇਹਨਾਂ ਅਰਥਾਂ ਵਿੱਚ ਜੱਦੀ ਸੀ ਕਿ ਜਿਉਂ ਹੀ ਇਹ ਪਦ ਖ਼ਾਲੀ ਹੁੰਦਾ, ਇਹਨੂੰ ਇੱਕ ਦਮ ਭਰਨਾ ਲਾਜ਼ਮੀ ਸੀ। ਯੁੱਧ ਦਾ ਮੁਖੀ ਗੋਤ ਤੋਂ ਬਾਹਰੋਂ ਵੀ ਚੁਣਿਆ ਜਾ ਸਕਦਾ ਸੀ ਅਤੇ ਕਈ ਸਮੇਂ ਇਹ ਪਦਵੀ ਖ਼ਾਲੀ ਰਹਿ ਸਕਦੀ ਸੀ। ਪਿਛਲੇ ਸੈਚੇਮ ਦਾ ਪੁੱਤਰ ਕਦੀ ਉਹਦੀ ਥਾਂ ਨਾ ਲੈਂਦਾ ਕਿਉਂਕਿ ਇਰਾਕੁਈਆਂ ਵਿੱਚ ਮਾਤਰੀ ਹੱਕ ਪ੍ਰਚਲਤ ਸੀ ਅਤੇ ਇਸ ਲਈ,

ਪੁੱਤਰ ਵਖਰੇ ਗੋਤ ਦਾ ਹੁੰਦਾ ਸੀ। ਪਰ ਉਹਦਾ ਭਰਾ ਜਾਂ ਭੈਣ ਦਾ ਪੁੱਤਰ ਅਕਸਰ ਚੁਣੇ ਜਾਂਦੇ ਸਨ। ਚੋਣ ਵਿੱਚ ਸਭੋ ਵੋਟ ਦੇਂਦੇ—ਮਰਦ ਅਤੇ ਇਸਤਰੀਆਂ ਦੋਵੇਂ। ਪਰ ਚੋਣ ਦੀ ਬਾਕੀ ਦੇ ਸਤਾਂ ਗਣਾਂ ਵੱਲੋਂ ਤਸਦੀਕ ਕੀਤੀ ਜਾਣੀ ਜ਼ਰੂਰੀ ਸੀ ਅਤੇ ਉਸ ਤੋਂ ਪਿੱਛੋਂ ਹੀ ਚੁਣੇ ਹੋਏ ਮਨੁੱਖ ਨੂੰ ਰਸਮੀ ਤੌਰ ’ਤੇ ਪਦ ਉੱਤੇ ਲਾਇਆ ਜਾਂਦਾ, ਇਹ ਕੰਮ ਸਮੁੱਚੇ ਇਰਾਕੁਈ ਸੰਘ ਦੀ ਆਮ ਪ੍ਰੀਸ਼ਦ ਕਰਦੀ। ਇਹਦੀ ਮਹੱਤਤਾ ਅੱਗੇ ਜਾ ਕੇ ਸਪਸ਼ਟ ਹੋ ਜਾਵੇਗੀ। ਗੋਤ ਦੇ ਅੰਦਰ ਸੈਚੇਮ ਦਾ ਅਧਿਕਾਰ ਖ਼ਾਲਸ ਪਿੱਤਰੀ ਅਤੇ ਸਦਾਚਾਰਕ ਕਿਸਮ ਦਾ ਹੁੰਦਾ ਸੀ। ਉਹਦੇ ਕੋਲ਼ ਜਬਰ ਦੇ ਕੋਈ ਸਾਧਨ ਨਹੀਂ ਸਨ ਹੁੰਦੇ। ਉਹ ਆਪਣੇ ਪਦ ਕਾਰਨ ਸੈਨੇਕਾਵਾਂ ਦੀ ਕਬਾਇਲੀ ਪ੍ਰੀਸ਼ਦ ਦਾ ਅਤੇ ਸਭਨਾਂ ਇਰਾਕੁਈਆਂ ਦੇ ਸੰਘ ਦੀ ਪ੍ਰੀਸ਼ਦ ਦਾ ਵੀ ਮੈਂਬਰ ਸੀ। ਯੁੱਧ ਦਾ ਮੁਖੀ ਕੇਵਲ ਯੁੱਧ ਸਮੇਂ ਹੀ ਹੁਕਮ ਦੇ ਸਕਦਾ ਸੀ।

2. ਗੋਤ ਸੈਚੇਮ ਅਤੇ ਯੁੱਧ ਦੇ ਮੁਖੀ ਨੂੰ ਆਪਣੀ ਮਰਜ਼ੀ ਨਾਲ਼ ਹਟਾ ਸਕਦਾ ਸੀ। ਇਹ ਕੰਮ ਵੀ ਮਰਦ ਅਤੇ ਇਸਤਰੀਆਂ ਰਲ ਕੇ ਕਰਦੇ। ਇਸ ਤੋਂ ਪਿਛੋਂ ਹਟਾਏ ਗਏ ਦਾ ਦਰਜਾ ਆਮ ਯੋਧੇ ਦਾ ਅਤੇ ਨਿੱਜੀ ਵਿਅਕਤੀ ਦਾ ਹੋ ਜਾਂਦਾ ਹੈ। ਕਬੀਲੇ ਦੀ ਪ੍ਰੀਸ਼ਦ ਵੀ ਸੈਚੇਮ ਨੂੰ ਹਟਾ ਸਕਦੀ ਹੈ, ਇਥੋਂ ਤੱਕ ਕਿ ਗੋਤ ਦੀ ਇੱਛਾ ਦੇ ਵਿਰੁੱਧ ਵੀ।

3. ਕਿਸੇ ਵਿਅਕਤੀ ਨੂੰ ਗੋਤ ਦੇ ਅੰਦਰ ਵਿਆਹ ਕਰਨ ਦੀ ਆਗਿਆ ਨਹੀਂ। ਇਹ ਗੋਤ ਦਾ ਬੁਨਿਆਦੀ ਨੇਮ, ਉਹ ਕੜੀ ਹੈ ਜਿਹੜੀ ਇਹਨੂੰ ਜੋੜੀ ਰੱਖਦੀ ਹੈ; ਇਹ ਅਤਿ-ਅੰਤ ਹਾਂ-ਪੱਖੀ ਖ਼ੂਨ ਦੇ ਰਿਸ਼ਤੇ ਦਾ ਨਾਂਹ-ਪੱਖੀ ਪ੍ਰਗਟਾਅ ਹੈ ਜਿਸ ਰਾਹੀਂ ਇਹਦੇ ਨਾਲ਼ ਸਬੰਧਤ ਵਿਅਕਤੀ ਸੱਚ ਮੁੱਚ ਗੋਤ ਬਣਦੇ ਹਨ। ਇਸ ਸਾਦੇ ਤੱਥ ਦੀ ਲੱਭਤ ਰਾਹੀਂ ਮਾਰਗਨ ਨੇ ਪਹਿਲੀ ਵਾਰ ਗੋਤ ਦੇ ਖ਼ਾਸੇ ਨੂੰ ਪ੍ਰਗਟ ਕੀਤਾ। ਉਸ ਸਮੇਂ ਤੱਕ ਗੋਤ ਦੀ ਕਿੰਨੀ ਥੋੜ੍ਹੀ ਸਮਝ ਸੀ ਉਹ ਵਹਿਸ਼ੀਆਂ ਅਤੇ ਜਾਹਲਾਂ ਸਬੰਧੀ ਇਸ ਤੋਂ ਪਹਿਲਾਂ ਦੀਆਂ ਖ਼ਬਰਾਂ ਤੋਂ ਪਤਾ ਲਗਦਾ ਹੈ ਜਿਨ੍ਹਾਂ ਵਿੱਚ ਗੋਤਰੀ ਜਥੇਬੰਦੀ ਨੂੰ ਅਗਿਆਨਤਾ ਨਾਲ਼ ਅਤੇ ਬਿਨਾਂ ਸੋਚ ਸਮਝ ਕੇ ਕਬੀਲਾ, ਕੁਟੰਬ, ਥੁੰਮ, ਆਦਿ ਕਿਹਾ ਗਿਆ ਹੈ ਅਤੇ ਜਿਨ੍ਹਾਂ ਸਬੰਧੀ ਕਦੀ ਕਦੀ ਦਾਅਵਾ ਕੀਤਾ ਜਾਂਦਾ ਹੈ ਕਿ ਅਜਿਹੇ ਕਿਸੇ ਵੀ ਸਮੂਹ ਦੇ ਅੰਦਰ ਵਿਆਹ ਦੀ ਮਨਾਹੀ ਹੈ। ਇਹਨੇ ਅਜਿਹੀ ਨਿਰਾਸ਼ਾ ਭਰੀ ਗੜ ਬੜ ਨੂੰ ਜਨਮ ਦਿੱਤਾ, ਜਿਸ ਵਿੱਚ ਸ਼੍ਰੀ ਮੈਕਲੇਨਨ ਨੈਪੋਲੀਅਨ ਵਾਂਗ ਦਖ਼ਲ ਦੇ ਸਕਦਾ ਸੀ: ਅਤੇ ਆਪਣੇ ਹੁਕਮ ਰਾਹੀਂ ਪ੍ਰਬੰਧ ਕਾਇਮ ਕਰ ਸਕਦਾ ਸੀ: ਸਭ ਕਬੀਲੇ ਵੰਡ ਦਿੱਤੇ ਗਏ ਉਹਨਾਂ ਵਿੱਚ ਜਿਨ੍ਹਾਂ ਦੇ ਅੰਦਰ ਵਿਆਹ ਦੀ ਇਜਾਜ਼ਤ ਨਹੀਂ (ਗੋਤਾਂਤਰ) ਅਤੇ ਜਿਨ੍ਹਾਂ ਦੇ ਅੰਦਰ ਵਿਆਹ ਦੀ ਇਜਾਜ਼ਤ ਹੈ(ਸਗੋਤਰ) ਅਤੇ ਇਉਂ ਮਾਮਲੇ ਵਿੱਚ ਪੂਰੀ ਤਰ੍ਹਾਂ ਰੋਲ਼ ਘਚੋਲਾ ਪੈਦਾ ਕਰਕੇ ਉਹ ਇਸ ਸਬੰਧੀ ਅਤਿ-ਅੰਤ ਡੂੰਘੀ ਖੋਜ ਵਿੱਚ ਲਗ ਸਕਦਾ ਸੀ ਕਿ ਇਹਨਾਂ ਦੋ ਵਾਹੀਆਤ ਕਿਸਮਾਂ ਵਿਚੋਂ ਕਿਹੜੀ ਪੁਰਾਣੀ ਹੈ, ਗੋਤਾਂਤਰਤਾ ਕਿ ਸਗੋਤਰਤਾ। ਖ਼ੂਨ ਦੇ ਰਿਸ਼ਤੇ ਉਤੇ ਆਧਾਰਤ ਗੋਤ ਅਤੇ ਇਹਦੇ ਸਿੱਟੇ ਵਜੋਂ ਇਹਦੇ ਵਿਅਕਤੀਆਂ ਵਿਚਕਾਰ ਵਿਆਹ ਦੀ ਅਸੰਭਵਤਾ ਦੀ ਲੱਭਤ ਤੋਂ ਪਿਛੋਂ ਇਹ ਬਕਵਾਸ ਆਪਣੇ ਆਪ ਖ਼ਤਮ ਹੋ ਗਈ। ਇਹ ਸਪਸ਼ਟ ਹੈ ਕਿ ਅਸੀਂ ਇਰਾਕੁਈਆਂ ਨੂੰ ਜਿਸ ਪੜਾਅ ਉੱਤੇ ਵੇਖਦੇ ਹਾਂ ਉੱਤੇ ਗੋਤ ਦੇ ਅੰਦਰ ਵਿਆਹ ਦੀ ਪਾਬੰਦੀ

ਕਰਨ ਵਾਲ਼ੇ ਨੇਮ ਉੱਤੇ ਅਤਿ-ਅੰਤ ਕਰੜਾਈ ਨਾਲ਼ ਅਮਲ ਕੀਤਾ ਜਾਂਦਾ ਹੈ।

4. ਮ੍ਰਿਤਕਾਂ ਦੀ ਜਾਇਦਾਦ ਗੋਤ ਦੇ ਬਾਕੀ ਜੀਆਂ ਵਿੱਚ ਵੰਡ ਦਿੱਤੀ ਜਾਂਦੀ ਸੀ —ਇਹਦਾ ਗੋਤ ਦੇ ਅੰਦਰ ਰਹਿਣਾ ਲਾਜ਼ਮੀ ਸੀ। ਇੱਕ ਇਰਾਕੁਈ ਜਿਹੜਾ ਨਿਗੂਣਾ ਜਿਹਾ ਵਿਰਸਾ ਛੱਡਦਾ ਹੈ ਉਹਦਾ ਤਰਕਾ ਗੋਤ ਦੇ ਅੰਦਰ ਉਹਦੇ ਸਭ ਤੋਂ ਨੇੜਵੇਂ ਰਿਸ਼ਤੇਦਾਰਾਂ ਵਿੱਚ ਵੰਡ ਦਿੱਤਾ ਜਾਂਦਾ ਹੈ: ਜਦੋਂ ਕੋਈ ਮਰਦ ਮਰਦਾ ਹੈ ਤਾਂ ਉਹਦੇ ਸਕੇ ਭਰਾਵਾਂ ਅਤੇ ਭੈਣਾਂ ਅਤੇ ਉਹਦੇ ਮਾਮਿਆਂ ਵਿੱਚ; ਜਦੋਂ ਕੋਈ ਇਸਤਰੀ ਮਰਦੀ ਹੈ ਤਾਂ ਉਹਦੇ ਬੱਚਿਆਂ ਅਤੇ ਸਕੀਆਂ ਭੈਣਾਂ ਵਿੱਚ, ਪਰ ਭਰਾਵਾਂ ਵਿੱਚ ਨਹੀਂ। ਇਸੇ ਲਈ ਪਤੀ ਅਤੇ ਪਤਨੀ ਲਈ ਇੱਕ ਦੂਜੇ ਤੋਂ ਵਿਰਸਾ ਪ੍ਰਾਪਤ ਕਰਨਾ ਅਸੰਭਵ ਹੈ ਅਤੇ ਇਹੋ ਕਾਰਨ ਹੈ ਕਿ ਬੱਚੇ ਆਪਣੇ ਪਿਤਾ ਤੋਂ ਵਿਰਸਾ ਪ੍ਰਾਪਤ ਨਹੀਂ ਕਰ ਸਕਦੇ।

5. ਇੱਕ ਦੂਜੇ ਨੂੰ ਸਹਾਇਤਾ ਅਤੇ ਰੱਖਿਆ ਦੇਣਾ ਅਤੇ ਵਿਸ਼ੇਸ਼ ਤੌਰ ’ਤੇ ਬਾਹਰ ਦਿਆਂ ਵੱਲੋਂ ਪੁਚਾਏ ਨੁਕਸਾਨ ਦਾ ਬਦਲਾ ਲੈਣ ਵਿੱਚ ਸਹਾਇਤਾ ਦੇਣਾ ਗੋਤ ਦੇ ਜੀਆਂ ਲਈ ਲਾਜ਼ਮੀ ਹੈ। ਵਿਅਕਤੀ ਆਪਣੀ ਸੁਰਖਿਆ ਲਈ ਗੋਤ ਦੀ ਰੱਖਿਆ ’ਤੇ ਟੇਕ ਰੱਖ ਸਕਦਾ ਸੀ ਅਤੇ ਰੱਖਦਾ ਸੀ। ਜੋ ਕੋਈ ਉਹਨੂੰ ਨੁਕਸਾਨ ਪੁਚਾਉਂਦਾ ਉਹ ਸਾਰੇ ਗੋਤ ਨੂੰ ਨੁਕਸਾਨ ਪੁਚਾਉਂਦਾ। ਇਸ ਤੋਂ—ਗੋਤ ਦੇ ਖ਼ੂਨ ਦੇ ਰਿਸ਼ਤੇ ਤੋਂ ਕਸਾਸ ਦੀ ਜ਼ਿਮੇਵਾਰੀ ਪੈਦਾ ਹੋਈ ਜਿਹੜੀ ਇਰਾਕੁਈ ਨਿਸ਼ਚੇ ਹੀ ਪ੍ਰਵਾਨ ਕਰਦੇ ਸਨ। ਜੋ ਕੋਈ ਅਜਿਹਾ ਮਨੁੱਖ ਜਿਹੜਾ ਕਿਸੇ ਗੋਤ ਦਾ ਜੀਅ ਨਾ ਹੁੰਦਾ ਕਿਸੇ ਅਜਿਹੇ ਮਨੁੱਖ ਨੂੰ ਕਤਲ ਕਰ ਦੇਂਦਾ ਜਿਹੜਾ ਗੋਤ ਦਾ ਜੀਅ ਹੁੰਦਾ ਤਾਂ ਉਸ ਸਾਰੇ ਗੋਤ ਲਈ ਜਿਸਦਾ ਉਹ ਜੀਅ ਸੀ ਇਹ ਲਾਜ਼ਮੀ ਸੀ ਕਿ ਉਹ ਖ਼ੂਨ ਦਾ ਬਦਲਾ ਲਵੇ। ਪਹਿਲਾਂ ਸੁਲ੍ਹਾ ਸਫ਼ਾਈ ਕਰਾਉਣ ਦਾ ਯਤਨ ਕੀਤਾ ਜਾਂਦਾ। ਕਾਤਲ ਦੇ ਗੋਤ ਦੀ ਪ੍ਰੀਸ਼ਦ ਦੀ ਇੱਕ ਇਕੱਤਰਤਾ ਹੁੰਦੀ ਅਤੇ ਮ੍ਰਿਤਕ ਦੇ ਗੋਤ ਦੀ ਪ੍ਰੀਸ਼ਦ ਅੱਗੇ ਮਾਮਲੇ ਦੇ ਸੁਲਹ ਸਫ਼ਾਈ ਨਾਲ਼ ਹੱਲ ਕਰਨ ਦੀ ਤਜਵੀਜ਼ ਪੇਸ਼ ਕੀਤੀ ਜਾਂਦੀ —ਵਧੇਰੇ ਕਰਕੇ ਅਫ਼ਸੋਸ ਦੇ ਪ੍ਰਗਟਾਅ ਅਤੇ ਚੋਖੇ ਮੁੱਲ ਦੀਆਂ ਸੁਗਾਤਾਂ ਦੇ ਰੂਪ ਵਿੱਚ। ਜੇ ਇਹ ਕਬੂਲ ਕਰ ਲਏ ਜਾਂਦੇ ਤਾਂ ਮਾਮਲਾ ਹੱਲ ਹੋ ਜਾਂਦਾ। ਜੇ ਨਹੀਂ ਤਾਂ ਰੰਞਾਣਾ ਗੋਤ ਇੱਕ ਜਾਂ ਦੋ ਬਦਲਾ ਲੈਣ ਵਾਲ਼ੇ ਮੁਕੱਰਰ ਕਰਦਾ ਜਿਨ੍ਹਾਂ ਦਾ ਇਹ ਫ਼ਰਜ਼ ਸੀ ਕਿ ਉਹ ਕਾਤਲ ਦਾ ਪਿੱਛਾ ਕਰਨ ਅਤੇ ਉਹਨੂੰ ਕਤਲ ਕਰਨ। ਜੇ ਇਹ ਕੰਮ ਪੂਰਾ ਹੋ ਜਾਂਦਾ ਤਾਂ ਪਿਛਲੇਰੇ ਦੇ ਗੋਤ ਨੂੰ ਸ਼ਿਕਾਇਤ ਕਰਨ ਦਾ ਕੋਈ ਹੱਕ ਨਹੀਂ ਸੀ, ਇਹ ਸਮਝਿਆ ਜਾਂਦਾ ਸੀ ਕਿ ਮਾਮਲਾ ਨਿਪਟਾ ਲਿਆ ਗਿਆ ਹੈ।

6. ਗੋਤ ਦੇ ਸਪਸ਼ਟ ਨਾਂ ਜਾਂ ਨਾਵਾਂ ਦੀ ਲੜੀ ਹੁੰਦੀ ਹੈ ਅਤੇ ਸਾਰੇ ਕਬੀਲੇ ਵਿੱਚ ਕੇਵਲ ਉਹਨੂੰ ਹੀ ਇਹ ਨਾਂ ਵਰਤਣ ਦਾ ਅਧਿਕਾਰ ਹੈ, ਸੋ ਕਿਸੇ ਵਿਅਕਤੀ ਦਾ ਨਾਂ ਵੀ ਉਸ ਗੋਤ ਦਾ ਪ੍ਰਤੀਕ ਹੈ ਜਿਸ ਵਿਚੋਂ ਉਹ ਹੈ। ਗੋਤਰੀ ਨਾਂ ਦੇ ਨਾਲ਼ ਹੀ ਨਾਲ਼ ਆਪਣੇ ਆਪ ਗੋਤਰੀ ਹੱਕ ਵੀ ਹਨ।

7. ਗੋਤ ਓਪਰਿਆਂ ਨੂੰ ਆਪਣੇ ਵਿੱਚ ਸ਼ਾਮਲ ਕਰ ਸਕਦਾ ਹੈ ਅਤੇ ਇਉਂ ਸਮੁੱਚੇ ਕਬੀਲੇ ਵਿੱਚ ਸ਼ਾਮਲ ਕਰ ਸਕਦਾ ਹੈ। ਜਿਹੜੇ ਜੰਗੀ ਕੈਦੀਆਂ ਨੂੰ ਕਤਲ ਨਹੀਂ ਕੀਤਾ ਜਾਂਦਾ

ਉਹ ਇੱਕ ਗੋਤ ਵਿੱਚ ਸ਼ਾਮਲ ਕੀਤੇ ਜਾਣ ਰਾਹੀਂ ਸੈਨੇਕਾ ਕਬੀਲੇ ਵਿੱਚ ਸ਼ਾਮਲ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਪੂਰੇ ਕਬਾਇਲੀ ਅਤੇ ਗੋਤਰੀ ਹੱਕ ਮਿਲ ਜਾਂਦੇ ਹਨ। ਸ਼ਮੂਲੀ ਗੋਤ ਦੇ ਵਿਅਕਤੀਗਤ ਜੀਆਂ ਦੀ ਬੇਨਤੀ ਉੱਤੇ ਹੁੰਦੀ ਹੈ—ਮਰਦ ਓਪਰੇ ਨੂੰ ਆਪਣੇ ਭਰਾ ਜਾਂ ਭੈਣ ਦਾ ਰਿਸ਼ਤਾ ਦੇਂਦੇ ਹਨ, ਇਸਤਰੀਆਂ ਬੱਚੇ ਦਾ। ਤਸਦੀਕ ਲਈ ਗੋਤ ਵਿੱਚ ਰਸਮੀ ਸ਼ਮੂਲੀ ਲਾਜ਼ਮੀ ਹੈ। ਜਿਹੜੇ ਗੋਤਾਂ ਦੀ ਗਿਣਤੀ ਬਹੁਤ ਘੱਟ ਗਈ ਹੁੰਦੀ ਸੀ ਉਹਨਾਂ ਦੀ ਗਿਣਤੀ ਵਿੱਚ ਦੂਜੇ ਗੋਤਾਂ ਤੋਂ, ਉਹਨਾਂ ਗੋਤਾਂ ਦੀ ਮਰਜ਼ੀ ਨਾਲ਼, ਸਮੂਹਕ ਪੱਧਰ ਉੱਤੇ ਸ਼ਮੂਲੀ ਰਾਹੀਂ ਵਾਧਾ ਕੀਤਾ ਜਾਂਦਾ ਸੀ। ਇਰਾਕੁਈਆਂ ਵਿੱਚ ਗੋਤ ਵਿੱਚ ਸ਼ਮੂਲੀ ਦੀ ਰਸਮ ਕਬੀਲੇ ਦੀ ਪ੍ਰੀਸ਼ਦ ਦੀ ਸਰਵਜਨਕ ਇਕੱਤਰਤਾ ਵਿੱਚ ਪੂਰੀ ਕੀਤੀ ਜਾਂਦੀ ਸੀ, ਜਿਹੜਾ ਇਹਨੂੰ ਲੱਗ ਭਗ ਇੱਕ ਧਾਰਮਿਕ ਰਸਮ ਬਣਾ ਦੇਂਦਾ।

8. ਇੰਡੀਅਨ ਗੋਤਾਂ ਵਿੱਚ ਵਿਸ਼ੇਸ਼ ਧਾਰਮਿਕ ਰਸਮਾਂ ਸਾਬਤ ਕਰਨਾ ਔਖਾ ਹੋਵੇਗਾ —ਪਰ ਇਹਦੇ ਬਾਵਜੂਦ ਇੰਡੀਅਨਾਂ ਦੀਆਂ ਧਾਰਮਿਕ ਰਸਮਾਂ ਦਾ ਵੱਧ ਜਾਂ ਘੱਟ ਗੋਤਾਂ ਨਾਲ਼ ਸਬੰਧ ਹੈ। ਇਰਾਕੁਈਆਂ ਵਿੱਚ ਉਹਨਾਂ ਦੀਆਂ ਛੇ ਸਾਲਾਨਾ ਧਾਰਮਿਕ ਰਸਮਾਂ ਸਮੇਂ ਵਿਕੋਲਤ੍ਰੇ ਗੋਤਾਂ ਦੇ ਸੈਚੇਮ ਅਤੇ ਯੁੱਧ ਦੇ ਮੁਖੀ ਆਪਣੀ ਪਦਵੀ ਕਾਰਨ "ਧਰਮ ਦੇ ਰਾਖਿਆਂ" ਵਿੱਚੋਂ ਗਿਣੇ ਜਾਂਦੇ ਸਨ ਅਤੇ ਪੁਜਾਰੀਆਂ ਵਾਲ਼ੇ ਕੰਮ ਕਰਦੇ।

9. ਗੋਤ ਦਾ ਇੱਕ ਸਾਂਝਾ ਕਬਰਿਸਤਾਨ ਹੁੰਦਾ ਹੈ। ਨਿਊਯਾਰਕ ਰਾਜ ਦੇ ਇਰਾਕੁਈਆਂ ਦਾ, ਜਿਨ੍ਹਾਂ ਨੂੰ ਗੋਰੇ ਲੋਕਾਂ ਨੇ ਘੇਰ ਲਿਆ ਹੈ, ਕਬਰਿਸਤਾਨ ਲੋਪ ਹੋ ਗਿਆ ਹੈ, ਪਰ ਪਹਿਲੀਆਂ ਵਿੱਚ ਇਹਦੀ ਹੋਂਦ ਸੀ। ਹੋਰਨਾਂ ਇੰਡੀਅਨ ਕਬੀਲਿਆਂ, ਮਿਸਾਲ ਵਜੋਂ, ਤੁਸਕਾਰੋਰਾਓਆਂ ਵਿੱਚ, ਜਿਹੜਾ ਇਰਾਕੁਈਆਂ ਨਾਲ਼ ਨੇੜਵੀਂ ਤਰ੍ਹਾਂ ਸਬੰਧਤ ਕਬੀਲਾ ਹੈ, ਇਹਦੀ ਹੋਂਦ ਹੈ ਅਤੇ ਭਾਵੇਂ ਉਹ ਈਸਾਈ ਹੋ ਗਏ ਹਨ, ਉਹਨਾਂ ਦੇ ਕਬਰਿਸਤਾਨ ਵਿੱਚ ਹਰ ਗੋਤ ਲਈ ਇੱਕ ਕਤਾਰ ਹੁੰਦੀ ਹੈ ਅਤੇ ਮਾਂ ਉਸੇ ਕਤਾਰ ਵਿੱਚ ਦਫ਼ਨਾਈ ਜਾਂਦੀ ਹੈ ਜਿਸ ਵਿੱਚ ਉਸਦੇ ਬੱਚੇ ਪਰ ਪਿਤਾ ਉੱਥੇ ਨਹੀਂ ਦਫ਼ਨਾਇਆ ਜਾਂਦਾ ਅਤੇ ਇਰਾਕੁਈਆਂ ਵਿੱਚ ਵੀ ਗੋਤ ਦੇ ਸਾਰੇ ਜੀਅ ਨੜੋਏ 'ਤੇ ਮਾਤਮ ਕਰਦੇ ਹਨ, ਕਬਰ ਤਿਆਰ ਕਰਦੇ ਹਨ, ਮਾਤਮੀ ਤਕਰੀਰਾਂ ਕਰਦੇ ਹਨ, ਇਤਿ-ਆਦਿ।

10. ਗੋਤ ਦੀ ਇੱਕ ਪ੍ਰੀਸ਼ਦ ਹੁੰਦੀ ਹੈ, ਗੋਤ ਦੇ ਸਭਨਾਂ ਬਾਲਗ਼ ਨਰ ਅਤੇ ਮਦੀਨ ਜੀਆਂ ਦਾ ਜਮਹੂਰੀ ਇਕੱਠ ਜਿਸ ਵਿੱਚ ਹਰ ਇੱਕ ਨੂੰ ਸਮਾਨ ਅਧਿਕਾਰ ਪ੍ਰਾਪਤ ਹੁੰਦਾ ਹੈ। ਇਹ ਪ੍ਰੀਸ਼ਦ ਸੈਚੇਮਾਂ ਅਤੇ ਯੁੱਧ ਦੇ ਮੁਖੀਆਂ ਅਤੇ ਬਾਕੀ ਦੇ "ਧਰਮ ਦੇ ਰਾਖਿਆਂ" ਨੂੰ ਚੁਣਦੀ ਅਤੇ ਹਟਾਉਂਦੀ, ਇਹ ਗੋਤ ਦੇ ਕਤਲ ਹੋਏ ਜੀਆਂ ਲਈ ਪ੍ਰਾਸ਼ਚਿਤੀ ਸੁਗ਼ਾਤਾਂ (ਖ਼ੂੰਬਹਾ) ਜਾਂ ਕਸਾਸ ਸਬੰਧੀ ਫ਼ੈਸਲਾ ਕਰਦੀ। ਇਹ ਓਪਰਿਆਂ ਨੂੰ ਗੋਤ ਵਿੱਚ ਸ਼ਾਮਲ ਕਰਦੀ। ਮੁੱਕਦੀ ਗੱਲ ਇਹ ਗੋਤ ਵਿੱਚ ਸਰਵਉੱਚ ਸ਼ਕਤੀ ਸੀ।

ਇਹ ਹਨ ਕਿ ਮਿਸਾਲੀ ਇੰਡੀਅਨ ਗੋਤ ਦੇ ਕਾਰਜ।

"ਕਿਸੇ ਇਰਾਕੁਈ ਗੋਤ ਦੇ ਸਾਰੇ ਜੀਅ ਨਿੱਜੀ ਤੌਰ 'ਤੇ ਆਜ਼ਾਦ ਸਨ ਅਤੇ ਉਹਨਾਂ ਲਈ ਇੱਕ ਦੂਜੇ ਦੀ ਆਜ਼ਾਦੀ ਦੀ ਰੱਖਿਆ ਕਰਨਾ ਲਾਜ਼ਮੀ ਸੀ;

ਇਹ ਵਿਸ਼ੇਸ ਅਧਿਕਾਰਾਂ ਅਤੇ ਨਿੱਜੀ ਹੱਕਾਂ ਵਿੱਚ ਸਾਂਵੇਂ ਸਨ ਅਤੇ ਸੈਚੇਮ ਅਤੇ ਮੁਖੀ ਕਿਸੇ ਤਰ੍ਹਾਂ ਦੀ ਉੱਚਤਾ ਦਾ ਦਾਅਵਾ ਨਹੀਂ ਸਨ ਕਰਦੇ ਅਤੇ ਉਹ ਇੱਕ ਅਜਿਹੀ ਬਰਾਦਰੀ ਸਨ ਜਿਹੜੀ ਖ਼ੂਨ ਦੇ ਰਿਸ਼ਤੇ ਰਾਹੀਂ ਆਪੋ ਵਿੱਚ ਜੁੜੀ ਹੋਈ ਸੀ। ਆਜ਼ਾਦੀ, ਭਾਈਚਾਰ ਅਤੇ ਬਰਾਬਰੀ, ਭਾਵੇਂ ਇਹ ਕਦੀ ਇਸ ਰੂਪ ਵਿੱਚ ਸੂਤਰਬੱਧ ਨਾ ਕੀਤੇ ਗਏ, ਗੋਤ ਦੇ ਆਧਾਰ ਨੇਮ ਸਨ। ਗੋਤ ਸਮਾਜੀ ਪ੍ਣਾਲੀ ਦੀ ਇਕਾਈ ਸੀ, ਉਹ ਨੀਂਹ ਸੀ ਜਿਸ ਉੱਤੇ ਇੰਡੀਅਨ ਸਮਾਜ ਜਥੇਬੰਦ ਕੀਤਾ ਗਿਆ ਸੀ। (ਇਹ) ਸੁਤੰਤਰਤਾ ਅਤੇ ਨਿਜੀ ਮਾਣ ਦੇ ਉਸ ਅਨੁਭਵ ਦੀ ਵਿਆਖਿਆ ਦਾ ਕੰਮ ਕਰਦਾ ਹੈ ਜਿਹੜੇ ਇੰਡੀਅਨ ਆਚਰਣ ਦਾ ਇੱਕ ਵਿਆਪਕ ਲੱਛਣ ਹਨ।"*

ਜਦੋਂ ਉਹਨਾਂ ਦਾ ਪਤਾ ਲੱਗਾ ਉੱਤਰੀ ਅਮਰੀਕਾ ਵਿੱਚ ਇੰਡੀਅਨ ਮਾਤਰੀ ਹੱਕ ਅਨੁਸਾਰ ਗੋਤਾਂ ਵਿੱਚ ਜਥੇਬੰਦ ਸਨ। ਕੇਵਲ ਕੁੱਝ ਕਬੀਲੀਆਂ, ਜਿਵੇਂ ਕਿ ਡਕੋਟਿਆਂ ਵਿੱਚ ਗੋਤ ਗਿਰਾਵਟ ਦੀ ਹਾਲਤ ਵਿੱਚ ਚਲੇ ਗਏ ਸਨ ਅਤੇ ਕੁੱਝ ਹੋਰਨਾਂ, ਜਿਹਾ ਕਿ ਓਜਿਬਵਾ ਅਤੇ ਓਮਾਹਾ, ਪਿੱਤਰੀ ਹੱਕ ਅਨੁਸਾਰ ਜਥੇਬੰਦ ਸਨ।

ਅਨੇਕ ਇੰਡੀਅਨ ਕਬੀਲਿਆਂ ਵਿੱਚ, ਜਿਨ੍ਹਾਂ ਵਿੱਚ ਪੰਜ ਜਾਂ ਛੇ ਤੋਂ ਵੱਧ ਗੋਤ ਹਨ, ਅਸੀਂ ਵੇਖਦੇ ਹਾਂ ਕਿ ਤਿੰਨ, ਚਾਰ ਜਾਂ ਵਧੇਰੇ ਗੋਤ ਇੱਕ ਵਿਸ਼ੇਸ਼ ਟੋਲੀ ਵਿੱਚ ਇਕੱਠੇ ਹੋਏ ਹਨ ਜਿਸਨੂੰ ਮਾਰਗਨ—ਵਫ਼ਾਦਾਰੀ ਨਾਲ਼ ਇੰਡੀਅਨ ਸੰਕੇਤ ਦਾ ਇਹਦੇ ਯੂਨਾਨੀ ਬਰਾਬਰ ਵਿੱਚ ਅਨੁਵਾਦ ਕਰਦਾ ਹੋਇਆ —phratry (ਬਰਾਦਰੀ) ਕਹਿੰਦਾ ਹੈ। ਸੋ ਸੈਨੇਕਾਵਾਂ ਵਿੱਚ ਦੋ ਬਰਾਦਰੀਆਂ ਹਨ , ਪਹਿਲੇ ਵਿੱਚ ਇੱਕ ਤੋਂ ਚਾਰ ਨੰਬਰ ਤੱਕ ਗੋਤ ਹਨ ਅਤੇ ਦੂਜੇ ਵਿੱਚ ਪੰਜ ਤੋਂ ਅੱਠ ਨੰਬਰ ਤੱਕ। ਨੇੜਵੀਂ ਪਰਖ ਤੋਂ ਪਤਾ ਲਗਦਾ ਹੈ ਕਿ ਬਰਾਦਰੀਆਂ, ਮੁੱਖ ਤੌਰ 'ਤੇ, ਉਹ ਆਦਿ ਗੋਤ ਹਨ ਜਿਨ੍ਹਾਂ ਵਿੱਚ ਕਬੀਲਾ ਮੁੱਢ ਵਿੱਚ ਵੰਡਿਆ ਗਿਆ ਕਿਉਂਕਿ ਗੋਤ ਦੇ ਅੰਦਰ ਵਿਆਹ ਉੱਤੇ ਪਾਬੰਦੀ ਤੋਂ ਪਿੱਛੋਂ ਇਹ ਲਾਜ਼ਮੀ ਸੀ ਕਿ ਹਰ ਕਬੀਲੇ ਵਿੱਚ ਘੱਟੋ ਘੱਟ ਦੋ ਗੋਤ ਹੋਣ ਤਾਂ ਜੋ ਉਹ ਸੁਤੰਤਰ ਹੋਂਦ ਦੇ ਯੋਗ ਹੋ ਸਕੇ। ਜਿਉਂ ਜਿਉਂ ਕਬੀਲਾ ਵਧਦਾ ਗਿਆ ਹਰ ਗੋਤ ਅੱਗੋਂ ਹੋਰ ਦੋ ਜਾਂ ਵਧੇਰੇ ਗੋਤਾਂ ਵਿੱਚ ਵੰਡਿਆ ਗਿਆ, ਜਿਨ੍ਹਾਂ ਵਿਚੋਂ ਹਰ ਇੱਕ ਹੁਣ ਇੱਕ ਵੱਖਰਾ ਗੋਤ ਬਣ ਗਿਆ ਅਤੇ ਆਦਿ ਗੋਤ, ਜਿਹੜਾ ਸਾਰੇ ਧੀ ਗੋਤਾਂ ਨੂੰ ਆਪਣੀ ਵਲਗਣ ਵਿੱਚ ਲੈ ਲੈਂਦਾ ਹੈ, ਹੁਣ ਬਰਾਦਰੀ ਦੇ ਰੂਪ ਵਿੱਚ ਜਿਉਂਦਾ ਰਿਹਾ। ਸੈਨੇਕਾਵਾਂ ਅਤੇ ਵਧੇਰੇ ਹੋਰਨਾਂ ਅਮਰੀਕਨ ਇੰਡੀਅਨ ਕਬੀਲਿਆਂ ਵਿੱਚ ਇੱਕ ਬਰਾਦਰੀ ਦੇ ਗੋਤ ਭਰਾ ਗੋਤ ਹਨ ਜਦੋਂ ਕਿ ਦੂਜੀ ਬਰਾਦਰੀ ਦੇ ਗੋਤ ਰਿਸ਼ਤੇ ਦੇ ਭਰਾ ਗੋਤ ਹਨ—ਅਤੇ ਜਿਹਾ ਕਿ ਅਸੀਂ ਵੇਖਿਆ ਹੈ ਅਮਰੀਕਾ ਦੀ ਸਾਕੇਦਾਰੀ ਦੀ ਪ੍ਣਾਲੀ ਵਿੱਚ ਇਹਨਾਂ ਨਾਵਾਂ ਦੀ ਬੜੀ ਅਸਲੀ ਅਤੇ ਪ੍ਗਟਾਊ ਮਹੱਤਤਾ ਹੈ। ਮੁੱਢ ਵਿੱਚ ਕੋਈ ਸੈਨੇਕਾ ਆਪਣੀ ਬਰਾਦਰੀ ਦੇ ਅੰਦਰ ਵਿਆਹ ਨਹੀਂ ਸੀ ਕਰ ਸਕਦਾ; ਪਰ ਇਹ ਪਾਬੰਦੀ ਬੜੇ ਸਮੇਂ ਤੋਂ ਵਿਤੀਤ ਹੋ ਚੁੱਕੀ ਹੈ ਅਤੇ ਹੁਣ ਇਹ ਗੋਤ ਤੱਕ ਹੀ ਸੀਮਤ ਹੈ। ਸੈਨੇਕਾਵਾਂ ਦੀ ਇਹ ਰਿਵਾਇਤ ਸੀ ਕਿ ਰਿੱਛ ਅਤੇ ਹਿਰਨ ਦੋ ਆਦਿ ਗੋਤ ਸਨ, ਬਾਕੀ ਦੇ ਜਿਨ੍ਹਾਂ ਦੀਆਂ ਸ਼ਾਖ਼ਾਂ

* L. H. - Morgan, "Ancient Society", London, 1887. **—ਸੰਪਾ.**

ਹੀ ਹਨ। ਜਦੋਂ ਇੱਕ ਵਾਰ ਨਵੀਂ ਸੰਸਥਾ ਪੱਕੇ ਪੈਰੀਂ ਖੜੀ ਹੋ ਗਈ, ਇਹਦੇ ਵਿੱਚ ਲੋੜ ਅਨੁਸਾਰ ਤਰਮੀਮ ਕਰ ਲਈ ਗਈ। ਤੋਲ ਕਾਇਮ ਰੱਖਣ ਲਈ ਹੋਰਨਾਂ ਬਰਾਦਰੀਆਂ ਤੋਂ ਪੂਰੇ ਗੋਤ ਸਮੇਂ ਸਮੇਂ ਉਹਨਾਂ ਬਰਾਦਰੀਆਂ ਵਿੱਚ ਤਬਦੀਲ ਕਰ ਦਿੱਤੇ ਜਾਂਦੇ ਜਿਥੇ ਗੋਤ ਖ਼ਤਮ ਹੋ ਗਏ ਸਨ। ਇਹੋ ਇੱਕ ਗੱਲ ਦੀ ਵਿਆਖਿਆ ਕਰਦਾ ਹੈ ਕਿ ਅਸੀਂ ਵੱਖ ਵੱਖ ਕਬੀਲਿਆਂ ਦੀਆਂ ਬਰਾਦਰੀਆਂ ਵਿੱਚ ਇਕੋ ਨਾਂ ਦੇ ਗੋਤ ਵੱਖ ਵੱਖ ਟੋਲੀਆਂ ਵਿੱਚ ਵੇਖਦੇ ਹਾਂ।

ਇਰਾਕੁਈਆਂ ਵਿੱਚ ਬਰਾਦਰੀ ਦੇ ਕਾਰਜ ਕੁੱਝ ਹੱਦ ਤੱਕ ਸਮਾਜੀ ਹਨ ਅਤੇ ਕੁੱਝ ਹੱਦ ਤੱਕ ਧਾਰਮਿਕ। 1) ਗੇਂਦ ਦੀ ਖੇਡ ਬਰਾਦਰੀਆਂ ਅਨੁਸਾਰ ਖੇਡੀ ਜਾਂਦੀ ਹੈ; ਹਰ ਬਰਾਦਰੀ ਆਪਣੇ ਸਭ ਤੋਂ ਚੰਗੇ ਖਿਲਾੜੀ ਅੱਗੇ ਪੇਸ਼ ਕਰਦੀ ਹੈ ਅਤੇ ਬਰਾਦਰੀ ਦੇ ਬਾਕੀ ਜੀਅ ਬਰਾਦਰੀ ਅਨੁਸਾਰ ਪਰ੍ਹੇਬੰਦ ਹੋ ਕੇ ਦਰਸ਼ਕ ਹੁੰਦੇ ਹਨ, ਜਿਹੜ ਆਪੋ ਆਪਣੀਆਂ ਧਿਰਾਂ ਸਬੰਧੀ ਇੱਕ ਦੂਜੇ ਵਿਰੁੱਧ ਦਾਅ ਲਾਉਂਦੇ ਹਨ। 2) ਕਬੀਲੇ ਦੀ ਪ੍ਰੀਸ਼ਦ ਵਿੱਚ ਹਰ ਬਰਾਦਰੀ ਦੇ ਸੈਚੇਮ ਅਤੇ ਯੁੱਧ ਦੇ ਮੁਖੀ ਇਕੱਠੇ ਬਹਿੰਦੇ ਹਨ, ਦੋਵੇਂ ਟੋਲੀਆਂ ਇੱਕ ਦੂਜੇ ਦੇ ਆਹਮੋ–ਸਾਹਮਣੇ ਬਹਿੰਦੀਆਂ ਹਨ ਅਤੇ ਹਰ ਵਕਤਾ ਹਰ ਬਰਾਦਰੀ ਦੇ ਪ੍ਰਤਿਨਿਧਾਂ ਨੂੰ ਇੱਕ ਵੱਖ ਸੰਸਥਾ ਵਜੋਂ ਸੰਬੋਧਨ ਕਰਦਾ ਹੈ। 3) ਜੇ ਕਬੀਲੇ ਵਿੱਚ ਕੋਈ ਕਤਲ ਹੋ ਜਾਵੇ ਅਤੇ ਕਾਤਲ ਅਤੇ ਮਕਤੂਲ ਇੱਕੋ ਬਰਾਦਰੀ ਦੇ ਨਾ ਹੋਣ ਤਾਂ ਰੰਞਾਣਾ ਗੋਤ ਅਕਸਰ ਆਪਣੇ ਭਰਾ ਗੋਤਾਂ ਅੱਗੇ ਅਰਜ਼ੋਈ ਕਰਦਾ ਹੈ; ਉਹ ਬਰਾਦਰੀ ਦੀ ਪ੍ਰੀਸ਼ਦ ਦੀ ਇਕਤ੍ਰਤਾ ਕਰਦੇ ਹਨ ਅਤੇ ਦੂਜੀ ਬਰਾਦਰੀ ਨੂੰ ਸਮੂਹਕ ਤੌਰ ’ਤੇ ਸੰਬੋਧਨ ਕਰਦੇ ਹਨ ਅਤੇ ਉਹਨੂੰ ਕਹਿੰਦੇ ਹਨ ਕਿ ਉਹ ਮਾਮਲੇ ਦੇ ਹੱਲ ਲਈ ਪ੍ਰੀਸ਼ਦ ਦੀ ਇਕਤ੍ਰਤਾ ਬੁਲਾਵੇ। ਇਥੇ ਇੱਕ ਵਾਰ ਫੇਰ ਬਰਾਦਰੀ ਆਦਿ ਗੋਤ ਵਜੋਂ ਅਤੇ ਆਪਣੀ ਔਲਾਦ ਵਿਕੋਲਤ੍ਰੇ ਗੋਤ ਨਾਲ਼ੋਂ ਸਫ਼ਲਤਾ ਦੀ ਵਧੇਰੇ ਸੰਭਾਵਨਾ ਨਾਲ਼ ਸਾਹਮਣੇ ਆਉਂਦੀ ਹੈ। 4) ਕਿਸੇ ਮਹੱਤਵ–ਪੂਰਨ ਵਿਅਕਤੀ ਦੀ ਮੌਤ ਹੋਣ ’ਤੇ ਉਹਦੀ ਆਪਣੀ ਬਰਾਦਰੀ ਦੇ ਉਲਟ ਬਰਾਦਰੀ ਨੜੋਏ ਅਤੇ ਦਫ਼ਨ ਕਰਨ ਦੀਆਂ ਰਸਮਾਂ ਦੀ ਜ਼ਿੰਮੇਵਾਰੀ ਸਾਂਭ ਲੈਂਦੀ ਹੈ ਅਤੇ ਮ੍ਰਿਤਕ ਦੀ ਬਰਾਦਰੀ ਸੋਗੀਆਂ ਦੇ ਤੌਰ ’ਤੇ ਨਾਲ਼ ਜਾਂਦੀ ਹੈ। ਜੋ ਕੋਈ ਸੈਚੇਮ ਮਰ ਜਾਵੇ ਤਾਂ ਉਹਦੀ ਬਰਾਦਰੀ ਦੇ ਉਲਟ ਬਰਾਦਰੀ ਇਰਾਕੁਈਆਂ ਦੀ ਸੰਘ ਪ੍ਰੀਸ਼ਦ ਨੂੰ ਉਹਦੀ ਥਾਂ ਖ਼ਾਲੀ ਹੋ ਜਾਣ ਦੀ ਖ਼ਬਰ ਕਰਦੀ ਹੈ। 5) ਬਰਾਦਰੀ ਦੀ ਪ੍ਰੀਸ਼ਦ ਸੈਚੇਮ ਦੀ ਚੋਣ ਸਮੇਂ ਫੇਰ ਸਾਹਮਣੇ ਆਉਂਦੀ ਹੈ। ਭਰਾ ਗੋਤਾਂ ਵੱਲੋਂ ਤਸਦੀਕ ਇੱਕ ਸਾਧਾਰਨ ਮਾਮਲਾ ਸਮਝਿਆ ਜਾਂਦਾ ਹੈ ਪਰ ਹੋ ਸਕਦਾ ਹੈ ਕਿ ਦੂਜੀ ਬਰਾਦਰੀ ਦੇ ਗੋਤ ਵਿਰੋਧਤਾ ਕਰ ਦੇਣ। ਅਜਿਹੀ ਹਾਲਤ ਵਿੱਚ ਬਰਾਦਰੀ ਦੀ ਪ੍ਰੀਸ਼ਦ ਦਾ ਸਮਾਗਮ ਹੁੰਦਾ ਅਤੇ ਜੇ ਉਹ ਵਿਰੋਧ ਦੀ ਹਮਾਇਤ ਕਰਦੀ ਤਾਂ ਚੋਣ ਰੱਦ ਕਰ ਦਿੱਤੀ ਜਾਂਦੀ। 6) ਪਹਿਲੀਆਂ ਵਿੱਚ, ਇਰਾਕੁਈਆਂ ਦੇ ਵਿਸ਼ੇਸ਼ ਧਾਰਮਿਕ ਭੇਤ ਸਨ, ਜਿਨ੍ਹਾਂ ਨੂੰ ਗੋਰੇ ਲੋਕ “ਮੈਡੀਸਨ ਲਾਜ”* ਕਹਿੰਦੇ ਸਨ। ਸੈਨੇਕਾਵਾਂ ਵਿੱਚ ਇਹ ਦੋ ਧਾਰਮਿਕ ਭਰਾਤਰੀਅਤਾਂ, ਹਰ ਬਰਾਦਰੀ ਵਿੱਚੋਂ ਇੱਕ, ਵੱਲੋ ਪੂਰੇ ਕੀਤੇ ਜਾਂਦੇ ਅਤੇ ਨਵੇਂ ਮੈਂਬਰਾਂ ਲਈ ਦਾਖ਼ਲੇ ਦੀ ਬਕਾਇਦਾ ਰਸਮ ਹੁੰਦੀ। 7) ਜਿਹਾ ਕਿ ਲਗ ਭਗ ਯਕੀਨੀ ਹੈ, ਜੇ ਚਾਰ ਲੀਹਾਂ (lineages) (ਰਿਸ਼ਤੇਦਾਰੀ

* ਜਾਦੂ ਭਰੀ ਇਕੱਤਰਤਾ। **—ਸੰਪਾ.**

ਦੀਆਂ ਟੋਲੀਆਂ) ਜਿਹੜੀਆਂ ਜਿੱਤ[25] ਦੇ ਸਮੇਂ ਤਲਾਸਕਾਲਾ ਦੀਆਂ ਚਾਰਾਂ ਨੁੱਕਰਾਂ ਉੱਤੇ ਕਾਬਜ਼ ਸਨ ਚਾਰ ਬਰਾਦਰੀਆਂ ਸਨ, ਤਾਂ ਇਸ ਤੋਂ ਸਾਬਤ ਹੁੰਦਾ ਹੈ ਕਿ ਜਿਵੇਂ ਯੂਨਾਨੀਆਂ ਵਿੱਚ ਅਤੇ ਜਰਮਨਾਂ ਵਿੱਚ ਸਾਕੇਦਾਰੀ ਦੇ ਅਜਿਹੇ ਹੀ ਸਮੂਹਾਂ ਵਿਚਕਾਰ ਸੀ, ਇਹ ਚਾਰ ਬਰਾਦਰੀਆਂ ਸਨ, ਇਹ ਬਰਾਦਰੀਆਂ ਫ਼ੌਜੀ ਇਕਾਈਆਂ ਦਾ ਵੀ ਕੰਮ ਕਰਦੀਆਂ ਸਨ। ਚਾਰੇ ਲੀਹਾਂ ਯੁੱਧ ਵਿੱਚ ਜਾਂਦੀਆਂ, ਹਰ ਇੱਕ ਇਕ ਵੱਖਰੇ ਦਸਤੇ ਦੇ ਰੂਪ ਵਿੱਚ, ਜਿਸਦੀ ਆਪਣੀ ਵਰਦੀ ਅਤੇ ਝੰਡਾ ਹੁੰਦਾ ਅਤੇ ਆਪਣਾ ਨੇਤਾ ਹੁੰਦਾ।

ਜਿਵੇਂ ਕਈ ਗੋਤ ਮਿਲ ਕੇ ਬਰਾਦਰੀ ਬਣਦੇ ਹਨ, ਉਸੇ ਤਰ੍ਹਾਂ ਕਲਾਸਿਕੀ ਰੂਪ ਵਿੱਚ ਕਈ ਬਰਾਦਰੀਆਂ ਮਿਲ ਕੇ ਕਬੀਲਾ ਬਣਦੀਆਂ ਹਨ। ਕਈ ਹਾਲਤਾਂ ਵਿੱਚ ਬਹੁਤ ਕਮਜ਼ੋਰ ਹੋ ਗਏ ਕਬੀਲਿਆਂ ਵਿੱਚ ਦਰਮਿਆਨੀ ਕੜੀ, ਬਰਾਦਰੀ, ਦੀ ਅਣਹੋਂਦ ਹੈ। ਅਮਰੀਕਾ ਦੇ ਇੰਡੀਅਨ ਕਬੀਲੇ ਦੇ ਨਖੇੜਵੇਂ ਲੱਛਣ ਕੀ ਹਨ?

1. ਇਹਦਾ ਆਪਣਾ ਇਲਾਕਾ ਅਤੇ ਆਪਣਾ ਨਾਂ ਹੋਣਾ। ਜਿਸ ਇਲਾਕੇ ਵਿੱਚ ਉਹ ਅਸਲ ਵਿੱਚ ਵਸਿਆ ਹੋਇਆ ਸੀ ਉਸ ਤੋਂ ਬਿਨਾਂ ਹਰ ਕਬੀਲੇ ਕੋਲ਼ ਸ਼ਿਕਾਰ ਅਤੇ ਮੱਛੀਆਂ ਫੜਨ ਲਈ ਚੋਖਾ ਇਲਾਕਾ ਸੀ। ਇਸ ਤੋਂ ਅੱਗੇ ਨਿਰਪੱਖ ਭੋਂ ਦੀ ਚੌੜੀ ਪੱਟੀ ਸੀ ਜਿਹੜੀ ਅਗਲੇ ਕਬੀਲੇ ਦੇ ਇਲਾਕੇ ਤੱਕ ਜਾਂਦੀ; ਜਿਥੇ ਦੋ ਕਬੀਲਿਆਂ ਦੀਆਂ ਬੋਲੀਆਂ ਵਿੱਚ ਸਾਂਝ ਸੀ ਉਥੇ ਇਹ ਨਿਰਪੱਖ ਪੱਟੀ ਮੁਕਾਬਲੇ ’ਤੇ ਨਿੱਕੀ ਸੀ ਜਿਥੇ ਉਹ ਨਹੀਂ ਸੀ ਉੱਥੇ ਇਹ ਵੱਡੀ ਸੀ। ਅਜਿਹੀ ਨਿਰਪੱਖ ਭੋਂ ਜਰਮਨਾਂ ਦਾ ਸਰਹੱਦੀ ਜੰਗਲ ਸੀ, ਉਹ ਉਜਾੜ ਸੀ ਜਿਹੜੀ ਸੀਜ਼ਰ ਦੇ ਸੁਏਵੀਆਂ ਨੇ ਆਪਣੇ ਇਲਾਕੇ ਦੇ ਗਿਰਦ ਪੈਦਾ ਕੀਤੀ, ਡੇਨਾਂ ਅਤੇ ਜਰਮਨਾਂ ਵਿਚਕਾਰ Ósarnholt (ਡੈਨਮਾਰਕ ਦੀ ਬੋਲੀ ਵਿੱਚ jarnved, limes Danicus) ਸੀ, ਜਰਮਨਾਂ ਅਤੇ ਸਲਾਵਾਂ ਵਿਚਕਾਰ ਸੈਕਸਨ ਜੰਗਲ ਅਤੇ branibor (ਸਲਾਵਿਕ ਵਿੱਚ ਜਿਸ ਦੇ ਅਰਥ ਹਨ ਰੱਖਿਅਕ ਜੰਗਲ)— ਜਿਸ ਤੋਂ ਬ੍ਰੈਂਡਨਬਰਗ ਦਾ ਨਾਂ ਪਿਆ ਸੀ। ਇਉਂ ਨਾਕਸ ਢੰਗ ਨਾਲ਼ ਉਲੀਕੀਆਂ ਹੱਦਾਂ ਦੇ ਅੰਦਰ ਦਾ ਇਲਾਕਾ ਕਬੀਲੇ ਦੀ ਸਾਂਝੀ ਭੋਂ ਸੀ, ਗਵਾਂਢਲੇ ਕਬੀਲੇ ਉਹਨੂੰ ਇਸ ਰੂਪ ਵਿੱਚ ਪ੍ਰਵਾਨ ਕਰਦੇ ਅਤੇ ਕਬੀਲਾ ਦਖ਼ਲ ਵਿਰੁੱਧ ਇਹਦੀ ਰਾਖੀ ਕਰਦਾ। ਵਧੇਰੇ ਹਾਲਤਾਂ ਵਿੱਚ ਹੱਦਾਂ ਦੀ ਅਸਪਸ਼ਟਤਾ ਤਾਂ ਹੀ ਅਮਲੀ ਤੌਰ ’ਤੇ ਅਸੁਖਾਵੀਂ ਹੋ ਜਾਂਦੀ ਜਦੋਂ ਆਬਾਦੀ ਬਹੁਤ ਵਧ ਗਈ ਹੁੰਦੀ। ਕਬਾਇਲੀ ਨਾਂ ਜਾਣ ਬੁੱਝ ਕੇ ਕੀਤੀ ਚੋਣ ਦੀ ਤਾਂ ਵਧੇਰੇ ਸਬੱਬੀ ਗੱਲ ਜਾਪਦੇ ਹਨ। ਅਕਸਰ ਅਜਿਹਾ ਹੋਇਆ ਕਿ ਸਮਾਂ ਲੰਘਣ ਨਾਲ਼ ਗਵਾਂਢਲੇ ਕਬੀਲਿਆਂ ਨੇ ਕਿਸੇ ਕਬੀਲੇ ਨੂੰ ਉਸ ਨਾਲ਼ੋਂ ਵਖਰਾ ਨਾਂ ਦਿੱਤਾ ਜਿਹੜਾ ਉਹ ਆਪ ਵਰਤਦਾ ਸੀ, ਜਿਵੇਂ ਜਰਮਨਾਂ ਦੀ ਹਾਲਤ ਵਿੱਚ (die Deutschen— ਡੀ ਡਿਉਸਚੇਨ), ਜਿਨ੍ਹਾਂ ਨੂੰ ਪਹਿਲਾ ਵਿਆਪਕ ਇਤਿਹਾਸਕ ਨਾਂ— Germani (Germanen) —ਜਰਮਨੀ (ਜਰਮਨੇਨ)— ਕੈਲਟ ਲੋਕਾਂ ਨੇ ਦਿੱਤਾ।

2. ਵਿਸ਼ੇਸ਼ **ਉਪ-ਬੋਲੀ** ਜਿਹੜੀ ਉਸ ਕਬੀਲੇ ਦਾ ਹੀ ਖ਼ਾਸ ਲੱਛਣ ਸੀ। ਤੱਥ ਤਾਂ ਇਹ ਹੈ ਕਬੀਲਾ ਅਤੇ ਉਪ-ਬੋਲੀ ਚੋਖੀ ਹੱਦ ਤੱਕ ਸਮ-ਪੱਧਰਤ ਹਨ। ਅਮਰੀਕਾ ਵਿੱਚ ਉਪ-ਵੰਡ ਰਾਹੀਂ ਨਵੇਂ ਕਬੀਲਿਆਂ ਅਤੇ ਉਪ-ਬੋਲੀਆਂ ਦੀ ਸਥਾਪਤੀ ਅਜੇ ਪਿੱਛੇ ਜਿਹੇ

ਤੱਕ ਜਾਰੀ ਸੀ ਅਤੇ ਇਹ ਖ਼ਤਮ ਤਾਂ ਉਕਾ ਹੀ ਨਹੀਂ ਹੋਈ ਹੋਣੀ। ਜਿਥੇ ਦੋ ਮਾੜੇ ਹੋਏ ਕਬੀਲੇ ਮਿਲ ਕੇ ਇੱਕ ਹੋ ਗਏ ਹਨ ਉਥੇ ਅਜਿਹਾ ਹੁੰਦਾ ਹੈ ਕਿ ਇੱਕ ਛੋਟ ਦੇ ਤੌਰ 'ਤੇ, ਇੱਕੋ ਕਬੀਲੇ ਵਿੱਚ ਦੋ ਨੇੜਵੇਂ ਸਬੰਧ ਵਾਲ਼ੀਆਂ ਉਪ-ਬੋਲੀਆਂ ਬੋਲੀਆਂ ਜਾਂਦੀਆਂ ਹਨ। ਅਮਰੀਕੀ ਕਬੀਲਿਆਂ ਦੇ ਲੋਕਾਂ ਦੀ ਔਸਤ ਗਿਣਤੀ 2,000 ਤੋਂ ਘੱਟ ਹੈ। ਪਰ ਚਿਰੂਕੀਆਂ ਦੀ ਗਿਣਤੀ 26,000 ਹੈ— ਅਤੇ ਉਹ ਅਮਰੀਕਾ ਵਿੱਚ ਇਕੋ ਬੋਲੀ ਬੋਲਣ ਵਾਲ਼ੇ ਇੰਡੀਅਨਾਂ ਦੀ ਸਭ ਤੋਂ ਵੱਡੀ ਗਿਣਤੀ ਹਨ।

3. ਗੋਤਾਂ ਵੱਲੋਂ ਚੁਣੇ ਸੈਚੇਮਾਂ ਅਤੇ ਯੁੱਧ ਦੇ ਮੁਖੀਆਂ ਨੂੰ ਬਾਕਾਇਦਾ ਉਹਨਾਂ ਦੀਆਂ ਪਦਵੀਆਂ ਉਤੇ ਲਾਉਣ ਦਾ ਹੱਕ।

4. ਉਹਨਾਂ ਨੂੰ ਮੁੜ ਹਟਾਉਣ ਦਾ ਹੱਕ, ਇਥੋਂ ਤੱਕ ਕਿ ਗੋਤਾਂ ਦੀਆਂ ਇਛਾਵਾਂ ਦੇ ਵਿਰੁੱਧ ਵੀ। ਕਿਉਂਕਿ ਇਹ ਸੈਚੇਮ ਅਤੇ ਯੁੱਧ ਦੇ ਮੁਖੀ ਕਬੀਲੇ ਦੀ ਪ੍ਰੀਸ਼ਦ ਦੇ ਮੈਂਬਰ ਹਨ ਉਹਨਾਂ ਸਬੰਧੀ ਕਬੀਲੇ ਦੇ ਇਹ ਹੱਕ ਸਵੈ-ਵਿਆਖਿਅਤ ਹਨ। ਜਿੱਥੇ ਕਬੀਲਿਆਂ ਦਾ ਸੰਘ ਸਥਾਪਤ ਕੀਤਾ ਗਿਆ ਸੀ ਅਤੇ ਸੰਘ ਪ੍ਰੀਸ਼ਦ ਵਿੱਚ ਸਭਨਾਂ ਕਬੀਲਿਆਂ ਨੂੰ ਪ੍ਰਤਿਨਿੱਧਤਾ ਸ਼ਾਮਲ ਸੀ ਉਪਰੋਕਤ ਹੱਕ ਇਸ ਪਿਛਲੇਰੀ ਸੰਸਥਾ ਨੂੰ ਦੇ ਦਿੱਤਾ ਗਿਆ ਸੀ।

5. ਸਾਂਝੇ ਧਾਰਮਿਕ ਵਿਚਾਰਾਂ (ਮਿਥਿਹਾਸ) ਅਤੇ ਪੂਜਾ ਦੀਆਂ ਰਸਮਾਂ ਦਾ ਹੋਣਾ।

"ਜਾਹਲਾਂ ਦੇ ਰਿਵਾਜ ਅਨੁਸਾਰ ਅਮਰੀਕੀ ਇੰਡੀਅਨ ਇੱਕ ਧਾਰਮਿਕ ਕੌਮ ਸਨ।"*

ਅਜੇ ਉਹਨਾਂ ਦੇ ਮਿਥਿਹਾਸ ਦੀ ਕਿਸੇ ਵੀ ਤਰ੍ਹਾਂ ਪੜਚੋਲੀ ਖੋਜ ਨਹੀਂ ਕੀਤੀ ਗਈ। ਉਹ ਪਹਿਲਾਂ ਹੀ ਧਾਰਮਿਕ ਵਿਚਾਰਾਂ ਨੂੰ ਸਜੀਵ ਕਰਦੇ ਸਨ— ਹਰ ਤਰ੍ਹਾਂ ਦੀਆਂ ਰੂਹਾਂ —ਪਰ ਜਹਾਲਤ ਦੇ ਨੀਵੇਂ ਪੜਾਅ ਉੱਤੇ, ਜਿਸ ਵਿੱਚ ਉਹ ਰਹਿ ਰਹੇ ਸਨ, ਅਜੇ ਉਹਨਾਂ ਦਾ ਕੋਈ ਆਕਾਰੀ ਰੂਪ, ਨਹੀਂ ਸੀ, ਕੋਈ ਅਖੌਤੀ ਬੁੱਤ ਨਹੀਂ ਸਨ। ਇਹ ਪ੍ਰਕਿਰਤੀ ਅਤੇ ਤੱਤਾਂ ਦੀ ਪੂਜਾ ਸੀ ਜਿਹੜੀ ਅਨੇਕ-ਇਸ਼ਟਤਾ ਵੱਲ ਉੱਭਰ ਰਹੀ ਸੀ। ਵੱਖ ਵੱਖ ਕਬੀਲਿਆਂ ਦੇ ਆਪਣੇ ਬਕਾਇਦਾ ਤਿਓਹਾਰ ਹੁੰਦੇ ਸਨ, ਜਿਨ੍ਹਾਂ ਸਮੇਂ ਪੂਜਾ ਦੇ ਮਿਥੇ ਰੂਪ ਹੁੰਦੇ ਸਨ, ਵਿਸ਼ੇਸ਼ ਤੌਰ 'ਤੇ ਨਾਚ ਅਤੇ ਖੇਡਾਂ। ਨਾਚ ਵਿਸ਼ੇਸ਼ ਤੌਰ 'ਤੇ ਸਭਨਾਂ ਧਾਰਮਿਕ ਰਸਮਾਂ ਦਾ ਲਾਜ਼ਮੀ ਹਿੱਸਾ ਸਨ; ਹਰ ਕਬੀਲਾ ਆਪਣੇ ਨਾਚ ਵੱਖ ਹੋ ਕੇ ਨੱਚਦਾ।

6. ਸਾਂਝੇ ਮਾਮਲਿਆਂ ਲਈ ਇੱਕ ਕਬਾਇਲੀ ਪ੍ਰੀਸ਼ਦ। ਇਹਦੇ ਮੈਂਬਰ ਸਭਨਾਂ ਵਿਕੋਲਤ੍ਰੇ ਗੋਤਾਂ ਦੇ ਸੈਚੇਮ ਅਤੇ ਯੁੱਧ ਦੇ ਮੁਖੀ ਹੁੰਦੇ ਸਨ, ਜਿਹੜੇ ਉਹਨਾਂ ਦੇ ਅਸਲੀ ਪ੍ਰਤਿਨਿਧ ਸਨ ਕਿਉਂਕਿ ਉਹ ਕਿਸੇ ਵੀ ਸਮੇਂ ਹਟਾਏ ਜਾ ਸਕਦੇ ਸਨ। ਪ੍ਰੀਸ਼ਦ ਦਾ ਸਮਾਗਮ ਖੁੱਲ੍ਹਾ ਹੁੰਦਾ, ਕਬੀਲੇ ਦੇ ਹੋਰ ਲੋਕ ਇਹਦੇ ਦੁਆਲੇ ਬੈਠੇ ਹੁੰਦੇ ਅਤੇ ਉਹਨਾਂ ਨੂੰ ਇਹ ਹੱਕ ਹੁੰਦਾ ਕਿ ਉਹ ਆਪਣੀ ਗੱਲ ਕਹਿਣ ਅਤੇ ਪ੍ਰੀਸ਼ਦ ਨਿਰਣੇ ਕਰਦੀ। ਆਮ ਤੌਰ 'ਤੇ ਉਥੇ ਮੌਜੂਦ ਹਰ ਇੱਕ ਨੂੰ ਇਸ ਗੱਲ ਦੀ ਇਜਾਜ਼ਤ ਸੀ ਕਿ ਉਹ ਪ੍ਰੀਸ਼ਦ ਨੂੰ ਸੰਬੋਧਨ ਕਰੇ; ਇਥੋਂ ਤੱਕ ਕਿ ਇਸਤਰੀਆਂ ਵੀ ਆਪਣੀ ਮਰਜ਼ੀ ਦੇ ਬੁਲਾਰੇ ਰਾਹੀਂ ਆਪਣੀ ਰਾਏ ਪ੍ਰਗਟ ਕਰ ਸਕਦੀਆਂ

* Morgan L.H., ìAncient Societyî, London, 1877. **—ਸੰਪਾ.**

ਸਨ। ਇਰਾਕੁਈਆਂ ਵਿੱਚ ਅਖ਼ੀਰੀ ਨਿਰਣਾ ਸਰਬ-ਸੰਮਤੀ ਨਾਲ਼ ਕਰਨਾ ਪੈਂਦਾ ਸੀ ਜਿਵੇਂ ਜਰਮਨ ਮਾਰਕ ਭਾਈਚਾਰਿਆਂ ਦੇ ਕਈ ਨਿਰਣਿਆਂ ਸਬੰਧੀ ਹੁੰਦਾ ਸੀ। ਵਿਸ਼ੇਸ਼ ਤੌਰ 'ਤੇ ਹੋਰਨਾਂ ਕਬੀਲਿਆਂ ਨਾਲ਼ ਸਬੰਧਾਂ ਨੂੰ ਨੇਮ-ਬੱਧ ਕਰਨ ਦੀ ਜ਼ਿੰਮੇਵਾਰੀ ਪ੍ਰੀਸ਼ਦ ਦੇ ਸਿਰ ਸੀ। ਉਹ ਸਫ਼ਾਰਤਾਂ ਨੂੰ ਮਿਲਦੀ ਅਤੇ ਸਫ਼ਾਰਤਾਂ ਘੱਲਦੀ, ਯੁੱਧ ਦਾ ਐਲਾਨ ਕਰਦੀ ਅਤੇ ਅਮਨ ਸੰਧੀਆਂ ਕਰਦੀ। ਜਦੋਂ ਯੁੱਧ ਛਿੜ ਜਾਂਦਾ ਤਾਂ ਇਹ ਮੁੱਖ ਤੌਰ 'ਤੇ ਵਾਲੰਟੀਅਰਾਂ ਰਾਹੀਂ ਲੜਿਆ ਜਾਂਦਾ। ਅਸੂਲੀ ਤੌਰ 'ਤੇ ਹਰ ਕਬੀਲਾ ਹਰ ਉਸ ਕਬੀਲੇ ਨਾਲ਼ ਯੁੱਧ ਦੀ ਪ੍ਰਸਥਿਤੀ ਵਿੱਚ ਸੀ ਜਿਸ ਨਾਲ਼ ਉਹਨੇ ਸਪਸ਼ਟ ਤੌਰ 'ਤੇ ਅਮਨ ਦੀ ਸੰਧੀ ਨਹੀਂ ਸੀ ਕੀਤੀ ਹੋਈ। ਅਜਿਹੇ ਦੁਸ਼ਮਣਾਂ ਵਿਰੁੱਧ ਫ਼ੌਜੀ ਮੁਹਿੰਮਾਂ ਦੀ ਜਥੇਬੰਦੀ ਵਧੇਰੇ ਕਰਕੇ ਕੁੱਝ ਉਘੇ ਯੋਧੇ ਜਥੇਬੰਦ ਕਰਦੇ ਸਨ। ਉਹ ਯੁੱਧ ਦੇ ਨਾਚ ਦਾ ਪ੍ਰਬੰਧ ਕਰਦੇ ਅਤੇ ਜਿਹੜਾ ਕੋਈ ਉਸ ਨਾਚ ਵਿੱਚ ਸ਼ਾਮਲ ਹੁੰਦਾ ਉਹ ਅਜਿਹਾ ਕਰਕੇ ਆਪਣੀ ਮੁਹਿੰਮ ਵਿੱਚ ਸ਼ਾਮਲ ਹੋਣ ਦੀ ਇੱਛਾ ਦਾ ਐਲਾਨ ਕਰਦਾ। ਇੱਕ ਦਸਤਾ ਇੱਕ ਦਮ ਬਣਾ ਲਿਆ ਜਾਂਦਾ ਅਤੇ ਉਹ ਚੱਲ ਪੈਂਦਾ। ਜਦੋਂ ਕਬੀਲੇ ਦੇ ਇਲਾਕੇ ਉਤੇ ਹਮਲਾ ਹੁੰਦਾ ਤਾਂ ਇਸੇ ਤਰ੍ਹਾਂ ਇਹਦੀ ਰੱਖਿਆ ਵੀ ਵਾਲੰਟੀਅਰ ਹੀ ਕਰਦੇ। ਅਜਿਹੇ ਦਸਤੇ ਦੀ ਰਵਾਨਗੀ ਜਾਂ ਵਾਪਸੀ ਸਦਾ ਸਰਵਜਨਕ ਜਸ਼ਨਾਂ ਦਾ ਅਵਸਰ ਬਣਾ ਲਈ ਜਾਂਦੀ ਸੀ। ਅਜਿਹੀਆਂ ਮੁਹਿੰਮਾਂ ਲਈ ਕਬੀਲੇ ਦੀ ਪ੍ਰੀਸ਼ਦ ਦੀ ਮਨਜ਼ੂਰੀ ਜ਼ਰੂਰੀ ਨਹੀਂ ਸੀ, ਨਾ ਇਹ ਮਨਜ਼ੂਰੀ ਮੰਗੀ ਜਾਂਦੀ ਸੀ ਅਤੇ ਨਾ ਹੀ ਦਿੱਤੀ ਜਾਂਦੀ ਸੀ। ਇਹ ਬਿਲਕੁਲ ਜਰਮਨ ਸੇਵਕਾਂ ਦੀਆਂ ਯੁੱਧ ਮੁਹਿੰਮਾਂ ਵਰਗੀਆਂ ਸਨ ਜਿਵੇਂ ਕਿ ਉਹਨਾਂ ਨੂੰ ਟੈਟਸਿਟਸ ਨੇ ਬਿਆਨ ਕੀਤਾ ਹੈ, ਫ਼ਰਕ ਬਸ ਇੰਨਾਂ ਸੀ ਕਿ ਜਰਮਨਾਂ ਵਿੱਚ ਸੇਵਕਾਂ ਦੇ ਸਮੂਹਾਂ ਨੇ ਇੱਕ ਵਧੇਰੇ ਸਥਾਈ ਖ਼ਾਸਾ ਅਖ਼ਤਿਆਰ ਕਰ ਲਿਆ ਸੀ ਅਤੇ ਅਮਨ ਦੇ ਸਮੇਂ ਉਹ ਇੱਕ ਜਥੇਬੰਦ ਧੁਰਾ ਬਣਦੇ ਸਨ, ਜਿਸ ਦੁਆਲ਼ੇ ਯੁੱਧ ਦੀ ਹਾਲਤ ਵਿੱਚ ਹੋਰ ਵਾਲੰਟੀਅਰ ਆਪਣੇ ਆਪ ਨੂੰ ਜੋੜ ਲੈਂਦੇ। ਅਜਿਹੇ ਫ਼ੌਜੀ ਦਸਤੇ ਗਿਣਤੀ ਵਿੱਚ ਘੱਟ ਵੱਧ ਦੀ ਤਕੜੇ ਹੁੰਦੇ। ਇੰਡੀਅਨਾਂ ਦੀਆਂ ਅਤਿ-ਅੰਤ ਮਹੱਤਵ-ਪੂਰਨ ਮੁਹਿੰਮਾਂ, ਉਹ ਵੀ ਜਿਹੜੀਆਂ ਬਹੁਤ ਦੂਰ ਤੱਕ ਗਈਆਂ, ਗਿਣਤੀ ਵਿੱਚ ਨਿਗੂਣੀਆਂ ਫ਼ੌਜਾਂ ਨੇ ਸਿਰੇ ਚਾੜ੍ਹੀਆਂ। ਜਦੋਂ ਅਜਿਹੀਆਂ ਕਈ ਲਾਮ-ਡੋਰੀਆਂ ਕਿਸੇ ਮਹੱਤਵ-ਪੂਰਨ ਲੜਾਈ ਲਈ ਇਕੱਠੀਆਂ ਹੁੰਦੀਆਂ ਤਾਂ ਉਹਨਾਂ ਵਿੱਚੋਂ ਹਰ ਇੱਕ ਦਸਤਾ ਕੇਵਲ ਆਪਣੇ ਹੀ ਨੇਤਾ ਦਾ ਹੁਕਮ ਮੰਨਦਾ। ਮੁਹਿੰਮ ਦੀ ਯੋਜਨਾ ਦੀ ਏਕਤਾ ਘੱਟ ਜਾਂ ਵੱਧ ਇਹਨਾਂ ਨੇਤਾਵਾਂ ਦੀ ਪ੍ਰੀਸ਼ਦ ਰਾਹੀਂ ਬਣਾਈ ਜਾਂਦੀ ਸੀ। ਜਿਵੇਂ ਕਿ ਅਮੀਆਨੁਸ ਮਾਰਸੀਲੀਨੁਸ ਨੇ ਬਿਆਨ ਕੀਤਾ ਹੈ ਇਹ ਉਹ ਢੰਗ ਸੀ ਜਿਹੜਾ ਚੌਥੀ ਸਦੀ ਵਿੱਚ ਰ੍ਹਾਈਨ ਦੇ ਉਤਾੜ੍ਹ ਦੇ ਅਲਾਮਾਨੀ ਵਰਤਦੇ ਸਨ।

7. ਕੁੱਝ ਕਬੀਲਿਆਂ ਵਿੱਚ ਅਸੀਂ ਪੜ-ਮੁਖੀ [Oberh‰uptling] ਵੇਖਦੇ ਹਾਂ, ਪਰ ਉਹਦੇ ਅਧਿਕਾਰ ਬਹੁਤ ਨਿਗੂਣੇ ਹਨ। ਉਹ ਸੈਚੇਮਾਂ ਵਿੱਚੋਂ ਇੱਕ ਹੁੰਦਾ ਹੈ, ਜਿਹੜਾ ਛੇਤੀ ਅਮਲ ਦੀ ਮੰਗ ਕਰਨ ਵਾਲ਼ੀਆਂ ਹਾਲਤਾਂ ਵਿੱਚ ਉਸ ਸਮੇਂ ਤੱਕ ਆਰਜ਼ੀ ਕਾਰਵਾਈ ਕਰਦਾ ਹੈ ਜਦੋਂ ਤੱਕ ਪ੍ਰੀਸ਼ਦ ਦੀ ਇਕੱਤ੍ਰਤਾ ਨਹੀਂ ਹੁੰਦੀ ਅਤੇ ਉਹ ਅੰਤਮ ਨਿਰਣਾ ਨਹੀਂ ਕਰਦੀ। ਇਹ ਇੱਕ ਪ੍ਰਬੰਧਕ ਅਧਿਕਾਰੀ ਖੜਾ ਕਰਨ ਦਾ ਕਮਜ਼ੋਰ ਜਿਹਾ, ਜਿਹਾ ਕਿ

ਭਵਿੱਖ ਦੇ ਵਿਕਾਸ ਨੇ ਵਿਖਾ ਦਿੱਤਾ, ਆਮ ਤੌਰ 'ਤੇ ਵਿਅਰਥ ਮੁੱਢਲਾ ਯਤਨ ਸੀ, ਅਸਲ ਵਿੱਚ, ਜਿਹਾ ਕਿ ਵੇਖਿਆ ਜਾਵੇਗਾ, ਇਹ ਸਰਵਉੱਚ ਫ਼ੌਜੀ ਕਮਾਂਡਰ [oberster Heef¸ hrer] ਹੀ ਸੀ ਜਿਹੜਾ, ਜੇ ਸਭਨਾਂ ਨਹੀਂ ਤਾਂ ਵਧੇਰੇ ਹਾਲਤਾਂ ਵਿੱਚ, ਵਿਕਸਤ ਹੋ ਕੇ ਅਜਿਹਾ ਅਧਿਕਾਰੀ ਬਣ ਗਿਆ।

ਅਮਰੀਕੀ ਇੰਡੀਅਨਾਂ ਦੀ ਬਹੁਤ ਵੱਡੀ ਬਹੁ-ਗਿਣਤੀ ਕਬਾਇਲੀ ਸਮੂਲਤਾ ਤੋਂ ਅੱਗੇ ਨਾ ਗਈ। ਉਹ ਗਿਣਤੀ ਵਿੱਚ ਬਹੁਤ ਛੋਟੇ ਛੋਟੇ ਕਬੀਲੇ ਸਨ, ਜਿਹੜੇ ਇੱਕ ਦੂਜੇ ਤੋਂ ਵਿਸ਼ਾਲ ਸਰਹੱਦੀ ਇਲਾਕਿਆਂ ਰਾਹੀਂ ਵੰਡੇ ਹੋਏ ਅਤੇ ਲਗਾਤਾਰ ਯੁੱਧਾਂ ਕਾਰਨ ਕਮਜ਼ੋਰ ਹੋਏ ਹੋਏ ਸਨ। ਉਹਨਾਂ ਦਾ ਬਹੁਤ ਵੱਡੇ ਇਲਾਕਿਆਂ ਉੱਤੇ ਕਬਜ਼ਾ ਸੀ ਪਰ ਇਨਸਾਨਾਂ ਦੀ ਗਿਣਤੀ ਥੋੜ੍ਹੀ ਸੀ। ਅਸਥਾਈ ਸੰਕਟਾਂ ਸਮੇਂ ਸਜਾਤੀ ਕਬੀਲਿਆਂ ਵਿਚਕਾਰ ਏਕੇ ਕਰ ਲਏ ਜਾਂਦੇ ਜਿਹੜੇ ਸੰਕਟ ਲੰਘ ਜਾਣ 'ਤੇ ਤੋੜੇ ਦਿੱਤੇ ਜਾਂਦੇ। ਪਰ ਕੁੱਝ ਇਲਾਕਿਆਂ ਵਿੱਚ ਪਹਿਲਾਂ ਸਜਾਤੀ ਪਰ ਫੇਰ ਵੱਖ ਵੱਖ ਹੋ ਗਏ ਕਬੀਲੇ ਸਥਾਈ ਸੰਘਾਂ ਵਿੱਚ ਮੁੜ ਇਕੱਠੇ ਹੋ ਗਏ ਅਤੇ ਇਉਂ ਕੌਮਾਂ ਬਣਾਉਣ ਵੱਲ ਪਹਿਲਾ ਕਦਮ ਚੁੱਕਿਆ। ਅਮਰੀਕਾ ਵਿੱਚ ਸਾਨੂੰ ਅਜਿਹੇ ਸੰਘ ਦਾ ਸਭ ਤੋਂ ਅੱਗੇ ਵਧਿਆ ਰੂਪ ਇਰਾਕੁਈਆਂ ਵਿੱਚ ਮਿਲਦਾ ਹੈ। ਮਿਸਿਸਪੀ ਦੇ ਪੱਛਮ ਵਿੱਚ ਆਪਣੇ ਅਸਲੀ ਵਤਨ ਤੋਂ ਪਰਵਾਸ ਕਰਕੇ, ਜਿਥੇ ਸ਼ਾਇਦ ਉਹ ਮਹਾਨ ਡਕੋਟਾ ਨਸਲ ਦੀ ਇੱਕ ਸ਼ਾਖ਼ ਸਨ, ਉਹ ਲੰਮੇ ਚੱਕਰਾਂ ਪਿੱਛੋਂ ਉਥੇ ਵਸ ਗਏ ਜਿਸਨੂੰ ਅੱਜ ਨਿਊਯਾਰਕ ਰਾਜ ਕਿਹਾ ਜਾਂਦਾ ਹੈ। ਉਹ ਪੰਜਾਂ ਕਬੀਲਿਆਂ ਵੰਡੇ ਹੋਏ ਸਨ: ਸੈਨੇਕਾ, ਕੇਯੂਗਾ, ਓਨੋਨਦਾਗਾ, ਓਨੀਦਾ ਅਤੇ ਮੋਹਾਕ। ਮੱਛੀਆਂ ਫੜਨ, ਸ਼ਿਕਾਰ ਅਤੇ ਅਣ-ਵਿਕਸਤ ਬਾਗ਼ਬਾਨੀ ਦੀ ਉਪਜ ਉੱਤੇ ਨਿਰਬਾਹ ਕਰਦੇ ਹੋਏ, ਉਹ ਪਿੰਡਾਂ ਵਿੱਚ ਰਹਿੰਦੇ, ਜਿਨ੍ਹਾਂ ਦੀ ਆਮ ਤੌਰ 'ਤੇ ਜੰਗਲਿਆਂ ਰਾਹੀਂ ਰੱਖਿਆ ਹੁੰਦੀ ਸੀ। ਉਹਨਾਂ ਦੀ ਗਿਣਤੀ ਕਦੀ 20,000 ਤੋਂ ਵੱਧ ਨਹੀਂ ਸੀ ਹੋਈ ਅਤੇ ਉਹਨਾਂ ਦੇ ਕਈ ਗੋਤ ਸਨ ਜਿਹੜੇ ਪੰਜਾਂ ਹੀ ਕਬੀਲਿਆਂ ਵਿੱਚ ਸਾਂਝੇ ਸਨ; ਉਹ ਇੱਕੋ ਬੋਲੀ ਦੀਆਂ ਨੇੜਵੇਂ ਸਬੰਧ ਵਾਲ਼ੀਆਂ ਉਪ-ਬੋਲੀਆਂ ਬੋਲਦੇ ਸਨ ਅਤੇ ਇੱਕ ਲਗਾਤਾਰ ਇਲਾਕੇ ਵਿੱਚ ਰਹਿੰਦੇ ਸਨ ਜਿਹੜਾ ਪੰਜ ਕਬੀਲਿਆਂ ਵਿੱਚ ਵੰਡਿਆ ਹੋਇਆ ਸੀ ਕਿਉਂਕਿ ਇਹ ਇਲਾਕਾ ਨਵਾਂ ਨਵਾਂ ਜਿੱਤਿਆ ਗਿਆ ਸੀ ਇਸ ਲਈ ਉਹਨਾਂ ਜਿਨ੍ਹਾਂ ਲੋਕਾਂ ਦੀ ਥਾਂ ਲਈ ਸੀ ਉਹਨਾਂ ਵਿਰੁੱਧ ਨਿੱਤ ਦੀ ਮਿਲਵਰਤਨ ਇਹਨਾਂ ਕਬੀਲਿਆਂ ਲਈ ਸੁਭਾਵਕ ਹੀ ਸੀ। ਵੱਧ ਤੋਂ ਵੱਧ ਪੰਦਰ੍ਹਵੀਂ ਸਦੀ ਦੇ ਸ਼ੁਰੂ ਵਿੱਚ ਇਹ ਵਿਕਾਸ ਕਰਕੇ ਇੱਕ ਬਕਾਇਦਾ "ਸਥਾਈ ਏਕਾ", ਇੱਕ ਸੰਘ ਬਣ ਗਿਆ, ਜਿਸਨੇ ਆਪਣੀ ਨਵੀਂ ਪ੍ਰਾਪਤ ਹੋਈ ਸ਼ਕਤੀ ਦੀ ਸੋਝੀ ਰਖਦੇ ਹੋਏ, ਇੱਕ ਦਮ ਧਾੜਵੀ ਖ਼ਾਸਾ ਅਖ਼ਤਿਆਰ ਕਰ ਲਿਆ ਅਤੇ ਆਪਣੀ ਸ਼ਕਤੀ ਦੀ ਸਿਖਰ ਉਤੇ —1675 ਦੇ ਨੇੜੇ— ਆਲ਼ੇ ਦਵਾਲ਼ੇ ਦੇ ਇਲਾਕੇ ਦੇ ਵਿਸ਼ਾਲ ਟੋਟਿਆਂ ਉੱਤੇ ਕਬਜ਼ਾ ਕਰ ਲਿਆ, ਕੁੱਝ ਵਸਨੀਕਾਂ ਨੂੰ ਉੱਥੋਂ ਕੱਢ ਦਿੱਤਾ ਅਤੇ ਬਾਕੀਆਂ ਨੂੰ ਕਰ ਦੇਣ 'ਤੇ ਮਜਬੂਰ ਕੀਤਾ। ਇਰਾਕੁਈ ਸੰਘ ਇੰਡੀਅਨਾਂ ਵੱਲੋਂ, ਜਿਹੜੇ ਜਹਾਲਤ ਦੇ ਹੇਠਲੇ ਪੜਾਵਾਂ 'ਚੋਂ ਬਾਹਰ ਨਹੀਂ ਸਨ ਨਿਕਲੇ, ਪ੍ਰਾਪਤ ਕੀਤੀ ਸਭ ਤੋਂ ਵੱਧ ਉੱਨਤ ਸਮਾਜੀ ਜਥੇਬੰਦੀ ਸੀ (ਅਰਥਾਤ, ਮੈਕਸੀਕੋ, ਨਿਊ ਮੈਕਸੀਕੋ ਅਤੇ ਪੀਰੂ ਦੇ ਵਸਨੀਕਾਂ

ਤੋਂ ਬਿਨਾਂ)। ਇਸ ਸੰਘ ਦੇ ਬਨਿਆਦੀ ਲਛਣ ਇਹ ਸਨ:

1. ਕਬੀਲਿਆਂ ਦੇ ਕੁੱਲ ਅੰਦਰਲੇ ਮਾਮਲਿਆਂ ਵਿੱਚ ਪੂਰੀ ਆਜ਼ਾਦੀ ਅਤੇ ਖ਼ੁਦ-ਮੁਖ਼ਤਾਰੀ ਦੇ ਆਧਾਰ ਉੱਤੇ ਪੰਜ ਸਗੋਤਰ ਕਬੀਲਿਆਂ ਦਾ ਸਦੀਵੀ ਏਕਾ। ਖ਼ੂਨ ਦਾ ਰਿਸ਼ਤਾ ਸੰਘ ਦਾ ਸੱਚਾ ਆਧਾਰ ਸੀ। ਪੰਜਾਂ ਕਬੀਲਿਆਂ ਵਿਚੋਂ ਤਿੰਨਾਂ ਕਬੀਲਿਆਂ ਨੂੰ ਪਿਤਾ ਕਬੀਲੇ ਕਿਹਾ ਜਾਂਦਾ ਸੀ ਅਤੇ ਉਹ ਆਪੋ ਵਿੱਚ ਭਰਾ ਸਨ; ਬਾਕੀ ਦੋ ਨੂੰ ਪੁੱਤਰ ਕਬੀਲੇ ਕਿਹਾ ਜਾਂਦਾ ਸੀ ਅਤੇ ਇਸੇ ਤਰ੍ਹਾਂ ਉਹ ਵੀ ਭਰਾ ਸਨ। ਤਿੰਨ ਗੋਤਾਂ —ਸਭ ਤੋਂ ਪੁਰਾਣਿਆਂ— ਦੇ ਪੰਜਾਂ ਹੀ ਕਬੀਲਿਆਂ ਵਿੱਚ ਜਿਉਂਦੇ ਪ੍ਰਤਿਨਿੱਧ ਸਨ, ਜਿੱਥੇ ਕਿ ਤਿੰਨਾਂ ਹੋਰਨਾਂ ਦੇ ਤਿੰਨਾਂ ਕਬੀਲਿਆਂ ਵਿੱਚ ਸਨ। ਇਹਨਾਂ ਗੋਤਾਂ ਦੇ ਜੀਅ ਪੰਜਾਂ ਹੀ ਕਬੀਲਿਆਂ ਵਿੱਚ ਸਾਰੇ ਭਰਾ ਸਨ। ਕੇਵਲ ਉਪ-ਬੋਲੀ ਦੇ ਫ਼ਰਕਾਂ ਸਹਿਤ ਸਾਂਝੀ ਬੋਲੀ ਸਾਂਝੀ ਉਤਪਤੀ ਦਾ ਪ੍ਰਗਟਾਅ ਅਤੇ ਸਬੂਤ ਸੀ।

2. ਸੰਘ ਦਾ ਕਾਰਜ-ਕਾਰੀ ਅੰਗ ਇੱਕ ਸੰਘ ਪ੍ਰੀਸ਼ਦ ਸੀ, ਜਿਸ ਵਿੱਚ ਪੰਜਾਹ ਸੈਚੇਮ ਸ਼ਾਮਲ ਸਨ, ਜਿਨ੍ਹਾਂ ਸਭਨਾਂ ਦਾ ਦਰਜਾ ਅਤੇ ਸ਼ਾਨ ਇੱਕੋ ਜਿਹੀ ਸੀ; ਇਹ ਪ੍ਰੀਸ਼ਦ ਸੰਗ ਨਾਲ਼ ਸਬੰਧਤ ਕੁੱਲ ਮਾਮਲਿਆਂ ਸਬੰਧੀ ਅੰਤਮ ਨਿਰਣਾ ਕਰਦੀ।

3. ਜਿਸ ਸਮੇਂ ਸੰਘ ਬਣਾਇਆ ਗਿਆ, ਇਹ ਪੰਜਾਹ ਸੈਚੇਮ ਕਬੀਲਿਆਂ ਅਤੇ ਗੋਤਾਂ ਵਿੱਚ ਨਵੇਂ ਪਦਾਂ ਦੇ, ਜਿਹੜੇ ਸੰਘ ਦੇ ਮੰਤਵਾਂ ਨੂੰ ਯੋਗ ਆਉਣ ਲਈ ਵਿਸ਼ੇਸ਼ ਤੌਰ ’ਤੇ ਕਾਇਮ ਕੀਤੇ ਗਏ ਸਨ, ਅਧਿਕਾਰੀਆਂ ਵਜੋਂ ਕਬੀਲਿਆਂ ਅਤੇ ਗੋਤਾਂ ਵਿੱਚ ਵੰਡ ਦਿੱਤੇ ਗਏ ਸਨ। ਜਦੋਂ ਕਦੀ ਉਹਨਾਂ ਵਿੱਚੋਂ ਕੋਈ ਥਾਂ ਖ਼ਾਲੀ ਹੁੰਦੀ ਸਬੰਧਤ ਗੋਤ ਨਵੇਂ ਸਿਰਿਉਂ ਚੋਣ ਕਰਦਾ ਅਤੇ ਉਹ ਸਦਾ ਉਹਨਾਂ ਨੂੰ ਹਟਾ ਸਕਦਾ ਸੀ। ਪਰ ਉਹਨਾਂ ਨੂੰ ਵਿਧੀ ਅਨੁਸਾਰ ਪਦ ਸੌਂਪਣ ਦਾ ਅਧਿਕਾਰ ਸੰਘ ਦੀ ਪ੍ਰੀਸ਼ਦ ਨੂੰ ਹੀ ਸੀ।

4. ਸੰਘ ਦੇ ਸੈਚੇਮ ਆਪਣੇ ਆਪਣੇ ਸਬੰਧਤ ਕਬੀਲਿਆਂ ਵਿੱਚ ਵੀ ਸੈਚੇਮ ਸਨ ਅਤੇ ਉਹਨਾਂ ਵਿੱਚੋਂ ਹਰ ਇੱਕ ਨੂੰ ਕਬੀਲੇ ਦੀ ਪ੍ਰੀਸ਼ਦ ਵਿੱਚ ਸਥਾਨ ਅਤੇ ਵੋਟ ਪ੍ਰਾਪਤ ਸੀ।

5. ਇਹ ਲਾਜ਼ਮੀ ਸੀ ਕਿ ਸੰਘ ਦੀ ਪ੍ਰੀਸ਼ਦ ਦੇ ਸਾਰੇ ਫ਼ੈਸਲੇ ਸਰਬ-ਸੰਮਤੀ ਨਾਲ਼ ਹੋਣ।

6. ਵੋਟਾਂ ਕਬੀਲਿਆਂ ਅਨੁਸਾਰ ਲਈਆਂ ਜਾਂਦੀਆਂ ਸਨ, ਸੋ ਕੋਈ ਬੰਧੇਜ ਵਾਲ਼ਾ ਨਿਰਣਾ ਲੈਣ ਤੋਂ ਪਹਿਲਾਂ ਇਹ ਲਾਜ਼ਮੀ ਸੀ ਕਿ ਹਰ ਕਬੀਲਾ ਅਤੇ ਹਰ ਕਬੀਲੇ ਵਿੱਚ ਪ੍ਰੀਸ਼ਦ ਦੇ ਸਾਰੇ ਮੈਂਬਰ ਸਹਿਮਤ ਹੋਣ।

7. ਪੰਜਾਂ ਕਬਾਇਲੀ ਪ੍ਰੀਸ਼ਦਾਂ ਵਿੱਚੋਂ ਹਰ ਇੱਕ ਨੂੰ ਇਹ ਅਧਿਕਾਰ ਸੀ ਕਿ ਉਹ ਸੰਘ ਦੀ ਪ੍ਰੀਸ਼ਦ ਦਾ ਸਮਾਗਮ ਬੁਲਾਵੇ ਪਰ ਇਸ ਪ੍ਰੀਸ਼ਦ ਨੂੰ ਆਪਣਾ ਸਮਾਗਮ ਬੁਲਾਉਣ ਦਾ ਕੋਈ ਅਧਿਕਾਰ ਨਹੀਂ ਸੀ।

8. ਇਹਦਾ ਸਮਾਗਮ ਇਕੱਠੇ ਹੋਏ ਲੋਕਾਂ ਦੇ ਸਾਹਮਣੇ ਹੁੰਦਾ। ਹਰ ਇਰਾਕੁਈ ਨੂੰ ਬੋਲਣ ਦਾ ਹੱਕ ਹੁੰਦਾ ਪਰ ਫ਼ੈਸਲਾ ਪ੍ਰੀਸ਼ਦ ਕਰਦੀ।

9. ਸੰਘ ਦਾ ਕੋਈ ਸਰਕਾਰੀ ਮੁਖੀ, ਕੋਈ ਮੁੱਖ ਅਧਿਕਾਰੀ ਨਹੀਂ ਸੀ।

10. ਪਰ ਇਹਦੇ ਦੋ ਸਰਵਉਚ ਯੁੱਧ ਮੁਖੀ ਸਨ, ਜਿਨ੍ਹਾਂ ਦੇ ਅਧਿਕਾਰ ਇੱਕੋ ਜਿਹੇ ਸਨ (ਸਪਾਰਟਾ ਦੇ ਦੋ "ਬਾਦਸ਼ਾਹ", ਰੋਮ ਦੇ ਦੋ ਕੌਂਸਲ)।

ਇਹ ਸੀ ਉਹ ਸਮੁੱਚੀ ਸਮਾਜੀ ਬਣਤਰ ਜਿਸ ਅਧੀਨ ਇਰਾਕੁਈ ਚਾਰ ਸੌ ਸਾਲ ਤੋਂ ਵੱਧ ਰਹੇ ਅਤੇ ਹੁਣ ਵੀ ਰਹਿੰਦੇ ਹਨ। ਮਾਰਗਨ ਨੇ ਇਹਦਾ ਜਿਹੜਾ ਵਰਨਣ ਦਿੱਤਾ ਹੈ ਮੈਂ ਉਹ ਕੁੱਝ ਵਿਸਥਾਰ ਨਾਲ਼ ਦਿੱਤਾ ਹੈ ਕਿਉਂਕਿ ਇਹ ਸਾਨੂੰ ਇਸ ਯੋਗ ਬਣਾਉਂਦਾ ਹੈ ਕਿ ਅਸੀਂ ਇੱਕ ਅਜਿਹੇ ਸਮਾਜ ਦਾ ਅਧਿਐਨ ਕਰ ਸਕੀਏ ਜਿਸਨੂੰ ਅਜੇ **ਰਾਜ** ਦਾ ਪਤਾ ਨਹੀਂ ਸੀ। ਰਾਜ ਦੇ ਅਰਥ ਹਨ ਇੱਕ ਵਿਸ਼ੇਸ਼ ਸਰਵਜਨਕ ਅਧਿਕਰਣ ਜਿਹੜਾ ਹਰ ਹਾਲਤ ਵਿੱਚ ਉਹਨਾਂ ਦੇ ਸਮੂਹ ਨਾਲ਼ੋਂ ਜਿਹੜੇ ਸਬੰਧਤ ਹੁੰਦੇ ਹਨ, ਕੱਟਿਆ ਹੁੰਦਾ ਹੈ ਅਤੇ ਸੱਚੀ ਅਨੁਭਵਤਾ ਨਾਲ਼ ਮਾਰਰ ਜਰਮਨ ਮਾਰਕ ਜਥੇਬੰਦੀ ਨੂੰ per se (ਇਹਦੇ ਆਪਣੇ ਆਪ ਵਿੱਚ) ਰਾਜ ਨਾਲ਼ੋਂ ਬੁਨਿਆਦੀ ਤੌਰ 'ਤੇ ਵੱਖ ਖ਼ਾਲਸ ਸਮਾਜੀ ਜਥੇਬੰਦੀ ਵਜੋਂ ਪਛਾਣ ਲੈਂਦਾ ਹੈ ਭਾਵੇਂ ਇਹਨੇ ਪਿਛੋਂ ਜਾ ਕੇ ਰਾਜ ਦੇ ਆਧਾਰ ਦਾ ਕੰਮ ਕੀਤਾ। ਇਸ ਲਈ, ਆਪਣੀ ਸਾਰੀਆਂ ਲਿਖਤਾਂ ਵਿੱਚ ਮਾਰਰ ਮਾਰਕਾਂ, ਪਿੰਡਾਂ, ਜਗੀਰਾਂ ਅਤੇ ਸ਼ਹਿਰਾਂ ਤੋਂ ਬਾਹਰ ਅਤੇ ਉਹਨਾਂ ਦੇ ਨਾਲ਼ ਹੀ ਨਾਲ਼ ਸਰਵਜਨਕ ਅਧਿਕਰਣ ਦੇ ਉੱਭਰਨ ਦੀ ਖੋਜ ਕਰਦਾ ਹੈ। ਉੱਤਰੀ ਅਮਰੀਕੀ ਇੰਡੀਅਨ ਦਰਸਾਉਂਦੇ ਹਨ ਕਿ ਕਿਵੇਂ ਇੱਕ ਮੁੱਢ ਵਿੱਚ ਇੱਕ-ਮੁੱਠ ਕਬੀਲਾ ਹੌਲ਼ੀ ਹੌਲ਼ੀ ਇੱਕ ਧੜਵੈਲ ਮਹਾਂ-ਦੀਪ ਉੱਪਰ ਫੈਲ ਜਾਂਦਾ ਹੈ; ਕਿਵੇਂ ਫਟਣ ਰਾਹੀਂ ਕਬੀਲੇ ਕੌਮਾਂ, ਕਬੀਲਿਆਂ ਦੀਆਂ ਪੂਰੀਆਂ ਟੋਲੀਆਂ ਬਣ ਜਾਂਦੇ ਹਨ; ਕਿਵੇਂ ਬੋਲੀਆਂ ਤਬਦੀਲ ਹੁੰਦੀਆਂ ਹਨ, ਇਥੋਂ ਤੱਕ ਕਿ ਉਹ ਪ੍ਰਸਪਰ ਸਮਝ ਵਿੱਚ ਆਉਣੋਂ ਹਟ ਜਾਂਦੀਆਂ ਹਨ, ਸਗੋਂ ਅੰਤ ਆਦਿ ਏਕਤਾ ਦੀ ਹਰ ਨਿਸ਼ਾਨੀ ਖ਼ਤਮ ਹੋ ਜਾਂਦੀ ਹੈ; ਅਤੇ ਕਿਵੇਂ ਇਹਦੇ ਨਾਲ਼ ਹੀ ਨਾਲ਼ ਕਬੀਲੇ ਦੇ ਅੰਦਰ ਇਕੱਲੇ ਇਕੱਲੇ ਗੋਤ ਟੁੱਟ ਕੇ ਕਈ ਗੋਤ ਬਣ ਜਾਂਦੇ ਹਨ; ਕਿਵੇਂ ਆਦਿ ਮਾਂ ਗੋਤ ਬਰਾਦਰੀ ਦੇ ਤੌਰ 'ਤੇ ਕਾਇਮ ਰਹਿੰਦੇ ਹਨ ਅਤੇ ਇਹਨਾਂ ਆਦਿ ਗੋਤਾਂ ਦੇ ਨਾਂ ਇੱਕ ਦੂਜੇ ਤੋਂ ਬਹੁਤ ਦੂਰ ਅਤੇ ਚਿਰਾਂ ਤੋਂ ਵਿੱਛੜੇ ਕਬੀਲਿਆਂ ਵਿੱਚ ਇੱਕੋ ਰਹਿੰਦੇ ਹਨ — "ਬਘਿਆੜ" ਅਤੇ "ਰਿੱਛ" ਅਜੇ ਤੱਕ ਇੰਡੀਅਨ ਕਬੀਲਿਆਂ ਦੀ ਬਹੁ-ਗਿਣਤੀ ਵਿੱਚ ਗੋਤਰੀ ਨਾਂ ਹਨ। ਆਮ ਤੌਰ 'ਤੇ ਗੱਲ ਕਰਦਿਆਂ ਉੱਪਰ ਦੱਸੀ ਬਣਤਰ ਉਹਨਾਂ ਸਭਨਾਂ ਉੱਤੇ ਲਾਗੂ ਹੁੰਦੀ ਹੈ —ਫ਼ਰਕ ਬਸ ਇਹ ਹੈ ਕਿ ਉਹਨਾਂ ਵਿਚੋਂ ਬਹੁਤੇ ਸਾਕੇਦਾਰ ਕਬੀਲਿਆਂ ਦੇ ਸੰਘ ਦੇ ਪੜਾਅ ਤੱਕ ਨਾ ਅਪੜੇ।

ਪਰ ਅਸੀਂ ਇਹ ਵੀ ਵੇਖਦੇ ਹਾਂ ਕਿ ਜਦੋਂ ਇਕ ਵਾਰ ਗੋਤ ਇੱਕ ਸਮਾਜੀ ਇਕਾਈ ਵਜੋਂ ਸਥਾਪਤ ਕਰ ਦਿੱਤਾ ਗਿਆ ਤਾਂ ਗੋਤਾਂ, ਬਰਾਦਰੀਆਂ ਅਤੇ ਕਬੀਲੇ ਦੀ ਸਮੁੱਚੀ ਪ੍ਰਣਾਲੀ ਲਗ ਭਗ ਮਜਬੂਰੀ ਲੋੜ ਨਾਲ਼ —ਕਿਉਂਕਿ ਸੁਭਾਵਕ ਹੀ— ਇਸ ਇਕਾਈ ਵਿੱਚੋਂ ਪੈਦਾ ਹੋਈ। ਤਿੰਨੇ ਹੀ ਸਾਕੇਦਾਰੀ ਦੀਆਂ ਵੱਖ ਵੱਖ ਪੱਧਰਾਂ ਦੀਆਂ ਟੋਲੀਆਂ ਹਨ, ਹਰ ਇੱਕ ਆਪਣੇ ਆਪ ਵਿੱਚ ਮੁਕੰਮਲ ਹੈ ਅਤੇ ਆਪਣੇ ਮਾਮਲਿਆਂ ਦਾ ਪ੍ਰਬੰਧ ਕਰਦੀ ਹੈ ਪਰ ਹਰ ਇੱਕ ਬਾਕੀਆਂ ਦੀ ਪੂਰਕ ਵੀ ਹੈ ਅਤੇ ਉਹਨਾਂ ਸਿਰ ਮਾਮਲਿਆਂ ਦੇ ਜਿਸ ਘੇਰੇ ਦੀ ਜ਼ਿਮੇਵਾਰੀ ਆਉਂਦੀ ਹੈ ਉਹ ਹੇਠਲੇ ਪੜਾਅ ਦੇ ਜਾਹਲਾਂ ਦੇ ਸਰਵਜਨਕ ਮਾਮਲਿਆਂ ਦਾ

ਸਮੂਹ ਬਣਦੀ ਹੈ। ਜਿਥੇ ਕਿਧਰੇ ਅਸੀਂ ਲੋਕਾਂ ਦੀ ਮੁੱਖ ਸਮਾਜੀ ਇਕਾਈ ਵਜੋਂ ਗੋਤ ਵੇਖਦੇ ਹਾਂ, ਅਸੀਂ ਕਬੀਲੇ ਦੀ ਉਹੋ ਜਿਹੀ ਜਥੇਬੰਦੀ ਲੱਭਣ ਦਾ ਯਤਨ ਕਰ ਸਕਦੇ ਹਾਂ ਜਿਹੋ ਜਿਹੀ ਉਪਰ ਬਿਆਨ ਕੀਤੀ ਗਈ ਹੈ ਅਤੇ ਜਿਥੇ ਚੋਖੇ ਸੋਮੇ ਪ੍ਰਾਪਤ ਹਨ, ਜਿਵੇਂ, ਮਿਸਾਲ ਵਜੋਂ, ਯੂਨਾਨੀਆਂ ਅਤੇ ਰੋਮਨਾਂ ਦੀ ਹਾਲਤ ਵਿੱਚ, ਸਾਨੂੰ ਨਾ ਕੇਵਲ ਉਹ ਮਿਲੇਗੀ ਸਗੋਂ ਅਸੀਂ ਆਪਣੇ ਆਪ ਨੂੰ ਨਿਸ਼ਚਾ ਕਰਵਾ ਸਕਾਂਗੇ ਕਿ ਜਿਥੇ ਸੋਮੇ ਸਾਡੇ ਕੰਮ ਨਹੀਂ ਆਉਂਦੇ ਉਥੇ ਅਮਰੀਕੀ ਸਮਾਜੀ ਬਣਤਰ ਅਤਿ-ਅੰਤ ਔਖੇ ਸ਼ੱਕਾਂ ਅਤੇ ਅੜਾਉਣੀਆਂ ਵਿੱਚੋਂ ਨਿਕਲਣ ਵਿੱਚ ਸਾਡੀ ਸਹਾਇਤਾ ਕਰੇਗੀ।

ਅਤੇ ਇਹ ਗੋਤਰੀ ਬਣਤਰ ਆਪਣੀ ਸਮੁੱਚੀ ਬੱਚਿਆਂ ਵਾਲ਼ੀ ਸਾਦਗੀ ਕਾਰਨ ਸ਼ਾਨਦਾਰ ਹੈ! ਸਭ ਕੁੱਝ ਫ਼ੌਜੀਆਂ, ਫ਼ੌਜੀ-ਪੁਲੀਸ ਜਾਂ ਪੁਲੀਸ ਤੋਂ ਬਿਨਾਂ, ਰਾਠਾਂ, ਬਾਦਸ਼ਾਹਾਂ, ਗਵਰਨਰਾਂ, ਅਫ਼ਸਰਾਂ ਜਾਂ ਜੱਜਾਂ ਤੋਂ ਬਿਨਾਂ; ਜੇਲ੍ਹਾਂ ਤੋਂ ਬਿਨਾਂ, ਮੁਕੱਦਮਿਆਂ ਤੋਂ ਬਿਨਾਂ ਚੱਲ ਰਿਹਾ ਹੈ। ਕੁੱਲ ਝਗੜੇ ਅਤੇ ਵਿਵਾਦ ਸਬੰਧਤ ਲੋਕਾਂ ਦਾ ਪੂਰਾ ਸਮੂਹ —ਗੋਤ ਜਾਂ ਕਬੀਲਾ ਜਾਂ ਵਿਕੋਲਤ੍ਰੇ ਗੋਤ ਆਪੋ ਵਿੱਚ— ਹੱਲ ਕਰ ਲੈਂਦੇ ਹਨ। ਕਸਾਸ ਦੀ ਧਮਕੀ, ਅਤਿ ਦਾ ਜਾਂ ਕਦੀ ਕਦਾਈਂ ਲਾਗੂ ਕੀਤਾ ਕਦਮ ਹੀ ਹੈ, ਸਾਡੀ ਮੌਤ ਦੀ ਸਜ਼ਾ ਜਿਸਦਾ ਸਭਿਆ ਰੂਪ ਹੀ ਹੈ ਅਤੇ ਇਸ ਵਿੱਚ ਸਭਿਅਤਾ ਦੇ ਸਭ ਲਾਭ ਅਤੇ ਹਾਣ ਸ਼ਾਮਲ ਹਨ। ਭਾਵੇਂ ਅਜੇ ਤੱਕ ਅੱਜ ਨਾਲ਼ੋਂ ਕਿਤੇ ਵਧੇਰੇ ਸਾਂਝੇ ਮਾਮਲੇ ਹਨ—ਕਈ ਟੱਬਰ ਪਰਿਵਾਰ ਨੂੰ ਰਲ ਕੇ ਅਤੇ ਕਮਿਊਨਿਸਟ ਢੰਗ ਨਾਲ਼ ਚਲਾਉਂਦੇ ਹਨ, ਭੋਂ ਕਬੀਲੇ ਦੀ ਮਿਲਖ ਹੈ, ਕੇਵਲ ਨਿੱਕੇ ਬਾਗ਼ ਹੀ ਅਸਥਾਈ ਤੌਰ 'ਤੇ ਇਕੱਲੇ ਪਰਿਵਾਰਾਂ ਨੂੰ ਦਿੱਤੇ ਗਏ ਹਨ—ਇਹਦੇ ਬਾਵਜੂਦ ਸਾਡੇ ਵਿਸ਼ਾਲ ਅਤੇ ਗੁੰਝਲਦਾਰ ਪ੍ਰਬੰਧਕ ਢਾਂਚੇ ਦੇ ਅੰਸ਼ ਦੀ ਵੀ ਲੋੜ ਨਹੀਂ ਪੈਂਦੀ। ਸਬੰਧਤ ਲੋਕ ਨਿਰਣਾ ਕਰਦੇ ਹਨ ਅਤੇ ਅਕਸਰ ਹਾਲਤਾਂ ਵਿੱਚ ਸਦੀ ਪੁਰਾਣੇ ਰਿਵਾਜ ਨੇ ਪਹਿਲਾਂ ਹੀ ਹਰ ਗੱਲ ਨੂੰ ਨੇਮ-ਬੱਧ ਕੀਤਾ ਹੋਇਆ ਹੈ। ਕੋਈ ਗ਼ਰੀਬ ਅਤੇ ਮੁਥਾਜ ਨਹੀਂ —ਕਮਿਊਨਿਸਟ ਕਿਸਮ ਦਾ ਪਰਿਵਾਰ ਅਤੇ ਗੋਤ ਬੁੱਢਿਆਂ, ਬਿਮਾਰਾਂ ਅਤੇ ਯੁੱਧ ਵਿੱਚ ਨਿਰਯੋਗ ਹੋਇਆਂ ਵੱਲ ਆਪਣੀਆਂ ਜ਼ਿੰਮੇਵਾਰੀਆਂ ਜਾਣਦਾ ਹੈ। ਸਭੇ ਆਜ਼ਾਦ ਅਤੇ ਸਮਾਨ ਹਨ—ਇਸਤਰੀਆਂ ਸਮੇਤ। ਅਜੇ ਗ਼ੁਲਾਮਾਂ ਲਈ ਕੋਈ ਥਾਂ ਨਹੀਂ, ਨਾ ਹੀ, ਆਮ ਤੌਰ 'ਤੇ, ਓਪਰੇ ਕਬੀਲਿਆਂ ਨੂੰ ਅਧੀਨ ਕਰਨ ਲਈ ਹੈ। ਜਦੋਂ 1651 ਦੇ ਨੇੜੇ ਤੇੜੇ ਇਰਾਕੁਈਆਂ ਨੇ ਇਰੀਆਂ ਅਤੇ "ਨਿਰਪੱਖ ਕੌਮਾਂ"[26] ਉੱਤੇ ਜਿੱਤ ਪ੍ਰਾਪਤ ਕਰ ਲਈ ਤਾਂ ਉਹਨਾਂ ਨੇ ਇਹਨਾਂ ਨੂੰ ਸੱਦਾ ਦਿੱਤਾ ਕਿ ਉਹ ਸਾਵੇਂ ਹੱਕਾਂ ਵਾਲ਼ੇ ਮੈਂਬਰਾਂ ਦੇ ਤੌਰ 'ਤੇ ਸੰਘ ਵਿੱਚ ਸ਼ਾਮਲ ਹੋ ਜਾਣ; ਕੇਵਲ ਉਦੋਂ ਹੀ ਜਦੋਂ ਹਾਰਿਆਂ ਹੋਇਆਂ ਨੇ ਨਾਂਹ ਕਰ ਦਿੱਤੀ ਉਹਨਾਂ ਨੂੰ ਉਹਨਾਂ ਦੇ ਇਲਾਕੇ ਵਿਚੋਂ ਬਾਹਰ ਧੱਕ ਦਿੱਤਾ ਗਿਆ ਅਤੇ ਅਜਿਹੇ ਸਮਾਜ ਨੇ ਜਿਹੋ ਜਿਹੇ ਮਰਦ ਅਤੇ ਇਸਤਰੀਆਂ ਪੈਦਾ ਕੀਤੀਆਂ ਉਹਦਾ ਸੰਕੇਤ ਉਸ ਸ਼ਲਾਘਾ ਤੋਂ ਮਿਲਦਾ ਹੈ ਜਿਹੜੀ ਉਹਨਾਂ ਕੁੱਲ ਗੋਰੇ ਲੋਕਾਂ ਨੇ ਅਨੁਭਵ ਕੀਤੀ ਜਿਨ੍ਹਾਂ ਦਾ ਵਾਹ ਅਣ-ਭ੍ਰਿਸ਼ਟ ਇੰਡੀਅਨਾਂ ਨਾਲ਼ ਪਿਆ, ਇਹਨਾਂ ਜਾਹਲਾਂ ਦੀ ਨਿੱਜੀ ਸ਼ਾਨ, ਖਰੇ-ਪੁਣੇ, ਆਚਰਣ ਦੀ ਮਜ਼ਬੂਤੀ ਅਤੇ ਦਲੇਰੀ ਲਈ ਸ਼ਲਾਘਾ।

ਅਸੀਂ ਅਜੇ ਪਿੱਛੇ ਜਿਹੇ ਹੀ ਇਸ ਦਲੇਰੀ ਦੀਆਂ ਮਿਸਾਲਾਂ ਅਫ਼ਰੀਕਾ ਵਿੱਚ

ਵੇਖੀਆਂ ਹਨ। ਕੁੱਝ ਵਰ੍ਹੇ ਹੋਏ ਜ਼ੁਲੂ ਕਾਫ਼ਰਾਂ ਨੇ, ਕੁਝ ਮਹੀਨੇ ਪਹਿਲਾਂ ਨਿਊਬੀਅਨਾਂ ਵਾਂਗ —ਜਿਨ੍ਹਾਂ ਦੋਹਾਂ ਕਬੀਲਿਆਂ ਵਿੱਚ ਗੋਤਰੀ ਸੰਸਥਾਵਾਂ ਦਾ ਅਜੇ ਅੰਤ ਨਹੀਂ ਹੋਇਆ— ਉਹ ਕੁੱਝ ਕੀਤਾ ਜੋ ਕੋਈ ਯੂਰਪੀ ਫ਼ੌਜ ਨਹੀਂ ਕਰ ਸਕਦੀ।[27] ਕੇਵਲ ਬਰਛਿਆਂ ਅਤੇ ਬਲਮਾਂ ਨਾਲ਼ ਹਥਿਆਰਬੰਦ ਹੋ ਕੇ, ਅਗਨ ਅਸਤਰਾਂ ਤੋਂ ਬਿਨਾਂ, ਉਹ ਤੋੜੇਦਾਰ ਬੰਦੂਕਾਂ ਤੋਂ ਵਰ੍ਹਦੀਆਂ ਗੋਲ਼ੀਆਂ ਦੀ ਵਾਛੜ ਹੇਠ ਐਨ ਅੰਗ੍ਰੇਜ਼ ਪੈਦਲ ਫ਼ੌਜ ਦੀਆਂ— ਜਿਸਨੂੰ ਸੰਸਾਰ ਵਿੱਚ ਸੰਘਣੀਆਂ ਸਫ਼ਾਂ ਬਣਾ ਕੇ ਲੜਨ ਵਿੱਚ ਸਰਵਉੱਤਮ ਮੰਨਿਆ ਜਾਂਦਾ ਹੈ—ਸੰਗੀਨਾਂ ਤੱਕ ਅਪੜ ਗਏ, ਉਹਨਾਂ ਵਿੱਚ ਗੜ ਬੜ ਮਚਾ ਦਿੱਤੀ ਅਤੇ ਇਥੋਂ ਤੱਕ ਕਿ ਉਹਨਾਂ ਨੂੰ ਇੱਕ ਤੋਂ ਵੱਧ ਵਾਰ ਪਿੱਛੇ ਹਟਣ 'ਤੇ ਮਜਬੂਰ ਕਰ ਦਿੱਤਾ ਅਤੇ ਅਜਿਹਾ ਉਹਨਾਂ ਹਥਿਆਰਾਂ ਵਿੱਚ ਧੜਵੈਲ ਫ਼ਰਕ ਦੇ ਬਾਵਜੂਦ ਕੀਤਾ ਅਤੇ ਇਸ ਤੱਥ ਦੇ ਬਾਵਜੂਦ ਕੀਤਾ ਕਿ ਉਹਨਾਂ ਵਿੱਚ ਫ਼ੌਜੀ ਸੇਵਾ ਜਿਹੀ ਕੋਈ ਸ਼ੈਅ ਨਹੀਂ ਅਤੇ ਉਹ ਇਹ ਨਹੀਂ ਜਾਣਦੇ ਕਿ ਫ਼ੌਜੀ ਮਸ਼ਕਾਂ ਕੀ ਹੁੰਦੀਆਂ ਹਨ। ਉਹਨਾਂ ਦੀ ਯੋਗਤਾ ਅਤੇ ਸਹਿਣ-ਸ਼ਕਤੀ ਅੰਗ੍ਰੇਜ਼ਾਂ ਦੀ ਇਸ ਸ਼ਿਕਾਇਤ ਤੋਂ ਸਾਬਤ ਹੁੰਦੇ ਹਨ ਕਿ ਇੱਕ ਕਾਫ਼ਰ ਚੌਵੀ ਘੰਟਿਆਂ ਵਿੱਚ ਕਿਸੇ ਘੋੜੇ ਨਾਲ਼ੋਂ ਤੇਜ਼ ਚੱਲ ਸਕਦਾ ਹੈ ਅਤੇ ਵਧੇਰੇ ਪੈਂਡਾ ਮਾਰ ਸਕਦਾ ਹੈ। ਜਿਹਾ ਕਿ ਇੱਕ ਅੰਗ੍ਰੇਜ਼ ਚਿਤਰਕਾਰ ਕਹਿੰਦਾ ਹੈ ਉਹਨਾਂ ਦਾ ਨਿੱਕੇ ਤੋਂ ਨਿੱਕਾ ਪੱਠਾ ਉੱਭਰ ਕੇ ਸਾਹਮਣੇ ਆਉਂਦਾ ਹੈ, ਕਰੜਾ ਅਤੇ ਅਸਪਾਤੀ, ਕਿਸੇ ਕਮਚੀ ਵਾਂਗ।

ਸ਼੍ਰੇਣੀ ਵਖਰੇਵੇਂ ਉੱਭਰਨ ਤੋਂ ਪਹਿਲਾਂ ਮਨੁੱਖਜਾਤੀ ਅਤੇ ਮਨੁੱਖੀ ਸਮਾਜ ਅਜਿਹੇ ਸਨ ਅਤੇ ਜੇ ਅਸੀਂ ਉਹਨਾਂ ਦੀ ਪ੍ਰਸਥਿਤੀ ਦਾ ਅਜੋਕੇ ਸਭਿਆ ਲੋਕਾਂ ਦੀ ਭਾਰੀ ਬਹੁ-ਗਿਣਤੀ ਨਾਲ਼ ਮੁਕਾਬਲਾ ਕਰੀਏ ਤਾਂ ਅਸੀਂ ਵੇਖਦੇ ਹਾਂ ਕਿ ਅਜੋਕੇ ਪ੍ਰੋਲੇਤਾਰੀ ਅਤੇ ਨਿੱਕੇ ਕਿਸਾਨ ਅਤੇ ਅਤੀਤ ਦੇ ਗੋਤ ਦੇ ਆਜ਼ਾਦ ਮੈਂਬਰ ਵਿਚਕਾਰ ਇੱਕ ਬਹੁਤ ਵੱਡਾ ਪਾੜ ਹੈ।

ਇਹ ਤਸਵੀਰ ਦਾ ਇੱਕ ਪਾਸਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਜਥੇਬੰਦੀ ਦਾ ਅੰਤ ਹੋਣਾ ਹੀ ਸੀ। ਇਹ ਕਦੀ ਕਬੀਲੇ ਤੋਂ ਅੱਗੇ ਵਿਕਸਤ ਨਾ ਹੋਈ; ਜਿਹਾ ਕਿ ਅਸੀਂ ਅੱਗੇ ਚੱਲ ਕੇ ਵੇਖਾਂਗੇ ਅਤੇ ਜਿਹਾ ਕਿ ਇਰਾਕੁਈਆਂ ਦੇ ਹੋਰਨਾਂ ਕਬੀਲਿਆਂ ਨੂੰ ਅਧੀਨ ਕਰਨ ਦੇ ਯਤਨਾਂ ਨੇ ਵਿਖਾਇਆ, ਕਬੀਲਿਆਂ ਦਾ ਸੰਘ ਪਹਿਲਾਂ ਤੋਂ ਹੀ ਇਹਦੀ ਗਿਰਾਵਟ ਸ਼ੁਰੂ ਹੋਣ ਨੂੰ ਪ੍ਰਗਟ ਕਰਦਾ ਸੀ। ਜੋ ਕੁੱਝ ਕਬੀਲੇ ਤੋਂ ਬਾਹਰ ਸੀ ਉਹ ਕਾਨੂੰਨ ਤੋਂ ਬਾਹਰ ਸੀ। ਜਿਥੇ ਅਮਨ ਦੀ ਕੋਈ ਸਪਸ਼ਟ ਸੰਧੀ ਲਾਗੂ ਨਹੀਂ ਸੀ, ਉਥੇ ਕਬੀਲੇ ਕਬੀਲੇ ਵਿਚਕਾਰ ਯੁੱਧ ਜਾਰੀ ਰਹਿੰਦਾ ਅਤੇ ਯੁੱਧ ਉਸ ਜ਼ਾਲਮ ਢੰਗ ਨਾਲ਼ ਲੜਿਆ ਜਾਂਦਾ ਜਿਹੜਾ ਮਨੁੱਖ ਨੂੰ ਹੋਰਨਾਂ ਸਭਨਾਂ ਜਾਨਵਰਾਂ ਤੋਂ ਨਖੇੜਨਾ ਹੈ ਅਤੇ ਜਿਹੜਾ ਪਿੱਛੋਂ ਜਾ ਕੇ ਕੇਵਲ ਸਵੈ-ਹਿਤ ਵਿੱਚ ਹੀ ਢਿੱਲਾ ਪਿਆ। ਆਪਣੇ ਪੂਰੇ ਖੇੜੇ ਵਿੱਚ ਗੋਤਰੀ ਬਣਤਰ, ਜਿਹਾ ਕਿ ਅਸੀਂ ਅਮਰੀਕਾ ਵਿੱਚ ਵੇਖਿਆ ਹੈ, ਪਹਿਲਾਂ ਹੀ ਉਤਪਾਦਨ ਦਾ ਅਤਿ-ਅੰਤ ਘੱਟ-ਵਿਕਸਤ ਰੂਪ ਮਿੱਥ ਲੈਂਦੀ ਹੈ, ਅਰਥਾਤ, ਬਹੁਤ ਥੋੜ੍ਹੀ ਖਿੰਡੀ ਹੋਈ ਵਸੋਂ ਬਹੁਤ ਵਿਸ਼ਾਲ ਇਲਾਕੇ ਉਤੇ ਫੈਲੀ ਹੋਈ ਅਤੇ ਇਸੇ ਲਈ ਮਨੁੱਖ ਉੱਤੇ ਓਪਰੀ, ਵਿਰੋਧੀ ਅਤੇ ਉਹਨੂੰ ਸਮਝ ਨਾ ਆਉਣ ਵਾਲ਼ੀ ਬਾਹਰੀ ਪ੍ਰਕਿਰਤੀ ਦਾ ਗ਼ਲਬਾ, ਅਜਿਹਾ ਗ਼ਲਬਾ ਜਿਸ ਦਾ ਪ੍ਰਗਟਾਅ

ਉਹਦੇ ਬਚਗਾਨਾ ਧਾਰਮਿਕ ਵਿਚਾਰਾਂ ਵਿੱਚ ਹੁੰਦਾ ਹੈ। ਮਨੁੱਖ ਲਈ ਕਬੀਲਾ ਹੱਦ ਰਿਹਾ, ਉਹਦੇ ਆਪਣੇ ਲਈ ਵੀ ਅਤੇ ਬਾਹਰਲਿਆਂ ਲਈ ਵੀ: ਕਬੀਲਾ, ਗੋਤ ਅਤੇ ਉਹਨਾਂ ਦੀਆਂ ਸੰਸਥਾਵਾਂ ਪਵਿੱਤਰ ਅਤੇ ਅਲੰਘ ਸਨ, ਇੱਕ ਉਚੇਰੀ ਸ਼ਕਤੀ, ਜਿਨ੍ਹਾਂ ਨੂੰ ਪ੍ਰਕਿਰਤੀ ਨੇ ਸਿਰਜਿਆ ਸੀ, ਮਨੁੱਖ ਭਾਵਾਂ, ਸੋਚ ਅਤੇ ਅਮਲ ਵਿੱਚ ਜਿਨ੍ਹਾਂ ਦੇ ਉਕਾ ਹੀ ਅਧੀਨ ਰਹਿੰਦਾ। ਭਾਵੇਂ ਇਸ ਯੁੱਗ ਦੇ ਲੋਕ ਸਾਨੂੰ ਕਿੰਨੇ ਪ੍ਰਭਾਵਸ਼ਾਲੀ ਕਿਉਂ ਨਾ ਜਾਪਣ, ਉਹ ਕਿਸੇ ਵੀ ਤਰ੍ਹਾਂ ਇੱਕ ਦੂਜੇ ਤੋਂ ਵੱਖ ਨਹੀਂ, ਜਿਵੇਂ ਮਾਰਕਸ ਕਹਿੰਦੇ ਹਨ, ਉਹ ਆਦਿ-ਅਨਾਦੀ ਭਾਈਚਾਰੇ ਦੇ ਨਾੜੂ ਨਾਲ਼ ਬੰਨ੍ਹੇ ਹੋਏ ਹਨ। ਇਹਨਾਂ ਆਦਿ-ਅਨਾਦੀ ਭਾਈਚਾਰਿਆਂ ਦੀ ਸ਼ਕਤੀ ਤੋੜਨੀ ਲਾਜ਼ਮੀ ਸੀ ਅਤੇ ਇਹ ਤੋੜੀ ਗਈ। ਪਰ ਇਹ ਅਜਿਹੇ ਪ੍ਰਭਾਵਾਂ ਨੇ ਤੋੜੀ ਜਿਹੜੇ ਮੁੱਢ ਤੋਂ ਸਾਨੂੰ ਗਿਰਾਵਟ, ਪ੍ਰਾਚੀਨ ਗੋਤਰੀ ਸਮਾਜ ਦੀ ਸਾਦੀ ਸਦਾਚਾਰਕ ਸ਼ਾਨ ਤੋਂ ਡਿੱਗਣਾ ਜਾਪਦੇ ਹਨ। ਅਤਿ ਨੀਵੇਂ ਹਿੱਤ—ਨੀਚ ਲਾਲਚ, ਵਹਿਸ਼ੀ ਕਾਮਚੇਸ਼ਟਾ, ਲੀਚੜ ਲਾਲਸਾ, ਸਾਂਝੀ ਮਿਲਖ ਦੀ ਖ਼ੁਦ-ਗਰਜ਼ ਲੁੱਟ—ਨਵੇਂ, ਸਭਿਆ ਸਮਾਜ, ਸ਼੍ਰੇਣੀ ਸਮਾਜ ਦੀ ਆਉਂਦ ਦਾ ਐਲਾਨ ਕਰਦੇ ਹਨ; ਅਤਿ-ਅੰਤ ਉਪਦਰਵੀ ਢੰਗ—ਚੋਰੀ, ਵਿਭਚਾਰ, ਧੋਖਾ ਅਤੇ ਵਿਸਾਹਘਾਤ— ਪੁਰਾਣੇ ਸ਼੍ਰੇਣੀ-ਰਹਿਤ, ਗੋਤਰੀ ਸਮਾਜ ਦੀਆਂ ਜੜ੍ਹਾਂ ਪੋਲੀਆਂ ਕਰਦੇ ਅਤੇ ਇਹਦਾ ਤਖ਼ਤਾ ਉਲਟਾਉਂਦੇ ਹਨ ਅਤੇ ਆਪਣੀ ਕੁੱਲ 2,500 ਵਰ੍ਹਿਆਂ ਦੀ ਹੋਂਦ ਵਿੱਚ ਨਵਾਂ ਸਮਾਜ ਲੁੱਟੀ ਖਸੁੱਟੀ ਜਾਂਦੀ ਅਤੇ ਪਸਿਤੀ ਮਹਾਨ ਬਹੁ-ਗਿਣਤੀ ਦੀ ਕੀਮਤ ਉੱਤੇ ਇੱਕ ਨਿੱਕੀ ਘੱਟ-ਗਿਣਤੀ ਦੇ ਵਿਕਾਸ ਤੋਂ ਬਿਨਾਂ ਕੁੱਝ ਨਹੀਂ ਜਿਹਾ ਅਤੇ ਅੱਜ ਇਹ ਪਹਿਲਾਂ ਕਿਸੇ ਸਮੇਂ ਤੋਂ ਵੱਧ ਅਜਿਹਾ ਹੈ।

## IV

## ਯੂਨਾਨੀ ਗੋਤ

ਯੂਨਾਨੀ ਅਤੇ ਪੇਲਾਸਗਿਆਨੀ ਅਤੇ ਉਹਨਾਂ ਜਿਹੇ ਹੀ ਕਬਾਇਲੀ ਆਦਿ ਵਾਲ਼ੇ ਹੋਰ ਲੋਕ ਪੂਰਵ-ਇਤਿਹਾਸਕ ਸਮੇਂ ਜਥੇਬੰਦਕ ਲੜੀ ਵਿੱਚ ਜੁੜੇ ਹੋਏ ਸਨ ਜਿਸ ਵਿੱਚ ਅਮਰੀਕੀ ਜੁੜੇ ਹੋਏ: ਗੋਤ, ਬਰਾਦਰੀ, ਕਬੀਲਾ, ਕਬੀਲਿਆਂ ਦਾ ਸੰਘ। ਹੋ ਸਕਦਾ ਹੈ ਬਰਾਦਰੀ ਦੀ ਅਣਹੋਂਦ ਹੋਵੇ, ਜਿਵੇਂ ਮਿਸਾਲ ਵਜੋਂ ਡੋਰੀਆਾਈਆਂ ਵਿੱਚ; ਇਹ ਹੋ ਸਕਦਾ ਹੈ ਕਿ ਕਬੀਲਿਆਂ ਦਾ ਸੰਘ ਹਰ ਥਾਂ ਪੂਰੀ ਤਰ੍ਹਾਂ ਵਿਕਸਤ ਨਾ ਹੋਵੇ; ਪਰ ਗੋਤ ਹਰ ਥਾਂ ਇਕਾਈ ਸੀ। ਜਿਸ ਸਮੇਂ ਯੂਨਾਨੀਆਂ ਨੇ ਇਤਿਹਾਸ ਵਿੱਚ ਪ੍ਰਵੇਸ਼ ਕੀਤਾ, ਉਹ ਸਭਿਅਤਾ ਦੀਆਂ ਬਰੂਹਾਂ ਉੱਤੇ ਸਨ। ਯੂਨਾਨੀਆਂ ਅਤੇ ਉੱਪਰ ਜਿਨ੍ਹਾਂ ਅਮਰੀਕੀ ਕਬੀਲਿਆਂ ਦਾ ਜ਼ਿਕਰ ਕੀਤਾ ਗਿਆ ਹੈ ਉਹਨਾਂ ਵਿਚਕਾਰ ਲਗ ਭਗ ਵਿਕਾਸ ਦੇ ਦੋ ਮਹਾਨ ਪੜਾਵਾਂ ਦੀ ਵਿੱਥ ਹੈ, ਸੂਰਮਾ ਯੁਗ ਦੇ ਯੂਨਾਨੀ ਇਰਾਕੁਈਆਂ ਤੋਂ ਏਨੇ ਅੱਗੇ ਹਨ। ਇਸੇ ਲਈ ਯੂਨਾਨੀ ਗੋਤ ਵਿੱਚ ਇਰਾਕੁਈ ਗੋਤ ਦਾ ਸਮਾਂ ਵਿਹਾ ਚੁੱਕਿਆ ਖ਼ਾਸਾ ਨਹੀਂ; ਟੋਲੀ ਵਿਆਹ ਦੀ ਛਾਪ ਚੋਖੀ ਮੱਧਮ ਪੈਂਦੀ ਜਾ ਰਹੀ ਸੀ। ਮਾਤਰੀ ਹੱਕ ਦੀ ਥਾਂ ਪਿੱਤਰੀ ਹੱਕ ਨੇ ਲੈ ਲਈ ਸੀ; ਇਉਂ ਉਭਰ ਰਹੀ ਨਿੱਜੀ ਦੌਲਤ ਨੇ ਗੋਤਰੀ ਬਣਤਰ ਵਿੱਚ ਪਹਿਲਾ ਪਾੜ ਲਿਆਂਦਾ। ਇੱਕ ਹਰ ਪਾੜ

ਪਹਿਲੇ ਤੋਂ ਪਿਛੋਂ ਸੁਭਾਵਕ ਹੀ ਆਇਆ: ਪਿੱਤਰੀ ਹੱਕ ਦੇ ਲਾਗੂ ਕੀਤੇ ਜਾਣ ਤੋਂ ਪਿੱਛੋਂ, ਕਿਸੇ ਅਮੀਰ ਵਾਰਸ ਕੁੜੀ ਦੀ ਜਾਇਦਾਦ, ਉਹਦੇ ਵਿਆਹ ਕਾਰਨ, ਉਹਦੇ ਪਤੀ ਨੂੰ, ਅਰਥਾਤ ਇੱਕ ਹੋਰ ਗੋਤ ਨੂੰ ਮਿਲਦੀ; ਸੋ ਗੋਤਰੀ ਕਾਨੂੰਨ ਦੀ ਬੁਨਿਆਦ ਤੋੜੀ ਗਈ, ਅਜਿਹੀਆਂ ਹਾਲਤਾਂ ਵਿੱਚ ਕੁੜੀ ਨੂੰ ਨਾ ਕੇਵਲ ਗੋਤ ਦੇ ਅੰਦਰ ਵਿਆਹ ਕਰਨ ਦੀ ਆਗਿਆ ਸੀ ਸਗੋਂ ਉਹ ਅਜਿਹਾ ਕਰਨ ਉੱਤੇ **ਮਜਬੂਰ** ਸੀ, ਤਾਂ ਜੁ ਗੋਤ ਉਹਦੀ ਦੌਲਤ ਆਪਣੇ ਵਿੱਚ ਰੱਖ ਸਕੇ।

ਗਰੋਟ ਦੇ ìHistory of Greeceî(“ਯੂਨਾਨ ਦੇ ਇਤਿਹਾਸ”) ਅਨੁਸਾਰ ਏਥਨਜ਼ ਦੇ ਗੋਤ ਨੂੰ ਹੇਠ ਲਿਖੀਆਂ ਗੱਲਾਂ ਨੇ ਜੋੜ ਕੇ ਰੱਖਿਆ:

1. ਸਾਂਝੀਆਂ ਧਾਰਮਿਕ ਰਸਮਾਂ ਅਤੇ ਇੱਕ ਸਪਸ਼ਟ ਦੇਵਤੇ ਦੇ ਮਾਣ ਵਿੱਚ ਪੁਜਾਰੀਆਂ ਦੇ ਅਨੰਨ ਵਿਸ਼ੇਸ਼-ਅਧਿਕਾਰ, ਇਹ ਦੇਵਤਾ ਗੋਤ ਦਾ ਆਦਿ-ਕਾਲੀਨ ਵਡੇਰਾ ਸਮਝਿਆ ਜਾਂਦਾ ਸੀ ਅਤੇ ਇਸ ਹੈਸੀਅਤ ਵਿੱਚ ਇਹਨੂੰ ਇੱਕ ਵਿਸ਼ੇਸ਼ ਖ਼ਾਨਦਾਨੀ ਨਾਂ ਦਿੱਤਾ ਜਾਂਦਾ ਸੀ।

2. ਇੱਕ ਸਾਂਝਾ ਕਬਰਿਸਤਾਨ (ਡੈਮੋਸਥਨੀਜ਼ ਦੀ “Eubulides” (“ਇਉਬੂਲਾਈਡਜ਼”) ਨਾਲ਼ ਮੁਕਾਬਲਾ ਕਰੋ)।

3. ਵਿਰਸੇ ਦਾ ਪ੍ਰਸਪਰ ਹੱਕ।

4. ਸ਼ਕਤੀ ਦੀ ਵਰਤੋਂ ਵਿਰੁੱਧ ਪ੍ਰਸਪਰ ਸਹਾਇਤਾ, ਰੱਖਿਆ ਅਤੇ ਹਮਾਇਤ ਦੇਣ ਦੀ ਜ਼ਿੰਮੇਵਾਰੀ।

5. ਕੁੱਝ ਹਾਲਤਾਂ ਵਿੱਚ, ਵਿਸ਼ੇਸ਼ ਤੌਰ ’ਤੇ ਯਤੀਮ ਹੋ ਗਈਆਂ ਧੀਆਂ ਜਾਂ ਧਨੀਆਂ ਦੀਆਂ ਵਾਰਸਾਂ ਲਈ ਗੋਤ ਦੇ ਅੰਦਰ ਵਿਆਹ ਕਰਨ ਦਾ ਪ੍ਰਸਪਰ ਹੱਕ ਅਤੇ ਜ਼ਿੰਮੇਵਾਰੀ।

6. ਘੱਟੋ ਘੱਟ ਕੁੱਝ ਹਾਲਤਾਂ ਵਿੱਚ ਸਾਂਝੀ ਜਾਇਦਾਦ ਅਤੇ ਇੱਕ ਆਰਕਾਨ (ਮੈਜਿਸਟ੍ਰੇਟ) ਅਤੇ ਖ਼ਜ਼ਾਨਚੀ ਦਾ ਹੋਣਾ।

ਬਰਾਦਰੀ, ਜਿਹੜੀ ਕਈ ਗੋਤਾਂ ਨੂੰ ਆਪੋ ਵਿੱਚ ਜੋੜਦੀ ਸੀ, ਘੱਟ ਨੇੜਵੇਂ ਸਬੰਧਾਂ ਵਾਲ਼ੀ ਸੀ, ਪਰ ਇੱਥੇ ਵੀ ਅਸੀਂ ਇੱਕੋ ਜਿਹੇ ਖ਼ਾਸੇ ਵਾਲ਼ੇ ਪ੍ਰਸਪਰ ਹੱਕ ਅਤੇ ਫ਼ਰਜ਼ ਵੇਖਦੇ ਹਾਂ, ਵਿਸ਼ੇਸ਼ ਤੌਰ ’ਤੇ ਖ਼ਾਸ ਧਾਰਮਿਕ ਰਸਮਾਂ ਦੀ ਸਾਂਝ ਅਤੇ ਬਰਾਦਰੀ ਦੇ ਕਿਸੇ ਜੀਅ ਦੇ ਕਤਲ ਕੀਤੇ ਜਾਣ ਦੀ ਸੂਰਤ ਵਿੱਚ ਮੁਕਦਮਾ ਚਲਾਉਣ ਦਾ ਹੱਕ। ਫੇਰ, ਕਿਸੇ ਕਬੀਲੇ ਦੀਆਂ ਸਾਰੀਆਂ ਬਰਾਦਰੀਆਂ ਸਮੇਂ ਸਮੇਂ phylobasileus (ਕਬੀਲੇ ਦੇ ਮੈਜਿਸਟ੍ਰੇਟ) ਦੀ ਪ੍ਰਧਾਨਗੀ ਹੇਠ, ਜਿਹੜਾ ਰਾਠਾਂ (eupatrides) ਵਿਚੋਂ ਚੁਣਿਆ ਜਾਂਦਾ ਸੀ, ਕੁੱਝ ਸਾਂਝੀਆਂ ਪਵਿੱਤਰ ਰਸਮਾਂ ਪੂਰੀਆਂ ਕਰਦੀਆਂ ਸਨ।

ਇਥੋਂ ਤੱਕ ਗਰੋਟ। ਮਾਰਕਸ ਇਹ ਵਾਧਾ ਕਰਦੇ ਹਨ: “ਯੂਨਾਨੀ ਗੋਤਾਂ ਵਿੱਚ ਵਹਿਸ਼ੀ (ਮਿਸਾਲ ਵਜੋਂ ਇਰਾਕੁਈ) ਸਪਸ਼ਟ ਤੌਰ ’ਤੇ ਵੇਖਿਆ ਜਾ ਸਕਦਾ ਹੈ।* ਜਦੋਂ ਅਸੀਂ ਕੁੱਝ ਹੋਰ ਖੋਜ ਕਰਦੇ ਹਾਂ ਤਾਂ ਉਹ ਹੋਰ ਸਪਸ਼ਟ ਹੋ ਜਾਂਦਾ ਹੈ।

ਕਿਉਂਕਿ ਯੂਨਾਨੀ ਗੋਤ ਦੇ ਹੇਠ ਲਿਖੇ ਲੱਛਣ ਵੀ ਹਨ:

* ਵੇਖੋ ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨਾ 136। **—ਸੰਪਾ.**

7. ਪਿੱਤਰੀ ਹੱਕ ਅਨੁਸਾਰ ਲੀਹ ਚਲਣਾ।

8. ਅਮੀਰ ਲੋਕਾਂ ਦੀਆਂ ਵਾਰਸਾਂ ਤੋਂ ਬਿਨਾਂ ਗੋਤ ਦੇ ਅੰਦਰ ਵਿਆਹ ਦੀ ਮਨਾਹੀ। ਇਹ ਛੋਟ ਅਤੇ ਇਹਦਾ ਇੱਕ ਹੁਕਮ ਵਜੋਂ ਨਿਰੂਪਿਆ ਜਾਣਾ ਸਪਸ਼ਟ ਤੌਰ 'ਤੇ ਪੁਰਾਣੇ ਨਿਯਮ ਦੀ ਪ੍ਰਮਾਣਿਕਤਾ ਨੂੰ ਸਾਬਤ ਕਰਦਾ ਹੈ। ਇਹ ਇਸ ਆਮ ਤੌਰ 'ਤੇ ਪ੍ਰਵਾਨ ਕੀਤੇ ਨਿਯਮ ਤੋਂ ਵੀ ਪੈਦਾ ਹੁੰਦਾ ਹੈ ਕਿ ਜਦੋਂ ਕੋਈ ਇਸਤਰੀ ਵਿਆਹ ਕਰਦੀ ਹੈ ਤਾਂ ਉਹ ਆਪਣੇ ਗੋਤ ਦੀਆਂ ਧਾਰਮਿਕ ਰੀਤਾਂ ਤਿਆਗ ਦੇਂਦੀ ਹੈ ਅਤੇ ਆਪਣੇ ਪਤੀ ਦੇ ਗੋਤ ਦੀਆਂ ਅਪਣਾ ਲੈਂਦੀ ਹੈ, ਜਿਸਦੀ ਬਰਾਦਰੀ ਵਿੱਚ ਉਹਨੂੰ ਸ਼ਾਮਲ ਕਰ ਲਿਆ ਜਾਂਦਾ ਹੈ। ਇਹ ਅਤੇ ਡੀਕੇਆਰਕੁਸ ਦਾ ਇੱਕ ਪੈਰ੍ਹਾ ਇਹ ਸਾਬਤ ਕਰਦੇ ਹਨ ਕਿ ਗੋਤ ਤੋਂ ਬਾਹਰ ਵਿਆਹ ਇੱਕ ਨੇਮ ਸੀ। ਆਪਣੇ ìChariclesî(“ਹਾਰੀਕਲਜ਼”) ਵਿੱਚ ਬੈਕਰ ਇਹ ਸਿੱਧੀ ਤਰ੍ਹਾਂ ਫ਼ਰਜ਼ ਕਰ ਲੈਂਦਾ ਹੈ ਕਿ ਕਿਸੇ ਮਰਦ ਜਾਂ ਇਸਤਰੀ ਨੂੰ ਆਪਣੇ ਗੋਤ ਵਿੱਚ ਵਿਆਹ ਕਰਨ ਦੀ ਆਗਿਆ ਨਹੀਂ ਸੀ।

9. ਗੋਤ ਵਿੱਚ ਸ਼ਾਮਲ ਕਰਨ ਦਾ ਹੱਕ; ਇਹ ਟੱਬਰ ਵਿੱਚ ਸ਼ਾਮਲ ਕਰਕੇ ਅਮਲ ਵਿੱਚ ਲਿਆਂਦਾ ਜਾਂਦਾ ਸੀ ਪਰ ਜਨਤਕ ਰਸਮਾਂ ਰਾਹੀਂ ਅਤੇ ਕੇਵਲ ਅਸਾਧਾਰਨ ਹਾਲਤਾਂ ਵਿੱਚ ਹੀ ਅਜਿਹਾ ਕੀਤਾ ਜਾਂਦਾ ਸੀ।

10. ਮੁਖੀਆਂ ਨੂੰ ਚੁਣਨ ਅਤੇ ਹਟਾਉਣ ਦਾ ਹੱਕ। ਸਾਨੂੰ ਪਤਾ ਹੈ ਕਿ ਹਰ ਗੋਤ ਦਾ ਆਪਣਾ ਆਰਕਾਨ ਹੁੰਦਾ ਸੀ; ਪਰ ਉਹ ਕਿਧਰੇ ਨਹੀਂ ਕਿਹਾ ਗਿਆ ਕਿ ਇਹ ਪਦਵੀ ਕੁੱਝ ਟੱਬਰਾਂ ਵਿੱਚ ਜੱਦੀ ਸੀ। ਜਹਾਲਤ ਦੇ ਅੰਤ ਤੱਕ, ਸੰਭਾਵਨਾ ਸਦਾ ਕਰੜੇ ਤੌਰ 'ਤੇ ਜੱਦੀ ਹੋਣ ਦੇ ਵਿਰੁੱਧ ਹੈ, ਜੱਦੀ ਹੋਣਾ ਉਹਨਾਂ ਪ੍ਰਸਥਿਤੀਆਂ ਨਾਲ਼ ਉੱਕਾ ਹੀ ਅਣਮੇਲ ਹੁੰਦਾ, ਜਿਥੇ ਅਮੀਰਾਂ ਅਤੇ ਗ਼ਰੀਬਾਂ ਨੂੰ ਗੋਤ ਵਿੱਚ ਉੱਕਾ ਹੀ ਸਾਵੇਂ ਹੱਕ ਪ੍ਰਾਪਤ ਸਨ।

ਨਾ ਕੇਵਲ ਗਰੋਟ ਸਗੋਂ ਨੀਬੂਹਰ, ਮੋਮਸਨ ਅਤੇ ਕਲਾਸਿਕੀ ਅਤੀਤ ਦੇ ਪਹਿਲਾਂ ਦੇ ਹੋਰ ਸਾਰੇ ਇਤਿਹਾਸਕਾਰ ਗੋਤ ਦਾ ਮਸਲਾ ਹੱਲ ਕਰਨ ਵਿੱਚ ਅਸਫ਼ਲ ਰਹੇ। ਭਾਵੇਂ ਉਹਨਾਂ ਇਹਦੇ ਕਈ ਨਿਖੇੜਵੇਂ ਲੱਛਣਾਂ ਨੂੰ ਠੀਕ ਤਰ੍ਹਾਂ ਸਮਝਿਆ, ਉਹਨਾਂ ਇਹਨੂੰ ਸਦਾ **ਟੱਬਰਾਂ ਦੀ ਇੱਕ ਟੋਲੀ** ਸਮਝਿਆ ਅਤੇ ਇਉਂ ਉਹਨਾਂ ਆਪਣੇ ਲਈ ਗੋਤਾਂ ਦੇ ਖ਼ਾਸੇ ਅਤੇ ਆਦਿ ਨੂੰ ਸਮਝਣਾ ਅਸੰਭਵ ਬਣਾ ਲਿਆ। ਗੋਤਰੀ ਬਣਤਰ ਅਧੀਨ ਟੱਬਰ ਕਦੀ ਜਥੇਬੰਦੀ ਦੀ ਇਕਾਈ ਨਹੀਂ ਸੀ, ਨਾ ਹੀ ਇਹ ਹੋ ਸਕਦਾ ਸੀ ਕਿਉਂਕਿ ਪਤੀ ਅਤੇ ਪਤਨੀ ਲਾਜ਼ਮੀ ਤੌਰ 'ਤੇ ਵੱਖ ਵੱਖ ਗੋਤਾਂ ਦੇ ਸਨ। ਗੋਤ ਸਮੁੱਚੇ ਤੌਰ 'ਤੇ ਬਰਾਦਰੀ ਵਿੱਚ ਸ਼ਾਮਲ ਸੀ, ਬਰਾਦਰੀ ਕਬੀਲੇ ਵਿੱਚ; ਪਰ ਜਿਥੋਂ ਤੱਕ ਟੱਬਰ ਦਾ ਸਬੰਧ ਹੈ ਇਹ ਅੱਧਾ ਪਤੀ ਦੇ ਗੋਤ ਵਿੱਚ ਸ਼ਾਮਲ ਸੀ ਅਤੇ ਅੱਧਾ ਪਤਨੀ ਦੇ ਗੋਤ ਵਿੱਚ। ਰਾਜ ਵੀ, ਅਜੇ ਤੱਕ ਟੱਬਰ ਨੂੰ ਸਰਵਜਨਕ ਕਾਨੂੰਨ ਵਿੱਚ ਪ੍ਰਵਾਨ ਨਹੀਂ ਕਰਦਾ; ਇਹਦੀ ਹੋਂਦ ਕੇਵਲ ਦੀਵਾਨੀ ਕਾਨੂੰਨ ਵਿੱਚ ਹੈ। ਪਰ, ਸਾਰਾ ਲਿਖਤੀ ਇਤਿਹਾਸ ਅੱਜ ਤੱਕ ਆਪਣੇ ਆਦਿ ਦਾ ਨੁਕਤਾ ਇੱਕ ਵਾਹੀਆਤ ਮਿੱਥ ਨੂੰ ਬਣਾਉਂਦਾ ਹੈ, ਜਿਹੜੀ ਅਠਾਰ੍ਹਵੀਂ ਸਦੀ ਵਿੱਚ ਅਟੁੱਟ ਬਣ ਗਈ ਕਿ ਇੱਕ-ਪਤੀ ਇੱਕ-ਪਤਨੀ ਵਿਕੋਲਤ੍ਰਾ ਟੱਬਰ, ਇੱਕ ਅਜਿਹੀ ਸੰਸਥਾ ਜਿਹੜੀ ਕਿਸੇ ਵੀ

ਤਰ੍ਹਾਂ ਸਭਿਅਤਾ ਤੋਂ ਪੁਰਾਣੀ ਨਹੀਂ, ਉਹ ਕੇਂਦਰਿਕ ਹੈ ਜਿਸ ਦੇ ਦਆਲ਼ੇ ਸਮਾਜ ਅਤੇ ਰਾਜ ਨੇ ਹੌਲ਼ੀ ਹੌਲ਼ੀ ਰੂਪ ਧਾਰਿਆ।

"ਸ਼੍ਰੀ ਗਰੋਟ ਨੂੰ ਕਿਰਪਾ ਕਰਕੇ ਧਿਆਨ ਰੱਖਣਾ ਚਾਹੀਦਾ ਹੈ", ਮਾਰਕਸ ਵਾਧਾ ਕਰਦੇ ਹਨ, "ਕਿ ਭਾਵੇਂ ਯੂਨਾਨੀ ਆਪਣੇ ਗੋਤਾਂ ਦਾ ਮੁੱਢ ਮਿਥਿਹਾਸ ਵਿੱਚ ਦੱਸਦੇ ਹਨ, ਗੋਤ ਇਹਨਾਂ ਦੇਵਤਿਆਂ ਅਤੇ ਗੰਧਰਵਾਂ ਸਮੇਤ, ਜਿਨ੍ਹਾਂ ਨੂੰ **ਇਹਨਾਂ ਖ਼ੁਦ** ਘੜਿਆ ਹੈ, ਮਿਥਿਹਾਸ ਤੋਂ ਪੁਰਾਣੇ ਹਨ।"*

ਮਾਰਗਨ ਪਹਿਲ ਦੇ ਕੇ ਇੱਕ ਉੱਘੇ ਅਤੇ ਸ਼ੱਕ-ਰਹਿਤ ਗਵਾਹ ਵਜੋਂ ਗਰੋਟ ਵਿੱਚੋਂ ਟੂਕ ਦੇਂਦਾ ਹੈ। ਗਰੋਟ ਅੱਗੇ ਜਾ ਕੇ ਕਹਿੰਦਾ ਹੈ ਕਿ ਏਥਨਜ਼ ਦੇ ਹਰ ਗੋਤ ਦਾ ਇੱਕ ਨਾਂ ਸੀ, ਜਿਹੜਾ ਉਸ ਵਡੇਰੇ ਤੋਂ ਆਇਆ ਜਿਸ ਤੋਂ ਗੋਤ ਦੀ ਉਤਪਤੀ ਦੱਸੀ ਜਾਂਦੀ ਸੀ ਕਿ ਸੋਲੋਨ ਦੇ ਸਮੇਂ ਤੋਂ ਪਹਿਲਾਂ ਆਮ ਤੌਰ ਉੱਤੇ ਅਤੇ ਪਿਛੋਂ ਜੋ ਕੋਈ ਮਨੁੱਖ ਵਸੀਅਤ ਕੀਤੇ ਬਿਨਾਂ ਮਰ ਜਾਂਦਾ ਤਾਂ ਉਹਦੇ ਗੋਤ ਦੇ ਲੋਕਾਂ (gennÍtes) ਨੂੰ ਉਹਦੀ ਜਾਇਦਾਦ ਵਿਰਸੇ ਵਿੱਚ ਮਿਲਦੀ ਅਤੇ ਜੇ ਕੋਈ ਮਨੁੱਖ ਕਤਲ ਕਰ ਦਿੱਤਾ ਜਾਂ ਤਾਂ ਪਹਿਲਾਂ ਉਹਦੇ ਰਿਸ਼ਤੇਦਾਰਾਂ, ਫੇਰ ਉਹਦੇ gennÍtes ਅਤੇ ਅਖ਼ੀਰ ਉਹਦੀ ਬਰਾਦਰੀ ਦੇ ਲੋਕਾਂ ਨੂੰ ਮੁਜਰਮਾਂ ਵਿਰੁੱਧ ਅਦਾਲਤ ਵਿੱਚ ਮੁਕੱਦਮਾ ਚਲਾਉਣ ਦਾ ਹੱਕ ਸੀ:

"ਅਸੀਂ ਏਥਨਜ਼ ਦੇ ਅਤਿ-ਅੰਤ ਪ੍ਰਾਚੀਨ ਕਾਨੂੰਨਾਂ ਸਬੰਧੀ ਜੋ ਕੁੱਝ ਸੁਣਦੇ ਹਾਂ ਉਹ ਗੋਤਰੀ ਅਤੇ ਬਰਾਦਰੀ ਦੀ ਵੰਡ ਉੱਤ ਆਧਾਰਿਤ ਹੈ।"

ਸਾਂਝੇ ਵਡੇਰਿਆਂ ਤੋਂ ਗੋਤ ਦੀ ਉਤਪਤੀ "ਸਕੂਲਾਂ ਵਿੱਚ ਪੜ੍ਹੇ ਤੰਗ-ਨਜ਼ਰ ਲੋਕਾਂ" (ਮਾਰਕਸ)** ਲਈ ਭੁਚਲਾ ਦੇਣ ਵਾਲ਼ੀ ਅੜਾਉਣੀ ਹੈ। ਸੁਭਾਵਕ ਹੀ ਕਿਉਂਕਿ ਉਹ ਦਾਅਵਾ ਕਰਦੇ ਹਨ ਕਿ ਇਹ ਵਡੇਰੇ ਖ਼ਾਲਸ ਮਿਥਿਹਾਸਕ ਹਨ, ਉਹਨਾਂ ਨੂੰ ਇਹ ਨਹੀਂ ਅਹੁੜਦਾ ਉਹ ਇਸ ਗੱਲ ਦੀ ਵਿਆਖਿਆ ਕਿਵੇਂ ਕਰਨ ਕਿ ਗੋਤ ਵੱਖ ਵੱਖ ਅਤੇ ਸਪਸ਼ਟ, ਮੁੱਢ ਵਿੱਚ ਬਿਲਕੁਲ ਓਪਰੇ ਟੱਬਰਾਂ ਤੋਂ ਕਿਵੇਂ ਵਿਕਸਤ ਹੋਏ; ਪਰ ਕਿਸੇ ਨਾ ਕਿਸੇ ਤਰ੍ਹਾਂ ਇਹਦੀ ਵਿਆਖਿਆ ਕਰਨਾ ਲਾਜ਼ਮੀ ਹੈ ਜੇ ਹੋਰ ਨਹੀਂ ਤਾਂ ਗੋਤਾਂ ਦੀ ਹੋਂਦ ਸਾਬਤ ਕਰਨ ਲਈ ਹੀ। ਸੋ ਉਹ ਸ਼ਬਦਾਂ ਦੀ ਘੁੰਮਣ-ਘੇਰੀ ਵਿੱਚ ਚੱਕਰ ਕੱਟਦੇ ਹਨ ਅਤੇ ਇਸ ਵਾਕੰਸ਼ ਤੋਂ ਅੱਗੇ ਨਹੀਂ ਜਾਂਦੇ: ਵੰਸ਼ਾਵਲੀ ਸੱਚ ਮੁਚ ਮਿਥਿਹਾਸਕ ਹੈ ਪਰ ਗੋਤ ਅਸਲੀ ਹੈ ਅਤੇ ਅੰਤ ਗਰੋਟ ਕਹਿੰਦਾ ਹੈ —ਬ੍ਰੈਕਟਾਂ ਅੰਦਰਲੀਆਂ ਟੂਕਾਂ ਮਾਰਕਸ ਦੀਆਂ ਹਨ:

"ਅਸੀਂ ਇਸ ਵੰਸ਼ਾਵਲੀ ਸਬੰਧੀ ਕਦੇ ਕਦੇ ਹੀ ਸੁਣਦੇ ਹਾਂ ਕਿਉਂਕਿ ਇਹ ਜਨਤਾ ਦੇ ਸਾਹਮਣੇ ਕੇਵਲ ਕੁੱਝ ਸ਼੍ਰੇਸ਼ਟ ਅਤੇ ਸਤਿਕਾਰੀਆਂ ਹਾਲਤਾਂ ਵਿੱਚ ਲਿਆਈ ਜਾਂਦੀ ਹੈ। ਪਰ ਨੀਵੇਰੇ ਗੋਤਾਂ ਦੀਆਂ ਵੀ ਸਾਂਝੀਆਂ ਰੀਤਾਂ (ਕੁੱਝ ਅਜੀਬ ਜਿਹੀ ਗੱਲ ਹੈ ਸ਼੍ਰੀ ਗਰੋਟ!) ਅਤੇ ਸਾਂਝੇ ਪਰਾਮਨੁੱਖੀ ਵਡੇਰੇ ਅਤੇ ਵੰਸ਼ਾਵਲੀ ਸੀ ਐਨ ਉਸ ਤਰ੍ਹਾਂ ਜਿਵੇਂ ਵਧੇਰੇ ਪ੍ਰਸਿੱਧ ਗੋਤਾਂ ਦੇ (ਸ਼੍ਰੀ ਗਰੋਟ, **ਨੀਵੇਰੇ** ਗੋਤਾਂ ਵਿੱਚ ਇਹ ਗੱਲ ਕਿੰਨੀ ਅਜੀਬ ਹੈ!) ਬਣਤਰ ਅਤੇ

* ਵੇਖੋ ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨਾ 136। —**ਸੰਪਾ.**

** ਉਪ੍ਰੋਕਤ, ਪੰਨਾ 137। —**ਸੰਪਾ.**

ਆਦਰਸ਼ ਆਧਾਰ (ਸ਼੍ਰੀਮਾਨ ਜੀ ! ਆਦਰਸ਼ ਨਹੀਂ, **ਸਰੀਰਕ—**germanice fleischlich!*) —ਸਭਨਾਂ ਵਿੱਚ ਇਕੋ ਸੀ।''**

ਮਾਰਕਸ ਮਾਰਗਨ ਵੱਲੋਂ ਇਸ ਗੱਲ ਦੇ ਉੱਤਰ ਦਾ ਸਾਰ ਇਉਂ ਪੇਸ਼ ਕਰਦੇ ਹਨ: ''ਗੋਤ ਦੇ ਆਦਿ ਰੂਪ ਦੀ ਅਨੁਸਾਰੀ ਸਾਕੇਦਾਰੀ ਦੀ ਪ੍ਰਣਾਲੀ —ਯੂਨਾਨੀਆਂ ਵਿੱਚ ਵੀ ਇਹ ਬਾਕੀ ਨਾਸ਼ਵਾਨਾਂ ਵਾਂਗ ਮੌਜੂਦ ਸੀ—ਗੋਤ ਦੇ ਸਭਨਾਂ ਜੀਆਂ ਦੇ ਪ੍ਰਸਪਰ ਸਬੰਧਾਂ ਦੇ ਗਿਆਨ ਨੂੰ ਸਾਂਭਦੀ ਸੀ। ਉਹ ਆਪਣੇ ਲਈ ਇਸ ਨਿਰਣਾਇਕ ਤੌਰ 'ਤੇ ਮਹਤੱਵ-ਪੂਰਨ ਤੱਥ ਨੂੰ ਮੁੱਢਲੇ ਬਚਪਨ ਤੋਂ ਹੀ ਅਮਲ ਰਾਹੀਂ ਸਿੱਖਦੇ ਸਨ। ਇੱਕ-ਪਤੀ ਇੱਕ-ਪਤਨੀ ਟੱਬਰ ਦੀ ਆਉਂਦ ਨਾਲ਼ ਇਹ ਵਿਖਰ ਗਈ। ਗੋਤਰੀ ਨਾਂ ਨੇ ਇੱਕ ਅਜਿਹੀ ਵੰਸ਼ਾਵਲੀ ਪੈਦਾ ਕੀਤੀ ਜਿਸ ਦੇ ਮੁਕਾਬਲੇ ਉੱਤੇ ਇੱਕ-ਪਤੀ ਇੱਕ-ਪਤਨੀ ਟੱਬਰ ਦੀ ਵੰਸ਼ਾਵਲੀ ਨਿਗੂਣੀ ਜਾਪਦੀ ਸੀ। ਇਹ ਨਾਂ ਹੁਣ ਉਹਨਾਂ ਲਈ, ਜਿਨ੍ਹਾਂ ਉੱਤੇ ਇਹ ਲਾਗੂ ਹੁੰਦਾ ਸੀ, ਇਸ ਗੱਲ ਦੀ ਸ਼ਾਅਦੀ ਭਰਦਾ ਸੀ ਕਿ ਉਹਨਾਂ ਦੇ ਵਡੇਰੇ ਇੱਕੋ ਸਨ। ਪਰ ਗੋਤ ਦੀ ਵੰਸ਼ਾਵਲੀ ਇੰਨੀ ਪਿੱਛੇ ਤੱਕ ਜਾਂਦੀ ਸੀ ਕਿ ਇਹਦੇ ਜੀਅ ਹੁਣ ਅਸਲੀ ਸਾਕੇਦਾਰੀ ਸਾਬਤ ਨਹੀਂ ਸਨ ਕਰ ਸਕਦੇ, ਸਿਵਾਏ ਵਧੇਰੇ ਨੇੜਵੇਂ ਸਮੇਂ ਦੇ ਸਾਂਝੇ ਵਡੇਰਿਆਂ ਦੀਆਂ ਸੀਮਤ ਹਾਲਤਾਂ ਵਿੱਚ। ਨਾਂ ਖ਼ੁਦ ਆਪਣੇ ਆਪ ਵਿੱਚ ਸਾਂਝੇ ਆਦਿ ਦਾ ਸਬੂਤ ਸੀ ਅਤੇ ਨਿਰਣਾਇਕ ਸਬੂਤ ਸੀ, ਸਿਵਾਏ ਉਹਨਾਂ ਸੀਮਤ ਹਾਲਤਾਂ ਦੇ ਜਿਨ੍ਹਾਂ ਵਿੱਚ ਕਿਸੇ ਓਪਰੇ ਨੂੰ ਸ਼ਾਮਲ ਕੀਤਾ ਗਿਆ ਹੋਵੇ। ਸਹਿਗੋਤਰਾਂ ਵਿਚਕਾਰ ਕੁੱਲ ਸਾਕੇਦਾਰੀ ਤੋਂ ਗਰੋਟ*** ਅਤੇ ਨੀਬੂਹਰ ਵਾਂਗ ਇਨਕਾਰ ਕਰਨਾ, ਜਿਹੜਾ ਗੋਤ ਨੂੰ ਖ਼ਾਲਸ ਫ਼ਰਜ਼ੀ, ਦਿਮਾਗ਼ ਦੀ ਉਡਾਰੀ ਦੀ ਰਚਨਾ ਬਣਾ ਦੇਂਦਾ ਹੈ, ਦੂਜੇ ਹੱਥ, ''ਆਦਰਸ਼'', ਅਰਥਾਤ, ਹੁਜਰਾ-ਵਾਸੀ ਕਿਤਾਬੀ ਕੀੜਿਆਂ ਦੇ ਹੀ ਯੋਗ ਹੈ ਕਿਉਂਕਿ ਪੀੜ੍ਹੀਆਂ ਦਾ ਜੋੜ, ਵਿਸ਼ੇਸ਼ ਤੌਰ 'ਤੇ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਸ਼ੁਰੂ ਹੋਣ ਨਾਲ਼, ਦੁਰਾਡੇ ਵਿੱਚ ਚਲਾ ਜਾਂਦਾ ਹੈ ਅਤੇ ਬੀਤੇ ਦਾ ਯਥਾਰਥ ਮਿਥਿਹਾਸਕ ਕਲਪਨਾ ਵਿੱਚ ਪ੍ਰਗਟ ਹੁੰਦਾ ਹੈ, ਸਾਡਾ ਚੰਗਾ ਸਾਊ ਤੰਗ-ਨਜ਼ਰ ਇਹ ਸਿੱਟਾ ਕੱਢਦਾ ਸੀ ਅਤੇ ਹੁਣ ਵੀ ਕੱਢਦਾ ਹੈ ਕਿ ਖ਼ਿਆਲੀ ਵੰਸ਼ਾਵਲੀ ਨੇ ਅਸਲੀ ਗੋਤਾਂ ਨੂੰ ਜਨਮ ਦਿੱਤਾ।''****

ਅਮਰੀਕੀਆਂ ਵਾਂਗ ਹੀ **ਬਰਾਦਰੀ** ਮਾਂ ਗੋਤ ਸੀ, ਜਿਹੜਾ ਕਈ ਧੀ ਗੋਤਾਂ ਵਿੱਚ ਟੁੱਟ ਗਿਆ ਅਤੇ ਨਾਲ਼ ਹੀ ਨਾਲ਼ ਉਹਨੇ ਉਹਨਾਂ ਸਭਨਾਂ ਨੂੰ ਇਕੱਠਾ ਰੱਖਿਆ, ਅਕਸਰ ਇੱਕ ਸਾਂਝਾ ਵਡੇਰਾ ਢੂੰਡਦੇ ਹੋਏ। ਸੋ, ਗਰੋਟ ਅਨੁਸਾਰ,

''ਹੇਕਾਟੇ ਦੀ ਬਰਾਦਰੀ ਦੇ ਸਭਨਾਂ ਸਮਕਾਲੀ ਜੀਆਂ ਦਾ ਇੱਕ ਸਾਂਝਾ ਦੇਵਤਾ ਸੋਲ੍ਹਵੀਂ ਪੀੜ੍ਹੀ ਤੇ ਵਡੇਰਾ ਸੀ।''

---

* ਸਾਧਾਰਨ ਜਰਮਨ ਵਿੱਚ। **—ਸੰਪਾ.**

** ਵੇਖੋ ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨਾ 138। **—ਸੰਪਾ.**

*** ਮਾਰਕਸ ਦਾ ਖਰੜਾ ਕਹਿੰਦਾ ਹੈ ਪੋਲਕਸ, ਦੂਜੀ ਸਦੀ ਦਾ ਯੂਨਾਨੀ ਆਲਮ, ਜਿਸਦਾ ਗਰੋਟ ਅਕਸਰ ਹਵਾਲਾ ਦੇਂਦਾ ਹੈ। **—ਸੰਪਾ.**

**** ਵੇਖੋ ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨੇ 138-139। **—ਸੰਪਾ.**

ਇਸ ਲਈ ਇਸ ਬਰਾਦਰੀ ਦੇ ਸਭੇ ਗੋਤ ਸੱਚ ਮੁੱਚ ਭਰਾ ਗੋਤ ਹਨ। ਉਸ ਪ੍ਰਸਿੱਧ ਹਿੱਸੇ ਵਿੱਚ ਜਿਥੇ ਨੈਸਟਰ ਅਗਾਮੈਮਨਾਨ ਨੂੰ ਸਲਾਹ ਦੇਂਦਾ ਹੈ: ਫ਼ੌਜਾਂ ਨੂੰ ਕਬੀਲਿਆਂ ਅਤੇ ਬਰਾਦਰੀਆਂ ਅਨੁਸਾਰ ਬੀੜ ਤਾਂ ਜੁ ਬਰਾਦਰੀ ਬਰਾਦਰੀ ਦੀ ਸਹਾਇਤਾ ਕਰੇ ਅਤੇ ਕਬੀਲਾ ਕਬੀਲੇ ਦੀ*, ਹੋਮਰ ਅਜੇ ਵੀ ਬਰਾਦਰੀ ਦਾ ਇੱਕ ਫ਼ੌਜੀ ਇਕਾਈ ਵਜੋਂ ਜ਼ਿਕਰ ਕਰਦਾ ਹੈ। ਬਰਾਦਰੀ ਨੂੰ ਬਰਾਦਰੀ ਦੇ ਜੀਅ ਦੇ ਕਤਲ ਲਈ ਮੁਕੱਦਮਾ ਚਲਾਉਣ ਦਾ ਹੱਕ ਹੈ ਅਤੇ ਅਜਿਹਾ ਕਰਨਾ ਇਹਦਾ ਫ਼ਰਜ਼ ਹੈ, ਇਸ ਤੋਂ ਇਹ ਸੰਕੇਤ ਮਿਲਦਾ ਹੈ ਪਹਿਲੇ ਸਮਿਆਂ ਵਿੱਚ ਇਹਦਾ ਫ਼ਰਜ਼ ਕਸਾਸ ਸੀ। ਨਾਲ਼ੇ ਇਹਦੇ ਸਾਂਝੇ ਧਰਮ-ਅਸਥਾਨ ਅਤੇ ਉਸਤਵ ਹਨ ਕਿਉਂਕਿ ਪ੍ਰਕਿਰਤੀ ਦੀ ਰਵਾਇਤੀ ਪੁਰਾਣੀ ਆਰਿਆਈ ਪੂਜਾ ਤੋਂ ਸਮੁੱਚੇ ਯੂਨਾਨੀ ਮਿਥਿਹਾਸ ਦਾ ਵਿਕਾਸ ਲਾਜ਼ਮੀ ਤੌਰ ’ਤੇ ਗੋਤਾਂ ਅਤੇ ਬਰਾਦਰੀਆਂ ਕਾਰਨ ਸੀ ਅਤੇ ਉਹਨਾਂ ਦੇ ਅੰਦਰ ਹੀ ਹੋਇਆ। ਬਰਾਦਰੀ ਦਾ ਮੁਖੀ ਵੀ ਹੁੰਦਾ ਸੀ (phratriarchos) ਅਤੇ ਦ’ ਕੋਲਾਂਜ ਅਨੁਸਾਰ, ਅਜਿਹੇ ਇਕੱਠ ਹੁੰਦੇ ਸਨ ਜਿਹੜੇ ਬੰਧੇਜ ਵਾਲ਼ੇ ਨਿਰਣੇ ਕਰ ਸਕਦੇ ਸਨ, ਇੱਕ ਟ੍ਰੀਬਿਊਨਲ ਅਤੇ ਪ੍ਰਬੰਧਕ ਸ਼ਕਤੀ ਹੁੰਦੀ ਸੀ। ਪਿੱਛੋਂ ਦੇ ਰਾਜ ਨੇ ਵੀ, ਜਿਥੇ ਗੋਤਾਂ ਨੂੰ ਅੱਖੋਂ ਉਹਲੇ ਕਰ ਦਿੱਤਾ ਗਿਆ ਕੁੱਝ ਸਰਵਜਨਕ ਕਾਰਜ ਬਰਾਦਰੀ ਦੇ ਹਵਾਲੇ ਰੱਖੇ।

ਕੁੱਝ ਸਾਕੇਦਾਰੀ ਵਾਲ਼ੀਆਂ ਬਰਾਦਰੀਆਂ ਮਿਲ ਕੇ ਕਬੀਲਾ ਬਣਦੀਆਂ। ਐਟੀਕਾ ਵਿਖੇ ਚਾਰ ਕਬੀਲੇ ਸਨ, ਜਿਨ੍ਹਾਂ ਵਿੱਚੋਂ ਹਰ ਇੱਕ ਵਿੱਚ ਤਿੰਨ ਬਰਾਦਰੀਆਂ ਸਨ, ਹਰ ਬਰਾਦਰੀ ਵਿੱਚ ਤੀਹ ਗੋਤ ਸਨ। ਟੋਲੀਆਂ ਦੀ ਇਹ ਬੜੇ ਧਿਆਨ ਨਾਲ਼ ਕੀਤੀ ਵੰਡ ਆਪ-ਮੁਹਾਰੇ ਉਭਰੀਆਂ ਬਣਤਰਾਂ ਦੇ ਪ੍ਰਬੰਧ ਵਿੱਚ ਬਹੁਤ ਚੇਤੰਨ ਅਤੇ ਪਲਾਨ-ਬਧ ਦਖ਼ਲ ਪਹਿਲਾਂ ਹੀ ਮਿਥ ਲੈਂਦੀ ਹੈ। ਕਿਵੇਂ, ਕਦੋਂ ਅਤੇ ਕਿਉਂ ਅਜਿਹਾ ਕੀਤਾ ਗਿਆ, ਯੂਨਾਨ ਦਾ ਇਤਿਹਾਸ ਇਹ ਨਹੀਂ ਦੱਸਦਾ ਕਿਉਂਕਿ ਯੂਨਾਨੀਆਂ ਨੇ ਆਪ ਉਹ ਯਾਦਾਂ ਸਾਂਭੀਆਂ ਹਨ ਜਿਹੜੀਆਂ ਸੂਰਮਾ ਯੁੱਗ ਤੋਂ ਪਿੱਛੇ ਨਹੀਂ ਜਾਂਦੀਆਂ।

ਕਿਉਂਕਿ ਯੂਨਾਨੀ ਮੁਕਾਬਲੇ ਉੱਤੇ ਛੋਟੇ ਜਿਹੇ ਇਲਾਕੇ ਉੱਤੇ ਸੰਘਣੀ ਤਰ੍ਹਾਂ ਵਸੇ ਹੋਏ ਸਨ ਇਸ ਲਈ ਉਹਨਾਂ ਦੇ ਉਪ-ਬੋਲੀਆਂ ਦੇ ਭੇਤ ਉਹਨਾਂ ਨਾਲ਼ੋਂ ਘੱਟ ਉੱਘੇ ਸਨ ਜਿਹੜੇ ਵਿਸਾਲ ਅਮਰੀਕੀ ਜੰਗਲਾਂ ਵਿੱਚ ਵਿਕਸਤ ਹੋਏ। ਪਰ ਇਥੇ ਵੀ ਅਸੀਂ ਇੱਕ ਮੁੱਖ ਉੱਪ-ਬੋਲੀ ਵਾਲ਼ੇ ਕਬੀਲਿਆਂ ਨੂੰ ਇੱਕ ਵਡੇਰੇ ਸਮੂਹ ਵਿੱਚ ਜੁੜਿਆ ਵੇਖਦੇ ਹਾਂ; ਅਤੇ ਨਿੱਕੇ ਐਟੀਕਾ ਦੀ ਆਪਣੀ ਉਪ-ਬੋਲੀ ਸੀ ਜਿਹੜੀ ਪਿਛੋਂ ਜਾ ਕੇ ਯੂਨਾਨੀ ਗਦ ਵਿੱਚ ਪ੍ਰਚਲਤ ਬੋਲੀ ਬਣ ਗਈ।

ਹੋਮਰ ਦੀ ਬੀਰ-ਕਾਵਾਂ ਵਿੱਚ ਅਸੀਂ ਆਮ ਤੌਰ ’ਤੇ ਯੂਨਾਨੀ ਕਬੀਲਿਆਂ ਨੂੰ ਨਿੱਕੀਆਂ ਕੌਮਾਂ ਵਿੱਚ ਜੁੜਿਆਂ ਵੇਖਦੇ ਹਾਂ, ਪਰ ਇਹਨਾਂ ਦੇ ਅੰਦਰ, ਗੋਤ, ਬਰਾਦਰੀਆਂ ਅਤੇ ਕਬੀਲੇ ਆਪਣੀ ਪੂਰੀ ਸੁਤੰਤਰਤਾ ਕਾਇਮ ਰਖਦੇ ਹਨ। ਉਹ ਪਹਿਲਾਂ ਹੀ ਫ਼ਸੀਲਾਂ ਵਾਲ਼ੇ ਸ਼ਹਿਰਾਂ ਵਿੱਚ ਰਹਿੰਦੇ ਹਨ। ਇੱਜੜਾਂ ਦੇ ਵਾਧੇ, ਵਾਹੀ ਖੇਤੀ ਅਤੇ ਦਸਤਕਾਰੀਆਂ ਦੇ ਮੁੱਢ ਨਾਲ਼ ਵਸੋਂ ਵੱਧ ਗਈ। ਇਹਦੇ ਨਾਲ਼ ਦੌਲਤ ਵਿੱਚ ਵਧੇ ਫ਼ਰਕ ਆਏ ਜਿਸਨੇ ਪੁਰਾਣੇ

* ਹੋਮਰ, “ਇਲੀਅਡ”, ਗੀਤ ਦੂਜਾ। —**ਸੰਪਾ.**

ਪ੍ਰਕਿਰਤਕ ਤੌਰ 'ਤੇ ਉਭਰੀ ਜਮਹੂਰੀਅਤ ਵਿੱਚ ਅਮੀਰਸ਼ਾਹੀ ਅੰਸ਼ਾਂ ਨੂੰ ਉਭਾਰਿਆ। ਵੱਖ ਵੱਖ ਨਿੱਕੀਆਂ ਕੌਮਾਂ ਸਰਵਉੱਤਮ ਭੋਂ ਉੱਤੇ ਕਬਜ਼ੇ ਲਈ ਅਤੇ ਲੁੱਟ ਮਾਰ ਲਈ ਲਗਾਤਾਰ ਯੁੱਧ ਕਰਦੀਆਂ ਰਹਿੰਦੀਆਂ। ਯੁੱਧ ਦੇ ਕੈਦੀਆਂ ਨੂੰ ਗ਼ੁਲਾਮ ਬਣਾਉਣਾ ਹੁਣ ਪ੍ਰਵਾਨਤ ਸੰਸਥਾ ਬਣ ਚੁੱਕੀ ਸੀ।

ਇਹਨਾਂ ਕਬੀਲਿਆਂ ਅਤੇ ਨਿੱਕੀਆਂ ਕੌਮਾਂ ਦੀ ਬਣਤਰ ਇਸ ਪ੍ਰਕਾਰ ਸੀ:

1. ਸਥਾਈ ਅਧਿਕਰਨ **ਪ੍ਰੀਸ਼ਦ**, boulÍ , ਸੀ, ਐਨ ਸੰਭਵ ਹੈ ਮੁੱਢ ਵਿਚ ਇਹਦੇ ਵਿੱਚ ਸਭਨਾਂ ਗੋਤਾਂ ਦੇ ਮੁਖੀ ਸ਼ਾਮਲ ਹੋਣ ਪਰ ਪਿਛੋਂ ਜਾ ਕੇ ਜਦੋਂ ਉਹਨਾਂ ਦੀ ਗਿਣਤੀ ਬਹੁਤ ਵਧ ਗਈ ਤਾਂ ਉਹ ਚੁਣੇ ਜਾਂਦੇ, ਜਿਸ ਰਾਹੀਂ ਅਮੀਰ-ਸ਼ਾਹੀ ਅੰਸ਼ ਨੂੰ ਵਿਕਸਤ ਕਰਨ ਅਤੇ ਮਜ਼ਬੂਤ ਬਣਾਉਣ ਦਾ ਅਵਸਰ ਪੈਦਾ ਹੋ ਗਿਆ। ਡਾਓਨੀਸਿਸ ਸਪਸ਼ਟ ਤੌਰ 'ਤੇ ਸੂਰਮਾ ਯੁੱਗ ਦੀ ਪ੍ਰੀਸ਼ਦ ਦੇ ਉੱਘੇ ਲੋਕਾਂ (kratistoi) ਦੇ ਬਣੇ ਹੋਣ ਦੀ ਗੱਲ ਕਰਦਾ ਹੈ। ਮਹੱਤਵ-ਪੂਰਨ ਮਾਮਲਿਆਂ ਵਿੱਚ ਪ੍ਰੀਸ਼ਦ ਅਖ਼ੀਰੀ ਫ਼ੈਸਲਾ ਕਰਦੀ। ਐਸ਼ੂਲਸ ਵਿੱਚ, ਥੇਬੀਜ਼ ਦੀ ਪ੍ਰੀਸ਼ਦ ਨਿਰਣਾ ਕਰਦੀ ਹੈ ਕਿ ਇਟਿਓਕਲੀਜ਼ ਦੀ ਲੋਥ ਪੂਰੇ ਫ਼ੌਜੀ ਸਨਮਾਨ ਨਾਲ਼ ਦਫ਼ਨ ਕੀਤੀ ਜਾਵੇ ਅਤੇ ਪਾਲੀਨੀਸਿਸ ਦੀ ਲੋਥ ਕੁੱਤਿਆਂ ਦੇ ਖਾਣ ਲਈ ਸੁੱਟ ਦਿੱਤੀ ਜਾਵੇ*। ਪਿੱਛੋਂ ਜਾ ਕੇ ਰਾਜ ਦੇ ਉੱਭਰਨ ਨਾਲ਼ ਇਹ ਪ੍ਰੀਸ਼ਦ ਤਬਦੀਲ ਹੋ ਕੇ ਸੈਨੇਟ ਬਣ ਗਈ।

2. **ਜਨਤਕ ਇਕੱਠ** (agora)। ਇਰਾਕੁਈਆਂ ਵਿੱਚ ਅਸਾਂ ਵੇਖਿਆ ਹੈ ਕਿ ਲੋਕ, ਮਰਦ ਅਤੇ ਇਸਤਰੀਆਂ, ਪ੍ਰੀਸ਼ਦ ਦੀਆਂ ਇਕਤ੍ਰਤਾਵਾਂ ਦੁਆਲ਼ੇ ਘੇਰਾ ਪਾ ਕੇ ਖੜੇ ਹੋ ਜਾਂਦੇ, ਇਹਦੀ ਕਾਰਵਾਈ ਵਿੱਚ ਬੜੇ ਆਰਾਮ ਨਾਲ਼ ਹਿੱਸਾ ਲੈਂਦੇ ਅਤੇ ਇਉਂ ਇਹਦੇ ਨਿਰਣਿਆਂ ਉੱਤੇ ਅਸਰ ਪਾਉਂਦੇ। ਇੱਕ ਪੁਰਾਣਾ ਜਰਮਨ ਕਾਨੂੰਨੀ ਸਮੁਦਾਏ ਵਰਤਦੇ ਹੋਏ, ਹੋਮਰ ਦੇ ਜ਼ਮਾਨੇ ਦੇ ਯੂਨਾਨੀਆਂ ਵਿੱਚ ਇਹ Umstand** ਇੱਕ ਮੁਕੰਮਲ ਜਨਤਕ ਇਕੱਠ ਵਿੱਚ ਤਬਦੀਲ ਹੋ ਚੁੱਕਾ ਸੀ ਅਤੇ ਇਹੋ ਹੀ ਪ੍ਰਾਚੀਨ ਜਰਮਨਾਂ ਦੀ ਹਾਲਤ ਸੀ। ਪ੍ਰੀਸ਼ਦ ਮਹਤੱਵ-ਪੂਰਨ ਮਾਮਲਿਆਂ ਦਾ ਨਿਰਣਾ ਕਰਨ ਲਈ ਇਹ ਇਕੱਠ ਬੁਲਾਉਂਦੀ; ਹਰ ਮਰਦ ਨੂੰ ਇਸ ਵਿੱਚ ਬੋਲਣ ਦਾ ਹੱਕ ਸੀ। ਨਿਰਣਾ ਹੱਥ ਖੜੇ ਕਰਕੇ ਕੀਤਾ ਜਾਂਦਾ ਸੀ (ਐਸ਼ੂਲਸ "ਬਿਨੇਕਾਰਾਂ" ਵਿੱਚ) ਜਾਂ ਨਾਹਰੇ ਲਾ ਕੇ। ਇਹ ਖ਼ੁਦ-ਮੁਖ਼ਤਾਰ ਅਤੇ ਅਖ਼ੀਰੀ ਸੀ ਕਿਉਂਕਿ ਜਿਹਾ ਕਿ ਸ਼ੂਮਾਨ "ਯੂਨਾਨ ਦੀਆਂ ਯਾਦਗਾਰਾਂ"*** ਵਿੱਚ ਕਹਿੰਦਾ ਹੈ,

> "ਜਦੋਂ ਕਦੀ ਕਿਸੇ ਅਜਿਹੇ ਮਾਮਲੇ ਉੱਤੇ ਵਿਚਾਰ ਕੀਤੀ ਜਾਂਦੀ ਹੈ ਜਿਸ ਦੀ ਪੂਰਤੀ ਲਈ ਜਨਤਾ ਦੇ ਮਿਲਵਰਤਨ ਦੀ ਲੋੜ ਹੈ, ਹੋਮਰ ਸਾਨੂੰ ਕਿਸੇ ਅਜਿਹੇ ਸਾਧਨ ਦਾ ਸੰਕੇਤ ਨਹੀਂ ਦੇਂਦਾ ਜਿਸ ਰਾਹੀਂ ਲੋਕਾਂ ਨੂੰ ਉਹਨਾਂ ਦੀ ਇੱਛਾ ਵਿਰੁੱਧ ਜਾਣ 'ਤੇ ਮਜਬੂਰ ਕੀਤਾ ਜਾਵੇ।"

---

* ਐਸ਼ੂਲਸ, "ਥੇਬੀਜ਼ ਵਿਰੁੱਧ ਸਤ"। **—ਸੰਪਾ.**

** Umstand— ਆਲੇ ਦੁਆਲੇ ਖੜੇ ਲੋਕ। **—ਸੰਪਾ.**

*** Schˆmann G.F., ìGriechische Alterth¸meuî, Bd. I, Berlin, 1855, S. 27.—**ਸੰਪਾ.**

ਇਸ ਸਮੇਂ ਜਦੋਂ ਕਬੀਲੇ ਦਾ ਹਰ ਬਾਲਗ਼ ਮੈਂਬਰ ਇੱਕ ਯੋਧਾ ਸੀ ਅਜੇ ਜਨਤਾ ਤੋਂ ਵੱਖ ਕੋਈ ਅਜਿਹਾ ਸਰਵਜਨਕ ਅਧਿਕਰਣ ਨਹੀਂ ਸੀ ਜਿਹੜਾ ਇਹਦੇ ਵਿਰੁੱਧ ਖੜਾ ਕੀਤਾ ਜਾ ਸਕੇ। ਆਦਿ-ਕਾਲੀਨ ਗਣ-ਰਾਜ ਅਜੇ ਤੱਕ ਪੂਰੇ ਖੇੜੇ 'ਤੇ ਸੀ ਅਤੇ ਪ੍ਰੀਸ਼ਦ ਅਤੇ basileus (ਬਾਸੀਲੇਇਸ) ਦੀ ਸੱਤ੍ਹਾ ਅਤੇ ਦਰਜੇ ਦਾ ਨਿਰਣਾ ਕਰਨ ਲਈ ਇਥੋਂ ਹੀ ਮੁੱਢ ਬੰਨ੍ਹਣਾ ਚਾਹੀਦਾ ਹੈ।

3. **ਫ਼ੌਜੀ ਕਮਾਂਡਰ** (basileus)। ਇਸ ਨੁਕਤੇ 'ਤੇ ਮਾਰਕਸ ਇਹ ਟਿੱਪਣੀ ਕਰਦੇ ਹਨ: "ਯੂਰਪੀ ਆਲਮ, ਜਿਹੜੇ ਰਜਵਾੜਿਆਂ ਦੇ ਜਮਾਂਦਰੂ ਨੌਕਰ ਹਨ, basileus ਨੂੰ ਨਵੀਨ ਅਰਥਾਂ ਵਿੱਚ ਇੱਕ ਬਾਦਸ਼ਾਹ ਦੇ ਤੌਰ 'ਤੇ ਪੇਸ਼ ਕਰਦੇ ਹਨ। ਯਾਂਕੀ (ਅਮਰੀਕੀ) ਜਮਹੂਰੀਅਤ-ਪਸੰਦ ਮਾਰਗਨ ਇਸ ਉੱਤੇ ਇਤਰਾਜ਼ ਕਰਦਾ ਹੈ। ਬੜੇ ਵਿਅੰਗ-ਭਰੇ ਪਰ ਸੱਚੇ ਢੰਗ ਨਾਲ਼ ਉਹ ਖ਼ੁਸ਼ਾਮਦੀ ਗਲੈਡਸਟੋਨ ਅਤੇ ਉਹਦੀ ìJuventus Mundiî ("ਸੰਸਾਰ ਦੀ ਜਵਾਨੀ") ਸਬੰਧੀ ਕਹਿੰਦਾ ਹੈ:

> "ਸ਼੍ਰੀ ਗਲੈਡਸਟੋਨ, ਜਿਹੜਾ ਸੂਰਮਾ ਯੁੱਗ ਦੇ ਯੂਨਾਨੀ ਮੁਖੀ ਨੂੰ ਬਾਦਸ਼ਾਹਾਂ ਅਤੇ ਰਜਵਾੜਿਆਂ ਦੇ ਤੌਰ 'ਤੇ ਪੇਸ਼ ਕਰਦਾ ਹੈ, ਜਿਸ ਵਿੱਚ ਭੱਦਰਪੁਰਸ਼ ਦੇ ਗੁਣਾਂ ਦਾ ਵਾਧਾ ਕਰ ਦਿੱਤਾ ਗਿਆ ਹੈ ਇਹ ਮੰਨਣ 'ਤੇ ਮਜਬੂਰ ਹੋ ਗਿਆ ਹੈ ਕਿ ਵੱਡੇ ਪੁੱਤਰ ਨੂੰ ਕੁੱਲ ਵਿਰਸਾ ਮਿਲਣ ਦਾ ਰਿਵਾਜ ਜਾਂ ਕਾਨੂੰਨ ਚੋਖਾ ਪਰ ਉੱਕਾ ਹੀ ਸਪਸ਼ਟ ਤੌਰ 'ਤੇ ਉਲੀਕਿਆ ਹੋਇਆ ਨਹੀਂ।"*

ਤੱਥ ਤਾਂ ਇਹ ਹੈ ਕਿ ਜਿਹਾ ਕਿ ਸ਼੍ਰੀ ਗਲੈਡਸਟੋਨ ਨੇ ਆਪ ਅਨੁਭਵ ਕਰ ਲਿਆ ਹੋਣਾ ਹੈ, ਵੱਡੇ ਪੁੱਤਰ ਨੂੰ ਕੁੱਲ ਵਿਰਸਾ ਮਿਲਣ ਦੀ ਅਜਿਹੀ ਚੋਖੀ ਹੱਦ ਤੱਕ ਪਰ ਉੱਕਾ ਹੀ ਪੂਰੀ ਤਰ੍ਹਾਂ ਨਾ ਉਲੀਕੀ ਸ਼ਰਤੀ ਪ੍ਰਣਾਲੀ, ਨਾ ਹੋਣ ਦੇ ਬਰਾਬਰ ਹੈ।

ਇਰਾਕੁਈਆਂ ਅਤੇ ਹੋਰਨਾਂ ਇੰਡੀਅਨਾਂ ਵਿੱਚ ਮੁਖੀਆਂ ਦੇ ਪਦਾਂ ਸਬੰਧੀ ਪ੍ਰਸਥਿਤੀ ਕੀ ਸੀ, ਅਸੀਂ ਉੱਪਰ ਵੇਖ ਚੁੱਕੇ ਹਾਂ। ਜਿਥੋਂ ਤੱਕ ਕਿ ਸਭੇ ਅਧਿਕਾਰੀ ਚੁਣੇ ਜਾਣੇ ਸਨ ਅਤੇ ਵਧੇਰੇ ਗੋਤ ਦੇ ਅੰਦਰੋਂ, ਇਸ ਹੱਦ ਤੱਕ ਉਹ ਗੋਤ ਦੇ ਅੰਦਰ ਜੱਦੀ ਸਨ। ਹੌਲ਼ੀ ਹੌਲ਼ੀ ਖ਼ਾਲੀ ਹੋਈ ਥਾਂ ਸਭ ਤੋਂ ਨੇੜਵੇਂ ਗੋਤਰੀ ਰਿਸ਼ਤੇਦਾਰ —ਭਰਾ ਜਾਂ ਭੈਣ ਦੇ ਪੁੱਤਰ— ਨਾਲ਼ ਭਰਨ ਦਾ ਰਿਵਾਜ ਪੈ ਗਿਆ, ਜੇ ਉਹਨੂੰ ਰੱਦ ਕਰਨ ਲਈ ਚੋਖੇ ਕਾਰਨ ਨਾ ਹੋਣ ਤਾਂ। ਇਹ ਤੱਥ ਕਿ ਯੂਨਾਨ ਵਿੱਚ, ਪਿੱਤਰੀ ਹੱਕ ਅਧੀਨ, basileus ਦੀ ਪਦਵੀ ਆਮ ਤੌਰ 'ਤੇ ਪੁੱਤਰ ਜਾਂ ਪੁੱਤਰਾਂ ਵਿੱਚੋਂ ਇੱਕ ਨੂੰ ਦਿੱਤੀ ਜਾਂਦੀ ਸੀ, ਕੇਵਲ ਇਸ ਗੱਲ ਦਾ ਸੰਕੇਤ ਹੈ ਕਿ ਸਰਵਜਨਕ ਚੋਣ ਰਾਹੀਂ ਜਾਨਸ਼ੀਨੀ ਪੁੱਤਰਾਂ ਦੇ ਹੱਕ ਵਿੱਚ ਸੀ; ਪਰ ਇਹਦਾ ਅਰਥ ਕਿਸੇ ਵੀ ਤਰ੍ਹਾਂ ਜਨਤਕ ਚੋਣ ਤੋਂ ਬਿਨਾਂ ਜਾਨਸ਼ੀਨੀ ਨਹੀਂ। ਇਥੇ ਅਸੀਂ ਇਰਾਕੁਈਆਂ ਅਤੇ ਯੂਨਾਨੀਆਂ ਵਿੱਚ ਗੋਤਾਂ ਦੇ ਅੰਦਰ ਵਿਸ਼ੇਸ਼ ਅਮੀਰ-ਸ਼ਾਹੀ ਟੱਬਰਾਂ ਦੇ ਮੁਢਲੇ ਰੂਪ ਵੇਖਦੇ ਹਾਂ ਅਤੇ ਯੂਨਾਨੀਆਂ ਵਿੱਚ ਭਵਿੱਖ ਦੀ ਜੱਦੀ ਸਰਦਾਰੀ ਜਾਂ ਬਾਦਸ਼ਾਹੀ ਦੇ ਵੀ ਮੁਢਲੇ ਰੂਪ ਵੇਖਦੇ ਹਾਂ। ਸੋ ਇਹ ਫ਼ਰਜ਼ ਕੀਤਾ ਜਾਂਦਾ ਹੈ ਕਿ ਯੂਨਾਨੀਆਂ ਵਿੱਚ basileus ਨੂੰ ਜਾਂ ਤਾਂ ਲੋਕ

---

* ਵੇਖੋ ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨਾ 143। **—ਸੰਪਾ.**

ਚੁਣਦੇ ਸਨ ਜਾਂ, ਘੱਟੋ ਘੱਟ, ਇਹਦੀ ਪ੍ਰਵਾਣਤ ਕਾਰਜ-ਕਾਰੀ ਸੰਸਥਾ —ਪ੍ਰੀਸ਼ਦ ਜਾਂ agora—ਵਲੋਂ ਉਹਦੀ ਤਸਦੀਕ ਲਾਜ਼ਮੀ ਸੀ, ਜਿਹਾ ਕਿ ਰੋਮ ਦੇ ਬਾਦਸ਼ਾਹ (rex) ਦੀ ਹਾਲਤ ਵਿੱਚ ਹੁੰਦਾ ਸੀ।

"ਇਲੀਅਡ" ਵਿੱਚ ਮਨੁੱਖਾਂ ਦਾ ਹਾਕਮ ਅਗਾਮੈਮਨਾਨ ਯੂਨਾਨੀਆਂ ਦੇ ਸਰਵਉਚ ਬਾਦਸ਼ਾਹ ਵਜੋਂ ਨਹੀਂ ਸਗੋਂ ਇੱਕ ਘੇਰਾ ਪਏ ਸ਼ਹਿਰ ਦੇ ਸਾਹਮਣੇ ਖੜੀ ਸੰਘ ਦੀ ਫ਼ੌਜ ਦੇ ਸਰਵਉਚ ਕਮਾਨ ਅਫ਼ਸਰ ਵਜੋਂ ਆਉਂਦਾ ਹੈ ਅਤੇ ਜਦੋਂ ਯੂਨਾਨੀਆਂ ਵਿਚਕਾਰ ਝਗੜੇ ਸ਼ੁਰੂ ਹੋ ਗਏ ਤਾਂ ਓਡੇਸਿਉਸ ਪ੍ਰਸਿੱਧ ਟੂਕ ਵਿੱਚ ਉਹਦੀ ਇਸ ਸਿਫ਼ਤ ਵੱਲ ਇਸ਼ਾਰਾ ਕਰਦਾ ਹੈ: ਬਹੁਤਿਆਂ ਵਲੋਂ ਕਮਾਨ ਕਰਨਾ ਚੰਗੀ ਗੱਲ ਨਹੀਂ; ਆਓ ਅਸੀਂ ਇੱਕੋ ਇੱਕ ਕਮਾਨ ਅਫ਼ਸਰ ਬਣਾਈਏ, ਆਦਿ (ਜਿਸ ਦੇ ਨਾਲ਼ ਆਸਾ ਸਬੰਧੀ ਬੰਦਾਂ ਦਾ ਪਿਛੋਂ ਵਾਧਾ ਕਰ ਦਿੱਤਾ ਗਿਆ)।* "ਓਡੇਸਿਉਸ ਇੱਥੇ ਹਕੂਮਤ ਦੇ ਰੂਪ ਸਬੰਧੀ ਲੈਕਚਰ ਨਹੀਂ ਦੇ ਰਿਹਾ ਸਗੋਂ ਇਹ ਮੰਗ ਕਰ ਰਿਹਾ ਹੈ ਕਿ ਯੁੱਧ ਦੇ ਮੈਦਾਨ ਵਿੱਚ ਇੱਕ ਸਰਵਉੱਚ ਕਮਾਂਡਰ ਦਾ ਹੁਕਮ ਮੰਨਿਆ ਜਾਵੇ। ਯੂਨਾਨੀਆਂ ਲਈ, ਜਿਹੜੇ ਟਰਾਏ ਦੇ ਸਾਹਮਣੇ ਇੱਕ ਫ਼ੌਜ ਵਜੋਂ ਆਏ ਹਨ, agora ਦੀ ਕਾਰਵਾਈ ਚੋਖੀ ਜਮਹੂਰੀ ਹੈ। ਜਦੋਂ ਸੁ.ਗਾਤਾਂ, ਅਰਥਾਤ, ਲੁੱਟ ਦੇ ਮਾਲ ਦੀ ਵੰਡ ਦਾ ਮਾਮਲਾ ਹੁੰਦਾ ਹੈ ਤਾਂ ਐਕਲੀਜ਼ ਕਦੀ ਅਗਾਮੈਮਨਾਨ ਜਾਂ ਕਿਸੇ ਹੋਰ basileus ਨੂੰ ਨਹੀਂ ਸਗੋਂ 'ਅਕੀਆਨਜ਼ ਦੇ ਪੁੱਤਰਾਂ' ਅਰਥਾਤ ਜਨਤਾ ਨੂੰ ਵੰਡਣ ਵਾਲ਼ਾ ਬਣਾਉਂਦਾ ਹੈ। 'ਜ਼ੀਉਸ ਦੀ ਔਲਾਦ', 'ਜ਼ੀਉਸ ਦੇ ਪਾਲੇ' ਜਿਹੀਆਂ ਸਿਫ਼ਤਾਂ ਤੋਂ ਕੁੱਝ ਅਰਥ ਨਹੀਂ ਨਿਕਲਦੇ ਕਿਉਂਕਿ **ਹਰ ਇੱਕ** ਗੋਤ ਕਿਸੇ ਨਾ ਕਿਸੇ ਦੇਵਤੇ ਤੋਂ ਉਤਪੰਨ ਹੋਇਆ ਹੈ ਅਤੇ ਕਬੀਲੇ ਦੇ ਮੁਖੀ ਦਾ ਗੋਤ ਇੱਕ 'ਉੱਘੇ' ਦੇਵਤੇ, ਇਸ ਹਾਲਤ ਵਿੱਚ ਜ਼ੀਉਸ ਤੋਂ। ਇਥੋਂ ਤੱਕ ਕਿ ਗੋਲੇ ਜਿਹਾ ਕਿ ਸੂਰਾਂ ਦਾ ਆਜੜੀ ਇਉਮਾਈਸ ਅਤੇ ਹੋਰ ਵੀ, 'ਦੈਵੀ' ਹਨ, (dioi ਜਾਂ theioi), ਇਥੋਂ ਤੱਕ ਕਿ "ਓਡੇਸੀ" ਵਿੱਚ ਵੀ ਅਤੇ ਇਸ ਲਈ "ਇਲੀਅਡ" ਤੋਂ ਬਹੁਤ ਪਿੱਛੋਂ ਦੇ ਸਮੇਂ ਵਿੱਚ। ਇਸੇ ਤਰ੍ਹਾਂ ਅਸੀਂ ਵੇਖਦੇ ਹਾਂ ਕਿ "ਓਡੇਸੀ" ਵਿੱਚ heros ਦਾ ਨਾਂ ਨਕੀਬ ਮੁਲੀਓਸ ਨੂੰ ਵੀ ਦਿੱਤਾ ਗਿਆ ਹੈ ਅਤੇ ਅੰਨ੍ਹੇ ਭੱਡ ਡੇਮੋਡੋਕਸ** ਨੂੰ ਵੀ। ਮੁਕਦੀ ਗੱਲ, ਸ਼ਬਦ basileia, ਜਿਹੜਾ ਯੂਨਾਨੀ ਲੇਖਕ ਹੋਮਰ ਦੀ ਅਖੌਤੀ ਬਾਦਸ਼ਾਹੀ ਲਈ ਵਰਤਦੇ ਹਨ (ਕਿਉਂਕਿ ਫ਼ੌਜੀ ਅਗਵਾਈ ਇਹਦਾ ਮੁੱਖ ਨਖੇੜਵਾਂ ਚਿੰਨ੍ਹ ਹੈ), ਜਿਸ ਦੇ ਨਾਲ਼ ਹੀ ਨਾਲ਼ ਪ੍ਰੀਸ਼ਦ ਅਤੇ ਜਨਤਕ ਇਕੱਠ ਹੈ ਉਹਦੇ ਅਰਥ ਕੇਵਲ—ਫ਼ੌਜੀ ਜਮਹੂਰੀਅਤ ਹਨ।" (ਮਾਰਕਸ)***

ਫ਼ੌਜੀ ਕਰਤੱਵਾਂ ਤੋਂ ਬਿਨਾਂ basileus ਦੇ ਧਾਰਮਿਕ ਅਤੇ ਮੁਨਸਫ਼ੀ ਕਰਤੱਵ ਵੀ ਸਨ; ਪਿਛਲੇਰੇ ਸਪਸ਼ਟ ਤੌਰ 'ਤੇ ਉਲੀਕੇ ਨਹੀਂ ਗਏ ਪਰ ਪਹਿਲੇ ਉਹ ਕਬੀਲੇ ਜਾਂ ਕਬੀਲਿਆਂ

* ਹੋਮਰ, "ਇਲੀਅਡ", ਗੀਤ ਦੂਜਾ। —**ਸੰਪਾ.**

** ਮਾਰਕਸ ਦੀ ਹੱਥ-ਲਿਖਤ ਵਿੱਚ ਹੇਠ ਲਿਖਿਆ ਵਾਕੰਸ਼ ਆਉਂਦਾ ਹੈ ਜਿਹੜਾ ਏਂਗਲਜ਼ ਨੇ ਛੱਡ ਦਿੱਤਾ ਹੈ: "ਐਨ basileus ਵਾਂਗ ਹੀ ਇਸਤਲਾਹ choiranos (˜ÔÈÒ·ÌÔÚ), ਜਿਹੜੀ ਓਡੇਸਿਉਸ ਅਗਾਮੈਨਾਨ ਸਬੰਧੀ ਵਰਤਦਾ ਹੈ, ਦਾ ਅਰਥ ਵੀ ਕੇਵਲ ਫ਼ੌਜੀ ਮੁਖੀ ਹੈ। —**ਸੰਪਾ.**

*** ਵੇਖੋ ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨੇ 144-451। —**ਸੰਪਾ.**

ਦੇ ਸੰਘ ਦੇ ਸਰਵਉੱਚ ਪ੍ਰਤਿਨਿੱਧ ਦੇ ਤੌਰ 'ਤੇ ਪੂਰੇ ਕਰਦਾ ਸੀ। ਕਿਸੇ ਥਾਂ ਵੀ ਦੀਵਾਨੀ, ਪ੍ਰਬੰਧ ਕਰਤੱਵਾਂ ਦਾ ਜ਼ਿਕਰ ਨਹੀਂ; ਪਰ ਹੀ ਜਾਪਦਾ ਹੈ ਕਿ ਉਹ ਆਪਣੀ ਪਦਵੀ ਕਾਰਨ ਪ੍ਰੀਸ਼ਦ ਦਾ ਮੈਂਬਰ ਸੀ। ਸ਼ਬਦ-ਵਿਗਿਆਨ ਅਨੁਸਾਰ basileus ਦਾ ਅਨੁਵਾਦ king (ਬਾਦਸ਼ਾਹ) ਵਜੋਂ ਕਰਨਾ ਬਿਲਕੁਲ ਠੀਕ ਹੈ, ਕਿਉਂਕਿ king (kunig) kuni, k¸ nne ਤੋਂ ਪੈਦਾ ਹੁੰਦਾ ਹੈ, ਜਿਸਦੇ ਅਰਥ ਹਨ ਗੋਤ ਦਾ ਮੁਖੀ। ਪਰ ਪ੍ਰਾਚੀਨ ਯੂਨਾਨੀ basileus ਕਿਸੇ ਵੀ ਤਰ੍ਹਾਂ ਬਾਦਸ਼ਾਹ ਦੇ ਨਵੀਨ ਅਰਥਾਂ ਦਾ ਅਨੁਸਾਰੀ ਨਹੀਂ। ਥੁਸਾਈਡਾਈਡਜ਼ ਸਪਸ਼ਟ ਤੌਰ 'ਤੇ ਪੁਰਾਣੇ basileus ਦਾ ਜ਼ਿਕਰ partikÍ, ਅਰਥਾਤ, ਗੋਤ ਤੋਂ ਉਤਪੰਨ ਹੋਏ, ਵਜੋਂ ਕਰਦਾ ਹੈ ਅਤੇ ਕਹਿੰਦਾ ਹੈ ਕਿ ਉਹਦੇ ਮਿੱਥੇ, ਇਸੇ ਲਈ ਸੀਮਤ, ਕਾਰਜ ਸਨ ਅਤੇ ਅਰਸਤੂ ਕਹਿੰਦਾ ਹੈ ਕਿ ਸੂਰਮਾ ਯੁਗ ਦੇ basileia ਦਾ ਕਾਰਜ ਆਜ਼ਾਦ ਮਨੁੱਖਾਂ ਦੀ ਅਗਵਾਈ ਸੀ, ਕਿ basileus ਇੱਕ ਫ਼ੌਜੀ ਮੁਖੀ, ਜੱਜ ਅਤੇ ਵੱਡਾ ਪੁਜਾਰੀ ਸੀ। ਸੋ, ਪਿਛੋਂ ਆਏ ਅਰਥ ਵਿੱਚ basileus ਕੋਲ਼ ਕੋਈ ਹਕੂਮਤੀ ਤਾਕਤ ਨਹੀਂ ਸੀ।*

ਸੋ ਸੂਰਮਾ ਯੁੱਗ ਦੀ ਯੂਨਾਨੀ ਬਣਤਰ ਵਿੱਚ ਅਸੀਂ ਪੁਰਾਣੀ ਗੋਤਰੀ ਪ੍ਰਣਾਲੀ ਨੂੰ ਪੂਰੇ ਬਲ ਨਾਲ਼ ਭਰਪੂਰ ਵੇਖਦੇ ਹਾਂ; ਪਰ ਅਸੀਂ ਇਹਦੇ ਨਿਘਾਰ ਦਾ ਮੁੱਢ ਵੀ ਵੇਖਦੇ ਹਾਂ; ਪਿੱਤਰੀ ਹੱਕ ਅਤੇ ਬੱਚਿਆਂ ਵੱਲੋਂ ਵਿਰਸਾ ਪ੍ਰਾਪਤ ਕਰਨਾ, ਜਿਸ ਨਾਲ਼ ਟੱਬਰ ਵਿੱਚ ਦੌਲਤ ਇਕੱਠੀ ਕਰਨ ਨੂੰ ਉਤਸ਼ਾਹ ਮਿਲਿਆ ਅਤੇ ਇਹਨੂੰ ਗੋਤ ਵਿਰੁੱਧ ਤਾਕਤ ਪ੍ਰਾਪਤ ਹੋਈ; ਦੌਲਤ ਦੇ ਫ਼ਰਕਾਂ ਨੇ ਆਪਣੀ ਵਾਰੀ ਜੱਦੀ ਰਾਠ-ਸ਼ਾਹੀ ਅਤੇ ਬਾਦਸ਼ਾਹੀ ਦੇ ਮੁੱਢਲੇ ਰੂਪ ਪੈਦਾ ਕਰਕੇ ਸਮਾਜੀ ਬਣਤਰ ਉੱਤੇ ਅਸਰ ਪਾਇਆ; ਗ਼ੁਲਾਮੀ, ਜਿਹੜੀ ਪਹਿਲਾਂ ਜੰਗੀ ਕੈਦੀਆਂ ਤੱਕ ਸੀਮਤ ਸੀ ਪਰ ਜਿਹੜੀ ਪਹਿਲਾਂ ਹੀ ਕਬੀਲੇ ਅਤੇ ਇਥੋਂ ਤੱਕ ਕਿ ਗੋਤ ਦੇ ਜੀਆਂ ਨੂੰ ਗ਼ੁਲਾਮ ਬਣਾਉਣ ਦਾ ਰਾਹ ਪੱਧਰਾ ਕਰ ਰਹੀ ਸੀ; ਪੁਰਾਣੇ ਅੰਤਰ-ਕਬੀਲਾ ਯੁੱਧ ਦਾ ਜੀਵਨ ਨਿਰਬਾਹ ਦੇ ਨੇਮ-ਬੱਧ ਸਾਧਨ ਵਜੋਂ ਪਸ਼ੂ, ਗ਼ੁਲਾਮ ਅਤੇ ਖ਼ਜ਼ਾਨਾ ਪ੍ਰਾਪਤ ਕਰਨ ਲਈ ਧਰਤੀ ਅਤੇ ਸਾਗਰ ਉੱਤੇ ਬਾਕਾਇਦਾ ਹਮਲਿਆਂ ਤੱਕ ਡਿੱਗ ਜਾਣਾ। ਮੁਕਦੀ ਗੱਲ ਦੌਲਤ ਦੀ ਸਰਵਉੱਚ ਖ਼ਜ਼ਾਨੇ ਵਜੋਂ ਸਿਫ਼ਤ ਕੀਤੀ ਜਾਂਦੀ ਅਤੇ ਇਹਨੂੰ ਸਤਿਕਾਰਿਆ

* ਯੂਨਾਨੀ basileus ਵਾਂਗ ਹੀ ਐਜ਼ਟਿਕ ਫ਼ੌਜੀ ਮੁਖੀ ਨੂੰ ਨਵੀਨ ਅਰਥਾਂ ਵਿੱਚ ਹਾਕਮ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਮਾਰਗਨ ਪਹਿਲਾ ਮਨੁੱਖ ਸੀ ਜਿਸਨੇ ਸਪੇਨ-ਵਾਸੀਆਂ ਦੀਆਂ, ਜਿਨ੍ਹਾਂ ਦੀ ਪਹਿਲਾਂ ਪ੍ਰਸਥਿਤੀ ਨੂੰ ਗ਼ਲਤ ਸਮਝਿਆ ਅਤੇ ਵਧਾ-ਚੜ੍ਹਾ ਕੇ ਪੇਸ਼ ਕੀਤਾ ਅਤੇ ਪਿੱਛੋਂ ਅਸਲਾ ਜਾਣ ਬੁੱਝ ਕੇ ਗ਼ਲਤ ਢੰਗ ਨਾਲ਼ ਪੇਸ਼ ਕੀਤਾ, ਲਿਖਤਾਂ ਨੂੰ ਇਤਿਹਾਸਕ ਪੜਚੋਲ ਦਾ ਨਿਸ਼ਾਨ ਬਣਾਇਆ; ਉਹਨੇ ਵਿਖਾਇਆ ਕਿ ਮੈਕਸੀਕੋ ਦੇ ਇੰਡੀਅਨ ਜਹਾਲਤ ਦੇ ਦਰਮਿਆਨੇ ਪੜਾਅ ਉੱਤੇ ਸਨ ਪਰ ਉਹ ਨਿਊ ਮੈਕਸੀਕੋ ਦੇ ਪੁਇਬਲੋ ਇੰਡੀਅਨਾਂ ਨਾਲ਼ੋਂ ਉਚੇਰੀ ਪੱਧਰ ਉੱਤੇ ਸਨ, ਅਤੇ ਜਿਥੋਂ ਤੱਕ ਰੋਲ਼-ਘਚੋਲੇ ਵਾਲ਼ੀਆਂ ਖ਼ਬਰਾਂ ਸਾਨੂੰ ਨਿਰਣਾ ਕਰਨ ਯੋਗ ਬਣਾਉਂਦੀਆਂ ਹਨ, ਉਹਨਾਂ ਦੀ ਬਣਤਰ ਇਸ ਤਰ੍ਹਾਂ ਸੀ: ਤਿੰਨਾਂ ਕਬੀਲਿਆਂ ਦਾ ਸੰਘ, ਜਿਸਨੇ ਕਈ ਹੋਰਨਾਂ ਨੂੰ ਆਪਣੇ ਅਧੀਨ ਕਰ ਲਿਆ, ਜਿਸ ਉੱਤੇ ਇੱਕ ਸੰਘ ਦੀ ਪ੍ਰੀਸ਼ਦ ਅਤੇ ਇੱਕ ਸੰਘ ਦਾ ਫ਼ੌਜੀ ਮੁਖੀ ਹਕੂਮਤ ਕਰਦੇ ਸਨ, ਜਿਸਨੂੰ ਸੇਪਨ-ਵਾਸੀਆਂ ਨੇ "ਸ਼ਹਿਨਸ਼ਾਹ" ਕਿਹਾ।

ਜਾਂਦਾ ਹੈ ਅਤੇ ਦੌਲਤ ਦੀ ਜਬਰ ਨਾਲ਼ ਲੁੱਟ ਨੂੰ ਹੱਕੀ ਠਹਿਰਾਉਣ ਲਈ ਪੁਰਾਣੀਆਂ ਗੋਤਰੀ ਸੰਸਥਾਵਾਂ ਦੀ ਕੁਵਰਤੋਂ ਕੀਤੀ ਜਾਂਦੀ ਹੈ। ਇਕੋ ਇੱਕ ਸ਼ੈਅ ਦੀ ਅਣਹੋਂਦ ਸੀ: ਇੱਕ ਅਜਿਹੀ ਸੰਸਥਾ ਜਿਹੜੀ ਨਾ ਕੇਵਲ ਪੁਰਾਣੇ ਗੋਤਰੀ ਪ੍ਰਬੰਧ ਦੀਆਂ ਕਮਿਊਨਿਸਟ ਕਿਸਮ ਦੀਆਂ ਰਿਵਾਇਤਾਂ ਵਿਰੁੱਧ ਨਿੱਜੀ ਵਿਅਕਤੀਆਂ ਦੀ ਨਵੀਂ ਪ੍ਰਾਪਤ ਕੀਤੀ ਦੌਲਤ ਦੀ ਰੱਖਿਆ ਕਰੇ, ਜਿਹੜੀ ਨਾ ਕੇਵਲ ਨਿੱਜੀ ਜਾਇਦਾਦ ਨੂੰ, ਜਿਸਨੂੰ ਪਹਿਲਾਂ ਬਹੁਤ ਘੱਟ ਆਦਰ ਦਿੱਤਾ ਜਾਂਦਾ ਸੀ, ਪਵਿੱਤਰ ਬਣਾਏ ਅਤੇ ਇਸ ਪਵਿਤਰਾਉਣ ਦੇ ਮਨੁੱਖੀ ਸਮਾਜ ਦਾ ਸਰਵਉੱਚ ਮੰਤਵ ਹੋਣ ਦਾ ਐਲਾਨ ਕਰ ਦੇਵੇ ਸਗੋਂ ਜਾਇਦਾਦ ਇਕੱਤਰ ਕਰਨ ਦੇ ਹੌਲ਼ੀ ਹੌਲ਼ੀ ਵਿਕਾਸ ਕਰ ਰਹੇ ਨਵੇਂ ਰੂਪਾਂ ਅਤੇ ਇਹਦੇ ਸਿੱਟੇ ਵਜੋਂ ਦੌਲਤ ਵਿੱਚ ਲਗਾਤਾਰ ਹੋ ਰਹੇ ਵਾਧੇ ਉੱਤੇ ਆਮ ਜਨਤਕ ਪ੍ਰਵਾਨਗੀ ਦੀ ਛਾਪ ਲਾਵੇ; ਇੱਕ ਅਜਿਹੀ ਸੰਸਥਾ ਜਿਹੜੀ ਨਾ ਕੇਵਲ ਸਮਾਜ ਵਿੱਚ ਨਵੀਂ ਪੈਦਾ ਹੋ ਰਹੀ ਸ਼੍ਰੇਣੀ-ਵੰਡ ਨੂੰ, ਸਗੋਂ ਮਾਲਕ ਸ਼੍ਰੇਣੀ ਦੇ ਗ਼ੈਰ-ਮਾਲਕ ਸ਼੍ਰੇਣੀ ਦੀ ਲੁੱਟ-ਚੋਂਘ ਕਰਨ ਦੇ ਹੱਕ ਨੂੰ ਅਤੇ ਪਿਛਲੇਰੇ ਉੱਤੇ ਪਹਿਲੇਰੇ ਦੀ ਹਕੂਮਤ ਨੂੰ ਵੀ ਸਦੀਵੀ ਬਣਾਵੇਗੀ।

ਅਤੇ ਇਹ ਸੰਸਥਾ ਆ ਗਈ। **ਰਾਜ** ਦੀ ਕਾਢ ਕੱਢ ਲਈ ਗਈ।

## V

## ਏਥਨਜ਼ ਦੇ ਸ਼ਹਿਰੀ ਰਾਜ ਦਾ ਉੱਭਰਨਾ

ਰਾਜ ਕਿਵੇਂ ਵਿਕਸਤ ਹੋਇਆ, ਕਿਵੇਂ ਗੋਤਰੀ ਬਣਤਰ ਦੇ ਕੁੱਝ ਅੰਗ ਤਬਦੀਲ ਕੀਤੇ ਗਏ, ਕੁੱਝ ਦੀ ਥਾਂ ਨਵੇਂ ਅੰਗਾਂ ਨੇ ਲੈ ਲਈ ਅਤੇ ਅੰਤ, ਸਭਨਾਂ ਦੀ ਥਾਂ ਅਸਲੀ ਹਕੂਮਤੀ ਅਧਿਕਰਣਾਂ— ਆਪਣੇ ਗੋਤਾਂ, ਬਰਾਦਰੀਆਂ ਅਤੇ ਕਬੀਲਿਆਂ ਰਾਹੀਂ ਆਪਣੀ ਰੱਖਿਆ ਕਰ ਰਹੇ ਅਸਲੀ "ਹਥਿਆਰਬੰਦ ਲੋਕਾਂ" ਦੀ ਥਾਂ ਇੱਕ ਹਥਿਆਰਬੰਦ "ਸਰਵਜਨਕ ਸ਼ਕਤੀ" ਜਿਹੜੀ ਅਧਿਕਾਰੀਆਂ ਦੀ ਸੇਵਾ 'ਤੇ ਸੀ ਅਤੇ ਇਸੇ ਲਈ ਲੋਕਾਂ ਵਿਰੁੱਧ ਵੀ ਅਮਲ ਲਈ ਵੀ ਮੌਜੂਦ ਸੀ—ਵਲੋਂ ਲੈ ਲੈਣਾ, ਇਸ ਸਭ ਕੁੱਝ ਨੂੰ, ਘੱਟੋ ਘੱਟ ਇਹਦੇ ਮੁੱਢਲੇ ਰੂਪ ਵਿੱਚ, ਪ੍ਰਾਚੀਨ ਏਥਨਜ਼ ਤੋਂ ਚੰਗੀ ਤਰ੍ਹਾਂ ਹੋਰ ਕਿਧਰੇ ਨਹੀਂ ਲੱਭਿਆ ਜਾ ਸਕਦਾ। ਤਬਦੀਲੀ ਦੇ ਰੂਪਾਂ ਨੂੰ, ਮੁੱਖ ਤੌਰ 'ਤੇ, ਮਾਰਗਨ ਨੇ ਬਿਆਨ ਕੀਤਾ ਹੈ; ਜਿਸ ਆਰਥਕ ਤੱਥ ਨੂੰ ਇਹਨਾਂ ਰੂਪਾਂ ਨੂੰ ਜਨਮ ਦਿੱਤਾ, ਉਹਨਾਂ ਦਾ ਵਾਧਾ ਮੈਂ ਕੀਤਾ ਹੈ:

ਸੂਰਮਾ ਯੁੱਗ ਵਿੱਚ ਏਥਨਜ਼ ਵਾਲ਼ਿਆਂ ਦੇ ਚਾਰ ਕਬੀਲੇ ਅਜੇ ਐਟੀਕਾ ਦੇ ਵੱਖ ਵੱਖ ਹਿੱਸਿਆਂ ਵਿੱਚ ਵਸੇ ਹੋਏ ਸਨ। ਜਾਪਦਾ ਹੈ ਕਿ ਅਜੇ ਤੱਕ ਉਹਨਾਂ ਦੀਆਂ ਕੁੱਲ ਬਾਰਾਂ ਬਰਾਦਰੀਆਂ ਦੇ ਕੇਕਰੋਪਸ ਦੇ ਬਾਰ੍ਹਾਂ ਸ਼ਹਿਰਾਂ ਵਿੱਚ ਵੱਖ ਵੱਖ ਇਲਾਕੇ ਸਨ। ਬਣਤਰ ਸੂਰਮਾ ਯੁੱਗ ਵਾਲ਼ੀ ਸੀ: ਆਮ ਸਭਾ, ਇੱਕ ਜਨਤਕ ਪ੍ਰੀਸ਼ਦ, ਇੱਕ basileus। ਜਿਥੋਂ ਤੱਕ ਲਿਖਤੀ ਇਤਿਹਾਸ ਜਾਂਦਾ ਹੈ, ਅਸੀਂ ਭੋਂ ਨੂੰ ਪਹਿਲਾਂ ਹੀ ਵੰਡਿਆ ਹੋਇਆ ਅਤੇ ਨਿੱਜੀ ਜਾਇਦਾਦ ਬਣਿਆ ਵੇਖਦੇ ਹਾਂ, ਜਿਹੜਾ ਵਸਤ-ਉਤਪਾਦਨ ਦੀ ਕੁੱਝ ਕੁੱਝ ਵਿਕਸਤ

ਸਥਿਤੀ ਅਤੇ ਇਹਦੇ ਅਨੁਸਾਰੀ ਜਹਾਲਤ ਦੇ ਉੱਪਰਲੇ ਪੜਾਅ ਉੱਤੇ ਵਸਤ ਵਪਾਰ ਨਾਲ਼ ਮੇਲ ਖਾਂਦਾ ਹੈ। ਅਨਾਜਾਂ ਤੋਂ ਬਿਨਾਂ, ਸ਼ਰਾਬ ਅਤੇ ਤੇਲ ਪੈਦਾ ਕਰਨ ਵਾਲ਼ੇ ਪਦਾਰਥਾਂ ਦੀ ਖੇਤੀ ਕੀਤੀ ਜਾਂਦੀ ਸੀ। ਅਵਗਿਆਈ ਸਾਗਰ ਵਿੱਚ ਵਪਾਰ ਫ਼ਿਨੀਸੀਆਂ ਦੇ ਹੱਥਾਂ ਤੋਂ ਸਦਾ ਵਧੇਰੇ ਐਟੀਕਾ ਦੇ ਵਾਸੀਆਂ ਦੇ ਹੱਥ ਆਉਂਦਾ ਗਿਆ। ਭੋਂ ਦੀ ਖਰੀਦੋ-ਫਰੋਖ਼ਤ ਕਾਰਨ ਅਤੇ ਖੇਤੀ ਅਤੇ ਦਸਤਕਾਰੀਆਂ, ਵਪਾਰ ਅਤੇ ਜਹਾਜ਼ਰਾਨੀ ਵਿਚਕਾਰ ਕਿਰਤ ਦੀ ਲਗਾਤਾਰ ਵੰਡ ਕਾਰਨ ਗੋਤ, ਬਰਾਦਰੀਆਂ ਅਤੇ ਕਬੀਲੇ ਦੇ ਲੋਕ ਬਹੁਤ ਛੇਤੀ ਹੀ ਆਪੋ ਵਿੱਚ ਘੁਲ ਮਿਲ ਗਏ। ਬਰਾਦਰੀ ਅਤੇ ਕਬੀਲੇ ਦੇ ਇਲਾਕੇ ਵਿੱਚ ਅਜਿਹੇ ਲੋਕ ਆ ਗਏ ਜਿਹੜੇ ਹੈ ਤਾਂ ਉਸੇ ਦੇਸ਼ ਦੇ ਵਸਨੀਕ ਸਨ, ਪਰ ਜਿਹੜੇ ਇਹਨਾਂ ਸੰਸਥਾਵਾਂ ਵਿੱਚ ਸ਼ਾਮਲ ਨਹੀਂ ਸਨ ਅਤੇ ਸੋ ਆਪਣੀ ਰਿਹਾਇਸ਼ੀ ਥਾਂ ਵਿੱਚ ਓਪਰੇ ਸਨ। ਅਮਨ ਦੇ ਸਮੇਂ ਹਰ ਬਰਾਦਰੀ ਅਤੇ ਹਰ ਕਬੀਲਾ ਏਥਨਜ਼ ਵਿਖੇ ਸਥਿਤ ਚੁਣੀ ਹੋਈ ਪ੍ਰੀਸ਼ਦ ਜਾਂ basileus ਤੋਂ ਸਲਾਹ ਲਏ ਬਿਨਾਂ ਆਪਣੇ ਮਾਮਲੇ ਤੈਅ ਕਰਦੇ ਸਨ, ਪਰ ਕਿਸੇ ਬਰਾਦਰੀ ਜਾਂ ਕਬੀਲੇ ਦੇ ਉਹ ਵਸਨੀਕ ਜਿਹੜੇ ਇਹਨਾਂ ਵਿੱਚੋਂ ਕਿਸੇ ਇੱਕ ਵਿਚ ਸ਼ਾਮਲ ਨਹੀਂ ਸਨ, ਕੁਦਰਤੀ ਤੌਰ ’ਤੇ ਪ੍ਰਬੰਧ ਵਿੱਚ ਹਿੱਸਾ ਨਾ ਲੈ ਸਕਦੇ।

ਇਹਨੇ ਗੋਤਰੀ ਬਣਤਰ ਦੀਆਂ ਸੰਸਥਾਵਾਂ ਦੇ ਕੰਮ ਕਰਨ ਵਿੱਚ ਅਜਿਹੀ ਗੜਬੜ ਪੈਦਾ ਕੀਤੀ ਕਿ ਸੂਰਮਾ ਯੁੱਗ ਵਿੱਚ ਹੀ ਇਹਦਾ ਹੱਲ ਲੱਭਣ ਦੀ ਲੋੜ ਪੈ ਗਈ। ਇੱਕ ਪ੍ਰਣਾਲੀ, ਜਿਸਦਾ ਮੋਢੀ ਥੀਸੀਉਸ ਨੂੰ ਦੱਸਿਆ ਜਾਂਦਾ ਹੈ, ਲਾਗੂ ਕੀਤੀ ਗਈ। ਇੱਕ ਤਬਦੀਲੀ ਦਾ ਮੁੱਖ ਲੱਛਣ ਇਹ ਸੀ ਕਿ ਏਥਨਜ਼ ਵਿਖੇ ਇੱਕ ਕੇਂਦਰੀ ਰਾਜ-ਪ੍ਰਬੰਧ ਸਥਾਪਤ ਕੀਤਾ ਗਿਆ, ਅਰਥਾਤ, ਇਹ ਐਲਾਨ ਕਰ ਦਿੱਤਾ ਗਿਆ ਕਿ ਕੁੱਝ ਅਜਿਹੇ ਮਾਮਲੇ ਜਿਨ੍ਹਾਂ ਨਾਲ਼ ਹੁਣ ਤੱਕ ਕਬੀਲੇ ਸੁਤੰਤਰ ਤੌਰ ’ਤੇ ਨਿੱਬੜਦੇ ਸਨ, ਸਾਂਝੇ ਮਾਮਲੇ ਹਨ ਅਤੇ ਉਹ ਏਥਨਜ਼ ਵਿਖੇ ਆਮ ਪ੍ਰੀਸ਼ਦ ਦੇ ਹਵਾਲੇ ਕਰ ਦਿੱਤੇ ਗਏ। ਇਉਂ ਏਥਨਜ਼ ਵਾਲ਼ੇ ਉਸ ਤੋਂ ਇੱਕ ਕਦਮ ਅੱਗੇ ਗਏ ਜਿਥੋਂ ਤੱਕ ਅਮਰੀਕਾ ਦੇ ਆਦਿ-ਵਾਸੀ ਕਦੀ ਗਏ ਸਨਃ ਗਵਾਂਢਲੇ ਕਬੀਲਿਆਂ ਦੇ ਸਾਦੇ ਸੰਘ ਦੀ ਥਾਂ ਸਭਨਾਂ ਕਬੀਲਿਆਂ ਦੀ ਇੱਕੋ ਇੱਕ ਕੌਮ ਵਿੱਚ ਜੁੜਤ ਨੂੰ ਦੇ ਦਿੱਤੀ ਗਈ। ਇਹਨੇ ਏਥਨਜ਼ ਦੇ ਆਮ ਜਨਤਕ ਕਾਨੂੰਨ ਨੂੰ ਜਨਮ ਦਿੱਤਾ, ਜਿਹੜਾ ਕਬੀਲਿਆਂ ਅਤੇ ਗੋਤਾਂ ਦੇ ਕਾਨੂੰਨੀ ਰਿਵਾਜਾਂ ਤੋਂ ਉੱਪਰ ਸੀ। ਇਹਨੇ ਏਥਨਜ਼ ਦੇ ਵਸਨੀਕਾਂ ਨੂੰ, ਵਸਨੀਕਾਂ ਦੇ ਤੌਰ ’ਤੇ, ਹਰ ਇਲਾਕੇ ਵਿੱਚ ਕੁੱਝ ਹੱਕ ਅਤੇ ਵਾਧੂ ਕਾਨੂੰਨੀ ਰੱਖਿਆ ਪ੍ਰਦਾਨ ਕੀਤੀ, ਭਾਵੇਂ ਉਹ ਉਹਨਾਂ ਦੇ ਕਬੀਲੇ ਦਾ ਨਾ ਵੀ ਹੋਵੇ। ਪਰ ਇਹ ਗੋਤਰੀ ਬਣਤਰ ਦੀਆਂ ਜੜ੍ਹਾਂ ਪੋਲੀਆਂ ਕਰਨ ਵੱਲ ਪਹਿਲਾ ਕਦਮ ਸੀ ਕਿਉਂਕਿ ਇਹ ਪਿਛੋਂ ਜਾ ਕੇ ਅਜਿਹੇ ਸ਼ਹਿਰੀਆਂ ਨੂੰ ਸ਼ਾਮਲ ਕਰਨ ਵੱਲ ਪਹਿਲਾ ਕਦਮ ਸੀ ਜਿਹੜੇ ਐਟੀਕਾ ਦੇ ਸਾਰੇ ਕਬੀਲਿਆਂ ਲਈ ਓਪਰੇ ਸਨ ਅਤੇ ਏਥਨਜ਼ ਦੀ ਗੋਤਰੀ ਬਣਤਰ ਦੇ ਘੇਰੇ ਤੋਂ ਉੱਕਾ ਹੀ ਬਾਹਰ ਸਨ ਅਤੇ ਰਹੇ। ਇੱਕ ਦੂਜੀ ਸੰਸਥਾ, ਜਿਸਦਾ ਮੋਢੀ ਵੀ ਥੀਸੀਉਸ ਨੂੰ ਹੀ ਦੱਸਿਆ ਜਾਂਦਾ ਹੈ, ਗੋਤਾਂ, ਬਰਾਦਰੀਆਂ ਅਤੇ ਕਬੀਲਿਆਂ ਦੇ ਵਿਤਕਰੇ ਤੋਂ ਬਿਨਾਂ ਕੁੱਲ ਕੌਮ ਦੀ ਤਿੰਨਾਂ ਸ਼੍ਰੇਣੀਆਂ ਵਿੱਚ ਵੰਡ ਸੀ: eupatrides, ਜਾਂ ਰਾਠ; geomoroi ਜਾਂ ਭੋਂ ਵਾਹੁਣ ਵਾਲ਼ੇ ਅਤੇ demiurgi ਜਾਂ

ਦਸਤਕਾਰ ਅਤੇ ਕੇਵਲ ਰਾਠਾਂ ਨੂੰ ਸਰਵਜਨਕ ਅਹੁਦੇ ਅਖ਼ਤਿਆਰ ਕਰਨ ਦਾ ਅਨੰਨ ਹੱਕ ਦੇਣਾ। ਇਹ ਸੱਚ ਹੈ ਕਿ ਸਰਵਜਨਕ ਅਹੁਦੇ ਅਖ਼ਤਿਆਰ ਕਰਨ ਦਾ ਹੱਕ ਰਾਠਾਂ ਲਈ ਰਾਖਵਾਂ ਰੱਖਣ ਤੋਂ ਬਿਨਾਂ ਇਹ ਵੰਡ ਅਮਲ ਵਿੱਚ ਨਾ ਆਈ ਕਿਉਂਕਿ ਇਹਨੇ ਸ਼੍ਰੇਣੀਆਂ ਵਿੱਚ ਹੋਰ ਕੋਈ ਕਾਨੂੰਨੀ ਵਖਰੇਵੇਂ ਪੈਦਾ ਨਾ ਕੀਤੇ। ਪਰ ਇਹ ਮਹੱਤਵ-ਪੂਰਨ ਹੈ ਕਿਉਂਕਿ ਇਹ ਸਾਡੇ ਲਈ ਨਵੇਂ ਸਮਾਜੀ ਅੰਸ਼ ਪ੍ਰਗਟ ਕਰਦੀ ਹੈ ਜਿਹੜੇ ਛੋਪਲੇ ਜਿਹੇ ਵਿਕਸਤ ਹੋ ਗਏ ਸਨ। ਇਸ ਤੋਂ ਪਤਾ ਚਲਦਾ ਹੈ ਕਿ ਗੋਤ ਦੇ ਅੰਦਰ ਅਹੁਦੇ ਪ੍ਰਾਪਤ ਕਰਨ ਦਾ ਹੱਕ ਜਿਹੜਾ ਕੁੱਝ ਟੱਬਰਾਂ ਵਿੱਚ ਰਵਾਇਤੀ ਸੀ ਪਹਿਲਾਂ ਹੀ ਇਹਨਾਂ ਟੱਬਰਾਂ ਦੇ ਵਿਸ਼ੇਸ਼-ਹੱਕ ਵਿੱਚ ਤਬਦੀਲ ਹੋ ਚੁੱਕਾ ਸੀ, ਜਿਸ ’ਤੇ ਘੱਟ ਹੀ ਇਤਰਾਜ਼ ਹੁੰਦਾ; ਕਿ ਇਹ ਟੱਬਰ, ਜਿਹੜੇ ਆਪਣੇ ਧਨ ਕਾਰਨ ਪਹਿਲਾਂ ਹੀ ਬਲਵਾਨ ਸਨ, ਗੋਤ ਦੇ ਬਾਹਰ ਇੱਕ ਵਿਸ਼ੇਸ਼-ਅਧਿਕਾਰਾਂ ਵਾਲ਼ੀ ਸ਼੍ਰੇਣੀ ਵਿੱਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ ਕਿ ਉਭਰ ਰਹੇ ਰਾਜ ਨੇ ਇਸ ਹੱਕ-ਮਾਰੀ ਦੀ ਆਗਿਆ ਦੇ ਦਿੱਤੀ ਸੀ। ਹੋਰ, ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਵਾਹੀ ਖੇਤੀ ਕਰਨ ਵਾਲ਼ਿਆਂ ਅਤੇ ਦਸਤਕਾਰਾਂ ਵਿਚਕਾਰ ਕਿਰਤ ਦੀ ਵੰਡ ਇੰਨੀ ਚੋਖੀ ਬਲਵਾਨ ਹੋ ਗਈ ਸੀ ਕਿ ਇਹ ਸਮਾਜੀ ਪੱਧਰ ਉੱਤੇ ਗੋਤਾਂ ਅਤੇ ਕਬੀਲਿਆਂ ਵਿੱਚ ਪੁਰਾਣੀ ਵੰਡ ਨੂੰ ਵੰਗਾਰ ਸਕੇ ਅਤੇ ਅੰਤ ਇਹਨੇ ਗੋਤਰੀ ਸਮਾਜ ਅਤੇ ਰਾਜ ਵਿਚਾਰ ਸਮਝੌਤਾ-ਰਹਿਤ ਟੱਕਰ ਦਾ ਐਲਾਨ ਕੀਤਾ।

ਰਾਜ ਸਥਾਪਤ ਕਰਨ ਦਾ ਪਹਿਲਾ ਯਤਨ ਹਰ ਇੱਕ ਗੋਤ ਦੇ ਜੀਆਂ ਨੂੰ ਵੰਡ ਕੇ ਗੋਤਾਂ ਨੂੰ ਤੋੜਨਾ ਸੀ, ਇਹਦੇ ਜੀਆਂ ਨੂੰ ਇੱਕ ਵਿਸ਼ੇਸ਼-ਹੱਕਾਂ ਵਾਲ਼ੀ ਅਤੇ ਇੱਕ ਨੀਵੇਰੀ ਸ਼੍ਰੇਣੀ ਵਿੱਚ ਵੰਡਣਾ ਅਤੇ ਫੇਰ ਪਿਛਲੇਰੀ ਨੂੰ ਦੋ ਵਿਰਤਕ ਸ਼੍ਰੇਣੀਆਂ ਵਿੱਚ ਵੰਡਣਾ, ਇਉਂ ਇੱਕ ਨੂੰ ਦੂਜੇ ਵਿਰੁੱਧ ਖੜਾ ਕਰਨਾ।

ਇਸ ਤੋਂ ਪਿੱਛੋਂ ਸੋਲੋਨ ਦੇ ਸਮੇਂ ਤੱਕ ਏਥਨਜ਼ ਦੇ ਰਾਜਸੀ ਇਤਿਹਾਸ ਦਾ ਕੇਵਲ ਅਧੂਰੀ ਤਰ੍ਹਾਂ ਹੀ ਪਤਾ ਹੈ। Basileus ਦੀ ਪਦਵੀ ਹੌਲ਼ੀ ਹੌਲ਼ੀ ਅਪ੍ਰਚਲਤ ਹੋ ਗਈ ਅਤੇ ਆਰਕਾਨ, archons, ਜਿਹੜੇ ਰਾਠਾਂ ਵਿਚੋਂ ਚੁਣੇ ਜਾਂਦੇ, ਰਾਜ ਦੇ ਮੁਖੀ ਬਣ ਗਏ। ਰਾਠਾਂ ਦੀ ਹਕੂਮਤ ਹੌਲ਼ੀ ਹੌਲ਼ੀ ਇਥੋਂ ਤੱਕ ਵਧੀ ਕਿ 600 ਪੂਰਬ ਈਸਾ ਦੇ ਨੇੜੇ ਇਹ ਲਗ ਭਗ ਅਸਹਿ ਹੋ ਗਈ। ਆਮ ਲੋਕਾਂ ਦੀ ਆਜ਼ਾਦੀ ਦਾ ਗਲਾ ਘੁੱਟਣ ਦੇ ਮੁੱਖ ਸਾਧਨ ਸਨ —ਪੈਸਾ ਅਤੇ ਸੂਦਖ਼ੋਰੀ। ਰਾਠ ਏਥਨਜ਼ ਵਿੱਚ ਅਤੇ ਇਹਦੇ ਆਲ਼ੇ ਦਵਾਲ਼ੇ ਰਹਿੰਦੇ, ਜਿਥੇ ਸਮੁੰਦਰੀ ਵਪਾਰ, ਜਿਸ ਵਿੱਚ ਅਜੇ ਵੀ ਇੱਕ ਜ਼ਿਮਨੀ ਕੰਮ ਵਜੋਂ ਕਦੀ ਕਦੀ ਸਮੁੰਦਰੀ ਡਕੈਤੀ ਦਾ ਵਾਧਾ ਕੀਤਾ ਜਾਂਦਾ ਸੀ, ਉਹਨਾਂ ਨੂੰ ਅਮੀਰ ਬਣਾਉਂਦਾ ਅਤੇ ਦੌਲਤ ਉਹਨਾਂ ਦੇ ਹੱਥਾਂ ਵਿੱਚ ਇਕੱਠੀ ਕਰੀ ਜਾਂਦਾ। ਇਸ ਨੁਕਤੇ ਤੋਂ ਵਿਕਾਸ ਕਰ ਰਿਹਾ ਪੈਸੇ ਦਾ ਪ੍ਰਬੰਧ ਕਿਸੇ ਖਾ ਜਾਣ ਵਾਲ਼ੇ ਤੇਜ਼ਾਬ ਵਾਂਗ ਪੇਂਡੂ ਭਾਈਚਾਰਿਆਂ ਦੇ ਰਵਾਇਤੀ ਜੀਵਨ ਵਿੱਚ ਘੁਸ ਗਿਆ, ਜਿਹੜਾ ਕੁਦਰਤੀ ਆਰਥਕਤਾ ਉੱਤੇ ਆਧਾਰਤ ਸੀ। ਗੋਤਰੀ ਬਣਤਰ ਪੈਸੇ ਦੇ ਪ੍ਰਬੰਧ ਨਾਲ਼ ਉੱਕਾ ਹੀ ਅਣਮੇਲ ਹੈ। ਐਟੀਕਾ ਦੇ ਛੋਟੇ ਖਾਤਿਆਂ ਦੇ ਮਾਲਕ ਕਿਸਾਨਾਂ ਦੀ ਤਬਾਹੀ ਪੁਰਾਣੇ ਗੋਤਰੀ ਸਬੰਧਾਂ ਦੇ ਢਿੱਲੇ ਪੈਣ ਦੇ ਨਾਲ਼ ਹੀ ਨਾਲ਼ ਹੋਈ, ਜਿਹੜੇ ਉਹਨਾਂ ਦੀ ਰੱਖਿਆ

ਕਰਦੇ ਸਨ। ਲੈਣਦਾਰ ਦੀ ਹੁੰਡੀ ਅਤੇ ਰਹਿਨ-ਨਾਮੇ—ਏਥਨਜ਼-ਵਾਸੀਆਂ ਨੇ ਉਦੋਂ ਤੱਕ ਰਹਿਨ ਦੀ ਕਾਢ ਕੱਢ ਲਈ ਸੀ—ਨਾ ਗੋਤ ਦਾ ਸਤਿਕਾਰ ਕਰਦੇ ਹਨ ਅਤੇ ਨਾ ਬਰਾਦਰੀ ਦਾ। ਪਰ ਪੁਰਾਣੀ ਗੋਤਰੀ ਬਣਤਰ ਨੂੰ ਪੈਸੇ, ਉਧਾਰ ਅਤੇ ਪੈਸੇ ਦੇ ਕਰਜ਼ੇ ਦਾ ਕੁੱਝ ਪਤਾ ਨਹੀਂ ਸੀ। ਸੋ ਰਾਠਾਂ ਦੀ ਨਿਰੰਤਰ ਵੱਧ ਰਹੀ ਪੈਸੇ ਦੀ ਹਕੂਮਤ ਨੇ ਨਵੇਂ ਕਾਨੂੰਨ ਨੂੰ ਜਨਮ ਦਿੱਤਾ, ਰਿਵਾਜ ਦੇ ਕਾਨੂੰਨ ਨੂੰ, ਦੇਣਦਾਰ ਵਿਰੁੱਧ ਲੈਣਦਾਰ ਦੀ ਰੱਖਿਆ ਕਰਨ ਲਈ ਅਤੇ ਪੈਸੇ ਦੇ ਮਾਲਕ ਵੱਲੋਂ ਛੋਟੇ ਕਿਸਾਨ ਦੀ ਲੁੱਟ-ਚੋਘ ਦੀ ਆਗਿਆ ਦੇਣ ਲਈ। ਐਟੀਕਾ ਦੇ ਸਾਰੇ ਪੇਂਡੂ ਇਲਾਕਿਆਂ ਵਿੱਚ ਰਹਿਨ ਦੇ ਫੱਟਿਆਂ ਦਾ ਹੜ੍ਹ ਆਇਆ ਹੋਇਆ ਸੀ, ਜਿਨ੍ਹਾਂ ਵਿੱਚੋਂ ਹਰ ਇੱਕ ਉੱਤੇ ਲਿਖਿਆ ਸੀ ਕਿ ਉਹ ਭੋਂ ਦੇ ਜਿਸ ਟੋਟੇ ਉੱਤੇ ਲੱਗੇ ਹਨ ਉਹ ਫਲਾਣੇ ਬੰਦੇ ਕੋਲ਼ ਇੰਨੇ ਸਮੇਂ ਅਤੇ ਇੰਨੇ ਪੈਸਿਆਂ ਲਈ ਰਹਿਨ ਹੈ। ਜਿਨ੍ਹਾਂ ਟੋਟਿਆਂ ਉੱਤੇ ਅਜਿਹੇ ਫੱਟੇ ਨਹੀਂ ਸਨ ਲੱਗੇ ਉਹ ਵਧੇਰੇ ਕਰਕੇ ਰਹਿਨ ਦਾ ਸਮਾਂ ਪੁੱਗ ਜਾਣ ਜਾਂ ਸੂਦ ਨਾ ਦੇ ਸਕਣ ਕਾਰਨ ਰਾਠ ਘਰਾਣੇ ਦੇ ਸੂਦ-ਖ਼ੋਰਾਂ ਦੀ ਮਿਲਖ ਬਣ ਚੁੱਕੇ ਸਨ; ਜੇ ਕਿਸਾਨ ਨੂੰ ਭੋਂ ਦੇ ਉਸੇ ਟੋਟੇ ਉੱਤੇ ਮੁਜ਼ਾਰੇ ਵਜੋਂ ਰਹਿਣ ਅਤੇ ਆਪਣੀ ਕਿਰਤ ਦੀ ਉਪਜ ਦੇ **ਛੇ** ਵਿੱਚੋਂ **ਪੰਜ** ਹਿੱਸੇ ਨਵੇਂ ਮਾਲਕ ਨੂੰ ਲਗਾਨ ਵਜੋਂ ਦੇ ਕੇ **ਛੇਵੇਂ** ਹਿੱਸੇ ਉੱਤੇ ਗੁਜ਼ਾਰਾ ਕਰਨ ਦੀ ਆਗਿਆ ਦਿੱਤੀ ਜਾਂਦੀ ਤਾਂ ਉਹ ਖ਼ੁਸ਼ ਹੁੰਦਾ। ਇਸ ਤੋਂ ਵੱਧ: ਜੇ ਭੋਂ ਦੀ ਵਿਕਰੀ ਤੋਂ ਮਿਲੀ ਰਕਮ ਨਾਲ਼ ਕਰਜ਼ਾ ਪੂਰਾ ਨਾ ਹੁੰਦਾ ਜਾਂ ਜੇ ਕਰਜ਼ਾ ਬੰਧ ਤੋਂ ਬਿਨਾਂ ਹੁੰਦਾ ਤਾਂ ਦੇਣਦਾਰ ਨੂੰ ਆਪਣੇ ਬੱਚੇ ਹੋਰ ਥਾਵੇਂ ਗ਼ੁਲਾਮੀ ਵਿੱਚ ਵੇਚਣੇ ਪੈਂਦੇ ਤਾਂ ਜੁ ਲੈਣਦਾਰ ਦੀ ਮੰਗ ਪੂਰੀ ਕੀਤੀ ਜਾ ਸਕੇ। ਪਿਤਾ ਵੱਲੋਂ ਬੱਚਿਆਂ ਦੀ ਵਿਕਰੀ—ਇਹ ਸੀ ਪਿੱਤਰੀ ਹੱਕ ਅਤੇ ਇੱਕ-ਪਤੀ ਇੱਕ-ਪਤਨੀ ਪ੍ਰਥਾ ਦਾ ਪਹਿਲਾ ਫਲ! ਅਤੇ ਜੇ ਜੋਕ ਦੀ ਅਜੇ ਵੀ ਤਸੱਲੀ ਨਾ ਹੁੰਦੀ ਤਾਂ ਉਹ ਖ਼ੁਦ ਦੇਣਦਾਰ ਨੂੰ ਗ਼ੁਲਾਮੀ ਵਿੱਚ ਵੇਚ ਸਕਦਾ ਸੀ। ਏਥਨਜ਼ ਦੇ ਲੋਕਾਂ ਵਿੱਚ ਅਜਿਹੀ ਸੁਖਾਵੀਂ ਸੀ ਸੱਭਿਅਤਾ ਦੀ ਪ੍ਰਭਾਤ।

ਪਹਿਲੀਆਂ ਵਿੱਚ, ਜਦੋਂ ਲੋਕਾਂ ਦੀਆਂ ਜੀਵਨ ਪ੍ਰਸਥਿਤੀਆਂ ਅਜੇ ਤੱਕ ਗੋਤਰੀ ਬਣਤਰ ਅਨੁਸਾਰ ਸਨ, ਅਜਿਹੀ ਕਾਇਆ-ਪਲਟ ਅਸੰਭਵ ਹੁੰਦੀ; ਪਰ ਇਥੇ ਇਹ ਆ ਗਈ ਸੀ ਅਤੇ ਕਿਸੇ ਨੂੰ ਪਤਾ ਵੀ ਨਹੀਂ ਸੀ ਲੱਗਾ। ਆਓ ਅਸੀਂ ਇੱਕ ਛਿਣ ਲਈ ਇਰਾਕੁਈਆਂ ਵੱਲ ਮੁੜੀਏ। ਇੱਕ ਅਜਿਹੀ ਪ੍ਰਸਥਿਤੀ ਦੀ ਜਿਸ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹਨੇ ਆਪਣੇ ਆਪ ਨੂੰ ਏਥਨਜ਼ ਦੇ ਲੋਕਾਂ ਉੱਤੇ ਉਹਨਾਂ ਦੇ ਯਤਨਾਂ ਤੋਂ ਬਿਨਾਂ ਅਤੇ ਉਹਨਾਂ ਦੀ ਇੱਛਾ ਦੇ ਉਲਟ ਠੋਸ ਲਿਆ ਸੀ, ਇਰਾਕੁਈਆਂ ਵਿੱਚ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਉਹਨਾਂ ਵਿੱਚ ਉਪਜੀਵਕਾ ਦੇ ਸਾਧਨਾਂ ਦੇ ਉਤਪਾਦਨ ਦਾ ਢੰਗ, ਜਿਹੜਾ, ਲੰਘਦਾ ਵਰ੍ਹਿਆਂ ਨਾਲ਼ ਅਣਬਦਲਵਾਂ ਰਹਿੰਦਾ, ਅਜਿਹੀਆਂ ਟੱਕਰਾਂ ਨੂੰ, ਜਿਹੜੀਆਂ, ਕਿਹਾ ਜਾ ਸਕਦਾ ਹੈ, ਬਾਹਰੋਂ ਠੋਸੀਆਂ ਗਈਆਂ, ਜਨਮ ਨਹੀਂ ਸੀ ਦੇ ਸਕਦਾ; ਗ਼ਰੀਬਾਂ ਅਤੇ ਅਮੀਰਾਂ ਵਿਚਕਾਰ, ਲੋਟੂਆਂ ਅਤੇ ਲੁੱਟੇ ਜਾਂਦਿਆਂ ਵਿਚਕਾਰ ਟੱਕਰਾਂ। ਇਰਾਕੁਈਆਂ ਨੇ ਅਜੇ ਕੁਦਰਤ ਉੱਤੇ ਕਾਬੂ ਨਹੀਂ ਸੀ ਪਾਇਆ, ਪਰ ਕੁਦਰਤ ਨੇ ਉਹਨਾਂ ਲਈ ਜਿਹੜੀਆਂ ਹੱਦਾਂ ਮਿਥ ਦਿੱਤੀਆਂ ਸਨ, ਉਹਨਾਂ ਦੇ ਅੰਦਰ ਅੰਦਰ ਉਹ ਆਪਣੇ

ਉਤਪਾਦਨ ਦੇ ਮਾਲਕ ਸਨ। ਉਹਨਾਂ ਦੇ ਨਿੱਕੇ ਬਾਗ਼ਾਂ ਵਿੱਚ ਫ਼ਸਲ ਖ਼ਰਾਬ ਹੋ ਜਾਣ, ਉਹਨਾਂ ਦੀਆਂ ਝੀਲਾਂ ਅਤੇ ਦਰਿਆਵਾਂ ਵਿੱਚ ਮੱਛੀਆਂ, ਜਾਂ ਉਹਨਾਂ ਦੇ ਜੰਗਲਾਂ ਵਿੱਚ ਜਾਨਵਰਾਂ ਦੇ ਖ਼ਤਮ ਹੋ ਜਾਣ ਤੋਂ ਛੁੱਟ ਉਹ ਜਾਣਦੇ ਸਨ ਕਿ ਉਹਨਾਂ ਦੇ ਜੀਵਨ ਨਿਰਬਾਹ ਪ੍ਰਾਪਤ ਕਰਨ ਦੇ ਢੰਗ ਦਾ ਸਿੱਟਾ ਕੀ ਨਿਕਲੇਗਾ। ਸਿੱਟਾ ਹੋਵੇਗਾ: ਉਪਜੀਵਕਾ ਦੇ ਸਾਧਨ ਨਿਗੂਣੇ ਜਾਂ ਭਰਪੂਰ; ਪਰ ਇਹ ਪਹਿਲਾਂ ਤੋਂ ਨਾ ਸੋਚੀ ਸਮਝੀ ਸਮਾਜੀ ਉਥਲ-ਪੁਥਲ, ਗੋਤਰੀ ਸਬੰਧਾਂ ਦਾ ਟੁੱਟਣਾ ਜਾਂ ਇੱਕ ਦੂਜੇ ਵਿਰੁੱਧ ਲੜ ਰਹੀਆਂ ਸ਼੍ਰੇਣੀਆਂ ਵਿੱਚ ਗੋਤਾਂ ਅਤੇ ਕਬੀਲਿਆਂ ਦਾ ਟੁੱਟਣਾ ਕਦੀ ਵੀ ਨਹੀਂ ਸੀ ਹੋ ਸਕਦਾ। ਉਤਪਾਦਨ ਅਤਿ-ਅੰਤ ਸੀਮਤ ਹੱਦਾਂ ਦੇ ਅੰਦਰ ਕੀਤਾ ਜਾਂਦਾ ਸੀ, ਪਰ—ਆਪਣੀ ਉਪਜ ਉੱਤੇ ਉਪਜਕਾਰਾਂ ਦਾ ਕੰਟਰੋਲ ਸੀ। ਇਹ ਉਸ ਜਾਹਲ ਉਤਪਾਦਨ ਦਾ, ਬਹੁਤ ਵੱਡਾ ਲਾਭ ਸੀ ਜਿਹੜਾ ਸੱਭਿਅਤਾ ਦੇ ਆਉਣ ਨਾਲ਼ ਗਵਾਚ ਗਿਆ ਅਤੇ ਕੁਦਰਤ ਉੱਤੇ ਉਸ ਅਥਾਹ ਕੰਟਰੋਲ ਦੇ ਆਧਾਰ ਉਤੇ ਜਿਹੜਾ ਹੁਣ ਮਨੁੱਖ ਨੂੰ ਪ੍ਰਾਪਤ ਹੈ ਅਤੇ ਉਸ ਆਜ਼ਾਦ ਜੁੜਤ ਦੇ ਆਧਾਰ ਉੱਤੇ ਜਿਹੜੀ ਹੁਣ ਸੰਭਵ ਹੈ, ਇਹਨੂੰ ਮੁੜ ਪ੍ਰਾਪਤ ਕਰਨਾ ਅਗਲੀਆਂ ਪੀੜ੍ਹੀਆਂ ਦਾ ਕੰਮ ਹੈ।

ਯੂਨਾਨੀਆਂ ਵਿੱਚ ਅਜਿਹਾ ਨਹੀਂ ਹੋਇਆ। ਜਾਨਵਰਾਂ ਦੇ ਇੱਜੜਾਂ ਅਤੇ ਐਸ਼ ਦੇ ਸਾਮਾਨ ਦੇ ਪ੍ਰਗਟ ਹੋਣ ਦਾ ਸਿੱਟਾ ਵਿਅਕਤੀਆਂ ਵਿਚਕਾਰ ਵਟਾਂਦਰਾ ਨਿਕਲਿਆ, ਉਪਜਾਂ ਦਾ **ਵਸਤਾਂ** ਵਿੱਚ ਤਬਦੀਲ ਹੋਣਾ ਨਿਕਲਿਆ। ਇਹ ਉਸ ਸਾਰੇ ਇਨਕਲਾਬ ਦੀ ਜੜ੍ਹ ਹੈ ਜਿਹੜਾ ਇਸ ਤੋਂ ਪਿਛੋਂ ਹੋਇਆ। ਜਦੋਂ ਉਪਜਕਾਰ ਸਿੱਧੀ ਤਰ੍ਹਾਂ ਆਪਣੀ ਉਪਜ ਦੀ ਖਪਤ ਨਹੀਂ ਸਨ ਕਰਦੇ ਸਗੋਂ ਵਟਾਂਦਰੇ ਦੇ ਦੌਰਾਨ ਇਹਨੂੰ ਆਪਣੇ ਹੱਥੋਂ ਨਿਕਲ ਜਾਣ ਦੇਂਦੇ ਹਨ ਤਾਂ ਇਹਦੇ ਉੱਤੇ ਉਹਨਾਂ ਦਾ ਕੰਟਰੋਲ ਖੁਸ ਜਾਂਦਾ ਹੈ। ਉਹਨਾਂ ਨੂੰ ਹੁਣ ਪਤਾ ਨਹੀਂ ਰਹਿੰਦਾ ਕਿ ਇਸ ਨਾਲ਼ ਕੀ ਵਾਪਰੀ ਅਤੇ ਇਹ ਸੰਭਾਵਨਾ ਪੈਦਾ ਹੋ ਗਈ ਕਿ ਕਿਸੇ ਦਿਨ ਉਪਜ ਨੂੰ ਉਪਜਕਾਰਾਂ ਵਿਰੁੱਧ, ਉਹਨਾਂ ਦੀ ਲੁੱਟ-ਚੋਂਘ ਕਰਨ ਅਤੇ ਉਹਨਾਂ ਨੂੰ ਕੁਚਲਣ ਦੇ ਸਾਧਨ ਵਜੋਂ ਵਰਤਿਆ ਜਾਵੇ। ਸੋ, ਕੋਈ ਸਮਾਜ ਕਿਸੇ ਲੰਮੇ ਸਮੇਂ ਤੱਕ ਖ਼ੁਦ ਆਪਣੇ ਉਤਪਾਦਨ ਦਾ ਮਾਲਕ ਨਹੀਂ ਰਹਿ ਸਕਦਾ ਅਤੇ ਆਪਣੇ ਅਮਲ ਦੇ ਸਮਾਜੀ ਪ੍ਰਭਾਵਾਂ ਉੱਤੇ ਕੰਟਰੋਲ ਕਰਨਾ ਜਾਰੀ ਨਹੀਂ ਰੱਖ ਸਕਦਾ, ਜਦੋਂ ਤੱਕ ਕਿ ਇਹ ਵਿਅਕਤੀਆਂ ਵਿਚਕਾਰ ਵਟਾਂਦਰੇ ਦਾ ਖਾਤਮਾ ਨਹੀਂ ਕਰ ਦੇਂਦਾ।

ਪਰ, ਏਥਨਜ਼ਵਾਸੀਆਂ ਨੇ ਛੇਤੀ ਹੀ ਇਹ ਸਮਝ ਲੈਣਾ ਸੀ ਕਿ ਜਦੋਂ ਵਿਅਕਤੀਗਤ ਵਟਾਂਦਰਾ ਸਥਾਪਤ ਹੋ ਜਾਂਦਾ ਹੈ ਅਤੇ ਉਪਜਾਂ ਨੂੰ ਵਸਤਾਂ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ, ਉਪਜ ਉਪਜਕਾਰ ਉੱਤੇ ਆਪਣੀ ਹਕੂਮਤ ਪ੍ਰਤੱਖ ਕਰਦੀ ਹੈ। ਵਸਤਾਂ ਦੇ ਉਤਪਾਦਨ ਦੇ ਨਾਲ਼ ਹੀ ਵਿਅਕਤੀਗਤ ਕਿਸਾਨਾਂ ਵੱਲੋਂ ਆਪਣੇ ਖਾਤੇ ਭੋਂ ਦੀ ਵਾਹੀ ਦਾ ਕੰਮ ਸ਼ੁਰੂ ਹੋ ਗਿਆ, ਜਿਸ ਤੋਂ ਛੇਤੀ ਹੀ ਪਿੱਛੋਂ ਭੋਂ ਦੀ ਵਿਅਕਤੀਗਤ ਮਾਲਕੀ ਆਈ। ਫੇਰ ਪੈਸਾ ਆਇਆ, ਉਹ ਵਿਆਪਕ ਵਸਤ, ਜਿਸਦੇ ਨਾਲ਼ ਬਾਕੀ ਸਭ ਦਾ ਵਟਾਂਦਰਾ ਕੀਤਾ ਜਾ ਸਕਦਾ ਸੀ। ਪਰ ਜਦੋਂ ਮਨੁੱਖਾਂ ਨੇ ਪੈਸੇ ਦੀ ਕਾਢ ਕੱਢੀ ਤਾਂ ਉਹਨਾਂ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਉਹ ਇੱਕ ਨਵੀਂ ਸਮਾਜੀ ਸ਼ਕਤੀ ਸਿਰਜ ਰਹੇ ਹਨ, ਜਿਸ ਅੱਗੇ ਸਮੁੱਚੇ ਸਮਾਜ

ਨੂੰ ਜ਼ਰੂਰ ਹੀ ਝੁਕਣਾ ਪਵੇਗਾ। ਇਹੋ ਨਵੀਂ ਸ਼ਕਤੀ ਸੀ, ਜਿਹੜੀ ਇਹਨੂੰ ਸਿਰਜਣ ਵਾਲ਼ਿਆਂ ਦੀ ਇੱਛਾ ਜਾਂ ਗਿਆਨ ਤੋਂ ਬਿਨਾਂ ਹੋਂਦ ਵਿੱਚ ਆ ਗਈ, ਜਿਹੜੀ ਏਥਨਜ਼ਵਾਸੀਆਂ ਨੇ ਇਹਦੀ ਜਵਾਨੀ ਦੇ ਸਮੇਂ ਪੂਰੀ ਨਿਰਦੈਤਾ ਦੀ ਹਾਲਤ ਵਿੱਚ ਅਨੁਭਵ ਕੀਤੀ।

ਕੀ ਕਰਨਾ ਚਾਹੀਦਾ ਸੀ ? ਪੁਰਾਣੀ ਗੋਤਰੀ ਬਣਤਰ ਨਾ ਕੇਵਲ ਪੈਸੇ ਦੇ ਜੇਤੂ ਵਾਧੇ ਅੱਗੇ ਉੱਕਾ ਹੀ ਖੱਸੀ ਸਾਬਤ ਹੋਈ ਸੀ; ਇਹ ਆਪਣੇ ਢਾਂਚੇ ਦੇ ਅੰਦਰ-ਅੰਦਰ ਪੈਸੇ, ਲੈਣਦਾਰਾਂ, ਦੇਣਦਾਰਾਂ ਅਤੇ ਜਬਰ ਨਾਲ਼ ਕਰਜ਼ੇ ਵਸੂਲ ਕਰਨ ਜਿਹੀਆਂ ਗੱਲਾਂ ਦਾ ਪ੍ਰਬੰਧ ਕਰਨੋ ਵੀ ਉੱਕਾ ਹੀ ਅਸਮਰਥ ਸੀ। ਪਰ ਨਵੀਂ ਸਮਾਜੀ ਸ਼ਕਤੀ ਆ ਗਈ ਸੀ ਅਤੇ ਨਾ ਹੀ ਨੇਕ ਇੱਛਾਵਾਂ, ਨਾ ਹੀ ਚੰਗੇ ਪੁਰਾਣੇ ਸਮਿਆਂ ਦੇ ਮੁੜ ਆਉਣ ਲਈ ਲੁੱਛਣਾ ਪੈਸੇ ਅਤੇ ਸੂਦਖ਼ੋਰੀ ਦੀ ਹੋਂਦ ਦਾ ਅੰਤ ਕਰ ਸਕਦੀਆਂ ਸਨ। ਨਾਲ਼ੇ ਗੋਤਰੀ ਬਣਤਰ ਵਿੱਚ ਕੁੱਝ ਹੋਰ, ਨਿੱਕੀਆਂ ਤਰੇੜਾਂ ਵੀ ਲਿਆਂਦੀਆਂ ਗਈਆਂ ਸਨ। ਸਹਿਗੋਤਰਾਂ ਅਤੇ ਸਹਿ-ਬਰਾਦਰਾਂ ਦਾ ਅਲਮ-ਗ਼ਲਮ ਮਿਲਣਾ ਸਾਰੇ ਐਟੀਕਾ ਵਿੱਚ ਅਤੇ ਵਿਸ਼ੇਸ਼ ਤੌਰ 'ਤੇ ਏਥਨਜ਼ ਵਿੱਚ, ਪੀੜ੍ਹੀ-ਓ-ਪੀੜ੍ਹੀ ਜਾਰੀ ਰਿਹਾ, ਇਸ ਗੱਲ ਦੇ ਬਾਵਜੂਦ ਜਾਰੀ ਰਿਹਾ ਕਿ ਭਾਵੇਂ ਏਥਨਜ਼ਵਾਸੀਆਂ ਨੂੰ ਆਪਣੀ ਭੋਂ ਗੋਤ ਤੋਂ ਬਾਹਰ ਵੇਚਣ ਦੀ ਇਜਾਜ਼ਤ ਸੀ ਪਰ ਅਜੇ ਤੱਕ ਉਹਨਾਂ ਦੇ ਆਪਣਾ ਘਰ ਵੇਚਣ ਦੀ ਮਨਾਹੀ ਸੀ। ਸਨਅਤ ਅਤੇ ਵਪਾਰ ਦੀ ਉਨਤੀ ਕਾਰਨ ਉਤਪਾਦਨ ਦੇ ਵੱਖ ਵੱਖ ਖੇਤਰਾਂ—ਖੇਤੀ, ਦਸਤਕਾਰੀ, ਵੱਖ ਵੱਖ ਕਿੱਤਿਆਂ ਵਿੱਚ ਅਨੇਕ ਤਰ੍ਹਾਂ ਦੀ ਮਹਾਰਤ, ਵਪਾਰ, ਜਹਾਜ਼ਰਾਨੀ ਆਦਿ—ਵਿੱਚ ਕਿਰਤ ਦੀ ਵੰਡ ਵਧੇਰੇ ਪੂਰੀ ਤਰ੍ਹਾਂ ਵਿਕਸਤ ਹੋਈ ਸੀ। ਹੁਣ ਵਸੋਂ ਨੂੰ ਕਿੱਤੇ ਅਨੁਸਾਰ ਚੋਖੇ ਸਪਸ਼ਟ ਹਿੱਸਿਆਂ ਵਿੱਚ ਵੰਡਿਆ ਜਾਂਦਾ ਸੀ, ਜਿਨ੍ਹਾਂ ਵਿੱਚੋਂ ਹਰ ਇੱਕ ਦੇ ਕਈ ਨਵੇਂ ਸਾਂਝੇ ਹਿੱਤ ਹੁੰਦੇ ਸਨ, ਜਿਨ੍ਹਾਂ ਨੂੰ ਗੋਤ ਜਾਂ ਬਰਾਦਰੀ ਵਿੱਚ ਕੋਈ ਥਾਂ ਨਾ ਮਿਲ ਸਕਦੀ ਅਤੇ ਇਸ ਲਈ, ਉਹਨਾਂ ਦਾ ਧਿਆਨ ਰੱਖਣ ਲਈ ਨਵੇਂ ਅਹੁਦਿਆਂ ਦੀ ਸਿਰਜਣਾ ਕਰਨ ਦੀ ਲੋੜ ਪੈਂਦੀ ਸੀ। ਗ਼ੁਲਾਮਾਂ ਦੀ ਗਿਣਤੀ ਬਹੁਤ ਵੱਧ ਗਈ ਸੀ ਅਤੇ ਇਹ ਮੁੱਢ ਵਿੱਚ ਏਥਨਜ਼ ਦੇ ਆਜ਼ਾਦ ਵਸਨੀਕਾਂ ਤੋਂ ਜ਼ਰੂਰ ਹੀ ਵੱਧ ਹੋਣੀ ਹੈ। ਗੋਤਰੀ ਬਣਤਰ ਨੂੰ ਸ਼ੁਰੂ ਵਿੱਚ ਗ਼ੁਲਾਮੀ ਦਾ ਕੁੱਝ ਪਤਾ ਨਹੀਂ ਸੀ ਅਤੇ ਇਸੇ ਲਈ ਇਹ ਗੋਲਿਆਂ ਦੀ ਇਸ ਬਹੁਤ ਵੱਡੀ ਗਿਣਤੀ ਨੂੰ ਕਾਬੂ ਰੱਖਣ ਦੇ ਕਿਸੇ ਵੀ ਢੰਗ ਤੋਂ ਅਣਜਾਣ ਸੀ ਅਤੇ ਅੰਤ, ਵਪਾਰ ਨੇ ਅਨੇਕ ਓਪਰਿਆਂ ਨੂੰ ਏਥਨਜ਼ ਵਿੱਚ ਰਹਿਣ ਲਈ ਖਿੱਚਿਆ ਸੀ ਕਿਉਂਕਿ ਉਥੇ ਪੈਸਾ ਬਣਾਉਣਾ ਸੌਖੇਰਾ ਸੀ ਅਤੇ ਪੁਰਾਣੀ ਪ੍ਰਣਾਲੀ ਅਨੁਸਾਰ ਇਹਨਾਂ ਓਪਰਿਆਂ ਨੂੰ ਨਾ ਤਾਂ ਹੱਕ ਪ੍ਰਾਪਤ ਸਨ ਅਤੇ ਨਾ ਹੀ ਕਾਨੂੰਨ ਦੀ ਰੱਖਿਆ। ਰਿਵਾਇਤੀ ਉਦਾਰਤਾ ਦੇ ਬਾਵਜੂਦ ਉਹ ਲੋਕਾਂ ਵਿੱਚ ਇੱਕ ਵਿਘਨਕਾਰੀ ਅਤੇ ਵਿਦੇਸ਼ੀ ਅੰਸ਼ ਰਹੇ।

ਮੁੱਕਦੀ ਗੱਲ, ਗੋਤਰੀ ਬਣਤਰ ਦਾ ਅੰਤ ਹੋ ਗਿਆ ਸੀ। ਸਮਾਜ ਇਹਦੇ ਵਿੱਚੋਂ ਸਦਾ ਵਧੇਰੇ ਬਾਹਰ ਨਿਕਲ ਰਿਹਾ ਸੀ; ਇਹ ਉਹਨਾਂ ਅਤਿ-ਅੰਤ ਤੰਗ ਕਰਨ ਵਾਲ਼ੀਆਂ ਬੁਰਾਈਆਂ ਦਾ ਅੰਤ ਕਰਨ ਜਾਂ ਉਹਨਾਂ ਨੂੰ ਘੱਟ ਕਰਨ ਵਿੱਚ ਅਸਫ਼ਲ ਸੀ, ਜਿਹੜੀਆਂ ਉਹਦੀਆਂ ਅੱਖਾਂ ਸਾਹਮਣੇ ਉੱਭਰ ਰਹੀਆਂ ਸਨ। ਪਰ, ਇਚਰ, ਰਾਜ ਛੋਪਲੇ ਜਿਹੇ ਵਿਕਸਤ ਹੋ ਗਿਆ ਸੀ। ਪਹਿਲਾਂ ਸ਼ਹਿਰ ਅਤੇ ਪਿੰਡ, ਫੇਰ ਸ਼ਹਿਰੀ ਸਨਅਤ ਦੀਆਂ ਵੱਖ ਵੱਖ ਸ਼ਾਖਾਂ

ਵਿਚਕਾਰ ਪੈਦਾ ਹੋਈ ਕਿਰਤ ਦੀ ਵੰਡ ਕਾਰਨ ਬਣੀਆਂ ਨਵੀਆਂ ਟੋਲੀਆਂ ਨੇ ਉਹਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਨਵੀਆਂ ਸੰਸਥਾਵਾਂ ਪੈਦਾ ਕਰ ਦਿੱਤੀਆਂ ਸਨ। ਹਰ ਤਰ੍ਹਾਂ ਦੇ ਸਰਵਜਨਕ ਅਹੁਦੇ ਕਾਇਮ ਕੀਤੇ ਗਏ ਅਤੇ ਸਜੰਮੇ ਰਾਜ ਨੂੰ ਸਭ ਤੋਂ ਵੱਧ ਆਪਣੀਆਂ ਹਥਿਆਰਬੰਦ ਫ਼ੌਜਾਂ ਦੀ ਲੋੜ ਸੀ, ਜਿਹੜੀ ਸਮੁੰਦਰਾਂ 'ਤੇ ਵਿਚਰਨ ਵਾਲ਼ੇ ਏਥਨਜ਼ਵਾਸੀਆਂ ਦੀ ਹਾਲਤ ਵਿੱਚ ਸਮੁੰਦਰੀ ਫ਼ੌਜ ਹੀ ਹੋ ਸਕਦੀ ਸੀ, ਜਿਹੜੀ ਸਮੇਂ ਸਮੇਂ ਛੋਟੇ ਯੁੱਧਾਂ ਲਈ ਅਤੇ ਵਪਾਰੀ ਜਹਾਜ਼ਾਂ ਦੀ ਰੱਖਿਆ ਲਈ ਵਰਤੀ ਜਾ ਸਕਦੀ ਸੀ। ਸੋਲੋਨ ਤੋਂ ਕੁੱਝ ਸਮਾਂ ਪਹਿਲਾਂ ਨਾਉਕਰਾਰੀ ਸਥਾਪਤ ਕੀਤੇ ਗਏ, ਨਿੱਕੇ ਨਿੱਕੇ ਇਲਾਕਾਈ ਹਲਕੇ, ਜਿਹੜੇ ਹਰ ਕਬੀਲੇ ਵਿੱਚ ਬਾਰ੍ਹਾਂ ਸਨ। ਹਰ ਨਾਉਕਰਾਰੀ ਨੂੰ ਆਪਣੇ ਖ਼ਰਚੇ ਉੱਤੇ, ਇੱਕ ਜੰਗੀ ਜਹਾਜ਼ ਨੂੰ ਸਾਜ਼ ਸਾਮਾਨ ਅਤੇ ਅਮਲੇ ਨਾਲ਼ ਲੈਸ ਕਰਨਾ ਪੈਂਦਾ ਸੀ ਅਤੇ ਇਸ ਤੋਂ ਬਿਨਾਂ, ਉਹਨੂੰ ਦੋ ਘੁੜ-ਸਵਾਰ ਵੀ ਦੇਣੇ ਪੈਂਦੇ ਸਨ। ਇਹ ਬੰਦੋਬਸਤ ਗੋਤਰੀ ਪ੍ਰਬੰਧ ਉੱਤੇ ਦੂਹਰਾ ਹਮਲਾ ਸੀ। ਪਹਿਲਾਂ ਇਹਨੇ ਇੱਕ ਸਰਵਜਨਕ ਸ਼ਕਤੀ ਖੜੀ ਕਰ ਦਿੱਤੀ ਜਿਹੜੀ ਇਹਦੇ ਸਮੂਹ ਵਿੱਚ ਹਥਿਆਰਬੰਦ ਕੌਮ ਨਾਲ਼ ਸਗਵੀਂ ਨਹੀਂ ਸੀ; ਦੂਜੇ ਇਹਨੇ ਪਹਿਲੀ ਵਾਰ ਸਰਵਜਨਕ ਮੰਤਵਾਂ ਲਈ ਲੋਕਾਂ ਨੂੰ ਸਾਕੇਦਾਰੀ ਦੀਆਂ ਟੋਲੀਆਂ ਅਨੁਸਾਰ ਨਹੀਂ ਸਗੋਂ **ਇਲਾਕੇ ਅਨੁਸਾਰ**, **ਸਾਂਝੇ ਵਸੇਬੇ ਅਨੁਸਾਰ** ਵੰਡਿਆ ਸੀ। ਅਸੀਂ ਵੇਖਾਂਗੇ ਇਹਦੇ ਅਰਥ ਕੀ ਹਨ।

ਕਿਉਂਕਿ ਗੋਤਰੀ ਬਣਤਰ ਪਸਿੱਤੇ ਲੋਕਾਂ ਦੀ ਸਹਾਇਤਾ ਨਹੀਂ ਸੀ ਕਰ ਸਕਦੀ ਇਸ ਲਈ ਉਹ ਕੇਵਲ ਉੱਭਰ ਰਹੇ ਰਾਜ ਵੱਲ ਹੀ ਵੇਖ ਸਕਦੇ ਸਨ। ਅਤੇ ਰਾਜ ਨੇ ਸੋਲੋਨ ਦੀ ਪ੍ਰਣਾਲੀ ਦੇ ਰੂਪ ਵਿੱਚ ਉਹਨਾਂ ਨੂੰ ਸਹਾਇਤਾ ਦਿੱਤੀ, ਪਰ ਨਾਲ਼ ਹੀ ਨਾਲ਼ ਇਹਨੇ ਪੁਰਾਣੀ ਪ੍ਰਣਾਲੀ ਦੀ ਕੀਮਤ ਉੱਤੇ ਆਪਣੇ ਆਪ ਨੂੰ ਨਵੇਂ ਸਿਰਿਉਂ ਮਜ਼ਬੂਤ ਬਣਾ ਲਿਆ। ਸੋਲੋਨ ਨੇ ਜਾਇਦਾਦ ਵਿੱਚ ਦਖ਼ਲ ਦੇ ਕੇ ਅਖੌਤੀ ਰਾਜਸੀ ਇਨਕਲਾਬਾਂ ਦੀ ਇੱਕ ਲੜੀ ਸ਼ੁਰੂ ਕਰ ਦਿੱਤੀ—ਜਿਸ ਢੰਗ ਨਾਲ਼ ਉਹਦਾ 594 ਪੂਰਬ ਈਸਾ ਦਾ ਸੁਧਾਰ ਕੀਤਾ ਗਿਆ, ਉਸ ਨਾਲ਼ ਸਾਡਾ ਕੋਈ ਸਬੰਧ ਨਹੀਂ। ਅੱਜ ਤੱਕ ਸਾਰੇ ਇਨਕਲਾਬ ਇੱਕ ਤਰ੍ਹਾਂ ਦੀ ਜਾਇਦਾਦ ਵਿਰੁੱਧ ਦੂਜੀ ਤਰ੍ਹਾਂ ਦੀ ਜਾਇਦਾਦ ਦੀ ਰੱਖਿਆ ਲਈ ਹੋਏ ਹਨ। ਉਹ ਇੱਕ ਨੂੰ ਭੰਗ ਕੀਤੇ ਬਿਨਾਂ ਦੂਜੇ ਦੀ ਰੱਖਿਆ ਨਹੀਂ ਕਰ ਸਕਦੇ। ਮਹਾਨ ਫ਼ਰਾਂਸੀਸੀ ਇਨਕਲਾਬ ਵਿੱਚ ਬੁਰਜੂਆ ਜਾਇਦਾਦ ਨੂੰ ਬਚਾਉਣ ਲਈ ਸਾਮੰਤੀ ਜਾਇਦਾਦ ਕੁਰਬਾਨ ਕੀਤੀ ਗਈ; ਸੋਲੋਨ ਦੇ ਇਨਕਲਾਬ ਵਿੱਚ ਦੇਣਦਾਰਾਂ ਦੀ ਜਾਇਦਾਦ ਦੇ ਭਲੇ ਲਈ ਲੈਣਦਾਰਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਪਿਆ। ਸਾਰੇ ਕਰਜ਼ੇ ਬਸ ਖ਼ਤਮ ਕਰ ਦਿੱਤੇ ਗਏ। ਸਾਨੂੰ ਠੀਕ ਠੀਕ ਵਿਸਥਾਰ ਦਾ ਪਤਾ ਨਹੀਂ ਪਰ ਸੋਲੋਨ ਆਪਣੀਆਂ ਕਵਿਤਾਵਾਂ ਵਿੱਚ ਫੜ ਮਾਰਦਾ ਹੈ ਕਿ ਉਹਨੇ ਭਾਰ ਨਾਲ਼ ਲੱਦੀ ਭੋਂ ਤੋਂ ਰਹਿਨ ਦੇ ਫੱਟੇ ਉਤਰਵਾ ਦਿੱਤੇ ਅਤੇ ਜਿਹੜੇ ਲੋਕ ਕਰਜ਼ੇ ਕਾਰਨ ਨੱਠ ਗਏ ਸਨ ਜਾਂ ਵਿਦੇਸ਼ਾਂ ਵਿੱਚ ਗ਼ੁਲਾਮਾਂ ਵਜੋਂ ਵੇਚ ਦਿੱਤੇ ਗਏ ਸਨ ਉਹਨਾਂ ਸਭਨਾਂ ਨੂੰ ਘਰ ਮੁੜਨ ਯੋਗ ਬਣਾਇਆ। ਇਹ ਜਾਇਦਾਦ ਦੇ ਹੱਕਾਂ ਦੀ ਸਿੱਧੀ ਉਲੰਘਣਾ ਕਰਕੇ ਹੀ ਕੀਤਾ ਜਾ ਸਕਦਾ ਸੀ ਅਤੇ ਨਿਰਸੰਦੇਹ ਆਦਿ ਤੋਂ ਅੰਤ ਤੱਕ, ਸਭਨਾਂ ਰਾਜਸੀ ਇਨਕਲਾਬਾਂ ਦਾ ਮੰਤਵ **ਇੱਕ** ਤਰ੍ਹਾਂ ਦੀ ਜਾਇਦਾਦ ਜ਼ਬਤ ਕਰਕੇ, ਜਿਸਨੂੰ ਚੋਰੀ ਕਰਨਾ

ਵੀ ਕਿਹਾ ਜਾਂਦਾ ਹੈ, **ਇੱਕ ਹੋਰ ਤਰ੍ਹਾਂ** ਦੀ ਜਾਇਦਾਦ ਦੀ ਰੱਖਿਆ ਕਰਨਾ ਹੈ। ਇਸ ਲਈ ਇਹ ਗੱਲ ਬਿਲਕੁਲ ਠੀਕ ਹੈ ਕਿ 2,500 ਵਰ੍ਹਿਆਂ ਤੱਕ ਜਾਇਦਾਦ ਦੇ ਹੱਕਾਂ ਦੀ ਉਲੰਘਣਾ ਕਰਕੇ ਹੀ ਨਿੱਜੀ ਜਾਇਦਾਦ ਦੀ ਰੱਖਿਆ ਕੀਤੀ ਜਾ ਸਕੀ।

ਪਰ ਹੁਣ ਏਥਨਜ਼ ਦੇ ਆਜ਼ਾਦ ਸ਼ਹਿਰੀਆਂ ਨੂੰ ਇਸ ਤਰ੍ਹਾਂ ਮੁੜ-ਗ਼ੁਲਾਮ ਬਣਨੋਂ ਰੋਕਣ ਦਾ ਢੰਗ ਲੱਭਣਾ ਪੈਣਾ ਸੀ। ਪਹਿਲਾਂ ਇਹ ਆਮ ਕਦਮਾਂ ਰਾਹੀਂ ਕੀਤਾ ਗਿਆ: ਮਿਸਾਲ ਵਜੋਂ ਅਜਿਹੇ ਕਰਾਰਾਂ ਦੀ ਮਨਾਹੀ ਜਿਨ੍ਹਾਂ ਵਿੱਚ ਦੇਣਦਾਰ ਨੂੰ ਨਿੱਜੀ ਤੌਰ 'ਤੇ ਗਿਰਵੀ ਰੱਖਣਾ ਸਾਮਲ ਸੀ। ਇਸ ਤੋਂ ਵੱਧ, ਕੋਈ ਵਿਅਕਤੀ ਜਿੰਨੀ ਭੋਂ ਦਾ ਮਾਲਕ ਹੋ ਸਕਦਾ ਸੀ, ਉਸ ਦੀ ਹੱਦ ਮਿੱਥ ਦਿੱਤੀ ਗਈ ਤਾਂ ਜੁ ਰਾਠਾਂ ਦੀ ਕਿਸਾਨਾਂ ਦੀ ਭੋਂ ਲਈ ਲੁਛਣਾ ਉੱਤੇ, ਘੱਟੋ ਘੱਟ, ਕੁੱਝ ਰੋਕ ਲਾਈ ਜਾ ਸਕੇ। ਉਸ ਤੋਂ ਪਿੱਛੋਂ ਪ੍ਰਣਾਲੀ ਵਿੱਚ ਤਰਮੀਮਾਂ ਆਈਆਂ ਜਿਨ੍ਹਾਂ ਵਿੱਚੋਂ ਸਾਡੇ ਲਈ ਸਭ ਤੋਂ ਮਹੱਤਵ-ਪੂਰਨ ਇਹ ਹਨ:

ਪ੍ਰੀਸ਼ਦ ਦੇ ਮੈਂਬਰਾਂ ਦੀ ਗਿਣਤੀ ਚਾਰ ਸੌ ਕਰ ਦਿੱਤੀ ਗਈ, ਹਰ ਕਬੀਲੇ ਵਿੱਚੋਂ ਇੱਕ ਸੌ। ਤਾਂ ਇਥੇ ਕਬੀਲਾ ਅਜੇ ਵੀ ਆਧਾਰ ਰਿਹਾ। ਪਰ ਇਹ ਪੁਰਾਣੀ ਪ੍ਰਣਾਲੀ ਦਾ ਇੱਕੋ ਇੱਕ ਰੂਪ ਸੀ ਜਿਹੜਾ ਇਸ ਰਾਜਸੀ ਸੰਮਤੀ ਵਿੱਚ ਸ਼ਾਮਲ ਕੀਤਾ ਗਿਆ। ਬਾਕੀ ਕੰਮਾਂ ਲਈ ਸੋਲੋਨ ਨੇ ਸ਼ਹਿਰੀਆਂ ਨੂੰ ਉਹਨਾਂ ਦੇ ਕਬਜ਼ੇ ਵਿੱਚ ਭੋਂ ਅਤੇ ਇਹਦੀ ਉਪਜ ਅਨੁਸਾਰ ਚਾਰ ਸ਼੍ਰੇਣੀਆਂ ਵਿੱਚ ਵੰਡਿਆ। ਪੰਜ ਸੌ, ਤਿੰਨ ਸੌ, ਡੇਢ ਸੌ ਮਿਡਿਮਨੀ ਅਨਾਜ (ਇੱਕ ਮਿਡਿਮਿਨਸ ਲਗ ਭਗ 41 ਲਿਟਰ ਦੇ ਬਰਾਬਰ ਹੈ) ਘੱਟੋ ਘੱਟ ਉਪਜਾਂ ਸਨ ਜਿਹੜੀਆਂ ਪਹਿਲੀਆਂ ਤਿੰਨਾਂ ਸ਼੍ਰੇਣੀਆਂ ਵਿੱਚ ਹੋਣ ਲਈ ਲਾਜ਼ਮੀ ਸਨ। ਜਿਸ ਕਿਸੇ ਕੋਲ਼ ਇਸ ਤੋ ਘੱਟ ਭੋਂ ਸੀ ਜਾਂ ਉੱਕਾ ਹੈ ਹੀ ਨਹੀਂ ਸੀ, ਉਹ ਚੌਥੀ ਸ਼੍ਰੇਣੀ ਵਿੱਚ ਸੀ। ਕੇਵਲ ਪਹਿਲੀਆਂ ਤਿੰਨਾਂ ਸ਼੍ਰੇਣੀਆਂ ਦੇ ਲੋਕ ਅਹੁਦੇ ਅਖ਼ਤਿਆਰ ਕਰ ਸਕਦੇ ਸਨ; ਸਰਵਉਚ ਅਹੁਦੇ ਪਹਿਲੀ ਸ਼੍ਰੇਣੀ ਦੇ ਲੋਕਾਂ ਨਾਲ਼ ਭਰਨੇ ਲਾਜ਼ਮੀ ਸਨ। ਚੌਥੀ ਸ਼੍ਰੇਣੀ ਨੂੰ ਕੇਵਲ ਆਮ ਸਭਾ ਵਿੱਚ ਬੋਲਣ ਅਤੇ ਵੋਟ ਦੇਣ ਦਾ ਹੱਕ ਸੀ। ਪਰ ਇਥੇ ਸਾਰੇ ਅਧਿਕਾਰੀ ਚੁਣੇ ਜਾਂਦੇ ਸਨ, ਇਥੇ ਉਹਨਾਂ ਆਪਣੇ ਅਮਲਾਂ ਦਾ ਲੇਖਾ ਦੇਣਾ ਸੀ, ਇਥੇ ਕਾਨੂੰਨ ਬਣਾਏ ਜਾਂਦੇ ਸਨ ਅਤੇ ਇਥੇ ਚੌਥੀ ਸ਼੍ਰੇਣੀ ਦੀ ਬਹੁ-ਗਿਣਤੀ ਸੀ। ਅਮੀਰਸ਼ਾਹੀ ਦੇ ਵਿਸ਼ੇਸ਼-ਅਧਿਕਾਰ ਕਿਸੇ ਹੱਦ ਤੱਕ ਦੌਲਤ ਦੇ ਵਿਸ਼ੇਸ਼-ਅਧਿਕਾਰਾਂ ਦੇ ਰੂਪ ਵਿੱਚ ਨਵੀਨਿਆ ਦਿੱਤੇ ਗਏ, ਪਰ ਨਿਰਣਾਇਕ ਸ਼ਕਤੀ ਜਨਤਾ ਦੇ ਹੱਥ ਰਹੀ। ਚਾਰ ਸ਼੍ਰੇਣੀਆਂ ਫ਼ੌਜ ਦੀ ਮੁੜ-ਜਥੇਬੰਦੀ ਦੀ ਆਧਾਰ ਬਣੀਆਂ। ਪਹਿਲੀਆਂ ਦੋ ਸ਼੍ਰੇਣੀਆਂ ਰਸਾਲਾ ਪ੍ਰਯਾਪਤ ਕਰਦੀਆਂ; ਤੀਜੀ ਭਾਰੀ ਹਥਿਆਰਾਂ ਨਾਲ਼ ਲੈਸ ਪਿਆਦਾ ਫ਼ੌਜ ਦਾ ਕੰਮ ਕਰਦੀ ਅਤੇ ਚੌਥੀ ਸੰਜੋਅ ਤੋਂ ਬਿਨਾਂ ਹਲਕੇ ਹਥਿਆਰਾਂ ਨਾਲ਼ ਲੈਸ ਪਿਆਦਾ ਫ਼ੌਜ ਦਾ ਜਾਂ ਸਮੁੰਦਰੀ ਫ਼ੌਜ ਵਿੱਚ ਕੰਮ ਕਰਦੀ ਅਤੇ ਸ਼ਾਇਦ ਉਹਨਾਂ ਨੂੰ ਤਨਖ਼ਾਹ ਦਿੱਤੀ ਜਾਂਦੀ।

ਸੋ, ਪ੍ਰਣਾਲੀ ਵਿੱਚ ਇੱਕ ਨਵਾਂ ਅੰਸ਼ ਸ਼ਾਮਲ ਕਰ ਦਿੱਤਾ ਗਿਆ: ਨਿੱਜੀ ਮਾਲਕੀ। ਸ਼ਹਿਰੀਆਂ ਦੇ ਹੱਕ ਅਤੇ ਫ਼ਰਜ਼ ਉਹਨਾਂ ਦੀ ਮਾਲਕੀ ਹੇਠ ਭੋਂ ਅਨੁਸਾਰ ਮਿੱਥੇ ਗਏ: ਅਤੇ ਜਿਉਂ ਜਿਉਂ ਜਾਇਦਾਦ ਦੀਆਂ ਮਾਲਕ ਸ਼੍ਰੇਣੀਆਂ ਦਾ ਅਸਰ ਵਧਿਆ, ਪੁਰਾਣੇ ਸਾਕੇਦਾਰੀ ਦੇ ਸਮੂਹ ਪਿਛੋਕੜ ਵਿੱਚ ਧੱਕੇ ਜਾਂਦੇ ਰਹੇ। ਗੋਤਰੀ ਬਣਤਰ ਦੀ ਇੱਕ ਹੋਰ ਹਾਰ ਹੋਈ।

ਪਰ ਜਾਇਦਾਦ ਅਨੁਸਾਰ ਰਾਜਸੀ ਹੱਕਾਂ ਦੀ ਦਰਜੇਬੰਦੀ ਕਰਨਾ ਰਾਜ ਲਈ ਵਿਗੋਚੇ ਵਾਲ਼ੀ ਗੱਲ ਨਹੀਂ ਸੀ। ਰਾਜਾਂ ਦੇ ਪ੍ਰਣਾਲੀ ਦੇ ਇਤਿਹਾਸ ਵਿੱਚ ਇਹ ਭਾਵੇਂ ਕਿੰਨੀ ਮਹੱਤਵ-ਪੂਰਨ ਕਿਉਂ ਨਾ ਜਾਪੇ, ਪਰ ਅਨੇਕ ਰਾਜਾਂ ਅਤੇ ਉਹ ਵੀ ਅਤਿ-ਅੰਤ ਵਿਕਸਤ ਰਾਜਾਂ ਨੇ ਇਸ ਤੋਂ ਬਿਨਾਂ ਕੰਮ ਚਲਾਇਆ। ਏਥਨਜ਼ ਵਿੱਚ ਵੀ ਇਹਨੇ ਇੱਕ ਵਕਤੀ ਰੋਲ਼ ਅਦਾ ਕੀਤਾ। ਅਰਿਸਟਾਈਡਜ਼ ਦੇ ਸਮੇਂ ਤੋਂ ਸਭ ਅਹੁਦੇ ਸਭਨਾਂ ਸ਼ਹਿਰੀਆਂ ਲਈ ਖੁੱਲ੍ਹੇ ਸਨ।

ਅਗਲੇ ਅੱਸੀ ਵਰ੍ਹਿਆਂ ਵਿੱਚ ਯੂਨਾਨੀ ਸਮਾਜ ਨੇ ਹੌਲ਼ੀ ਹੌਲ਼ੀ ਉਹ ਰਾਹ ਫੜ ਲਿਆ ਜਿਸ ਉੱਤੇ ਇਹਨੇ ਪਿੱਛੋਂ ਦੀਆਂ ਸਦੀਆਂ ਵਿੱਚ ਵਿਕਾਸ ਕਰਨਾ ਸੀ। ਜ਼ਮੀਨ ਦੇ ਸੂਦਖ਼ੋਰ ਸੌਦੇ, ਜਿਹੜੇ ਸੋਲੋਨ ਦੇ ਸਮੇਂ ਤੋਂ ਪਹਿਲਾਂ ਆਮ ਸਨ, ਰੋਕ ਦਿੱਤੇ ਗਏ, ਇਸੇ ਤਰ੍ਹਾਂ ਹੀ ਭੋਂ ਦੀ ਮਾਲਕੀ ਦਾ ਅਸੀਮ ਹੱਦ ਤੱਕ ਕੇਂਦਰਤ ਹੋਣਾ ਵੀ ਰੋਕ ਦਿੱਤਾ ਗਿਆ। ਵਪਾਰ ਅਤੇ ਸਦਾ ਵਧੇਰੇ ਹੱਦ ਤੱਕ ਗ਼ੁਲਾਮਾਂ ਦੀ ਕਿਰਤ ਰਾਹੀਂ ਚਲਾਈਆਂ ਜਾਂਦੀਆਂ ਦਸਤਕਾਰੀਆਂ ਅਤੇ ਲਾਹੇਵੰਦੀਆਂ ਕਲਾਵਾਂ ਵਿਰਤਾਂ ਦੀ ਭਾਰੂ ਸ਼ਾਖ਼ ਬਣ ਗਈਆਂ। ਜਾਗ੍ਰਤੀ ਨੇ ਉੱਨਤੀ ਕੀਤੀ। ਪੁਰਾਣੇ ਜ਼ਾਲਮ ਢੰਗ ਨਾਲ਼ ਆਪਣੇ ਸਾਥੀ ਏਥਨਜ਼ ਦੇ ਸ਼ਹਿਰੀਆਂ ਦੀ ਲੁੱਟ-ਚੋਂਘ ਕਰਨ ਦੀ ਥਾਂ ਹੁਣ ਏਥਨਜ਼ ਦੇ ਵਸਨੀਕ ਮੁੱਖ ਤੌਰ ’ਤੇ ਗ਼ੁਲਾਮਾਂ ਅਤੇ ਏਥਨਜ਼ ਤੋਂ ਬਾਹਰਲੀਆਂ ਸਾਮੀਆਂ ਦੀ ਲੁੱਟ-ਚੋਂਘ ਕਰਦੇ ਚਲ-ਸੰਪਤੀ, ਧਨ, ਗ਼ੁਲਾਮਾਂ ਅਤੇ ਜਹਾਜ਼ਾਂ ਦੇ ਰੂਪ ਵਿੱਚ ਦੌਲਤ ਸਦਾ ਵਧੇਰੇ ਵਧਦੀ ਗਈ; ਪਰ ਇਹ ਭੋਂ ਖ਼ਰੀਦਣ ਦਾ ਸਾਧਨ ਬਣਨ ਦੀ ਥਾਂ, ਜਿਵੇਂ ਇਹ ਇਹਦੀਆਂ ਹੱਦਾਂ ਸਹਿਤ ਪਹਿਲੇ ਸਮੇਂ ਵਿੱਚ ਸੀ, ਇਹ ਆਪਣੇ ਆਪ ਵਿੱਚ ਇੱਕ ਆਸ਼ਾ ਬਣ ਗਈ। ਇੱਕ ਹੱਥ, ਇਹਨੇ ਨਵੀਂ, ਅਮੀਰ, ਸਨਅਤੀ ਅਤੇ ਵਪਾਰੀ ਸ਼੍ਰੇਣੀ ਦੇ ਰਾਠਾਂ ਦੀ ਪੁਰਾਣੀ ਸ਼ਕਤੀ ਨਾਲ਼ ਸਫ਼ਲ ਮੁਕਾਬਲੇ ਨੂੰ ਜਨਮ ਦਿੱਤਾ, ਪਰ, ਦੂਜੇ ਹੱਥ, ਇਹਨੇ ਪੁਰਾਣੀਆਂ ਗੋਤਰੀ ਬਣਤਰਾਂ ਤੋਂ ਉਹਨਾਂ ਦੀ ਅਖ਼ੀਰੀ ਠਾਹਰ ਵੀ ਖੋਹ ਲਈ। ਗੋਤ, ਬਰਾਦਰੀਆਂ ਅਤੇ ਕਬੀਲੇ, ਜਿਨ੍ਹਾਂ ਦੇ ਜੀਅ ਹੁਣ ਸਾਰੇ ਐਟੀਕਾ ਵਿੱਚ ਖਿਲਰੇ ਹੋਏ ਸਨ ਅਤੇ ਪੂਰੀ ਤਰ੍ਹਾਂ ਮਿਲੇ ਜੁਲੇ ਰਹਿੰਦੇ ਸਨ, ਰਾਜਸੀ ਬਣਤਰਾਂ ਵਜੋਂ ਉੱਕਾ ਹੀ ਨਕਾਰਾ ਹੋ ਗਏ। ਏਥਨਜ਼ ਦੇ ਸ਼ਹਿਰੀਆਂ ਦੀ ਇੱਕ ਵੱਡੀ ਗਿਣਤੀ ਅਜਿਹੀ ਸੀ ਜਿਹੜੇ ਕਿਸੇ ਗੋਤ ਦਾ ਹਿੱਸਾ ਨਹੀਂ ਸਨ; ਉਹ ਆਵਾਸੀ ਸਨ, ਜਿਨ੍ਹਾਂ ਨੂੰ ਸ਼ਹਿਰੀਅਤ ਵਿੱਚ ਤਾਂ ਸ਼ਾਮਲ ਕਰ ਲਿਆ ਗਿਆ ਸੀ ਪਰ ਸਾਕੇਦਾਰੀ ਦੇ ਕਿਸੇ ਪੁਰਾਣੇ ਸਮੂਹ ਵਿੱਚ ਸ਼ਾਮਲ ਨਹੀਂ ਸੀ ਕੀਤਾ ਗਿਆ। ਨਾਲ਼ੇ ਵਿਦੇਸ਼ਾਂ ਤੋਂ ਆਵਾਸੀਆਂ ਦੀ ਇੱਕ ਸਦਾ ਵੱਧ ਰਹੀ ਗਿਣਤੀ ਸੀ ਜਿਸਨੂੰ ਕੇਵਲ ਰਖਿਆ ਹੀ[28] ਪ੍ਰਾਪਤ ਸੀ।

ਇਚਰ ਧਿਰਾਂ ਵਿਚਕਾਰ ਘੋਲ਼ ਜਾਰੀ ਰਹੇ। ਰਾਠਾਂ ਨੇ ਆਪਣੇ ਪੁਰਾਣੇ ਵਿਸ਼ੇਸ਼-ਅਧਿਕਾਰ ਮੁੜ ਪ੍ਰਾਪਤ ਕਰਨ ਦਾ ਯਤਨ ਕੀਤਾ ਅਤੇ ਕੁੱਝ ਸਮੇਂ ਲਈ ਉਹਨਾਂ ਪ੍ਰਮੁੱਖਤਾ ਜਿੱਤ ਲਈ, ਇਥੋਂ ਤੱਕ ਕਿ ਕਲੀਸਥੇਨਜ਼ ਦੇ ਇਨਕਲਾਬ (509 ਪੂਰਬ ਈਸਾ) ਨੇ ਅੰਤ ਉਹਨਾਂ ਦਾ ਤਖ਼ਤਾ ਉਲਟਾ ਦਿੱਤਾ; ਅਤੇ ਉਹਨਾਂ ਦੇ ਨਾਲ਼ ਹੀ ਗੋਤਰੀ ਬਣਤਰ ਦੀ ਅਖ਼ੀਰੀ ਰਹਿੰਦ-ਖੂੰਹਦ ਖ਼ਤਮ ਹੋ ਗਈ।

ਨਵੇਂ ਪ੍ਰਣਾਲੀ ਵਿੱਚ ਕਲੀਸਥੇਨਜ਼ ਨੇ ਗੋਤਾਂ ਅਤੇ ਬਰਾਦਰੀਆਂ ਉੱਤੇ ਆਧਾਰਤ

ਪੁਰਾਣੇ ਚਾਰ ਕਬੀਲਿਆਂ ਨੂੰ ਅੱਖੋਂ ਉਹਲੇ ਕਰ ਦਿੱਤਾ। ਇਹਦੀ ਥਾਂ ਅਨੰਨ ਤੌਰ 'ਤੇ ਸ਼ਹਿਰੀਆਂ ਦੀ ਰਹਿਣ ਦੀ ਥਾਂ ਅਨੁਸਾਰ ਵੰਡ ਉੱਤੇ ਆਧਾਰਤ ਉੱਕਾ ਹੀ ਨਵੀਂ ਜਥੇਬੰਦੀ ਨੇ ਲੈ ਲਈ ਜਿਸ ਨੂੰ ਸਥਾਪਤ ਕਰਨ ਦਾ ਨਾਉਕਰਾਰੀਆਂ ਵਿੱਚ ਪਹਿਲਾਂ ਹੀ ਯਤਨ ਕੀਤਾ ਗਿਆ ਸੀ। ਸਾਕੇਦਾਰੀ ਦੇ ਇੱਕ ਸਮੂਹ ਦਾ ਅੰਸ਼ ਹੋਣਾ ਨਹੀਂ ਸਗੋ ਵਸੇਬੇ ਦੀ ਥਾਂ ਹੁਣ ਨਿਰਣਾਇਕ ਅੰਸ਼ ਬਣ ਗਈ। ਹੁਣ ਲੋਕਾਂ ਨੂੰ ਨਹੀਂ ਸਗੋਂ ਇਲਾਕੇ ਨੂੰ ਵੰਡਿਆ ਗਿਆ; ਰਾਜਸੀ ਤੌਰ 'ਤੇ, ਵਸਨੀਕ ਕੇਵਲ ਇਲਾਕੇ ਨਾਲ਼ ਜੁੜੇ ਅੰਸ਼ ਹੀ ਬਣ ਗਏ।

ਸਾਰੇ ਐਟੀਕਾ ਨੂੰ ਇੱਕ ਸੌ ਸਵੈ-ਸ਼ਾਸਨੀ ਨਗਰਾਂ ਵਿੱਚ ਜਾਂ demes ਵਿੱਚ ਵੰਡਿਆ ਗਿਆ। ਕਿਸੇ deme ਦੇ ਸ਼ਹਿਰੀ (demot) ਆਪਣਾ ਸਰਕਾਰੀ ਮੁਖੀ (demarch), ਇੱਕ ਖ਼ਜ਼ਾਨਚੀ ਅਤੇ ਤੀਹ ਜੱਜ ਚੁਣਦੇ ਜਿਨ੍ਹਾਂ ਨੂੰ ਨਿੱਕੇ ਮੋਟੇ ਮਾਮਲੇ ਸੁਣਨ ਦਾ ਅਧਿਕਾਰ ਹੁੰਦਾ। ਉਹਨਾਂ ਨੂੰ ਆਪਣਾ ਨਗਰ ਦਾ ਮੰਦਰ ਅਤੇ ਰੱਖਿਅਕ ਦੇਵੀ ਜਾਂ ਦੇਵਤਾ ਜਾਂ heros ਦਿੱਤਾ ਜਾਂਦਾ, ਜਿਸਦੇ ਪੁਜਾਰੀਆਂ ਨੂੰ ਉਹ ਚੁਣਦੇ। deme ਦੇ ਅੰਦਰ ਸਰਵਉੱਚ ਸੱਤ੍ਹਾ demots ਦੇ ਇਕੱਠ ਦੇ ਹੱਥ ਸੀ। ਜਿਹਾ ਕਿ ਮਾਰਗਨ ਠੀਕ ਤਰ੍ਹਾਂ ਕਹਿੰਦਾ ਹੈ ਇਹ ਸਵੈ-ਸ਼ਾਸਨੀ ਅਮਰੀਕੀ ਮਿਉਂਸਪੈਲਟੀ ਦੇ ਨਮੂਨੇ ਦਾ ਹੈ। ਨਵੀਨ ਰਾਜ ਆਪਣੇ ਸਰਵਉੱਚ ਵਿਕਾਸ ਵਿੱਚ ਉਸ ਇਕਾਈ ਨਾਲ਼ ਖ਼ਤਮ ਹੁੰਦਾ ਹੈ ਜਿਸ ਨਾਲ਼ ਏਥਨਜ਼ ਦੇ ਉੱਭਰ ਰਹੇ ਰਾਜ ਦਾ ਮੁੱਢ ਬੱਝਿਆ।

ਇਹਨਾਂ ਦਸਾਂ ਇਕਾਈਆਂ demes ਦਾ ਇੱਕ ਕਬੀਲਾ ਬਣਦਾ ਸੀ, ਪਰ ਇਹ ਪੁਰਾਣੇ ਗੋਤਰੀ ਕਬੀਲੇ [Geshclechtsstamm] ਤੋਂ ਨਿੱਖੜਵਾਂ ਹੁਣ ਕੇਵਲ ਸਥਾਨਕ [Ortstamm] ਕਬੀਲਾ ਸੀ। ਸਥਾਨਕ ਕਬੀਲਾ ਨਾ ਕੇਵਲ ਇੱਕ ਸਵੈ-ਸ਼ਾਸਨੀ ਰਾਜਸੀ ਬਣਤਰ ਹੀ ਸੀ ਸਗੋਂ ਇੱਕ ਫ਼ੌਜੀ ਬਣਤਰ ਵੀ ਸੀ। ਇਹ ਇੱਕ phylarch (ਫ਼ਾਈਲਾਰਕ), ਕਬੀਲੇ ਦਾ ਮੁਖੀ, ਚੁਣਦਾ ਜਿਹੜਾ ਰਸਾਲੇ ਦੀ ਕਮਾਨ ਕਰਦਾ ਅਤੇ ਇੱਕ taxiarch (ਟੈਕਸੀਆਰਕ) ਜਿਹੜਾ ਪੈਦਲ ਫ਼ੌਜ ਦੀ ਕਮਾਨ ਕਰਦਾ ਅਤੇ ਇੱਕ strategos (ਸਟਰੈਟੇਗੋਸ) ਜਿਹੜਾ ਕਬਾਇਲੀ ਇਲਾਕੇ ਉੱਤੇ ਭਰਤੀ ਕੀਤੇ ਗਏ ਸਮੁੱਚੇ ਦਸਤੇ ਦਾ ਕਮਾਨ ਅਫ਼ਸਰ ਸੀ। ਨਾਲ਼ੇ ਇਹ ਅਮਲੇ ਅਤੇ ਕਮਾਂਡਰ ਸਮੇਤ ਪੰਜ ਜੰਗੀ ਜਹਾਜ਼ ਦੇਂਦਾ ਅਤੇ ਇਹਨੂੰ ਐਟੀਕਾ ਦਾ ਇੱਕ heros (ਹੀਰੋਸ) ਇਹਦੇ ਰਾਖੇ ਦੇਵਤੇ ਵਜੋਂ ਮਿਲਦਾ, ਜਿਸਦੇ ਨਾਂ ਤੋਂ ਇਹਦਾ ਨਾਂ ਪੈਂਦਾ। ਅੰਤ, ਇਹ ਏਥਨਜ਼ ਦੀ ਪ੍ਰੀਸ਼ਦ ਲਈ ਪੰਜਾਹ ਪਾਰਸ਼ਦ ਚੁਣਦਾ।

ਏਥਨਜ਼ ਦਾ ਰਾਜ ਇਹਦੀ ਪੂਰਤੀ ਸੀ, ਜਿਸ ਉੱਤੇ ਪੰਜ ਸੌ ਦੀ ਪ੍ਰੀਸ਼ਦ—ਜਿਸਨੂੰ ਦਸਾਂ ਕਬੀਲਿਆਂ ਨੇ ਚੁਣਿਆ ਹੁੰਦਾ—ਅਤੇ, ਅਖ਼ੀਰ, ਜਨਤਕ ਇਕੱਠ, ਜਿਸ ਵਿੱਚ ਏਥਨਜ਼ ਦਾ ਹਰ ਸ਼ਹਿਰੀ ਹਿੱਸਾ ਲੈ ਸਕਦਾ ਅਤੇ ਵੋਟ ਦੇ ਸਕਦਾ ਸੀ, ਇਹਦੀ ਸਿਖਰ ਸੀ। Archon (ਆਰਕਾਨ) ਅਤੇ ਹੋਰ ਅਧਿਕਾਰੀ ਪ੍ਰਬੰਧ ਦੇ ਵੱਖ ਵੱਖ ਵਿਭਾਗਾਂ ਅਤੇ ਅਦਾਲਤਾਂ ਵੱਲ ਧਿਆਨ ਦੇਂਦੇ। ਏਥਨਜ਼ ਵਿੱਚ ਕੋਈ ਅਜਿਹਾ ਅਧਿਕਾਰੀ ਨਹੀਂ ਸੀ ਜਿਸਨੂੰ ਸਰਵਉੱਚ ਪ੍ਰਬੰਧਕ ਅਧਿਕਾਰ ਪ੍ਰਾਪਤ ਹੋਵੇ।

ਇਸ ਨਵੀਂ ਪ੍ਰਣਾਲੀ ਰਾਹੀਂ ਅਤੇ ਬਹੁਤ ਸਾਰੇ ਨਿਰਭਰ ਲੋਕਾਂ [Schutzverwandter] ਨੂੰ ਸ਼ਾਮਲ ਕਰਕੇ, ਜਿਹੜੇ ਕੁੱਝ ਤਾਂ ਆਵਾਸੀ ਸਨ ਅਤੇ ਕੁੱਝ ਆਜ਼ਾਦ ਕੀਤੇ ਗ਼ੁਲਾਮ, ਸਰਵਜਨਕ ਮਾਮਲਿਆਂ ਵਿੱਚੋਂ ਗੋਤਰੀ ਬਣਤਰ ਦੇ ਸਾਧਨ ਕੱਢ ਦਿੱਤੇ ਗਏ। ਉਹ ਨਿੱਜੀ ਸੰਸਥਾਵਾਂ ਅਤੇ ਧਾਰਮਿਕ ਸਭਾਵਾਂ ਦੇ ਦਰਜੇ ਤੱਕ ਡਿੱਗ ਗਏ। ਪਰ ਉਹਨਾਂ ਦਾ ਸਦਾਚਾਰਕ ਪ੍ਰਭਾਵ, ਪੁਰਾਣੇ ਗੋਤਰੀ ਸਮੇਂ ਦੇ ਰਵਾਇਤੀ ਸੰਕਲਪ ਅਤੇ ਵਿਚਾਰ ਲੰਮੇ ਸਮੇਂ ਤੱਕ ਕਾਇਮ ਰਹੇ ਅਤੇ ਕੇਵਲ ਹੌਲ਼ੀ ਹੌਲ਼ੀ ਹੀ ਖ਼ਤਮ ਹੋਏ। ਇਹ ਇੱਕ ਅੱਗੋਂ ਦੀ ਰਾਜਕੀ ਸੰਸਥਾ ਵਿੱਚ ਸਪਸ਼ਟ ਹੋ ਗਿਆ।

ਅਸੀਂ ਵੇਖਿਆ ਹੈ ਕਿ ਰਾਜ ਦਾ ਇੱਕ ਲਾਜ਼ਮੀ ਲੱਛਣ ਲੋਕਾਂ ਦੇ ਜਨ-ਸਮੂਹ ਤੋਂ ਵੱਖ ਇੱਕ ਨਿੱਖੜਵੀਂ ਸਰਵਜਨਕ ਸੱਤ੍ਹਾ ਹੈ। ਉਸ ਸਮੇਂ ਏਥਨਜ਼ ਕੋਲ਼ ਇੱਕ ਮਿਲੀਸ਼ੀਆ ਅਤੇ ਇਕ ਸਮੁੰਦਰੀ ਫ਼ੌਜ ਸੀ, ਜਿਸਨੂੰ ਜਨਤਾ ਸਿੱਧੇ ਤੌਰ ’ਤੇ ਲੈਸ ਕਰਦੀ ਅਤੇ ਅਮਲਾ ਦੇਂਦੀ। ਇਹ ਬਾਹਰਲੇ ਦੁਸ਼ਮਣਾਂ ਵਿਰੁੱਧ ਰਖਿਆ ਯਕੀਨੀ ਬਣਾਉਂਦੇ ਅਤੇ ਗ਼ੁਲਾਮਾਂ ਨੂੰ ਰੋਕੀ ਰਖਦੇ, ਜਿਹੜੇ ਉਸ ਸਮੇਂ ਹੀ ਵਸੋਂ ਦੀ ਬਹੁਤ ਵੱਡੀ ਬਹੁ-ਗਿਣਤੀ ਬਣਦੇ ਸਨ। ਸ਼ਹਿਰੀਆਂ ਲਈ ਇਸ ਸਰਵਜਨਕ ਸ਼ਕਤੀ ਦੀ ਮੁੱਢ ਵਿੱਚ ਕੇਵਲ ਪੁਲਸ ਦੇ ਰੂਪ ਵਿੱਚ ਹੋਂਦ ਸੀ, ਜਿਹੜੀ ਉੱਨੀ ਹੀ ਪੁਰਾਣੀ ਹੈ ਜਿੰਨਾਂ ਕਿ ਖ਼ੁਦ ਰਾਜ ਅਤੇ ਇਸੇ ਲਈ ਹੀ ਅਠਾਰ੍ਹਵੀਂ ਸਦੀ ਦੇ ਸਿੱਧੜ ਫ਼ਰਾਂਸੀਸੀ ਸਭਿਆ ਕੌਮਾਂ ਦੀ ਨਹੀਂ ਸਗੋਂ ਅਜਿਹੀਆਂ ਕੌਮਾਂ ਦੀ ਗੱਲ ਕਰਦੇ ਸਨ ਜਿਨ੍ਹਾਂ ਵਿੱਚ ਪੁਲਸੀ ਪ੍ਰਬੰਧ ਹੈ (nations policÈes)*। ਇਉਂ, ਆਪਣੇ ਰਾਜ ਦੇ ਨਾਲ਼ ਹੀ ਨਾਲ਼ ਏਥਨਜ਼ ਦੇ ਲੋਕਾਂ ਨੇ ਇੱਕ ਪੁਲਸੀ ਸ਼ਕਤੀ ਸਥਾਪਤ ਕੀਤੀ ਜਿਹੜੀ ਲਗਭਗ ਪੈਦਲ ਅਤੇ ਘੁੜ-ਸਵਾਰ ਕਮਾਨ-ਬਰਦਾਰਾਂ ਦੀ ਫ਼ੌਜੀ ਪੁਲਸ ਸੀ—Landj%oger, ਜਿਹਾ ਕਿ ਇਹਨੂੰ ਦੱਖਣੀ ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਕਿਹਾ ਜਾਂਦਾ ਹੈ। ਇਹ ਫ਼ੌਜੀ ਪੁਲਸ ਬਣਦੀ ਸੀ—**ਗ਼ੁਲਾਮਾਂ ਤੋਂ**। ਏਥਨਜ਼ ਦਾ ਆਜ਼ਾਦ ਵਸਨੀਕ ਇਸ ਪੁਲਸੀ ਕੰਮ ਨੂੰ ਇੰਨਾਂ ਨਿਰਾਦਰੀ ਭਰਿਆ ਸਮਝਦਾ ਸੀ ਕਿ ਉਹ ਆਪ ਇਹ ਨਿਰਾਦਰੀ ਭਰੇ ਫ਼ਰਜ਼ ਪੂਰੇ ਕਰਨ ਦੀ ਥਾਂ ਇੱਕ ਹਥਿਆਰਬੰਦ ਗ਼ੁਲਾਮ ਹੱਥੋਂ ਗ੍ਰਿਫ਼ਤਾਰ ਹੋਣਾ ਚੰਗੇਰਾ ਸਮਝਦਾ ਸੀ। ਇਹ ਅਜੇ ਤੱਕ ਪੁਰਾਣੀ ਗੋਤਰੀ ਪ੍ਰਵਿਰਤੀ ਦਾ ਪ੍ਰਗਟਾਅ ਸੀ। ਰਾਜ ਦੀ ਪੁਲਸੀ ਸ਼ਕਤੀ ਤੋਂ ਬਿਨਾਂ ਹੋਂਦ ਸੰਭਵ ਨਹੀਂ ਸੀ, ਪਰ ਅਜੇ ਇਹ ਬਹੁਤ ਨਵਾਂ ਨਵਾਂ ਸੀ ਅਤੇ ਅਜੇ ਇਹਨੂੰ ਇੰਨਾਂ ਚੋਖਾ ਸਦਾਚਾਰਕ ਸਤਿਕਾਰ ਪ੍ਰਾਪਤ ਨਹੀਂ ਸੀ ਕਿ ਇੱਕ ਅਜਿਹੇ ਕਿੱਤੇ ਨੂੰ, ਜਿਹੜਾ ਪੁਰਾਣੇ ਗੋਤਰੀਆਂ ਨੂੰ ਘਟੀਆ ਜਾਪਦਾ ਸੀ, ਚੋਖੀ ਪ੍ਰਤਿਸ਼ਠਾ ਦੇ ਸਕੇ।

ਇਹ ਰਾਜ, ਜਿਹੜਾ ਆਪਣੀ ਮੁੱਖ ਰੂਪ-ਰੇਖਾ ਵਿੱਚ ਮੁਕੰਮਲ ਕਰ ਲਿਆ ਗਿਆ ਸੀ, ਏਥਨਜ਼ਵਾਸੀਆਂ ਦੀ ਨਵੀਂ ਸਮਾਜੀ ਪ੍ਰਸਥਿਤੀ ਨੂੰ ਕਿੰਨਾਂ ਯੋਗ ਸੀ, ਧਨ, ਵਪਾਰ ਅਤੇ ਸਨਅਤ ਦੇ ਤਿੱਖੇ ਵਾਧੇ ਤੋਂ ਸਪਸ਼ਟ ਸੀ। ਉਹ ਸ਼੍ਰੇਣੀ ਵਿਰੋਧ ਜਿਨ੍ਹਾਂ ਉੱਤੇ ਸਮਾਜੀ ਅਤੇ ਰਾਜਸੀ ਸੰਸਥਾਵਾਂ ਨਿਰਭਰ ਸਨ, ਹੁਣ ਰਾਠਾਂ ਅਤੇ ਸਾਧਾਰਨ ਲੋਕਾਂ ਵਿਚਕਾਰ ਨਹੀਂ ਸੀ, ਸਗੋਂ ਗ਼ੁਲਾਮਾਂ ਅਤੇ ਆਜ਼ਾਦ ਲੋਕਾਂ ਵਿਚਕਾਰ ਸੀ, ਅਧੀਨਾਂ ਅਤੇ ਸ਼ਹਿਰੀਆਂ ਵਿਚਕਾਰ

---

* ਇਥੇ ਸ਼ਬਦਾਂ ਦੀ ਖੇਡ ਹੈ: ìpoliceî—ਸਭਿਆ, ìpoliceî—ਪੁਲਸ। **—ਸੰਪਾ.**

ਸੀ। ਜਦੋਂ ਏਥਨਜ਼ ਆਪਣੀ ਸ਼ਾਨ ਦੀ ਸਿਖਰ ਉੱਤੇ ਸੀ, ਇਸਤਰੀਆਂ ਅਤੇ ਬੱਚਿਆਂ ਸਮੇਤ ਏਥਨਜ਼ ਦੇ ਸ਼ਹਿਰੀਆਂ ਦੀ ਕੁੱਲ ਗਿਣਤੀ 90,000 ਸੀ; ਦੋਹਾਂ ਸੈਕਸਾਂ ਦੇ ਗ਼ੁਲਾਮਾਂ ਦੀ ਗਿਣਤੀ 3,65,000 ਸੀ ਅਤੇ ਅਧੀਨ ਲੋਕਾਂ —ਆਵਾਸੀਆਂ ਅਤੇ ਆਜ਼ਾਦ ਕੀਤੇ ਗ਼ੁਲਾਮਾਂ ਦੀ—45,000। ਇਉਂ ਹਰ ਬਾਲਗ ਨਰ ਸ਼ਹਿਰੀ ਦੇ ਪਿੱਛੇ ਘੱਟੋ ਘੱਟ ਅਠਾਰਾਂ ਗ਼ੁਲਾਮ ਸਨ ਅਤੇ ਦੋ ਤੋਂ ਵੱਧ ਅਧੀਨ ਲੋਕ। ਗ਼ੁਲਾਮਾਂ ਦੀ ਵੱਡੀ ਗਿਣਤੀ ਦਾ ਕਾਰਨ ਇਹ ਹੈ ਕਿ ਉਹਨਾਂ ਵਿੱਚੋਂ ਵਧੇਰੇ ਮਾਲ ਤਿਆਰ ਕਰਨ ਵਾਲ਼ੀਆਂ ਥਾਵਾਂ ਵਿਖੇ, ਨਿਗਰਾਨਾਂ ਦੀਆਂ ਅੱਖਾਂ ਹੇਠ ਵੱਡੇ ਕਮਰਿਆਂ ਵਿੱਚ ਕੰਮ ਕਰਦੇ ਸਨ। ਵਪਾਰ ਅਤੇ ਸਨਅਤ ਦੇ ਵਿਕਾਸ ਦੇ ਨਾਲ਼ ਨਾਲ਼ ਥੋੜ੍ਹੇ ਜਿਹੇ ਹੱਥਾਂ ਵਿੱਚ ਧਨ ਦਾ ਇਕੱਤਰੀਣਾ ਅਤੇ ਕੇਂਦਰਿਆਉਣਾ ਆਇਆ; ਆਜ਼ਾਦ ਸ਼ਹਿਰੀਆਂ ਦਾ ਜਨ-ਸਮੂਹ ਗ਼ਰੀਬ ਸੀ ਅਤੇ ਇਹਨੂੰ ਦਸਤਕਾਰੀ ਵਿੱਚ ਲੱਗ ਜਾਣ ਅਤੇ ਇਉਂ ਗ਼ੁਲਾਮਾਂ ਦੀ ਕਿਰਤ ਨਾਲ਼ ਮੁਕਾਬਲਾ ਕਰਨ, ਜਿਸਨੂੰ ਨਿਰਾਦਰੀ ਭਰਿਆ ਅਤੇ ਨੀਚ ਗਿਣਿਆ ਜਾਂਦਾ ਸੀ ਅਤੇ ਨਾਲ਼ੇ, ਇਸ ਵਿੱਚ ਸਫ਼ਲਤਾ ਦੀ ਬਹੁਤ ਆਸ ਨਹੀਂ ਸੀ ਅਤੇ ਮੁਕੰਮਲ ਕੰਗਾਲੀ ਵਿੱਚੋਂ ਇੱਕ ਦੀ ਚੋਣ ਕਰਨੀ ਪੈਂਦੀ ਸੀ। ਪ੍ਰਚਲਤ ਪ੍ਰਸਥਿਤੀਆਂ ਵਿੱਚ ਪਿਛਲੇਰੀ ਗੱਲ ਵਾਪਰਦੀ ਅਤੇ ਕਿਉਂਕਿ ਉਹ ਬਹੁ-ਗਿਣਤੀ ਵਿੱਚ ਸਨ ਉਹਨਾਂ ਏਥਨਜ਼ ਦੇ ਸਮੁੱਚੇ ਰਾਜ ਨੂੰ ਆਪਣੇ ਨਾਲ਼ ਹੇਠਾਂ ਧੂਹ ਲਿਆ। ਇਹ ਜਮਹੂਰੀਅਤ ਨਹੀਂ ਸੀ ਜਿਹੜੀ ਏਥਨਜ਼ ਦੀ ਗਿਰਾਵਟ ਦਾ ਕਾਰਨ ਸੀ, ਜਿਹਾ ਕਿ ਬਾਦਸ਼ਾਹਾਂ ਅੱਗੇ ਲੇਰਾਂ ਕੱਢਣ ਵਾਲ਼ੇ ਯੂਰਪੀ ਸਕੂਲੀ ਅਧਿਆਪਕ ਸਾਨੂੰ ਯਕੀਨ ਦਿਵਾਉਣਾ ਚਾਹੁੰਦੇ ਹਨ, ਸਗੋਂ ਇਹ ਗ਼ੁਲਾਮੀ ਸੀ, ਜਿਸਨੇ ਆਜ਼ਾਦ ਸ਼ਹਿਰੀ ਦੀ ਕਿਰਤ ਨੂੰ ਨਮੋਸ਼ੀ ਦੀ ਹਾਲਤ ਵਿੱਚ ਲਿਆਂਦਾ।

ਏਥਨਜ਼ ਦੇ ਲੋਕਾਂ ਵਿਚਕਾਰ ਰਾਜ ਦਾ ਉੱਭਰਨਾ ਆਮ ਤੌਰ 'ਤੇ ਰਾਜ ਦੇ ਖੜੇ ਹੋਣ ਦੀ ਲਖਣਾਇਕ ਮਿਸਾਲ ਹੈ ਕਿਉਂਕਿ ਇੱਕ ਹੱਥ ਇਹ ਖ਼ਾਲਸ ਰੂਪ ਵਿੱਚ, ਬਾਹਰੋਂ ਜਾਂ ਅੰਦਰੋਂ ਹਿੰਸਾ ਦੀ ਵਰਤੋਂ ਤੋਂ ਬਿਨਾਂ, ਹੋਂਦ ਵਿੱਚ ਆਇਆ (ਪਿਸਿਸਤਰਾਤਸ ਵੱਲੋਂ ਥੋੜ੍ਹੇ ਸਮੇਂ ਲਈ ਰਾਜ 'ਤੇ ਧਿੰਙੋ-ਜ਼ੋਰੀ ਕਬਜ਼ਾ ਕਰਨ ਨੇ ਆਪਣੇ ਪਿੱਛੇ ਕੋਈ ਨਿਸ਼ਾਨ ਨਾ ਛੱਡਿਆ) ਕਿਉਂਕਿ ਦੂਜੇ ਹੱਥ ਇਹ ਰਾਜ ਦੇ ਇੱਕ ਬਹੁਤ ਵਿਕਸਤ ਰੂਪ, ਗੋਤਰੀ ਸਮਾਜ ਵਿੱਚੋਂ ਨਿਕਲਦੇ ਜਮਹੂਰੀ ਗਣ-ਰਾਜ ਦੇ ਉੱਭਰਨ ਦਾ ਪ੍ਰਤਿਨਿੱਧ ਹੈ ਅਤੇ ਅੰਤ ਇਸ ਲਈ ਕਿ ਅਸੀਂ ਇਹਦੇ ਸਭਨਾਂ ਲਾਜ਼ਮੀ ਵਿਸਥਾਰਾਂ ਤੋਂ ਚੋਖੀ ਤਰ੍ਹਾਂ ਜਾਣੂ ਹਾਂ।

## VI

## ਰੋਮ ਵਿੱਚ ਗੋਤ ਅਤੇ ਰਾਜ

ਰੋਮ ਦੀ ਸਥਾਪਤੀ ਸਬੰਧੀ ਰਿਵਾਇਤ ਅਨੁਸਾਰ ਉੱਥੇ ਪਹਿਲਾ ਵਸੇਬਾ ਕਈ ਲਾਤੀਨੀ ਗੋਤਾਂ ਨੇ ਅਖ਼ਤਿਆਰ ਕੀਤਾ (ਰਿਵਾਇਤ ਅਨੁਸਾਰ ਇੱਕ ਸੌ) ਜਿਹੜੇ ਇੱਕ ਕਬੀਲੇ ਵਿੱਚ ਇੱਕ-ਮੁੱਠ ਸਨ। ਇੱਕ ਸਾਬੇਲੀ ਕਬੀਲਾ, ਜਿਸ ਵਿੱਚ ਵੀ ਇੱਕ ਸੌ ਗੋਤਾਂ ਦੀ ਹੋਂਦ ਦੱਸੀ ਜਾਂਦੀ ਹੈ, ਉਹਨਾਂ ਤੋਂ ਛੇਤੀ ਹੀ ਪਿੱਛੋਂ ਆ ਗਿਆ ਅਤੇ ਵੱਖ ਵੱਖ ਅੰਸ਼ਾਂ ਵਾਲ਼ਾ ਇੱਕ ਤੀਜਾ ਕਬੀਲਾ, ਇੱਕ ਵਾਰ ਫੇਰ ਜਿਸ ਵਿੱਚ ਸੌ ਗੋਤ ਸਨ, ਉਹਨਾਂ ਨਾਲ਼ ਰਲ

ਗਿਆ। ਇਹ ਸਾਰੀ ਕਹਾਣੀ ਪਹਿਲੀ ਨਜ਼ਰੇ ਹੀ ਇਹ ਪ੍ਰਗਟ ਕਰਦੀ ਹੈ ਕਿ ਇਥੇ ਗੋਤ ਤੋਂ ਬਿਨਾਂ ਕੋਈ ਸ਼ੈਅ ਕੁਦਰਤੀ ਉਪਜ ਨਹੀਂ ਸੀ ਅਤੇ ਇਹ ਕਿ ਬਹੁਤ ਹਾਲਤਾਂ ਵਿੱਚ, ਖ਼ੁਦ ਗੋਤ ਇੱਕ ਮਾਂ ਗੋਤ ਦੀ, ਜਿਸਦੀ ਅਜੇ ਪੁਰਾਣੇ ਵਸੇਬੇ ਵਿੱਚ ਹੋਂਦ ਸੀ, ਇੱਕ ਲਗਰ ਹੀ ਸੀ। ਕਬੀਲਿਆਂ ਉੱਤੇ ਨਕਲੀ ਢੰਗ ਨਾਲ਼ ਬਣਾਏ ਗਏ ਹੋਣ ਦੀ ਛਾਪ ਹੈ; ਪਰ, ਵਧੇਰੇ ਕਰਕੇ ਉਹ ਸਾਕੇਦਾਰ ਅੰਸ਼ਾਂ ਤੋਂ ਬਣਦੇ ਸਨ ਅਤੇ ਉਹ ਪੁਰਾਣੇ, ਕੁਦਰਤੀ ਤੌਰ ’ਤੇ ਹੋਂਦ ਵਿੱਚ ਆਏ ਅਤੇ ਨਕਲੀ ਤੌਰ ’ਤੇ ਖੜੇ ਕੀਤੇ ਕਬੀਲੇ ਦੇ ਨਮੂਨੇ ਅਨੁਸਾਰ ਨਹੀਂ ਬਣਾਏ ਗਏ ਸਨ; ਇਹ ਕੋਈ ਅਸੰਭਵ ਗੱਲ ਨਹੀਂ ਕਿ ਸੱਚ ਮੁਚ ਦਾ ਪੁਰਾਣਾ ਕਬੀਲਾ ਇਹਨਾਂ ਤਿੰਨਾਂ ਵਿੱਚੋਂ ਹਰ ਇੱਕ ਕਬੀਲੇ ਦਾ ਕੇਂਦਰਿਕ ਸੀ। ਇਹਨਾਂ ਨੂੰ ਜੋੜਨ ਵਾਲ਼ੀ ਕੜੀ, ਬਰਾਦਰੀ ਸੀ, ਵਿੱਚ ਦਸ ਗੋਤ ਸਨ ਅਤੇ ਇਹਨੂੰ curia (ਕਿਊਰੀਆ) ਕਿਹਾ ਜਾਂਦਾ ਸੀ। ਇਸੇ ਲਈ ਇਹਨਾਂ ਦੀ ਗਿਣਤੀ ਤੀਹ ਸੀ।

ਇਹ ਇੱਕ ਪ੍ਰਵਾਨ ਕੀਤਾ ਤੱਥ ਹੈ ਕਿ ਰੋਮ ਦਾ ਗੋਤ ਯੂਨਾਨ ਦੇ ਗੋਤ ਨਾਲ਼ ਸਗਵਾਂ ਸੀ; ਜੇ ਯੂਨਾਨ ਦਾ ਗੋਤ ਉਸ ਸਮਾਜੀ ਇਕਾਈ ਦਾ ਜਾਰੀ ਰੱਖਣਾ ਹੈ ਜਿਸਦੇ ਆਦਿ-ਕਾਲੀਨ ਰੂਪ ਦੀ ਪ੍ਰਤਿਨਿੱਧਤਾ ਅਮਰੀਕੀ ਰੈੱਡ ਇੰਡੀਅਨ ਕਰਦੇ ਹਨ ਤਾਂ, ਸੁਭਾਵਕ ਹੀ, ਇਹ ਗੱਲ ਰੋਮ ਦੇ ਗੋਤ ਲਈ ਵੀ ਠੀਕ ਹੈ। ਇਸ ਲਈ ਅਸੀਂ ਇਸ ਨਾਲ਼ ਨਿੱਬੜਨ ਵਿੱਚ ਸੰਖੇਪ ਹੋ ਸਕਦੇ ਹਾਂ।

ਘੱਟੋ ਘੱਟ ਸ਼ਹਿਰ ਦੇ ਸਭ ਤੋਂ ਮੁਢਲੇ ਸਮੇਂ ਰੋਮ ਦੇ ਗੋਤ ਦੀ ਬਣਤਰ ਹੇਠ ਲਿਖੇ ਅਨੁਸਾਰ ਸੀ:

1. ਮ੍ਰਿਤਕ ਸਗੋਤਰਾਂ ਦੀ ਜਾਇਦਾਦ ਵਿਰਸੇ ਵਿੱਚ ਪ੍ਰਾਪਤ ਕਰਨ ਦਾ ਪ੍ਰਸਪਰ ਹੱਕ; ਜਾਇਦਾਦ ਗੋਤ ਦੇ ਅੰਦਰ ਹੀ ਰਹਿੰਦੀ ਕਿਉਂਕਿ ਰੋਮ ਦੇ ਗੋਤ ਵਿੱਚ, ਐਨ ਯੂਨਾਨ ਦੇ ਗੋਤ ਵਾਂਗ, ਪਿੱਤਰੀ ਹੱਕ ਪ੍ਰਚਲਤ ਸੀ, ਇਸ ਲਈ ਮਦੀਨ ਲੀਹ ਦੇ ਬੱਚਿਆਂ ਨੂੰ ਇਸ ਹੱਕ ਤੋਂ ਵਿਰਵਾ ਕੀਤਾ ਜਾਂਦਾ ਸੀ। ਬਾਰ੍ਹਾਂ ਸਾਰਣੀਆਂ ਦੇ ਕਾਨੂੰਨ[29] ਅਨੁਸਾਰ, ਜਿਹੜਾ ਰੋਮ ਦਾ ਉਹ ਸਭ ਤੋਂ ਪ੍ਰਾਚੀਨ ਲਿਖਤੀ ਕਾਨੂੰਨ ਹੈ ਜਿਸਦਾ ਸਾਨੂੰ ਪਤਾ ਹੈ ਵੀਰਜੀ ਸੰਤਾਨ ਨੂੰ ਜਾਇਦਾਦ ਉੱਤੇ ਪਹਿਲਾ ਹੱਕ ਪ੍ਰਾਪਤ ਸੀ; ਜੇ ਵੀਰਜੀ ਸੰਤਾਨ ਨਾ ਹੋਵੇ ਤਾਂ agnats (**ਨਰ** ਲੀਹ ਦੇ ਰਿਸ਼ਤੇਦਾਰ) ਉਹਨਾਂ ਦੀ ਥਾਂ ਲੈਂਦੇ ਅਤੇ ਜੇ ਉਹਨਾਂ ਦੀ ਵੀ ਅਣ-ਹੋਂਦ ਹੁੰਦੀ ਤਾਂ ਸਗੋਤਰਾਂ ਦੀ ਵਾਰੀ ਆਉਂਦੀ। ਹਰ ਹਾਲਤ ਵਿੱਚ ਜਾਇਦਾਦ ਗੋਤ ਦੇ ਅੰਦਰ ਰਹਿੰਦੀ। ਇੱਥੇ ਅਸੀਂ ਗੋਤਰੀ ਰਿਵਾਜਾਂ ਵਿੱਚ ਹੌਲ਼ੀ ਹੌਲ਼ੀ ਨਵੀਆਂ ਕਾਨੂੰਨੀ ਧਾਰਾਵਾਂ ਦਾ ਘੁਸਣਾ ਵੇਖਦੇ ਹਾਂ; ਜਿਸਦਾ ਕਾਰਨ ਵਧੀ ਦੌਲਤ ਅਤੇ ਇੱਕ-ਪਤੀ ਇੱਕ-ਪਤਨੀ ਪ੍ਰਥਾ ਸੀ; ਸਗੋਤਰਾਂ ਦਾ ਵਿਰਸੇ ਦਾ ਮੁੱਢਲਾ ਬਰਾਬਰ ਦਾ ਹੱਕ ਅਮਲ ਵਿੱਚ ਪਹਿਲਾਂ ਪਹਿਲ agnats ਤੱਕ ਸੀਮਤ ਕੀਤਾ ਗਿਆ, ਸ਼ਾਇਦ ਬਹੁਤ ਪ੍ਰਾਚੀਨ ਸਮੇਂ ਵਿੱਚ, ਜਿਹਾ ਕਿ ਉੱਪਰ ਕਿਹਾ ਗਿਆ ਹੈ ਅਤੇ ਪਿੱਛੋਂ ਬੱਚਿਆਂ ਅਤੇ ਉਹਨਾਂ ਦੀ ਨਰ ਲੀਹ ਦੀ ਔਲਾਦ ਤੱਕ। ਨਿਰਸੰਦੇਹ, ਬਾਰ੍ਹਾਂ ਸਾਰਣੀਆਂ ਵਿੱਚ ਇਹ ਉਲਟੇ ਕ੍ਰਮ ਵਿੱਚ ਆਉਂਦਾ ਹੈ।

2. ਇੱਕ ਸਾਂਝਾ ਕਬਰਿਸਤਾਨ ਹੋਣਾ। ਜਦੋਂ ਕੁਲੀਨ ਗੋਤ ਕਲਾਡੀਆ ਨੇ ਰੇਗੀਲੀ

ਤੋਂ ਰੋਮ ਵੱਲ ਆਵਾਸ ਕੀਤਾ ਤਾਂ ਉਹਨੂੰ ਸ਼ਹਿਰ ਵਿੱਚ ਭੋਂ ਦਾ ਇੱਕ ਟੋਟਾ ਅਤੇ ਇੱਕ ਸਾਂਝਾ ਕਬਰਿਸਤਾਨ ਵੀ ਮਿਲਿਆ। ਆਗਸਟਸ ਅਧੀਨ ਵੀ ਵਾਰ ਦਾ, ਜਿਹੜਾ ਟਿਊਟੋਬਰਗ ਜੰਗਲ ਵਿੱਚ ਮਾਰਿਆ ਗਿਆ ਸੀ, ਸਿਰ ਰੋਮ ਲਿਆਂਦਾ ਗਿਆ ਅਤੇ gentilitius tumulus (ਗੋਤ ਦਾ ਟਿੱਬਾ —**ਅਨੁ.**) ਵਿੱਚ ਦਫ਼ਨ ਕੀਤਾ ਗਿਆ ਕਿਉਂਕਿ ਉਹਦੇ ਗੋਤ (ਕੁਇੰਕਤੀਲੀਆ) ਦਾ ਅਜੇ ਸਾਂਝਾ ਮਕਬਰਾ ਸੀ।

3. ਸਾਂਝੀਆਂ ਧਰਾਮਿਕ ਰਸਮਾਂ। ਇਹ, ਜਿਨ੍ਹਾਂ ਨੂੰ sacra gentilitia* ਕਿਹਾ ਜਾਂਦਾ ਹੈ, ਪ੍ਰਸਿੱਧ ਹਨ।

4. ਗੋਤ ਦੇ ਅੰਦਰ ਵਿਆਹ ਕਰਨ ਉੱਤੇ ਪਾਬੰਦੀ। ਜਾਪਦਾ ਹੈ ਕਿ ਰੋਮ ਵਿੱਚ ਇਹ ਕਦੀ ਲਿਖਤੀ ਕਾਨੂੰਨ ਨਾ ਬਣਿਆ, ਪਰ ਰਿਵਾਜ ਪ੍ਰਚਲਤ ਰਿਹਾ। ਰੋਮ ਦੀਆਂ ਵਿਆਹੀਆਂ ਦੰਪਤੀਆਂ ਵਿੱਚੋਂ ਜਿਹੜੇ ਅਨੇਕ ਨਾਂ ਸਾਡੇ ਤੱਕ ਅਪੜੇ ਹਨ, ਉਹਨਾਂ ਵਿੱਚੋਂ ਇੱਕ ਵੀ ਅਜਿਹੀ ਹਾਲਤ ਨਹੀਂ ਜਿਸ ਵਿੱਚ ਪਤੀ ਅਤੇ ਪਤਨੀ ਦੋਹਾਂ ਦਾ ਗੋਤਰੀ ਨਾਂ ਇੱਕ ਹੋਵੇ। ਵਿਰਾਸਤ ਦਾ ਕਾਨੂੰਨ ਵੀ ਇਸ ਅਸੂਲ ਨੂੰ ਸਿੱਧ ਕਰਦਾ ਹੈ। ਵਿਆਹ ਪਿੱਛੋਂ ਇਸਤਰੀ ਦੇ ਸਾਰੇ ਸਗੋਤਰ ਹੱਕ ਜ਼ਬਤ ਹੋ ਜਾਂਦੇ, ਉਹ ਗੋਤ ਤੋਂ ਬਾਹਰ ਚਲੀ ਜਾਂਦੀ ਅਤੇ ਨਾ ਹੀ ਉਹ ਅਤੇ ਨਾ ਹੀ ਉਹਦੇ ਬੱਚੇ ਉਹਦੇ ਪਿਤਾ ਜਾਂ ਪਿਤਾ ਦੇ ਭਰਾਵਾਂ ਦੀ ਜਾਇਦਾਦ ਦੇ ਵਾਰਸ ਬਣ ਸਕਦੇ ਕਿਉਂਕਿ ਇਉਂ ਜਾਇਦਾਦ ਪਿਤਾ ਦੇ ਗੋਤ ਦੇ ਹੱਥੋਂ ਚਲੀ ਜਾਂਦੀ। ਇਸ ਨਿਯਮ ਦੇ ਤਾਂ ਹੀ ਕੋਈ ਅਰਥ ਹਨ ਜੇ ਇਹ ਮੰਨ ਲਿਆ ਜਾਵੇ ਕਿ ਇਸਤ੍ਰੀਆਂ ਨੂੰ ਆਪਣੇ ਗੋਤ ਦੇ ਕਿਸੇ ਵਿਅਕਤੀ ਨਾਲ਼ ਵਿਆਹ ਕਰਨ ਦੀ ਆਗਿਆ ਨਹੀਂ ਸੀ।

5. ਭੋਂ ਦੀ ਸਾਂਝੀ ਮਾਲਕੀ। ਆਦਿ-ਕਾਲੀਨ ਸਮੇਂ ਵਿੱਚ ਜਦੋਂ ਕਬੀਲੇ ਦੀ ਭੋਂ ਪਹਿਲਾਂ ਪਹਿਲ ਵੰਡੀ ਗਈ ਤਾਂ ਇਹ ਨਿਯਮ ਸਦਾ ਪ੍ਰਚਲਤ ਸੀ। ਲਾਤੀਨੀ ਕਬੀਲਿਆਂ ਵਿੱਚ ਅਸੀਂ ਵੇਖਦੇ ਹਾਂ ਕਿ ਭੋਂ ਕੁੱਝ ਹੱਦ ਤੱਕ ਕਬੀਲੇ ਦੀ ਮਾਲਕੀ ਹੈ, ਕੁੱਝ ਹੱਦ ਤੱਕ ਗੋਤਾਂ ਦੀ ਅਤੇ ਕੁੱਝ ਹੱਦ ਤੱਕ ਪਰਿਵਾਰਾਂ ਦੀ, ਜਿਹੜੇ ਉਸ ਸਮੇਂ ਇਕੱਲੇ ਇਕੱਲੇ ਟੱਬਰ ਉੱਕਾ ਹੀ ਨਹੀਂ ਸਨ ਹੋ ਸਕਦੇ। ਕਿਹਾ ਜਾਂਦਾ ਹੈ ਕਿ ਰੋਮੂਲਸ ਨੇ ਸਭ ਤੋਂ ਪਹਿਲਾਂ ਵਿਅਕਤੀਆਂ ਨੂੰ ਭੋਂ ਦਿੱਤੀ, ਹਰ ਇੱਕ ਨੂੰ ਲਗ ਭਗ ਇੱਕ ਹੈਕਟੇਅਰ (ਦੋ jugera, ਜੁਗੇਰਾ), ਪਰ ਇਹਦੇ ਬਾਵਜੂਦ ਪਿੱਛੋਂ ਦੇ ਸਮੇਂ ਵਿੱਚ ਵੀ ਅਸੀਂ ਗੋਤਾਂ ਦੇ ਹੱਥ ਵਿੱਚ ਭੋਂ ਵੇਖਦੇ ਹਾਂ, ਰਾਜਕੀ ਭੋਂ ਦੀ ਤਾਂ ਗੱਲ ਹੀ ਨਾ ਕਰੋ, ਜਿਸ ਦੁਆਲ਼ੇ ਗਣ-ਰਾਜ ਦਾ ਕੁੱਲ ਘਰੋਗੀ ਇਤਿਹਾਸ ਘੁੰਮਦਾ ਹੈ।

6. ਗੋਤ ਦੇ ਜੀਆਂ ਦੀ ਹਾਨੀ ਪੂਰੀ ਕਰਨ ਅਤੇ ਠੀਕ ਕਰਨ ਵਿੱਚ ਇੱਕ ਦੂਜੇ ਦੀ ਪ੍ਰਸਪਰ ਸਹਾਇਤਾ ਦੀ ਜ਼ਿੰਮੇਵਾਰੀ। ਲਿਖਤੀ ਇਤਿਹਾਸ ਵਿੱਚ ਕੇਵਲ ਇਹਦੀ ਨਿਗੂਣੀ ਰਹਿੰਦ-ਖੂੰਹਦ ਹੀ ਅੰਕਤ ਹੈ; ਮੱਢ ਤੋਂ ਹੀ ਰੋਮ ਦੇ ਰਾਜ ਨੇ ਇੰਨੀ ਉੱਚੀ ਸ਼ਕਤੀ ਵਿਖਾਈ ਕਿ ਹਾਨੀ ਠੀਕ ਕਰਨ ਦੀ ਜ਼ਿੰਮੇਵਾਰੀ ਇਹਦੇ ਸਿਰ ਆ ਗਈ। ਜਦੋਂ ਅਪੀਅਸ ਕਲਾਡੀਅਸ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਉਹਦੇ ਨਿੱਜੀ ਦੁਸ਼ਮਣਾਂ ਸਮੇਤ ਉਹਦੇ ਸਮੁੱਚੇ ਗੋਤ ਨੇ ਮਾਤਮੀ ਪਹਿਰਾਵਾ ਪਹਿਨਿਆ। ਦੂਜੇ ਪਿਊਨਿਆਈ ਯੁੱਧ[30] ਸਮੇਂ ਗੋਤ ਆਪਣੇ ਸਗੋਤਰਾਂ

* ਗੋਤ ਦੇ ਪਵਿੱਤਰ ਤਿਓਹਾਰ। **—ਸੰਪਾ.**

ਲਈ ਯਰਗ਼ਮਾਲ ਦੇਣ ਲਈ ਇਕੱਠੇ ਹੋਏ; ਪਰ ਸੈਨੇਟ ਨੇ ਉਹਨਾਂ ਨੂੰ ਅਜਿਹਾ ਕਰਨ ਦੀ **ਮਨਾਹੀ** ਕਰ ਦਿੱਤੀ।

7. ਗੋਤਰੀ ਨਾਂ ਆਪਣੇ ਨਾਂ ਨਾਲ਼ ਲਾਉਣ ਦਾ ਹੱਕ। ਇਹ ਰਿਵਾਜ ਸ਼ਹਿਨਸ਼ਾਹਾਂ ਦੇ ਸਮੇਂ ਤੱਕ ਜਾਰੀ ਸੀ। ਆਜ਼ਾਦ ਕੀਤੇ ਗ਼ੁਲਾਮਾਂ ਨੂੰ ਇਸ ਗੱਲ ਦੀ ਆਗਿਆ ਦਿੱਤੀ ਜਾਂਦੀ ਸੀ ਆਪਣੇ ਪਹਿਲੀਆਂ ਦੇ ਮਾਲਕਾਂ ਦਾ ਗੋਤਰੀ ਨਾਂ ਅਪਣਾ ਲੈਣ, ਭਾਵੇਂ ਉਹਨਾਂ ਨੂੰ ਗੋਤਰੀ ਹੱਕ ਪ੍ਰਾਪਤ ਨਹੀਂ ਸਨ ਹੁੰਦੇ।

8. ਓਪਰਿਆਂ ਨੂੰ ਗੋਤ ਵਿੱਚ ਸ਼ਾਮਲ ਕਰਨ ਦਾ ਹੱਕ। ਅਜਿਹਾ ਉਹਨਾਂ ਨੂੰ ਕਿਸੇ ਟੱਬਰ ਦਾ ਅੰਗ ਬਣਾ ਕੇ (ਜਿਵੇਂ ਰੈੱਡ ਇੰਡੀਅਨਾਂ ਵਿੱਚ ਹੁੰਦਾ ਸੀ) ਕੀਤਾ ਜਾਂਦਾ ਸੀ, ਜਿਸ ਰਾਹੀਂ ਉਹ ਗੋਤ ਵਿੱਚ ਸ਼ਾਮਲ ਹੋ ਜਾਂਦੇ।

9. ਮੁਖੀਆਂ ਨੂੰ ਚੁਣਨ ਅਤੇ ਉਹਨਾਂ ਨੂੰ ਹਟਾਉਣ ਦੇ ਹੱਕ ਦਾ ਕਿਧਰੇ ਜ਼ਿਕਰ ਨਹੀਂ। ਪਰ, ਕਿਉਂਕਿ, ਰੋਮ ਦੀ ਹੋਂਦ ਦੇ ਪਹਿਲੇ ਸਮੇਂ ਵਾਂਗ ਹੀ, ਚੁਣੇ ਹੋਏ ਬਾਦਸ਼ਾਹ ਤੋਂ ਲੈ ਕੇ ਹੇਠਾਂ ਤੱਕ, ਸਭ ਪਦ ਚੋਣ ਜਾਂ ਨਿਯੁਕਤੀ ਰਾਹੀਂ ਭਰੇ ਜਾਂਦੇ ਸਨ ਅਤੇ ਕਿਉਂਕਿ curiae ਆਪਣੇ ਪੁਜਾਰੀਆਂ ਨੂੰ ਖ਼ੁਦ ਚੁਣਦੇ, ਅਸੀਂ ਇਹ ਫ਼ਰਜ਼ ਕਰਨ ਵਿੱਚ ਹੱਕੀ ਹਾਂ ਕਿ ਗੋਤਰੀ ਮੁਖੀਆਂ principes ਸਬੰਧੀ ਵੀ ਇਹੋ ਪ੍ਰਸਥਿਤੀ ਸੀ—ਭਾਵੇਂ ਇੱਕੋ ਟੱਬਰ ਤੋਂ ਉਮੀਦਵਾਰ ਚੁਣਨ ਦਾ ਨਿਯਮ ਕਿੰਨੀ ਪੱਕੀ ਤਰ੍ਹਾਂ ਸਥਾਪਤ ਕਿਉਂ ਨਾ ਹੋ ਗਿਆ ਹੋਵੇ।

ਅਜਿਹੇ ਸਨ ਰੋਮਨ ਗੋਤ ਦੇ ਅਧਿਕਾਰ ਪਿੱਤਰੀ ਹੱਕ ਵੱਲ ਮੁਕੰਮਲ ਤਬਦੀਲੀ ਦੀ ਇੱਕ ਛੋਟ ਤੋਂ ਬਿਨਾਂ, ਉਹ ਇੱਕ ਇਰਾਕੁਈ ਗੋਤ ਦੇ ਹੱਕਾਂ ਅਤੇ ਕਰਤਵਾਂ ਦਾ ਸੱਚਾ ਬਿੰਬ ਹਨ। ਇਥੇ ਵੀ, "ਇਰਾਕੁਈ ਪ੍ਰਤੱਖ ਤੌਰ 'ਤੇ ਦਿਸਦਾ ਹੈ।"*

ਸਾਡੇ ਸਭ ਤੋਂ ਵੱਧ ਅਧਿਕਾਰੀ ਇਤਿਹਾਸਕਾਰਾਂ ਵਿੱਚ ਰੋਮ ਦੀ ਗੋਤਰੀ ਬਣਤਰ ਦੇ ਪ੍ਰਸ਼ਨ 'ਤੇ ਜਿਹੜਾ ਰੋਲ਼-ਘਚੋਲ਼ਾ ਅਜੇ ਵੀ ਪਾਇਆ ਜਾਂਦਾ ਹੈ ਉਹ ਹੇਠ ਲਿਖੀ ਮਿਸਾਲ ਤੋਂ ਸਪਸ਼ਟ ਹੈ: ਗਣ-ਰਾਜੀ ਅਤੇ ਆਗਸਟੀਨੀ ਯੁੱਗਾਂ ਦੇ ਰੋਮ ਦੇ ਖ਼ਾਸ ਨਾਵਾਂ ਸਬੰਧੀ ਆਪਣੇ ਨਿਬੰਧ ਵਿੱਚ ("ਰੋਮ ਸਬੰਧੀ ਖੋਜਾਂ", ਬਰਲਿਨ 1864, ਸੈਂਚੀ 1)** ਮੋਮਸਨ ਲਿਖਦਾ ਹੈ:

> "ਕੇਵਲ ਸਾਰੇ ਸਗੋਤਰ ਨਰ ਹੀ ਨਹੀਂ, ਜਿਨ੍ਹਾਂ ਵਿੱਚ ਗ਼ੁਲਾਮਾਂ ਤੋਂ ਬਿਨਾਂ ਗੋਤ ਵਿੱਚ ਸ਼ਾਮਲ ਕੀਤੇ ਲੋਕ ਅਤੇ ਵਲੀਦਗੀ ਵਾਲ਼ੇ ਲੋਕ ਹੀ ਨਹੀਂ ਸਗੋਂ ਇਸਤਰੀਆਂ ਵੀ ਗੋਤਰੀ ਨਾਂ ਵਰਤਦੀਆਂ ਹਨ।... ਕਬੀਲਾ [Stamm] (ਇਥੇ ਮੋਮਸਨ ਗੋਤ ਦਾ ਇਹ ਅਨੁਵਾਦ ਕਰਦਾ ਹੈ) ਇੱਕ...ਸਾਂਝੇ —ਅਸਲੀ; ਕਾਲਪਨਿਕ ਜਾਂ ਇਥੋਂ ਤੱਕ ਕਿ ਘੜੇ ਹੋਏ—ਸਾਂਝੇ ਵਡੇਰੇ ਤੋਂ ਉਤਪੰਨ ਹੋਇਆ ਅਤੇ ਸਾਂਝੀਆਂ ਰੀਤਾਂ, ਕਬਰਿਸਤਾਨ ਅਤੇ ਵਿਰਾਸਤ ਰਾਹੀਂ ਇੱਕ-ਮੁੱਠ ਹੋਇਆ

---

* ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨਾ 134। **—ਸੰਪਾ.**

** Mommsen Th., ìR^mische Forschungen.î 2, Aufl., Bd. I, Berlin, 1864. **—ਸੰਪਾ.**

ਭਾਈਚਾਰਾ ਹੈ। ਸਭੇ ਨਿੱਜੀ ਤੌਰ 'ਤੇ ਆਜ਼ਾਦ ਵਿਅਕਤੀ, ਇਸੇ ਲਈ ਇਸਤਰੀਆਂ ਵੀ, ਇਸ ਵਿਚ ਅੰਕਤ ਕੀਤੇ ਜਾਂਦੇ ਹਨ ਅਤੇ ਉਹਨਾਂ ਦਾ ਅੰਕਤ ਕੀਤਾ ਜਾਣਾ ਲਾਜ਼ਮੀ ਹੈ। ਪਰ ਵਿਆਹੁਤਾ ਇਸਤਰੀ ਦਾ ਗੋਤਰੀ ਨਾਂ ਮਿੱਥਣ ਵਿੱਚ ਔਖ ਹੁੰਦੀ ਹੈ। ਇਹ ਔਖ ਉਦੋਂ ਉੱਕਾ ਹੀ ਨਹੀਂ ਸੀ ਹੁੰਦੀ ਜਦੋਂ ਇਸਤਰੀਆਂ ਦੇ ਉਹਨਾਂ ਦੇ ਆਪਣੇ ਗੋਤ ਦੇ ਵਿਅਕਤੀਆਂ ਤੋਂ ਬਿਨਾਂ ਕਿਸੇ ਹੋਰ ਨਾਲ਼ ਵਿਆਹ ਕਰਨ ਉੱਤੇ ਪਾਬੰਦੀ ਸੀ ਅਤੇ ਸਪਸ਼ਟ ਤੌਰ 'ਤੇ ਲੰਮੇ ਸਮੇਂ ਤੱਕ ਇਸਤਰੀਆਂ ਲਈ ਆਪਣੇ ਗੋਤ ਦੇ ਅੰਦਰ ਵਿਆਹ ਕਰਨ ਨਾਲ਼ੋਂ ਗੋਤ ਦੇ ਬਾਹਰ ਵਿਆਹ ਕਰਨਾ ਕਿਤੇ ਵਧੇਰੇ ਔਖਾ ਰਿਹਾ। ਛੇਵੀਂ ਸਦੀ ਵਿੱਚ ਵੀ ਇਹ ਹੱਕ, gentis enuptio*, ਨਿੱਜੀ ਵਿਸ਼ੇਸ਼-ਅਧਿਕਾਰ ਅਤੇ ਇਨਾਮ ਵਜੋਂ ਦਿੱਤਾ ਜਾਂਦਾ ਸੀ।... ਪਰ ਜਦੋਂ ਕਦੀ ਗੋਤ ਤੋਂ ਬਾਹਰ ਵਿਆਹ ਹੁੰਦੇ, ਆਦਿ-ਕਾਲੀਨ ਸਮੇਂ ਵਿੱਚ ਇਸਤਰੀਆਂ ਨੂੰ ਜ਼ਰੂਰ ਹੀ ਉਹਨਾਂ ਦੇ ਪਤੀ ਦੇ ਕਬੀਲੇ ਵਿੱਚ ਮੁੰਤਕਿਲ ਕਰ ਦਿੱਤਾ ਜਾਂਦਾ ਹੋਣਾ ਹੈ। ਇਸ ਗੱਲ ਤੋਂ ਵੱਧ ਕੋਈ ਗੱਲ ਨਿਸ਼ਚਤ ਨਹੀਂ ਕਿ ਪੁਰਾਣੇ ਧਾਰਮਿਕ ਵਿਆਹ ਰਾਹੀਂ ਇਸਤਰੀ ਪੂਰੀ ਤਰ੍ਹਾਂ ਆਪਣੇ ਪਤੀ ਦੇ ਕਾਨੂੰਨੀ ਅਤੇ ਧਾਰਮਿਕ ਭਾਈਚਾਰੇ ਵਿੱਚ ਸ਼ਾਮਲ ਹੋ ਜਾਂਦੀ ਅਤੇ ਆਪਣੇ ਭਾਈਚਾਰੇ ਨੂੰ ਛੱਡ ਦੇਂਦੀ। ਕੌਣ ਨਹੀਂ ਜਾਣਦਾ ਕਿ ਇਹ ਵਿਆਹੁਤਾ ਇਸਤਰੀ ਆਪਣੇ ਸਗੋਤਰਾਂ ਦੇ ਸਬੰਧ ਵਿੱਚ ਆਪਣੇ ਵਿਰਾਸਤ ਦੇ ਸਰਗਰਮ ਅਤੇ ਸਿਥਲ ਹੱਕ ਗਵਾ ਬਹਿੰਦੀ ਹੈ ਅਤੇ ਆਪਣੇ ਪਤੀ, ਆਪਣੇ ਬੱਚਿਆਂ ਅਤੇ ਉਹਨਾਂ ਦੇ ਸਗੋਤਰਾਂ ਦੇ ਵਿਰਾਸਤੀ ਸਮੂਹ ਵਿੱਚ ਸ਼ਾਮਲ ਹੋ ਜਾਂਦੀ ਹੈ? ਅਤੇ ਜੇ ਉਹਦਾ ਪਤੀ ਉਹਨੂੰ ਆਪਣੇ ਬੱਚੇ ਦੇ ਤੌਰ 'ਤੇ ਆਪਣਾ ਲੈਂਦਾ ਹੈ ਅਤੇ ਉਹਨੂੰ ਆਪਣੇ ਟੱਬਰ ਵਿੱਚ ਲੈ ਆਉਂਦਾ ਹੈ ਤਾਂ ਉਹ ਉਹਦੇ ਗੋਤ ਤੋਂ ਵੱਖਰੀ ਕਿਵੇਂ ਰਹਿ ਸਕਦੀ ਹੈ?" (ਪੰਨੇ 8-11)।

ਸੋ, ਮੋਮਸਨ ਇਹ ਦਾਅਵਾ ਕਰਦਾ ਹੈ ਕਿ ਰੋਮ ਦੇ ਕੁੱਝ ਗੋਤਾਂ ਦੀਆਂ ਇਸਤਰੀਆਂ ਕੇਵਲ ਆਪਣੇ ਗੋਤ **ਦੇ ਅੰਦਰ** ਹੀ ਵਿਆਹ ਕਰਨ 'ਤੇ ਮਜਬੂਰ ਸਨ; ਇਸ ਲਈ, ਉਹਦੇ ਅਨੁਸਾਰ ਰੋਮ ਦਾ ਗੋਤ ਸਗੋਤਰੀ ਸੀ ਅਤੇ ਗੋਤਾਂਤਰੀ ਨਹੀਂ ਸੀ। ਇਹ ਵਿਚਾਰ, ਜਿਹੜਾ ਹੋਰਨਾਂ ਸਭਨਾਂ ਲੋਕਾਂ ਦੇ ਤਜਰਬੇ ਦੇ ਵਿਰੁੱਧ ਜਾਂਦਾ ਹੈ, ਮੁੱਖ ਤੌਰ ਉੱਤੇ, ਜੇ ਅਨੰਨ ਤੌਰ ਉੱਤੇ ਨਹੀਂ, ਲਿਵੀ (ਪੁਸਤਕ XXXIX, ਕਾਂਡ 19) ਵਿੱਚ ਇੱਕ ਵਿਵਾਦੀ ਟੂਕ ਉਤੇ ਆਧਾਰਤ ਹੈ, ਜਿਸ ਅਨੁਸਾਰ ਸੈਨੇਟ ਨੇ ਸ਼ਹਿਰ ਦੀ ਸਥਾਪਤੀ ਦੇ 568ਵੇਂ ਵਰ੍ਹੇ ਵਿੱਚ, ਅਰਥਾਤ 186 ਪੂਰਬ ਈਸਾ, ਵਿੱਚ ਆਦੇਸ਼ ਜਾਰੀ ਕੀਤਾ:

uti Feceniae Hispalae datio, deminutio, gentis enuptio tutoris optio item esset quasi ei vir testamento dedisset; utique ei ingenuo nubere liceret, neu quid ei qui eam duxisset, ob id

---

* ਗੋਤ ਤੋਂ ਬਾਹਰ ਵਿਆਹ ਕਰਨ ਦਾ ਹੱਕ। **—ਸੰਪਾ.**

fraudi ignominiaeve essetî—"ਕਿ ਫ਼ੈਸੇਨੀਆ ਹਿਸਪਾਲਾ ਨੂੰ ਆਪਣੀ ਜਾਇਦਾਦ ਵੇਚਣ ਦਾ, ਇਹਨੂੰ ਘੱਟ ਕਰਨ ਦਾ, ਗੋਤ ਤੋਂ ਬਾਹਰ ਵਿਆਹ ਕਰਨ ਦਾ, ਆਪਣਾ ਵਾਲੀ ਚੁਣਨ ਦਾ ਹੱਕ ਹੋਵੇਗਾ, ਐਨ ਉਸੇ ਤਰ੍ਹਾਂ ਜਿਵੇਂ ਉਹਦੇ (ਮ੍ਰਿਤਕ) ਪਤੀ ਨੇ ਵਸੀਅਤ ਰਾਹੀਂ ਉਹਨੂੰ ਇਹ ਹੱਕ ਦਿੱਤਾ ਹੋਵੇ; ਕਿ ਉਹਨੂੰ ਇੱਕ ਆਜ਼ਾਦ ਮਨੁੱਖ ਨਾਲ਼ ਵਿਆਹ ਕਰਨ ਦੀ ਆਜ਼ਾਦੀ ਹੋਵੇਗੀ ਅਤੇ ਜਿਹੜਾ ਮਰਦ ਉਹਦੇ ਨਾਲ਼ ਵਿਆਹ ਕਰੇਗਾ ਉਹਦੇ ਲਈ ਇਹ ਕੋਈ ਅਪਰਾਧ ਜਾਂ ਨਿਰਾਦਰੀ ਵਾਲ਼ੀ ਗੱਲ ਨਹੀਂ ਹੋਵੇਗੀ।"

ਬਿਨਾਂ ਸ਼ੱਕ, ਫ਼ੈਸੇਨੀਆ, ਇੱਕ ਆਜ਼ਾਦ ਕੀਤੀ ਗ਼ੁਲਾਮ, ਇੱਥੇ ਗੋਤ ਤੋਂ ਬਾਹਰ ਵਿਆਹ ਕਰਨ ਦੀ ਆਗਿਆ ਪ੍ਰਾਪਤ ਕਰਦੀ ਹੈ ਅਤੇ ਇਹ ਗੱਲ ਵੀ ਉਸੇ ਤਰ੍ਹਾਂ ਸ਼ੰਕੇ ਤੋਂ ਬਾਹਰੀ ਹੈ ਕਿ ਪਤੀ ਨੂੰ ਇਹ ਹੱਕ ਸੀ ਉਹ ਆਪਣੀ ਮੌਤ ਪਿੱਛੋਂ ਵਸੀਅਤ ਰਾਹੀਂ ਪਤਨੀ ਨੂੰ ਗੋਤ ਤੋਂ ਬਾਹਰ ਵਿਆਹ ਕਰਨ ਦੀ ਆਗਿਆ ਦੇਵੇ। ਪਰ **ਕਿਹੜਾ** ਗੋਤ?

ਜੇ ਇਸਤਰੀ ਲਈ ਆਪਣੇ ਗੋਤ ਦੇ ਅੰਦਰ ਵਿਆਹ ਕਰਨਾ ਲਾਜ਼ਮੀ ਸੀ, ਜਿਵੇਂ ਕਿ ਮੋਮਸਨ ਫ਼ਰਜ਼ ਕਰਦਾ ਹੈ, ਤਾਂ ਉਹ ਆਪਣੇ ਵਿਆਹ ਤੋਂ ਪਿੱਛੋਂ ਗੋਤ ਦੇ ਅੰਦਰ ਹੀ ਰਹਿੰਦੀ। ਪਹਿਲੀ ਗੱਲ ਤਾਂ ਇਹ ਕਿ ਇਹ ਗੱਲ ਕਿ ਸਗੋਤਰ ਸੀ, ਐਨ ਉਹ ਗੱਲ ਹੈ ਜਿਹੜੀ ਅਜੇ ਸਾਬਤ ਕਰਨੀ ਬਾਕੀ ਹੈ। ਦੂਜੀ ਗੱਲ ਜੇ ਇਸਤਰੀ ਲਈ ਗੋਤ ਦੇ ਅੰਦਰ ਵਿਆਹ ਕਰਨਾ ਲਾਜ਼ਮੀ ਸੀ ਤਾਂ ਇਹ ਮਰਦ ਲਈ ਵੀ ਅਜਿਹਾ ਹੀ ਸੀ, ਨਹੀਂ ਤਾਂ ਉਹਨੂੰ ਕਦੀ ਪਤਨੀ ਨਹੀਂ ਸੀ ਮਿਲ ਸਕਦੀ। ਤਾਂ ਅਸੀਂ ਇੱਕ ਅਜਿਹੀ ਥਾਂ ਅਪੜਦੇ ਹਾਂ ਜਿਥੇ ਮਰਦ ਨੂੰ ਵਸੀਅਤ ਰਾਹੀਂ ਆਪਣੀ ਪਤਨੀ ਨੂੰ ਉਹ ਹੱਕ ਦੇਣ ਦਾ ਅਧਿਕਾਰ ਸੀ ਜਿਹੜਾ ਉਹਨੂੰ ਖ਼ੁਦ ਵਰਤਣ ਲਈ ਪ੍ਰਾਪਤ ਨਹੀਂ ਸੀ, ਇਹ ਸਾਨੂੰ ਕਾਨੂੰਨੀ ਵਾਹਿਆਤੀ 'ਤੇ ਪਹੁੰਚਾਉਂਦਾ ਹੈ। ਮੋਮਸਨ ਇਹ ਅਨੁਭਵ ਕਰਦਾ ਹੈ ਅਤੇ ਇਸੇ ਲਈ ਉਹ ਕਿਆਸ ਲਾਉਂਦਾ ਹੈ:

> "ਵਧੇਰੇ ਸੰਭਵ ਗੱਲ ਇਹ ਹੈ ਕਿ ਗੋਤ ਤੋਂ ਬਾਹਰ ਵਿਆਹ ਲਈ ਨਾ ਕੇਵਲ ਅਧਿਕਾਰਤ ਵਿਅਕਤੀ ਦੀ ਸਗੋਂ ਗੋਤ ਦੇ ਕੁਲ ਜੀਆਂ ਦੀ ਮਨਜ਼ੂਰੀ ਲਾਜ਼ਮੀ ਸੀ।" (ਪੰਨਾ 10, ਟੂਕ)

ਪਹਿਲੀ ਗੱਲ ਤਾਂ ਇਹ ਹੈ ਕਿ ਇਹ ਇੱਕ ਬੜੀ ਦਲੇਰ ਮਿੱਥ ਹੈ ਅਤੇ ਦੂਜੇ, ਇਹ ਲਿਖਤ ਦੇ ਸਪਸ਼ਟ ਸ਼ਬਦਾਂ ਦੀ ਤਰਦੀਦ ਕਰਦੀ ਹੈ। ਸੈਨੇਟ ਉਹਨੂੰ ਉਹਦੇ **ਪਤੀ ਦੇ ਪ੍ਰਤਿਨਿੱਧ ਦੇ ਤੌਰ 'ਤੇ** ਇਹ ਹੱਕ ਦੇਂਦੀ ਹੈ; ਉਹ ਸਾਫ਼ ਤੌਰ 'ਤੇ ਉਹਨੂੰ ਉਸ ਤੋਂ ਕੁੱਝ ਵੱਧ ਜਾਂ ਘੱਟ ਨਹੀਂ ਦੇ ਰਹੀ ਜੋ ਉਸਦਾ ਪਤੀ ਦੇ ਸਕਦਾ ਸੀ; ਪਰ ਜੋ ਕੁੱਝ ਉਹ ਦੇਂਦੀ ਹੈ ਉਹ **ਨਿਹਕੇਵਲ** ਹੱਕ ਹੈ, ਸਭਨਾਂ ਰੋਕਾਂ ਤੋਂ ਆਜ਼ਾਦ, ਤਾਂ ਜੁ, ਜੇ ਉਹ ਇਹਦੀ ਵਰਤੋਂ ਕਰੇ ਤਾਂ ਉਹਦੇ ਨਵੇਂ ਪਤੀ ਨੂੰ ਇਹਦੇ ਸਿੱਟੇ ਵੱਜੋਂ ਕੋਈ ਹਾਨੀ ਨਾ ਪੁੱਜੇ। ਸੈਨੇਟ ਤਾਂ ਉਸ ਸਮੇਂ ਦੇ ਅਤੇ ਭਵਿੱਖ ਦੇ ਕੌਂਸਲਾਂ ਅਤੇ ਪ੍ਰੇਟਰਾਂ ਨੂੰ ਇਹ ਧਿਆਨ ਰੱਖਣ ਦੀ ਹਦਾਇਤ ਕਰਦੀ ਹੈ ਕਿ ਇਹ ਹੱਕ ਵਰਤਣ ਕਾਰਨ ਉਹਨੂੰ ਕੋਈ ਔਖ ਨਾ ਹੋਵੇ। ਸੋ, ਮੋਮਸਨ ਦੀ ਮਿੱਥ ਉੱਕਾ ਹੀ ਕਬੂਲਣ-ਯੋਗ ਨਹੀਂ

ਜਾਪਦੀ।

ਫੇਰ: ਫ਼ਰਜ਼ ਕਰੋ ਕੋਈ ਇਸਤਰੀ ਕਿਸੇ ਹੋਰ ਗੋਤ ਦੇ ਮਰਦ ਨਾਲ਼ ਵਿਆਹ ਕਰਦੀ ਹੈ, ਪਰ ਉਹ ਆਪਣੇ ਗੋਤ ਵਿੱਚ ਰਹਿੰਦੀ ਹੈ। ਤਾਂ ਉੱਪਰ ਜਿਹੜੀ ਟੂਕ ਦਿੱਤੀ ਗਈ ਹੈ ਉਸ ਅਨੁਸਾਰ ਉਹਦੇ ਪਤੀ ਨੂੰ ਇਹ ਹੱਕ ਹੋਵੇਗਾ ਕਿ ਉਹ ਆਪਣੀ ਪਤਨੀ ਨੂੰ ਉਹਦੇ ਗੋਤ ਤੋਂ ਬਾਹਰ ਵਿਆਹ ਕਰਨ ਦੀ ਆਗਿਆ ਦੇਵੇ। ਅਰਥਾਤ ਉਹਨੂੰ ਇੱਕ ਅਜਿਹੇ ਗੋਤ ਦੇ ਮਾਮਲਿਆਂ ਸਬੰਧੀ ਪ੍ਰਬੰਧ ਕਰਨ ਦਾ ਅਧਿਕਾਰ ਹੋਵੇਗਾ ਜਿਸਦਾ ਉਹ ਆਪ ਹਿੱਸਾ ਨਹੀਂ। ਇਹ ਗੱਲ ਇੰਨੀ ਉੱਕਾ ਹੀ ਤਰਕਹੀਣ ਹੈ ਕਿ ਸਾਨੂੰ ਇਸ ਸਬੰਧੀ ਹੋਰ ਕੁੱਝ ਕਹਿਣ ਦੀ ਲੋੜ ਨਹੀਂ।

ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਕਿ ਇਹ ਮੰਨ ਲਿਆ ਜਾਵੇ ਕਿ ਆਪਣੇ ਪਹਿਲੇ ਵਿਆਹ ਸਮੇਂ ਇਸਤਰੀ ਇੱਕ ਹੋਰ ਗੋਤ ਦੇ ਮਰਦ ਨਾਲ਼ ਵਿਆਹ ਕਰਦੀ ਅਤੇ ਇਉਂ ਬਿਨਾਂ ਕਿਸੇ ਢਿੱਲ ਮੁੱਠ ਦੇ ਉਹਦੇ ਗੋਤ ਵਿੱਚ ਸ਼ਾਮਲ ਹੋ ਜਾਂਦੀ, ਜਿਹੜਾ ਕਿ ਮੋਮਸਨ ਖ਼ੁਦ ਅਜਿਹੀਆਂ ਹਾਲਤਾਂ ਵਿੱਚ ਪ੍ਰਵਾਨ ਕਰਦਾ ਹੈ। ਤਾਂ ਫੇਰ ਸਾਰੇ ਮਾਮਲੇ ਦੀ ਆਪਣੇ ਆਪ ਵਿਆਖਿਆ ਹੋ ਜਾਂਦੀ ਹੈ। ਇਸਤਰੀ ਨੂੰ, ਜਿਹੜੀ ਵਿਆਹ ਕਾਰਨ ਆਪਣੇ ਪੁਰਾਣੇ ਗੋਤ ਤੋਂ ਖੋਹ ਲਈ ਗਈ ਅਤੇ ਆਪਣੇ ਪਤੀ ਦੀ ਗੋਤਰੀ ਟੋਲੀ ਵਿੱਚ ਸ਼ਾਮਲ ਕਰ ਲਈ ਗਈ ਹੈ, ਨਵੇਂ ਗੋਤ ਵਿੱਚ ਇੱਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਉਹ ਹੁਣ ਸਗੋਤਰ ਹੈ ਪਰ ਖ਼ੂਨ ਦੀ ਰਿਸ਼ਤੇਦਾਰ ਨਹੀਂ; ਜਿਸ ਢੰਗ ਨਾਲ਼ ਉਹਨੂੰ ਸ਼ਾਮਲ ਕੀਤਾ ਗਿਆ ਹੈ ਉਹ ਮੁਢ ਤੋਂ ਹੀ ਉਸ ਗੋਤ ਦੇ ਅੰਦਰ ਵਿਆਹ ਦੀ ਪਾਬੰਦੀ ਨੂੰ ਛੇਕ ਦੇਂਦਾ ਹੈ ਜਿਸ ਗੋਤ ਵਿੱਚ ਉਹਨੂੰ ਸ਼ਾਮਲ ਕੀਤਾ ਗਿਆ ਹੈ। ਇਹੋ ਨਹੀਂ, ਉਹਨੂੰ ਗੋਤ ਦੀ ਵਿਆਹ ਟੋਲੀ ਵਿੱਚ ਸ਼ਾਮਲ ਕਰ ਲਿਆ ਗਿਆ ਹੈ ਅਤੇ ਆਪਣੇ ਪਤੀ ਦੀ ਮੌਤ ਉੱਤੇ ਉਹਨੂੰ ਉਹਦੀ ਜਾਇਦਾਦ ਵਿੱਚੋਂ ਕੁੱਝ ਵਿਰਸਾ ਮਿਲਦਾ ਹੈ,ਅਰਥਾਤ, ਗੋਤ ਦੇ ਇੱਕ ਸਾਥੀ ਸਦਸ ਦੀ ਜਾਇਦਾਦ ਦਾ ਹਿੱਸਾ ਮਿਲਦਾ ਹੈ। ਇਸ ਤੋਂ ਵੱਧ ਸੁਭਾਵਕ ਗੱਲ ਕਿਹੜੀ ਹੋ ਸਕਦੀ ਦੇ ਕਿ ਇਹ ਜਾਇਦਾਦ ਗੋਤ ਦੇ ਅੰਦਰ ਰਹੇ ਅਤੇ ਇਹ ਕਿ ਉਹ ਆਪਣੇ ਪਹਿਲੇ ਪਤੀ ਦੇ ਗੋਤ ਦੇ ਅੰਦਰ ਹੀ ਵਿਆਹ ਕਰਨ ’ਤੇ ਮਜਬੂਰ ਹੋਵੇ ਅਤੇ ਕਿਧਰੇ ਹੋਰ ਥਾਂ ਨਹੀਂ ? ਪਰ ਜੇ ਇਸ ਵਿੱਚ ਛੋਟ ਕੀਤੀ ਹੀ ਜਾਣੀ ਹੈ ਤਾਂ ਜਿਸ ਮਨੁੱਖ ਨੇ ਉਹਨੂੰ ਆਪਣੀ ਜਾਇਦਾਦ ਵਿਰਸੇ ਵਿੱਚ ਦਿੱਤੀ ਹੈ, ਉਹਦੇ ਪਹਿਲੇ ਪਤੀ, ਤੋਂ ਵੱਧ ਕੌਣ ਅਜਿਹਾ ਕਰਨ ਦੇ ਯੋਗ ਹੈ ? ਜਿਸ ਸਮੇਂ ਉਹਨੇ ਆਪਣੀ ਜਾਇਦਾਦ ਦਾ ਇੱਕ ਹਿੱਸਾ ਉਹਨੂੰ ਵਿਰਸੇ ਵਿੱਚ ਦਿੱਤਾ ਅਤੇ ਉਹਦੇ ਨਾਲ਼ ਹੀ ਨਾਲ਼ ਉਹਨੂੰ ਇਹ ਜਾਇਦਾਦ ਵਿਆਹ ਰਾਹੀਂ ਜਾਂ ਵਿਆਹ ਦੇ ਸਿੱਟੇ ਵਜੋਂ ਕਿਸੇ ਹੋਰ ਗੋਤ ਵਿੱਚ ਮੁੰਤਕਿਲ ਕਰਨ ਦਾ ਅਖ਼ਤਿਆਰ ਦਿੱਤਾ, ਉਹ ਅਜੇ ਇਸ ਜਾਇਦਾਦ ਦਾ ਮਾਲਕ ਸੀ; ਸੋ ਅਸਲ ਵਿੱਚ ਉਹ ਆਪਣੀ ਹੀ ਜਾਇਦਾਦ ਦੀ ਸਪੁਰਦਗੀ ਕਰ ਰਿਹਾ ਸੀ। ਜਿਥੋਂ ਤੱਕ ਇਸਤਰੀ ਅਤੇ ਪਤੀ ਦੇ ਗੋਤ ਨਾਲ਼ ਉਹਦੇ ਸਬੰਧਾਂ ਦਾ ਸਬੰਧ ਹੈ, ਇਹ ਪਤੀ ਹੀ ਸੀ, ਜਿਸਨੇ ਆਪਣੀ ਆਜ਼ਾਦ ਇੱਛਾ ਦੇ ਅਮਲ—ਵਿਆਹ—ਰਾਹੀਂ ਉਹਨੂੰ ਆਪਣੇ ਗੋਤ ਵਿੱਚ ਸ਼ਾਮਲ ਕੀਤਾ। ਸੋ, ਇਹ ਵੀ ਐਨ ਸੁਭਾਵਕ ਜਾਪਦਾ ਹੈ, ਉਹੋ ਉਹਨੂੰ ਇੱਕ ਹੋਰ ਵਿਆਹ ਰਾਹੀਂ ਇਹਨੂੰ ਛੱਡ ਦੇਣ ਦੀ

ਆਗਿਆ ਦੇਣ ਵਾਲ਼ਾ ਯੋਗ ਮਨੁੱਖ ਹੋਵੇ। ਮੁੱਕਦੀ ਗੱਲ, ਜਿਉਂ ਹੀ ਅਸੀਂ ਰੋਮ ਦੇ ਸਗੋਤਰ ਗੋਤ ਦੇ ਅਜੀਬ ਵਿਚਾਰ ਤਿਆਗ ਦੇਂਦੇ ਹਾਂ ਅਤੇ, ਮਾਰਗਨ ਨਾਲ਼, ਇਹਦਾ ਮੁੱਢ ਤੋਂ ਗੋਤਾਂਤਰ ਹੋਣਾ ਮੰਨ ਲੈਂਦੇ ਹਾਂ, ਤਾਂ ਸਾਰਾ ਮਾਮਲਾ ਅਤਿ-ਅੰਤ ਸਾਦਾ ਅਤੇ ਸਪਸ਼ਟ ਹੋ ਜਾਂਦਾ ਹੈ।

ਅੰਤ ਵਿੱਚ, ਅਜੇ ਇੱਕ ਹੋਰ ਵਿਚਾਰ ਵੀ ਹੈ, ਜਿਸ ਨੂੰ ਸਭ ਤੋਂ ਵੱਧ ਹਾਮੀ ਮਿਲੇ ਹਨ, ਅਰਥਾਤ, ਕਿ ਲਿਵੀ ਦੀ ਇਸ ਟੂਕ ਦੇ ਅਰਥ ਕੇਵਲ ਇਹ ਹਨ ਕਿ,

> "ਆਜ਼ਾਦ ਕੀਤੀਆਂ ਗ਼ੁਲਾਮ ਕੁੜੀਆਂ (libertae) ਵਿਸ਼ੇਸ਼ ਆਗਿਆ ਤੋਂ ਬਿਨਾਂ, e gente enubere ਵਿਆਹ (ਗੋਤ ਤੋਂ ਬਾਹਰ ਵਿਆਹ) ਨਹੀਂ ਕਰ ਸਕਦੀਆਂ ਜਾਂ ਕੋਈ ਅਜਿਹਾ ਕਦਮ ਨਹੀਂ ਚੁੱਕ ਸਕਦੀਆਂ ਜਿਸਦਾ ਸਬੰਧ capitis deminutio minima* ਨਾਲ਼ ਹੋਣ ਕਾਰਨ ਉਸਦਾ ਸਿੱਟਾ liberta (ਆਜ਼ਾਦ ਹੋਈ ਗ਼ੁਲਾਮ ਕੁੜੀ) ਦੇ ਗੋਤ ਵਿੱਚੋਂ ਨਿਕਲ਼ ਜਾਣ ਦੇ ਰੂਪ ਵਿੱਚ ਨਿਕਲੇ।" (ਲੈਂਗੇ, "ਰੋਮਨਾਂ ਦੇ ਪ੍ਰਾਚੀਨ ਰਿਵਾਜ", ਬਰਲਿਨ 1856, ਸੈਂਚੀ 1, ਪੰਨਾ 195**, ਜਿਥੇ ਲਿਵੀ ਦੀ ਟੂਕ ਉੱਤੇ ਹੁਸ਼ਕੇ ਦੇ ਸਬੰਧ ਵਿੱਚ ਟਿੱਪਣੀ ਕੀਤੀ ਗਈ ਹੈ।

ਜੇ ਇਹ ਵਿਚਾਰ ਠੀਕ ਹੈ ਤਾਂ ਇਸ ਟੂਕ ਦਾ ਰੋਮ ਦੀਆਂ ਆਜ਼ਾਦ ਇਸਤਰੀਆਂ ਦੇ ਦਰਜੇ ਨਾਲ਼ ਹੋਰ ਵੀ ਘੱਟ ਸਬੰਧ ਹੈ ਅਤੇ ਇਸ ਲਈ ਉਹਨਾਂ ਦੇ ਗੋਤ ਦੇ ਅੰਦਰ ਵਿਆਹ ਕਰਨ ਉੱਤੇ ਮਜਬੂਰ ਹੋਣ ਦੀ ਗੱਲ ਕਰਨ ਲਈ ਹੋਰ ਵੀ ਘੱਟ ਆਧਾਰ ਹੈ।

enuptio gentis ਦਾ ਵਾਕੰਸ਼ ਇਸ ਇੱਕੋ ਇੱਕ ਟੋਟਕੇ ਵਿੱਚ ਮਿਲਦਾ ਹੈ ਅਤੇ ਰੋਮ ਦੇ ਸਮੁੱਚੇ ਸਾਹਿਤ ਵਿੱਚ ਕਿਧਰੇ ਇਹ ਨਹੀਂ ਮਿਲਦਾ। ਸ਼ਬਦ enubere, ਬਾਹਰ ਵਿਆਹ ਕਰਨਾ, ਕੇਵਲ ਤਿੰਨ ਵਾਰ ਮਿਲਦਾ ਹੈ, ਉਹ ਵੀ ਲਿਵੀ ਵਿੱਚ ਅਤੇ ਗੋਤ ਦੇ ਸਬੰਧ ਵਿੱਚ ਨਹੀਂ। ਇਹ ਅਚੰਭਾਜਨਕ ਵਿਚਾਰ ਕਿ ਰੋਮ ਦੀਆਂ ਇਸਤਰੀਆਂ ਨੂੰ ਕੇਵਲ ਆਪਣੇ ਗੋਤ ਵਿੱਚ ਹੀ ਵਿਆਹ ਕਰਨ ਦੀ ਆਗਿਆ ਸੀ, ਇਸ ਇਕੱਲੇ ਟੋਟਕੇ ਕਾਰਨ ਹੋਂਦ ਵਿੱਚ ਆਇਆ ਪਰ ਕਿਸੇ ਵੀ ਤਰ੍ਹਾਂ ਇਹਦੀ ਹਮਾਇਤ ਨਹੀਂ ਕੀਤੀ ਜਾ ਸਕਦੀ ਕਿਉਂਕਿ ਜਾਂ ਤਾਂ ਇਸ ਟੋਟਕੇ ਦਾ ਸਬੰਧ ਆਜ਼ਾਦ ਕੀਤੀਆਂ ਗ਼ੁਲਾਮ ਇਸਤਰੀਆਂ ਉੱਤੇ ਲੱਗੀਆਂ ਵਿਸ਼ੇਸ਼ ਰੋਕਾਂ ਨਾਲ਼ ਹੈ, ਜਿਸ ਹਾਲਤ ਵਿੱਚ ਇਹ ਆਜ਼ਾਦ ਪੈਦਾ ਹੋਈਆਂ ਇਸਤਰੀਆਂ (ingenuae) ਸਬੰਧੀ ਕੁੱਝ ਸਾਬਤ ਨਹੀਂ ਕਰਦਾ; ਜਾਂ ਇਹ ਆਜ਼ਾਦ ਪੈਦਾ ਹੋਈਆਂ ਇਸਤਰੀਆਂ ਉੱਤੇ ਵੀ ਲਾਗੂ ਹੁੰਦਾ ਹੈ, ਜਿਸ ਹਾਲਤ ਵਿੱਚ ਇਹ ਸਗੋਂ ਸਾਬਤ ਕਰਦਾ ਹੈ ਕਿ ਇਸਤਰੀਆਂ ਆਮ ਤੌਰ 'ਤੇ ਆਪਣੇ ਗੋਤ ਤੋਂ ਬਾਹਰ ਵਿਆਹ ਕਰਦੀਆਂ, ਆਪਣੇ ਵਿਆਹ ਕਾਰਨ ਉਹ ਆਪਣੇ ਪਤੀ ਦੇ ਗੋਤ ਵਿੱਚ ਮੁੰਤਕਿਲ ਹੋ ਜਾਂਦੀਆਂ। ਇਸ ਲਈ ਇਹ ਮੋਮਸਨ ਦੇ ਵਿਰੁੱਧ ਅਤੇ ਮਾਰਗਨ ਦੇ ਹੱਕ ਵਿੱਚ ਜਾਂਦਾ ਹੈ।

---

* ਪਰਿਵਾਰਕ ਹੱਕਾਂ ਨੂੰ ਘੱਟ ਤੋਂ ਘੱਟ ਹਾਨੀ। **—ਸੰਪਾ.**

** R^mische Alteth¸mer, Bd. I, Berlin, 1856, S. 195. **—ਸੰਪਾ.**

ਰੋਮ ਦੀ ਸਥਾਪਤੀ ਤੋਂ ਲਗਭਗ ਤਿੰਨ ਸੌ ਵਰ੍ਹੇ ਪਿੱਛੋਂ ਗੋਤਰੀ ਕੜੀਆਂ ਅਜੇ ਇੰਨੀਆਂ ਮਜ਼ਬੂਤ ਸਨ ਕਿ ਇੱਕ ਕੁਲੀਨ ਗੋਤ, ਫ਼ੇਬੀਅਨ, ਸੈਨੇਟ ਦੀ ਆਗਿਆ ਨਾਲ਼ ਇੱਕ ਗਵਾਂਢਲੇ ਸ਼ਹਿਰ ਵੇਈ ਵਿਰੁੱਧ ਮੁਹਿੰਮ ਚੜ੍ਹਾ ਸਕਿਆ। ਦੱਸਿਆ ਜਾਂਦਾ ਹੈ ਕਿ ਤਿੰਨ ਸੌ ਛੇ ਫ਼ੇਬੀਅਨਾਂ ਨੇ ਚੜ੍ਹਾਈ ਕੀਤੀ ਅਤੇ ਇੱਕ ਛਹਿੜ ਕੇ ਕੀਤੇ ਹਮਲੇ ਵਿੱਚ ਮਾਰੇ ਗਏ। ਇਕੋ ਇੱਕ ਮੁੰਡਾ ਜਿਹੜਾ ਪਿੱਛੇ ਰਹਿ ਗਿਆ, ਉਹਨੇ ਗੋਤ ਦੀ ਕੁੱਲ ਵਧਾਈ।

ਜਿਹਾ ਕਿ ਅਸੀਂ ਕਿਹਾ ਹੈ ਦਸ ਗੋਤ ਇਕ ਬਰਾਦਰੀ ਬਣਦੇ ਸਨ ਜਿਨ੍ਹਾਂ ਨੂੰ curia (ਕਿਊਰੀਆ) ਕਿਹਾ ਜਾਂਦਾ ਸੀ ਅਤੇ ਜਿਸਨੂੰ ਯੂਨਾਨੀ ਬਰਾਦਰੀ ਨਾਲ਼ੋਂ ਵਧੇਰੇ ਮਹੱਤਵ-ਪੂਰਨ ਕਾਰਜ ਸੌਂਪੇ ਜਾਂਦੇ ਸਨ। ਹਰ curia ਦੇ ਆਪਣੇ ਧਾਰਮਿਕ ਰਿਵਾਜ, ਪਵਿੱਤਰ ਯਾਦਗਾਰਾਂ ਅਤੇ ਪੁਜਾਰੀ ਹੁੰਦੇ ਸਨ। ਇਹ ਪਿਛਲੇਰੇ ਇਕੱਠੇ ਰੂਪ ਵਿੱਚ ਰੋਮ ਦੇ ਪੁਜਾਰੀਆਂ ਦਾ ਇੱਕ ਸਮੂਹ ਬਣਦੇ ਸਨ। ਦਸ curiae ਮਿਲ ਕੇ ਇੱਕ ਕਬੀਲਾ ਬਣਦੇ ਸਨ ਜਿਸਦਾ ਸ਼ਾਇਦ, ਬਾਕੀ ਦੇ ਲਾਤੀਨੀ ਕਬੀਲਿਆਂ ਵਾਂਗ, ਮੁੱਢ ਵਿੱਚ ਆਪਣਾ ਚੁਣਿਆ ਮੁਖੀ ਹੁੰਦਾ ਸੀ-ਯੁੱਧ ਵਿੱਚ ਆਗੂ ਅਤੇ ਉੱਚ ਪੁਜਾਰੀ। ਤਿੰਨ ਕਬੀਲੇ ਮਿਲ ਕੇ ਰੋਮ ਦੀ ਜਨਤਾ ਬਣਦੇ ਸਨ:— populus romanus।

ਸੋ ਕੇਵਲ ਉਹੋ ਲੋਕ ਰੋਮ ਦੇ ਲੋਕਾਂ ਦਾ ਹਿੱਸਾ ਬਣ ਸਕਦੇ ਸਨ ਜਿਹੜੇ ਕਿਸੇ ਗੋਤ ਦਾ ਅਤੇ ਇਉਂ ਕਿਸੇ curia (ਬਰਾਦਰੀ) ਅਤੇ ਕਬੀਲੇ ਦਾ ਅੰਗ ਸਨ। ਲੋਕਾਂ ਦੀ ਪਹਿਲੀ ਪ੍ਰਣਾਲੀ ਇਸ ਪ੍ਰਕਾਰ ਸੀ। ਸਰਵਜਨਕ ਮਾਮਲੇ ਸੈਨੇਟ ਚਲਾਉਂਦੀ ਸੀ, ਜਿਹੜੀ, ਜਿਹਾ ਕਿ ਸਭ ਤੋਂ ਪਹਿਲਾਂ ਨੀਬੂਹਰ ਨੇ ਠੀਕ ਤਰ੍ਹਾਂ ਕਿਹਾ, ਤਿੰਨ ਸੌ ਗੋਤਾਂ ਦੇ ਮੁਖੀਆਂ ਤੋਂ ਬਣਦੀ ਸੀ; ਗੋਤਾਂ ਦੇ ਮੁਖੀਆਂ ਦੇ ਤੌਰ 'ਤੇ ਉਹਨਾਂ ਨੂੰ ਪਿਤਾ, patres ਕਿਹਾ ਜਾਂਦਾ ਸੀ ਅਤੇ ਇੱਕ ਸਮੂਹ ਦੇ ਤੌਰ 'ਤੇ ਸੈਨੇਟ (ਵਡੇਰਿਆਂ ਦੀ ਪ੍ਰੀਸ਼ਦ, Senex, ਬੁੱਢੇ, ਤੋਂ)। ਇਥੇ ਵੀ ਹਰ ਗੋਤ ਵਿੱਚ ਇਕੋ ਟੱਬਰ ਵਿੱਚੋਂ ਬੰਦਿਆਂ ਦੀ ਰਿਵਾਜੀ ਚੋਣ ਨੇ ਪਹਿਲੀ ਜੱਦੀ ਰਾਠਸ਼ਾਹੀ ਨੂੰ ਜਨਮ ਦਿੱਤਾ। ਇਹ ਟੱਬਰ ਆਪਣੇ ਆਪ ਨੂੰ ਕੁਲੀਨ ਕਹਿੰਦੇ ਅਤੇ ਸੈਨੇਟ ਵਿੱਚ ਥਾਵਾਂ ਅਤੇ ਹੋਰਨਾਂ ਸਭਨਾਂ ਪਦਵੀਆਂ ਉੱਤੇ ਅਨੰਨ ਹੱਕ ਦਾ ਦਾਅਵਾ ਕਰਦੇ। ਇਹ ਤੱਥ ਕਿ ਸਮਾਂ ਪਾ ਕੇ ਲੋਕਾਂ ਨੇ ਇਹ ਦਾਅਵਾ ਪ੍ਰਵਾਨ ਕਰ ਲਿਆ ਤਾਂ ਜੁ ਇਹ ਇੱਕ ਯਥਾਰਥਕ ਹੱਕ ਬਣ ਗਿਆ, ਇਸ ਪੁਰਾਣਕ ਕਥਾ ਵਿੱਚ ਪ੍ਰਗਟ ਹੁੰਦਾ ਹੈ ਕਿ ਰੋਮੂਲਸ ਨੇ ਪਹਿਲੇ ਸੈਨੇਟਰਾਂ ਅਤੇ ਉਹਨਾਂ ਦੀ ਪੀੜ੍ਹੀ ਨੂੰ ਕੁਲੀਨਾਂ ਦੀ ਪਦਵੀ ਅਤੇ ਇਹਦੇ ਵਿਸ਼ੇਸ਼-ਅਧਿਕਾਰ ਦਿੱਤੇ। ਏਥਨਜ਼ ਦੇ boulÍ ਵਾਂਗ ਹੀ ਸੈਨੇਟ ਨੂੰ ਅਨੇਕ ਮਾਮਲਿਆਂ ਦਾ ਫ਼ੈਸਲਾ ਕਰਨ ਅਤੇ ਵਧੇਰੇ ਮਹੱਤਵ-ਪੂਰਨ ਮਾਮਲਿਆਂ, ਵਿਸ਼ੇਸ਼ ਤੌਰ 'ਤੇ ਨਵੇਂ ਕਾਨੂੰਨਾਂ 'ਤੇ ਮੁੱਢਲੀ ਵਿਚਾਰ ਕਰਨ ਦਾ ਹੱਕ ਸੀ। ਇਹਨਾਂ ਦਾ ਫ਼ੈਸਲਾ ਜਨਤਕ ਇਕੱਠ ਰਾਹੀਂ ਹੁੰਦਾ ਜਿਸਨੂੰ comitia curiata (curiae ਦਾ ਇਕੱਠ) ਕਿਹਾ ਜਾਂਦਾ। ਇਕੱਠੇ ਹੋਏ ਲੋਕ curiae ਅਨੁਸਾਰ ਜੁੜਦੇ ਹਰ curia ਵਿੱਚ ਸ਼ਾਇਦ ਗੋਤਾਂ ਅਨੁਸਾਰ ਅਤੇ ਪ੍ਰਸ਼ਨਾਂ ਦਾ ਨਿਰਣਾ ਕਰਨ ਲਈ ਤੀਹ curiae ਵਿੱਚੋਂ ਹਰ ਇੱਕ ਨੂੰ ਇੱਕ ਵੋਟ ਪ੍ਰਾਪਤ ਸੀ। curiae ਦਾ ਇਕੱਠ ਕਾਨੂੰਨ ਪ੍ਰਵਾਨ ਜਾਂ ਅਪ੍ਰਵਾਨ ਕਰਦਾ ਅਤੇ rex (ਅਖੌਤੀ ਬਾਦਸ਼ਾਹ) ਸਮੇਤ ਸਾਰੇ ਉਚੇਰੇ ਅਧਿਕਾਰੀਆਂ ਨੂੰ ਚੁਣਦਾ, ਯੁੱਧ

ਦਾ ਐਲਾਨ ਕਰਦਾ (ਪਰ ਅਮਨ ਦਾ ਸਮਝੌਤਾ ਸੈਨੇਟ ਕਰਦੀ), ਅਤੇ ਸਰਵਉੱਚ ਅਦਾਲਤ ਵਜੋਂ, ਧਿਰਾਂ ਦੀ ਬੇਨਤੀ ਉੱਤੇ, ਰੋਮ ਦੇ ਸ਼ਹਿਰੀਆਂ ਸਬੰਧੀ ਅਜਿਹੇ ਸਭਨਾਂ ਮਾਮਲਿਆਂ ਦਾ ਨਿਰਣਾ ਕਰਦਾ ਜਿਨ੍ਹਾਂ ਵਿੱਚ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਸੀ। ਅੰਤ ਵਿੱਚ, ਜਨਤਕ ਇਕੱਠ ਅਤੇ ਸੈਨੇਟ ਦੇ ਨਾਲ਼ ਹੀ ਨਾਲ਼ rex ਸੀ, ਜਿਹੜਾ ਐਨ ਯੂਨਾਨੀ basileus ਦਾ ਅਨੁਸਾਰੀ ਹੈ ਅਤੇ ਕਿਸੇ ਵੀ ਤਰ੍ਹਾਂ ਉਹੋ ਜਿਹਾ ਨਿਹਕੇਵਲ ਬਾਦਸ਼ਾਹ ਨਹੀਂ ਸੀ ਜਿਹੋ ਜਿਹਾ ਮੋਮਸਨ ਨੇ ਉਹਨੂੰ ਪੇਸ਼ ਕੀਤਾ ਹੈ।* rex ਫ਼ੌਜੀ ਕਮਾਂਡਰ, ਉੱਚ ਪੁਜਾਰੀ ਅਤੇ ਕੁੱਝ ਅਦਾਲਤਾਂ ਦਾ ਸਭਾ-ਪਤੀ ਅਧਿਕਾਰੀ ਵੀ ਸੀ। ਉਹਦੇ ਕੋਈ ਗ਼ੈਰ-ਫ਼ੌਜੀ ਕਾਰਜ ਜਾਂ ਸ਼ਹਿਰੀਆਂ ਦੇ ਜੀਵਨ, ਆਜ਼ਾਦੀ ਅਤੇ ਜਾਇਦਾਦ ਉੱਤੇ ਕਿਸੇ ਤਰ੍ਹਾਂ ਦੇ ਕੋਈ ਹੱਕ ਨਹੀਂ ਸਨ, ਸਿਵਾਏ ਉਹਨਾਂ ਦੇ ਜਿਹੜੇ ਫ਼ੌਜੀ ਕਮਾਂਡਰ ਵਜੋਂ ਅਨੁਸ਼ਾਸਨ ਕਾਇਮ ਰੱਖਣ ਦੇ ਅਧਿਕਾਰ ਜਾਂ ਅਦਾਲਤ ਦੇ ਸਭਾ-ਪਤੀ ਅਧਿਕਾਰੀ ਵੱਜੋਂ ਸਜ਼ਾ ਅਮਲ ਵਿੱਚ ਲਿਆਉਣ ਦੇ ਅਧਿਕਾਰ ਤੋਂ ਪੈਦਾ ਹੁੰਦੇ ਸਨ। Rex ਦੀ ਪਦਵੀ ਜੱਦੀ ਨਹੀਂ ਸੀ; ਇਹਦੇ ਉਲਟ ਉਹ ਪਹਿਲਾਂ, ਸ਼ਾਇਦ ਆਪਣੇ ਤੋਂ ਪਹਿਲੇ ਦੀ ਸਫ਼ਾਰਸ਼ ਉੱਤੇ, curiae ਦੇ ਇਕੱਠ ਵੱਲੋਂ ਚੁਣਿਆ ਜਾਂਦਾ ਸੀ ਅਤੇ ਫੇਰ ਦੂਜੇ ਇਕੱਠ ਵੱਲੋਂ ਵਿਧੀ ਅਨੁਸਾਰ ਅਧਿਕਾਰ-ਸੰਪਨ ਕੀਤਾ ਜਾਂਦਾ ਸੀ। ਇਹ ਗੱਲ ਕਿ ਉਹਨੂੰ ਹਟਾਇਆ ਜਾ ਸਕਦਾ ਸੀ ਟਾਰਕੁਈਨੀਅਸ ਸੁਪਰਬਸ ਦੀ ਹੋਣੀ ਤੋਂ ਸਪਸ਼ਟ ਹੈ।

ਸੂਰਮਾ ਯੁੱਗ ਦੇ ਯੂਨਾਨੀਆਂ ਵਾਂਗ ਅਖੌਤੀ ਬਾਦਸ਼ਾਹਾਂ ਦੇ ਸਮੇਂ ਵਿੱਚ ਰੋਮ-ਵਾਸੀ ਇੱਕ ਫ਼ੌਜੀ ਗਣ-ਰਾਜ ਵਿੱਚ ਰਹਿ ਰਹੇ ਸਨ ਜਿਹੜਾ ਗੋਤਾਂ, ਬਰਾਦਰੀਆਂ ਅਤੇ ਕਬੀਲਿਆਂ ਉੱਤੇ ਆਧਾਰਤ ਸੀ, ਜਿਨ੍ਹਾਂ ਤੋਂ ਇਹ ਵਿਕਸਤ ਹੋਇਆ। ਭਾਵੇਂ curiae ਅਤੇ ਕਬੀਲੇ ਕੁੱਝ ਹੱਦ ਤੱਕ ਨਕਲੀ ਬਣਤਰਾਂ ਹੋ ਸਕਦੇ ਹਨ, ਉਹ ਸਮਾਜ ਦੇ ਉਹਨਾਂ ਅਸਲੀ ਅਤੇ ਸੁਭਾਵਕ ਨਮੂਨਿਆਂ ਅਨੁਸਾਰ ਢਾਲ਼ੇ ਗਏ ਸਨ ਜਿਨ੍ਹਾਂ ਤੋਂ ਉਹਨਾਂ ਦਾ ਆਦਿ ਹੋਇਆ ਅਤੇ ਜਿਨ੍ਹਾਂ ਅਜੇ ਤੱਕ ਉਹਨਾਂ ਨੂੰ ਸਭਨਾਂ ਪਾਸਿਆਂ ਤੋਂ ਘੇਰਿਆ ਹੋਇਆ ਸੀ ਅਤੇ ਭਾਵੇਂ ਸੁਭਾਵਕ ਤੌਰ 'ਤੇ ਵਿਕਸਤ ਹੋਈ ਰਾਠ-ਸ਼ਾਹੀ ਨੇ ਪਹਿਲਾਂ ਹੀ ਪੈਰ ਜਮਾ ਲਏ ਸਨ, ਭਾਵੇਂ reges (ਬਾਦਸ਼ਾਹ,

---

* ਲਾਤੀਨੀ ਵਿੱਚ rex ਕੈਲਟਿਕ-ਆਇਰਲੈਂਡੀ righ (ਕਬੀਲੇ ਦਾ ਮੁਖੀ) ਅਤੇ ਗੋਥਕ reiks ਦੇ ਬਰਾਬਰ ਹੈ। ਅਰਥਾਤ ਸਾਡੇ (ਜਰਮਨ—**ਅਨੁ.**) F¸rst (ਅੰਗ੍ਰਜ਼ੀ first ਅਤੇ ਡੈਨਮਾਰਕ ਦੇ f˜rste, ਪਹਿਲਾ) ਵਾਂਗ ਇਹ ਮੁੱਢ ਵਿੱਚ ਗੋਤਰੀ ਜਾਂ ਕਬਾਇਲੀ ਮੁਖੀ ਦਾ ਲਖਾਇਕ ਸੀ, ਇਸ ਗੱਲੋਂ ਸਪਸ਼ਟ ਹੈ ਕਿ ਚੌਥੀ ਸਦੀ ਵਿੱਚ ਹੀ ਗੋਥਾਂ ਵਿੱਚ ਪਿੱਛੋਂ ਦੇ ਸਮਿਆਂ ਦੇ ਬਾਦਸ਼ਾਹ ਲਈ ਇੱਕ ਵਿਸ਼ੇਸ਼ ਸ਼ਬਦ ਸੀ, ਸਮੁੱਚੇ ਲੋਕਾਂ ਦਾ ਫ਼ੌਜੀ ਮੁਖੀ, ਅਰਥਾਤ, thiudans (ਥਿਉਡਾਨਜ਼)। ਉਲਫ਼ਿਲਾ ਨੇ ਬਾਈਬਲ ਦਾ ਜਿਹੜਾ ਅਨੁਵਾਦ ਕੀਤਾ ਹੈ ਉਸ ਵਿੱਚ ਅਰਤਾਕਸੇਰਜ਼ਜ਼ੇ ਅਤੇ ਹੈਰੋਡ ਨੂੰ ਕਦੇ reiks ਨਹੀਂ ਕਿਹਾ ਜਾਂਦਾ ਸਗੋਂ thiudans ਕਿਹਾ ਜਾਂਦਾ ਹੈ ਅਤੇ ਸ਼ਹਿਨਸ਼ਾਹ ਟਿਬਰਅਸ ਦੀ ਸਲਤਨਤ ਨੂੰ reiki ਨਹੀਂ ਸਗੋਂ thiudinassus ਕਿਹਾ ਗਿਆ ਹੈ। ਗੋਥਕ thiudans, ਜਾਂ ਬਾਦਸ਼ਾਹ ਦੇ ਨਾਵਾਂ ਵਿੱਚ, ਜਿਵੇਂ ਅਸੀਂ ਉਹਦਾ ਅਸ਼ੁੱਧ ਅਨੁਵਾਦ ਕਰਦੇ ਹਾਂ, ਥਿਉਡਾਰੀਕਸ, ਥਿਓਡੋਰਿਚ, ਅਰਥਾਤ, ਡੀਟਰਿਚ, ਦੋਵੇਂ ਨਾਂ ਇਕੱਠੇ ਵਹਿੰਦੇ ਹਨ।

ਬਹੁ-ਵਚਨ—**ਅਨੁ**.) ਹੌਲ਼ੀ ਹੌਲ਼ੀ ਆਪਣੇ ਅਧਿਕਾਰਾਂ ਦਾ ਘੇਰਾ ਵਧਾਉਣ ਦਾ ਯਤਨ ਕਰਦੇ—ਇਸ ਨਾਲ਼ ਪ੍ਰਣਾਲੀ ਦਾ ਮੂਲ ਅਤੇ ਬੁਨਿਆਦੀ ਖ਼ਾਸਾ ਤਬਦੀਲ ਨਹੀਂ ਹੁੰਦਾ ਅਤੇ ਕੇਵਲ ਇਸੇ ਗੱਲ ਦਾ ਮੁੱਲ ਹੈ।

ਇੱਚਰ, ਰੋਮ ਸ਼ਹਿਰ ਅਤੇ ਰੋਮ ਦੇ ਇਲਾਕੇ ਦੀ , ਜਿਹੜਾ ਜਿੱਤਾਂ ਰਾਹੀਂ ਵਧਾਇਆ ਗਿਆ ਸੀ, ਵਸੋਂ ਵਧੀ, ਜੁਜ਼ਵੀ ਤੌਰ ’ਤੇ ਆਵਾਸ ਰਾਹੀਂ ਅਤੇ ਜੁਜ਼ਵੀ ਤੌਰ ’ਤੇ ਅਧੀਨ ਬਣਾਏ, ਵਧੇਰੇ ਲਾਤੀਨੀ ਜ਼ਿਲਿਆਂ ਦੇ ਵਸਨੀਕਾਂ ਰਾਹੀਂ ਅਤੇ ਇਹ ਨਵੀਂ ਪਰਜਾ, (ਅਸੀਂ ਫ਼ਿਲਹਾਲ ਆਸਾਮੀਆਂ ਦਾ ਸਵਾਲ ਛੱਡ ਦੇਂਦੇ ਹਾਂ) ਪੁਰਾਣੇ ਗੋਤਾਂ, curiae ਅਤੇ ਕਬੀਲਿਆਂ ਤੋਂ ਬਾਹਰ ਸੀ ਅਤੇ ਇਸ ਲਈ populus romanus, ਖ਼ੁਦ ਰੋਮ ਦੇ ਲੋਕਾਂ, ਦਾ ਹਿੱਸਾ ਨਹੀਂ ਸੀ। ਉਹ ਨਿੱਜੀ ਤੌਰ ’ਤੇ ਆਜ਼ਾਦ ਸਨ, ਭੌਂ ਦੇ ਮਾਲਕ ਬਣ ਸਕਦੇ ਸਨ, ਉਹਨਾਂ ਨੂੰ ਟੈਕਸ ਦੇਣੇ ਪੈਂਦੇ ਸਨ ਅਤੇ ਉਹਨਾਂ ਤੋਂ ਫ਼ੌਜੀ ਸੇਵਾ ਲਈ ਜਾ ਸਕਦੀ ਸੀ। ਪਰ ਉਹ ਅਧਿਕਾਰੀ ਨਹੀਂ ਸਨ ਬਣ ਸਕਦੇ ਅਤੇ ਨਾ ਹੀ curiae ਦੇ ਇਕੱਠ ਵਿੱਚ ਅਤੇ ਨਾ ਹੀ ਜਿੱਤੀ ਰਾਜਕੀ ਭੌਂ ਦੀ ਵੰਡ ਵਿੱਚ ਹਿੱਸਾ ਲੈ ਸਕਦੇ ਸਨ। ਉਹ ਲੰਡੀ-ਬੁੱਚੀ ਬਣਦੇ ਸਨ, ਜਿਹੜੇ ਕੁਲ ਸਰਵਜਨਕ ਹੱਕਾਂ ਤੋਂ ਵਿਰਵੇ ਸਨ। ਆਪਣੀ ਲਗਾਤਰ ਵੱਧ ਰਹੀ ਗਿਣਤੀ ਕਾਰਨ, ਆਪਣੀ ਫ਼ੌਜੀ ਸਿੱਖਿਆ ਅਤੇ ਹਥਿਆਰਾਂ ਕਾਰਨ ਉਹ ਪੁਰਾਣੀ populus ਲਈ, ਜਿਸਨੇ ਆਪਣੀਆਂ ਸਫ਼ਾਂ ਕਿਸੇ ਵੀ ਵਾਧੇ ਵਿਰੁੱਧ ਹਵਾ-ਬੰਦ ਤੌਰ ’ਤੇ ਜੋੜ ਲਈਆਂ ਸਨ, ਇੱਕ ਖ਼ਤਰਾ ਸਨ। ਨਾਲ਼ੇ ਜਾਪਦਾ ਹੈ ਕਿ ਭੌਂ populus ਅਤੇ ਲੰਡੀ-ਬੁੱਚੀ ਵਿਚਕਾਰ ਚੋਖੀ ਸਾਵੀਂ ਤਰ੍ਹਾਂ ਵੰਡੀ ਹੋਈ ਸੀ, ਜਿਥੇ ਕਿ ਵਪਾਰਕ ਅਤੇ ਸਨਅਤੀ ਦੌਲਤ, ਜਿਹੜੀ ਅਜੇ ਕੋਈ ਬਹੁਤ ਵੱਡੀ ਨਹੀਂ ਸੀ, ਮੁੱਖ ਤੌਰ ’ਤੇ ਲੰਡੀ-ਬੁੱਚੀ ਦੇ ਹੱਥ ਵਿੱਚ ਹੋ ਸਕਦੀ ਹੈ।

ਉਸ ਉੱਕਾ ਹੀ ਹਨੇਰੇ ਨੂੰ ਮੁੱਖ ਰੱਖਦਿਆਂ ਜਿਸਨੇ ਰੋਮ ਦੇ ਇਤਿਹਾਸਕ ਆਦਿ ਨੂੰ ਘੇਰਿਆ ਹੋਇਆ ਹੈ—ਇੱਕ ਅਜਿਹਾ ਹਨੇਰਾ ਜਿਹੜਾ ਪਿੱਛੋਂ ਆਏ ਕਾਨੂੰਨੀ ਸਿੱਖਿਆ ਪ੍ਰਾਪਤ ਲੇਖਕਾਂ ਵੱਲੋਂ, ਜਿਨ੍ਹਾਂ ਦੀਆਂ ਕਿਰਤਾਂ ਸਾਡੇ ਲਈ ਸੋਮਿਆਂ ਦਾ ਕੰਮ ਦੇਂਦੀਆਂ ਹਨ, ਵਿਆਖਿਆ ਦੇ ਤਰਕਵਾਦੀ-ਯਥਾਰਥਕ ਯਤਨਾਂ ਕਾਰਨ ਡੂੰਘੇਰਾ ਹੋ ਗਿਆ ਹੈ—ਉਸ ਇਨਕਲਾਬ ਦੇ ਸਮੇਂ, ਰੌਂ ਅਤੇ ਕਾਰਨਾਂ ਸਬੰਧੀ ਕੁੱਝ ਕਹਿਣਾ ਅਸੰਭਵ ਹੈ, ਜਿਸਨੇ ਪੁਰਾਣੀ ਗੋਤਰੀ ਪ੍ਰਣਾਲੀ ਦਾ ਅੰਤ ਕੀਤਾ। ਇੱਕੋ ਇੱਕ ਗੱਲ ਜਿਸ ਸਬੰਧੀ ਅਸੀਂ ਨਿਸ਼ਚੇ ਨਾਲ਼ ਗੱਲ ਕਰ ਸਕਦੇ ਹਾਂ ਉਹ ਇਹ ਹੈ ਕਿ ਇਹਦੇ ਕਾਰਨ ਲੰਡੀ-ਬੁੱਚੀ ਅਤੇ popu;us ਵਿਚਕਾਰ ਟੱਕਰਾਂ ਵਿੱਚ ਸਨ।

ਨਵੀਂ ਪ੍ਰਣਾਲ਼ੀ ਨੇ, ਜਿਸਦਾ ਕਰਤਾ rex ਸਰਵੀਅਸ ਤੁਲੀਅਸ ਨੂੰ ਦੱਸਿਆ ਜਾਂਦਾ ਹੈ ਅਤੇ ਜਿਹੜੀ ਯੂਨਾਨੀ ਨਮੂਨੇ ਉੱਤੇ, ਖ਼ਾਸ ਤੌਰ ’ਤੇ ਸੋਲੋਨ ਉੱਤੇ ਇੱਕ ਅਜਿਹੀ ਜਨਤਕ ਸਭਾ ਸਥਾਪਤ ਕੀਤੀ ਜਿਸ ਵਿੱਚ ਸਭੇ, populus ਅਤੇ ਲੰਡੀ-ਬੁੱਚੀ, ਇਸ ਅਨੁਸਾਰ ਸ਼ਾਮਲ ਸਨ ਜਾਂ ਛੇਕੇ ਹੋਏ ਸਨ ਕਿ ਉਹ ਫ਼ੌਜੀ ਸੇਵਾ ਕਰਦੇ ਹਨ ਜਾਂ ਨਹੀਂ। ਉਹ ਸਾਰੀ ਵਸੋਂ ਜਿਸ ਤੋਂ ਫ਼ੌਜੀ ਸੇਵਾ ਮੰਗੀ ਜਾ ਸਕਦੀ ਸੀ, ਦੌਲਤ ਅਨੁਸਾਰ ਛੇ ਵਰਗਾਂ ਵਿੱਚ ਵੰਡੀ ਗਈ। ਪਹਿਲੇ ਪੰਜ ਵਰਗਾਂ ਵਿੱਚ ਸ਼ਾਮਲ ਹੋਣ ਲਈ ਘੱਟੋ ਘੱਟ ਲੋੜੀਂਦੀ ਜਾਇਦਾਦ

ਕ੍ਰਮਵਾਰ ਇਹ ਸੀ: I—1,00,000 ਆਸੇ; II—75,000 ਆਸੇ; III—50,000 ਆਸੇ; IV—25,000 ਆਸੇ; V—11,000 ਆਸੇ; ਜੋ ਦੂਰੀਉ ਦ ਲਾ ਮਾਲੇ ਅਨੁਸਾਰ ਕ੍ਰਮਵਾਰ ਲਗ ਭਗ 14,000, 10,500, 7,000, 3,600 ਅਤੇ 1,570 ਮਾਰਕ ਦੇ ਬਰਾਬਰ ਹੈ। ਛੇਵਾਂ ਵਰਗ, ਪ੍ਰੋਲੇਤਾਰੀ, ਉਹ ਲੋਕ ਸਨ, ਜਿਨ੍ਹਾਂ ਕੋਲ਼ ਇਸ ਤੋਂ ਘੱਟ ਮਿਲਖ ਸੀ ਅਤੇ ਜਿਹੜੇ ਫ਼ੌਜੀ ਸੇਵਾ ਅਤੇ ਟੈਕਸ ਦੇਣ ਤੋਂ ਮੁਕਤ ਸਨ। centuriae (ਸੈਂਕੜਿਆਂ —**ਅਨੁ.**) ਦੇ ਨਵੇਂ ਇਕੱਠ (comitia centuriata) ਵਿੱਚ ਸ਼ਹਿਰੀ ਫ਼ੌਜੀਆਂ ਵਾਂਗ ਸਫ਼ਾਂ ਬਣਾਉਂਦੇ, ਇਕ ਸੌ (centuria) ਦੇ ਇਕੱਠ ਵਿੱਚ ਅਤੇ ਹਰ (centuria) ਦਾ ਇੱਕ ਵੋਟ ਹੁੰਦਾ। ਪਹਿਲਾ ਵਰਗ ਖੇਤਰ ਵਿੱਚ 80 ਸੈਂਕੜੇ ਲਿਆਉਂਦਾ, ਦੂਜਾ 22, ਤੀਜਾ 20, ਚੌਥਾ 22, ਪੰਜਵਾਂ 30 ਅਤੇ ਛੇਵਾਂ, ਰੱਖ-ਰਖਾਅ ਲਈ, ਇੱਕ। ਇਹਨਾਂ ਵਿੱਚ ਸਭ ਤੋਂ ਵੱਧ ਅਮੀਰ ਲੋਕਾਂ ਦੇ ਘੁੜ-ਸਵਾਰਾਂ ਦੇ 18 centuriae ਦਾ ਵਾਧਾ ਕੀਤਾ ਜਾਂਦਾ; ਕੁਲ 183। ਬਹੁ-ਗਿਣਤੀ ਲਈ 97 ਵੋਟਾਂ ਦੀ ਲੋੜ ਸੀ। ਪਰ ਘੁੜ-ਸਵਾਰਾਂ ਅਤੇ ਪਹਿਲੇ ਵਰਗ ਕੋਲ਼ 98 ਵੋਟਾਂ ਸਨ, ਸੋ ਉਹ ਬਹੁ-ਗਿਣਤੀ ਸਨ; ਜਦੋਂ ਉਹ ਇਕੱਠੇ ਹੁੰਦੇ ਤਾਂ ਯੋਗ ਨਿਰਣੇ ਹੋਰਨਾਂ ਵਰਗਾਂ ਤੋਂ ਪੁੱਛੇ ਬਿਨਾਂ ਵੀ ਕਰ ਲਏ ਜਾਂਦੇ।

Centuriae ਦੇ ਇਸ ਨਵੇਂ ਇਕੱਠ ਨੂੰ curiae ਦੇ ਪਹਿਲੀਆਂ ਦੇ ਇਕੱਠ ਦੇ ਸਭੇ ਰਾਜਸੀ ਹੱਕ (ਕੁੱਝ ਨਾਂ ਮਾਤਰ ਨੂੰ ਛੱਡ ਕੇ) ਮਿਲ ਗਏ; curiae ਅਤੇ ਉਹਨਾਂ ਨੂੰ ਬਣਾਉਣ ਵਾਲ਼ੇ ਗੋਤ ਕੇਵਲ ਨਿੱਜੀ ਅਤੇ ਧਾਰਮਿਕ ਸਭਾਵਾਂ ਦੀ ਹੱਦ ਤੱਕ ਡੇਗ ਦਿੱਤੇ ਗਏ, ਜਿਹਾ ਕਿ ਏਥਨਜ਼ ਵਿਖੇ ਹੋਇਆ ਸੀ ਅਤੇ ਇਸ ਹਾਲਤ ਵਿੱਚ ਉਹ ਲੰਮੇ ਸਮੇਂ ਤੱਕ ਪਏ ਪਏ ਜਿਉਂਦੇ ਰਹੇ, ਜਿਥੇ ਕਿ curiae ਦੇ ਇਕੱਠ ਛੇਤੀ ਹੀ ਭੁੱਲੀ ਵਿਸਰੀ ਗੱਲ ਬਣ ਗਏ। ਰਾਜ ਵਿੱਚੋਂ ਤਿੰਨ ਪੁਰਾਣੇ ਗੋਤਰੀ ਕਬੀਲਿਆਂ ਨੂੰ ਵੀ ਕੱਢਣ ਲਈ, ਉਹਨਾਂ ਦੀ ਥਾਂ ਚਾਰ ਇਲਾਕਾਈ ਕਬੀਲੇ ਕਾਇਮ ਕੀਤੇ ਗਏ, ਜਿਨ੍ਹਾਂ ਵਿੱਚ ਹਰ ਇੱਕ ਸ਼ਹਿਰ ਦੇ ਚੌਥੇ ਹਿੱਸੇ ਵਿੱਚ ਵਸਦਾ ਸੀ ਅਤੇ ਉਹਨੂੰ ਕੁੱਝ ਰਾਜਸੀ ਹੱਕ ਪ੍ਰਾਪਤ ਸਨ।

ਸੋ ਰੋਮ ਵਿੱਚ ਵੀ ਖ਼ੂਨ ਦੇ ਨਿੱਜੀ ਰਿਸ਼ਤਿਆਂ ਉੱਤੇ ਆਧਾਰਤ ਪੁਰਾਣੀ ਸਮਾਜੀ ਬਣਤਰ ਅਖੌਤੀ ਬਾਦਸ਼ਾਹੀ ਦੇ ਅੰਤ ਤੋਂ ਪਹਿਲਾਂ ਹੀ ਤਬਾਹ ਕਰ ਦਿੱਤੀ ਗਈ ਅਤੇ ਇਹਦੀ ਥਾਂ ਇੱਕ ਨਵੀਂ ਪ੍ਰਣਾਲੀ ਨੇ, ਇਲਾਕਾਈ ਵੰਡ ਅਤੇ ਦੌਲਤ ਦੇ ਵਖਰੇਵੇਂ ਉੱਤੇ ਆਧਾਰਤ ਪ੍ਰਣਾਲੀ, ਇੱਕ ਅਸਲੀ ਰਾਜਸੀ ਪ੍ਰਣਾਲੀ ਨੇ ਲੈ ਲਈ। ਇੱਥੇ ਸਰਵਜਨਕ ਸ਼ਕਤੀ ਉਹਨਾਂ ਸ਼ਹਿਰੀਆਂ ਉੱਤੇ ਆਧਾਰਤ ਸੀ ਜਿਨ੍ਹਾਂ ਤੋਂ ਫ਼ੌਜੀ ਸੇਵਾ ਮੰਗੀ ਜਾ ਸਕਦੀ ਸੀ ਅਤੇ ਇਹਦਾ ਰੁੱਖ ਕੇਵਲ ਗ਼ੁਲਾਮਾਂ ਵਿਰੁੱਧ ਨਹੀਂ ਸੀ ਸਗੋਂ ਅਖੌਤੀ ਪ੍ਰੋਲੇਤਾਰੀਆਂ ਵਿਰੁੱਧ ਵੀ ਸੀ, ਜਿਨ੍ਹਾਂ ਨੂੰ ਫ਼ੌਜੀ ਸੇਵਾ ਅਤੇ ਹਥਿਆਰ ਰੱਖਣ ਦੇ ਹੱਕ ਤੋਂ ਵੱਖ ਰੱਖਿਆ ਗਿਆ ਸੀ।

ਅਖ਼ੀਰੀ rex ਟਾਰਕੁਈਨੀਅਸ ਸੁਪਰਬਸ ਦੇ, ਜਿਸਨੇ ਸੱਚ ਮੁੱਚ ਸ਼ਾਹੀ ਸੱਤ੍ਹਾ ਹਥਿਆ ਲਈ ਸੀ, ਕੱਢੇ ਜਾਣ ਪਿੱਛੋਂ ਨਵੀਂ ਪ੍ਰਣਾਲੀ ਨੂੰ ਹੋਰ ਵਿਕਸਤ ਹੀ ਕੀਤਾ ਗਿਆ ਅਤੇ rex ਦੀ ਥਾਂ ਦੋ ਫ਼ੌਜੀ ਕਮਾਂਡਰ (ਕੌਂਸਲ) ਥਾਪੇ ਗਏ ਜਿਨ੍ਹਾਂ ਦੇ ਅਧਿਕਾਰ ਬਰਾਬਰ ਸਨ (ਜਿਵੇਂ ਇਰਾਕੁਈਆਂ ਵਿੱਚ ਸੀ)। ਇਸ ਪ੍ਰਣਾਲੀ ਦੇ ਅੰਦਰ ਪਦਾਂ ਉੱਤੇ ਨਿਯੁਕਤੀ ਅਤੇ

ਰਾਜਕੀ ਭੋਂ ਵਿੱਚ ਹਿੱਸੇ ਲਈ ਕੁਲੀਨਾਂ ਅਤੇ ਲੰਡੀ-ਬੁੱਚੀ ਵਿਚਕਾਰ ਘੋਲ਼ ਸਮੇਤ ਰੋਮ ਦੇ ਗਣ-ਰਾਜ ਦਾ ਕੁੱਲ ਇਤਿਹਾਸ ਚਲਦਾ ਹੈ; ਅਤੇ ਕੁਲੀਨ ਰਾਠਸ਼ਾਹੀ ਦਾ ਅੰਤ ਵੱਡੇ ਭੋਂ ਅਤੇ ਪੈਸੇ ਦੇ ਮਾਲਕਾਂ ਵਿੱਚ ਅੰਤ ਹੋਣਾ, ਜਿਨ੍ਹਾਂ ਹੌਲ਼ੀ ਹੌਲ਼ੀ ਫ਼ੌਜੀ ਸੇਵਾ ਕਾਰਨ ਉੱਜੜੀ ਕਿਸਾਨੀ ਦੀ ਸਾਰੀ ਭੋਂ 'ਤੇ ਕਬਜ਼ਾ ਕਰ ਲਿਆ, ਇਉਂ ਕਾਇਮ ਹੋਏ ਵੱਡੇ ਵੱਡੇ ਇਲਾਕਿਆਂ ਉੱਤੇ ਗ਼ੁਲਾਮਾਂ ਦੀ ਸਹਾਇਤਾ ਨਾਲ਼ ਵਾਹੀ ਕੀਤੀ, ਇਉਂ ਇਟਲੀ ਦੀ ਵਸੋਂ ਉਜਾੜ ਦਿੱਤੀ ਅਤੇ ਨਾ ਕੇਵਲ ਸ਼ਹਿਨਸ਼ਾਹੀ ਹਕੂਮਤ ਲਈ ਸਗੋਂ ਇਹਦੇ ਵਾਰਸਾਂ, ਜਰਮਨ ਜਾਹਲਾਂ, ਲਈ ਵੀ ਦਰ ਖੋਲ੍ਹ ਦਿੱਤੇ।

# VII

## ਗੋਤ ਕੈਲਟਾਂ ਅਤੇ ਜਰਮਨਾਂ ਵਿੱਚ

ਥਾਂ ਦੀ ਘਾਟ ਕਾਰਨ ਅਸੀਂ ਉਹਨਾਂ ਗੋਤਰੀ ਸੰਸਥਾਵਾਂ ਨੂੰ ਨਹੀਂ ਲੈ ਸਕਦੇ ਜਿਹੜੀਆਂ ਘੱਟ ਜਾਂ ਵੱਧ ਖ਼ਾਲਸ ਰੂਪ ਵਿੱਚ ਅਜੋਕੇ ਅਤਿ-ਅੰਤ ਭਿੰਨ ਭਿੰਨ ਵਹਿਸ਼ੀ ਅਤੇ ਜਾਹਲ ਲੋਕਾਂ ਵਿੱਚ ਮਿਲਦੀਆਂ ਹਨ; ਜਾਂ ਅਜਿਹੀਆਂ ਸੰਸਥਾਵਾਂ ਦੀ ਰਹਿੰਦ-ਖੂੰਹਦ ਨੂੰ ਨਹੀਂ ਲੈ ਸਕਦੇ ਜਿਹੜੀਆਂ ਏਸ਼ੀਆ ਦੀਆਂ ਸਭਿਆ ਕੌਮਾਂ ਦੇ ਪ੍ਰਾਚੀਨ ਇਤਿਹਾਸ ਵਿੱਚ ਮਿਲਦੀਆਂ ਹਨ। ਇੱਕ ਜਾਂ ਦੂਜੇ ਨੂੰ ਅਸੀਂ ਹਰ ਥਾਂ ਵੇਖਦੇ ਹਾਂ। ਕੁੱਝ ਮਿਸਾਲਾਂ ਕਾਫ਼ੀ ਹਨ: ਗੋਤ ਦੇ ਪਛਾਣੇ ਜਾਣ ਤੋਂ ਪਹਿਲਾਂ ਵੀ ਜਿਸ ਮਨੁੱਖ ਨੇ ਇਹਨੂੰ ਗ਼ਲਤ ਢੰਗ ਨਾਲ਼ ਸਮਝਣ ਲਈ ਸਭ ਤੋਂ ਵੱਧ ਮਿਹਨਤ ਕੀਤੀ, ਮੈਕਲੇਨਨ ਨੇ, ਇਹਦੇ ਵੱਲ ਸੰਕੇਤ ਕੀਤਾ ਸੀ ਅਤੇ ਇਹਦੀ ਮੁੱਖ ਰੂਪ-ਰੇਖਾ ਬਿਆਨ ਕੀਤੀ ਸੀ, ਉਹਨੇ ਕਲਮਾਕਾਂ, ਸਿਰਕਾਸੀਆਂ, ਸੋਏਦਾਂ* ਅਤੇ ਤਿੰਨ ਹਿੰਦੁਸਤਾਨੀ ਲੋਕਾਂ: ਵਰਲੀਆਂ, ਮਗਰਾਂ ਅਤੇ ਮਨੀਪੁਰੀਆਂ ਵਿੱਚ ਇਸ ਸੰਸਥਾ ਦੀ ਹੋਂਦ ਸਬੰਧੀ ਲਿਖਿਆ। ਪਿੱਛੇ ਜਿਹੇ ਮ. ਕੋਵਾਲੇਵਸਕੀ ਨੇ, ਜਿਸਨੇ ਪਸ਼ਾਵਾਂ, ਖੇਵਸੁਰਾ, ਸਵਾਨੇਤੀਆਂ ਅਤੇ ਕਾਕੇਸ਼ੀਆ ਦੇ ਹੋਰਨਾਂ ਕਬੀਲਿਆਂ ਵਿੱਚ ਇਹਨੂੰ ਲੱਭਿਆ, ਇਹਨੂੰ ਬਿਆਨ ਕੀਤਾ। ਇੱਥੇ ਅਸੀਂ ਆਪਣੇ ਆਪ ਨੂੰ ਕੈਲਟਾਂ ਅਤੇ ਜਰਮਨਾਂ ਵਿੱਚ ਗੋਤ ਦੀ ਹੋਂਦ ਸਬੰਧੀ ਕੁੱਝ ਸੰਖੇਪ ਗੱਲਾਂ ਕਹਿਣ ਤੱਕ ਸੀਮਤ ਰਖਾਂਗੇ।

ਜਿਹੜੇ ਸਭ ਤੋਂ ਪੁਰਾਣੇ ਕੈਲਟ ਕਾਨੂੰਨ ਸਾਡੇ ਸਮੇਂ ਤੱਕ ਆਪੜੇ ਹਨ ਉਹ ਪ੍ਰਗਟ ਕਰਦੇ ਹਨ ਕਿ ਗੋਤ ਆਪਣੇ ਪੂਰੇ ਬਲ ਨਾਲ਼ ਪ੍ਰਚਲਤ ਹੈ। ਆਇਰਲੈਂਡ ਵਿੱਚ, ਅੰਗ੍ਰੇਜ਼ਾਂ ਵੱਲੋਂ ਇਹਨੂੰ ਜਬਰ ਨਾਲ਼ ਉਡਾ ਦੇਣ ਤੋਂ ਪਿੱਛੋਂ, ਇਹ ਘੱਟੋ ਘੱਟ ਅਨੁਭਵੀ ਤੌਰ 'ਤੇ, ਜਨਤਾ ਦੇ ਮਨ ਵਿੱਚ ਅੱਜ ਤੱਕ ਜਿਉਂਦਾ ਹੈ। ਸਕਾਟਲੈਂਡ ਵਿੱਚ ਇਹ ਪਿਛਲੀ ਸਦੀ ਦੇ ਮੱਧ ਤੱਕ ਪੂਰੇ ਖੇੜੇ 'ਤੇ ਸੀ ਅਤੇ ਇਥੇ ਵੀ, ਇਹ ਅੰਗ੍ਰੇਜ਼ਾਂ ਦੇ ਹਥਿਆਰਾਂ, ਕਾਨੂੰਨਾਂ ਅਤੇ ਅਦਾਲਤਾਂ ਅੱਗੇ ਹੀ ਝੁੱਕਿਆ।

ਵੇਲਜ਼ ਦੇ ਪੁਰਾਣੇ ਕਾਨੂੰਨ, ਜਿਹੜੇ ਅੰਗ੍ਰੇਜ਼ਾਂ ਦੀ ਜਿੱਤ[31] ਤੋਂ ਕਈ ਸਦੀਆਂ ਪਹਿਲਾਂ, ਗਿਆਰਵੀਂ ਸਦੀ ਤੋਂ ਪਿੱਛੋਂ ਨਹੀਂ, ਲਿਖੇ ਗਏ, ਅਜੇ ਤੱਕ ਸਮੁੱਚੇ ਪਿੰਡਾਂ ਦੀ ਸਾਂਝੀ

* ਨੈਨਤਸੀ ਲਈ ਪੁਰਾਣਾ ਨਾਂ। **—ਸੰਪਾ.**

ਵਾਹੀ ਖੇਤੀ ਨੂੰ ਪ੍ਰਗਟ ਕਰਦੇ ਹਨ, ਭਾਵੇਂ ਕੇਵਲ ਛੋਟਾਂ ਦੇ ਤੌਰ 'ਤੇ ਹੀ ਅਤੇ ਪਹਿਲੀਆਂ ਦੇ ਸਰਬ-ਵਰਤੀ ਰਿਵਾਜ ਦੀ ਰਹਿੰਦ-ਖੂੰਹਦ ਵਜੋਂ ਹੀ। ਹਰ ਟੱਬਰ ਨੂੰ ਆਪਣੀ ਵਾਹੀ ਲਈ ਪੰਜ ਏਕੜ ਮਿਲਦੇ ਸਨ; ਇਹਦੇ ਨਾਲ਼ ਹੀ ਨਾਲ਼ ਇੱਕ ਹੋਰ ਖਾਤਾ ਸਾਂਝੇ ਤੌਰ 'ਤੇ ਵਾਹਿਆ ਜਾਂਦਾ ਸੀ ਅਤੇ ਇਹਦੀ ਉਪਜ ਵੰਡ ਲਈ ਜਾਂਦੀ ਸੀ। ਆਇਰਲੈਂਡ ਅਤੇ ਸਕਾਟਲੈਂਡ ਦੀਆਂ ਮਿਸਾਲਾਂ ਤੋਂ ਨਿਰਣਾ ਕਰਦੇ ਹੋਏ ਇਸ ਸਬੰਧੀ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਇਹ ਪੇਂਡੂ ਭਾਈਚਾਰੇ ਗੋਤਾਂ ਜਾਂ ਗੋਤਾਂ ਦੇ ਕੁੱਝ ਜਿਮਨੀ ਹਿੱਸੇ ਹਨ, ਭਾਵੇਂ ਵੇਲਜ਼ ਦੇ ਕਾਨੂੰਨਾਂ ਦੀ ਮੁੜ-ਖੋਜ, ਜਿਹੜੀ ਮੈਂ ਸਮੇਂ ਦੀ ਥੁੜ ਕਾਰਨ ਹੱਥ ਵਿੱਚ ਨਹੀਂ ਲੈ ਸਕਦਾ (ਮੇਰੇ ਨੋਟ 1869[32] ਤੱਕ ਦੇ ਹਨ), ਇਹਦੀ ਸਿੱਧੀ ਤਸਦੀਕ ਨਹੀਂ ਕਰੇਗੀ। ਪਰ ਜਿਹੜੀ ਗੱਲ ਵੇਲਜ਼ ਦੇ ਸੋਮੇ ਅਤੇ ਆਇਰਲੈਂਡ ਦੇ ਵੀ, ਸਿੱਧੀ ਤਰ੍ਹਾਂ ਸਾਬਤ ਕਰਦੇ ਹਨ ਉਹ ਇਹ ਹੈ ਕਿ ਗਿਆਰਵੀਂ ਸਦੀ ਵਿੱਚ ਕੈਲਟਾਂ ਵਿੱਚ ਜੋੜੇ ਟੱਬਰ ਨੇ ਅਜੇ ਕਿਸੇ ਤਰ੍ਹਾਂ ਇੱਕ-ਪਤੀ ਇੱਕ-ਪਤਨੀ ਟੱਬਰ ਨੂੰ ਥਾਂ ਨਹੀਂ ਸੀ ਦੇ ਦਿੱਤੀ। ਵੇਲਜ਼ ਵਿੱਚ ਵਿਆਹ ਅਟੁੱਟ ਨਾ ਹੋਇਆ, ਜਾਂ ਘੱਟੋ ਘੱਟ ਸੱਤ ਵਰ੍ਹੇ ਲੰਘ ਜਾਣ ਤੱਕ ਟੁੱਟਣ ਦੇ ਨੋਟਸ ਤੋਂ ਮੁਕਤ ਨਾ ਹੋਇਆ। ਜੇ ਸੱਤ ਵਰ੍ਹੇ ਪੂਰੇ ਹੋਣ ਵਿੱਚ ਤਿੰਨ ਰਾਤਾਂ ਵੀ ਬਾਕੀ ਰਹਿੰਦੀਆਂ ਹੋਣ ਤਾਂ ਵਿਆਹੁਤਾ ਜੋੜੀ ਵੱਖ ਹੋ ਸਕਦੀ ਸੀ। ਫੇਰ ਉਹਨਾਂ ਦੀ ਜਾਇਦਾਦ ਉਹਨਾਂ ਵਿੱਚ ਵੰਡ ਦਿੱਤੀ ਜਾਂਦੀ। ਇਸਤਰੀ ਹਿੱਸੇ ਕਰਦੀ ਅਤੇ ਮਰਦ ਚੋਣ ਕਰਦਾ। ਫ਼ਰਨੀਚਰ ਕੁੱਝ ਬੜੇ ਹਸਾਉਣੇ ਨਿਯਮਾਂ ਅਨੁਸਾਰ ਵੰਡਿਆ ਜਾਂਦਾ। ਜੇ ਵਿਆਹ ਮਰਦ ਤੋੜਦਾ ਤਾਂ ਉਹਨੂੰ ਇਸਤਰੀ ਦਾ ਦਾਜ ਅਤੇ ਕੁੱਝ ਹੋਰ ਚੀਜ਼ਾਂ ਮੋੜਨੀਆਂ ਪੈਂਦੀਆਂ; ਜੇ ਇਸਤਰੀ ਵੱਖ ਹੋਣਾ ਲੋੜਦੀ ਤਾਂ ਉਹਨੂੰ ਘੱਟ ਹਿੱਸਾ ਮਿਲਦਾ। ਬੱਚਿਆਂ ਵਿੱਚੋਂ ਮਰਦ ਨੂੰ ਦੋ ਮਿਲਦੇ ਅਤੇ ਇਸਤਰੀ ਨੂੰ ਇੱਕ, ਅਰਥਾਤ, ਵਿਚਕਾਰਲਾ। ਜੇ ਇਸਤਰੀ ਤਲਾਕ ਤੋਂ ਪਿੱਛੋਂ ਮੁੜ ਵਿਆਹ ਕਰ ਲੈਂਦੀ ਅਤੇ ਉਹਦਾ ਪਹਿਲਾ ਪਤੀ ਉਹਨੂੰ ਵਾਪਸ ਲੈ ਆਉਂਦਾ ਤਾਂ ਉਹ ਉਹਦੇ ਪਿੱਛੇ ਆਉਣ 'ਤੇ ਮਜਬੂਰ ਸੀ, ਭਾਵੇਂ ਉਹਦੀ ਇੱਕ ਲੱਤ **ਪਹਿਲਾਂ ਹੀ** ਨਵੇਂ ਪਤੀ ਦੇ ਮੰਜੇ 'ਤੇ ਕਿਉਂ ਨਾ ਹੋਵੇ। ਪਰ ਜੇ ਦੋ ਜੀਅ ਸੱਤ ਵਰ੍ਹੇ ਇਕੱਠੇ ਰਹੇ ਹੋਣ ਤਾਂ ਉਹਨਾਂ ਨੂੰ ਰਸਮੀ ਵਿਆਹ ਦੀਆਂ ਰੀਤਾਂ ਤੋਂ ਬਿਨਾਂ ਹੀ ਪਤੀ ਪਤਨੀ ਸਮਝਿਆ ਜਾਂਦਾ ਸੀ। ਵਿਆਹ ਤੋਂ ਪਹਿਲਾਂ ਕੁੜੀਆਂ ਸਖ਼ਤੀ ਨਾਲ਼ ਕੁਆਰ ਕਾਇਮ ਨਾ ਰਖਦੀਆਂ, ਨਾ ਹੀ ਇਹਦੀ ਮੰਗ ਕੀਤੀ ਜਾਂਦੀ; ਇਸ ਵਿਸ਼ੇ ਸਬੰਧੀ ਨਿਯਮ ਅਤਿ-ਅੰਤ ਤੁੱਛ ਖ਼ਾਸੇ ਵਾਲ਼ੇ ਹਨ ਅਤੇ ਕੁੱਲ ਬੁਰਜੂਆ ਸਦਾਚਾਰ ਦੇ ਵਿਰੁੱਧ ਜਾਂਦੇ ਹਨ। ਜੇ ਕੋਈ ਇਸਤਰੀ ਵਿਭਚਾਰ ਕਰਦੀ ਤਾਂ ਉਹਦੇ ਪਤੀ ਨੂੰ ਹੱਕ ਸੀ ਕਿ ਉਹ ਉਹਨੂੰ ਕੁੱਟੇ—ਇਹ ਉਹਨਾਂ ਤਿੰਨਾਂ ਹਾਲਤਾਂ ਵਿੱਚੋਂ ਇੱਕ ਸੀ ਜਿਸ ਵਿੱਚ ਉਹ ਸਜ਼ਾ ਦਾ ਦੋਸ਼ੀ ਬਣੇ ਬਿਨਾਂ ਅਜਿਹਾ ਕਰ ਸਕਦਾ ਸੀ—ਪਰ ਇਸ ਤੋਂ ਪਿੱਛੋਂ ਉਹ ਹੋਰ ਤਲਾਫ਼ੀ ਦੀ ਮੰਗ ਨਹੀਂ ਸੀ ਕਰ ਸਕਦਾ, ਕਿਉਂਕਿ

> "ਕਿਸੇ ਜੁਰਮ ਦੀ ਤਲਾਫ਼ੀ ਕੀਤੀ ਜਾ ਸਕਦਾ ਹੈ ਜਾਂ ਬਦਲਾ ਲਿਆ ਜਾ ਸਕਦਾ ਹੈ, ਦੋਵੇਂ ਨਹੀਂ।"[33]

ਜਿਹੜੇ ਕਾਰਨਾਂ ਕਰਕੇ ਇਸਤਰੀ ਆਪਣੇ ਹਿੱਸੇ ਦੇ ਹੱਕਾਂ ਨੂੰ ਨੁਕਸਾਨ ਪੁੱਜੇ ਬਿਨਾਂ ਤਲਾਕ ਮੰਗ ਸਕਦੀ ਸੀ ਬਹੁਤ ਭਿੰਨ ਭਿੰਨ ਕਿਸਮ ਦੇ ਸਨ; ਮਰਦ ਦਾ ਬਦਬੂਦਾਰ

ਸਾਹ ਚੋਖਾ ਕਾਰਨ ਸੀ। ਨਵੀਂ ਵਿਆਹੁਤਾ ਨਾਲ਼ ਪਹਿਲੀ ਰਾਤ ਬਿਤਾਉਣ ਦੇ ਹੱਕ ਦੇ ਬਦਲੇ ਕਬਾਇਲੀ ਮੁਖੀ ਜਾਂ ਬਾਦਸ਼ਾਹ ਨੂੰ ਜਿਹੜੀ ਰਕਮ ਦੇਣੀ ਪੈਂਦੀ ਸੀ gobr merch, (ਜਿਸ ਤੋਂ ਮੱਧ-ਕਾਲ ਦਾ ਨਾਂ marcheta, ਫ਼ਰਾਂਸੀਸੀ marquette ਬਣਿਆ) ਉਹਦਾ ਕਾਨੂੰਨੀ ਸੰਘਤਾ ਵਿੱਚ ਉੱਘਾ ਸਥਾਨ ਹੈ। ਜਨਤਕ ਇਕੱਠਾਂ ਵਿੱਚ ਇਸਤਰੀਆਂ ਨੂੰ ਵੋਟ ਦੇਣ ਦਾ ਹੱਕ ਸੀ। ਇਹਦੇ ਵਿੱਚ ਇਸ ਗੱਲ ਦਾ ਵਾਧਾ ਕਰੋ ਕਿ ਇਹ ਵਿਖਾਇਆ ਗਿਆ ਹੈ ਕਿ ਅਜਿਹੀਆਂ ਹੀ ਪ੍ਰਸਥਿਤੀਆਂ ਦੀ ਆਇਰਲੈਂਡ ਵਿੱਚ ਵੀ ਹੋਂਦ ਰਹੀ ਸੀ; ਕਿ ਉਥੇ ਵੀ ਮਿੱਥੇ ਸਮੇਂ ਲਈ ਵਿਆਹ ਆਮ ਰਿਵਾਜ ਸਨ ਅਤੇ ਇਹ ਕਿ ਵੱਖ ਹੋਣ ਦੀ ਹਾਲਤ ਵਿੱਚ ਇਸਤਰੀਆਂ ਨੂੰ, ਘਰ ਦੇ ਕੰਮਾਂ ਲਈ ਮੁਆਵਜ਼ੇ ਸਮੇਤ, ਉਦਾਰ ਅਤੇ ਚੰਗੀ ਤਰਾਂ ਨਿਰੂਪੇ ਵਿਸ਼ੇਸ਼-ਹੱਕ ਪ੍ਰਾਪਤ ਸਨ; ਕਿ ਹੋਰਨਾਂ ਦੇ ਨਾਲ਼ ਹੀ ਨਾਲ਼ ਮਰਦ ਦੀ ਇੱਕ "ਮੁੱਖ ਪਤਨੀ" ਹੁੰਦੀ ਅਤੇ ਇਹ ਕਿ ਮ੍ਰਿਤਕ ਦੀ ਜਾਇਦਾਦ ਵੰਡਣ ਸਮੇਂ ਜਾਇਜ਼ ਅਤੇ ਨਾਜਾਇਜ਼ ਬੱਚਿਆਂ ਵਿਚਕਾਰ ਕੋਈ ਫ਼ਰਕ ਨਹੀਂ ਸੀ ਕੀਤਾ ਜਾਂਦਾ—ਅਤੇ ਸਾਨੂੰ ਜੋੜੇ ਟੱਬਰ ਦਾ ਇੱਕ ਅਜਿਹਾ ਚਿੱਤਰ ਮਿਲਦਾ ਹੈ ਜਿਸਦੇ ਮੁਕਾਬਲੇ ਉੱਤੇ ਉੱਤਰੀ ਅਮਰੀਕਾ ਵਿੱਚ ਵਿਆਹ ਦਾ ਜਾਇਜ਼ ਰੂਪ ਕਰੜਾ ਜਾਪਦਾ ਹੈ; ਪਰ ਇਹ ਗਿਆਰਵੀਂ ਸਦੀ ਵਿੱਚ ਉਹਨਾਂ ਲੋਕਾਂ ਲਈ ਅਜੀਬ ਨਹੀਂ ਜਿਹੜੇ ਸੀਜ਼ਰ ਦੇ ਜ਼ਮਾਨੇ ਵਿੱਚ ਅਜੇ ਟੋਲੀ ਵਿਆਹ ਪ੍ਰਥਾ ਅਨੁਸਾਰ ਰਹਿ ਰਹੇ ਸਨ।

ਆਇਰਲੈਂਡ ਦੇ ਗੋਤ (sept; ਕਬੀਲੇ ਨੂੰ clainne, ਕਲੈਨ, ਕਿਹਾ ਜਾਂਦਾ ਸੀ) ਦੀ ਨਾ ਕੇਵਲ ਪੁਰਾਣੀਆਂ ਕਾਨੂੰਨੀ ਪੁਸਤਕਾਂ ਹੀ ਸਗੋਂ ਸਤਾਰ੍ਹਵੀਂ ਸਦੀ ਦੇ ਅੰਗ੍ਰੇਜ਼ ਕਾਨੂੰਨਦਾਨ ਵੀ ਤਸਦੀਕ ਕਰਦੇ ਹਨ, ਜਿਨ੍ਹਾਂ ਨੂੰ ਕਬੀਲੇ ਦੀ ਭੋਂ ਨੂੰ ਇੰਗਲੈਂਡ ਦੇ ਬਾਦਸ਼ਾਹ ਦੀ ਮਿਲਖ ਬਣਾਉਣ ਲਈ ਸਮੁੰਦਰ ਪਾਰ ਭੇਜਿਆ ਗਿਆ। ਉਸ ਸਮੇਂ ਤੱਕ ਭੋਂ ਕਬੀਲੇ ਜਾਂ ਗੋਤ ਦੀ ਸਾਂਝੀ ਮਾਲਕੀ ਸੀ, ਸਿਵਾਏ ਉਹਨਾਂ ਹਾਲਤਾਂ ਦੇ ਜਿਥੇ ਮੁਖੀਆਂ ਨੇ ਇਹਨੂੰ ਪਹਿਲਾਂ ਹੀ ਨਿੱਜੀ ਮਾਲਕੀ ਬਣਾ ਲਿਆ ਸੀ। ਜਦੋਂ ਗੋਤ ਦਾ ਕੋਈ ਬੰਦਾ ਮਰ ਜਾਂਦਾ ਅਤੇ ਕਿਸੇ ਟੱਬਰ ਦਾ ਇਉਂ ਅੰਤ ਹੋ ਜਾਂਦਾ, ਤਾਂ ਗੋਤ ਦਾ ਮੁਖੀ (ਜਿਸਨੂੰ ਅੰਗ੍ਰੇਜ਼ ਕਾਨੂੰਨਦਾਨਾਂ ਨੇ caput cognationis ਕਿਹਾ ਹੈ) ਗੋਤ ਦੀ ਸਾਰੀ ਭੋਂ ਨੂੰ ਹੋਰਨਾਂ ਟੱਬਰਾਂ ਵਿੱਚ ਨਵੇਂ ਸਿਰਿਉਂ ਵੰਡਦਾ। ਇਹ ਵੰਡ ਉਹੋ ਜਿਹੇ ਨਿਯਮਾਂ ਅਨੁਸਾਰ ਹੀ ਕੀਤੀ ਜਾਂਦੀ ਹੋਣੀ ਹੈ ਜਿਹੋ ਜਿਹੇ ਜਰਮਨੀ ਵਿੱਚ ਪ੍ਰਚਲਤ ਸਨ। ਅਸੀਂ ਅਜੇ ਵੀ ਕੁੱਝ ਪਿੰਡ ਵੇਖਦੇ ਹਾਂ—ਜਿਨ੍ਹਾਂ ਦੀ ਗਿਣਤੀ ਚਾਲ੍ਹੀ ਜਾਂ ਪੰਜਾਹ ਵਰ੍ਹੇ ਪਹਿਲਾਂ ਬਹੁਤ ਵੱਡੀ ਸੀ—ਜਿਥੇ ਖੇਤ ਅਖੌਤੀ ìrundaleî (ਜਿਸ ਅਨੁਸਾਰ ਹਰ ਇੱਕ ਕਿਸਾਨ ਦੀ ਭੋਂ ਕਈ ਪੱਟੀਆਂ ਵਿੱਚ ਹੁੰਦੀ ਹੈ ਜਿਹੜੀਆਂ ਇੱਕ ਥਾਂ ਨਹੀਂ ਹੁੰਦੀਆਂ—**ਅਨੁ.**) ਅਨੁਸਾਰ ਕਬਜ਼ੇ ਹੇਠ ਹੁੰਦੇ। ਕਿਸਾਨਾਂ ਵਿੱਚੋਂ ਹਰ ਇੱਕ, ਜਿਹੜੇ ਉਸ ਭੋਂ ਉੱਤੇ ਵਿਕੋਲਤ੍ਰੇ ਮੁਜ਼ਾਰੇ ਹਨ ਜਿਹੜੀ ਕਿਸੇ ਸਮੇਂ ਗੋਤ ਦੀ ਸਾਂਝੀ ਮਾਲਕੀ ਸੀ ਪਰ ਜਿਸ ਉੱਤੇ ਅੰਗ੍ਰੇਜ਼ ਜੇਤੂਆਂ ਨੇ ਕਬਜ਼ਾ ਕਰ ਲਿਆ ਹੈ, ਆਪਣੇ ਵਿਸ਼ੇਸ਼ ਖਾਤੇ ਲਈ ਲਗਾਨ ਦੇਂਦਾ ਹੈ, ਪਰ ਸਾਰੀ ਵਾਹੀ-ਯੋਗ ਅਤੇ ਚਰਾਂਦੀ ਭੋਂ ਇਕੱਠੀ ਕਰ ਦਿੱਤੀ ਜਾਂਦੀ ਹੈ ਅਤੇ ਆਪਣੀ ਥਾਂ ਅਤੇ ਸਿਫ਼ਤ ਅਨੁਸਾਰ ਪੱਟੀਆਂ ਵਿੱਚ, ਜਾਂ ਜਿਵੇਂ ਮੋਸਲ ਦੇ ਕੰਢੇ ਕਿਹਾ ਜਾਂਦਾ ਹੈ ìGewanneî ਵਿੱਚ ਵੰਡੀ ਅਤੇ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ, ਅਤੇ ਹਰ ਇੱਕ ਨੂੰ ਹਰ

Gewanne ਦਾ ਇੱਕ ਹਿੱਸਾ ਮਿਲਦਾ ਹੈ। ਬੀਹੜ ਅਤੇ ਚਰਾਂਦਾਂ ਉੱਤੇ ਸਾਂਝਾ ਕਬਜ਼ਾ ਰਹਿੰਦਾ ਹੈ। ਅਜੇ ਪੰਜਾਹ ਸਾਲ ਪਹਿਲਾਂ ਤੱਕ ਮੁੜ-ਵੰਡ ਸਮੇਂ ਸਮੇਂ, ਕਈ ਵਾਰ ਸਾਲਾਨਾ ਕੀਤੀ ਜਾਂਦੀ ਸੀ। ਅਜਿਹੇ rundale ਪਿੰਡਾਂ ਦਾ ਨਕਸ਼ਾ ਮੋਸਲ ਦੇ ਕੰਢੇ ਜਾਂ ਹਾਚਵਾਲਡ ਵਿਖੇ ਜਰਮਨ ਖੇਤੀ ਪਰਿਵਾਰ ਦੇ ਭਾਈਚਾਰੇ (Gehˆ ferschaft) ਜਿਹਾ ਜਾਪਦਾ ਹੈ। ਗੋਤ "ਧੜਿਆਂ" ਵਿੱਚ ਵੀ ਬਾਕੀ ਹੈ। ਆਇਰਲੈਂਡ ਦੇ ਕਿਸਾਨ ਅਕਸਰ ਅਜਿਹੇ ਧੜੇ ਬਣਾ ਲੈਂਦੇ ਹਨ ਜਿਹੜੇ ਉੱਕਾ ਹੀ ਵਾਹੀਆਤ ਅਤੇ ਅਰਥ-ਹੀਣ ਫ਼ਰਕਾਂ ਉੱਤੇ ਆਧਾਰਤ ਜਾਪਦੇ ਹਨ ਅਤੇ ਜਿਹੜੇ ਅੰਗ੍ਰੇਜ਼ਾਂ ਲਈ ਉੱਕਾ ਹੀ ਸਮਝ ਨਾ ਆਉਣ ਵਾਲ਼ੇ ਹੁੰਦੇ ਹਨ। ਜਾਪਦਾ ਹੈ ਕਿ ਇਹਨਾਂ ਧੜਿਆਂ ਦਾ ਇੱਕੋ ਇੱਕ ਮੰਤਵ ਬੜੀ ਗੰਭੀਰਤਾ ਨਾਲ਼ ਇਕ ਦੂਜੇ ਦੀ ਮਿੱਝ ਕਢਣ ਦੀ ਹਰਮਨ-ਪਿਆਰੀ ਖੇਡ ਲਈ ਹਿਮਾਇਤ ਇਕੱਠਾ ਕਰਨਾ ਹੈ। ਇਹ ਤਬਾਹ ਕੀਤੇ ਗਏ ਗੋਤਾਂ ਦੇ ਨਵੇਂ ਅਵਤਾਰ, ਉਹਨਾਂ ਦੀ ਥਾਂ ਨਕਲੀ ਤੌਰ 'ਤੇ ਖੜੇ ਕੀਤੇ ਰੂਪ ਹਨ, ਜਿਹੜੇ ਵਿਰਸੇ ਵਿੱਚ ਮਿਲੀ ਗੋਤਰੀ ਅਨੁਭਵਤਾ ਦੀ ਨਿਰੰਤਰਤਾ ਨੂੰ ਪ੍ਰਗਟ ਕਰਦੇ ਹਨ। ਲਗਦੇ ਹੱਥ, ਕਈ ਇਲਾਕਿਆਂ ਵਿੱਚ ਇੱਕੋ ਗੋਤ ਦੇ ਲੋਕ ਅਜੇ ਵੀ ਉਸ ਥਾਂ ਵਿੱਚ ਇਕੱਠੇ ਰਹਿੰਦੇ ਹਨ ਜਿਹੜੀ ਲਗ ਭਗ ਉਹਨਾਂ ਦਾ ਪੁਰਾਣਾ ਇਲਾਕਾ ਹੈ। ਮਿਸਾਲ ਵਜੋਂ ਚੌਥੇ ਦਹਾਕੇ ਵਿੱਚ ਮੋਨਾਘਾਨ ਦੇ ਇਲਾਕੇ ਵਿੱਚ ਵਸਨੀਕਾਂ ਦੀ ਬਹੁ-ਗਿਣਤੀ ਦੇ ਚਾਰ ਪਰਿਵਾਰਕ ਨਾਂ ਸਨ, ਅਰਥਾਤ, ਉਹ ਚਾਰ ਗੋਤਾਂ ਜਾਂ ਕੁਟੰਬਾਂ ਵਿੱਚੋਂ ਉਪਜੇ ਸਨ।*

ਸਕਾਟਲੈਂਡ ਵਿੱਚ ਗੋਤਰੀ ਬਣਤਰ ਦੀ ਗਿਰਾਵਟ 1745 ਦੀ ਬਗ਼ਾਵਤ[35] ਦਬਾਏ ਜਾਣ ਤੋਂ ਸ਼ੁਰੂ ਹੁੰਦੀ ਹੈ। ਇਸ ਬਣਤਰ ਵਿੱਚ ਸਕਾਟਲੈਂਡ ਦਾ ਕਬੀਲਾ ਐਨ ਕਿਹੜੀ ਕੜੀ ਬਣਦਾ ਹੈ, ਅਜੇ ਇਹਦੀ ਖੋਜ ਹੋਣੀ ਬਾਕੀ ਹੈ; ਪਰ ਨਿਰਸੰਦੇਹ ਕੜੀ ਦੀ ਹੋਂਦ ਹੈ। ਵਾਲਟਰ

---

* ਮੈਂ ਆਇਰਲੈਂਡ ਵਿੱਚ[34] ਜਿਹੜੇ ਥੋੜ੍ਹੇ ਜਿਹੇ ਦਿਨ ਬਿਤਾਏ, ਉਹਨਾਂ ਵਿੱਚ ਮੈਂ ਇੱਕ ਵਾਰ ਫੇਰ ਅਨੁਭਵ ਕੀਤਾ ਕਿ ਪੇਂਡੂ ਵਸੋਂ ਕਿਸ ਹੱਦ ਤੱਕ ਅਜੇ ਵੀ ਗੋਤਰੀ ਵਿਚਾਰਾਂ ਅਨੁਸਾਰ ਰਹਿ ਰਹੀ ਹੈ। ਜਾਗੀਰਦਾਰ ਨੂੰ, ਕਿਸਾਨ ਜਿਸਦਾ ਮੁਜ਼ਾਰਾ ਹੁੰਦਾ ਹੈ, ਕਿਸਾਨ ਅਜੇ ਤੱਕ ਇੱਕ ਤਰ੍ਹਾਂ ਦਾ ਕਬੀਲੇ ਦਾ ਮੁਖੀ ਸਮਝਦਾ ਹੈ, ਜਿਹੜਾ ਸਭਨਾਂ ਦੇ ਹਿੱਤ ਵਿੱਚ ਭੋਂ ਦੀ ਵਾਹੀ ਦੀ ਨਿਗਰਾਨੀ ਕਰਦਾ ਹੈ, ਉਹਨੂੰ ਕਿਸਾਨ ਵਲੋਂ ਲਗਾਨ ਦੇ ਰੂਪ ਵਿੱਚ ਭੇਟਾ ਲੈਣ ਦਾ ਹੱਕ ਹੈ, ਪਰ ਲੋੜ ਦੇ ਸਮੇਂ ਉਹਨੂੰ ਕਿਸਾਨ ਦੀ ਸਹਾਇਤਾ ਵੀ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਜਿਹੜੇ ਲੋਕ ਸਰਦੇ ਪੁਜਦੇ ਹੋਣ, ਇਹ ਉਹਨਾਂ ਦਾ ਫ਼ਰਜ਼ ਸਮਝਿਆ ਜਾਂਦਾ ਹੈ ਕਿ ਜਦੋਂ ਉਹਨਾਂ ਦੇ ਗਰੀਬੜੇ ਗਵਾਂਢੀ ਮਾੜੀ ਹਾਲਤ ਵਿੱਚ ਹੋਣ ਤਾਂ ਉਹ ਉਹਨਾਂ ਦੀ ਸਹਾਇਤਾ ਕਰਨ। ਅਜਿਹੀ ਸਹਾਇਤਾ ਖ਼ੈਰਾਇਤ ਨਹੀਂ; ਇਹ ਤਾਂ ਉਹ ਕੁੱਝ ਹੈ ਜਿਸਦਾ ਕਬੀਲੇ ਦੇ ਗ਼ਰੀਬ ਜੀਅ ਨੂੰ ਹੱਕ ਵਜੋਂ ਆਪਣੇ ਕਬੀਲੇ ਦੇ ਅਮੀਰ ਜੀਅ ਜਾਂ ਕਬੀਲੇ ਦੇ ਮੁਖੀ ਤੋਂ ਪ੍ਰਾਪਤ ਕਰਨ ਦਾ ਹੱਕ ਹੈ। ਇਸ ਤੋਂ ਇਸ ਗੱਲ ਦੀ ਵਿਆਖਿਆ ਹੁੰਦੀ ਹੈ ਕਿ ਕਿਉਂ ਰਾਜਨੀਤਕ ਆਰਥਕਤਾ ਦੇ ਮਾਹਰ ਅਤੇ ਕਾਨੂੰਨਦਾਨ ਆਇਰਲੈਂਡ ਦੇ ਕਿਸਾਨਾਂ ਦੇ ਮਨਾਂ ਵਿੱਚ ਬੁਰਜੂਆ ਜਾਇਦਾਦ ਦਾ ਨਵੀਨ ਵਿਚਾਰ ਭਰਨ ਦੀ ਅਸੰਭਵਤਾ ਦਾ ਰੋਣਾ ਰੋਂਦੇ ਹਨ। ਅਜਿਹੀ ਜਾਇਦਾਦ ਜਿਸ ਦੇ ਕੇਵਲ ਹੱਕ ਹਨ ਅਤੇ ਕੋਈ ਫ਼ਰਜ਼ ਨਹੀਂ ਉੱਕਾ ਹੀ ਆਇਰਲੈਂਡ ਦੇ ਕਿਸਾਨਾਂ ਦੀ ਸੋਚ ਤੋਂ ਬਾਹਰੀ ਹੈ। ਇਸ ਲਈ ਇਹ ਕੋਈ ਹੈਰਾਨੀ ਦੀ ⇨

ਸਕਾਟ ਦੇ ਨਾਵਲ ਸਕਾਟਲੈਂਡ ਦੇ ਪਹਾੜਾਂ ਵਿੱਚ ਕਬੀਲੇ ਨੂੰ ਬੜੇ ਪ੍ਰਤੱਖ ਰੂਪ ਵਿੱਚ ਸਾਡੇ ਸਾਹਮਣੇ ਲਿਆਉਂਦੇ ਹਨ। ਜਿਹਾ ਕਿ ਮਾਰਗਨ ਕਹਿੰਦਾ ਹੈ:

> "ਇਹ ਜਥੇਬੰਦੀ ਅਤੇ ਤੱਤ ਵਿੱਚ ਇੱਕ ਸਾਨਦਾਰ ਕਿਸਮ ਦਾ ਗੋਤ ਹੈ ਅਤੇ ਆਪਣੇ ਜੀਆਂ ਉੱਤੇ ਗੋਤਰੀ ਜੀਵਨ ਦੇ ਬਲ ਦੀ ਅਸਾਧਾਰਨ ਮਿਸਾਲ ਹੈ।...ਉਹਨਾਂ ਦੇ ਹਡ-ਵੈਰਾਂ ਅਤੇ ਕਸਾਮਾਂ ਵਿੱਚ ਭੋਂ ਦੀ ਕਬੀਲਿਆਂ ਅਨੁਸਾਰ ਵੰਡ ਵਿੱਚ, ਉਹਨਾਂ ਦੀ ਭੋਂ ਦੀ ਸਾਂਝੀ ਵਰਤੋਂ ਵਿੱਚ, ਕਬੀਲੇ ਦੇ ਜੀਆਂ ਦੀ ਆਪਣੇ ਮੁਖੀ ਅਤੇ ਕਬੀਲੇ ਦੇ ਜੀਆਂ ਦੀ ਇੱਕ ਦੂਜੇ ਵੱਲ ਵਫ਼ਾਦਾਰੀ ਵਿੱਚ, ਅਸੀਂ ਗੋਤਰੀ ਸਮਾਜ ਦੀਆਂ ਸਾਧਾਰਨ ਅਤੇ ਸਿਰੜੀ ਸਿਫ਼ਤਾਂ ਵੇਖਦੇ ਹਾਂ।... ਉਤਪਤੀ ਨਰਾਂ ਤੋਂ ਸੀ, ਨਰਾਂ ਦੇ ਬੱਚੇ ਕਬੀਲੇ ਵਿੱਚ ਰਹਿੰਦੇ ਪਰ ਇਹਦੇ ਮਦੀਨ ਜੀਆਂ ਦੇ ਬੱਚੇ ਆਪੋ ਆਪਣੇ ਪਿਤਾਵਾਂ ਦੇ ਕਬੀਲਿਆਂ ਦੇ ਜੀਅ ਬਣ ਜਾਂਦੇ।"*

ਇਹ ਤੱਥ ਕਿ ਸਕਾਟਲੈਂਡ ਦੇ ਲੋਕਾਂ ਵਿੱਚ ਮਾਤਰੀ ਹੱਕ ਪਹਿਲੀਆਂ ਵਿੱਚ ਪ੍ਰਚਲਤ ਸੀ, ਪਿਕਟਾਂ ਦੇ ਸ਼ਾਹੀ ਪਰਿਵਾਰ ਤੋਂ ਸਾਬਤ ਹੁੰਦਾ ਹੈ, ਬੀਡ ਅਨੁਸਾਰ ਜਿਨ੍ਹਾਂ ਵਿੱਚ ਵਿਰਾਸਤ ਮਦੀਨ ਲੀਹ ਅਨੁਸਾਰ ਪ੍ਰਚਲਤ ਸੀ। ਅਸੀਂ ਮੱਧ-ਕਾਲ ਵਿੱਚ ਨਵੀਂ ਵਿਆਹੁਤਾ ਨਾਲ਼ ਪਹਿਲੀ ਰਾਤ ਬਿਤਾਉਣ ਦੇ ਹੱਕ ਦੇ ਰੂਪ ਵਿੱਚ, ਜਿਸਦਾ, ਜੇ ਇਸ ਦੇ ਬਦਲੇ ਰਕਮ ਅਦਾ ਨਾ ਕੀਤੀ ਜਾਵੇ, ਕਬੀਲੇ ਦਾ ਮੁਖੀ ਜਾਂ ਬਾਦਸ਼ਹ, ਪਹਿਲੀਆਂ ਦੇ ਸਾਂਝੇ ਪਤੀਆਂ ਦਾ ਅਖ਼ੀਰੀ ਪ੍ਰਤਿਨਿੱਧ, ਦਾਅਵਾ ਕਰ ਸਕਦਾ ਸੀ, ਪੁਨਾਲੁਆਲਨ ਟੱਬਰ ਦੀਆਂ ਨਿਸ਼ਾਨੀਆਂ ਸਕਾਟਾਂ ਵਿੱਚ ਅਤੇ ਵੈਲਸ਼ ਲੋਕਾਂ ਵਿੱਚ ਕਾਇਮ ਰਹਿੰਦੀਆਂ ਵੇਖ ਸਕਦੇ ਹਾਂ।

* * *

ਇਹ ਗੱਲ ਕਿ ਲੋਕਾਂ ਦੇ ਪਰਵਾਸ ਦੇ ਸਮੇਂ ਤੱਕ ਜਰਮਨ ਗੋਤਾਂ ਅਨੁਸਾਰ ਜਥੇਬੰਦ ਸਨ, ਇੱਕ ਅਵਿਵਾਦੀ ਤੱਥ ਹੈ। ਇਹ ਸਪਸ਼ਟ ਹੈ ਕਿ ਉਹ ਈਸਵੀ ਯੁੱਗ ਤੋਂ ਕੁੱਝ ਸਦੀਆਂ ਪਹਿਲਾਂ ਹੀ ਡੈਨਿਊਬ, ਰ੍ਹਾਈਨ, ਵਿਸਚੂਲਾ ਅਤੇ ਉੱਤਰੀ ਸਾਗਰਾਂ ਦੇ ਵਿਚਕਾਰ ਇਲਾਕੇ ਵਿੱਚ ਵਸੇ ਸਿੰਬਰੀ ਅਤੇ ਟਿਊਟਾਨੀ ਅਜੇ ਪੂਰੇ ਪਰਵਾਸ ਦੀ ਹਾਲਤ ਵਿੱਚ ਸਨ ਅਤੇ ਸੁਏਵੀ ਸੀਜ਼ਰ ਦੇ ਸਮੇਂ ਤੱਕ ਇੱਕ ਥਾਂ ਨਾ ਵਸੇ। ਸੀਜ਼ਰ ਸਪਸ਼ਟ ਤੌਰ 'ਤੇ ਕਹਿੰਦਾ ਹੈ ਕਿ ਉਹ ਗੋਤਾਂ

---

⇨ਗੱਲ ਨਹੀਂ ਕਿ ਆਇਰਲੈਂਡ ਦੇ ਇੰਨੇ ਸਾਰੇ ਵਸਨੀਕ ਜਿਨ੍ਹਾਂ ਦੇ ਇੰਨੇ ਸਿੱਧੜ ਗੋਤਰੀ ਵਿਚਾਰ ਹਨ, ਜਦੋਂ ਅਚਾਨਕ ਇੰਗਲੈਂਡ ਅਤੇ ਅਮਰੀਕਾ ਦੇ ਵੱਡੇ ਸ਼ਹਿਰਾਂ ਵਿੱਚ ਸੁੱਟੇ ਜਾਂਦੇ ਹਨ, ਇੱਕ ਅਜਿਹੀ ਵਸੋਂ ਵਿਚਕਾਰ ਜਿਸਦੀਆਂ ਉੱਕਾ ਹੀ ਵੱਖਰੀਆਂ ਸਦਾਚਾਰਕ ਅਤੇ ਕਾਨੂੰਨੀ ਪੱਧਰਾਂ ਹਨ ਤਾਂ ਉਹ ਸਦਾਚਾਰ ਅਤੇ ਇਨਸਾਫ਼ ਸਬੰਧੀ ਆਪਣੇ ਵਿਚਾਰਾਂ ਵਿੱਚ ਬੌਂਦਲ ਜਾਂਦੇ ਹਨ, ਵਸੋਂ ਬਾਹਰੇ ਹੋ ਜਾਂਦੇ ਹਨ ਅਤੇ ਅਕਸਰ ਵੱਡੀ ਗਿਣਤੀ ਵਿੱਚ ਵਿਗਾੜਾਂ ਦਾ ਸ਼ਿਕਾਰ ਹੋ ਜਾਂਦੇ ਹਨ। (**ਚੌਥੀ ਛਾਪ, 1891, ਲਈ ਏਂਗਲਜ਼ ਦੀ ਟੂਕ।**)

* Morgan L. H., ìAncient Societyî, London, 1877, p.357-358. Beda Venerabilis, Historia ecclesiastica gentis Anglorum (ਸਤਿਕਾਰਿਆ ਬੀਡ "ਐਂਗਲ ਲੋਕਾਂ ਦੇ ਚਰਚ ਦਾ ਇਤਿਹਾਸ") ਸੈਂਚੀ 1, ਕਾਂਡ 1। **—ਸੰਪਾ.**

ਅਤੇ ਸਾਕੇਦਾਰੀਆਂ ਅਨੁਸਾਰ ਵਸ ਗਏ (gentibus cognationibusque) ਅਤੇ ਜੂਲੀਆ ਗੋਤ ਦੇ ਰੋਮਵਾਸੀ ਦੇ ਮੂੰਹੋਂ gentibus ਦੇ ਇੱਕ ਨਿਸ਼ਚਿਤ ਅਰਥ ਹਨ ਜਿਨ੍ਹਾਂ ਦਾ ਸੰਭਵ ਤੌਰ 'ਤੇ ਗ਼ਲਤ ਅਰਥ ਨਹੀਂ ਕੱਢਿਆ ਜਾ ਸਕਦਾ। ਇਹ ਗੱਲ ਸਭਨਾਂ ਜਰਮਨਾਂ ਲਈ ਠੀਕ; ਜਾਪਦਾ ਹੈ ਕਿ ਰੋਮ ਵਲੋਂ ਜਿੱਤੇ ਸੂਬਿਆਂ ਦਾ ਬੰਦੋਬਸਤ ਅਜੇ ਗੋਤਾਂ ਅਨੁਸਾਰ ਹੀ ਚੱਲਦਾ ਸੀ। ਅਲਾਮਾਨੀ ਕਾਨੂੰਨ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਡੈਨਿਊਬ ਦੇ ਦੱਖਣ ਵਿੱਚ ਜਿੱਤੇ ਇਲਾਕਿਆਂ ਵਿੱਚ ਲੋਕ ਗੋਤਾਂ (genealogiae)[36] ਅਨੁਸਾਰ ਵਸੇ; genealogia ਐਨ ਉਹਨਾਂ ਹੀ ਅਰਥਾਂ ਵਿੱਚ ਵਰਤਿਆ ਗਿਆ ਹੈ ਜਿਨ੍ਹਾਂ ਵਿੱਚ ਪਿੱਛੋਂ ਜਾ ਕੇ Mark (ਮਾਰਕ) ਜਾਂ Dorfgenossenschaft* ਦੇ ਸ਼ਬਦ ਵਰਤੇ ਗਏ; ਪਿੱਛੇ ਜਿਹੇ ਕੋਵਾਲੇਵਸਕੀ ਨੇ ਵਿਚਾਰ ਪ੍ਰਗਟ ਕੀਤਾ ਹੈ ਕਿ ਇਹ genealogiae ਵੱਡੇ ਪਰਿਵਾਰਕ ਭਾਈਚਾਰੇ ਸਨ, ਜਿਨ੍ਹਾਂ ਵਿੱਚ ਭੋਂ ਵੰਡੀ ਜਾਂਦੀ ਸੀ ਅਤੇ ਜਿਨ੍ਹਾਂ ਵਿੱਚੋਂ ਪਿੱਛੋਂ ਜਾ ਕੇ ਪੇਂਡੂ ਭਾਈਚਾਰੇ ਵਿਕਸਤ ਹੋਏ। ਇਹੋ ਗੱਲ fara (ਫ਼ਾਰਾ) ਸਬੰਧੀ ਵੀ ਠੀਕ ਹੋ ਸਕਦੀ ਹੈ, ਇਹ ਇੱਕ ਅਜਿਹੀ ਇਸਤਲਾਹ ਹੈ ਜਿਹੜੀ ਬਰਗੰਡੀ ਦੇ ਵਸਨੀਕ ਅਤੇ ਲਾਂਗੋਬਾਰਡ—ਜਿਹੜੇ ਇੱਕ ਗਾਥਕ ਅਤੇ ਇੱਕ ਹਰਮੀਨੋਨੀ ਜਾਂ ਉੱਚ ਜਰਮਨ ਕਬੀਲਾ ਹਨ—ਜੇ ਇੰਨ ਬਿੰਨ ਨਹੀਂ ਤਾਂ ਲਗ ਭਗ ਉਸੇ ਗੱਲ ਲਈ ਵਰਤਦੇ ਜਿਸਨੂੰ ਕਾਨੂੰਨਾਂ ਦੀ ਅਲਾਮਾਨੀ ਕਿਤਾਬ ਵਿੱਚ genealogia ਕਿਹਾ ਜਾਂਦਾ ਹੈ। ਇਹ ਸੱਚ ਮੁੱਚ ਗੋਤ ਦਾ ਪ੍ਰਤਿਨਿੱਧ ਹੈ ਜਾਂ ਪਰਿਵਾਰਕ ਭਾਈਚਾਰੇ ਦਾ ਇੱਕ ਅਜਿਹਾ ਮਾਮਲਾ ਹੈ ਜਿਸਦੀ ਹੋਰ ਖੋਜ ਕਰਨੀ ਲਾਜ਼ਮੀ ਹੈ।

ਭਾਸ਼ਾਈ ਸਬੂਤ ਸਾਡੇ ਲਈ ਇਸ ਸਬੰਧੀ ਬਹੁਤ ਸ਼ੱਕ ਪੈਦਾ ਕਰਦੇ ਹਨ ਕਿ ਸਭਨਾਂ ਜਰਮਨਾਂ ਦੀ ਗੋਤ ਲਈ ਇੱਕ ਇਸਤਲਾਹ ਸੀ ਅਤੇ ਜੇ ਸੀ ਤਾਂ ਕੀ ਸੀ। ਸ਼ਬਦ-ਵਿਗਿਆਨ ਅਨੁਸਾਰ ਯੂਨਾਨੀ genos (ਜੇਨੋਸ), ਲਾਤੀਨੀ gens (ਗੋਤ), ਗਾਥਕ kuni (ਕੁਨੀ), ਦਰਮਿਆਨੀ ਉੱਚ ਜਰਮਨ k¸nne (ਕੁਨੇ) ਦਾ ਅਨੁਸਾਰੀ ਹੈ ਅਤੇ ਉਹਨਾਂ ਹੀ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਇਸ ਗੱਲ ਤੋਂ ਕਿ "ਇਸਤਰੀ" ਲਈ ਇਸਤਲਾਹ ਉਸੇ ਜੜ੍ਹ 'ਚੋਂ ਨਿਕਲੀ ਹੈ, ਅਸੀਂ ਵਾਪਸ ਮਾਤਰੀ ਹੱਕ ਤੱਕ ਅੱਪੜ ਜਾਂਦੇ ਹਾਂ: ਯੂਨਾਨੀ gynÍ (ਗੇਨੇ), ਸਲਾਵ ûena (ਜ਼ੇਨਾ), ਗਾਥਕ qvino (ਕਵੀਨੋ), ਪੁਰਾਣੀ ਨਾਰਸ kona, kuna (ਕੋਨਾ, ਕੁਨਾ)। ਲਾਂਗੋਬਾਰਡਾਂ ਅਤੇ ਬਰਗੰਡੀ ਦੇ ਵਸਨੀਕਾਂ ਵਿੱਚ ਸਾਨੂੰ, ਜਿਹਾ ਕਿ ਉੱਪਰ ਕਿਹਾ ਗਿਆ ਹੈ, fara (ਫ਼ਾਰਾ) ਦੀ ਇਸਤਲਾਹ ਮਿਲਦੀ ਹੈ, ਜਿਸਦੀ ਉਤਪਤੀ ਗਰਿਮ ਫ਼ਰਜ਼ੀ ਜੜ੍ਹ-ਸ਼ਬਦ fisan (ਫ਼ਿਸਾਨ), ਪੈਦਾ ਕਰਨਾ, ਤੋਂ ਦੱਸਦਾ ਹੈ। ਮੈਂ ਇਹਨੂੰ ਵਧੇਰੇ ਸਪਸ਼ਟ ਜੜ੍ਹ faran (ਫ਼ਾਰਾਨ), fahren (ਫ਼ਾਰੇਨ), ਘੁੰਮਣਾ, ਤੋਂ ਉਤਪੰਨ ਹੋਇਆ ਸਮਝਣਾ ਚੰਗੇਰਾ ਸਮਝਦਾ ਹਾਂ, ਇਹ ਇੱਕ ਅਜਿਹੀ ਇਸਤਲਾਹ ਹੈ ਜਿਹੜੀ ਟੱਪਰੀਵਾਸ ਲਾਰ ਦੇ ਇੱਕ ਚੰਗੀ ਤਰ੍ਹਾਂ ਮਿੱਥੇ ਹਿੱਸੇ ਨੂੰ ਪ੍ਰਗਟ ਕਰਦੀ ਹੈ, ਜਿਹੜੀ, ਇਹ ਕਹਿਣ ਦੀ ਤਾਂ ਲਗ ਭਗ ਲੋੜ ਹੀ ਨਹੀਂ, ਰਿਸ਼ਤੇਦਾਰਾਂ ਤੋਂ ਬਣਦੀ ਸੀ; ਇੱਕ ਅਜਿਹੀ ਇਸਤਲਾਹ ਜਿਹੜੀ ਸਦੀਆਂ ਤੱਕ, ਪਹਿਲਾਂ ਪੂਰਬ ਅਤੇ ਫੇਰ ਪੱਛਮ ਵੱਲ ਘੁੰਮਦੇ ਰਹਿਣ ਦੇ ਸਮੇਂ ਵਿੱਚ ਹੌਲ਼ੀ

* ਪੇਂਡੂ ਭਾਈਚਾਰਾ। **—ਸੰਪਾ.**

ਹੌਲ਼ੀ ਖ਼ੁਦ ਗੋਤਰੀ ਭਾਈਚਾਰੇ ਉੱਤੇ ਲਾਗੂ ਕੀਤੀ ਗਈ। ਹੋਰ, ਗਾਥਕ ਸ਼ਬਦ ਹੈ sibja (ਸਿਬਜਾ), ਐਂਗਲੋ-ਸੈਕਸਨ ਸ਼ਬਦ ਹੈ sib (ਸਿਬ), ਪੁਰਾਣੀ ਉੱਚ ਜਰਮਨ ਦੇ ਸ਼ਬਦ ਹਨ sippia, sippa, Sippe* (ਸਿੱਪੀਆ, ਸਿੱਪਾ, ਸਿੱਪੇ)। ਪੁਰਾਣੀ ਨਾਰਸ ਬੋਲੀ ਵਿੱਚ ਕੇਵਲ ਬਹੁ-ਵਚਨ ਰੂਪ sifjar, ਰਿਸ਼ਤੇਦਾਰ, ਹੈ; ਇੱਕ-ਵਚਨ ਕੇਵਲ ਇੱਕ ਦੇਵੀ ਦੇ ਨਾਂ Sif (ਸਿਫ਼) ਵਿੱਚ ਆਉਂਦਾ ਹੈ। ਅੰਤ ਵਿੱਚ "ਹਿਲਡੇਬਰਾਂਡ ਦੇ ਗੀਤ"[37] ਵਿੱਚ ਇੱਕ ਹੋਰ ਇਸਤਲਾਹ ਆਉਂਦੀ ਹੈ ਜਦੋਂ ਹਿਲਡੇਬਰਾਂਡ ਹਾਡੂਬਰਾਂਡ ਤੋਂ ਪੁਛਦਾ ਹੈ:

"ਲੋਕਾਂ ਦੇ ਮਰਦਾਂ ਵਿੱਚ ਤੇਰਾ ਪਿਉ ਕੌਣ ਹੈ।... ਜਾਂ ਤੇਰਾ ਰਿਸ਼ਤਾ ਕੀ ਹੈ ?" (ìeddo huÍ lÓhes *cnuosles* du sÓî)

ਜੇ ਗੋਤ ਲਈ ਕੋਈ ਸਾਂਝਾਂ ਜਰਮਨ ਸ਼ਬਦ ਸੀ ਤਾਂ ਉਹ ਗਾਥਕ kuni (ਕੁਨੀ) ਹੀ ਹੋ ਸਕਦਾ ਹੈ, ਇਹ ਨਾ ਕੇਵਲ ਨੇੜਵੀਆਂ ਭਾਸ਼ਾਵਾਂ ਵਿੱਚ ਅਨੁਸਾਰੀ ਇਸਤਲਾਹ ਤੋਂ ਹੀ ਸਾਬਤ ਹੁੰਦਾ ਹੈ ਸਗੋਂ ਇਸ ਗੱਲ ਤੋਂ ਵੀ ਸਾਬਤ ਹੁੰਦਾ ਹੈ ਕਿ ਸ਼ਬਦ kuning** (ਕੁਨਿੰਗ), kˆnig (ਕੁਨਿਗ) ਜਿਸਦੇ ਅਰਥ ਆਦਿ ਵਿੱਚ ਗੋਤ ਜਾਂ ਕਬੀਲੇ ਦਾ ਮੁਖੀ ਸਨ, ਇਸੇ ਤੋਂ ਉਤਪੰਨ ਹੋਇਆ ਹੈ। Sibja, Sippe, ਵਿਚਾਰ ਯੋਗ ਨਹੀਂ ਜਾਪਦੇ; ਘੱਟੋ ਘੱਟ, ਪੁਰਾਣੀ ਨਾਰਸ ਭਾਸ਼ਾ ਵਿੱਚ sifjar ਨਾ ਕੇਵਲ ਖ਼ੂਨ ਦੇ ਰਿਸ਼ਤੇ ਦਾ ਸਗੋਂ ਵਿਆਹ ਰਾਹੀਂ ਰਿਸ਼ਤੇ ਦਾ ਵੀ ਲਖਣਾਇਕ ਹੈ; ਸੋ ਇਸ ਵਿੱਚ ਘੱਟੋ ਘੱਟ **ਦੋ ਗੋਤਾਂ** ਦੇ ਲੋਕ ਸ਼ਾਮਲ ਹਨ; ਇਸ ਲਈ ਇਸਤਲਾਹ sif ਗੋਤ ਲਈ ਇਸਤਲਾਹ ਨਹੀਂ ਹੋ ਸਕਦੀ।

ਮੈਕਸੀਕਨਾਂ ਅਤੇ ਯੂਨਾਨੀਆਂ ਵਾਂਗ ਹੀ ਜਰਮਨਾਂ ਵਿੱਚ ਵੀ ਘੁੜ-ਸਵਾਰ ਵੀ ਅਤੇ ਪੈਦਲ ਫ਼ੌਜ ਦੇ ਫਾਨੇਹਾਰ ਦਸਤੇ ਗੋਤਾਂ ਅਨੁਸਾਰ ਯੁੱਧ ਲਈ ਬੀੜੇ ਜਾਂਦੇ ਸਨ। ਜਦੋਂ ਟੈਟਸਿਟਸ ਕਹਿੰਦਾ ਹੈ: ਟੱਬਰਾਂ ਅਤੇ ਰਿਸ਼ਤੇਦਾਰੀਆਂ ਅਨੁਸਾਰ, ਤਾਂ ਉਹ ਜਿਹੜੀ ਅਸਪਸ਼ਟ ਇਸਤਲਾਹ ਵਰਤਦਾ ਹੈ ਉਹਦੀ ਵਿਆਖਿਆ ਇਸ ਗਲੋਂ ਹੁੰਦੀ ਹੈ ਕਿ ਉਹਦੇ ਸਮੇਂ ਰੋਮ ਵਿੱਚ ਗੋਤ ਲੰਮੇ ਚਿਰ ਤੋਂ ਜਿਉਂਦੀ ਸੰਸਥਾ ਨਹੀਂ ਸੀ ਰਹੀ।

ਟੈਟਸਿਟਸ ਦਾ ਉਹ ਪੈਰਾ ਨਿਰਣਾਇਕ ਮਹੱਤਤਾ ਵਾਲ਼ਾ ਹੈ ਜਿਥੇ ਉਹ ਕਹਿੰਦਾ ਹੈ ਕਿ ਮਾਂ ਦਾ ਭਰਾ ਆਪਣੇ ਭਣੇਵੇਂ ਨੂੰ ਆਪਣੇ ਪੁੱਤਰ ਜਿਹਾ ਸਮਝਦਾ ਹੈ; ਕਈ ਤਾਂ ਇਹ ਵੀ ਕਹਿੰਦੇ ਹਨ ਕਿ ਮਾਮੇ ਅਤੇ ਭਣੇਵੇਂ ਵਿਚਕਾਰ ਰਿਸ਼ਤਾ ਪਿਉ ਅਤੇ ਪੁੱਤਰ ਵਿਚਕਾਰ ਰਿਸ਼ਤੇ ਨਾਲ਼ੋਂ ਵਧੇਰੇ ਪਵਿੱਤਰ ਅਤੇ ਨੇੜਵਾਂ ਹੈ, ਇਸੇ ਲਈ ਜਦੋਂ ਯਰਗ਼ਮਾਲ ਦੀ ਮੰਗ ਕੀਤੀ ਜਾਂਦੀ ਹੈ ਤਾਂ ਭੈਣ ਦਾ ਪੁੱਤਰ ਉਸ ਮਨੁੱਖ ਦੇ ਵੀਰਜੀ ਪੁੱਤਰ ਨਾਲ਼ੋਂ ਜਿਸਨੂੰ ਬੰਧ ਅਧੀਨ ਕਰਨਾ ਹੁੰਦਾ ਹੈ, ਚੰਗੇਰੀ ਜ਼ਾਮਨੀ ਗਿਣੀ ਜਾਂਦੀ ਹੈ। ਇਥੇ ਅਸੀਂ ਮਾਤਰੀ ਹੱਕ ਦੀ ਜਿਉਂਦੀ ਰਹਿੰਦ-ਖੂਹੰਦ, ਅਤੇ ਇਸੇ ਲਈ ਆਦਿ ਗੋਤ, ਵੇਖਦੇ ਹਾਂ ਅਤੇ ਇਹਨੂੰ ਅਜਿਹੀ ਗੱਲ ਕਿਹਾ ਗਿਆ ਹੈ ਜਿਹੜੀ ਜਰਮਨਾਂ ਨੂੰ ਵਿਸ਼ੇਸ਼ ਤੌਰ 'ਤੇ ਨਿਖੇੜਦੀ ਹੈ*। ਜੇ ਅਜਿਹੇ

---

* ਰਿਸ਼ਤੇਦਾਰ। **—ਸੰਪਾ.**

** ਬਾਦਸ਼ਾਹ। **—ਸੰਪਾ.**

ਗੋਤ ਦਾ ਕੋਈ ਵਿਅਕਤੀ ਆਪਣੇ ਪੁੱਤਰ ਨੂੰ ਉਹ ਜ਼ਿੰਮੇਵਾਰੀ ਪੂਰੀ ਕਰਨ ਦੀ ਧਰੋਹਰ ਵਜੋਂ ਦੇਵੇ ਜਿਹੜੀ ਉਹਨੇ ਆਪਣੇ ਸਿਰ ਲਈ ਹੈ ਅਤੇ ਪੁੱਤਰ ਪਿਤਾ ਦੇ ਕੌਲ ਤੋੜਨ ਦਾ ਸ਼ਿਕਾਰ ਬਣ ਜਾਵੇ ਤਾਂ ਇਹ ਕੇਵਲ ਪਿਤਾ ਨਾਲ਼ ਸਬੰਧਤ ਮਾਮਲਾ ਹੈ। ਪਰ ਜਦੋਂ ਭੈਣ ਦੇ ਪੁੱਤਰ ਨੂੰ ਕੁਰਬਾਨ ਕੀਤਾ ਜਾਂਦਾ ਹੈ ਤਾਂ ਗੋਤ ਦੇ ਅਤਿ-ਅੰਤ ਪਵਿੱਤਰ ਕਾਨੂੰਨਾਂ ਦੀ ਉਲੰਘਣਾ ਕੀਤੀ ਗਈ ਹੈ। ਨੇੜਵਾਂ ਰਿਸ਼ਤੇਦਾਰ, ਜਿਸ ਦੀ ਹੋਰਨਾਂ ਤੋਂ ਵੱਧ ਇਹ ਜ਼ਿੰਮੇਵਾਰੀ ਸੀ ਕਿ ਉਹ ਲੜਕੇ ਜਾਂ ਜਵਾਨ ਦੀ ਰੱਖਿਆ ਕਰੇ, ਉਹਦੀ ਮੌਤ ਲਈ ਜ਼ਿੰਮੇਵਾਰ ਹੈ; ਉਹਨੂੰ ਜਾਂ ਤਾਂ ਲੜਕੇ ਨੂੰ ਧਰੋਹਰ ਦੇਣ ਵਜੋਂ ਸੰਕੋਚ ਕਰਨਾ ਚਾਹੀਦਾ ਸੀ ਅਤੇ ਜਾਂ ਆਪਣਾ ਕਰਾਰ ਪੂਰਾ ਕਰਨਾ ਚਾਹੀਦਾ ਸੀ। ਜੇ ਸਾਨੂੰ ਜਰਮਨਾਂ ਵਿੱਚ ਗੋਤਰੀ ਜਥੇਬੰਦੀ ਦੀ ਕੋਈ ਹੋਰ ਨਿਸ਼ਾਨੀ ਨਾ ਮਿਲਦੀ ਤਾਂ ਇਹ ਇੱਕ ਪੈਰਾ ਚੋਖਾ ਸਬੂਤ ਹੁੰਦਾ।

ਇਸ ਤੋਂ ਵੀ ਵੱਧ ਨਿਰਣਾਇਕ ਕਿਉਂਕਿ ਉਹ ਪਿਛਲੇਰੇ ਤੋਂ ਅੱਠ ਸੌ ਵਰ੍ਹੇ ਪਿੱਛੋਂ ਆਇਆ, ਦੇਵਤਿਆਂ ਦੇ ਝੁਟ-ਪਟੇ ਅਤੇ ਦੁਨੀਆਂ ਦੇ ਅੰਤ ਸਬੰਧੀ ਪੁਰਾਣਾ ਨਾਰਸ ਗੀਤ, ì V^ lusp, î , ਹੈ। ਇਹਦੇ ਵਿੱਚ "ਭਵਿੱਖ-ਦਰਸ਼ੀ ਇਸਤਰੀ ਦੀ ਸੁਰਤੀ" ਵਿੱਚ, ਜਿਹਾ ਕਿ ਸਾਨੂੰ ਬਾਂਗ ਅਤੇ ਬੁਗੇ ਨੇ ਵਿਖਾਇਆ ਹੈ, ਈਸਾਈਅਤ ਦੇ ਅੰਸ਼ ਵੀ ਮਿਲੇ ਜੁਲੇ ਹਨ, ਪਰਲੋ ਤੋਂ ਪਹਿਲਾਂ ਵਿਆਪਕ ਗਿਰਾਵਟ ਅਤੇ ਭ੍ਰਿਸ਼ਟਾਚਾਰ ਦੇ ਬਿਆਨ ਵਿੱਚ ਇਹ ਸਤਰਾਂ ਹਨः ìBroedhr munu berjask ok at b^ num verdask, munu *systrungar* sifjum spillaî.

"ਭਰਾ ਇੱਕ ਦੂਜੇ ਵਿਰੁੱਧ ਲੜਨਗੇ ਅਤੇ ਇੱਕ ਦੂਜੇ ਦੇ ਕਾਤਲ ਬਣ ਜਾਣਗੇ ਅਤੇ **ਭੈਣਾਂ ਦੇ ਬੱਚੇ** ਰਿਸ਼ਤੇਦਾਰੀ ਦੇ ਸਬੰਧ ਤੋੜ ਦੇਣਗੇ।"

---

* ਯੂਨਾਨੀਆਂ ਨੂੰ ਕੇਵਲ ਸੂਰਮਾ ਯੁੱਗ ਦੇ ਮਿਥਿਹਾਸ ਵਿੱਚ ਹੀ ਮਾਮੇ ਅਤੇ ਭਣੇਵੇਂ ਵਿਚਕਾਰ ਵਿਸ਼ੇਸ਼ ਨੇੜਤਾ ਦਾ ਗਿਆਨ ਸੀ, ਜਿਹੜੀ ਅਨੇਕ ਕੌਮਾਂ ਵਿੱਚ ਮਾਤਰੀ ਹੱਕ ਦੀ ਰਹਿੰਦ-ਖੂਹੰਦ ਸੀ। ਡਾਈਓਡੋਰਸ ਅਨੁਸਾਰ, (IV, 34) ਮਲੀਆਗਰ ਥੈਸਟੀਅਸ, ਆਪਣੀ ਮਾਂ ਐਲਥੀਆ ਦੇ ਭਰਾਵਾਂ ਦੇ ਪੁੱਤਰਾਂ ਨੂੰ ਕਤਲ ਕਰ ਦੇਂਦਾ ਹੈ। ਉਹ ਇਸਨੂੰ ਇੰਨਾ ਘੋਰ ਜੁਰਮ ਸਮਝਦੀ ਹੈ ਕਿ ਉਹ ਕਾਤਲ ਨੂੰ, ਆਪਣੇ ਪੁੱਤਰ ਨੂੰ, ਬਦਅਸੀਸ ਦੇਂਦੀ ਹੈ ਅਤੇ ਉਹਦੀ ਮੌਤ ਲਈ ਅਰਦਾਸ ਕਰਦੀ ਹੈ। ਇਹ ਕਿਹਾ ਗਿਆ ਹੈ ਕਿ "ਦੇਵਤਿਆਂ ਨੇ ਉਹਦੀ ਅਰਦਾਸ ਪੂਰੀ ਕਰ ਦਿੱਤੀ ਅਤੇ ਮਲੀਆਗਰ ਦੇ ਜੀਵਨ ਦਾ ਅੰਤ ਕਰ ਦਿੱਤਾ।" ਇਸ ਲੇਖਕ ਅਨੁਸਾਰ (ਡਾਈਓਡੋਰਸ, IV, 43 ਅਤੇ 44) ਹੈਰਾਕਲੀਜ਼ ਅਧੀਨ ਅਰਗੋਨਾਟ ਥਰੀਸੀਆ ਵਿੱਚ ਜਹਾਜ਼ਾਂ ਤੋਂ ਉੱਤਰਦੇ ਹਨ ਅਤੇ ਉਹਨਾਂ ਨੂੰ ਪਤਾ ਲਗਦਾ ਹੈ ਕਿ ਆਪਣੀ ਦੂਜੀ ਪਤਨੀ ਦੇ ਉਕਸਾਉਣ ਉੱਤੇ ਫ਼ਿਨੀਅਸ ਆਪਣੀ ਪਹਿਲੀ ਛੱਡੀ ਹੋਈ ਪਤਨੀ, ਬੋਰੀਆਦ ਕਲਿਊਪੈਤਰਾ ਦੇ ਦੋ ਪੁੱਤਰਾਂ ਨਾਲ਼ ਬੜੀ ਬੇਸ਼ਰਮੀ ਨਾਲ਼ ਭੈੜਾ ਸਲੂਕ ਕਰਦਾ ਹੈ। ਪਰ ਅਰਗੋਨਾਟਾਂ ਵਿੱਚ ਵੀ ਕੁੱਝ ਬੋਰੀਆਦ ਹਨ, ਕਲਿਊਪੈਤਰਾ ਦੇ ਭਰਾ, ਅਤੇ ਇਉਂ ਮੰਦੇ ਸਲੂਕ ਵਾਲ਼ੇ ਮੁੰਡਿਆਂ ਦੇ ਮਾਮੇ। ਉਹ ਇੱਕ ਦਮ ਆਪਣੇ ਭਣੇਵਿਆਂ ਦੀ ਸਹਾਇਤਾ ਕਰਨ ਜਾਂਦੇ ਹਨ, ਉਹਨਾਂ ਨੂੰ ਰਿਹਾ ਕਰ ਦੇਂਦੇ ਹਨ ਅਤੇ ਉਹਨਾਂ ਉੱਤੇ ਲਾਏ ਪਹਿਰੇਦਾਰਾਂ ਨੂੰ ਕਤਲ ਕਰ ਦੇਂਦੇ ਹਨ।

Systrungar ਦੇ ਅਰਥ ਹਨ ਮਾਸੀ ਦਾ ਪੁੱਤਰ ਅਤੇ ਕਵੀ ਦੀਆਂ ਅੱਖਾਂ ਵਿੱਚ ਖ਼ੂਨ ਦੇ ਅਜਿਹੇ ਰਿਸ਼ਤੇ ਦਾ ਤਿਆਗ ਭਰਾ ਦੇ ਕਤਲ ਦੇ ਸਿਖਰੀ ਜੁਰਮ ਤੋਂ ਉੱਪਰ ਹੈ। ਸਿਖਰ systrungar ਸ਼ਬਦ ਵਿੱਚ ਹੈ ਜਿਹੜਾ ਮਾਤਰੀ ਪੱਖ ਵਲੋਂ ਰਿਸ਼ਤੇ ਉੱਤੇ ਜ਼ੋਰ ਦੇਂਦਾ ਹੈ। ਜੇ syskina-bˆrn, ਭਰਾ ਅਤੇ ਭੈਣ ਦੇ ਬੱਚੇ, ਦੀ ਇਸਤਲਾਹ ਜਾਂ syskina-synir, ਭਰਾ ਅਤੇ ਭੈਣ ਦੇ ਪੁੱਤਰ, ਦੀ ਇਸਤਲਾਹ ਵਰਤੀ ਗਈ ਹੁੰਦੀ ਤਾਂ ਦੂਜੀ ਸਤਰ ਪਹਿਲੀ ਦੇ ਮੁਕਾਬਲੇ ਉੱਤੇ ਚੜ੍ਹਾ ਨਹੀਂ ਸਗੋ ਕਮਜ਼ੋਰ ਕਰਨ ਵਾਲ਼ਾ ਉਤਾਰ ਹੁੰਦੀ। ਇਉਂ ਵਾਈਕਿੰਗਾਂ ਦੇ ਸਮੇਂ ਵਿੱਚ ਵੀ ਜਦੋਂ ìVˆlusp,î ਲਿਖੀ ਗਈ ਸਕੈਂਡੇਨੇਵੀਆ ਵਿੱਚ ਮਾਤਰੀ ਹੱਕ ਦੀ ਯਾਦ ਦਾ ਅਜੇ ਅੰਤ ਨਹੀਂ ਸੀ ਹੋਇਆ।

ਜਿਥੋਂ ਤੱਕ ਹੋਰ ਗੱਲਾਂ ਦਾ ਸਬੰਧ ਹੈ, ਟੈਟਸਿਟਸ ਦੇ ਜ਼ਮਾਨੇ ਵਿੱਚ, ਘੱਟੋ ਘੱਟ ਜਰਮਨਾਂ ਵਿੱਚ, ਜਿਨ੍ਹਾਂ ਤੋਂ ਉਹ ਵਧੇਰੇ ਚੰਗੀ ਤਰ੍ਹਾਂ ਜਾਣੂ ਸੀ, ਮਾਤਰੀ ਹੱਕ ਪਹਿਲਾਂ ਹੀ ਪਿੱਤਰੀ ਹੱਕ ਨੂੰ ਥਾਂ ਦੇ ਚੁੱਕਾ ਸੀ; ਬੱਚੇ ਪਿਤਾ ਦੇ ਵਾਰਸ ਹੁੰਦੇ; ਬੱਚੇ ਨਾ ਹੋਣ ਦੀ ਹਾਲਤ ਵਿੱਚ ਭਰਾ ਅਤੇ ਚਾਚੇ ਅਤੇ ਮਾਮੇ ਵਾਰਸ ਹੁੰਦੇ। ਮਾਮੇ ਨੂੰ ਵਾਰਸਾਂ ਵਿੱਚ ਸ਼ਾਮਲ ਕਰਨਾ ਉੱਪਰ ਦੱਸੇ ਰਿਵਾਜ ਨੂੰ ਕਾਇਮ ਰੱਖਣ ਨਾਲ਼ ਸਬੰਧਤ ਹੈ ਅਤੇ ਇਹ ਵੀ ਸਾਬਤ ਕਰਦਾ ਹੈ ਕਿ ਉਸ ਸਮੇਂ ਜਰਮਨਾਂ ਵਿੱਚ ਪਿੱਤਰੀ ਹਕ ਕਿੰਨੇ ਥੋੜ੍ਹੇ ਸਮੇਂ ਤੋਂ ਲਾਗੂ ਹੋਇਆ ਸੀ। ਸਾਨੂੰ ਮੱਧ-ਕਾਲ ਵਿੱਚ ਵੀ ਮਾਤਰੀ ਹੱਕ ਦੀਆਂ ਨਿਸ਼ਾਨੀਆਂ ਦਿਸਦੀਆਂ ਹਨ। ਉਸ ਸਮੇਂ ਪਿੱਤਰਤਾ ਅਜੇ ਵੀ ਸ਼ੱਕੀ ਗੱਲ ਸੀ, ਵਿਸ਼ੇਸ਼ ਤੌਰ ’ਤੇ ਖੇਤ-ਗ਼ੁਲਾਮਾਂ ਵਿੱਚ ਅਤੇ ਜਦੋਂ ਕੋਈ ਸਾਮੰਤੀ ਰਾਠ ਕਿਸੇ ਸ਼ਹਿਰ ਤੋਂ ਆਪਣੇ ਨੱਠ ਗਏ ਖੇਤ-ਗ਼ੁਲਾਮ ਦੀ ਵਾਪਸੀ ਦੀ ਮੰਗ ਕਰਦਾ ਤਾਂ ਇਹ ਜ਼ਰੂਰੀ ਸੀ, ਮਿਸਾਲ ਵਜੋਂ ਆਗਸਬਰਗ, ਬਾਸਲ ਅਤੇ ਕੈਸਰਸਲਾਉਟਰਨ ਵਿਖੇ, ਕਿ ਉਹਦੀ ਖੇਤ-ਗ਼ੁਲਾਮੀ ਉਹਦੇ ਛੇ ਨੇੜੇ ਦੇ ਰਿਸ਼ਤੇਦਾਰਾਂ, ਜਿਹੜੇ ਕੇਵਲ ਉਹਦੀ ਮਾਂ ਵੱਲੋਂ ਰਿਸ਼ਤੇਦਾਰ ਹੋਣ, ਦੀ ਸੌਂਹ ਰਾਹੀਂ ਸਾਬਤ ਕੀਤੀ ਜਾਵੇ।(ਮਾਰਰ, “ਸ਼ਹਿਰੀ ਪ੍ਰਣਾਲੀ”, 1, ਪੰਨਾ 381।)*

ਮਾਤਰੀ ਹੱਕ ਦੀ, ਜਿਹੜਾ ਉਸ ਸਮੇਂ ਗਿਰਾਵਟ ਵਿੱਚ ਪੈ ਗਿਆ ਸੀ, ਇੱਕ ਹੋਰ ਨਿਸ਼ਾਨੀ, ਜਿਸਦੀ ਰੋਮਨਾਂ ਦੇ ਦ੍ਰਿਸ਼ਟੀਕੋਣ ਤੋਂ ਵਿਆਖਿਆ ਨਹੀਂ ਸੀ ਕੀਤੀ ਜਾ ਸਕਦੀ ਸੀ, ਜਰਮਨਾਂ ਵੱਲੋਂ ਮਦੀਨ ਸੈਕਸ ਲਈ ਸਤਿਕਾਰ ਸੀ। ਜਰਮਨਾਂ ਵਿਚਕਾਰ ਰਾਠ ਘਰਾਣਿਆਂ ਦੀਆਂ ਕੁੜੀਆਂ ਕਿਸੇ ਕਰਾਰ ਦੇ ਪੂਰਾ ਕਰਨ ਲਈ ਸਰਵ-ਉੱਤਮ ਯਰਗ਼ਮਾਲ ਸਮਝੀਆਂ ਜਾਂਦੀਆਂ ਸਨ। ਯੁੱਧ ਵਿੱਚ ਕੋਈ ਹੋਰ ਗੱਲ ਉਹਨਾਂ ਦੀ ਦਲੇਰੀ ਨੂੰ ਇੰਨਾ ਉਤੇਜਤ ਨਾ ਕਰਦੀ ਜਿੰਨਾਂ ਇਹ ਭਿਆਨਕ ਵਿਚਾਰ ਕਿ ਉਹਨਾਂ ਦੀਆਂ ਪਤਨੀਆਂ ਅਤੇ ਧੀਆਂ ਫੜ ਲਈਆਂ ਜਾਣਗੀਆਂ ਅਤੇ ਲਿਜਾ ਕੇ ਬਾਂਦੀਆਂ ਬਣਾ ਲਈਆਂ ਜਾਣਗੀਆਂ। ਉਹ ਇਸਤਰੀ ਨੂੰ ਪਵਿੱਤਰ ਅਤੇ ਇੱਕ ਤਰ੍ਹਾਂ ਦੀ ਪੈਗ਼ੰਬਰ ਸਮਝਦੇ ਸਨ ਅਤੇ ਅਤਿ-ਅੰਤ ਮਹੱਤਵ-ਪੂਰਨ ਮਾਮਲਿਆਂ ਵਿੱਚ ਉਹਦੀ ਸਲਾਹ ਮੁੱਖ ਰਖਦੇ ਸਨ। ਲਿਪੇ ਦਰਿਆ ਦੀ ਬਰੁਕਟਰੀਆਈ

---

* Maurer G. L., Geschichte der St‰dteverfassung in Deutschlandî, Bd. I, Erlangen, 1869. **—ਸੰਪਾ.**

ਪੁਜਾਰਨ ਵੇਲੇਦਾ ਸਾਰੀ ਬਟਾਵਿਆਈ ਬਗ਼ਾਵਤ ਨੂੰ ਭੜਕਾਉਣ ਵਾਲ਼ੀ ਆਤਮਾ ਸੀ, ਜਿਸ ਵਿੱਚ ਸਿਵਿਲਸ ਨੇ, ਜਰਮਨਾਂ ਅਤੇ ਬੈਲਗੀਆਂ ਦੇ ਲੋਕਾਂ ਦੀ ਅਗਵਾਈ ਕਰਦੇ ਹੋਏ, ਗਾਲ ਵਿੱਚ ਰੋਮ ਦੀ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ[38]। ਘਰ ਅੰਦਰ ਇਸਤਰੀਆਂ ਦੀ ਅਨੰਨ ਸਰਦਾਰੀ ਜਾਪਦੀ ਹੈ। ਟੈਟਸਿਟਸ ਕਹਿੰਦਾ ਹੈ ਕਿ, ਨਿਸ਼ਚੇ ਹੀ, ਉਹਨਾਂ ਨੂੰ ਬੁੱਢਿਆਂ ਅਤੇ ਬੱਚਿਆਂ ਦੀ ਸਹਾਇਤਾ ਨਾਲ਼ ਸਾਰਾ ਕੰਮ ਕਰਨਾ ਪੈਂਦਾ ਕਿਉਂਕਿ ਮਰਦ ਸ਼ਿਕਾਰ ਖੇਡਦੇ, ਸ਼ਰਾਬ ਪੀਂਦੇ ਅਤੇ ਵਿਹਲੀਆਂ ਮਾਣਦੇ; ਪਰ ਉਹ ਇਹ ਨਹੀਂ ਕਹਿੰਦਾ ਕਿ ਖੇਤਾਂ ਵਿੱਚ ਵਾਹੀ ਕੌਣ ਕਰਦਾ ਅਤੇ ਕਿਉਂਕਿ ਉਹਦੇ ਸਪਸ਼ਟ ਬਿਆਨ ਅਨੁਸਾਰ ਗ਼ੁਲਾਮ ਕੇਵਲ ਨਕਦ ਅਦਾਇਗੀ ਕਰਦੇ ਅਤੇ ਕੋਈ ਲਾਜ਼ਮੀ ਕਿਰਤ ਨਾ ਕਰਦੇ, ਜਾਪਦਾ ਹੈ ਕਿ ਜਿਹੜਾ ਥੋੜ੍ਹਾ ਬਹੁਤ ਖੇਤੀ ਦਾ ਕੰਮ ਹੁੰਦਾ ਸੀ ਉਹ ਬਾਲਗ਼ ਮਰਦਾਂ ਦਾ ਵੱਡਾ ਹਿੱਸਾ ਕਰਦਾ ਸੀ।

ਜਿਹਾ ਕਿ ਉੱਪਰ ਕਿਹਾ ਗਿਆ ਹੈ ਵਿਆਹ ਦਾ ਰੂਪ ਜੋੜਾ ਟੱਬਰ ਸੀ ਜਿਹੜਾ ਹੌਲ਼ੀ ਹੌਲ਼ੀ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਨੇੜੇ ਆਉਂਦਾ ਜਾ ਰਿਹਾ ਸੀ। ਅਜੇ ਇਹ ਪੂਰੀ ਤਰ੍ਹਾਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਨਹੀਂ ਸੀ ਕਿਉਂਕਿ ਸ੍ਰੇਸ਼ਟ ਲੋਕਾਂ ਨੂੰ ਇੱਕ ਤੋਂ ਵੱਧ ਪਤਨੀਆਂ ਰੱਖਣ ਦੀ ਇਜਾਜ਼ਤ ਸੀ। ਸਮੁੱਚੇ ਤੌਰ ’ਤੇ (ਕੈਲਟਾਂ ਦੇ ਉਲਟ) ਉਹ ਕੁੜੀਆਂ ਦੇ ਸਖ਼ਤੀ ਨਾਲ਼ ਕੁਆਰ ਕਾਇਮ ਰੱਖਣ ’ਤੇ ਜ਼ੋਰ ਦੇਂਦੇ ਸਨ। ਟੈਟਸਿਟਸ ਵਿਸ਼ੇਸ਼ ਨਿੱਘ ਨਾਲ਼ ਜਰਮਨਾਂ ਵਿੱਚ ਵਿਆਹ ਦੇ ਬੰਧਨਾਂ ਦੇ ਅਟੁੱਟ ਹੋਣ ਦੀ ਗੱਲ ਕਰਦਾ ਹੈ। ਉਹ ਇਸਤਰੀ ਵੱਲੋਂ ਵਿਭਚਾਰ ਤਲਾਕ ਦਾ ਇੱਕੋ ਇੱਕ ਕਾਰਨ ਦੱਸਦਾ ਹੈ। ਪਰ ਇਥੇ ਉਹਦੇ ਵਰਨਣ ਵਿੱਚ ਬਹੁਤ ਵਿਰਲਾਂ ਹਨ ਅਤੇ ਨਾਲ਼ੇ ਇਹ ਬਹੁਤ ਖੁੱਲ੍ਹੀ ਤਰ੍ਹਾਂ ਦੁਰਾਚਾਰੀ ਰੋਮਨਾਂ ਨੂੰ ਸਦਾਚਾਰ ਦਾ ਸ਼ੀਸ਼ਾ ਵਿਖਾਉਂਦਾ ਹੈ। ਇੰਨੀ ਗੱਲ ਨਿਸ਼ਚਿਤ ਹੈ: ਜੇ ਆਪਣੇ ਜੰਗਲਾਂ ਵਿੱਚ ਰਹਿੰਦੇ ਹੋਏ ਜਰਮਨ ਸਦਾਚਾਰ ਦੇ ਇੰਨੇ ਅਸਾਧਾਰਨ ਨਮੂਨੇ ਸਨ ਤਾਂ ਬਾਹਰਲੇ ਸੰਸਾਰ ਨਾਲ਼ ਥੋੜ੍ਹੀ ਜਿਹੀ ਛੋਹ ਹੀ ਉਹਨਾਂ ਨੂੰ ਹੋਰਨਾਂ, ਔਸਤ ਯੂਰਪੀਨਾਂ ਦੀ ਪੱਧਰ ਤੱਕ ਡੇਗਣ ਲਈ ਕਾਫ਼ੀ ਸੀ। ਰੋਮਨ ਜੀਵਨ ਦੀ ਘੂਕਰ ਵਿੱਚ ਕਰੜਾ ਸਦਾਚਾਰ ਜਰਮਨ ਭਾਸ਼ਾ ਨਾਲ਼ੋਂ ਵੀ ਤੇਜ਼ੀ ਨਾਲ਼ ਲੋਪ ਹੋ ਗਿਆ। ਟੂਰਜ਼ ਦੇ ਗ੍ਰੈਗੋਰੀ ਦੀ ਲਿਖਤ ਪੜ੍ਹਨਾ ਹੀ ਕਾਫ਼ੀ ਹੈ। ਇਹ ਕਹਿਣ ਦੀ ਤਾਂ ਲੋੜ ਨਹੀਂ ਕਿ ਜਰਮਨੀ ਦੇ ਆਦਿ-ਕਾਲੀਨ ਜੰਗਲਾਂ ਵਿੱਚ ਉਹੋ ਜਿਹੀ ਸੂਖਮ ਅਯਾਸ਼ੀ ਨਹੀਂ ਸੀ ਹੋ ਸਕਦੀ ਜਿਹੋ ਜਿਹੀ ਰੋਮ ਵਿੱਚ ਹੁੰਦੀ ਸੀ ਅਤੇ ਸੋ ਇਸ ਪੱਖ ਤੋਂ ਵੀ ਕਾਮ ਸਬੰਧੀ ਉਹਨਾਂ ਨੂੰ ਅਜਿਹੇ ਸੰਜਮ ਵਾਲ਼ੇ ਦੱਸਣ ਤੋਂ ਬਿਨਾਂ, ਜਿਹੋ ਜਿਹਾ ਕਿਸੇ ਕੌਮ ਵਿੱਚ ਸਮੁੱਚੇ ਤੌਰ ’ਤੇ ਕਦੀ ਨਹੀਂ ਹੋਇਆ, ਜਰਮਨ ਰੋਮ ਦੇ ਸੰਸਾਰ ਤੋਂ ਚੋਖੇ ਉੱਤਮ ਸਨ।

ਗੋਤਰੀ ਪ੍ਰਣਾਲੀ ਤੋਂ ਆਪਣੇ ਪਿਤਾ ਅਤੇ ਰਿਸ਼ਤੇਦਾਰਾਂ ਦੇ ਹਡ-ਵੈਰ ਅਤੇ ਮਿੱਤਰਤਾਵਾਂ ਵਿਰਸੇ ਵਿੱਚ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਪੈਦਾ ਹੋਈ; ਅਤੇ wergild ਦੀ ਵੀ, ਇਹ ਉਹ ਜੁਰਮਾਨਾ ਸੀ ਜਿਹੜਾ ਕਤਲ ਜਾਂ ਨੁਕਸਾਨ ਲਈ ਕਸਾਸ ਦੀ ਥਾਂ ਕਫ਼ਾਰੇ ਵਜੋਂ ਦਿੱਤੀ ਜਾਂਦੀ। ਇੱਕ ਪੀੜ੍ਹੀ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ wergild ਇੱਕ ਵਿਸ਼ੇਸ ਜਰਮਨ ਸੰਸਥਾ ਹੈ ਪਰ ਉਸ ਤੋਂ ਪਿੱਛੋਂ ਇਹ ਸਾਬਤ ਹੋ ਗਿਆ ਹੈ ਕਿ ਸੈਂਕੜੇ ਲੋਕ

ਕਸਾਸ ਦੇ ਇਸ ਨਰਮ ਰੂਪ ਨੂੰ ਵਰਤਦੇ ਸਨ, ਜਿਸਦਾ ਆਦਿ ਗੋਤਰੀ ਪ੍ਰਣਾਲੀ ਵਿੱਚ ਹੋਇਆ। ਮਿਸਾਲ ਵਜੋਂ ਪ੍ਰਾਹੁਣਾਚਾਰੀ ਵਾਂਗ ਇਹ ਅਮਰੀਕੀ ਇੰਡੀਅਨਾਂ ਵਿੱਚ ਮਿਲਦਾ ਹੈ। ਪ੍ਰਾਹੁਣਾਚਾਰੀ ਕਿਵੇਂ ਕੀਤੀ ਜਾਂਦੀ ਹੈ, ਇਸ ਸਬੰਧੀ ਟੈਟਸਿਟਸ ਦਾ ਬਿਆਨ (ìGermaniaî—"ਜਰਮਾਨੀਆ"—ਕਾਂਡ 21) ਲਗ ਭਗ, ਵਿਸਥਾਰਾਂ ਵਿੱਚ ਵੀ, ਆਪਣੇ ਇੰਡੀਅਨਾਂ ਸਬੰਧੀ ਮਾਰਗਨ ਦੇ ਬਿਆਨ ਨਾਲ਼ ਸਗਵਾਂ ਹੈ।

ਇਸ ਸਬੰਧੀ ਗਰਮਾ-ਗਰਮ ਅਤੇ ਅਨੰਤ ਵਿਵਾਦ ਕਿ ਟੈਟਸਿਟਸ ਦੇ ਸਮੇਂ ਜਰਮਨਾਂ ਨੇ ਵਾਹੀ-ਯੋਗ ਭੋਂ ਆਪੋ ਵਿੱਚ ਵੰਡ ਲਈ ਸੀ ਜਾਂ ਨਹੀਂ ਅਤੇ ਇਸ ਸਬੰਧੀ ਵਰਨਣ ਦੇ ਅਰਥ ਕਿਵੇਂ ਕਿਤੇ ਜਾਣ ਹੁਣ ਬੀਤੇ ਦੀ ਗੱਲ ਬਣ ਗਈ ਹੈ। ਜਦੋਂ ਇਹ ਸਾਬਤ ਹੋ ਗਿਆ ਹੈ ਕਿ ਲਗ ਭਗ ਸਭਨਾਂ ਲੋਕਾਂ ਦੀ ਵਾਹੀ ਹੇਠਲੀ ਭੋਂ ਸਾਂਝੇ ਤੌਰ 'ਤੇ ਗੋਤ ਰਾਹੀਂ ਖੇਤੀ ਹੁੰਦੀ ਸੀ ਅਤੇ ਪਿਛੋਂ ਜਾ ਕੇ ਕਮਿਊਨਿਸਟ ਕਿਸਮ ਦੇ ਪਰਿਵਾਰਕ ਭਾਈਚਾਰੇ ਇਸ ਉੱਤੇ ਖੇਤੀ ਕਰਦੇ ਸਨ, ਇੱਕ ਅਜਿਹਾ ਰਿਵਾਜ ਜਿਹੜਾ ਸੀਜ਼ਰ ਨੇ ਸੁਏਵੀਆਂ ਵਿਚਕਾਰ ਪ੍ਰਚਲਤ ਵੇਖਿਆ ਅਤੇ ਇਹ ਕਿ ਪਿੱਛੋਂ ਜਾ ਕੇ ਭੋਂ ਵਿਕੋਲਤ੍ਰੇ ਟੱਬਰਾਂ ਵਿੱਚ ਵੰਡੀ ਜਾਂਦੀ ਅਤੇ ਸਮੇਂ ਸਮੇਂ ਮੁੜ ਵੰਡੀ ਜਾਂਦੀ ਅਤੇ ਇਹ ਕਿ ਭੋਂ ਦੀ ਇਹ ਮੁੜ-ਵੰਡ ਜਰਮਨੀ ਦੇ ਕੁੱਝ ਹਿੱਸਿਆਂ ਵਿੱਚ ਅੱਜ ਤੱਕ ਕਾਇਮ ਰਹੀ ਹੈ ਸਾਨੂੰ ਇਸ ਮਸਲੇ ਸਬੰਧੀ ਹੋਰ ਵਿਹਲੀ ਬਹਿਸ ਕਰਨ ਦੀ ਲੋੜ ਨਹੀਂ। ਜੇ ਜਰਮਨ ਡੇਢ ਸੌ ਵਰ੍ਹਿਆਂ ਵਿੱਚ ਸਾਂਝੀ ਵਾਹੀ ਤੋਂ, ਜਿਹੋ ਜਿਹੀ ਸੀਜ਼ਰ ਸਪਸ਼ਟ ਤੌਰ 'ਤੇ ਸੁਏਵੀਆਂ ਸਬੰਧੀ ਦੱਸਦਾ ਹੈ—ਉਹ ਕਹਿੰਦਾ ਹੈ ਕਿ ਉਹਨਾਂ ਦੀ ਕਿਸੇ ਤਰ੍ਹਾਂ ਦੀ ਵੰਡੀ ਹੋਈ ਜਾਂ ਨਿੱਜੀ ਖੇਤੀ ਨਹੀਂ ਹੁੰਦੀ—ਤੋਂ ਟੈਟਸਿਟਸ ਦੇ ਸਮੇਂ ਵਿਅਕਤੀਗਤ ਖੇਤੀ ਅਤੇ ਹਰ ਵਰ੍ਹੇ ਭੋਂ ਦੀ ਮੁੜ-ਵੰਡ ਤੱਕ ਅੱਪੜ ਗਏ ਸਨ ਤਾਂ ਨਿਸ਼ਚੇ ਹੀ ਇਹ ਚੋਖੀ ਉਨਤੀ ਹੈ; ਇੰਨੇ ਛੋਟੇ ਸਮੇਂ ਵਿੱਚ ਭੋਂ ਦੀ ਉੱਕਾ ਹੀ ਨਿੱਜੀ ਮਾਲਕੀ ਮੁਕੰਮਲ ਤਬਦੀਲੀ ਅਤੇ ਉਹ ਵੀ ਬਾਹਰੋਂ ਦਖਲ ਤੋਂ ਬਿਨਾਂ, ਉੱਕਾ ਹੀ ਅਸੰਭਵ ਸੀ। ਸੋ ਮੈਂ ਟੈਟਸਿਟਸ ਨੂੰ ਉਸੇ ਤਰ੍ਹਾਂ ਪੜ੍ਹਦਾ ਹਾਂ ਜਿਵੇਂ ਉਹ ਸਾਫ਼ ਸ਼ਬਦਾਂ ਵਿੱਚ ਲਿਖਦਾ ਹੈ: ਉਹ ਵਾਹੀ ਹੇਠਲੀ ਭੋਂ ਹਰ ਵਰ੍ਹੇ ਬਦਲ (ਮੁੜ-ਵੰਡ) ਦੇਂਦੇ ਹਨ ਅਤੇ ਇਸ ਅਮਲ ਵਿੱਚ ਚੋਖੀ ਸਾਂਝੀ ਭੋਂ ਬਾਕੀ ਰਹਿ ਜਾਂਦੀ ਹੈ। ਇਸ ਖੇਤੀ ਅਤੇ ਭੋਂ ਉੱਤੇ ਕਬਜ਼ੇ ਦਾ ਉਹ ਪੜਾਅ ਹੈ ਜਿਹੜਾ ਉਸ ਸਮੇਂ ਦੇ ਜਰਮਨਾਂ ਦੀ ਗੋਤਰੀ ਬਣਤਰ ਦਾ ਐਨ ਅਨੁਸਾਰੀ ਹੈ।

ਮੈਂ ਉਪ੍ਰੋਕਤ ਪੈਰੇ ਨੂੰ ਉਸੇ ਹੀ ਤਰ੍ਹਾਂ ਰਹਿਣ ਦੇਂਦਾ ਹਾਂ ਜਿਵੇਂ ਇਹ ਪਹਿਲੀਆਂ ਛਾਪਾਂ ਵਿੱਚ ਸੀ। ਇਚਰ ਸਵਾਲ ਨੇ ਇੱਕ ਹੋਰ ਪੱਖ ਅਖ਼ਤਿਆਰ ਕਰ ਲਿਆ ਹੈ। ਕਿਉਂਕਿ ਕੋਵਾਲੇਵਸਕੀ ਨੇ ਇਹ ਸਾਬਤ ਕਰ ਦਿੱਤਾ ਹੈ (ਵੇਖੋ ਪਿੱਛੇ ਪੰਨਾ 44*) ਕਿ ਪਿੱਤਰੀ ਪਰਿਵਾਰਕ ਭਾਈਚਾਰਾ ਮਾਤਰੀ ਹੱਕ ਵਾਲ਼ੇ ਕਮਿਊਨਿਸਟ ਕਿਸਮ ਦੇ ਟੱਬਰ ਅਤੇ ਨਵੀਨ ਵੱਖਰੇ ਟੱਬਰ ਵਿਚਕਾਰ ਜੋੜਵੀਂ ਕੜੀ ਵਜੋਂ ਜੇ ਜਗਤਰੀ ਨਹੀਂ ਤਾਂ ਬਹੁਤ ਵਿਸ਼ਾਲ ਪੱਧਰ ਉੱਤੇ ਫੈਲਿਆ ਹੋਇਆ ਸੀ, ਪ੍ਰਸ਼ਨ ਇਹ ਨਹੀਂ ਕਿ ਭੋਂ ਸਾਂਝੀ ਮਾਲਕੀ ਸੀ ਜਾਂ ਵਿਅਕਤੀਗਤ, ਜਿਵੇਂ ਕਿ ਮਾਰਰ ਅਤੇ ਵੇਟਜ਼ ਵਿਚਕਾਰ ਵਿਵਾਦ ਹੁੰਦਾ ਸੀ, ਸਗੋਂ ਇਹ ਹੈ ਕਿ ਸਾਂਝੀ

---

* ਵੇਖੋ ਹੱਥਲੀ ਪੁਸਤਕ, ਪੰਨਾ 60। **—ਸੰਪਾ.**

ਜਾਇਦਾਦ ਕੀ **ਰੂਪ** ਧਾਰਦੀ ਸੀ। ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਸੀਜ਼ਰ ਦੇ ਸਮੇਂ ਵਿੱਚ ਮੁਏਵੀਆਂ ਵਿੱਚ ਨਾ ਕੇਵਲ ਭੋਂ ਦੀ ਸਾਂਝੀ ਮਾਲਕੀ ਸੀ ਸਗੋਂ ਉਹ ਸਾਂਝੇ ਖਾਤੇ ਵਿੱਚ ਇਹਦੀ ਸਾਂਝੀ ਵਾਹੀ ਵੀ ਕਰਦੇ ਸਨ। ਇਹ ਪ੍ਰਸ਼ਨ ਕਿ ਉਹਨਾਂ ਦੀ ਆਰਥਕ ਇਕਾਈ ਗੋਤ ਸੀ, ਜਾਂ ਪਰਿਵਾਰਕ ਭਾਈਚਾਰਾ ਜਾਂ ਇੱਕ ਵਿਚਕਾਰਲੀ ਕਿਸਮ ਦੀ ਕਮਿਊਨਿਸਟ ਕਿਸਮ ਦੀ ਟੋਲੀ, ਜਾਂ ਸ਼ਾਇਦ ਵੱਖ ਵੱਖ ਸਥਾਨਕ ਭੋਂ-ਪ੍ਰਸਥਿਤੀਆਂ ਕਾਰਨ ਇਹਨਾਂ ਤਿੰਨਾਂ ਹੀ ਟੋਲੀਆਂ ਦੀ ਹੋਂਦ ਸੀ, ਅਜੇ ਲੰਮੇ ਸਮੇਂ ਤੱਕ ਵਿਵਾਦ ਦਾ ਵਿਸ਼ਾ ਰਹਿਣਗੇ। ਕੋਵਾਲੇਵਸਕੀ ਦਾ ਦਾਅਵਾ ਹੈ ਕਿ ਟੈਟਸਿਟਸ ਨੇ ਜਿਹੜੀਆਂ ਪ੍ਰਸਥਿਤੀਆਂ ਬਿਆਨ ਕੀਤੀਆਂ ਹਨ ਉਹ ਮਾਰਕ ਜਾਂ ਪਿੰਡ ਦੇ ਭਾਈਚਾਰੇ ਉੱਤੇ ਆਧਾਰਤ ਨਹੀਂ ਸਗੋਂ ਪਰਿਵਾਰਕ ਭਾਈਚਾਰੇ ਉੱਤੇ ਆਧਾਰਤ ਹਨ, ਜਿਹੜਾ, ਬਹੁਤ ਪਿੱਛੋਂ ਜਾ ਕੇ, ਵਸੋਂ ਦੇ ਵਾਧੇ ਕਾਰਨ ਵਿਕਾਸ ਕਰਕੇ ਪਿੰਡ ਦਾ ਭਾਈਚਾਰਾ ਬਣ ਗਿਆ।

ਇਸ ਲਈ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਜਿਸ ਇਲਾਕੇ ਉੱਤੇ ਉਹ ਰੋਮਨਾਂ ਦੇ ਜ਼ਮਾਨੇ ਵਿੱਚ ਰਹਿੰਦੇ ਸਨ ਅਤੇ ਜਿਹੜਾ ਇਲਾਕਾ ਉਹਨਾਂ ਪਿੱਛੋਂ ਰੋਮਨਾਂ ਤੋਂ ਲੈ ਲਿਆ, ਉਸ ਉੱਤੇ ਜਰਮਨਾਂ ਦੀਆਂ ਬਸਤੀਆਂ, ਪਿੰਡ ਨਹੀਂ ਹੋਣੇ ਸਗੋਂ ਵੱਡੇ ਪਰਿਵਾਰਕ ਭਾਈਚਾਰੇ ਹੋਣੇ ਹਨ, ਜਿਨ੍ਹਾਂ ਵਿੱਚ ਕਈ ਪੀੜ੍ਹੀਆਂ ਸ਼ਾਮਲ ਸਨ, ਜਿਹੜੇ ਇਹਦੇ ਅਨੁਸਾਰੀ ਹੀ ਭੋਂ ਦੇ ਵੱਡੇ ਖਾਤੇ 'ਤੇ ਵਾਹੀ ਕਰਦੇ ਅਤੇ ਦੁਆਲ਼ੇ ਦੇ ਜੰਗਲੀ ਇਲਾਕੇ ਨੂੰ ਆਪਣੇ ਗਵਾਂਢੀਆਂ ਨਾਲ਼ ਸਾਂਝੇ ਮਾਰਕ ਵਜੋਂ ਵਰਤਦੇ ਸਨ। ਫੇਰ ਟੈਟਸਿਟਸ ਵਿੱਚ ਵਾਹੀ-ਹੇਠਲੀ ਭੋਂ ਹਰ ਵਰ੍ਹੇ ਤਬਦੀਲ ਕਰਨ ਸਬੰਧੀ ਲਿਖਤ ਦੇ ਸੱਚ ਮੁਚ ਜ਼ਰੂਈ ਅਰਥ ਹੋਣਗੇ, ਅਰਥਾਤ, ਭਾਈਚਾਰਾ ਹਰ ਵਰ੍ਹੇ ਭੋਂ ਦੇ ਵੱਖਰੇ ਟੋਟੇ ਉੱਤੇ ਵਾਹੀ ਕਰਦਾ ਅਤੇ ਪਿਛਲੇ ਵਰ੍ਹੇ ਭੋਂ ਦੇ ਜਿਸ ਟੋਟੇ ਉੱਤੇ ਵਾਹੀ ਕੀਤੀ ਗਈ ਸੀ ਉਹ ਖ਼ਾਲੀ ਛੱਡ ਦਿੱਤਾ ਜਾਂਦਾ ਜਾਂ ਉੱਕਾ ਹੀ ਛੱਡ ਦਿੱਤਾ ਜਾਂਦਾ। ਵਸੋਂ ਦੀ ਵਿਰਲ ਚੋਖੀ ਜੰਗਲੀ ਭੋਂ ਛੱਡ ਦੇਂਦੀ ਹੋਣੀ ਹੈ ਜਿਸ ਨਾਲ਼ ਭੋਂ ਸਬੰਧੀ ਸਭੇ ਝਗੜੇ ਬੇਲੋੜੇ ਹੋ ਜਾਂਦੇ। ਕੇਵਲ ਸਦੀਆਂ ਲੰਘ ਜਾਣ ਪਿੱਛੋਂ ਹੀ, ਜਦੋਂ ਪਰਿਵਾਰ ਦੇ ਜੀਆਂ ਦੀ ਗਿਣਤੀ ਇੰਨੀ ਵੱਧ ਗਈ ਕਿ ਉਤਪਾਦਨ ਦੀਆਂ ਵਰਤਮਾਨ ਪ੍ਰਸਥਿਤੀਆਂ ਅਧੀਨ ਸਾਂਝੀ ਵਾਹੀ ਅਸੰਭਵ ਹੋ ਗਈ, ਇਸ ਕਥਨ ਅਨੁਸਾਰ ਪਰਿਵਾਰਕ ਭਾਈਚਾਰੇ ਟੁੱਟ ਗਏ। ਪਹਿਲੀਆਂ ਦੇ ਸਾਂਝੇ ਖੇਤ ਅਤੇ ਜੂਹਾਂ ਹੁਣ ਚੰਗੀ ਤਰ੍ਹਾਂ ਜਾਣੇ ਢੰਗ ਅਨੁਸਾਰ ਵੱਖ ਵੱਖ ਵਿਕੋਲਤ੍ਰੇ ਪਰਿਵਾਰਾਂ ਵਿੱਚ, ਜਿਹੜੇ ਹੁਣ ਰੂਪ ਧਾਰ ਚੁੱਕੇ ਸਨ, ਵੰਡੀਆਂ ਗਈਆਂ ਪਹਿਲਾਂ ਸਮੇਂ ਸਮੇਂ ਅਤੇ ਪਿੱਛੋਂ ਪੱਕੇ ਤੌਰ 'ਤੇ, ਪਰ ਜੰਗਲ, ਚਰਾਂਦਾਂ ਅਤੇ ਪਾਣੀ ਦੇ ਸਮੂਹ ਸਾਂਝੀ ਮਾਲਕੀ ਰਹੇ।

ਜਿੱਥੋਂ ਤੱਕ ਰੂਸ ਦਾ ਸਬੰਧ ਹੈ ਵਿਕਾਸ ਦਾ ਇਹ ਅਮਲ ਇਤਿਹਾਸਕ ਤੌਰ 'ਤੇ ਪੂਰੀ ਤਰ੍ਹਾਂ ਸਾਬਤ ਕੀਤਾ ਗਿਆ ਜਾਪਦਾ ਹੈ। ਜਿੱਥੋਂ ਤੱਕ ਜਰਮਨੀ ਦਾ ਅਤੇ ਦੂਜੈਲੀ ਥਾਂ ਹੋਰਨਾਂ ਜਰਮਨ ਦੇਸ਼ਾਂ ਦਾ ਸਬੰਧ ਹੈ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ, ਕਈ ਪੱਖਾਂ ਤੋਂ, ਇਹ ਵਿਚਾਰ ਪਹਿਲੀਆਂ ਦੇ ਪੇਂਡੂ ਭਾਈਚਾਰੇ ਨੂੰ ਟੈਟਸਿਟਸ ਦੇ ਸਮੇਂ ਤੱਕ ਲੱਭਣ ਨਾਲ਼ੋਂ ਸੋਮਿਆਂ ਦੀ ਚੰਗੇਰੀ ਵਿਆਖਿਆ ਕਰਦਾ ਹੈ ਅਤੇ ਔਖਿਆਈਆਂ ਦਾ ਸੌਖਾ ਹੱਲ ਪੇਸ਼ ਕਰਦਾ ਹੈ। ਸਭ ਤੋਂ ਪ੍ਰਾਚੀਨ ਦਸਤਾਵੇਜ਼ਾਂ, ਮਿਸਾਲ ਵੱਜੋਂ Codex

Laureshamensis[39] ਦੀ, ਪਿੰਡ ਦੇ ਮਾਰਕ ਭਾਈਚਾਰੇ ਨਾਲ਼ੋਂ ਪਰਿਵਾਰਕ ਭਾਈਚਾਰੇ ਦੇ ਆਧਾਰ ਉੱਤੇ ਵਧੇਰੇ ਸੌਖ ਨਾਲ਼ ਵਿਆਖਿਆ ਕੀਤੀ ਜਾ ਸਕਦੀ ਹੈ। ਦੂਜੇ ਹੱਥ ਇਹ ਨਵੀਆਂ ਔਕੜਾਂ ਅਤੇ ਨਵੇਂ ਮਸਲੇ ਪੇਸ਼ ਕਰਦਾ ਹੈ ਜਿਨ੍ਹਾਂ ਦੇ ਹੱਲ ਦੀ ਲੋੜ ਹੈ। ਇਥੇ ਹੋਰ ਖੋਜ ਹੀ ਨਿਰਣਾ ਕਰ ਸਕਦੀ ਹੈ। ਪਰ, ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਇਹ ਅਤਿ-ਅੰਤ ਸੰਭਾਵੀ ਹੈ ਕਿ ਪਰਿਵਾਰਕ ਭਾਈਚਾਰਾ ਜਰਮਨੀ, ਸਕੈਂਡੇਨੇਵੀਆ ਅਤੇ ਇੰਗਲੈਂਡ ਵਿੱਚ ਵੀ ਦਰਮਿਆਨਾ ਪੜਾਅ ਸੀ।

ਜਿੱਥੇ ਕਿ ਸੀਜ਼ਰ ਦੇ ਵਰਨਣ ਵਿੱਚ ਜਰਮਨਾਂ ਨੇ ਜੁਜ਼ਵੀ ਤੌਰ ’ਤੇ ਪੱਕੇ ਵਸੇਬੇ ਅਖ਼ਤਿਆਰ ਕੀਤੇ ਹੀ ਸਨ ਅਤੇ ਜੁਜ਼ਵੀ ਤੌਰ ’ਤੇ ਅਜਿਹੇ ਵਸੇਬੇ ਢੂੰਡ ਰਹੇ ਸਨ, ਟੈਟਸਿਟਸ ਦੇ ਸਮੇਂ ਉਹ ਪੂਰੀ ਇੱਕ ਸਦੀ ਤੋਂ ਪੱਕੀ ਤਰ੍ਹਾਂ ਵਸ ਚੁੱਕੇ ਸਨ; ਇਹਦੇ ਸਿੱਟੇ ਵਜੋਂ ਉਪਜੀਵਕਾ ਦੇ ਸਾਧਨਾਂ ਵਿੱਚ ਹੋਈ ਉਨਤੀ ਸਪਸ਼ਟ ਹੈ। ਉਹ ਗੇਲੀਆਂ ਤੋਂ ਬਣਾਏ ਮਕਾਨਾਂ ਵਿੱਚ ਰਹਿੰਦੇ; ਉਹਨਾਂ ਦਾ ਲਿਬਾਸ ਅਜੇ ਤੱਕ ਆਦਿ-ਕਾਲੀਨ ਜੰਗਲੀ ਕਿਸਮ ਦਾ ਹੁੰਦਾ, ਜਿਹੜਾ ਖਰ੍ਹਵੇ ਊਨੀ ਚੋਗੇ ਅਤੇ ਜਾਨਵਰਾਂ ਦੀਆਂ ਖੱਲਾਂ ਹੁੰਦਾ ਸੀ ਅਤੇ ਇਸਤਰੀਆਂ ਅਤੇ ਸ਼੍ਰੇਸ਼ਟ ਲੋਕਾਂ ਲਈ ਸਿਣੀ ਦਾ ਤਲੇਵਰ ਹੁੰਦਾ। ਉਹ ਦੁੱਧ, ਮਾਸ, ਜੰਗਲੀ ਫਲ ਅਤੇ ਜਿਹਾ ਕਿ ਪਲਿਨੀ ਵਾਧਾ ਕਰਦਾ ਹੈ, ਜਵੀ ਦੇ ਆਟੇ ਦੇ ਦਲੀਏ ’ਤੇ (ਜਿਹੜਾ ਅੱਜ ਤੱਕ ਆਇਰਲੈਂਡ ਅਤੇ ਸਕਾਟਲੈਂਡ ਵਿੱਚ ਕੌਮੀ ਖਾਣਾ ਹੈ) ਨਿਰਬਾਹ ਕਰਦੇ। ਉਹਨਾਂ ਦੀ ਦੌਲਤ ਜਾਨਵਰ ਹੁੰਦੇ ਸਨ, ਪਰ ਘਟੀਆ ਨਸਲ ਦੇ, ਨਿੱਕੇ, ਭੱਦੇ ਅਤੇ ਸਿੰਙਾਂ ਤੋਂ ਬਿਨਾਂ; ਉਹਨਾਂ ਦੇ ਘੋੜੇ ਨਿੱਕੇ ਟੱਟੂ ਸਨ, ਜਿਹੜੇ ਤਿੱਖਾ ਨਾ ਨੱਠ ਸਕਦੇ। ਨਕਦੀ, ਕੇਵਲ ਰੋਮਨ ਸਿੱਕੇ, ਦੀ ਬਹੁਤ ਥੋੜ੍ਹੀ ਅਤੇ ਬਹੁਤ ਹੀ ਘੱਟ ਵਰਤੋਂ ਕੀਤੀ ਜਾਂਦੀ। ਉਹ ਸੋਨੇ ਜਾਂ ਚਾਂਦੀ ਦੀਆਂ ਕੋਈ ਵਸਤਾਂ ਨਾ ਬਣਾਉਂਦੇ ਅਤੇ ਨਾ ਹੀ ਇਹਨਾਂ ਧਾਤਾਂ ਨੂੰ ਕੋਈ ਮਹੱਤਤਾ ਦੇਂਦੇ। ਲੋਹਾ ਦੁਰਲੱਭ ਸੀ ਅਤੇ ਘੱਟੋ ਘੱਟ ਰ੍ਹਾਈਨ ਅਤੇ ਡੈਨਿਊਬ ਦੇ ਕੰਢੇ ਦੇ ਕਬੀਲਿਆਂ ਦੀ ਹਾਲਤ ਵਿੱਚ, ਉੱਕਾ ਹੀ ਦਰਾਮਦ ਕੀਤਾ ਜਾਪਦਾ ਸੀ ਅਤੇ ਉਹਨਾਂ ਵੱਲੋਂ ਆਪ ਨਹੀਂ ਸੀ ਗਾਲ਼ਿਆ ਜਾਂਦਾ। ਰੂਨਿਕ ਲਿੱਪੀ (ਜਿਹੜੀ ਯੂਨਾਨੀ ਅਤੇ ਲਾਤੀਨੀ ਅੱਖਰਾਂ ਦੀਆਂ ਨਕਲਾਂ ਸਨ) ਕੇਵਲ ਇੱਕ ਗੁਪਤ ਲਿੱਪੀ ਵਜੋਂ ਵਰਤੀ ਜਾਂਦੀ ਅਤੇ ਕੇਵਲ ਧਾਰਮਿਕ ਜਾਦੂਗਰੀ ਲਈ ਵਰਤੀ ਜਾਂਦੀ। ਨਰ ਬਲੀ ਅਜੇ ਤੱਕ ਪ੍ਰਚਲਤ ਸੀ। ਮੁੱਕਦੀ ਗੱਲ, ਉਹ ਅਜਿਹੇ ਲੋਕ ਸਨ, ਜਿਹੜੇ ਜਹਾਲਤ ਦੇ ਦਰਮਿਆਨੇ ਪੜਾਅ ਤੋਂ ਉੱਪਰਲੇ ਪੜਾਅ ਵਿੱਚ ਦਾਖ਼ਲ ਹੋ ਹੀ ਰਹੇ ਸਨ। ਪਰ, ਜਿੱਥੇ ਜਿਨ੍ਹਾਂ ਕਬੀਲਿਆਂ ਦਾ ਰੋਮਨਾਂ ਨਾਲ਼ ਫ਼ੌਗੀ ਵਾਹ ਪੈਣ ਕਾਰਨ ਉਹਨਾਂ ਲਈ ਰੋਮ ਦੀਆਂ ਸਨਅਤੀ ਉਪਜਾਂ ਦਰਾਮਦ ਕਰਨਾ ਸੌਖਾ ਬਣ ਗਿਆ ਅਤੇ ਇਉਂ ਉਹਨਾਂ ਦੇ ਆਪਣੀ ਧਾਤ ਅਤੇ ਕੱਪੜੇ ਦੀ ਸਨਅਤ ਦੇ ਵਿਕਾਸ ਵਿੱਚ ਰੋਕ ਪਈ, ਇਸ ਸਬੰਧੀ ਰੰਚਕ ਮਾਤਰ ਵੀ ਸ਼ੱਕ ਨਹੀਂ ਕਿ ਉੱਤਰ-ਪੂਰਬ ਦੇ ਅਤੇ ਬਾਲਟਕ ਕੰਢੇ ਦੇ ਕਬੀਲਿਆਂ ਨੇ ਆਪਣੀਆਂ ਇਹ ਸਨਅਤਾਂ ਵਿਕਸਤ ਕੀਤੀਆਂ। ਸ਼ਲੈਸਵਿਗ ਦੀਆਂ ਜਿੱਲ੍ਹਣਾਂ ਵਿੱਚ ਲੱਭੇ ਸੰਜੋਅ ਦੇ ਟੋਟੇ—ਇੱਕ ਲੰਮੀ ਲੋਹੇ ਦੀ ਤਲਵਾਰ, ਸੰਜੋਅ, ਇੱਕ ਚਾਂਦੀ ਦਾ ਖੋਦ, ਆਦਿ—ਅਤੇ ਦੂਜੀ ਸਦੀ ਦੇ ਅੰਤ ਦੇ ਨੇੜੇ ਦੇ ਰੋਮਨ ਸਿੱਕੇ ਅਤੇ ਲੋਕਾਂ ਦੇ ਪਰਵਾਸ ਕਾਰਨ ਫੈਲੀਆਂ ਜਰਮਨ ਧਾਤੀ

ਵਸਤਾਂ ਇੱਕ ਖ਼ਾਸ ਕਿਸਮ ਦੀ ਸ਼ਾਨਦਾਰ ਕਾਰੀਗਰੀ ਦੀਆਂ ਪ੍ਰਤਿਨਿੱਧ ਹਨ, ਭਾਵੇਂ ਇਹ ਰੋਮਨ ਅਸਲਾਂ ਦੇ ਆਧਾਰ ਉੱਤੇ ਬਣਾਈਆਂ ਗਈਆਂ ਹਨ। ਇੰਗਲੈਂਡ ਤੋਂ ਬਿਨਾਂ, ਹਰ ਥਾਂ ਸਭਿਆ ਰੋਮਨ ਸਲਤਨਤ ਵਿੱਚ ਪਰਵਾਸ ਨੇ ਹਰ ਥਾਂ ਇਸ ਦੇਸੀ ਸਨਅਤ ਦਾ ਅੰਤ ਕਰ ਦਿੱਤਾ। ਇਹ ਸਨਅਤ ਕਿੰਨੀ ਇਕਸਾਰ ਉੱਭਰੀ ਅਤੇ ਵਿਕਸਤ ਹੋਈ, ਮਿਸਾਲ ਵਜੋਂ ਕਹਿੰਦੇ ਤਾਰਿਆਂ ਤੋਂ ਪਤਾ ਲੱਗਦਾ ਹੈ। ਬਰਗੰਡੀ ਵਿੱਚ, ਰੁਮਾਨੀਆ ਵਿੱਚ ਅਤੇ ਅਜ਼ੋਵ ਸਾਗਰ ਦੇ ਕੰਢੇ ਜਿਹੜੇ ਨਮੂਨੇ ਲੱਭੇ ਹਨ ਉਹ ਉਸੇ ਹੀ ਵਰਕਸ਼ਾਪ ਵਿੱਚ ਬਣੇ ਜਾਪਦੇ ਹਨ ਜਿਸ ਵਿੱਚ ਬਰਤਾਨਵੀ ਅਤੇ ਸਵੀਡ ਨਮੂਨੇ ਬਣੇ ਸਨ ਅਤੇ ਬਿਨਾਂ ਸ਼ੱਕ ਜਰਮਨ ਆਦਿ ਦੇ ਹਨ।

ਰਾਜ ਪ੍ਰਬੰਧ ਦੀ ਉਹਨਾਂ ਦੀ ਪ੍ਰਣਾਲੀ ਵੀ ਜਹਾਲਤ ਦੇ ਉੱਪਰਲੇ ਪੜਾਅ ਦੇ ਅਨੁਸਾਰੀ ਸੀ। ਟੈਟਸਿਟਸ ਅਨੁਸਾਰ ਆਤਮ ਤੌਰ ’ਤੇ ਮੁਖੀਆਂ (principes) ਦੀ ਇੱਕ ਪ੍ਰੀਸ਼ਦ ਹੁੰਦੀ ਸੀ ਜਿਹੜੀ ਮਾਮੂਲੀ ਮਹੱਤਤਾ ਵਾਲ਼ੇ ਮਾਮਲਿਆਂ ਦਾ ਨਿਰਣਾ ਕਰਦੀ ਅਤੇ ਮਹਤੱਵ-ਪੂਰਨ ਮਾਮਲੇ ਨਿਰਣੇ ਲਈ ਆਮ ਸਭਾ ਲਈ ਤਿਆਰ ਕਰਦੀ। ਪਿਛਲੇਰਾ ਇਕੱਠ, ਜਹਾਲਤ ਦੇ ਹੇਠਲੇ ਪੜਾਅ ਉੱਤੇ, ਘੱਟੋ ਘੱਟ ਉਹਨੀਂ ਥਾਈਂ ਜਿੱਥੇ ਸਾਨੂੰ ਇਹਦਾ ਪਤਾ ਹੈ, ਅਮਰੀਕੀਆਂ ਵਿੱਚ, ਕੇਵਲ ਗੋਤ ਵਿੱਚ ਹੀ ਹੁੰਦਾ ਸੀ ਅਤੇ ਕਬੀਲੇ ਜਾਂ ਕਬੀਲਿਆਂ ਦੇ ਸੰਘ ਵਿੱਚ ਨਹੀਂ ਸੀ ਹੁੰਦਾ। ਪ੍ਰੀਸ਼ਦ ਦੇ ਮੁਖੀ (principes) ਅਜੇ ਤੱਕ ਯੁੱਧ ਦੇ ਮੁਖੀਆਂ (duces) ਨਾਲ਼ੋਂ ਤਿੱਖੀ ਤਰ੍ਹਾਂ ਵੱਖਰੇ ਸਨ, ਐਨ ਉਸੇ ਤਰ੍ਹਾਂ ਜਿਵੇਂ ਇਹ ਇਰਾਕੁਈਆਂ ਵਿੱਚ ਸਨ। ਪਹਿਲੇਰੇ ਹੁਣੇ ਹੀ ਜੁਜ਼ਵੀ ਤੌਰ ’ਤੇ ਆਪਣੇ ਸਾਥੀ ਕਬਾਇਲੀਆਂ ਵੱਲੋਂ ਸਨਮਾਨ ਵਜੋਂ ਦਿੱਤੀਆਂ ਸੁਗ਼ਾਤਾਂ, ਜਿਹਾ ਕਿ ਪਸ਼ੂ, ਅਨਾਜ, ਆਦਿ ਦੇ ਸਹਾਰੇ ਜੀ ਰਹੇ ਸਨ। ਅਮਰੀਕਾ ਵਾਂਗ ਹੀ ਉਹ ਆਮ ਤੌਰ ’ਤੇ ਇੱਕੋ ਟੱਬਰ ਵਿੱਚੋਂ ਚੁਣੇ ਜਾਂਦੇ ਸਨ। ਜਿਵੇਂ ਕਿ ਯੂਨਾਨ ਅਤੇ ਰੋਮ ਵਿੱਚ ਹੋਇਆ, ਪਿੱਤਰੀ ਹੱਕ ਵੱਲ ਤਬਦੀਲੀ ਨੇ ਹੌਲ਼ੀ ਹੌਲ਼ੀ ਚੁਣੇ ਹੋਏ ਪਦ ਦੇ ਜੱਦੀ ਬਣਨ ਨੂੰ ਉਤਸ਼ਾਹ ਦਿੱਤਾ, ਇਉਂ ਹਰ ਗੋਤ ਵਿੱਚ ਇੱਕ ਰਾਠ ਟੱਬਰ ਪੈਦਾ ਕੀਤਾ। ਲੋਕਾਂ ਦੇ ਪਰਵਾਸ ਸਮੇਂ, ਜਾਂ ਛੇਤੀ ਪਿੱਛੋਂ, ਇਹ ਪੁਰਾਣੀ, ਅਖੌਤੀ ਕਬਾਇਲੀ ਰਾਠਸ਼ਾਹੀ ਲੋਪ ਹੋ ਗਈ। ਫ਼ੌਜੀ ਮੁਖੀ, ਉਹਨਾਂ ਦਾ ਜਨਮ ਮੁੱਖ ਨਾ ਰੱਖਦੇ ਹੋਏ, ਕੇਵਲ ਉਹਨਾਂ ਦੇ ਗੁਣਾਂ ਦੇ ਆਧਾਰ ਉੱਤੇ ਚੁਣੇ ਜਾਂਦੇ ਸਨ। ਉਹਨਾਂ ਨੂੰ ਬਹੁਤ ਘੱਟ ਅਧਿਕਾਰ ਪ੍ਰਾਪਤ ਸੀ ਅਤੇ ਉਹਨਾਂ ਨੂੰ ਉਦਾਹਰਣ ਦੇ ਬਲ ਉੱਤੇ ਟੇਕ ਰੱਖਣੀ ਪੈਂਦੀ ਸੀ। ਜਿਹਾ ਕਿ ਟੈਟਸਿਟਸ ਸਪਸ਼ਟ ਤੌਰ ’ਤੇ ਕਹਿੰਦਾ ਹੈ, ਫ਼ੌਜ ਵਿੱਚ ਅਨੁਸ਼ਾਸਨ ਕਾਇਮ ਰੱਖਣ ਦੀ ਅਸਲ ਸ਼ਕਤੀ ਪੁਜਾਰੀਆਂ ਦੇ ਹੱਥ ਸੀ। ਆਮ ਸਭਾ ਅਸਲੀ ਸ਼ਕਤੀ ਸੀ। ਬਾਦਸ਼ਾਹ ਜਾਂ ਕਬਾਇਲੀ ਮੁਖੀ ਪ੍ਰਧਾਨਗੀ ਕਰਦਾ; ਜਨਤਾ ਨਿਰਣਾ ਕਰਦੀ: ਹੌਲ਼ੀ ਹੌਲ਼ੀ ਬੁੜ ਬੁੜ ਦੇ ਅਰਥ ਸਨ “ਨਹੀਂ”, ਉੱਚੇ ਨਾਹਰੇ ਜਾਂ ਹਥਿਆਰਾਂ ਨੂੰ ਵਜਾਉਣ ਦੇ ਅਰਥ ਸਨ “ਹਾਂ”। ਆਮ ਸਭਾ ਇਨਸਾਫ਼ ਦੀ ਅਦਾਲਤ ਵੀ ਸੀ। ਇਹਦੇ ਸਾਹਮਣੇ ਪੇਸ਼ ਕੀਤੀਆਂ ਸ਼ਿਕਾਇਤਾਂ ਦਾ ਨਿਰਣਾ ਕੀਤਾ ਜਾਂਦਾ; ਮੌਤ ਦੀ ਸਜ਼ਾ ਸੁਣਾਈ ਜਾਂਦੀ, ਇਹ ਪਿਛਲੇਰੀ ਕੇਵਲ ਕਾਇਰਤਾ, ਗ਼ੱਦਾਰੀ ਜਾਂ ਗ਼ੈਰ-ਕੁਦਰਤੀ ਬੁਰਾਈਆਂ ਕਾਰਨ ਹੀ। ਗੋਤਾਂ ਅਤੇ ਹੋਰ ਛੋਟੀਆਂ ਇਕਾਈਆਂ ਵੀ ਸਮੂਹਕ ਤੌਰ ’ਤੇ ਨਿਰਣਾ

ਕਰਦੀਆਂ, ਜਿਨ੍ਹਾਂ ਦੀ ਪ੍ਰਧਾਨਗੀ ਮੁਖੀ ਕਰਦਾ, ਜਿਹੜਾ, ਸਾਰੀਆਂ ਮੂਲ ਜਰਮਨ ਅਦਾਲਤਾਂ ਵਿੱਚ, ਕਾਰਵਾਈ ਦੀ ਨਿਗਰਾਨੀ ਕਰਨ ਵਾਲ਼ਾ ਅਤੇ ਪ੍ਰਸ਼ਨ ਕਰਨ ਵਾਲ਼ਾ ਹੀ ਹੋ ਸਕਦਾ ਸੀ। ਜਰਮਨਾਂ ਵਿੱਚ, ਸਦਾ ਅਤੇ ਹਰ ਥਾਂ, ਸਜ਼ਾ ਸਮੁੱਚੇ ਭਾਈਚਾਰੇ ਵੱਲੋਂ ਦਿੱਤੀ ਜਾਂਦੀ।

ਕਬੀਲਿਆਂ ਦੇ ਸੰਘ ਸੀਜ਼ਰ ਦੇ ਸਮੇਂ ਤੋਂ ਹੋਂਦ ਵਿੱਚ ਆਏ। ਉਹਨਾਂ ਵਿੱਚੋਂ ਕਈਆਂ ਦੇ ਪਹਿਲਾਂ ਹੀ ਬਾਦਸ਼ਾਹ ਸਨ। ਸਰਵਉੱਚ ਫ਼ੌਜੀ ਕਮਾਂਡਰ ਨੇ, ਯੂਨਾਨੀਆਂ ਅਤੇ ਰੋਮਨਾਂ ਵਾਂਗ ਹੀ, ਜਾਬਰ ਸ਼ਕਤੀ ਪ੍ਰਾਪਤ ਕਰਨ ਦਾ ਯਤਨ ਸ਼ੁਰੂ ਕਰ ਦਿੱਤਾ ਅਤੇ ਕਈ ਹਾਲਤਾਂ ਵਿੱਚ ਉਹ ਇਹ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਏ। ਇਹ ਸਫ਼ਲ ਅਪਹਾਰੀ ਕਿਸੇ ਵੀ ਤਰ੍ਹਾਂ ਨਿਹਕੇਵਲ ਹਾਕਮ ਨਹੀਂ ਸਨ; ਪਰ ਉਹਨਾਂ ਗੋਤਰੀ ਪ੍ਰਣਾਲੀ ਦੇ ਸੰਗਲ ਤੋੜਨੇ ਸ਼ੁਰੂ ਕਰ ਦਿੱਤੇ। ਜਿੱਥੇ ਕਿ ਆਜ਼ਾਦ ਕੀਤੇ ਗ਼ੁਲਾਮਾਂ ਨੂੰ ਨੀਵਾਂ ਸਥਾਨ ਪ੍ਰਾਪਤ ਸੀ ਕਿਉਂਕਿ ਉਹ ਕਿਸੇ ਗੋਤ ਵਿੱਚੋਂ ਨਹੀਂ ਸਨ ਹੁੰਦੇ, ਪਰ ਉਹ ਅਕਸਰ ਪਦਵੀ, ਦੌਲਤ ਅਤੇ ਮਾਣ ਪ੍ਰਾਪਤ ਕਰ ਲੈਂਦੇ। ਰੋਮਨ ਸਲਤਨਤ ਦੀ ਜਿੱਤ ਪਿੱਛੋਂ ਫ਼ੌਜੀ ਨੇਤਾਵਾਂ ਸਬੰਧੀ, ਜਿਹੜੇ ਹੁਣ ਵੱਡੇ ਦੇਸ਼ਾਂ ਦੇ ਬਾਦਸ਼ਾਹ ਬਣ ਗਏ ਸਨ, ਇਹੋ ਕੁੱਝ ਵਾਪਰਿਆ। ਫ਼ਰੈਂਕਾਂ ਵਿੱਚ ਬਾਦਸ਼ਾਹ ਦੇ ਗ਼ੁਲਾਮਾਂ ਅਤੇ ਆਜ਼ਾਦ ਕੀਤੇ ਗ਼ੁਲਾਮਾਂ ਨੇ ਪਹਿਲਾਂ ਦਰਬਾਰ ਵਿੱਚ ਅਤੇ ਫੇਰ ਰਾਜ ਵਿੱਚ ਮਹਾਨ ਰੋਲ਼ ਅਦਾ ਕੀਤਾ; ਨਵੀਂ ਅਮੀਰ-ਸ਼ਾਹੀ ਦਾ ਇੱਕ ਵੱਡਾ ਹਿੱਸਾ ਉਹਨਾਂ ਦੀਆਂ ਕਈ ਪੀੜ੍ਹੀਆਂ ਸੀ।

ਇੱਕ ਸੰਸਥਾ ਅਜਿਹੀ ਸੀ ਜਿਹੜੀ ਬਾਦਸ਼ਾਹੀ ਦੇ ਉੱਭਰਨ ਲਈ ਖ਼ਾਸ ਤੌਰ 'ਤੇ ਸੁਖਾਵੀਂ ਸੀ ਫ਼ੌਜੀ ਲਾਮ-ਡੋਰੀ। ਅਸੀਂ ਅਮਰੀਕੀ ਰੈੱਡ ਇੰਡੀਅਨਾਂ ਦੀ ਹਾਲਤ ਵਿੱਚ ਪਹਿਲਾਂ ਹੀ ਵੇਕ ਚੁੱਕੇ ਹਾਂ ਕਿਵੇਂ ਗੋਤ ਦੇ ਨਾਲ਼ ਹੀ ਨਾਲ਼ ਆਪਣੇ ਵੱਲੋਂ ਯੁੱਧ ਲੜਨ ਲਈ ਨਿੱਜੀ ਸਭਾਵਾਂ ਬਣਾਈਆਂ ਜਾਂਦੀਆਂ। ਜਰਮਨਾਂ ਵਿੱਚ ਇਹ ਨਿੱਜੀ ਸਭਾਵਾਂ ਸਥਾਈ ਸਮੂਹ ਬਣ ਗਈਆਂ ਸਨ। ਜਿਸ ਫ਼ੌਜੀ ਕਮਾਂਡਰ ਨੇ ਸ਼ੋਭਾ ਖੱਟ ਲਈ ਹੁੰਦੀ ਉਹ ਆਪਣੇ ਦੁਆਲ਼ੇ ਲੁੱਟ ਦੇ ਮਾਲ ਨੂੰ ਪਿਆਰ ਕਰਨ ਵਾਲ਼ੇ ਜਵਾਨਾਂ ਦਾ ਇੱਕ ਸਮੂਹ ਇਕੱਠਾ ਕਰ ਲੈਂਦਾ ਜਿਨ੍ਹਾ ਉਹਦੀ ਨਿੱਜੀ ਵਫ਼ਾਦਾਰੀ ਦੀ ਸੌਂਹ ਖਾਧੀ ਹੁੰਦੀ ਅਤੇ ਉਹਨੇ ਉਹਨਾਂ ਨਾਲ਼ ਵਫ਼ਾਦਾਰੀ ਦੀ। ਉਹ ਉਹਨਾਂ ਨੂੰ ਖਾਣਾ ਦੇਂਦਾ, ਉਹਨਾਂ ਨੂੰ ਸੁਗ਼ਾਤਾਂ ਦੇਂਦਾ ਅਤੇ ਉਹਨਾਂ ਨੂੰ ਦਰਜੇਵਾਰ ਤਰਤੀਬ ਦੇ ਅਸੂਲਾਂ ਅਨੁਸਾਰ ਜਥੇਬੰਦ ਕਰਦਾ: ਅੰਗ ਰੱਖਿਅਕ ਅਤੇ ਛੋਟੀਆਂ ਮੁਹਿੰਮਾਂ ਲਈ ਤਿਆਰ ਇੱਕ ਦਸਤਾ, ਵਡੇਰਆਂ ਮੁਹਿੰਮਾਂ ਲਈ ਅਫ਼ਸਰਾਂ ਦੀ ਇੱਕ ਸਿੱਖਿਆ-ਪ੍ਰਾਪਤ ਟੋਲੀ। ਭਾਵੇਂ ਇਹ ਲਾਮ-ਡੋਰੀਆਂ ਜ਼ਰੂਰ ਹੀ ਕਮਜ਼ੋਰ ਹੋਣੀਆਂ ਹਨ, ਜਿਵੇਂ ਕਿ ਇਟਲੀ ਵਿੱਚ ਓਡੋਆਕਰ ਅਧੀਨ ਸੱਚ ਮੁੱਚ ਸਾਬਤ ਹੋਇਆ, ਪਰ, ਉਹ ਪੁਰਾਣੀਆਂ ਜਨਤਕ ਆਜ਼ਾਦੀਆਂ ਦੀ ਗਿਰਾਵਟ ਦਾ ਮੂਲ ਬਣੀਆਂ ਅਤੇ ਲੋਕਾਂ ਦੇ ਪਰਵਾਸ ਸਮੇਂ ਅਤੇ ਉਸ ਤੋਂ ਪਿੱਛੋਂ ਸੱਚ ਮੁੱਚ ਅਜਿਹੀਆਂ ਸਾਬਤ ਹੋਈਆਂ। ਕਿਉਂਕਿ ਪਹਿਲੇ, ਉਹਨਾਂ ਸ਼ਾਹੀ ਤਾਕਤ ਦੇ ਉਭਰਨ ਦੀ ਹਮਾਇਤ ਕੀਤੀ। ਦੂਜੇ, ਜਿਹਾ ਕਿ ਟੈਟਸਿਟਸ ਨੇ ਕਿਹਾ ਹੈ, ਉਹਨਾਂ ਨੂੰ ਲਗਾਤਾਰ ਯੁੱਧ ਅਤੇ ਲੁੱਟ ਮਾਰ ਦੀਆਂ ਮੁਹਿੰਮਾਂ ਰਾਹੀਂ ਹੀ ਇਕੱਠਾ ਰੱਖਿਆ ਜਾ ਸਕਦਾ ਸੀ। ਲੁੱਟ ਮੁੱਖ ਮੰਤਵ ਬਣ ਗਈ। ਜੇ ਮੁਖੀ ਨੂੰ ਆਪਣੇ ਆਂਢ ਗਵਾਂਢ ਕੁੱਝ ਨਾ ਲੱਭਦਾ ਤਾਂ

ਉਹ ਆਪਣੀਆਂ ਫ਼ੌਜਾਂ ਹੋਰ ਦੇਸ਼ਾਂ ਨੂੰ ਲੈ ਜਾਂਦਾ ਜਿਥੇ ਯੁੱਧ ਅਤੇ ਲੁੱਟ ਦੇ ਮਾਲ ਦੀ ਸੰਭਾਵਨਾ ਸੀ। ਜਰਮਨ ਭਾੜੇ ਦੀ ਫ਼ੌਜ, ਜਿਹੜੀ ਰੋਮਨ ਝੰਡੇ ਹੇਠ ਵੱਡੀ ਗਿਣਤੀ ਵਿੱਚ ਜਰਮਨਾਂ ਵਿਰੁੱਧ ਵੀ ਲੜੀ, ਕਿਸੇ ਹੱਦ ਤੱਕ ਅਜਿਹੀ ਲਾਮ-ਡੋਰੀ ਹੀ ਸੀ। ਉਹ Landsknecht* ਪ੍ਰਣਾਲੀ ਦੇ, ਜਿਹੜੀ ਜਰਮਨਾਂ ਲੀ ਨਿਰਾਦਰੀ ਭਰੀ ਗੱਲ ਅਤੇ ਉਹਨਾਂ ਲਈ ਲਾਹਨਤ ਸੀ, ਪਹਿਲੇ ਬੀਜ ਸਨ। ਰੋਮਨ ਸਲਤਨਤ ਉੱਤੇ ਜਿੱਤ ਤੋਂ ਪਿੱਛੋਂ ਬਾਦਸ਼ਾਹਾਂ ਦੇ ਇਹ ਪਿੱਛ-ਲੱਗ, ਗ਼ੁਲਾਮ ਅਤੇ ਰੋਮ ਦੇ ਦਰਬਾਰੀ ਸੇਵਕਾਂ ਦੇ ਨਾਲ਼ ਨਾਲ਼, ਪਿੱਛੋਂ ਦੇ ਸਮੇਂ ਦੀ ਰਾਠਸ਼ਾਹੀ ਦਾ ਦੂਜਾ ਮੁੱਖ ਅੰਗ ਭਾਗ ਬਣੇ।

ਸੋ, ਆਮ ਤੌਰ ’ਤੇ ਗੱਲ ਕਰਦਿਆਂ ਜਰਮਨ ਕਬੀਲਿਆਂ ਵਿੱਚ, ਜਿਹੜੇ ਜਨ-ਸਮੂਹਾਂ ਵਿੱਚ ਜੁੜੇ ਹੋਏ ਸਨ, ਉਹੋ ਜਿਹੀ ਹੀ ਪ੍ਰਣਾਲੀ ਸੀ ਜਿਹੋ ਜਿਹੀ ਸੂਰਮਾ ਯੁੱਗ ਦੇ ਯੂਨਾਨੀਆਂ ਵਿੱਚ ਅਤੇ ਪਿੱਛੋਂ ਅਖੌਤੀ ਬਾਦਸ਼ਾਹਾਂ ਦੇ ਸਮਿਆਂ ਦੇ ਰੋਮਨਾਂ ਵਿੱਚ ਸੀ: ਜਨਤਕ ਇਕੱਠ, ਗੋਤਰੀ ਮੁਖੀਆਂ ਦੀ ਪ੍ਰੀਸ਼ਦ ਅਤੇ ਫ਼ੌਜੀ ਕਮਾਂਡਰ ਜਿਹੜੇ ਪਹਿਲਾਂ ਹੀ ਸੱਚੀ ਬਾਦਸ਼ਾਹੀ ਤਾਕਤ ਪ੍ਰਾਪਤ ਕਰਨ ਦਾ ਯਤਨ ਕਰ ਰਹੇ ਸਨ। ਇਹ ਉਹ ਅਤਿ-ਅੰਤ ਵਿਕਸਤ ਪ੍ਰਣਾਲੀ ਸੀ ਜਿਹੜੀ ਗੋਤਰੀ ਬਣਤਰ ਪੈਦਾ ਕਰ ਸਕਦੀ ਸੀ; ਇਹ ਜਹਾਲਤ ਦੇ ਉਪਰਲੇ ਪੜਾਅ ਦੀ ਨਮੂਨੇ ਦੀ ਪ੍ਰਣਾਲੀ ਸੀ। ਜਿਉਂ ਹੀ ਸਮਾਜ ਉਹਨਾਂ ਹੱਦਾਂ ਤੋਂ ਅੱਗੇ ਵਧਿਆ ਜਿਨ੍ਹਾਂ ਲਈ ਇਹ ਪ੍ਰਣਾਲੀ ਕਾਫ਼ੀ ਸੀ, ਗੋਤਰੀ ਪਰਪਾਟੀ ਖ਼ਤਮ ਹੋ ਗਈ। ਇਹ ਫਟ ਗਈ ਅਤੇ ਰਾਜ ਨੇ ਇਹਦੀ ਥਾਂ ਲੈ ਲਈ।

# VIII

## ਜਰਮਨਾਂ ਵਿੱਚ ਰਾਜ ਦਾ ਬਣਨਾ

ਟੈਟਸਿਟਸ ਅਨੁਸਾਰ ਜਰਮਨ ਬਹੁਤ ਵੱਡੀ ਗਿਣਤੀ ਵਾਲ਼ੇ ਲੋਕ ਸਨ। ਵੱਖ ਵੱਖ ਜਰਮਨ ਜਨ-ਸਮੂਹਾਂ ਦੀ ਲਗਭਗ ਗਿਣਤੀ ਸਬੰਧੀ ਕੁੱਝ ਅੰਦਾਜ਼ਾ ਸੀਜ਼ਰ ਪੇਸ਼ ਕਰਦਾ ਹੈ। ਉਹ ਉਸੀਪੀਤਾਨ ਅਤੇ ਤੈਨਕਤਰਾਨੀ ਲੋਕਾਂ ਦੀ, ਜਿਹੜੇ ਰ੍ਹਾਈਨ ਦੇ ਖੱਬੇ ਕੰਢੇ ’ਤੇ ਪ੍ਰਗਟ ਹੋਏ, ਗਿਣਤੀ, ਇਸਤਰੀਆਂ ਅਤੇ ਬੱਚਿਆਂ ਸਮੇਤ 1,80,000 ਦੱਸਦਾ ਹੈ। ਸੋ ਇੱਕ ਜਨ-ਸਮੂਹ ਲਈ** ਗਿਣਤੀ ਲਗ ਭਗ 1,00,000 ਜਿਹੜੀ, ਮਿਸਾਲ ਵਜੋਂ, ਉਸ ਨਾਲ਼ੋਂ ਚੋਖੀ ਵੱਧ ਹੈ ਜੋ ਇਰਾਕੁਈਆਂ ਦੀ ਉਹਨਾਂ ਦੀ ਅਤਿ-ਅੰਤ ਪ੍ਰਫੁੱਲਤਾ ਸਮੇਂ ਸੀ, ਜਦੋਂ ਉਹ

* ਭਾੜੇ ਦੀ ਫ਼ੌਜ। **—ਸੰਪਾ.**

** ਇਥੇ ਜਿਹੜੀ ਗਿਣਤੀ ਲਈ ਗਈ ਹੈ ਉਹਦੀ ਗਾਲ ਦੇ ਕੈਲਟਾਂ ਸਬੰਧੀ ਡਾਈਓਡੋਰਸ ਦੀ ਇੱਕ ਲਿਖਤ ਤੋਂ ਤਸਦੀਕ ਹੁੰਦੀ ਹੈ: “ਗਾਲ ਵਿੱਚ ਅਸਾਵੀਂ ਗਿਣਤੀ ਦੇ ਅਨੇਕ ਜਨ-ਸਮੂਹ ਰਹਿੰਦੇ ਹਨ। ਉਹਨਾਂ ਵਿੱਚੋਂ ਸਭ ਤੋਂ ਵੱਡਿਆਂ ਦੀ ਗਿਣਤੀ 2,00,000 ਹੈ ਅਤੇ ਸਭ ਤੋਂ ਛੋਟਿਆਂ ਦੀ 50,000।” (ਡਾਈਓਡੋਰਸ ਸਿਸੂਲਸ, V, 25।) ਇਸ ਤੋਂ ਔਸਤ 1,25,000 ਨਿਕਲਦੀ ਹੈ। ਵਿਕੋਲਤ੍ਰੇ ਗਾਲ-ਵਾਸੀ ਜਨ-ਸਮੂਹ ਵਧੇਰੇ ਵਿਕਸਤ ਹੋਣ ਕਾਰਨ ਨਿਸ਼ਚੇ ਹੀ, ਜਰਮਨਾਂ ਤੋਂ ਵਧੇਰੇ ਗਿਣਤੀ ਵਿੱਚ ਹੋਣਗੇ।

ਪੂਰੇ 20,000 ਵੀ ਨਹੀਂ ਸਨ ਪਰ ਉਹ ਮਹਾਨ ਝੀਲਾਂ ਤੋਂ ਲੈ ਕੇ ਓਹੀਓ ਅਤੇ ਪੋਟੋਮੈਕ ਤੱਕ ਸਾਰੇ ਇਲਾਕੇ ਲਈ ਮੁਸੀਬਤ ਬਣ ਗਏ ਸਨ। ਜੇ ਅਸੀਂ ਨਕਸ਼ੇ ਉੱਤੇ ਰ੍ਹਾਈਨ ਦੇ ਵਿਕੋਲਤ੍ਰੇ ਜਨ-ਸਮੂਹਾਂ ਨੂੰ ਇਕੱਤਰ ਕਰਨ ਦਾ ਯਤਨ ਕਰੀਏ, ਜਿਨ੍ਹਾਂ ਤੋਂ ਵੱਖ ਵੱਖ ਬ੍ਰਿਤਾਂਤਾਂ ਰਾਹੀਂ ਅਸੀਂ ਚੰਗੀ ਤਰ੍ਹਾਂ ਜਾਣੂ ਹਾਂ, ਤਾਂ ਅਸੀਂ ਵੇਖਦੇ ਹਾਂ ਕਿ ਅਜਿਹਾ ਜਨ-ਸਮੂਹ ਔਸਤ ਨਾਲ਼ ਇੱਕ ਪਰੂਸ਼ਿਆਈ ਪ੍ਰਬੰਧਕ ਜ਼ਿਲ੍ਹੇ ਜਿੰਨੇ ਇਲਾਕੇ ਉੱਤੇ ਫੈਲਿਆ ਹੋਇਆ ਸੀ, ਲਗ ਭਗ 10,000 ਵਰਗ ਕਿਲੋਮੀਟਰ ਜਾਂ 182 ਭੂਗੋਲਕ ਵਰਗ ਮੀਲ। ਰੋਮਨਾਂ ਦੇ Germania Magna* ਵਿੱਚ, ਜਿਹੜਾ ਵਿਸਚੂਲਾ ਤੱਕ ਫੈਲਿਆ ਹੋਇਆ ਸੀ, ਲਗ ਭਗ 5,00,000 ਵਰਗ ਕਿਲੋਮੀਟਰ ਸਨ। ਕਿਸੇ ਇੱਕ ਜਨ-ਸਮੂਹ ਲਈ 1,00,000 ਦੀ ਔਸਤ ਲੈਂਦੇ ਹੋਏ, Germania Magna ਦੀ ਕੁੱਲ ਵਸੋਂ 50 ਲੱਖ ਹੋ ਸਕਦੀ ਹੈ—ਜਹਾਲਤ ਦੇ ਯੁੱਗ ਦੇ ਜਨ-ਸਮੂਹਾਂ ਦੀ ਟੋਲੀ ਲਈ ਇਹ ਚੋਖੀ ਵੱਡੀ ਗਿਣਤੀ ਹੈ, ਭਾਵੇਂ ਇੱਕ ਵਰਗ ਕਿਲੋਮੀਟਰ ਵਿੱਚ 10 ਵਸਨੀਕ ਜਾਂ ਇੱਕ ਭੂਗੋਲਕ ਵਰਗ ਮੀਲ ਵਿੱਚ 550 ਵਸਨੀਕ, ਅਜੋਕੀਆਂ ਪ੍ਰਸਥਿਤੀਆਂ ਦੇ ਮੁਕਾਬਲੇ ਉੱਤੇ ਬਹੁਤ ਥੋੜ੍ਹੀ ਹੈ। ਪਰ ਇਸ ਵਿੱਚ ਉਹ ਸਾਰੇ ਜਰਮਨ ਸ਼ਾਮਲ ਨਹੀਂ ਜਿਹੜੇ ਉਸ ਸਮੇਂ ਰਹਿੰਦੇ ਸਨ। ਅਸੀਂ ਜਾਣਦੇ ਹਾਂ ਕਿ ਗੋਥਕ ਆਦਿ ਦੇ ਜਰਮਨ ਜਨ-ਸਮੂਹ, ਬਸਤਾਰਏਨੀ, ਪਿਊਕੀਨਿਆਨੀ ਅਤੇ ਹੋਰ, ਕਾਰਪੇਥਿਆਈ ਪਹਾੜਾਂ ਦੇ ਨਾਲ਼ ਨਾਲ਼ ਡੈਨਿਊਬ ਤੱਕ ਸਾਰੇ ਇਲਾਕੇ ਵਿੱਚ ਵਸੇ ਹੋਏ ਸਨ। ਉਹਨਾਂ ਦੀ ਗਿਣਤੀ ਇੰਨੀ ਜ਼ਿਆਦਾ ਸੀ ਕਿ ਪਲਿਨੀ ਨੇ ਉਹਨਾਂ ਨੂੰ ਜਰਮਨਾਂ ਦੇ ਪੰਜਵੇਂ ਮਹਾਨ ਕਬੀਲੇ ਦਾ ਨਾਂ ਦਿੱਤਾ, 150 ਪੂਰਬ ਈਸਾ ਵਿੱਚ ਹੀ ਉਹ ਮਕਦੂਨੀਆ ਦੇ ਬਾਦਸ਼ਾਹ ਪਰਸੀਅਸ ਲਈ ਭਾੜੇ ਦੇ ਫ਼ੌਜੀਆਂ ਦਾ ਕੰਮ ਕਰ ਰਹੇ ਸਨ ਅਤੇ ਆਗਸਟਸ ਦੇ ਰਾਜ ਦੇ ਸਮੇਂ ਉਹ ਅਜੇ ਤੱਕ ਐਡਰੀਆਨੋਪਲ ਦੇ ਗਵਾਂਢ ਦੇ ਦੁਰਾਡੇ ਇਲਾਕੇ ਤੱਕ ਧੁੱਸ ਮਾਰੀ ਜਾ ਰਹੇ ਸਨ। ਜੇ ਅਸੀਂ ਇਹ ਫ਼ਰਜ਼ ਕਰ ਲਈਏ ਕਿ ਉਹਨਾਂ ਦੀ ਗਿਣਤੀ ਕੇਵਲ ਦਸ ਲੱਖ ਸੀ ਤਾਂ ਈਸਵੀ ਯੁੱਗ ਦੇ ਸ਼ੁਰੂ ਹੋਣ ਦੇ ਸਮੇਂ ਜਰਮਨਾਂ ਦੀ ਗਿਣਤੀ ਸ਼ਾਇਦ 60 ਲੱਖ ਤੋਂ ਘੱਟ ਨਹੀਂ ਸੀ।

ਜਰਮਨੀ (Germanien) ਵਿੱਚ ਵਸ ਜਾਣ ਤੋਂ ਪਿੱਛੋਂ ਉਹਨਾਂ ਦੀ ਵਸੋਂ ਵਿੱਚ ਵਧ ਰਹੀ ਤਿੱਖੀ ਰਫ਼ਤਾਰ ਨਾਲ਼ ਵਾਧਾ ਹੋਇਆ ਹੋਣਾ ਹੈ। ਉਪਰ ਦੱਸੀ ਗਈ ਸਨਅਤੀ ਉੱਨਤੀ ਇਹ ਸਾਬਤ ਕਰਨ ਲਈ ਕਾਫ਼ੀ ਹੈ। ਸ਼ਲੈਸਵਿਗ ਦੀਆਂ ਜਿੱਲ੍ਹਣਾਂ ਵਿੱਚ ਜਿਹੜੀਆਂ ਚੀਜ਼ਾਂ ਮਿਲੀਆਂ ਹਨ, ਉਹਨਾਂ ਵਿੱਚ ਮਿਲੇ ਰੋਮਨ ਸਿੱਕਿਆਂ ਤੋਂ ਅੰਦਾਜ਼ਾ ਲਾਉਂਦੇ ਹੋਏ, ਅਸੀਂ ਉਹਨਾਂ ਦਾ ਸਮਾਂ ਤੀਜੀ ਸਦੀ ਈਸਵੀ ਦਾ ਮਿੱਥ ਸਕਦੇ ਹਾਂ। ਸੋ, ਉਸ ਸਮੇਂ ਬਾਲਟਕ ਦੇ ਕੰਢੇ ਧਾਤ ਅਤੇ ਕੱਪੜੇ ਦੀ ਸਨਅਤ ਚੰਗੀ ਵਿਕਸਤ ਸੀ, ਰੋਮਨ ਸਲਤਨਤ ਨਾਲ਼ ਚੋਖਾ ਸਰਗਰਮ ਵਪਾਰ ਕੀਤਾ ਜਾਂਦਾ ਸੀ ਅਤੇ ਵਧੇਰੇ ਅਮੀਰ ਸ਼੍ਰੇਣੀਆਂ ਚੋਖੀ ਐਸ਼ ਕਰਦੀਆਂ—ਇਹ ਸਾਰੇ ਵਸੋਂ ਦੇ ਵਧੇਰੇ ਸੰਘਣਾ ਹੋਣ ਦੇ ਸਬੂਤ ਹਨ। ਪਰ ਇਸੇ ਹੀ ਸਮੇਂ ਜਰਮਨਾਂ ਨੇ ਰ੍ਹਾਈਨ ਦੀ ਸਾਰੀ ਲੀਹ ਦੇ ਨਾਲ਼ ਨਾਲ਼, ਰੋਮਨ ਸਰਹੱਦਾਂ ਦੇ ਮੋਰਚਿਆਂ ਅਤੇ ਡੈਨਿਊਬ ਦੇ ਨਾਲ਼ ਨਾਲ਼, ਉੱਤਰੀ ਸਾਗਰ ਤੋਂ ਕਾਲ਼ੇ ਸਾਗਰ ਤੱਕ ਫੈਲੀ ਇੱਕ ਲੀਹ ਦੇ ਨਾਲ਼ ਨਾਲ਼

* Germania Magna—ਮਹਾਨ ਜਰਮਨੀ। **—ਸੰਪਾ.**

ਆਪਣਾ ਆਮ ਹਮਲਾ ਸ਼ੁਰੂ ਕਰ ਦਿੱਤਾ—ਵੱਧ ਰਹੀ ਵਸੋਂ ਦੇ ਬਾਹਰ ਵੱਲ ਖਿੱਲਰਨ ਦੇ ਯਤਨ ਦਾ ਸਿੱਧਾ ਸਬੂਤ। ਘੋਲ਼ ਦੀਆਂ ਤਿੰਨ ਸਦੀਆਂ ਦੇ ਦੌਰਾਨ, ਗੋਥਕ ਜਨ-ਸਮੂਹਾਂ ਦੇ ਸਾਰੇ ਮੁੱਖ ਸਮੂਹ (ਸਕੈਨਡੇਨੇਵੀਆਂ ਦੇ ਗੋਥਾਂ ਅਤੇ ਬਰਗੰਡੀ ਦੇ ਲੋਕਾਂ ਨੂੰ ਛੱਡ ਕੇ) ਦੱਖਣ-ਪੂਰਬ ਵੱਲ ਵਧੇ ਅਤੇ ਹਮਲੇ ਦੀ ਲੰਮੀ ਲੀਹ ਦਾ ਖੱਬਾ ਪੱਖ ਬਣਾਇਆ; ਉੱਚ ਜਰਮਨ (ਹਰਮੀਓਨੀਆਈ) ਡੈਨਿਊਬ ਦੇ ਉਤਾੜ ਵਿੱਚ ਇਸ ਲੀਹ ਦੇ ਕੇਂਦਰ ਵੱਲ ਵਧੇ, ਅਤੇ ਇਸਤੀਵੋਨੀਆਈ, ਜਿਨ੍ਹਾਂ ਨੂੰ ਹੁਣ ਫ਼ਰੈਂਕ ਕਿਹਾ ਜਾਂਦਾ ਸੀ, ਸੱਜੇ ਪੱਖ ਤੋਂ, ਰ੍ਹਾਈਨ ਦੇ ਨਾਲ਼ ਨਾਲ਼ ਵਧੇ। ਬਰਤਾਨੀਆ ਫ਼ਤਿਹ ਕਰਨਾ ਇੰਗੀਵੋਨੀਆਈਆਂ ਦੇ ਹਿੱਸੇ ਆਇਆ। ਪੰਜਵੀਂ ਸਦੀ ਦੇ ਅਖ਼ੀਰ ’ਤੇ ਰੋਮ ਦੀ ਸਲਤਨਤ, ਸਾਹ-ਸਤ ਹੀਣ, ਰੱਤ-ਹੀਣ ਅਤੇ ਲਾਚਾਰ, ਹਮਲਾਵਰ ਜਰਮਨਾਂ ਲਈ ਖੁੱਲ੍ਹੀ ਪਈ ਸੀ।

ਇਸ ਤੋਂ ਪਹਿਲੇ ਕਾਂਡਾਂ ਵਿੱਚ ਅਸਾਂ ਯੂਨਾਨੀ ਅਤੇ ਰੋਮਨ ਸਭਿਅਤਾ ਦੇ ਪੰਘੂੜੇ ਕੋਲ਼ ਖੜੇ ਉਹਨਾਂ ਦਾ ਉਭਾਰ ਵੇਖਿਆ ਹੈ। ਹੁਣ ਅਸੀਂ ਇਹਦੀ ਕਬਰ ਦੇ ਕੰਢੇ ਖੜੇ ਹਾਂ। ਰੋਮ ਦੀ ਸੰਸਾਰ ਸ਼ਕਤੀ ਦਾ ਪਧਰਾਉਣ ਵਾਲ਼ਾ ਰੰਦਾ ਕਈ ਸਦੀਆਂ ਤੋਂ ਰੋਮ ਸਾਗਰ ਦੇ ਦੇਸ਼ਾਂ ਉੱਤੇ ਚਲਦਾ ਰਿਹਾ। ਜਿਥੇ ਯੂਨਾਨੀ ਭਾਸ਼ਾ ਨੇ ਕੋਈ ਵਿਰੋਧ ਨਾ ਕੀਤਾ ਸਭੇ ਸਥਾਨਕ ਭਾਸ਼ਾਵਾਂ ਨੇ ਭ੍ਰਿਸ਼ਟ ਲਾਤੀਨੀ ਨੂੰ ਥਾਂ ਦੇ ਦਿੱਤੀ। ਹੁਣ ਕੌਮੀਅਤਾਂ ਦਾ ਕੋਈ ਵਖਰੇਵਾਂ ਨਹੀਂ ਸੀ ਰਿਹਾ, ਹੁਣ ਕੋਈ ਗਾਲ, ਆਇਬੇਰਿਆਈ, ਲਿਗੂਰਿਆਈ, ਨੋਰਸੀਆਈ[40] ਨਹੀਂ ਸਨ ਰਹੇ; ਸਭੇ ਰੋਮਨ ਬਣ ਗਏ ਸਨ। ਰੋਮਨ ਰਾਜ-ਪ੍ਰਬੰਧ ਅਤੇ ਰੋਮਨ ਕਾਨੂੰਨ ਨੇ ਹਰ ਥਾਂ ਸਾਕੇਦਾਰੀ ਦੇ ਪੁਰਾਣੇ ਸਮੂਹ ਖ਼ਤਮ ਕਰ ਦਿੱਤੇ ਅਤੇ ਇਉਂ ਸਥਾਨਕ ਅਤੇ ਕੌਮੀ ਸਵੈ-ਪ੍ਰਗਟਾਅ ਦੀ ਅਖ਼ੀਰੀ ਰਹਿੰਦ-ਖੂੰਹਦ ਨੂੰ ਕੁਚਲ ਦਿੱਤਾ। ਨਵੇਂ ਫ਼ੈਸ਼ਨ ਦਾ ਰੋਮਨਵਾਦ ਇਸ ਨੁਕਸਾਨ ਦੀ ਪੂਰਤੀ ਨਹੀਂ ਸੀ ਕਰ ਸਕਦਾ; ਇਹ ਕਿਸੇ ਕੌਮੀਅਤ ਦਾ ਪ੍ਰਗਟਾਅ ਨਹੀਂ ਸੀ ਕਰਦਾ, ਕੇਵਲ ਕੌਮੀਅਤ ਦੀ ਅਣਹੋਂਦ ਦਾ ਪ੍ਰਗਟਾਅ ਕਰਦਾ ਸੀ। ਨਵੀਆਂ ਕੌਮਾਂ ਦੇ ਬਣਨ ਲਈ ਅੰਸ਼ ਹਰ ਥਾਂ ਮੌਜੂਦ ਸਨ। ਵੱਖ ਵੱਖ ਸੂਬਿਆਂ ਦੀਆਂ ਲਾਤੀਨੀ ਉੱਪ-ਭਾਸ਼ਾਵਾਂ ਸਦਾ ਵਧੇਰੇ ਵੱਖ ਹੋਣੀਆਂ ਸ਼ੁਰੂ ਹੋ ਗਈਆਂ; ਜਿਨ੍ਹਾਂ ਕੁਦਰਤੀ ਹੱਦਾਂ ਨੇ ਕਦੀ ਇਟਲੀ, ਗਾਲ, ਸਪੇਨ ਅਤੇ ਅਫ਼ਰੀਕਾ ਨੂੰ ਸੁਤੰਤਰ ਇਲਾਕੇ ਬਣਾਇਆ ਸੀ ਉਹਨਾਂ ਦੀ ਅਜੇ ਵੀ ਹੋਂਦ ਸੀ ਅਤੇ ਉਹ ਅਜੇ ਵੀ ਆਪਣਾ ਪ੍ਰਭਾਵ ਪਾਉਂਦੀਆਂ। ਇਹਦੇ ਬਾਵਜੂਦ ਕਿਧਰੇ ਅਜਿਹੀ ਸ਼ਕਤੀ ਨਹੀਂ ਸੀ ਜਿਹੜੀ ਇਹਨਾਂ ਅੰਸ਼ਾਂ ਨੂੰ ਨਵੀਆਂ ਕੌਮਾਂ ਵਿੱਚ ਜੋੜ ਦੇਵੇ; ਕਿਧਰੇ ਵੀ ਵਿਕਾਸ ਦੀ ਸੰਭਾਵਨਾ ਦਾ ਜਾਂ ਕਿਸੇ ਵਿਰੋਧ ਦਾ, ਰਚਨਾਤਮਕ ਸ਼ਕਤੀ ਦੀ ਤਾਂ ਗੱਲ ਹੀ ਨਾ ਕਰੇ, ਅੰਸ਼ ਮਾਤਰ ਵੀ ਨਹੀਂ ਸੀ। ਉਸ ਧੜਵੈਲ ਇਲਾਕੇ ਦੇ ਅਥਾਹ ਜਨ-ਸਮੂਹ ਨੂੰ ਕੇਵਲ ਇੱਕੋ ਰਿਸ਼ਤਾ ਜੋੜਦਾ ਸੀ—ਰੋਮ ਦਾ ਰਾਜ ਅਤੇ ਸਮੇਂ ਨਾਲ਼ ਇਹ ਉਹਨਾਂ ਦਾ ਸਭ ਤੋਂ ਭੈੜਾ ਵੈਰੀ ਅਤੇ ਜਾਬਰ ਬਣ ਗਿਆ ਸੀ। ਸੂਬਿਆਂ ਨੇ ਰੋਮ ਨੂੰ ਤਬਾਹ ਕਰ ਦਿੱਤਾ ਸੀ; ਰੋਮ ਖ਼ੁਦ ਹੋਰਨਾਂ ਸਭਨਾਂ ਵਾਂਗ ਇੱਕ ਸੂਬਾਈ ਸ਼ਹਿਰ ਬਣ ਗਿਆ ਸੀ, ਵਿਸ਼ੇਸ਼-ਅਧਿਕਾਰਾਂ ਵਾਲ਼ਾ, ਪਰ ਹੁਣ ਇਹ ਹਕੂਮਤ ਨਹੀਂ ਸੀ ਕਰਦਾ, ਹੁਣ ਇਹ ਸੰਸਾਰ ਸਲਤਨਤ ਦਾ ਕੇਂਦਰ ਨਹੀਂ ਸੀ ਰਿਹਾ, ਇਹ ਤਾਂ ਸ਼ਹਿਨਸ਼ਾਹਾਂ ਅਤੇ ਮੀਤ-ਸ਼ਹਿਨਸ਼ਾਹਾਂ ਦੀ

ਰਾਜਧਾਨੀ ਵੀ ਨਹੀਂ ਸੀ ਰਿਹਾ, ਉਹ ਕਸਤਨਤੁਨੀਆ, ਤਰੇਵੇਜ਼ ਅਤੇ ਮਿਲਾਨ ਵਿਖੇ ਰਹਿੰਦੇ ਸਨ। ਰੋਮਨ ਰਾਜ ਇੱਕ ਧੜਵੈਲ ਪੇਚਦਾਰ ਮਸ਼ੀਨ ਬਣ ਗਿਆ ਸੀ ਜਿਸਦਾ ਅਨੰਨ ਮੰਤਵ ਪਰਜਾ ਦੀ ਲੁੱਟ-ਚੋਂਘ ਕਰਨਾ ਸੀ। ਟੈਕਸ, ਰਾਜ ਲਈ ਸੇਵਾਵਾਂ ਅਤੇ ਹਰ ਤਰ੍ਹਾਂ ਦੀਆਂ ਵਸੂਲੀਆਂ ਲੋਕਾਂ ਨੂੰ ਸਦਾ ਵਧੇਰੇ ਡੂੰਘੀ ਮੰਦਹਾਲੀ ਵਿੱਚ ਸੁੱਟੀ ਜਾਂਦੀਆਂ। ਪ੍ਰੋਕਿਊਰੇਟਰਾਂ, ਟੈਕਸ ਉਗਰਾਹੁਣ ਵਾਲ਼ਿਆਂ ਅਤੇ ਫ਼ੌਜੀਆਂ ਦੇ ਨਚੋੜਵੇਂ ਅਮਲ ਦਬਾਅ ਨੂੰ ਅਸਹਿ ਬਣਾਈ ਜਾ ਰਹੇ ਸਨ। ਆਪਣੇ ਸੰਸਾਰ ਗ਼ਲਬੇ ਸਹਿਤ ਰੋਮ ਦੇ ਰਾਜ ਨੇ ਇਹ ਸਿੱਟਾ ਕੱਢਿਆ ਸੀ; ਇਹਨੇ ਅੰਦਰਵਾਰ ਅਮਨ ਦੀ ਸਥਾਪਤੀ ਅਤੇ ਬਾਹਰੋਂ ਜਾਹਲਾਂ ਦੇ ਹਮਲੇ ਤੋਂ ਰਖਿਆ ਨੂੰ ਆਪਣੀ ਹੋਂਦ ਦੇ ਹੱਕ ਦਾ ਆਧਾਰ ਬਣਾਇਆ ਸੀ। ਪਰ ਇਹ ਅਮਨ ਸਭ ਤੋਂ ਭੈੜੀ ਗੜ-ਬੜ ਨਾਲ਼ੋਂ ਭੈੜਾ ਸੀ ਅਤੇ ਜਿਨ੍ਹਾਂ ਜਾਹਲਾਂ ਵਿਰੁੱਧ ਰਾਜ ਆਪਣੇ ਸ਼ਹਿਰੀਆਂ ਦੀ ਰੱਖਿਆ ਦਾ ਮਕਰ ਬਣਾਉਂਦਾ, ਉਹਨਾਂ ਦਾ ਬਚਾਉਣ ਵਾਲ਼ਿਆਂ ਵਜੋਂ ਸਵਾਗਤ ਕੀਤਾ ਗਿਆ।

ਸਮਾਜੀ ਪ੍ਰਸਥਿਤੀਆਂ ਕੋਈ ਘੱਟ ਨਿਰਾਸ਼ਾ ਭਰਪੂਰ ਨਹੀਂ ਸਨ। ਗਣ-ਰਾਜ ਦੇ ਅਖ਼ੀਰੀ ਵਰ੍ਹਿਆਂ ਵਿੱਚ, ਰੋਮ ਦੀ ਹਕੂਮਤ ਦਾ ਆਧਾਰ ਪਹਿਲਾਂ ਹੀ ਜਿੱਤੇ ਸੂਬਿਆਂ ਦੀ ਬੇਕਿਰਕ ਲੁੱਟ-ਚੋਂਘ ਉੱਤੇ ਆਧਾਰਤ ਸੀ। ਸ਼ਹਿਨਸ਼ਾਹਾਂ ਨੇ ਲੁੱਟ-ਚੋਂਘ ਦਾ ਅੰਤ ਨਹੀਂ ਸੀ ਕੀਤਾ, ਉਹਨਾਂ ਤਾਂ ਇਹਨੂੰ ਨੇਮ-ਬੱਧ ਕੀਤਾ ਸੀ। ਜਿੰਨੀ ਵਧੇਰੇ ਸਲਤਨਤ ਵਿੱਚ ਗਿਰਾਵਟ ਆਉਂਦੀ, ਉੱਨੇ ਟੈਕਸ ਅਤੇ ਲਾਜ਼ਮੀ ਸੇਵਾਵਾਂ ਉੱਚੀਆਂ ਹੁੰਦੀਆਂ ਜਾਂਦੀਆਂ ਅਤੇ ਅਧਿਕਾਰੀ ਉੱਨੀ ਵਧੇਰੇ ਬੇਸ਼ਰਮੀ ਨਾਲ਼ ਲੋਕਾਂ ਨੂੰ ਲੁੱਟਦੇ ਅਤੇ ਬਲੈਕਮੇਲ ਕਰਦੇ। ਵਪਾਰ ਅਤੇ ਸਨਅਤ ਕਦੀ ਵੀ ਰੋਮਨਾਂ ਦਾ, ਜਿਹੜੇ ਸਭਨਾਂ ਉੱਤੇ ਧੌਂਸ ਜਮਾਉਂਦੇ, ਕੰਮ ਨਹੀਂ ਸੀ ਰਿਹਾ। ਕੇਵਲ ਸੂਦ-ਖ਼ੋਰੀ ਵਿੱਚ ਉਹ ਸਭ ਤੋਂ ਅੱਗੇ ਲੰਘ ਗਏ, ਆਪਣੇ ਤੋਂ ਪਹਿਲਿਆਂ ਅਤੇ ਪਿੱਛਲਿਆਂ ਦੋਹਾਂ ਤੋਂ। ਜਿਹੜੇ ਵਪਾਰ ਦੀ ਹੋਂਦ ਸੀ ਅਤੇ ਜਿਹੜਾ ਕੁੱਝ ਸਮੇਂ ਲਈ ਆਪਣੇ ਆਪ ਨੂੰ ਕਾਇਮ ਰੱਖ ਸਕਿਆ, ਸਰਕਾਰੀ ਨਚੋੜਨ ਕਾਰਨ ਤਬਾਹੀ ਦੀ ਹਾਲਤ ਵਿੱਚ ਚਲਾ ਗਿਆ; ਜਿਹੜਾ ਬਾਕੀ ਬਚ ਗਿਆ ਉਹ ਸਲਤਨਤ ਦੇ ਪੂਰਬੀ, ਯੂਨਾਨੀ ਹਿੱਸੇ ਵਿੱਚ ਹੁੰਦਾ ਸੀ, ਪਰ ਉਹ ਇਸ ਅਧਿਅਨ ਦੇ ਖੇਤਰ ਤੋਂ ਬਾਹਰ ਹੈ। ਸਰਬ-ਵਰਤੀ ਗ਼ਰੀਬੀ, ਵਪਾਰ, ਦਸਤਕਾਰੀਆਂ, ਕਲਾਵਾਂ ਅਤੇ ਵਸੋਂ ਵਿੱਚ ਗਿਰਾਵਟ; ਸ਼ਹਿਰਾਂ ਦਾ ਨਿਘਾਰ; ਖੇਤੀ ਦਾ ਡਿੱਗ ਕੇ ਨੀਵੇਰੀ ਪੱਧਰ ’ਤੇ ਚਲਾ ਜਾਣਾ—ਇਹ ਸੀ ਰੋਮ ਦੀ ਸੰਸਾਰ ਪ੍ਰਭੁਤਾ ਦਾ ਅੰਤਮ ਸਿੱਟਾ।

ਖੇਤੀ, ਜਿਹੜੀ ਸਾਰੇ ਮੁੱਢ ਕਦੀਮਾਂ ਵਿੱਚ ਉਤਪਾਦਨ ਦੀ ਨਿਰਣਾਇਕ ਸ਼ਾਖ਼ ਰਹੀ ਸੀ ਹੁਣ ਪਹਿਲਾਂ ਕਿਸੇ ਸਮੇਂ ਨਾਲ਼ੋਂ ਵਧੇਰੇ ਅਜਿਹੀ ਹੋ ਗਈ। ਇਟਲੀ ਵਿਖੇ, ਜਿਥੇ ਜਾਗੀਰਾਂ ਦੇ ਧੜਵੈਲ ਇਕੱਠ (latifundia) ਜਿਨ੍ਹਾਂ ਗਣ-ਰਾਜ ਦੇ ਅੰਤ ਦੇ ਸਮੇਂ ਤੋਂ ਲਗ ਭਗ ਸਾਰਾ ਇਲਾਕਾ ਮੱਲਿਆ ਹੋਇਆ ਸੀ, ਦੋ ਤਰ੍ਹਾਂ ਵਰਤੇ ਜਾਂਦੇ ਸਨ: ਜਾਂ ਤਾਂ ਚਰਾਂਦਾਂ ਵਜੋਂ, ਜਿਨ੍ਹਾਂ ਉੱਤੇ ਵਸੋਂ ਦੀ ਥਾਂ ਭੇਡਾਂ ਅਤੇ ਬਲਦਾਂ ਨੇ ਲੈ ਲਈ, ਜਿਨ੍ਹਾਂ ਦੀ ਦੇਖ ਭਾਲ ਲਈ ਕੇਵਲ ਥੋੜ੍ਹੇ ਜਿਹੇ ਗ਼ੁਲਾਮਾਂ ਦੀ ਲੋੜ ਹੁੰਦੀ ਸੀ ਅਤੇ ਜਾਂ ਪੇਂਡੂ ਜਾਗੀਰਾਂ ਵਜੋਂ, ਜਿਥੇ ਬਹੁਤ ਸਾਰੇ ਗ਼ੁਲਾਮਾਂ ਦੀ ਸਹਾਇਤਾ ਨਾਲ਼ ਵੱਡੇ ਪੈਮਾਨੇ ’ਤੇ ਫਲਾਂ ਦੀ ਬਾਗ਼ਬਾਨੀ ਕੀਤੀ ਜਾਂਦੀ

ਸੀ, ਕੁੱਝ ਹੱਦ ਤੱਕ ਮਾਲਕਾਂ ਦੀਆਂ ਅੱਯਾਸ਼ ਲੋੜਾਂ ਪੂਰੀਆਂ ਕਰਨ ਲਈ ਅਤੇ ਕੁੱਝ ਹੱਦ ਤੱਕ ਸ਼ਹਿਰੀ ਮੰਡੀਆਂ ਵਿੱਚ ਵੇਚਣ ਲਈ। ਵੱਡੀਆਂ ਵੱਡੀਆਂ ਚਰਾਂਦਾਂ ਕਾਇਮ ਰੱਖੀਆਂ ਗਈਆਂ ਜਾਂ ਇਥੋਂ ਤੱਕ ਕਿ ਵਧਾਈਆਂ ਗਈਆਂ। ਪਰ ਪੇਂਡੂ ਜਾਗੀਰਾਂ ਅਤੇ ਫਲਾਂ ਦੀ ਬਾਗ਼ਬਾਨੀ ਮਾਲਕਾਂ ਦੇ ਗ਼ਰੀਬ ਹੋਣ ਅਤੇ ਸ਼ਹਿਰਾਂ ਦੇ ਨਿਘਾਰ ਕਾਰਨ ਤਬਾਹੀ ਦੀ ਹਾਲਤ ਵਿੱਚ ਚਲੀ ਗਈ। ਲਾਤੀਫ਼ੁਡਿਆਈ ਆਰਥਕਤਾ, ਜਿਹੜੀ ਗ਼ੁਲਾਮਾਂ ਦੀ ਕਿਰਤ ਉੱਤੇ ਆਧਾਰਤ ਸੀ ਹੁਣ ਲਾਹੇਵੰਦੀ ਨਹੀਂ ਸੀ ਰਹੀ; ਪਰ ਉਸ ਸਮੇਂ ਇਹ ਵੱਡੀ ਪੱਧਰ ਦੀ ਖੇਤੀ ਦਾ ਇੱਕੋ ਇੱਕ ਸੰਭਵ ਰੂਪ ਸੀ। ਛੋਟੀ ਪੱਧਰ ਦੀ ਖੇਤੀ ਇੱਕ ਵਾਰ ਫੇਰ ਇੱਕੋ ਇੱਕ ਲਾਹੇਵੰਦਾ ਰੂਪ ਬਣ ਗਈ। ਇੱਕ ਤੋਂ ਪਿੱਛੋਂ ਦੂਜੀ ਜਾਗੀਰ ਦੇ ਟੋਟੇ ਕੀਤੇ ਗਏ ਅਤੇ ਇਹਨੂੰ ਛੋਟੇ ਛੋਟੇ ਖਾਤਿਆਂ ਵਿੱਚ ਮੌਰੂਸੀ ਮੁਜ਼ਾਰਿਆਂ ਨੂੰ ਪਟੇ ਉੱਤੇ ਦੇ ਦਿੱਤਾ ਗਿਆ, ਜਿਹੜੇ ਇੱਕ ਮਿੱਥੀ ਰਕਮ ਦੇਂਦੇ, ਜਾਂ partiar, * ਨੂੰ ਪਟੇ 'ਤੇ ਦੇ ਦਿੱਤੀਆਂ ਗਈਆਂ, ਜਿਹੜੇ ਮੁਜ਼ਾਰਿਆਂ ਤੋਂ ਵੱਧ ਫ਼ਾਰਮਾਂ ਦੇ ਪ੍ਰਬੰਧਕ ਸਨ ਅਤੇ ਜਿਨ੍ਹਾਂ ਨੂੰ ਆਪਣੇ ਕੰਮ ਦੇ ਬਦਲੇ ਸਾਲਾਨਾ ਉਪਜ ਦਾ ਛੇਵਾਂ ਜਾਂ ਇਥੋਂ ਤੱਕ ਕਿ ਨੌਂਵਾਂ ਹਿੱਸਾ ਮਿਲਦਾ। ਪਰ ਮੁੱਖ ਤੌਰ 'ਤੇ ਇਹ ਨਿੱਕੇ ਟੋਟੇ Coloni (ਕਾਲੋਨੀ) ਨੂੰ ਦਿੱਤੇ ਗਏ, ਜਿਹੜੇ ਹਰ ਵਰ੍ਹੇ ਇੱਕ ਮਿੱਥੀ ਰਕਮ ਦੇਂਦੇ, ਭੋਂ ਨਾਲ਼ ਬੱਝੇ ਹੋਏ ਸਨ ਅਤੇ ਆਪਣੇ ਖਾਤਿਆਂ ਦੇ ਨਾਲ਼ ਹੀ ਵੇਚੇ ਜਾ ਸਕਦੇ ਸਨ। ਇਹ ਗ਼ੁਲਾਮ ਨਹੀਂ ਸਨ ਪਰ ਇਹ ਆਜ਼ਾਦ ਵੀ ਨਹੀਂ ਸਨ; ਉਹ ਆਜ਼ਾਦ ਸ਼ਹਿਰੀਆਂ ਨਾਲ਼ ਵਿਆਹ ਨਹੀਂ ਸਨ ਕਰ ਸਕਦੇ ਅਤੇ ਉਹਨਾਂ ਦੇ ਆਪੋ ਵਿੱਚ ਵਿਆਹ ਜਾਇਜ਼ ਵਿਆਹ ਨਹੀਂ ਸਗੋਂ ਕੇਵਲ ਇੱਕ ਰਖੇਲਪੁਣਾ (contubernium) ਸਮਝਿਆ ਜਾਂਦਾ ਸੀ, ਜਿਵੇਂ ਗ਼ੁਲਾਮਾਂ ਦੀ ਹਾਲਤ ਵਿੱਚ ਹੁੰਦਾ ਸੀ। ਇਹ ਮੱਧ-ਕਾਲ ਦੇ ਖੇਤ-ਗ਼ੁਲਾਮਾਂ ਦੇ ਅਗਵਾਣੂ ਸਨ।

ਮੁੱਢ-ਕਦੀਮਾਂ ਦੀ ਗ਼ੁਲਾਮੀ ਦਾ ਅੰਤ ਹੋ ਗਿਆ ਸੀ। ਨਾ ਹੀ ਪੇਂਡੂ ਇਲਾਕਿਆਂ ਵਿੱਚ ਵੱਡੇ ਪੈਮਾਨੇ ਦੀ ਖੇਤੀ ਵਿੱਚ ਅਤੇ ਨਾ ਹੀ ਸ਼ਹਿਰਾਂ ਵਿੱਚ ਮਾਲ ਤਿਆਰ ਕਰਨ ਵਾਲ਼ੇ ਸਮੂਹਾਂ ਵਿੱਚ ਉਹ ਹੁਣ ਲਾਹੇਵੰਦਾ ਨਫ਼ਾ ਦੇ ਸਕਦੀ—ਇਹਦੀਆਂ ਉਪਜਾਂ ਲਈ ਮੰਡੀ ਲੋਪ ਹੋ ਗਈ ਸੀ। ਛੋਟੀ ਪੱਧਰ ਦੀ ਖੇਤੀ ਅਤੇ ਛੋਟੀਆਂ ਦਸਤਕਾਰੀਆਂ ਵਿੱਚ, ਜਿਨ੍ਹਾਂ ਤੱਕ ਸਲਤਨਤ ਦੇ ਖ਼ੁਸ਼ਹਾਲ ਸਮਿਆਂ ਦਾ ਧੜਵੈਲ ਉਤਪਾਦਨ ਹੁਣ ਡਿੱਗ ਗਿਆ ਸੀ, ਅਨੇਕਾਂ ਗ਼ੁਲਾਮਾਂ ਲਈ ਕੋਈ ਥਾਂ ਨਹੀਂ ਸੀ। ਸਮਾਜ ਕੋਲ਼ ਕੇਵਲ ਅਮੀਰਾਂ ਦੇ ਘਰੋਗੀ ਜਾਂ ਅੱਯਾਸ਼ੀ ਲਈ ਲੋੜੀਂਦੇ ਗ਼ੁਲਾਮਾਂ ਲਈ ਥਾਂ ਸੀ। ਪਰ ਮਰਨ-ਮਰਾਂਦ ਗ਼ੁਲਾਮੀ ਅਜੇ ਇਸ ਗੱਲ ਲਈ ਚੋਖੀ ਜਾਨਦਾਰ ਸੀ ਕਿ ਉਹ ਕੁਲ ਉਪਜਾਊ ਕੰਮ ਨੂੰ ਗ਼ੁਲਾਮਾਂ ਦੀ ਕਿਰਤ ਦਾ ਰੂਪ ਦੇ ਦੇਵੇ, ਜਿਹੜੀ ਇੱਕ ਆਜ਼ਾਦ ਰੋਮਨ ਦੀ ਸ਼ਾਨ ਦੇ ਵਿਰੁੱਧ ਸੀ—ਅਤੇ ਹੁਣ ਸਭੇ ਆਜ਼ਾਦ ਰੋਮਨ ਸਨ। ਇਸੇ ਕਾਰਨ ਇੱਕ ਹੱਥ ਫ਼ਾਲਤੂ ਗ਼ੁਲਾਮਾਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ, ਜਿਹੜੇ ਇੱਕ ਬੋਝ ਬਣ ਜਾਣ ਕਾਰਨ ਆਜ਼ਾਦ ਕਰ ਦਿੱਤੇ ਗਏ; ਦੂਜੇ ਹੱਥ coloni ਅਤੇ ਕੰਗਲੇ ਹੋਏ ਆਜ਼ਾਦ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ (ਅਮਰੀਕਾ ਦੀਆਂ ਸਾਬਕ ਗ਼ੁਲਾਮ ਰਿਆਸਤਾਂ ਵਿੱਚ ਗ਼ਰੀਬ-ਗੋਰਿਆਂ ਜਿਹੇ ਹੀ)। ਈਸਾਈਅਤ ਪ੍ਰਾਚੀਨ ਗ਼ੁਲਾਮੀ

---

* ਹਿੱਸੇ 'ਤੇ ਖੇਤੀ ਕਰਨ ਵਾਲ਼ੇ। **—ਸੰਪਾ.**

ਦੇ ਹੌਲ਼ੀ ਹੌਲ਼ੀ ਖ਼ਤਮ ਹੋਣ ਸਬੰਧੀ ਉੱਕਾ ਹੀ ਨਿਰਦੋਸ਼ ਹੈ। ਇਹਨੇ ਸਦੀਆਂ ਤੱਕ ਰੋਮਨ ਸਲਤਨਤ ਦੀ ਗ਼ੁਲਾਮੀ ਦੇ ਫਲਾਂ ਵਿੱਚੋਂ ਹਿੱਸਾ ਲਿਆ ਅਤੇ ਪਿਛੋਂ ਜਾ ਕੇ ਈਸਾਈਆਂ ਦੀ ਗ਼ੁਲਾਮਾਂ ਵਜੋਂ ਵਿਕਰੀ ਦੇ ਵਪਾਰ ਨੂੰ ਰੋਕਣ ਲਈ ਕੁੱਝ ਨਾ ਕੀਤਾ, ਭਾਵੇਂ ਉੱਤਰ ਵਿੱਚ ਜਰਮਨਾਂ ਦੇ ਜਾਂ ਰੋਮ ਸਾਗਰ ਦੇ ਵੀਨਸੀਆਂ ਦੇ ਜਾਂ ਪਿੱਛੋਂ ਦੇ ਵਰ੍ਹਿਆਂ ਦੇ ਨੀਗਰੋ ਲੋਕਾਂ ਦੇ ਗ਼ੁਲਾਮਾਂ ਵਜੋਂ ਵਪਾਰ ਨੂੰ।* ਗ਼ੁਲਾਮੀ ਪ੍ਰਥਾ ਹੁਣ ਲਾਹੇਵੰਦੀ ਨਹੀਂ ਸੀ ਰਹੀ ਸੋ ਇਹਦਾ ਅੰਤ ਹੋ ਗਿਆ; ਪਰ ਮਰਦੀ ਹੋਈ ਗ਼ੁਲਾਮੀ ਆਪਣੇ ਪਿੱਛੇ ਆਪਣਾ ਕਮਜ਼ਾਤ ਡੰਗ ਛੱਡ ਗਈ ਜਿਸਨੇ ਆਜ਼ਾਦ ਲੋਕਾਂ ਦੀ ਉਪਜਾਊ ਕਿਰਤ ਨੂੰ ਦਾਗ਼ਿਆ। ਇਹ ਉਹ ਅੰਨ੍ਹਾ ਖ਼ੂਹ ਸੀ ਜਿਸ ਵਿੱਚ ਰੋਮ ਦਾ ਜਗਤ ਡਿੱਗ ਗਿਆ ਸੀ; ਗ਼ੁਲਾਮੀ ਆਰਥਕ ਤੌਰ 'ਤੇ ਅਸੰਭਵ ਸੀ ਪਰ ਆਜ਼ਾਦ ਲੋਕਾਂ ਦੀ ਕਿਰਤ ਉੱਤੇ ਸਦਾਚਾਰਕ ਪਾਬੰਦੀ ਸੀ। ਇੱਕ ਹੁਣ ਹੋਰ ਸਮੇਂ ਲਈ ਸਮਾਜੀ ਉਤਪਾਦਨ ਦਾ ਬੁਨਿਆਦੀ ਰੂਪ ਨਹੀਂ ਸੀ ਰਹਿ ਸਕਦੀ ਅਤੇ ਦੂਜੀ ਅਜੇ ਅਜਿਹਾ ਬਣ ਨਹੀਂ ਸੀ ਸਕਦੀ। ਇੱਥੇ ਕੇਵਲ ਇੱਕ ਮੁਕੰਮਲ ਇਨਕਲਾਬ ਹੀ ਸਹਾਇਤਾ ਕਰ ਸਕਦਾ ਸੀ।

ਸੂਬਿਆਂ ਵਿੱਚ ਹਾਲਤ ਕੋਈ ਚੰਗੇਰੀ ਨਹੀਂ ਸੀ। ਸਾਨੂੰ ਜਿਹੜੀ ਵਧੇਰੇ ਵਾਕਫ਼ੀ ਪ੍ਰਾਪਤ ਹੈ ਉਹ ਗਾਲ ਸਬੰਧੀ ਹੈ। Coloni ਦੇ ਨਾਲ਼ ਹੀ ਨਾਲ਼ ਉੱਥੇ ਅਜੇ ਆਜ਼ਾਦ ਛੋਟੇ ਕਿਸਾਨਾਂ ਦੀ ਹੋਂਦ ਸੀ। ਆਪਣੇ ਆਪ ਨੂੰ ਅਧਿਕਾਰੀਆਂ, ਜੱਜਾਂ ਅਤੇ ਸੂਦਖ਼ੋਰਾਂ ਦੇ ਜ਼ਾਲਮ ਨਚੋੜਨ ਤੋਂ ਬਚਾਉਣ ਲਈ ਅਕਸਰ ਆਪਣੇ ਆਪ ਨੂੰ ਅਜਿਹੇ ਲੋਕਾਂ ਦੀ ਰੱਖਿਆ, ਸਰਪ੍ਰਸਤੀ ਹੇਠ ਰੱਖ ਦੇਂਦੇ ਜਿਨ੍ਹਾਂ ਕੋਲ਼ ਸ਼ਕਤੀ ਹੁੰਦੀ ਅਤੇ ਉਹ ਅਜਿਹਾ ਇਕੱਲੇ ਇਕੱਲੇ ਨਾ ਕਰਦੇ ਸਗੋਂ ਪੂਰੇ ਦੇ ਪੂਰੇ ਭਾਈਚਾਰੇ ਅਜਿਹਾ ਕਰਦੇ ਅਤੇ ਇਸ ਹੱਦ ਤੱਕ ਕਰਦੇ ਕਿ ਚੌਥੀ ਸਦੀ ਦੇ ਸ਼ਹਿਨਸ਼ਾਹਾਂ ਨੇ ਅਕਸਰ ਅਜਿਹਾ ਕਰਨ ਵਿਰੁੱਧ ਹੁਕਮ ਜਾਰੀ ਕੀਤੇ। ਜਿਹੜੇ ਲੋਕ ਰਖਿਆ ਮੰਗਦੇ ਉਹਨਾਂ ਨੂੰ ਇਸ ਨਾਲ਼ ਕਿਵੇਂ ਲਾਭ ਹੁੰਦਾ ? ਸਰਪ੍ਰਸਤ ਇਹ ਸ਼ਰਤ ਲਾਗੂ ਕਰਦਾ ਕਿ ਉਹ ਆਪਣੀ ਭੋਂ ਦੀ ਮਾਲਕੀ ਉਹਦੇ ਨਾਂ ਕਰ ਦੇਣ ਅਤੇ ਬਦਲੇ ਵਿੱਚ ਉਹਨਾਂ ਨੂੰ ਉਮਰ ਭਰ ਲਈ ਉਹਦੀ ਉਪਜ ਵਰਤਣ ਦੀ ਆਗਿਆ ਦੇ ਦੇਂਦਾ—ਇਹ ਇੱਕ ਅਜਿਹੀ ਚਾਲ ਸੀ ਜਿਹੜੀ ਨੌਵੀਂ ਅਤੇ ਦਸਵੀਂ ਸਦੀ ਵਿੱਚ ਪਵਿੱਤਰ ਇਸਾਈ ਧਰਮ ਨੇ ਚੇਤੇ ਰੱਖੀ ਅਤੇ ਇਹਦੀ ਪ੍ਰਮਾਤਮਾ ਦੀ ਸ਼ਾਨ ਵਧਾਉਣ ਅਤੇ ਆਪਣੀ ਭੋਂ ਮਾਲਕੀ ਵਧਾਉਣ ਲਈ ਖੁੱਲ੍ਹਮ-ਖੁੱਲ੍ਹਾ ਨਕਲ ਕੀਤੀ। ਪਰ ਉਸ ਸਮੇਂ, 475 ਦੇ ਵਰ੍ਹੇ ਦੇ ਨੇੜੇ ਤੇੜੇ ਮਾਰਸੇਲਜ਼ ਦਾ ਬਿਸ਼ਪ ਸਿਲਵਿਆਨਸ ਅਜੇ ਅਜਿਹੀ ਡਕੈਤੀ ਦੀ ਜ਼ੋਰ ਨਾਲ਼ ਨਿਖੇਧੀ ਕਰ ਰਿਹਾ ਹੈ ਅਤੇ ਕਹਿੰਦਾ ਹੈ ਕਿ ਰੋਮ ਦੇ ਅਧਿਕਾਰੀਆਂ ਅਤੇ ਵੱਡੇ ਜਾਗੀਰਦਾਰਾਂ ਦਾ ਜਬਰ ਇਸ ਹੱਦ ਤੱਕ ਵੱਧ ਗਿਆ ਹੈ ਕਿ ਅਨੇਕ "ਰੋਮਨ" ਉਹਨਾਂ ਇਲਾਕਿਆਂ ਵਿੱਚ ਨੱਠ ਗਏ ਹਨ ਜਿਨ੍ਹਾਂ ਉੱਤੇ ਪਹਿਲਾਂ ਹੀ ਜਾਹਲਾਂ ਨੇ ਕਬਜ਼ਾ ਕੀਤਾ ਹੋਇਆ ਹੈ ਅਤੇ ਜਿਹੜੇ ਰੋਮਨ ਸ਼ਹਿਰੀ ਉੱਥੇ ਵੱਸ

---

* ਸਰੀਮੋਨਾ ਦੇ ਬਿਸ਼ਪ (ਲਾਟ ਪਾਦਰੀ) ਲਿਉਤਪਰਾਂਦ ਅਨੁਸਾਰ, ਦਸਵੀਂ ਸਦੀ ਵਿੱਚ ਵੇਰਦੁਨ ਦੀ, ਅਰਥਾਤ ਪਵਿੱਤਰ ਜਰਮਨ ਸਲਤਨਤ ਵਿੱਚ[41], ਮੁੱਖ ਸਨਅਤ ਹੀਜੜੇ ਤਿਆਰ ਕਰਨਾ ਸੀ, ਜਿਹੜੇ ਬਹੁਤ ਵੱਡੇ ਨਫ਼ਿਆਂ 'ਤੇ ਮੂਰਾਂ ਦੇ ਹਰਮਾਂ ਲਈ ਸਪੇਨ ਨੂੰ ਬਰਾਮਦ ਕੀਤੇ ਜਾਂਦੇ।

ਗਏ ਹਨ ਉਹ ਮੁੜ ਕੇ ਰੋਮ ਦੇ ਅਧਿਕਾਰ ਹੇਠ ਆਉਣ ਤੋਂ ਵੱਧ ਕਿਸੇ ਗੱਲ ਤੋਂ ਨਹੀਂ ਡਰਦੇ। ਇਹ ਗੱਲ ਕਿ ਗ਼ਰੀਬ ਕਿਸਾਨ ਅਕਸਰ ਆਪਣੇ ਬੱਚਿਆਂ ਨੂੰ ਗ਼ੁਲਾਮੀ ਵਿੱਚ ਵੇਚ ਦੇਂਦੇ ਅਜਿਹਾ ਕਰਨ ਦੀ ਮਨਾਹੀ ਸਬੰਧੀ ਇੱਕ ਕਾਨੂੰਨ ਤੋਂ ਸਾਬਤ ਹੁੰਦੀ ਹੈ।

ਰੋਮਨਾਂ ਨੂੰ ਉਹਨਾਂ ਦੇ ਆਪਣੇ ਰਾਜ ਤੋਂ ਮੁਕਤ ਕਰਨ ਦੇ ਬਦਲੇ ਜਰਮਨ ਜਾਹਲਾਂ ਨੇ ਭੋਂ ਦਾ ਦੋ-ਤਿਹਾਈ ਹਿੱਸਾ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਇਹ ਆਪੋ ਵਿੱਚ ਵੰਡ ਲਈ। ਵੰਡ ਗੋਤਰੀ ਪ੍ਰਣਾਲੀ ਅਨੁਸਾਰ ਕੀਤੀ ਗਈ ਕਿਉਂਕਿ ਜੇਤੂ ਨਿਸਬਤਨ ਗਿਣਤੀ ਵਿੱਚ ਥੋੜ੍ਹੇ ਸਨ, ਇਸ ਲਈ ਵੱਡੇ ਵੱਡੇ ਟੋਟੇ ਅਣਵੰਡੇ ਰਹਿ ਗਏ, ਕੁੱਝ ਸਮੁੱਚੇ ਲੋਕਾਂ ਦੇ ਕਬਜ਼ੇ ਵਿੱਚ ਅਤੇ ਕੁੱਝ ਕਬੀਲਿਆਂ ਜਾਂ ਗੋਤਾਂ ਦੇ ਕਬਜ਼ੇ ਹੇਠ। ਹਰ ਗੋਤ ਦੇ ਅੰਦਰ ਖੇਤ ਅਤੇ ਚਰਾਂਦਾਂ ਵਿਕੋਲਤ੍ਰੇ ਪਰਿਵਾਰਾਂ ਵਿੱਚ ਸਾਵੇਂ ਆਧਾਰ ਉੱਤੇ ਗੁਣੇ ਪਾ ਕੇ ਵੰਡੀਆਂ ਜਾਂਦੀਆਂ। ਸਾਨੂੰ ਇਸ ਗੱਲ ਦਾ ਪਤਾ ਨਹੀਂ ਕਿ ਕੀ ਉਸ ਸਮੇਂ ਘੜੀ ਮੁੜੀ ਮੁੜ-ਵੰਡ ਹੁੰਦੀ ਸੀ; ਕੁੱਝ ਵੀ ਹੋਵੇ ਇਹ ਰਿਵਾਜ ਰੋਮਨ ਸੂਬਿਆਂ ਵਿੱਚ ਛੇਤੀ ਹੀ ਤਿਆਗ ਦਿੱਤਾ ਗਿਆ ਅਤੇ ਵਿਕੋਲਤ੍ਰਾ ਹਿੱਸਾ ਇੰਤਕਾਲ-ਯੋਗ ਨਿੱਜੀ ਜਾਇਦਾਦ, allodium*, ਜੰਗਲ ਅਤੇ ਚਰਾਂਦਾਂ ਸਾਂਝੀ ਵਰਤੋਂ ਲਈ ਅਣ-ਵੰਡੇ ਰਹੇ; ਇਹ ਵਰਤੋਂ ਅਤੇ ਭੋਂ 'ਤੇ ਵਾਹੀ ਕਰਨ ਦਾ ਢੰਗ ਪ੍ਰਾਚੀਨ ਰਿਵਾਜਾਂ ਅਤੇ ਸਮੁੱਚੇ ਭਾਈਚਾਰੇ ਦੀ ਇੱਛਾ ਅਨੁਸਾਰ ਮਿੱਥਿਆ ਜਾਂਦਾ। ਜਿੰਨੇ ਲੰਮੇ ਸਮੇਂ ਲਈ ਗੋਤ ਪਿੰਡ ਵਿੱਚ ਰਹਿੰਦਾ ਅਤੇ ਜਿੰਨਾਂ ਵਧੇਰੇ ਜਰਮਨ ਅਤੇ ਰੋਮਨ ਸ਼ਹਿਰੀ ਇੱਕ ਦੂਜੇ ਨਾਲ਼ ਰਚ ਮਿਚ ਗਏ, ਉੱਨਾਂ ਵਧੇਰੇ ਸਗੋਤਰਤਾ ਦਾ ਖ਼ਾਸਾ ਇਲਾਕਾਈ ਬੰਧਨਾਂ ਸਾਹਮਣੇ ਪਿੱਛੇ ਹੱਟਦਾ ਗਿਆ। ਗੋਤ ਮਾਰਕ ਭਾਈਚਾਰੇ ਵਿੱਚ ਲੋਪ ਹੋ ਗਿਆ, ਪਰ, ਇਹਦੇ ਵਿੱਚ ਮੈਂਬਰਾਂ ਵਿੱਚਕਾਰ ਮੂਲ ਰਿਸ਼ਤੇਦਾਰੀ ਦੇ ਚੋਖੇ ਨਿਸ਼ਾਨ ਬਾਕੀ ਸਨ। ਇਉਂ, ਘੱਟੋ ਘੱਟ ਉਹਨਾਂ ਇਲਾਕਿਆਂ ਵਿੱਚ ਜਿੱਥੇ ਮਾਰਕ ਭਾਈਚਾਰਾ ਕਾਇਮ ਰੱਖਿਆ ਗਿਆ—ਫ਼ਰਾਂਸ ਦੇ ਉੱਤਰ, ਇੰਗਲੈਂਡ, ਜਰਮਨੀ ਅਤੇ ਸਕੈਂਡੇਨੇਵੀਆ ਵਿੱਚ—ਗੋਤਰੀ ਪ੍ਰਣਾਲੀ ਨੂੰ ਹੌਲ਼ੀ ਹੌਲ਼ੀ ਇਲਾਕਾਈ ਪ੍ਰਣਾਲੀ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਇਉਂ ਰਾਜ ਵਿੱਚ ਸ਼ਾਮਲ ਕੀਤੇ ਜਾਣ ਲਈ ਉੱਚਤ ਬਣ ਗਿਆ। ਪਰ, ਇਹਨੇ ਆਪਣਾ ਸੁਭਾਵਕ ਜਮਹੂਰੀ ਖ਼ਾਸਾ ਕਾਇਮ ਰੱਖਿਆ, ਜਿਹੜਾ ਸਾਰੀ ਗੋਤਰੀ ਬਣਤਰ ਦੀ ਨਿੱਖੜਵੀਂ ਨਿਸ਼ਾਨੀ ਹੈ ਅਤੇ ਪਿੱਛੋਂ ਦੇ ਸਮੇਂ ਵਿੱਚ ਇਹਦੇ ਉੱਤੇ ਜਿਹੜਾ ਨਿਘਾਰ ਠੋਸਿਆ ਗਿਆ, ਉਹਦੇ ਬਾਵਜੂਦ ਇਹਨੇ ਗੋਤਰੀ ਪ੍ਰਣਾਲੀ ਦਾ ਇੱਕ ਹਿੱਸਾ ਕਾਇਮ ਰੱਖਿਆ, ਇਉਂ ਇਹਨੇ ਪਸਿੱਤਿਆਂ ਦੇ ਹੱਥ ਇੱਕ ਹਥਿਆਰ ਛੱਡ ਦਿੱਤਾ ਜਿਹੜਾ ਨਵੀਨ ਸਮਿਆਂ ਵਿੱਚ ਵੀ ਵਰਤੇ ਜਾਣ ਲਈ ਤਿਆਰ ਹੈ।

ਗੋਤ ਦੇ ਅੰਦਰ ਖ਼ੂਨ ਦੇ ਰਿਸ਼ਤੇ ਦੇ ਤੇਜ਼ੀ ਨਾਲ਼ ਖ਼ਤਮ ਹੋਣ ਦਾ ਕਾਰਨ ਇਹ ਤੱਥ ਸੀ ਕਿ ਕਬੀਲੇ ਅਤੇ ਸਮੁੱਚੇ ਜਨ-ਸਮੂਹ ਅੰਦਰ ਇਹਦੀਆਂ ਸੰਸਥਾਵਾਂ ਜਿੱਤ ਦੇ ਕਾਰਨ ਨਿੱਘਰ ਗਈਆਂ ਸਨ। ਅਸੀਂ ਜਾਣਦੇ ਹਾਂ ਕਿ ਅਧੀਨ ਬਣਾਏ ਲੋਕਾਂ ਉੱਤੇ ਹਕੂਮਤ ਗੋਤਰੀ

* allodium—ਅਜਿਹੀ ਜਾਇਦਾਦ ਬਣ ਗਿਆ, ਜਿਹੜੀ ਕਿਸੇ ਸਾਮੰਤੀ ਰਾਠ ਦੇ ਅਧੀਨ ਨਹੀਂ ਸੀ। **—ਸੰਪਾ.**

ਬਣਤਰ ਨਾਲ਼ ਮੇਲ ਨਹੀਂ ਖਾਂਦੀ। ਇਥੇ ਅਸੀਂ ਇਸ ਗੱਲ ਨੂੰ ਵੱਡੀ ਪੱਧਰ ਉੱਤੇ ਵੇਖਦੇ ਹਾਂ। ਜਰਮਨ ਜਨ-ਸਮੂਹਾਂ, ਰੋਮਨ ਸੂਬਿਆਂ ਦੇ ਸਵਾਮੀਆਂ, ਨੂੰ ਆਪਣੀ ਜਿੱਤ ਜੱਥੇਬੰਦ ਕਰਨੀ ਪੈਣੀ ਸੀ; ਪਰ ਤੁਸੀਂ ਰੋਮਨਾਂ ਦੀ ਬਹੁਤ ਵੱਡੀ ਗਿਣਤੀ ਨੂੰ ਨਾ ਤਾਂ ਗੋਤਰੀ ਜੱਥੇਬੰਦੀਆਂ ਵਿੱਚ ਸਮੋ ਸਕਦੇ ਹੋ ਅਤੇ ਨਾ ਹੀ ਇਹਨਾਂ ਦੀ ਸਹਾਇਤਾ ਨਾਲ਼ ਉਹਨਾਂ ਉੱਤੇ ਹਕੂਮਤ ਕਰ ਸਕਦੇ ਹੋ। ਰੋਮਨ ਸਥਾਨਕ ਜੱਥੇਬੰਦਕ ਸੰਸਥਾਵਾਂ ਦੇ ਉੱਪਰ, ਜਿਹੜੀਆਂ ਪਹਿਲਾਂ ਆਮ ਤੌਰ ਉੱਤੇ ਕੰਮ ਕਰਦੀਆਂ ਰਹੀਆਂ, ਰੋਮਨ ਰਾਜ ਦਾ ਕੋਈ ਬਦਲ ਰੱਖਣਾ ਲਾਜ਼ਮੀ ਸੀ ਅਤੇ ਇਹ ਬਦਲ ਕੇਵਲ ਇੱਕ ਹੋਰ ਰਾਜ ਹੀ ਹੋ ਸਕਦਾ ਸੀ। ਸੋ, ਗੋਤਰੀ ਪ੍ਰਣਾਲੀ ਦੀਆਂ ਸੰਸਥਾਵਾਂ ਨੂੰ ਰਾਜ ਦੀਆਂ ਸੰਸਥਾਵਾਂ ਵਿੱਚ ਤਬਦੀਲ ਕਰਨਾ ਪਿਆ ਅਤੇ ਪ੍ਰਸਥਿਤੀਆਂ ਦੇ ਦਬਾਅ ਕਾਰਨ ਇਹ ਤੇਜ਼ੀ ਨਾਲ਼ ਕਰਨਾ ਪਿਆ। ਜੇਤੂ ਲੋਕਾਂ ਦਾ ਪਹਿਲਾ ਪ੍ਰਤਿਨਿਧ ਫ਼ੌਜੀ ਕਮਾਂਡਰ ਹੀ ਸੀ। ਜਿੱਤੇ ਇਲਾਕੇ ਦੀ ਅੰਦਰਲੀ ਅਤੇ ਬਾਹਰਲੀ ਰੱਖਿਆ ਇਹ ਮੰਗ ਕਰਦੀ ਸੀ ਕਿ ਉਹਦਾ ਅਧਿਕਾਰ ਵਧਾਇਆ ਜਾਵੇ। ਫ਼ੌਜੀ ਅਗਵਾਈ ਨੂੰ ਬਾਦਸ਼ਾਹੀ ਵਿੱਚ ਤਬਦੀਲ ਕਰਨ ਦਾ ਸਮਾਂ ਆ ਗਿਆ ਸੀ ਅਤੇ ਅਜਿਹਾ ਕੀਤਾ ਗਿਆ।

ਆਓ ਅਸੀਂ ਫ਼ਰੈਂਕਾਂ ਦੇ ਦੇਸ਼ ਨੂੰ ਲਈਏ। ਇਥੇ ਨਾ ਕੇਵਲ ਰੋਮਨ ਰਾਜ ਦੇ ਵਿਸ਼ਾਲ ਇਲਾਕੇ ਸਗੋਂ ਉਹ ਸਭੇ ਭੋਂ ਦੇ ਵੱਡੇ ਟੋਟੇ ਜਿਹੜੇ ਵੱਡੇ ਅਤੇ ਨਿੱਕੇ gau (ਗਉ) ਅਤੇ ਮਾਰਕ ਭਾਈਚਾਰਿਆਂ ਨੂੰ ਨਹੀਂ ਸਨ ਸੌਂਪੇ ਗਏ, ਵਿਸ਼ੇਸ਼ ਤੌਰ ’ਤੇ ਵੱਡੇ ਜੰਗਲ, ਉਹਨਾਂ ਦੀ ਅਨੰਨ ਮਿਲਖ ਵਜੋਂ ਸਾਲਿਆਈ ਲੋਕਾਂ ਦੇ ਹੱਥ ਆ ਗਏ। ਫ਼ਰੈਂਕਾਂ ਦੇ ਬਾਦਸ਼ਾਹ ਨੇ, ਜਿਹੜਾ ਸਾਧਾਰਨ ਫ਼ੌਜੀ ਕਮਾਂਡਰ ਤੋਂ ਅਸਲੀ ਬਾਦਸ਼ਾਹ ਵਿੱਚ ਤਬਦੀਲ ਕੀਤਾ ਗਿਆ ਸੀ, ਜਿਹੜਾ ਪਹਿਲਾ ਕੰਮ ਕੀਤਾ, ਉਹ ਸੀ ਲੋਕਾਂ ਦੀ ਇਸ ਜਾਇਦਾਦ ਨੂੰ ਸ਼ਾਹੀ ਜਗੀਰ ਵਿੱਚ ਤਬਦੀਲ ਕਰਨਾ, ਇਹਨੂੰ ਜਨਤਾ ਤੋਂ ਚੁਰਾ ਕੇ ਆਪਣੀ ਲਾਮ-ਡੋਰੀ ਨੂੰ ਦੇਣਾ ਜਾਂ ਜਾਇਦਾਦ ਵਜੋਂ ਬਖ਼ਸ਼ਣਾ। ਇਸ ਲਾਮ-ਡੋਰੀ ਵਿੱਚ, ਜਿਸ ਵਿੱਚ ਮੁੱਢ ਵਿੱਚ ਉਹਦੇ ਨਿੱਜੀ ਫ਼ੌਜੀ ਟਹਿਲੂਏ ਅਤੇ ਫ਼ੌਜ ਦੇ ਹੋਰ ਨਿੱਕੇ ਕਮਾਂਡਰ ਹੁੰਦੇ ਸਨ, ਛੇਤੀ ਹੀ ਨਾ ਕੇਵਲ ਰੋਮਨਾਂ ਦਾ, ਅਰਥਾਤ ਰੋਮਨ ਬਣੇ ਗਾਲਾਂ ਦਾ ਵਾਧਾ ਹੋ ਗਿਆ, ਜਿਹੜੇ ਆਪਣੇ ਲਿਖਣ ਦੇ ਗਿਆਨ, ਆਪਣੀ ਵਿੱਦਿਆ, ਰੋਮਨ ਬੋਲੀ ਅਤੇ ਸਾਹਿਤਕ ਲਾਤੀਨੀ ਦੇ ਅਤੇ ਸਥਾਨਕ ਕਾਨੂੰਨਾਂ ਦੇ ਵੀ ਗਿਆਨ ਕਾਰਨ ਉਹਦੇ ਲਈ ਲਗ ਭਗ ਅਜਿਹੇ ਬਣ ਗਏ ਜਿਨ੍ਹਾਂ ਬਗ਼ੈਰ ਗੁਜ਼ਾਰਾ ਨਹੀਂ ਸੀ, ਸਗੋਂ ਗ਼ੁਲਾਮਾਂ, ਖੇਤ-ਗ਼ੁਲਾਮਾਂ ਅਤੇ ਸੁਤੰਤਰ ਹੋਏ ਗ਼ੁਲਾਮਾਂ ਦਾ ਵੀ ਵਾਧਾ ਹੋ ਗਿਆ, ਜਿਹੜੇ ਰਲ਼ ਕੇ ਉਹਦਾ ਦਰਬਾਰ ਬਣਦੇ ਅਤੇ ਜਿਨ੍ਹਾਂ ਵਿੱਚੋਂ ਉਹ ਆਪਣੇ ਚਹੇਤੇ ਚੁਣਦਾ। ਇਹਨਾਂ ਸਭਨਾਂ ਨੂੰ ਸਰਵਜਨਕ ਭੋਂ ਦੇ ਟੋਟੇ ਦਿੱਤੇ ਗਏ, ਪਹਿਲਾਂ ਸੁਗਾਤਾਂ ਵਜੋਂ ਅਤੇ ਪਿੱਛੋਂ benefices[42] ਵਜੋਂ—ਮੁੱਢ ਵਿੱਚ ਬਾਦਸ਼ਾਹ ਦੇ ਜੀਵਨ ਕਾਲ ਲਈ—ਅਤੇ ਇਉਂ ਆਮ ਲੋਕਾਂ ਦੇ ਮੁੱਲ ’ਤੇ ਨਵੀਂ ਰਾਠਸ਼ਾਹੀ ਦੀ ਨੀਂਹ ਰੱਖੀ ਗਈ।

ਪਰ ਇੱਥੇ ਹੀ ਬਸ ਨਹੀਂ ਸੀ। ਦੂਰ ਦੂਰ ਫੈਲੀ ਸਲਤਨਤ ਉੱਤੇ ਪੁਰਾਣੀ ਗੋਤਰੀ ਪ੍ਰਣਾਲੀ ਅਨੁਸਾਰ ਹਕੂਮਤ ਨਹੀਂ ਸੀ ਹੋ ਸਕਦੀ। ਮੁਖੀਆਂ ਦੀ ਪ੍ਰੀਸ਼ਦ, ਜੇ ਇਹ ਬੜੇ ਚਿਰ ਤੋਂ ਸਮਾਂ ਵਿਹਾ ਚੁੱਕੀ ਨਾ ਵੀ ਬਣ ਚੁੱਕੀ ਹੁੰਦੀ, ਇਕੱਠੀ ਨਹੀਂ ਸੀ ਹੋ ਸਕਦੀ, ਸੋ ਇਹਦੀ ਥਾਂ

ਬਾਦਸ਼ਾਹ ਦੀ ਨਿੱਜੀ ਲਾਮ-ਡੋਰੀ ਨੇ ਲੈ ਲਈ। ਪੁਰਾਣੀ ਆਮ ਸਭ ਨੂੰ ਵੇਖਣ ਨੂੰ ਅਜੇ ਵ ਕਾਇਮ ਗਿਆ ਪਰ ਸਦਾ ਵਧੇਰੇ ਛੋਟੇ ਕਮਾਂਡਰਾਂ ਅਤੇ ਨਵੇਂ ਉਭਰ ਰਹੇ ਰਾਠਾਂ ਦੇ ਇਕੱਠ ਵਜੋਂ। ਆਜ਼ਾਦ ਭੋਂ ਮਾਲਕ ਕਿਸਾਨ ਜਿਹੜੇ ਫ਼ਰੈਂਕ ਜਨ-ਸਮੂਹ ਦੀ ਬਹੁ-ਗਿਣਤੀ ਸਨ, ਲਗਾਤਾਰ ਖ਼ਾਨਾ-ਜੰਗੀ ਅਤੇ ਜਿੱਤ ਦੀਆਂ ਜੰਗਾਂ ਕਾਰਨ, ਪਿਛਲੇਰੇ ਵਿਸ਼ੇਸ਼ ਤੌਰ ’ਤੇ ਸ਼ਾਰਲੀਮੇਜਨ ਦੇ ਰਾਜ ਵਿੱਚ, ਉਸੇ ਤਰ੍ਹਾਂ ਨਿਤਾਣੇ ਹੋ ਗਏ ਅਤੇ ਕੰਗਾਲ ਬਣਾ ਦਿੱਤੇ ਗ਼ਏ ਸਨ ਜਿਵੇਂ ਰੋਮਨ ਕਿਸਾਨ ਗਣ-ਰਾਜ ਦੇ ਅਖ਼ੀਰੀ ਵਰ੍ਹਿਆਂ ਵਿੱਚ ਕਰ ਦਿੱਤੇ ਗਏ ਸਨ। ਇਹ ਕਿਸਾਨ ਜਿਹੜੇ ਮੁੱਢ ਵਿੱਚ ਸਮੁੱਚੀ ਫ਼ੌਜ ਸਨ ਅਤੇ ਫ਼ਰੈਂਕਾਂ ਦੀਆਂ ਭੂਮੀਆਂ ਦੀ ਜਿੱਤ ਤੋਂ ਪਿਛੋਂ ਇਹਦਾ ਧੁਰਾ ਸਨ, ਨੌਵੀਂ ਸਦੀ ਦੇ ਸ਼ੁਰੂ ਵਿੱਚ ਇੰਨੇ ਗ਼ਰੀਬ ਬਣ ਗਏ ਸਨ ਕਿ ਪੰਜਾਂ ਵਿੱਚੋਂ ਮਸਾਂ ਇੱਕ ਹੀ ਯੁੱਧ ਦੇ ਸਾਜ਼ ਸਾਮਾਨ ਦਾ ਪ੍ਰਬੰਧ ਕਰ ਸਕਦਾ ਸੀ। ਪਹਿਲੀਆਂ ਦੀ ਆਜ਼ਾਦ ਕਿਸਾਨਾਂ ਦੀ ਫ਼ੌਜ, ਜਿਸਨੂੰ ਬਾਦਸ਼ਾਹ ਸਿੱਧਾ ਸੱਦਿਆ ਕਰਦਾ ਸੀ, ਦੀ ਥਾਂ ਹੁਣ ਨਵੇਂ-ਉਭਰੇ ਰਾਠਾਂ ਦੇ ਸੇਵਕਾਂ ਤੋਂ ਬਣੀ ਫ਼ੌਜ ਨੇ ਲੈ ਲਈ। ਇਹਨਾਂ ਸੇਵਕਾਂ ਵਿੱਚ villeins (ਵਿਲੇਨ) ਵੀ ਸਨ, ਜਿਹੜੇ ਉਹਨਾਂ ਕਿਸਾਨਾਂ ਦੀ ਔਲਾਦ ਸਨ ਜਿਹੜੇ ਪਹਿਲੀਆਂ ਵਿੱਚ ਬਾਦਸ਼ਾਹ ਤੋਂ ਬਿਨਾਂ ਕਿਸੇ ਨੂੰ ਆਪਣਾ ਹਾਕਮ ਨਹੀਂ ਸਨ ਮੰਨਦੇ ਅਤੇ ਉਸ ਤੋਂ ਕੁੱਝ ਸਮਾਂ ਪਹਿਲਾਂ ਬਾਦਸ਼ਾਹ ਨੂੰ ਵੀ ਆਪਣਾ ਹਾਕਮ ਨਹੀਂ ਸਨ ਮੰਨਦੇ। ਸ਼ਾਰਲੀਮੇਜਨ ਦੇ ਵਾਰਸਾਂ ਅਧੀਨ ਘਰੋਗੀ ਯੁੱਧਾਂ, ਸ਼ਾਹੀ ਤਾਕਤ ਦੇ ਕਮਜ਼ੋਰ ਹੋਣ ਉੱਤੇ ਉਹਦੇ ਅਨੁਸਾਰੀ ਹੀ ਰਾਠਾਂ ਵੱਲੋਂ, ਜਿਨ੍ਹਾਂ ਵਿੱਚ ਸ਼ਾਰਲੀਮੇਜਨ ਵੱਲੋਂ ਸਥਾਪਤ ਕੀਤੇ gau ਕਾਊਂਟ[43] ਵੀ ਸ਼ਾਮਲ ਸਨ ਅਤੇ ਜਿਹੜੇ ਆਪਣੇ ਪਦ ਜੱਦੀ ਬਣਾਉਣ ਲਈ ਉਤਾਵਲੇ ਸਨ, ਸੱਤ੍ਹਾ ਹਥਿਆਉਣ ਅਤੇ ਅੰਤ ਨਾਰਮਨਾਂ ਦੇ ਧਾਵਿਆਂ ਨੇ, ਫ਼ਰੈਂਕ ਕਿਸਾਨੀ ਦੀ ਤਬਾਹੀ ਮੁਕੰਮਲ ਕਰ ਦਿੱਤੀ। ਸ਼ਾਰਲੀਮੇਜਨ ਦੀ ਮੌਤ ਤੋਂ ਪੰਜਾਹ ਵਰ੍ਹੇ ਪਿੱਛੋਂ ਫ਼ਰੈਂਕਾਂ ਦੀ ਸ਼ਹਿਨਸ਼ਾਹੀ ਉਸੇ ਤਰ੍ਹਾਂ ਨਾਰਮਨਾਂ ਦੇ ਕਦਮਾਂ ਵਿੱਚ ਨਿਤਾਣੀ ਹੋਈ ਪਈ ਸੀ ਜਿਵੇਂ ਚਾਰ ਸੌ ਸਾਲ ਪਹਿਲਾਂ ਰੋਮਨ ਸਲਤਨਤ ਫ਼ਰੈਂਕਾਂ ਦੇ ਕਦਮਾਂ ਵਿੱਚ ਨਿਤਾਣੀ ਪਈ ਸੀ।

ਨਾ ਕੇਵਲ ਬਾਹਰਲੀ ਨਿਪੁੰਨਸਕਤਾ, ਸਗੋਂ ਸਮਾਜ ਦਾ ਅੰਦਰੂਨੀ ਪ੍ਰਬੰਧ, ਸਗੋਂ ਗੜਬੜ, ਲਗਭਗ ਸਗਵੇਂ ਹੀ ਸਨ। ਆਜ਼ਾਦ ਫ਼ਰੈਂਕ ਕਿਸਾਨਾਂ ਦੇ ਆਪਣੇ ਆਪ ਨੂੰ ਆਪਣੇ ਤੋਂ ਪਹਿਲਿਆਂ, ਰੋਮਨ coloni ਦੀ ਪ੍ਰਸਥਿਤੀ ਵਿੱਚ ਪਏ ਵੇਖਿਆ। ਯੁੱਧ ਅਤੇ ਲੁੱਟ ਕਾਰਨ ਉੱਜੜੇ ਉਹਨਾਂ ਨੂੰ ਨਵੇਂ ਰਾਠਾਂ ਜਾ ਧਾਰਮਿਕ ਸੰਪ੍ਰਦਾਵਾਂ ਦੀ ਰੱਖਿਆ ਭਾਲਣੀ ਪਈ ਕਿਉਂਕਿ ਖ਼ੁਦ ਸ਼ਾਹੀ ਤਾਕਤ ਉਹਨਾਂ ਦੀ ਰੱਖਿਆ ਕਰਨ ਲਈ ਬਹੁਤ ਕਮਜ਼ੋਰ ਸੀ; ਉਹਨਾਂ ਨੂੰ ਇਸ ਰੱਖਿਆ ਦਾ ਬਹੁਤ ਮੁੱਲ ਤਾਰਨਾ ਪਿਆ। ਗਾਲ ਦੇ ਕਿਸਾਨਾਂ ਵਾਂਗ ਹੀ ਉਹਨਾਂ ਨੂੰ ਭੋਂ ਵਿੱਚ ਆਪਣੀ ਜਾਇਦਾਦ ਆਪਣੇ ਸਰਪ੍ਰਸਤਾਂ ਦੇ ਨਾਂ ਕਰਨੀ ਪਈ ਅਤੇ ਉਹਨਾਂ ਤੋਂ ਇਹ ਉਹਨਾਂ ਨੂੰ ਵੱਖ ਵੱਖ ਅਤੇ ਭਿੰਨ ਭਿੰਨ ਰੂਪਾਂ ਵਿੱਚ ਮੁਜ਼ਾਰਿਆਂ ਵਜੋਂ ਦਿੱਤੀ ਗਈ ਪਰ ਇੱਕ ਸ਼ਰਤ ਸਦਾ ਹੀ ਹੁੰਦੀ ਸੀ ਕਿ ਉਹ ਸੇਵਾਵਾਂ ਕਰਨਗੇ ਅਤੇ ਲਗਾਨ ਦੇਣਗੇ। ਇੱਕ ਵਾਰ ਜਦੋਂ ਉਹ ਅਧੀਨਗੀ ਦੇ ਅਜਿਹੇ ਰੂਪ ਵਿੱਚ ਫਸ ਗਏ ਤਾਂ ਹੌਲ਼ੀ ਹੌਲ਼ੀ ਉਹਨਾਂ ਦੀ ਨਿੱਜੀ ਆਜ਼ਾਦੀ ਜਾਂਦੀ ਰਹੀ; ਕੁੱਝ ਪੀੜ੍ਹੀਆਂ ਤੋਂ ਪਿੱਛੋਂ ਉਹਨਾਂ ਵਿੱਚੋਂ ਵਧੇਰੇ ਖੇਤ-ਗ਼ੁਲਾਮ

ਬਣ ਗਏ। ਆਜ਼ਾਦ ਕਿਸਾਨਾਂ ਦਾ ਕਿੰਨੀ ਤੇਜ਼ੀ ਨਾਲ਼ ਨਿਘਾਰ ਹੋਇਆ ਇਹ ਐਬੇ ਸੇਂਟ-ਜਰਮੇਨ ਦਾ ਪ੍ਰੀ ਦੀਆਂ, ਜਿਹੜਾ ਪਹਿਲਾਂ ਪੈਰਿਸ ਦੇ ਨੇੜੇ ਸੀ ਅਤੇ ਹੁਣ ਪੈਰਿਸ ਦਾ ਹਿੱਸਾ ਹੈ, ਇਰਮੀਨੋਨ ਦੀਆਂ ਖਤੌਨੀਆਂ ਤੋਂ ਪਤਾ ਲਗਦਾ ਹੈ। ਸ਼ਾਰਲੀਮੇਜਨ ਦੇ ਜ਼ਮਾਨੇ ਵਿੱਚ ਵੀ ਐਬੇ ਦੀਆਂ ਵਿਸ਼ਾਲ ਜਾਗੀਰਾਂ ਵਿੱਚ, ਜਿਹੜੀਆਂ ਗਵਾਂਢਲੇ ਇਲਾਕਿਆਂ ਵਿੱਚ ਫੈਲੀਆਂ ਹੋਈਆਂ ਸਨ, 2,788 ਪਰਿਵਾਰ ਸਨ, ਜਿਨ੍ਹਾਂ ਵਿੱਚੋਂ ਲਗ ਭਗ ਸਾਰੇ ਜਰਮਨ ਨਾਵਾਂ ਵਾਲ਼ੇ ਫ਼ਰੈਂਕ ਸਨ; ਇਹਨਾਂ ਵਿੱਚੋਂ 2,080 coloni ਸਨ, 35 liti (ਲਿਤੀ), 220 ਗ਼ੁਲਾਮ ਅਤੇ ਕੇਵਲ 8 ਆਜ਼ਾਦ ਮਾਲਕ ਸਨ! ਉਹ ਰਿਵਾਜ ਜਿਸ ਅਨੁਸਾਰ ਸਰਪ੍ਰਸਤ ਕਿਸਾਨਾਂ ਦੀ ਭੋਂ ਆਪਣੇ ਨਾਂ ਕਰਵਾ ਲੈਂਦਾ ਸੀ ਅਤੇ ਉਹਨਾਂ ਨੂੰ ਉਹ ਜੀਵਨ ਭਰ ਵਰਤਣ ਲਈ ਦੇ ਦੇਂਦਾ ਸੀ, ਉਹ ਰਿਵਾਜ ਜਿਸਨੂੰ ਸਿਲਵਿਆਨਸ ਨੇ ਅਧਰਮੀ ਕਹਿ ਕੇ ਭੰਡਿਆ ਸੀ, ਇਸਾਈ ਧਾਰਮਿਕ ਸੰਪ੍ਰਦਾਅ ਕਿਸਾਨਾਂ ਨਾਲ਼ ਆਪਣੇ ਵਿਹਾਰ ਵਿੱਚ ਵਿਆਪਕ ਤੌਰ ’ਤੇ ਉਸ ਉੱਤੇ ਅਮਲ ਕਰ ਰਿਹਾ ਸੀ। ਸਾਮੰਤੀ ਚਾਕਰੀ, ਜਿਸਦਾ ਹੁਣ ਸਦਾ ਵਧੇਰੇ ਰਿਵਾਜ ਪੈਂਦਾ ਜਾ ਰਿਹਾ ਸੀ, ਉੱਨੀ ਹੀ ਰੋਮਨ angariae, ਰਾਜ ਦੀ ਲਾਜ਼ਮੀ ਸੇਵਾਦਾਰੀ,[44] ਉੱਤੇ ਆਧਾਰਤ ਸੀ ਜਿੰਨੀ ਕਿ ਇਹ ਜਰਮਨ ਮਾਰਕ ਦੇ ਮੈਂਬਰਾਂ ਵੱਲੋਂ ਪੁਲ ਅਤੇ ਸੜਕਾਂ ਬਣਾਉਣ ਅਤੇ ਸਾਂਝੇ ਮੰਤਵਾਂ ਲਈ ਦੇ ਦਿੱਤੀਆਂ ਸੇਵਾਵਾਂ ਉੱਤੇ ਆਧਾਰਤ ਸੀ। ਸੋ, ਜਾਪਦਾ ਇਹ ਸੀ ਕਿ ਚਾਰ ਸੌ ਵਰ੍ਹੇ ਪਿੱਛੋਂ ਆਮ ਵਸੋਂ ਵਾਪਸ ਉਸੇ ਥਾਂ ਮੁੜ ਆਈ ਸੀ, ਜਿਥੋਂ ਇਹ ਚੱਲੀ ਸੀ।

ਪਰ ਇਹ ਕੇਵਲ ਦੋ ਗੱਲਾਂ ਹੀ ਸਾਬਤ ਕਰਦਾ ਹੈ: ਪਹਿਲੇ, ਇਹ ਕਿ ਰੋਮ ਦੀ ਡਿੱਗ ਰਹੀ ਸਲਤਨਤ ਵਿੱਚ ਸਮਾਜੀ ਪੁੜ-ਬੰਦੀ ਅਤੇ ਜਾਇਦਾਦ ਦੀ ਵੰਡ ਖੇਤੀ ਅਤੇ ਸਨਅਤ ਵਿੱਚ ਉਸ ਸਮੇਂ ਦੀ ਪ੍ਰਚਲਤ ਪੱਧਰ ਦੇ ਪੂਰੀ ਤਰ੍ਹਾਂ ਅਨੁਸਾਰੀ ਸੀ ਅਤੇ ਇਸੇ ਲਈ ਇਸ ਤੋਂ ਬਚਿਆ ਨਹੀਂ ਸੀ ਜਾ ਸਕਦਾ; ਦੂਜੇ, ਉਤਪਾਦਨ ਦਾ ਇਹ ਪੜਾਅ ਪਿੱਛੋਂ ਦੇ ਚਾਰ ਸੌ ਵਰ੍ਹਿਆਂ ਦੇ ਦੌਰਾਨ ਨਾ ਹੇਠਾਂ ਗਿਆ ਸੀ ਅਤੇ ਨਾ ਉੱਚਾ ਹੋਇਆ ਸੀ, ਸੋ ਇਹਨੇ ਲਾਜ਼ਮੀ ਤੌਰ ’ਤੇ ਜਾਇਦਾਦ ਦੀ ਉਹੋ ਜਿਹੀ ਵੰਡ ਅਤੇ ਵਸੋਂ ਦੀ ਉਹੋ ਜਿਹੀ ਹੀ ਸ਼੍ਰੇਣੀ ਵੰਡ ਨੂੰ ਜਨਮ ਦਿੱਤਾ। ਰੋਮਨ ਸਲਤਨਤ ਦੀਆਂ ਅਖ਼ੀਰੀ ਸਦੀਆਂ ਵਿੱਚ ਪਿੰਡ ਉੱਤੇ ਸ਼ਹਿਰ ਦੀ ਸਰਦਾਰੀ ਖ਼ਤਮ ਹੋ ਗਈ ਅਤੇ ਜਰਮਨ ਹਕੂਮਤ ਦੀਆਂ ਪਹਿਲੀਆਂ ਸਦੀਆਂ ਵਿੱਚ ਇਹ ਮੁੜ ਪ੍ਰਾਪਤ ਨਾ ਕਰ ਸਕਿਆ। ਇਹ ਪਹਿਲੋਂ ਹੀ ਖੇਤੀ ਦੀ ਅਤੇ ਸਨਅਤ ਦੀ ਵੀ ਨੀਵੀਂ ਪੱਧਰ ਮਿੱਥ ਲੈਂਦਾ ਹੈ। ਅਜਿਹੀ ਆਮ ਪੱਧਰ ਲਾਜ਼ਮੀ ਤੌਰ ’ਤੇ ਵੱਡੇ ਹਾਕਮ ਭੋਂ-ਮਾਲਕਾਂ ਅਤੇ ਨਿੱਕੇ ਅਧੀਨ ਕਿਸਾਨਾਂ ਨੂੰ ਜਨਮ ਦੇਂਦੀ ਹੈ। ਅਜਿਹੇ ਸਮਾਜ ਉੱਤੇ ਗ਼ੁਲਾਮਾਂ ਦੀ ਕਿਰਤ ਰਾਹੀਂ ਚਲਾਈ ਜਾਂਦੀ ਰੋਮਨ ਲਾਤੀਫ਼ੁੰਦਿਆਈ ਆਰਥਕਤਾ ਜਾਂ ਖੇਤ-ਗ਼ੁਲਾਮਾਂ ਦੀ ਕਿਰਤ ਰਾਹੀਂ ਚਲਾਈ ਜਾਂਦੀ ਨਵੇਰੀ ਵੱਡੇ ਪੈਮਾਨੇ ਦੀ ਖੇਤੀ ਲਾਗੂ ਕਰਨਾ ਕਿੰਨਾ ਅਸੰਭਵ ਸੀ ਇਹ ਚਾਰਲਸ ਮਹਾਨ ਵੱਲੋਂ ਆਪਣੀਆਂ ਪ੍ਰਸਿੱਧ ਸ਼ਹਿਨਸ਼ਾਹੀ ਜਾਗੀਰਾਂ ਉੱਤੇ ਵਿਸ਼ਾਲ ਤਜਰਬਿਆਂ ਤੋਂ ਸਿੱਧ ਹੁੰਦਾ ਹੈ, ਜਿਹੜੇ ਕੋਈ ਨਿਸ਼ਾਨ ਛੱਡੇ ਬਿਨਾਂ ਲੋਪ ਹੋ ਗਏ। ਇਹ ਤਜਰਬੇ ਈਸਾਈ ਮੱਠਾਂ ਵੱਲੋਂ ਜਾਰੀ ਰੱਖੇ ਗਏ ਅਤੇ ਕੇਵਲ ਉਹਨਾਂ ਲਈ ਹੀ ਸਫ਼ਲ ਹੋਏ; ਪਰ ਈਸਾਈ ਮੱਠ ਅਸਾਧਾਰਨ ਸਮਾਜੀ ਬਣਤਰਾਂ ਸਨ, ਜਿਹੜੀਆਂ ਬ੍ਰਹਮਚਰਜ ਉੱਤੇ ਆਧਾਰਤ ਸਨ। ਉਹ

ਅਜਿਹੇ ਕੰਮ ਕਰ ਸਕਦੇ ਸਨ ਜਿਹੜੇ ਛੋਟਾਂ ਸਨ ਅਤੇ ਇਸੇ ਕਾਰਨ ਹੀ ਉਹ ਛੋਟਾਂ ਰਹਿੰਦੇ ਹਨ।

ਇਹਦੇ ਬਾਵਜੂਦ ਇਹਨਾਂ ਚਾਰ ਸੌ ਵਰ੍ਹਿਆਂ ਵਿੱਚ ਉੱਨਤੀ ਕੀਤੀ ਗਈ। ਭਾਵੇਂ ਅਸੀਂ ਅਖ਼ੀਰ 'ਤੇ ਲਗ ਭਗ ਉਹੋ ਮੁੱਖ ਸ਼੍ਰੇਣੀਆਂ ਵੇਖਦੇ ਹਾਂ ਜਿਹੜੀਆਂ ਮੁੱਢ ਵਿੱਚ ਸਨ, ਪਰ ਤਾਂ ਵੀ, ਜਿਹੜੇ ਲੋਕ ਇਹਨਾਂ ਸ਼੍ਰੇਣੀਆਂ ਨੂੰ ਬਣਾਉਂਦੇ ਸਨ ਉਹ ਤਬਦੀਲ ਹੋ ਗਏ ਸਨ। ਪ੍ਰਾਚੀਨ ਗ਼ੁਲਾਮੀ ਲੋਪ ਹੋ ਗਈ ਸੀ; ਉਹ ਕੰਗਾਲ ਬਣਾਏ ਗ਼ਰੀਬ ਆਜ਼ਾਦ ਲੋਕ ਵੀ ਖ਼ਤਮ ਹੋ ਗਏ ਸਨ ਜਿਹੜੇ ਕਿਰਤ ਨੂੰ ਗ਼ੁਲਾਮਾਂ ਦੇ ਕੰਮ ਵਜੋਂ ਘਿਰਣਾ ਕਰਦੇ ਸਨ। ਰੋਮਨ colonus ਅਤੇ ਨਵੇਂ ਖੇਤ-ਗ਼ੁਲਾਮ ਵਿਚਕਾਰ ਆਜ਼ਾਦ ਫ਼ਰੈਂਕ ਕਿਸਾਨ ਰਿਹਾ ਸੀ। ਮੌਤ ਵਸ ਪਏ ਰੋਮਨਵਾਦ ਦੀਆਂ "ਵਿਅਰਥ ਯਾਦਾਂ ਅਤੇ ਫ਼ਜ਼ੂਲ ਝਗੜੇ" ਮਰ ਚੁੱਕੇ ਸਨ ਅਤੇ ਦਫ਼ਨਾ ਦਿੱਤੇ ਗਏ ਸਨ। ਨੌਵੀਂ ਸਦੀ ਦੀਆਂ ਸਮਾਜੀ ਸ਼੍ਰੇਣੀਆਂ ਨੇ ਇੱਕ ਨਿੱਘਰ ਰਹੀ ਸੱਭਿਅਤਾ ਦੀ ਜਿੱਲ੍ਹਣ ਵਿੱਚ ਨਹੀਂ ਸਗੋਂ ਇੱਕ ਨਵੀਂ ਸਭਿਅਤਾ ਦੀ ਜੰਮਣ-ਪੀੜ ਵਿੱਚ ਜਨਮ ਲਿਆ ਸੀ। ਨਵੀਂ ਨਸਲ, ਮਾਲਕ ਵੀ ਅਤੇ ਸੇਵਕ ਵੀ, ਉਹਨਾਂ ਤੋਂ ਪਹਿਲੀਆਂ ਦੇ ਰੋਮਨ ਦੇ ਮੁਕਾਬਲੇ ਉਤੇ ਮਰਦ ਸਨ। ਬਲਵਾਨ ਜਾਗੀਰਦਾਰਾਂ ਅਤੇ ਸੇਵਕ ਕਿਸਾਨਾਂ ਵਿਚਕਾਰ ਸਬੰਧ, ਜਿਹੜਾ ਪਿਛਲੇਰੇ ਲਈ ਮੁੱਢ ਕਦੀਮਾਂ ਦੇ ਜਗਤ ਵਿੱਚ ਨਿਗਾਰ ਦਾ ਨਿਰਾਸ-ਰੂਪ ਹੁੰਦਾ ਸੀ, ਹੁਣ ਪਹਿਲੇ ਲਈ ਨਵੇਂ ਵਿਕਾਸ ਦਾ ਆਦਿ-ਬਿੰਦੂ ਸੀ। ਨਾਲ਼ੇ ਭਾਵੇਂ ਇਹ ਚਾਰ ਸੌ ਵਰ੍ਹੇ ਕਿੰਨੇ ਅਣ-ਉਪਜਾਊ ਜਾਪਦੇ ਹਨ, ਤਾਂ ਵੀ ਉਹਨਾਂ ਆਪਣੇ ਪਿੱਛੇ **ਇੱਕ** ਮਹਾਨ ਉਪਜ ਛੱਡੀ: ਨਵੀਨ ਕੌਮੀਅਤਾਂ, ਭਾਵੀ ਇਤਿਹਾਸ ਲਈ ਪੱਛਮੀ ਯੂਰਪੀ ਮਨੁੱਖਤਾ ਨੂੰ ਨਵੇਂ ਸੱਚੇ ਵਿੱਚ ਢਾਲਣਾ ਅਤੇ ਨਵੀਆਂ ਟੋਲੀਆਂ ਵਿੱਚ ਵੰਡਣਾ। ਤੱਥ ਤਾਂ ਇਹ ਹੈ ਕਿ ਜਰਮਨਾਂ ਨੇ ਯੂਰਪ ਵਿੱਚ ਨਵੀਂ ਰੂਹ ਫੂਕ ਦਿੱਤੀ ਸੀ; ਇਸੇ ਲਈ ਜਰਮਨ ਸਮੇਂ ਦੇ ਰਾਜਾਂ ਦੇ ਟੁੱਟਣ ਦਾ ਸਿੱਟਾ ਨਾਰਸ-ਸਾਰਾਸੇਨ ਅਧੀਨਗੀ ਵਿੱਚ ਨਾ ਨਿਕਲਿਆ ਸਗੋ ਸ਼ਾਹੀ benefices ਅਤੇ ਸਰਪਰਸਤੀ commendations[45] ਦੇ ਸਾਮੰਤਸ਼ਾਹੀ ਵਿੱਚ ਵਿਕਸਤ ਹੋਣ ਅਤੇ ਵਸੋਂ ਦੇ ਇੰਨੇ ਅਥਾਹ ਵਾਧੇ ਵਿੱਚ ਨਿਕਲਿਆ ਕਿ ਕੇਵਲ ਦੋ ਸਦੀਆਂ ਪਿੱਛੋਂ ਸਲੀਬੀ ਜੰਗਾਂ ਵਿੱਚ ਜਿਹੜੇ ਖ਼ੂਨ ਦੇ ਦਰਿਆ ਵਗੇ ਉਹ ਸੌਖੇ ਹੀ ਸਹਾਰੇ ਜਾ ਸਕੇ।

ਉਹ ਕਿਹੜੀ ਭੇਤ-ਭਰੀ ਖਿੱਚ ਸੀ ਜਿਸ ਰਾਹੀਂ ਜਰਮਨਾਂ ਨੇ ਮਰ ਰਹੇ ਯੂਰਪ ਵਿੱਚ ਨਵੀਂ ਰੂਹ ਫੂਕੀ ? ਕੀ ਇਹ ਜਰਮਨ ਨਸਲ ਦੀ ਅੰਤ੍ਰੀਵ ਜਾਦੂਈ ਸ਼ਕਤੀ ਹੈ, ਜਿਹਾ ਕਿ ਸਾਡੇ ਅੰਧ-ਰਾਸ਼ਟਰਵਾਦੀ ਇਤਿਹਾਸਕਾਰ ਕਹਿੰਦੇ ਹਨ ? ਉੱਕਾ ਹੀ ਨਹੀਂ। ਨਿਸ਼ਚੇ ਹੀ ਜਰਮਨ ਇੱਕ ਬਹੁਤ ਗੁਣੀ ਆਰਿਆਈ ਕਬੀਲਾ ਸਨ, ਵਿਸ਼ੇਸ਼ ਤੌਰ 'ਤੇ ਉਸ ਸਮੇਂ ਜਦੋਂ ਉਹ ਭਰਪੂਰ ਵਿਕਾਸ ਦੇ ਪੂਰੇ ਅਮਲ ਵਿੱਚ ਸਨ। ਇਹ ਉਹਨਾਂ ਦੇ ਵਿਸ਼ੇਸ਼ ਕੌਮੀ ਗੁਣ ਨਹੀਂ ਸਨ ਜਿਨ੍ਹਾਂ ਯੂਰਪ ਨੂੰ ਸੁਰਜੀਤ ਕੀਤਾ ਸਗੋਂ ਬਸ ਉਹਨਾਂ ਦੀ ਜਹਾਲਤ, ਉਹਨਾਂ ਦੀ ਗੋਤਰੀ ਪ੍ਰਣਾਲੀ ਸੀ ਜਿਸਨੇ ਅਜਿਹਾ ਕੀਤਾ।

ਉਹਨਾਂ ਦੀ ਸੁਯੋਗਤਾ ਅਤੇ ਬਹਾਦਰੀ, ਆਜ਼ਾਦੀ ਲਈ ਉਹਨਾਂ ਦਾ ਪਿਆਰ ਅਤੇ ਜਮਹੂਰੀ ਅੰਤਰ-ਭਾਵਨਾ, ਜਿਹੜੀ ਸਰਵਜਨਕ ਮਾਮਲਿਆਂ ਨੂੰ ਆਪਣੇ ਮਾਮਲੇ

ਸਮਝਦੀ ਸੀ, ਮੁੱਕਦੀ ਗੱਲ, ਉਹ ਸਾਰੀਆਂ ਸਿਫ਼ਤਾਂ ਜਿਹੜੀਆਂ ਰੋਮਨਾਂ ਨੇ ਗਵਾ ਲਈਆਂ ਸਨ ਅਤੇ ਜਿਹੜੀਆਂ ਅਨੰਨ ਤੌਰ 'ਤੇ ਨਵੇਂ ਰਾਜ ਸਥਾਪਤ ਕਰਨ ਅਤੇ ਰੋਮਨ ਦੁਨੀਆਂ ਦੇ ਗੰਦ-ਮੰਦ ਵਿੱਚੋਂ ਨਵੀਆਂ ਕੌਮੀਅਤਾਂ ਉਭਾਰਨ ਦੇ ਯੋਗ ਸਨ—ਇਹ ਉਪਰਲੇ ਪੜਾਅ ਦੇ ਜਾਹਲਾਂ ਦੇ ਲਖਣਾਇਕ ਲੱਛਣਾਂ ਤੋਂ, ਉਹਨਾਂ ਦੀ ਗੋਤਰੀ ਪ੍ਰਣਾਲੀ ਦੇ ਫਲਾਂ ਤੋਂ ਬਿਨਾਂ ਕੀ ਸੀ ?

ਉਹਨਾਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੇ ਪ੍ਰਾਚੀਨ ਰੂਪ ਦੀ ਕਾਇਆ-ਪਲਟ ਕੀਤੀ, ਟੱਬਰ ਵਿੱਚ ਨਰ ਗ਼ਲਬੇ ਨੂੰ ਨਰਮ ਕੀਤਾ ਅਤੇ ਇਸਤਰੀਆਂ ਨੂੰ ਉਸ ਨਾਲ਼ੋਂ ਉਚੇਰਾ ਦਰਜਾ ਦਿੱਤਾ ਜੋ ਕਲਾਸਿਕੀ ਦੁਨੀਆਂ ਦੇ ਕਿਸੇ ਦਰਜੇ ਨਾਲ਼ੋਂ ਉਚੇਰਾ ਸੀ, ਤਾਂ ਜੇ ਉਹਨਾਂ ਦੀ ਜਹਾਲਤ ਨੇ, ਉਹਨਾਂ ਦੇ ਗੋਤਰੀ ਰਿਵਾਜਾਂ ਅਤੇ ਉਹਨਾਂ ਵਿੱਚ ਅਜੇ ਤੱਕ ਮਾਤਰੀ ਹੱਕ ਦੇ ਜਿਉਂਦੇ ਵਿਰਸੇ ਨੇ ਉਹਨਾਂ ਨੂੰ ਇਸ ਯੋਗ ਨਹੀਂ ਬਣਾਇਆ ਤਾਂ ਕਿਸ ਨੇ ਬਣਾਇਆ ?

ਜੇ ਉਹ ਘੱਟੋ ਘੱਟ ਤਿੰਨਾਂ ਸਭ ਤੋਂ ਵੱਧ ਮਹਤੱਵ-ਪੂਰਨ ਦੇਸ਼ਾਂ—ਜਰਮਨੀ, ਉੱਤਰੀ ਫ਼ਰਾਂਸ ਅਤੇ ਇੰਗਲੈਂਡ—ਵਿੱਚ ਇਸ ਯੋਗ ਹੋਏ ਕਿ ਮਾਰਕ ਭਾਈਚਾਰਿਆਂ ਦੇ ਰੂਪ ਵਿੱਚ ਸੱਚੀ ਪ੍ਰਣਾਲੀ ਦੇ ਇੱਕ ਹਿੱਸੇ ਨੂੰ ਕਾਇਮ ਰੱਖਣ ਅਤੇ ਸਾਮੰਤੀ ਰਾਜ ਵਿੱਚ ਲੈ ਜਾਣ ਅਤੇ ਇਉਂ ਪਸਿੱਤੀ ਸ਼੍ਰੇਣੀ, ਕਿਸਾਨਾਂ ਨੂੰ, ਮੱਧ-ਕਾਲੀਨ ਖੇਤ-ਗ਼ੁਲਾਮੀ ਦੀਆਂ ਅਤਿ-ਅੰਤ ਕਰੜੀਆਂ ਪ੍ਰਸਥਿਤੀਆਂ ਅਧੀਨ ਵੀ ਸਥਾਨਕ ਜੁੜਤ ਅਤੇ ਮੁਕਾਬਲਾ ਕਰਨ ਦੇ ਉਹ ਸਾਧਨ ਦੇ ਸਕਣ ਜਿਹੜੇ ਪ੍ਰਾਚੀਨ ਸਮਿਆਂ ਦੇ ਗ਼ੁਲਾਮਾਂ ਜਾਂ ਨਵੀਨ ਪ੍ਰੋਲਤਾਰੀ ਨੂੰ ਤਿਆਰ-ਬਰ-ਤਿਆਰ ਨਾ ਮਿਲ਼ੇ—ਤਾਂ ਜੇ ਇਹ ਉਹਨਾਂ ਦੀ ਜਹਾਲਤ, ਉਹਨਾਂ ਦੇ ਗੋਤਾਂ ਅਨੁਸਾਰ ਵਸੇਬਾ ਅਖ਼ਤਿਆਰ ਕਰਨ ਦੇ ਅਨੰਨ ਜਾਹਲਾਨਾ ਢੰਗ ਕਾਰਨ ਨਹੀਂ ਸੀ ਤਾਂ ਹੋਰ ਕਿਸ ਕਾਰਨ ਸੀ ?

ਅਤੇ ਅੰਤ, ਜੇ ਉਹ ਚਾਕਰੀ ਦਾ ਉਹ ਨਰਮ ਰੂਪ ਵਿਕਸਤ ਕਰਨ ਅਤੇ ਇਹਨੂੰ ਵਿਆਪਕ ਤੌਰ 'ਤੇ ਲਾਗੂ ਕਰਨ ਵਿੱਚ ਸਫ਼ਲ ਹੋਏ, ਜਿਸ ਉੱਤੇ ਉਹ ਆਪਣੇ ਵਤਨ ਵਿੱਚ ਅਮਲ ਕਰਦੇ ਸਨ ਅਤੇ ਜਿਸਨੇ ਸਦਾ ਵਧੇਰੇ ਰੋਮਨ ਸਲਤਨਤ ਵਿੱਚ ਗ਼ੁਲਾਮੀ ਦੀ ਥਾਂ ਲੈ ਲਈ—ਇੱਕ ਅਜਿਹਾ ਰੂਪ ਜਿਹੜਾ, ਜਿਹਾ ਕਿ ਫ਼ੋਰੀਅਰ ਨੇ ਸਭ ਤੋਂ ਪਹਿਲਾਂ ਜ਼ੋਰ ਦਿੱਤਾ, ਪਸਿੱਤਿਆਂ ਨੂੰ ਇੱਕ **ਸ਼੍ਰੇਣੀ ਦੇ ਤੌਰ** 'ਤੇ ਹੌਲ਼ੀ ਹੌਲ਼ੀ ਆਜ਼ਾਦ ਹੋਣ ਦੇ ਸਾਧਨ ਦੇਂਦਾ ਹੈ (fournit aux cultivateurs des moyens díaffranchissement collectif et progressif) ਅਤੇ ਇਸੇ ਲਈ ਗ਼ੁਲਾਮੀ ਤੋਂ ਉਹ ਬਹੁਤ ਉਤਮ ਹੈ, ਜਿਹੜੀ ਕਿਸੇ ਵਿਚਕਾਰਲੇ ਪੜਾਅ ਤੋਂ ਬਿਨਾਂ ਵਿਕੋਲਤ੍ਰੇ ਗ਼ੁਲਾਮਾਂ ਦੀ ਆਜ਼ਾਦੀ ਦਾ ਹੀ ਪ੍ਰਬੰਧ ਕਰਦੀ ਹੈ (ਪ੍ਰਾਚੀਨ ਸਮੇਂ ਵਿੱਚ ਕਿਸੇ ਜੇਤੂ ਬਗ਼ਾਵਤ ਰਾਹੀਂ ਗ਼ੁਲਾਮੀ ਦੇ ਅੰਤ ਦੀ ਕੋਈ ਮਿਸਾਲ ਨਹੀਂ ਮਿਲਦੀ), ਜਿਥੇ ਕਿ ਮੱਧ-ਕਾਲ ਦੇ ਖ਼ੇਤ-ਗੁਲਾਮਾਂ ਨੇ ਇੱਕ ਸ਼੍ਰੇਣੀ ਵਜੋਂ ਹੌਲ਼ੀ ਹੌਲ਼ੀ ਆਪਣੀ ਆਜ਼ਾਦੀ ਪ੍ਰਾਪਤ ਕੀਤੀ—ਜੇ ਇਸ ਦਾ ਕਾਰਨ ਉਹਨਾਂ ਦੀ ਜਹਾਲਤ ਨਹੀਂ ਸੀ, ਜਿਸ ਸਦਕਾ ਉਹ ਅਜੇ ਪ੍ਰਾਚੀਨ ਕਿਰਤ ਗ਼ੁਲਾਮੀ ਜਾਂ ਪੂਰਬੀ ਘਰੋਗੀ ਗ਼ੁਲਾਮੀ, ਦੋਹਾਂ ਵਿੱਚੋਂ ਕਿਸੇ ਵੀ ਰੂਪ ਵਿੱਚ ਪੂਰਨ ਗ਼ੁਲਾਮੀ ਤੱਕ ਨਹੀਂ ਸਨ ਅੱਪੜੇ ਤਾਂ ਇਹਦਾ ਕਾਰਨ ਹੋਰ ਕੀ ਸੀ ?

ਜਰਮਨਾਂ ਨੇ ਰੋਮਨ ਜਗਤ ਵਿੱਚ ਜੋ ਕੁੱਝ ਜੀਵੀ ਅਤੇ ਜੀਵਨ-ਦਾਤਾ ਦਾਖ਼ਲ ਕੀਤਾ ਉਹ ਜਹਾਲਤ ਸੀ। ਤੱਥ ਤਾਂ ਇਹ ਹੈ ਕਿ ਇੱਕ ਮਰ ਰਹੀ ਸੱਭਿਅਤਾ ਦੀ ਮੌਤ ਦੀਆਂ ਪੀੜਾਂ ਵਿੱਚ ਤੜਪ ਰਹੀ ਦੁਨੀਆਂ ਨੂੰ ਕੇਵਲ ਜਾਹਲ ਲੋਕ ਹੀ ਸੁਰਜੀਤ ਕਰਨ ਯੋਗ ਹਨ। ਅਤੇ ਜਹਾਲਤ ਦਾ ਸਰਵਉੱਚ ਪੜਾਅ, ਜਿਸ ਤੱਕ ਅਤੇ ਜਿਸ ਵਿੱਚ ਜਰਮਨਾਂ ਨੇ ਜਨ-ਸਮੂਹਾਂ ਦੇ ਪਰਵਾਸ ਤੋਂ ਪਹਿਲਾਂ ਆਪਣਾ ਰਾਹ ਉੱਪਰ ਵੱਲ ਬਣਾਇਆ, ਇਸ ਅਮਲ ਲਈ ਐਨ ਸੁਖਾਵਾਂ ਸੀ। ਇਸ ਤੋਂ ਸਭ ਕੁੱਝ ਦੀ ਵਿਆਖਿਆ ਹੁੰਦੀ ਹੈ।

# IX

# ਜਹਾਲਤ ਅਤੇ ਸੱਭਿਅਤਾ

ਅਸੀਂ ਤਿੰਨ ਮਹਾਨ ਵੱਖ ਵੱਖ ਉਦਾਹਰਣਾਂ, ਯੂਨਾਨੀ, ਰੋਮਨ ਅਤੇ ਜਰਮਨ ਰਾਹੀਂ, ਗੋਤਰੀ ਪ੍ਰਬੰਧ ਦਾ ਅੰਤ ਵੇਖਿਆ ਹੈ। ਅੰਤ ਵਿੱਚ ਅਸੀਂ ਉਹਨਾਂ ਆਮ ਆਰਥਕ ਪ੍ਰਸਥਿਤੀਆਂ ਦੀ ਖੋਜ ਕਰਾਂਗੇ ਜਿਨ੍ਹਾਂ ਨੇ ਹੀ ਜਹਾਲਤ ਦੇ ਉਪਰਲੇ ਪੜਾਅ ਵਿੱਚ ਸਮਾਜ ਵਿੱਚ ਗੋਤਰੀ ਜਥੇਬੰਦੀ ਦੀਆਂ ਜੜ੍ਹਾਂ ਪੋਲੀਆਂ ਕਰ ਦਿੱਤੀਆਂ ਸਨ ਅਤੇ ਸੱਭਿਅਤਾ ਦੀ ਆਮਦ ਨਾਲ਼ ਉਹਨੂੰ ਉੱਕਾ ਹੀ ਖ਼ਤਮ ਕਰ ਦਿੱਤਾ ਸੀ। ਇਸ ਲਈ ਮਾਰਕਸ ਦਾ "ਸਰਮਾਇਆ" ਵੀ ਇੰਨਾ ਹੀ ਲੋੜੀਂਦਾ ਹੋਵੇਗਾ ਜਿੰਨੀ ਮਾਰਗਨ ਦੀ ਪੁਸਤਕ।

ਵਹਿਸ਼ਤ ਦੇ ਦਰਮਿਆਨੇ ਪੜਾਅ ਵਿਚੋਂ ਪੈਦਾ ਹੋ ਕੇ ਅਤੇ ਉੱਪਰਲੇ ਪੜਾਅ ਵਿੱਚ ਹੋਰ ਵਿਕਸਤ ਹੋ ਕੇ, ਜਿਥੋਂ ਤੱਕ ਸਾਡੇ ਸੋਮੇ ਸਾਨੂੰ ਨਿਰਣਾ ਕਰਨ ਜੋਗਾ ਬਣਾਉਂਦੇ ਹਨ, ਗੋਤ ਜਹਾਲਤ ਦੇ ਹੇਠਲੇ ਪੜਾਅ ਵਿੱਚ ਆਪਣੀ ਸਿਖਰ 'ਤੇ ਅੱਪੜਿਆ। ਸੋ, ਅਸੀਂ ਆਪਣੀ ਖੋਜ ਇਸੇ ਪੜਾਅ ਤੋਂ ਸ਼ੁਰ ਕਰਾਂਗੇ।

ਇਸ ਪੜਾਅ ਉੱਤੇ, ਜਿਸ ਲਈ ਇਹ ਲਾਜ਼ਮੀ ਹੈ ਕਿ ਅਮਰੀਕੀ ਇੰਡੀਅਨ ਸਾਡੇ ਲਈ ਉਦਾਹਰਣ ਬਣਨ, ਅਸੀਂ ਗੋਤਰੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਵਿਕਸਤ ਵੇਖਦੇ ਹਾਂ। ਕਬੀਲੇ ਨੂੰ ਕਈ, ਵਧੇਰੇ ਹਾਲਤਾਂ ਵਿੱਚ, ਦੋ ਗੋਤਾਂ ਵਿੱਚ ਵੰਡਿਆ ਹੁੰਦਾ ਸੀ; ਵਸੋਂ ਦੇ ਵਾਧੇ ਨਾਲ਼ ਇਹ ਗੋਤ ਕਈ ਧੀ ਗੋਤਾਂ ਵਿੱਚ ਵੰਡੇ ਗਏ, ਜਿਨ੍ਹਾਂ ਦੇ ਸਬੰਧ ਵਿੱਚ ਮਾਂ ਗੋਤ ਬਰਾਦਰੀ ਦੇ ਰੂਪ ਵਿੱਚ ਸਾਹਮਣੇ ਆਇਆ, ਕਬੀਲਾ ਫਟ ਕੇ ਕਈ ਕਬੀਲੇ ਬਣ ਗਿਆ ਅਤੇ ਵਧੇਰੇ ਹਾਲਤਾਂ ਵਿੱਚ, ਉਹਨਾਂ ਵਿੱਚੋਂ ਸਾਰਿਆਂ ਵਿੱਚ ਅਸੀਂ ਪੁਰਾਣੇ ਗੋਤ ਵੇਖਦੇ ਹਾਂ। ਘੱਟੋ ਘੱਟ ਕੁੱਝ ਹਾਲਤਾਂ ਵਿੱਚ, ਇੱਕ ਸੰਘ ਸਾਕੇਦਾਰ ਕਬੀਲਿਆਂ ਨੂੰ ਇੱਕ-ਮੁੱਠ ਕਰਦਾ ਸੀ। ਇਹ ਸਾਦਾ ਜਥੇਬੰਦੀ ਉਹਨਾਂ ਸਮਾਜੀ ਪ੍ਰਸਥਿਤੀਆਂ ਲਈ ਪੂਰੀ ਤਰ੍ਹਾਂ ਕਾਫ਼ੀ ਸੀ ਜਿਨ੍ਹਾਂ ਵਿੱਚੋਂ ਇਹ ਉੱਭਰੀ ਸੀ। ਇਹ ਅਨੋਖੀਆਂ ਸੁਭਾਵਕ ਟੋਲੀਆਂ ਬਣਨ ਤੋਂ ਬਿਨਾਂ ਕੁੱਝ ਨਹੀਂ ਸੀ, ਜਿਹੜੀ ਇਹਨਾਂ ਲੀਹਾਂ ਉੱਤੇ ਜਥੇਬੰਦ ਸਮਾਜ ਵਿੱਚ ਪੈਦਾ ਹੋਣ ਵਾਲ਼ੀਆਂ ਸਭਨਾਂ ਸੰਭਵ ਅੰਦਰੂਨੀ ਟੱਕਰਾਂ ਦਾ ਹੱਲ ਕਰ ਸਕਦੀ ਸੀ। ਬਾਹਰਲੇ ਦੇ ਖੇਤਰ ਵਿੱਚ ਟੱਕਰਾਂ ਦਾ ਹੱਲ ਯੁੱਧ ਰਾਹੀਂ ਹੁੰਦਾ ਸੀ, ਜਿਨ੍ਹਾਂ ਦਾ ਸਿੱਟਾ ਇੱਕ ਕਬੀਲੇ ਦਾ ਮੁਕੰਮਲ ਅੰਤ ਤਾਂ ਹੋ ਸਕਦਾ ਸੀ ਪਰ

ਅਧੀਨਗੀ ਨਹੀਂ ਸੀ ਹੋ ਸਕਦਾ। ਗੋਤਰੀ ਪ੍ਰਬੰਧ ਦੀ ਸ਼ਾਨ ਅਤੇ ਸੀਮਾ ਇਸ ਗੱਲ ਵਿੱਚ ਸੀ ਕਿ ਇਹਨੇ ਹਾਕਮਾਂ ਅਤੇ ਮਹਿਕੂਮਾਂ ਲਈ ਕੋਈ ਥਾਂ ਨਾ ਲੱਭੀ। ਅੰਦਰੂਨੀ ਖੇਤਰ ਵਿੱਚ ਹੱਕਾਂ ਅਤੇ ਫ਼ਰਜ਼ਾਂ ਵਿਚਕਾਰ ਅਜੇ ਕੋਈ ਫ਼ਰਕ ਨਹੀਂ ਸੀ; ਇਹ ਪ੍ਰਸ਼ਨ ਕਿ ਸਰਵਜਨਕ ਮਾਮਲਿਆਂ ਵਿੱਚ ਸ਼ਮਲੀ, ਕਸਾਸ ਜਾਂ ਨੁਕਸਾਨ ਦੀ ਪੂਰਤੀ ਹੱਕ ਸੀ ਜਾਂ ਫ਼ਰਜ਼ ਕਦੀ ਇੰਡੀਅਨ ਦੇ ਸਾਹਮਣੇ ਨਹੀਂ ਸੀ ਉੱਠਿਆ; ਇਹ ਉਹਨੂੰ ਉਸੇ ਤਰ੍ਹਾਂ ਵਾਹੀਆਤ ਜਾਪਦਾ ਜਿਵੇਂ ਇਹ ਪ੍ਰਸ਼ਨ ਕਿ ਖਾਣਾ, ਸੌਣਾ ਜਾਂ ਸ਼ਿਕਾਰ ਖੇਡਣਾ ਫ਼ਰਜ਼ ਹੈ ਜਾਂ ਹੱਕ। ਨਾ ਹੀ ਕੋਈ ਕਬੀਲਾ ਜਾਂ ਗੋਤ ਵੱਖ ਵੱਖ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਸੀ। ਇਹ ਸਾਨੂੰ ਇਹਨਾਂ ਪ੍ਰਸਥਿਤੀਆਂ ਦੇ ਆਰਥਕ ਆਧਾਰ ਦੀ ਖੋਜ ਵੱਲ ਲੈ ਜਾਂਦਾ ਹੈ।

ਵਸੋਂ ਬਹੁਤ ਛਦਰੀ ਸੀ। ਇਹ ਕੇਵਲ ਕਬੀਲੇ ਦੇ ਵਸੇਬੇ ਦੇ ਇਲਾਕੇ ਵਿੱਚ ਹੀ ਸੰਘਣੀ ਸੀ, ਜਿਸਦੇ ਦੁਆਲ਼ੇ ਉਹਦਾ ਸ਼ਿਕਾਰ ਦਾ ਮੈਦਾਨ ਸੀ ਅਤੇ ਉਸ ਤੋਂ ਪਰ੍ਹੇ ਨਿਰਪੱਖ ਰੱਖਿਅਕ ਜੰਗਲ ਸੀ ਜਿਹੜਾ ਇਹਨੂੰ ਹੋਰਨਾਂ ਕਬੀਲਿਆਂ ਤੋਂ ਵੱਖ ਕਰਦਾ। ਕਿਰਤ ਦੀ ਵੰਡ ਨਿਰੋਲ ਅਤੇ ਸਾਦੀ ਕੁਦਰਤ ਤੋਂ ਉਪਜੀ ਸੀ; ਇਹਦੀ ਕੇਵਲ ਦੋ ਸੈਕਸਾਂ ਵਿਚਕਾਰ ਹੀ ਹੋਂਦ ਸੀ। ਮਰਦ ਯੁੱਧ ਕਰਦੇ, ਸ਼ਿਕਾਰ ਕਰਦੇ, ਮੱਛੀਆਂ ਫੜਦੇ ਅਤੇ ਖ਼ੁਰਾਕ ਲਈ ਕੱਚੇ ਪਦਾਰਥ ਅਤੇ ਇਹਨਾਂ ਕੰਮਾਂ ਲਈ ਲੋੜੀਂਦੇ ਸੰਦ ਪ੍ਰਾਪਤ ਕਰਦੇ। ਇਸਤਰੀਆਂ ਘਰ ਦਾ ਧਿਆਨ ਰੱਖਦੀਆਂ, ਖਾਣਾ ਅਤੇ ਕੱਪੜੇ ਬਣਾਉਂਦੀਆਂ; ਉਹ ਰਿੰਨ੍ਹਦੀਆਂ ਪਕਾਉਂਦੀਆਂ, ਕੱਪੜਾ ਉਣਦੀਆਂ ਅਤੇ ਕੱਪੜੇ ਸਿਉਂਦੀਆਂ। ਹਰ ਇੱਕ ਆਪਣੀ ਕਿਰਤ ਦੇ ਖੇਤਰ ਵਿੱਚ ਮਾਲਕ ਸੀ; ਮਰਦ ਜੰਗਲਾਂ ਵਿੱਚ ਅਤੇ ਇਸਤਰੀ ਘਰ ਵਿੱਚ। ਦੋਵੇਂ ਆਪੋ ਆਪਣੇ ਸੰਦਾਂ ਦੇ ਮਾਲਕ ਸਨ, ਜਿਹੜੇ ਉਹ ਆਪ ਤਿਆਰ ਕਰਦੇ: ਮਰਦ ਹਥਿਆਰਾਂ ਅਤੇ ਸ਼ਿਕਾਰ ਅਤੇ ਮੱਛੀਆਂ ਫੜਨ ਦੇ ਸਾਮਾਨ ਦੇ, ਇਸਤਰੀਆਂ ਘਰ ਦੇ ਸਾਮਾਨ ਅਤੇ ਭਾਂਡਿਆਂ ਦੀਆਂ। ਪਰਿਵਾਰ ਕਮਿਊਨਿਸਟ ਕਿਸਮ ਦੀ ਸੀ, ਜਿਸ ਵਿੱਚ ਕਈ ਅਤੇ ਅਕਸਰ, ਅਨੇਕ ਟੱਬਰ ਰਹਿੰਦੇ ਸਨ।* ਜੋ ਕੁੱਝ ਸਾਂਝੇ ਤੌਰ 'ਤੇ ਤਿਆਰ ਕੀਤਾ ਅਤੇ ਵਰਤਿਆ ਜਾਂਦਾ ਸੀ, ਉਹ ਸਾਂਝੀ ਮਾਲਕੀ ਸੀ: ਮਕਾਨ, ਬਾਗ਼, ਲੰਮੀ ਕਿਸ਼ਤੀ। ਇਥੇ ਅਤੇ ਕੇਵਲ ਇਥੇ ਹੀ ਅਸੀਂ "ਕਮਾਈ ਹੋਈ ਜਾਇਦਾਦ" ਵੇਖਦੇ ਹਾਂ, ਜਿਸਨੂੰ ਕਾਨੂੰਨਦਾਨ ਅਤੇ ਅਰਥ-ਵਿਗਿਆਨੀ ਸਭਿਅ ਸਮਾਜ ਦੇ ਪੇਟੇ ਪਾਉਂਦੇ ਹਨ—ਇਹ ਅਖ਼ੀਰੀ ਝੂਠਾ ਕਾਨੂੰਨੀ ਆਧਾਰ ਹੈ ਜਿਸ ਉੱਤੇ ਨਵੀਨ ਸਰਮਾਏਦਾਰ ਜਾਇਦਾਦ ਆਧਾਰਤ ਹੈ।

ਪਰ ਹਰ ਥਾਂ ਮਨੁੱਖ ਇਸ ਪੜਾਅ ਉੱਤੇ ਨਾ ਰਿਹਾ। ਏਸ਼ੀਆ ਵਿੱਚ ਉਹਨੂੰ ਅਜਿਹੇ ਜਾਨਵਰ ਲੱਭੇ ਜਿਹੜੇ ਪਾਲਤੂ ਬਣਾਏ ਜਾ ਸਕਦੇ ਸਨ ਅਤੇ ਜਿਨ੍ਹਾਂ ਦੀ ਨਸਲ ਗ਼ੈਰ-ਆਜ਼ਾਦ ਹਾਲਤ ਵਿੱਚ ਵਧਾਈ ਜਾ ਸਕਦੀ ਸੀ। ਜੰਗਲੀ ਮੱਝ ਦਾ ਸ਼ਿਕਾਰ ਕਰਨਾ ਪੈਂਦਾ ਸੀ; ਪਰ ਪਾਲਤੂ ਮੱਝ ਹਰ ਵਰ੍ਹੇ ਇੱਕ ਕੱਟਾ ਸੂੰਦੀ ਸੀ ਅਤੇ ਦੁੱਧ ਵੀ ਦੇਂਦੀ ਸੀ। ਕੁੱਝ ਸਭ ਤੋਂ

* ਵਿਸ਼ੇਸ਼ ਤੌਰ 'ਤੇ ਅਮਰੀਕਾ ਦੇ ਉੱਤਰ-ਪੱਛਮੀ ਤੱਟ ਉੱਤੇ; ਵੇਖੋ ਬੈਨਕਰਾਫ਼ਟ। ਕੁਈਨ ਸ਼ਾਰਲੋਟ ਟਾਪੂ ਦੇ ਹਾਇਦਾ ਕਬੀਲੇ ਵਿੱਚ 700 ਤੱਕ ਕਬਾਇਲੀ ਇੱਕੋ ਛੱਤ ਹੇਠ ਰਹਿੰਦੇ। ਨੂਤਕਾ ਕਬੀਲੇ ਵਿੱਚ ਪੂਰੇ ਦੇ ਪੂਰੇ ਕਬੀਲੇ ਇੱਕ ਛੱਤ ਹੇਠ ਰਹਿੰਦੇ।

ਵੱਧ ਉੱਨਤ ਕਬੀਲਿਆਂ—ਆਰੀਆਂ, ਸਾਮੀਆਂ ਅਤੇ ਸ਼ਾਇਦ ਤੂਰਾਨੀਆਂ ਨੇ ਵੀ—ਜਾਨਵਰਾਂ ਨੂੰ ਪਾਲਤੂ ਬਣਾਉਣ ਅਤੇ ਉਸ ਤੋਂ ਪਿੱਛੋਂ ਉਹਨਾਂ ਦੀ ਨਸਲ ਵਧਾਉਣ ਅਤੇ ਧਿਆਨ ਰੱਖਣ ਨੂੰ ਆਪਣਾ ਮੁੱਖ ਕਿੱਤਾ ਬਣਾ ਲਿਆ। ਪਸ਼ੂ-ਪਾਲ ਕਬੀਲਿਆਂ ਨੇ ਆਪਣੇ ਆਪ ਨੂੰ ਜਾਹਲਾਂ ਦੇ ਮੁੱਖ ਸਮੂਹ ਨਾਲ਼ੋਂ ਨਖੇੜ ਲਿਆ: **ਕਿਰਤ ਦੀ ਪਹਿਲੀ ਮਹਾਨ ਸਮਾਜੀ ਵੰਡ।** ਇਹ ਪਸ਼ੂ-ਪਾਲ ਕਬੀਲੇ ਬਾਕੀ ਦੇ ਜਾਹਲਾਂ ਨਾਲ਼ੋਂ ਨਾ ਕੇਵਲ ਵਧੇਰੇ ਖ਼ੁਰਾਕੀ ਪਦਾਰਥ ਪੈਦਾ ਕਰਦੇ ਸਗੋਂ ਉਹਨਾਂ ਦੀ ਵਧੇਰੇ ਵੰਨ-ਸੁਵੰਨਤਾ ਵੀ ਪੈਦਾ ਕਰਦੇ। ਉਹਨਾਂ ਕੋਲ਼ ਨਾ ਕੇਵਲ ਦੁੱਧ, ਦੁੱਧ ਦੀਆਂ ਬਣੀਆਂ ਵਸਤਾਂ ਅਤੇ ਮਾਸ ਹੋਰਨਾਂ ਨਾਲ਼ੋਂ ਵਧੇਰੇ ਬਹੁਲਤਾ ਵਿੱਚ ਸੀ ਸਗੋਂ ਉਹਨਾਂ ਕੋਲ਼ ਖੱਲਾਂ, ਉੱਨ, ਬੱਕਰੀ ਦੇ ਵਾਲ਼ ਅਤੇ ਕੱਤੇ ਅਤੇ ਉਣੇ ਹੋਏ ਕਪੜੇ ਵੀ ਸਨ, ਜਿਨ੍ਹਾਂ ਨੂੰ ਕੱਚੇ ਮਾਲ ਦੀਆਂ ਵੱਧ ਰਹੀਆਂ ਮਾਤਰਾਵਾਂ ਵਧੇਰੇ ਆਮ ਵਰਤੋਂ ਵਿੱਚ ਲਿਆਉਂਦੀਆਂ। ਇਹਨੇ ਪਹਿਲੀ ਵਾਰ ਨੇਮ-ਬੱਧ ਵਟਾਂਦਰਾ ਸੰਭਵ ਬਣਾ ਦਿੱਤਾ। ਇਸ ਤੋਂ ਪਹਿਲੇ ਪੜਾਵਾਂ ਵਿੱਚ ਵਟਾਂਦਰਾ ਕਦੀ ਕਦਾਈਂ ਹੀ ਹੋ ਸਕਦਾ ਸੀ; ਹੋ ਸਕਦਾ ਹੈ ਕਿ ਹਥਿਆਰ ਅਤੇ ਸੰਦ ਬਣਾਉਣ ਦੀ ਅਸਾਧਾਰਨ ਯੋਗਤਾ ਦਾ ਸਿੱਟਾ ਕਿਰਤ ਦੀ ਆਰਜ਼ੀ ਵੰਡ ਹੋਇਆ ਹੋਵੇ। ਸੋ, ਨਵ-ਪੱਥਰ ਯੁੱਗ ਦੇ ਪੱਥਰ ਦੇ ਹਥਿਆਰਾਂ ਦੀਆਂ ਅਵਿਵਾਦੀ ਵਰਕਸ਼ਾਪਾਂ ਕਈ ਥਾਈਂ ਲੱਭੀਆਂ ਹਨ, ਜਿਹੜੇ ਕਾਰੀਗਰ ਇਹਨਾਂ ਵਰਕਸ਼ਾਪਾਂ ਵਿੱਚ ਆਪਣੀ ਯੋਗਤਾ ਵਿਕਸਤ ਕਰਦੇ ਐਨ ਸੰਭਵ ਹੈ ਕਿ ਉਹ ਭਾਈਚਾਰੇ ਲਈ ਕੰਮ ਕਰਦੇ, ਜਿਵੇਂ ਇੰਡੀਅਨ ਗੋਤਰੀ ਭਾਈਚਾਰਿਆਂ ਦੇ ਸਥਾਈ ਦਸਤਕਾਰ ਅੱਜ ਵੀ ਕਰਦੇ ਹਨ। ਕੁੱਝ ਵੀ ਹੋਵੇ, ਇਸ ਪੜਾਅ ਉੱਤੇ ਕਬੀਲੇ ਦੇ ਅੰਦਰ ਵਟਾਂਦਰੇ ਤੋਂ ਬਿਨਾਂ ਹੋਰ ਕੋਈ ਵਟਾਂਦਰਾ ਹੋ ਵੀ ਨਹੀਂ ਸੀ ਸਕਦਾ ਅਤੇ ਉਹ ਵੀ ਇੱਕ ਛੋਟ ਸੀ। ਪਰ ਪਸ਼ੂ-ਪਾਲ ਕਬੀਲਿਆਂ ਦੇ ਨਿੱਖਰ ਜਾਣ ਤੋਂ ਪਿੱਛੋਂ ਅਸੀਂ ਵੱਖ ਵੱਖ ਕਬੀਲਿਆਂ ਵਿਚਕਾਰ ਵਟਾਂਦਰੇ ਲਈ ਅਤੇ ਇਹਦੇ ਹੋਰ ਵਿਕਾਸ ਅਤੇ ਇੱਕ ਨੇਮ-ਬੱਧ ਸੰਸਥਾ ਵਜੋਂ ਪੱਕੇ ਹੋਣ ਲਈ ਕੁੱਲ ਸੁਖਾਵੀਆਂ ਪ੍ਰਸਥਿਤੀਆਂ ਵੇਖਦੇ ਹਾਂ। ਮੁੱਢ ਵਿੱਚ ਆਪਣੇ ਗੋਤਰੀ ਮੁਖੀਆਂ ਰਾਹੀਂ ਕਬੀਲਾ ਕਬੀਲੇ ਨਾਲ਼ ਵਟਾਂਦਰਾ ਕਰਦਾ। ਪਰ ਜਦੋਂ ਇੱਜੜ ਵੱਖਰੀ ਜਾਇਦਾਦ ਵਿੱਚ ਤਬਦੀਲ ਕਰਨੇ ਸ਼ੁਰੂ ਕਰ ਦਿੱਤੇ ਗਏ ਤਾਂ ਵਿਅਕਤੀਆਂ ਵਿਚਕਾਰ ਵਟਾਂਦਰਾ ਸਦਾ ਵਧੇਰੇ ਪ੍ਰਬਲ ਹੋਣਾ ਸ਼ੁਰੂ ਹੋ ਗਿਆ, ਇਥੋਂ ਤੱਕ ਕਿ ਅੰਤ ਵਿੱਚ ਇਹ ਇੱਕੋ ਰੂਪ ਬਣ ਗਿਆ। ਮੁੱਖ ਵਸਤ ਜਿਹੜੀ ਪਸ਼ੂ-ਪਾਲ ਕਬੀਲੇ ਆਪਣੇ ਗਵਾਂਢੀਆਂ ਨੂੰ ਤਬਾਦਲੇ ਲਈ ਪੇਸ਼ ਕਰਦੇ ਉਹ ਪਸ਼ੂ ਸਨ; ਪਸ਼ੂ ਉਹ ਜਿਣਸ ਬਣ ਗਏ ਜਿਸ ਨਾਲ਼ ਹੋਰਨਾਂ ਸਭਨਾਂ ਜਿਣਸਾਂ ਨੂੰ ਹਾੜਿਆ ਜਾਂਦਾ ਸੀ ਅਤੇ ਇਹ ਹਰ ਥਾਂ ਹੋਰ ਜਿਣਸਾਂ ਦੇ ਤਬਾਦਲੇ ਵਿੱਚ ਕਬੂਲ ਕੀਤੇ ਗਏ—ਮੁੱਕਦੀ ਗੱਲ, ਪਸ਼ੂਆਂ ਨੇ ਮੁਦਰਾ ਦੇ ਕਾਰਜ ਸਾਂਭ ਲਏ ਅਤੇ ਇਸ ਪੜਾਅ ਉੱਤੇ ਹੀ ਉਹਨਾਂ ਮੁਦਰਾ ਦਾ ਕੰਮ ਕੀਤਾ। ਅਜਿਹੀ ਸੀ ਲੋੜ ਅਤੇ ਤੇਜ਼ੀ ਜਿਸ ਨਾਲ਼ ਇਸ ਵਟਾਂਦਰੇ ਦੇ ਐਨ ਮੁੱਢ ਵਿੱਚ ਹੀ ਇੱਕ ਮੁਦਰਾ ਜਿਣਸ ਲਈ ਲੋੜ ਪੈਦਾ ਹੋਈ।

ਬਾਗ਼ਬਾਨੀ, ਜਿਸ ਤੋਂ ਸ਼ਾਇਦ ਹੇਠਲੇ ਪੜਾਅ ਦੇ ਏਸ਼ੀਆਈ ਜਾਹਲ ਅਨਜਾਣ ਸਨ, ਉਹਨਾਂ ਵਿੱਚੋਂ ਵੱਧ ਤੋਂ ਵੱਧ, ਦਰਮਿਆਨੇ ਪੜਾਅ ਵਿੱਚ, ਖੇਤੀ ਦੇ ਅਗਵਾਣੂ ਵਜੋਂ,

ਹੋਂਦ ਵਿੱਚ ਆਈ। ਤੂਰਾਨੀ ਮੈਦਾਨਾਂ ਦਾ ਜਲ ਵਾਯੂ ਲੰਮੇ ਅਤੇ ਕਰੜੇ ਸਿਆਲ ਲਈ ਚਾਰੇ ਦੀ ਪ੍ਰਾਪਤੀ ਤੋਂ ਬਿਨਾਂ ਪਸ਼ੂ-ਪਾਲ ਜੀਵਨ ਦੀ ਆਗਿਆ ਨਹੀਂ ਸੀ ਦੇਂਦਾ। ਸੋ, ਜੂਹਾਂ ਅਤੇ ਅਨਾਜ ਦੀ ਵਾਹੀ-ਖੇਤੀ ਵਿਗੋਚੇ ਵਾਲ਼ੀ ਗੱਲ ਬਣ ਗਈ। ਇਹੋ ਗੱਲ ਕਾਲ਼ੇ ਸਾਗਰ ਤੋਂ ਉੱਪਰਲੇ ਸਟੈਪ ਦੇ ਮੈਦਾਨਾਂ ਲਈ ਵੀ ਠੀਕ ਹੈ। ਜਦੋਂ ਇੱਕ ਵਾਰ ਅਨਾਜ ਪਸ਼ੂਆਂ ਲਈ ਉਗਾਇਆ ਗਿਆ, ਇਹ ਛੇਤੀ ਹੀ ਮਨੁੱਖੀ ਖ਼ੁਰਾਕ ਬਣ ਗਿਆ। ਵਾਹੀ-ਹੇਠਲੀ ਭੋਂ ਅਜੇ ਵੀ ਕਬੀਲੇ ਦੀ ਹੀ ਜਾਇਦਾਦ ਰਹੀ ਅਤੇ ਪਹਿਲਾਂ ਗੋਤ ਨੂੰ ਦਿੱਤੀ ਜਾਂਦੀ, ਜਿਹੜਾ, ਪਿੱਛੋਂ ਪਰਿਵਾਰਕ ਭਾਈਚਾਰਿਆਂ ਨੂੰ ਉਹਨਾਂ ਦੀ ਵਰਤੋਂ ਲਈ ਅਤੇ ਅੰਤ ਵਿਅਕਤੀਆਂ ਨੂੰ ਦੇਂਦਾ; ਹੋ ਸਕਦਾ ਹੈ ਉਹਨਾਂ ਨੂੰ ਕਬਜ਼ੇ ਦੇ ਕੁੱਝ ਹੱਕ ਹੋਣ, ਪਰ ਇਸ ਤੋਂ ਵੱਧ ਕੁੱਝ ਨਹੀਂ ਸੀ।

ਇਸ ਪੜਾਅ ਦੀਆਂ ਸਨਅਤੀ ਪ੍ਰਾਪਤੀਆਂ ਵਿੱਚੋਂ ਦੋ ਮਹੱਤਵ-ਪੂਰਨ ਹਨ। ਪਹਿਲੀ ਉਣਨ ਵਾਲ਼ੀ ਖੱਡੀ ਹੈ ਅਤੇ ਦੂਜੀ, ਖਣਿਜ ਧਾਤਾਂ ਨੂੰ ਗਾਲਣਾ ਅਤੇ ਧਾਤਾਂ ਦਾ ਕੰਮ। ਤਾਂਬਾ, ਕਲੀ ਅਤੇ ਉਹਨਾਂ ਦੀ ਭਰਤ ਕਾਂਸੀ ਸਭ ਤੋਂ ਮਹੱਤਵ-ਪੂਰਨ ਸਨ; ਕਾਂਸੀ ਨੇ ਕਾਰਵੰਦੇ ਸੰਦ ਅਤੇ ਹਥਿਆਰ ਦਿੱਤੇ ਪਰ ਉਹ ਪੱਥਰ ਦੇ ਹਥਿਆਰਾਂ ਦੀ ਥਾਂ ਪੂਰੀ ਤਰ੍ਹਾਂ ਨਾ ਲੈ ਸਕੇ। ਕੇਵਲ ਲੋਹਾ ਅਜਿਹਾ ਕਰ ਸਕਦਾ ਸੀ ਪਰ ਅਜੇ ਇਹਦੀ ਵਰਤੋਂ ਦਾ ਗਿਆਨ ਨਹੀਂ ਸੀ। ਸੋਨਾ ਅਤੇ ਚਾਂਦੀ ਗਹਿਣਿਆਂ ਦੇ ਤੌਰ 'ਤੇ ਅਤੇ ਸਜਾਵਟ ਲਈ ਵਰਤੇ ਜਾਣ ਲੱਗ ਪਏ ਅਤੇ ਉਸ ਸਮੇਂ ਹੀ ਉਹਨਾਂ ਦਾ ਮੁੱਲ ਤਾਂਬੇ ਅਤੇ ਕਾਂਸੀ ਨਾਲ਼ੋਂ ਕਿਤੇ ਵਧੇਰੇ ਹੋਣਾ ਹੈ।

ਸਭਨਾਂ ਸ਼ਾਖਾਂ—ਪਸ਼ੂ-ਪਾਲਣ, ਖੇਤੀ, ਘਰੇਲੂ ਦਸਤਕਾਰੀਆਂ—ਵਿੱਚ ਉਤਪਾਦਨ ਦੇ ਵਾਧੇ ਨੇ ਮਨੁੱਖੀ ਕਿਰਤ ਸ਼ਕਤੀ ਨੂੰ ਉਸ ਨਾਲ਼ੋਂ ਕਿਤੇ ਵੱਧ ਉਪਜ ਕਰਨ ਦੇ ਯੋਗ ਬਣਾਇਆ ਜਿੰਨਾਂ ਇਹਦੇ ਨਿਰਬਾਹ ਲਈ ਲਾਜ਼ਮੀ ਸੀ। ਇਹਦੇ ਨਾਲ਼ ਹੀ ਨਾਲ਼ ਇਹਨੇ ਕੰਮ ਦੀ ਉਹ ਮਾਤਰਾ ਵਧਾ ਦਿੱਤੀ ਜਿਹੜੀ ਗੋਤ ਜਾਂ ਪਰਿਵਾਰਕ ਭਾਈਚਾਰੇ ਜਾਂ ਇਕੱਲੇ ਟੱਬਰ ਦੇ ਹਰ ਵਿਅਕਤੀ ਦੇ ਸਿਰ ਪੈਂਦੀ ਸੀ। ਹੋਰ ਕਿਰਤ ਸ਼ਕਤੀ ਦਾ ਵਾਧਾ ਲੋੜੀਂਦਾ ਬਣ ਗਿਆ। ਇਹ ਯੁੱਧ ਨੇ ਦਿੱਤੀ: ਕੈਦੀਆਂ ਨੂੰ ਗ਼ੁਲਾਮ ਬਣਾ ਲਿਆ ਜਾਂਦਾ। ਪ੍ਰਚਲਤ ਆਮ ਇਤਿਹਾਸਕ ਪ੍ਰਸਥਿਤੀਆਂ ਵਿੱਚ, ਕਿਰਤ ਦੀ ਪਹਿਲੀ ਮਹਾਨ ਸਮਾਜੀ ਵੰਡ ਨੇ, ਕਿਰਤ ਦੀ ਉਪਜਾਇਕਤਾ ਵਧਾ ਕੇ, ਅਰਥਾਤ, ਦੌਲਤ ਅਤੇ ਉਤਪਾਦਨ ਦਾ ਖੇਤਰ ਵਡੇਰਾ ਕਰਕੇ, ਲਾਜ਼ਮੀ ਤੌਰ ਉੱਤੇ ਇਹਦੀ ਪੈੜ ਗ਼ੁਲਾਮੀ ਨੂੰ ਜਨਮ ਦਿੱਤਾ। ਕਿਰਤ ਦੀ ਪਹਿਲੀ ਮਹਾਨ ਸਮਾਜੀ ਵੰਡ ਤੋਂ ਸਮਾਜ ਦੀ ਪਹਿਲੀ ਮਹਾਨ ਵੰਡ ਹੋਂਦ ਵਿੱਚ ਆਈ, ਦੋ ਸ਼੍ਰੇਣੀਆਂ ਵਿੱਚ ਵੰਡ: ਮਾਲਕ ਅਤੇ ਗ਼ੁਲਾਮ, ਲੋਟੂ ਅਤੇ ਲੁੱਟੇ ਖਸੁੱਟੇ।

ਇੱਜੜ ਅਤੇ ਵੱਗ ਕਿਵੇਂ ਅਤੇ ਕਦੋਂ ਕਬੀਲੇ ਜਾਂ ਗੋਤ ਦੀ ਸਾਂਝੀ ਮਾਲਕੀ ਤੋਂ ਵਿਕੋਲਤ੍ਰੇ ਟੱਬਰਾਂ ਦੇ ਮੁਖੀਆਂ ਦੀ ਮਾਲਕੀ ਵਿੱਚ ਤਬਦੀਲ ਕੀਤੇ ਗਏ, ਅਸੀਂ ਅੱਜ ਤੱਕ ਨਹੀਂ ਜਾਣਦੇ; ਪਰ ਅਜਿਹਾ ਮੁੱਖ ਤੌਰ 'ਤੇ ਇਸ ਪੜਾਅ ਵਿੱਚ ਹੋਇਆ ਹੋਣਾ ਹੈ। ਇੱਜੜਾਂ ਅਤੇ ਦੌਲਤ ਦੀਆਂ ਹੋਰ ਵਸਤਾਂ ਨੇ ਟੱਬਰ ਵਿੱਚ ਇਨਕਲਾਬ ਲਿਆ ਦਿੱਤਾ। ਉਪਜੀਵਕਾ ਪ੍ਰਾਪਤ ਕਰਨਾ ਸਦਾ ਮਰਦ ਦਾ ਕੰਮ ਰਿਹਾ ਸੀ; ਇਸੇ ਲਈ ਉਹ ਸਾਧਨ ਪੈਦਾ ਕਰਦਾ ਅਤੇ

ਉਹਨਾਂ ਦਾ ਮਾਲਕ ਹੁੰਦਾ। ਇੱਜੜ ਉਪਜੀਵਕਾ ਪ੍ਰਾਪਤ ਕਰਨ ਦਾ ਨਵਾਂ ਸਾਧਨ ਸਨ ਅਤੇ ਮੁੱਢ ਵਿੱਚ ਉਹਨਾਂ ਨੂੰ ਪਾਲਤੂ ਬਣਾਉਣਾ ਅਤੇ ਪਿੱਛੋਂ ਉਹਨਾਂ ਦੀ ਪਾਲਣਾ ਕਰਨਾ ਉਹਦਾ ਕੰਮ ਸੀ। ਇਸ ਲਈ ਉਹ ਪਸ਼ੂਆਂ ਅਤੇ ਉਹਨਾਂ ਦੇ ਵਟਾਂਦਰੇ ਵਿੱਚ ਮਿਲੀਆਂ ਵਸਤਾਂ ਅਤੇ ਗ਼ੁਲਾਮਾਂ ਦਾ ਮਾਲਕ ਸੀ। ਉਪਜ ਤੋਂ ਹੋਣ ਵਾਲ਼ੀ ਕੁੱਲ ਬੱਚਤ ਹੁਣ ਮਰਦ ਦੇ ਹਿੱਸੇ ਆ ਗਈ; ਇਸਤਰੀ ਉਹਦੀ ਖਪਤ ਵਿੱਚ ਹਿੱਸਾ ਲੈਂਦੀ ਪਰ ਇਹਦੀ ਮਾਲਕੀ ਵਿੱਚ ਉਹਦਾ ਕੋਈ ਹਿੱਸਾ ਨਹੀਂ ਸੀ। "ਵਹਿਸ਼ੀ", ਯੋਧਾ ਅਤੇ ਸ਼ਿਕਾਰੀ, ਘਰ ਦੇ ਅੰਦਰ ਦੂਜੀ ਥਾਂ ਉੱਤੇ ਹੋਣ ਅਤੇ ਇਸਤਰੀ ਨੂੰ ਪਹਿਲ ਦੇਣ 'ਤੇ ਸੰਤੁਸ਼ਟ ਸੀ। "ਵਧੇਰੇ ਅਸੀਲ" ਆਜੜੀ, ਆਪਣੀ ਦੌਲਤ ਦੀ ਧੌਂਸ ਜਮਾ ਕੇ, ਧੁਸ ਮਾਰ ਕੇ ਪਹਿਲੀ ਥਾਂ ਉੱਤੇ ਆ ਗਿਆ ਅਤੇ ਇਸਤਰੀ ਨੂੰ ਦੂਜੀ ਥਾਂ ਧੱਕ ਦਿੱਤਾ ਅਤੇ ਉਹ ਗਿਲਾ ਨਹੀਂ ਸੀ ਕਰ ਸਕਦੀ। ਟੱਬਰ ਅੰਦਰ ਕਿਰਤ ਦੀ ਵੰਡ ਨੇ ਪਤੀ ਅਤੇ ਪਤਨੀ ਵਿਚਕਾਰ ਦੌਲਤ ਦੀ ਵੰਡ ਨੂੰ ਨੇਮ-ਬੱਧ ਕੀਤਾ ਸੀ। ਕਿਰਤ ਦੀ ਵੰਡ ਵਿੱਚ ਕੋਈ ਤਬਦੀਲੀ ਨਾ ਆਈ ਪਰ ਇਹਦੇ ਬਾਵਜੂਦ ਇਹਦੇ ਪਹਿਲੀਆਂ ਦੇ ਘਰੇਲੂ ਸਬੰਧਾਂ ਨੂੰ ਸਿਰ ਭਾਰ ਕਰ ਦਿੱਤਾ ਕਿਉਂਕਿ ਟੱਬਰ ਤੋਂ ਬਾਹਰ ਕਿਰਤ ਦੀ ਵੰਡ ਤਬਦੀਲ ਹੋ ਗਈ ਸੀ। ਐਨ ਉਸੇ ਕਾਰਨ ਨੇ, ਜਿਹੜਾ ਪਹਿਲੀਆਂ ਵਿੱਚ ਇਸਤਰੀ ਨੂੰ ਸਰਵਉੱਚ ਬਣਾਉਂਦਾ ਸੀ, ਉਹਦੇ ਘਰੇਲੂ ਕੰਮ ਤੱਕ ਸੀਮਤ ਰਹਿਣ ਨੇ, ਹੁਣ ਘਰ ਵਿੱਚ ਮਰਦ ਦੀ ਸਰਵਉੱਚਤਾ ਯਕੀਨੀ ਬਣਾਈ; ਮਰਦ ਦੇ ਉਪਜੀਵਕਾ ਪ੍ਰਾਪਤ ਕਰਨ ਦੇ ਕੰਮ ਦੇ ਮੁਕਾਬਲੇ ਉੱਤੇ ਇਸਤਰੀ ਦੇ ਘਰੇਲੂ ਕੰਮ ਦੀ ਮਹੱਤਤਾ ਜਾਂਦੀ ਰਹੀ; ਪਹਿਲਾ ਸਭ ਕੁੱਝ ਸੀ, ਪਿਛਲੇਰਾ ਨਿਗੂਣਾ ਹਿੱਸਾ। ਇਥੇ ਅਸੀਂ ਹੁਣ ਹੀ ਵੇਖਦੇ ਹਾਂ ਕਿ ਜਿੰਨਾਂ ਚਿਰ ਇਸਤਰੀਆਂ ਨੂੰ ਸਮਾਜੀ ਉਤਪਾਦਨ ਤੋਂ ਬਾਹਰ ਰੱਖਿਆ ਜਾਂਦਾ ਹੈ ਅਤੇ ਘਰੋਗੀ ਕੰਮ ਤੱਕ ਸੀਮਤ ਰੱਖਿਆ ਜਾਂਦਾ ਹੈ, ਜਿਹੜਾ ਨਿੱਜੀ ਕੰਮ ਹੈ, ਇਸਤਰੀਆਂ ਦੀ ਆਜ਼ਾਦੀ ਅਤੇ ਮਰਦਾਂ ਨਾਲ਼ ਉਹਨਾਂ ਦੀ ਬਰਾਬਰੀ ਅਸੰਭਵ ਹੈ। ਇਸਤਰੀਆਂ ਦੀ ਮੁਕਤੀ ਤਾਂ ਹੀ ਸੰਭਵ ਹੈ ਜੇ ਉਹਨਾਂ ਨੂੰ ਵੱਡੀ, ਸਮਾਜੀ ਪੱਧਰ ਉੱਤੇ ਉਤਪਾਦਨ ਵਿੱਚ ਹਿੱਸਾ ਲੈਣ ਦੇ ਯੋਗ ਬਣਾਇਆ ਜਾਂਦਾ ਹੈ ਅਤੇ ਘਰੇਲੂ ਕੰਮ ਨਿਗੂਣੀ ਹੱਦ ਤੱਕ ਉਹਨਾਂ ਦਾ ਧਿਆਨ ਮੰਗਦੇ ਹਨ ਅਤੇ ਅਜਿਹਾ ਕੇਵਲ ਨਵੀਂ, ਵੱਡੀ ਪੱਧਰ ਦੀ ਸਨਅਤ ਦੇ ਸਿੱਟੇ ਵਜੋਂ ਹੀ ਸੰਭਵ ਹੋਇਆ ਹੈ, ਜਿਹੜੀ ਨਾ ਕੇਵਲ ਵੱਡੀ ਗਿਣਤੀ ਵਿੱਚ ਇਸਤਰੀਆਂ ਦੀ ਉਤਪਾਦਨ ਵਿੱਚ ਸ਼ਮੂਲੀ ਸੰਭਵ ਬਣਾਉਂਦੀ ਹੈ ਸਗੋਂ ਅਸਲ ਵਿੱਚ ਇਹਦੀ ਮੰਗ ਕਰਦੀ ਹੈ ਅਤੇ ਨਾਲ਼ੇ, ਨਿੱਜੀ ਘਰੇਲੂ ਕੰਮ ਨੂੰ ਵੀ ਸਰਵਜਨਕ ਸਨਅਤ ਵਿੱਚ ਤਬਦੀਲ ਕਰਨ ਦਾ ਯਤਨ ਕਰਦੀ ਹੈ।

ਘਰ ਵਿੱਚ ਉਹਦੇ ਸਰਵਉੱਚਤਾ ਪ੍ਰਾਪਤ ਕਰ ਲੈਣ ਨੇ ਮਰਦ ਦੇ ਇੱਕ-ਪੁਰਖੀ ਰਾਜ ਦੇ ਰਾਹ ਵਿੱਚ ਅਖ਼ੀਰੀ ਰੋਕ ਵੀ ਖ਼ਤਮ ਕਰ ਦਿੱਤੀ। ਮਾਤਰੀ ਹੱਕ ਦਾ ਤਖ਼ਤਾ ਉਲਟਾਏ ਜਾਣ, ਪਿੱਤਰੀ ਹੱਕ ਲਾਗੂ ਕੀਤੇ ਜਾਣ ਅਤੇ ਜੋੜੇ ਟੱਬਰ ਦੀ ਥਾਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਵੱਲ ਹੌਲ਼ੀ ਹੌਲ਼ੀ ਤਬਦੀਲੀ ਰਾਹੀਂ ਇਸ ਇੱਕ-ਪੁਰਖੀ ਰਾਜ ਦੀ ਤਸਦੀਕ ਹੋ ਗਈ ਅਤੇ ਇਹਨੂੰ ਸਦੀਵੀ ਬਣਾ ਦਿੱਤਾ। ਇਹਨੇ ਪੁਰਾਣੀ ਗੋਤਰੀ ਪ੍ਰਣਾਲੀ ਵਿੱਚ ਤਰੇੜ ਲਿਆ ਦਿੱਤੀ: ਇੱਕ-ਪਤੀ ਇੱਕ-ਪਤਨੀ ਟੱਬਰ ਇੱਕ ਤਾਕਤ ਬਣ ਗਿਆ ਅਤੇ ਖ਼ਤਰਨਾਕ

ਢੰਗ ਨਾਲ਼ ਗੋਤ ਵਿਰੁੱਧ ਉੱਠ ਖੜਾ ਹੋਇਆ।

ਅਗਲਾ ਪੜਾਅ ਸਾਨੂੰ ਜਹਾਲਤ ਦੇ ਉਪਰਲੇ ਪੜਾਅ ’ਤੇ ਪੁਚਾਉਂਦਾ ਹੈ, ਉਹ ਦੌਰ ਜਦੋਂ ਸਭੇ ਸਭਿਆ ਕੌਮਾਂ ਆਪਣੇ ਸੂਰਮਾ ਯੁੱਗ ਵਿੱਚੋਂ ਲੰਘੀਆਂ: ਇਹ ਦੌਰ ਲੋਹੇ ਦੀ ਤਲਵਾਰ ਦਾ ਦੌਰ ਹੈ ਪਰ ਲੋਹੇ ਦੇ ਹਲ਼ ਦੇ ਫਾਲੇ ਅਤੇ ਕੁਹਾੜੇ ਦਾ ਵੀ ਹੈ। ਲੋਹਾ ਮਨੁੱਖ ਦਾ ਸੇਵਕ ਬਣ ਗਿਆ, ਅਖ਼ੀਰੀ ਅਤੇ ਸਭ ਤੋਂ ਵੱਧ ਮਹੱਤਵ-ਪੂਰਨ ਕੱਚਾ ਮਾਲ ਜਿਸਨੇ ਇਤਿਹਾਸ ਵਿੱਚ ਇੱਕ ਇਨਕਲਾਬੀ ਰੋਲ਼ ਅਦਾ ਕੀਤਾ, ਅਖ਼ੀਰੀ—ਜੇ ਅਸੀਂ ਆਲੂ ਨੂੰ ਨਾ ਲਈਏ। ਲੋਹੇ ਨੇ ਵਡੇਰੀ ਪੱਧਰ ਉੱਤੇ ਵਾਹੀ-ਖੇਤੀ ਅਤੇ ਵਾਹੀ ਲਈ ਜੰਗਲਾਂ ਦੇ ਵਿਸ਼ਾਲ ਖੇਤਰ ਸਾਫ਼ ਕਰਨਾ ਸੰਭਵ ਬਣਾਇਆ; ਇਹਨੇ ਕਾਰੀਗਰਾਂ ਨੂੰ ਸੰਦ ਦਿੱਤਾ ਜਿਸਦੀ ਕਰੜਾਈ ਅਤੇ ਤੇਜ਼ੀ ਦਾ ਪੱਥਰ ਜਾਂ ਕੋਈ ਵੀ ਹੋਰ ਧਾਤ, ਜਿਸਦਾ ਗਿਆਨ ਸੀ, ਮੁਕਾਬਲਾ ਨਹੀਂ ਸੀ ਕਰ ਸਕਦੀ। ਇਹ ਸਭ ਕੁੱਝ ਹੌਲ਼ੀ ਹੌਲ਼ੀ ਹੋਇਆ; ਪਹਿਲਾਂ ਪਹਿਲ ਪੈਦਾ ਕੀਤਾ ਲੋਹਾ ਕਾਂਸੀ ਨਾਲ਼ੋਂ ਨਰਮ ਸੀ। ਸੋ ਪੱਥਰ ਦੇ ਹਥਿਆਰ ਹੌਲ਼ੀ ਹੌਲ਼ੀ ਹੀ ਲੋਪ ਹੋਏ; ਪੱਥਰ ਦੀਆਂ ਕੁਹਾੜੀਆਂ ਅਜੇ ਤੱਕ ਕੇਵਲ “ਹਿਲਡੇਬਰਾਂਡ ਦੇ ਗੀਤ” ਵਿੱਚ ਹੀ ਨਹੀਂ ਸਗੋਂ 1066 ਵਿੱਚ ਹੇਸਟਿੰਗਜ਼ ਦੇ ਯੁੱਧ[46] ਸਮੇਂ ਵੀ ਵਰਤੀਆਂ ਜਾਂਦੀਆਂ ਸਨ। ਪਰ ਉੱਨਤੀ ਹੁਣ ਅਮੋੜ, ਘੱਟ ਰੁਕਾਵਟਾਂ ਵਾਲ਼ੀ ਅਤੇ ਵਧੇਰੇ ਤਿੱਖੀ ਸੀ। ਸ਼ਹਿਰ, ਜਿਸਦੀ ਬੁਰਜਾਂ ਅਤੇ ਕੰਗੂਰਿਆਂ ਵਾਲ਼ੀ ਕੰਧ ਦੇ ਅੰਦਰ ਪੱਥਰ ਜਾਂ ਇੱਟਾਂ ਦੇ ਮਕਾਨ ਵਲ਼ੇ ਹੁੰਦੇ ਸਨ, ਕਬੀਲੇ ਜਾਂ ਕਬੀਲਿਆਂ ਦੇ ਸੰਘ ਦੀ ਕੇਂਦਰੀ ਗੱਦੀ ਬਣ ਗਏ। ਇਸ ਨਾਲ਼ ਉਸਾਰੀ ਦੀ ਕਲਾ ਵਿੱਚ ਤਿੱਖੀ ਉਨਤੀ ਨਜ਼ਰ ਆਈ; ਪਰ ਇਹ ਵਧ ਰਹੇ ਖ਼ਤਰੇ ਅਤੇ ਰੱਖਿਆ ਦੀ ਲੋੜ ਦਾ ਵੀ ਚਿੰਨ੍ਹ ਹੈ। ਦੌਲਤ ਤੇਜ਼ੀ ਨਾਲ਼ ਵਧੀ, ਪਰ ਇਹ ਇਕੱਲੇ ਵਿਅਕਤੀਆਂ ਦੀ ਦੌਲਤ ਸੀ। ਉਣਾਈ, ਧਾਤਾਂ ਦਾ ਕੰਮ ਅਤੇ ਹੋਰ ਦਸਤਕਾਰੀਆਂ ਜਿਹੜੀਆਂ ਸਦਾ ਵਧੇਰੇ ਵਿਸ਼ੇਸ਼ਤਾ ਪ੍ਰਾਪਤ ਕਰਦੀਆਂ ਜਾ ਰਹੀਆਂ ਸਨ, ਆਪਣੇ ਉਤਪਾਦਨ ਵਿੱਚ ਵੱਧ ਰਹੀ ਵੰਨ ਸੁਵੰਨਤਾ ਅਤੇ ਸੁਯੋਗਤਾ ਵਿਖਾ ਰਹੀਆਂ ਸਨ; ਖੇਤੀ ਹੁਣ ਕੇਵਲ ਅਨਾਜ, ਫਲੀਦਾਰ ਬੂਟੇ ਅਤੇ ਫਲ ਹੀ ਨਹੀਂ ਸੀ ਦੇਂਦੀ, ਸਗੋਂ ਤੇਲ ਅਤੇ ਫਲਾਂ ਦੀ ਸ਼ਰਾਬ ਵੀ ਦੇਂਦੀ ਸੀ, ਜਿਨ੍ਹਾਂ ਦੀ ਤਿਆਰੀ ਹੁਣ ਸਿੱਖ ਲਈ ਗਈ ਸੀ। ਅਜਿਹੀਆਂ ਭਿੰਨ ਭਿੰਨ ਸਰਗਰਮੀਆਂ ਹੁਣ ਇਕੱਲੇ ਵਿਅਕਤੀ ਵੱਲੋਂ ਕਰਨਾ ਸੰਭਵ ਨਹੀਂ ਸੀ ਰਿਹਾ; **ਕਿਰਤ ਦੀ ਦੂਜੀ ਮਹਾਨ ਵੰਡ** ਹੋਈ: ਦਸਤਕਾਰੀਆਂ ਖੇਤੀ ਤੋਂ ਵੱਖ ਹੋ ਗਈਆਂ। ਉਤਪਾਦਨ ਵਿੱਚ ਲਗਾਤਾਰ ਵਾਧੇ ਅਤੇ ਇਹਦੇ ਨਾਲ਼ ਹੀ ਨਾਲ਼ ਕਿਰਤ ਦੀ ਵਧੇਰੇ ਉਪਜਾਇਕਤਾ ਨੇ ਮਨੁੱਖੀ ਕਿਰਤ ਸ਼ਕਤੀ ਦੀ ਕਦਰ ਵਧਾ ਦਿੱਤੀ। ਗ਼ੁਲਾਮੀ ਜਿਹੜੀ ਇਸ ਤੋਂ ਪਹਿਲੇ ਪੜਾਵਾਂ ਉੱਤੇ ਨਵੀਂ ਨਵੀਂ ਉੱਭਰ ਰਹੀ ਅਤੇ ਕਦੀ ਕਦਾਈਂ ਦਾ ਅੰਸ਼ ਸੀ, ਹੁਣ ਸਮਾਜੀ ਪ੍ਰਣਾਲੀ ਦਾ ਲਾਜ਼ਮੀ ਅੰਸ਼ ਬਣ ਗਈ। ਗ਼ੁਲਾਮ ਕੇਵਲ ਸਹਾਇਕ ਨਾ ਰਹੇ, ਉਹਨਾਂ ਨੂੰ ਕੌਡੀਆਂ ਦੀ ਗਿਣਤੀ ਵਿੱਚ ਖੇਤਾਂ ਅਤੇ ਵਰਕਸ਼ਾਪਾਂ ਵਿੱਚ ਕੰਮ ਕਰਨ ਲਈ ਹੱਕਿਆ ਜਾਂਦਾ। ਉਤਪਾਦਨ ਦੇ ਦੋ ਮਹਾਨ ਸ਼ਾਖ਼ਾਂ, ਖੇਤੀ ਅਤੇ ਦਸਤਕਾਰੀਆਂ ਵਿੱਚ ਵੰਡੇ ਜਾਣ ਨੇ ਵਟਾਂਦਰੇ ਲਈ ਉਤਪਾਦਨ ਨੂੰ, ਜਿਣਸਾਂ ਦੇ ਉਤਪਾਦਨ ਨੂੰ ਜਨਮ ਦਿੱਤਾ ਅਤੇ ਇਹਦੇ ਨਾਲ਼ ਵਪਾਰ ਆਇਆ, ਕਬੀਲੇ ਦੀਆਂ ਹੱਦਾਂ ਦੇ ਅੰਦਰਲੇ ਹਿੱਸੇ ਅਤੇ ਸਰਹੱਦਾਂ

ਉੱਤੇ ਹੀ ਨਹੀਂ ਸਗੋਂ ਸਮੁੰਦਰੋਂ ਪਾਰ ਵੀ। ਅਜੇ ਇਹ ਸਭ ਕੁੱਝ ਬਹੁਤ ਘੱਟ ਵਿਕਸਤ ਸੀ; ਵੱਡ-ਮੁੱਲੀਆਂ ਧਾਤਾਂ ਨੇ ਜਗਤਰੀ ਮੁਦਰਾ ਜਿਣਸ ਵਜੋਂ ਪਹਿਲ ਪ੍ਰਾਪਤ ਕਰ ਲਈ ਪਰ ਅਜੇ ਇਹਨਾਂ ਦਾ ਸਿੱਕਾ ਨਹੀਂ ਸੀ ਬਣਾਇਆ ਜਾਂਦਾ, ਇਹਨਾਂ ਦਾ ਕੇਵਲ ਭਾਰ ਅਨੁਸਾਰ ਹੀ ਵਟਾਂਦਰਾ ਕੀਤਾ ਜਾਂਦਾ।

ਆਜ਼ਾਦਾਂ ਅਤੇ ਗ਼ੁਲਾਮਾਂ ਵਿਚਕਾਰ ਵਖਰੇਵੇਂ ਵਿੱਚ ਅਮੀਰਾਂ ਅਤੇ ਗ਼ਰੀਬਾਂ ਦੇ ਵਖਰੇਵੇਂ ਦਾ ਵਾਧਾ ਕਰ ਦਿੱਤਾ ਗਿਆ—ਕਿਰਤ ਦੀ ਨਵੀਂ ਵੰਡ ਨਾਲ਼ ਸਮਾਜ ਦੀ ਸ਼੍ਰੇਣੀਆਂ ਵਿੱਚ ਨਵੀਂ ਵੰਡ ਆਈ। ਵੱਖ ਵੱਖ ਟੱਬਰਾਂ ਦੇ ਮੁਖੀਆਂ ਦੀ ਦੌਲਤ ਵਿੱਚ ਫ਼ਰਕ ਨੇ, ਪੁਰਾਣੇ ਕਮਿਊਨਿਸਟ ਕਿਸਮ ਦੇ ਪਰਿਵਾਰਕ ਭਾਈਚਾਰਿਆਂ ਨੂੰ, ਜਿੱਥੇ ਕਿਧਰੇ ਉਹ ਕਾਇਮ ਰਹਿ ਗਏ ਸਨ, ਤੋੜ ਦਿੱਤਾ; ਅਤੇ ਇਹਨੇ ਭਾਈਚਾਰੇ ਦੇ ਖਾਤੇ ਭੋਂ ਦੀ ਸਾਂਝੀ ਵਾਹੀ ਦਾ ਅੰਤ ਕਰ ਦਿੱਤਾ। ਵਾਹੀ ਹੇਠਲੀ ਭੋਂ ਕਈ ਟੱਬਰਾਂ ਨੂੰ ਦੇ ਦਿੱਤੀ ਜਾਂਦੀ, ਪਹਿਲਾਂ ਸੀਮਤ ਸਮੇਂ ਲਈ ਅਤੇ ਪਿਛੋਂ ਸਦਾ ਲਈ; ਮੁਕੰਮਲ ਨਿੱਜੀ ਮਾਲਕੀ ਵੱਲ ਤਬਦੀਲੀ ਜੋੜੇ ਟੱਬਰ ਤੋਂ ਇੱਕ-ਪਤੀ ਇੱਕ-ਪਤਨੀ ਪ੍ਰਥਾ ਵੱਲ ਤਬਦੀਲੀ ਦੇ ਨਾਲ਼ ਨਾਲ਼ ਹੌਲ਼ੀ ਹੌਲ਼ੀ ਅਤੇ ਉਸੇ ਸਮੇਂ ਕੀਤੀ ਗਈ। ਵਿਅਕਤੀਗਤ ਟੱਬਰ ਸਮਾਜ ਦੀ ਆਰਥਕ ਇਕਾਈ ਬਣਨ ਲਗ ਪਿਆ।

ਵਸੋਂ ਦੀ ਵਧੀ ਸੰਘਣਤਾ ਨੇ ਅੰਦਰ ਵੀ ਅਤੇ ਬਾਹਰ ਵੱਲ ਵੀ ਨੇੜਵੀਂ ਏਕਤਾ ਦੀ ਲੋੜ ਪੈਦਾ ਕੀਤੀ। ਹਰ ਥਾਂ ਸਾਕੇਦਾਰ ਕਬੀਲਿਆਂ ਦਾ ਸੰਘ ਇੱਕ ਜ਼ਰੂਰਤ ਬਣ ਗਿਆ ਅਤੇ ਛੇਤੀ ਹੀ ਪਿੱਛੋਂ ਉਹਨਾਂ ਦਾ ਇੱਕ ਹੋ ਜਾਣਾ ਇੱਕ ਲੋੜ ਬਣਾ ਦਿੱਤਾ ਅਤੇ ਉਸ ਤੋਂ ਪਿੱਛੋਂ ਵੱਖ ਵੱਖ ਕਬਾਇਲੀ ਇਲਾਕਿਆਂ ਦੇ ਜਨ-ਸਮੂਹ ਦਾ ਇੱਕੋ ਇੱਕ ਇਲਾਕਾ ਬਣ ਜਾਣਾ ਆਇਆ। ਜਨ-ਸਮੂਹ ਦਾ ਫ਼ੌਜੀ ਕਮਾਂਡਰ — rex, basileus, thiudans— ਇੱਕ ਵਿਗੋਚੇ ਵਾਲ਼ਾ ਅਤੇ ਸਥਾਈ ਅਧਿਕਾਰੀ ਬਣ ਗਿਆ। ਜਨਤਕ ਇਕੱਠ ਉਹਨੀਂ ਥਾਈਂ ਲਾਗੂ ਕੀਤਾ ਗਿਆ ਜਿਥੇ ਅਜੇ ਇਹਦੀ ਹੋਂਦ ਨਹੀਂ ਸੀ। ਫ਼ੌਜੀ ਕਮਾਂਡਰ, ਪ੍ਰੀਸ਼ਦ ਅਤੇ ਜਨਤਕ ਇਕੱਠ ਉਸ ਫ਼ੌਜੀ ਜਮਹੂਰੀਅਤ ਦੇ ਅੰਗ ਸਨ, ਜਿਸ ਵਿੱਚ ਗੋਤਰੀ ਸਮਾਜ ਵਿਕਸਤ ਹੋ ਗਿਆ ਸੀ। ਫ਼ੌਜੀ ਜਮਹੂਰੀਅਤ—ਕਿਉਂਕਿ ਯੁੱਧ ਅਤੇ ਯੁੱਧ ਲਈ ਜਥੇਬੰਦੀ ਲੋਕਾਂ ਦੇ ਜੀਵਨ ਦੇ ਨੇਮ-ਬੱਧ ਕਾਰਜ ਬਣ ਗਏ। ਉਹਨਾਂ ਦੇ ਗਵਾਂਢੀਆਂ ਦੀ ਦੌਲਤ ਜਨ-ਸਮੂਹਾਂ ਦਾ ਲਾਲਚ ਮਚਾਉਂਦੀ, ਜਿਨ੍ਹਾਂ ਦੌਲਤ ਦੀ ਪ੍ਰਾਪਤੀ ਨੂੰ ਹੁਣ ਜੀਵਨ ਦੇ ਮੁੱਖ ਮੰਤਵਾਂ ਵਿੱਚੋਂ ਇੱਕ ਸਮਝਣਾ ਸ਼ੁਰੂ ਕਰ ਦਿੱਤਾ। ਉਹ ਜਾਹਲ ਸਨਃ ਲੁੱਟ ਮਾਰ ਉਹਨਾਂ ਨੂੰ ਉਪਜਾਊ ਕਿਰਤ ਨਾਲ਼ੋਂ ਸੌਖੇਰੀ ਅਤੇ ਇਥੋਂ ਤੱਕ ਕਿ ਵਧੇਰੇ ਮਾਣਯੋਗ ਜਾਪਣ ਲੱਗ ਪਈ। ਯੁੱਧ ਜਿਹੜਾ ਪਹਿਲਾਂ ਕੇਵਲ ਹਮਲਾਵਰੀ ਦਾ ਬਦਲਾ ਲੈਣ ਲਈ ਜਾਂ ਨਾਕਾਫ਼ੀ ਹੋ ਗਏ ਇਲਾਕੇ ਨੂੰ ਵਧਾਉਣ ਲਈ ਲੜਿਆ ਜਾਂਦਾ ਸੀ ਹੁਣ ਕੇਵਲ ਲੁੱਟ ਲਈ ਲੜਿਆ ਜਾਣ ਲੱਗ ਪਿਆ ਅਤੇ ਇੱਕ ਬਾਕਾਇਦਾ ਕਿੱਤਾ ਬਣ ਗਿਆ। ਇਹ ਐਵੇਂ ਹੀ ਨਹੀਂ ਸੀ ਕਿ ਨਵੇਂ ਕਿਲ੍ਹਾਬੰਦ ਸ਼ਹਿਰਾਂ ਦੁਆਲ਼ੇ ਬਹੁਤ ਵੱਡੀਆਂ ਕੰਧਾਂ ਉਸਾਰੀਆਂ ਗਈਆਂ: ਉਹਨਾਂ ਦੀਆਂ ਮੂੰਹ ਟੱਡੀ ਖਾਈਆਂ ਗੋਤਰੀ ਪ੍ਰਣਾਲੀ ਦੀਆਂ ਕਬਰਾਂ ਸਨ ਅਤੇ ਉਹਨਾਂ ਦੇ ਬੁਰਜ ਪਹਿਲਾਂ ਹੀ ਸੱਭਿਅਤਾ ਵਿੱਚ ਉਭਰ ਰਹੇ ਸਨ। ਅੰਦਰਲੇ ਮਾਮਲਿਆਂ ਵਿੱਚ ਵੀ ਅਜਿਹੀ ਹੀ ਤਬਦੀਲੀ

ਆਈ। ਲੋਟੂ ਯੁੱਧਾਂ ਨੇ ਸਰਵਉੱਚ ਫ਼ੌਜੀ ਕਮਾਨ-ਅਫ਼ਸਰ ਦੀ ਵੀ ਅਤੇ ਹੇਠਲੇ ਕਮਾਨ-ਅਫ਼ਸਰਾਂ ਦੀ ਵੀ ਤਾਕਤ ਵਧਾ ਦਿੱਤੀ। ਵਾਰਸਾਂ ਦੀ ਇੱਕ ਟੱਬਰ ਵਿੱਚੋਂ ਰਵਾਇਤੀ ਚੋਣ, ਵਿਸ਼ੇਸ਼ ਤੌਰ 'ਤੇ ਪਿੱਤਰੀ ਹੱਕ ਲਾਗੂ ਕੀਤੇ ਜਾਣ ਤੋਂ ਪਿੱਛੋਂ, ਹੌਲ਼ੀ ਹੌਲ਼ੀ ਜੱਦੀ ਵਿਰਾਸਤ ਵਿੱਚ ਤਬਦੀਲ ਹੋ ਗਈ, ਜਿਹੜੀ ਪਹਿਲਾਂ ਸਹਿਨ ਕੀਤੀ ਜਾਂਦੀ, ਫੇਰ ਜਿਸਦਾ ਦਾਅਵਾ ਕੀਤਾ ਜਾਂਦਾ ਅਤੇ ਅਖ਼ੀਰ ਜਿਸਨੂੰ ਹੜੱਪ ਲਿਆ ਗਿਆ; ਜੱਦੀ ਬਾਦਸ਼ਾਹੀ ਅਤੇ ਜੱਦੀ ਰਾਠ-ਸਾਹੀ ਦੀ ਨੀਂਹ ਰੱਖ ਦਿੱਤੀ ਗਈ ਸੀ। ਇਉਂ ਗੋਤਰੀ ਪ੍ਰਣਾਲੀ ਦੇ ਸਾਧਨ ਹੌਲ਼ੀ ਹੌਲ਼ੀ ਜਨ-ਸਮੂਹ, ਗੋਤ, ਬਰਾਦਰੀ ਅਤੇ ਕਬੀਲੇ ਵਿੱਚੋਂ ਜੜ੍ਹੋਂ ਉਖਾੜੇ ਗਏ ਅਤੇ ਸਮੁੱਚੀ ਗੋਤਰੀ ਬਣਤਰ ਨੂੰ ਇਹਦੇ ਉਲਟ ਵਿੱਚ ਤਬਦੀਲ ਕਰ ਦਿੱਤਾ ਗਿਆ; ਉਹਨਾਂ ਦੇ ਆਪਣੇ ਮਾਮਲਿਆਂ ਦੇ ਆਜ਼ਾਦ ਪ੍ਰਬੰਧ ਲਈ ਇੱਕ ਜਥੇਬੰਦੀ ਤੋਂ ਇਹ ਉਹਨਾਂ ਦੇ ਗਵਾਂਢੀਆਂ ਨੂੰ ਲੁੱਟਣ ਅਤੇ ਉਹਨਾਂ ਉੱਤੇ ਜਬਰ ਕਰਨ ਲਈ ਇੱਕ ਜਥੇਬੰਦੀ ਬਣ ਗਈ ਅਤੇ ਇਸੇ ਅਨੁਸਾਰ ਇਹਦੇ ਅੰਗ ਜਨਤਾ ਦੀ ਇੱਛਾ ਦੇ ਸਾਧਨਾਂ ਤੋਂ ਉਹਨਾਂ ਦੇ ਆਪਣੇ ਲੋਕਾਂ ਉੱਤੇ ਹਕੂਮਤ ਕਰਨ ਅਤੇ ਉਹਨਾਂ ਉੱਤੇ ਜਬਰ ਕਰਨ ਦੇ ਸਾਧਨ ਬਣ ਗਏ। ਜੇ ਦੌਲਤ ਲਈ ਲਾਲਚ ਨੇ ਗੋਤਾਂ ਦੇ ਮੈਂਬਰਾਂ ਨੂੰ ਅਮੀਰਾਂ ਅਤੇ ਗ਼ਰੀਬਾਂ ਵਿੱਚ ਵੰਡਿਆ ਨਾ ਹੁੰਦਾ ਤਾਂ ਅਜਿਹਾ ਨਾ ਹੋ ਸਕਦਾ; ਜੇ "ਗੋਤ ਅੰਦਰ ਜਾਇਦਾਦ ਦੇ ਫ਼ਰਕਾਂ ਨੇ ਗੋਤ ਦੇ ਮੈਂਬਰਾਂ ਵਿੱਚਕਾਰ ਹਿੱਤਾਂ ਦੀ ਸਾਂਝ ਨੂੰ ਟੱਕਰ ਵਿੱਚ ਤਬਦੀਲ ਨਾ ਕਰ ਦਿੱਤਾ" (ਮਾਰਕਸ)* ਅਤੇ ਜੇ ਗ਼ੁਲਾਮੀ ਦੇ ਵਾਧੇ ਨੇ ਉਪਜੀਵਕਾ ਲਈ ਕੰਮ ਨੂੰ ਗ਼ੁਲਾਮਾਨਾ ਅਤੇ ਲੁੱਟ ਮਾਰ ਵਿੱਚ ਹਿੱਸਾ ਲੈਣ ਨਾਲ਼ੋਂ ਹੀਣਾ ਹੋਣ ਵਜੋਂ ਦਾਗ਼ਣਾ ਸ਼ੁਰੂ ਨਾ ਕਰ ਦਿੱਤਾ ਹੁੰਦਾ।

* * *

ਇਹ ਸਾਨੂੰ ਸੱਭਿਅਤਾਂ ਦੀਆਂ ਬਰੂਹਾਂ ਉੱਤੇ ਲੈ ਆਉਂਦਾ ਹੈ। ਕਿਰਤ ਦੀ ਵੰਡ ਵਿੱਚ ਵਧੇਰੇ ਉੱਨਤੀ ਨਾਲ਼ ਇਸ ਪੜਾਅ ਦਾ ਉਦਘਾਟਣ ਹੁੰਦਾ ਹੈ। ਸਭ ਤੋਂ ਨੀਵੇਂ ਪੜਾਅ ਉੱਤੇ ਮਨੁੱਖ ਕੇਵਲ ਆਪਣੀਆਂ ਸਿੱਧੀਆਂ ਲੋੜਾਂ ਲਈ ਹੀ ਉਤਪਾਦਨ ਕਰਦੇ ਸਨ; ਵਟਾਂਦਰਾ ਕਦੀ ਕਦਾਈਂ ਹੋਣ ਵਾਲ਼ੀਆਂ ਘਟਨਾਵਾਂ ਤੱਕ ਸੀਮਤ ਸੀ ਜਦੋਂ ਸਬੱਬੀ ਤੌਰ 'ਤੇ ਵਾਧੂ ਉਪਜ ਪ੍ਰਾਪਤ ਹੋ ਜਾਂਦੀ। ਜਹਾਲਤ ਦੇ ਦਰਮਿਆਨੇ ਪੜਾਅ ਵਿੱਚ ਅਸੀਂ ਵੇਖਦੇ ਹਾਂ ਕਿ ਪਸ਼ੂ-ਪਾਲ ਜਨ-ਸਮੂਹਾਂ ਕੋਲ਼ ਉਹਨਾਂ ਦੇ ਪਸ਼ੂਆਂ ਦੇ ਰੂਪ ਵਿੱਚ ਇੱਕ ਅਜਿਹੀ ਜਾਇਦਾਦ ਸੀ, ਜਿਹੜੀ ਚੋਖੇ ਵੱਡੇ ਇੱਜੜਾਂ ਅਤੇ ਵੱਗਾਂ ਵਿੱਚ ਨੇਮ ਨਾਲ਼ ਉਹਨਾਂ ਦੀ ਲੋੜ ਤੋਂ ਵੱਧ ਉਪਜ ਪੈਦਾ ਕਰਦੀ; ਅਸੀਂ ਪਸ਼ੂ-ਪਾਲ ਜਨ-ਸਮੂਹਾਂ ਅਤੇ ਪਸ਼ੂਆਂ ਤੋਂ ਬਿਨਾਂ ਪਛੜੇ ਕਬੀਲਿਆਂ ਵਿੱਚ ਕਿਰਤ ਦੀ ਇੱਕ ਵੰਡ ਵੇਖਦੇ ਹਾਂ, ਇਉਂ ਨਾਲ਼ ਨਾਲ਼ ਉਤਪਾਦਨ ਦੇ ਦੋ ਵੱਖ ਵੱਖ ਪੜਾਅ ਸਨ ਜਿਨ੍ਹਾਂ ਨੇਮ ਨਾਲ਼ ਵਟਾਂਦਰੇ ਲਈ ਪ੍ਰਸਥਿਤੀਆਂ ਪੈਦਾ ਕੀਤੀਆਂ। ਜਹਾਲਤ ਦੇ ਉੱਪਰਲੇ ਪੜਾਅ ਨੇ ਕਿਰਤ ਦੀ ਇੱਕ ਹੋਰ ਵੰਡ ਲਾਗੂ ਕੀਤੀ, ਖੇਤੀ ਅਤੇ ਦਸਤਕਾਰੀਆਂ ਵਿਚਕਾਰ ਵੰਡ, ਜਿਸਦਾ ਸਿੱਟਾ ਵਿਸ਼ੇਸ਼ ਤੌਰ 'ਤੇ ਵਟਾਂਦਰੇ ਲਈ ਜਿਣਸਾਂ ਦਾ ਵਧ ਰਿਹਾ ਉਤਪਾਦਨ ਨਿਕਲਿਆ, ਇਉਂ ਵਿਕੋਲਤ੍ਰੇ ਉਪਜਕਾਰਾਂ ਵਿਚਕਾਰ ਵਟਾਂਦਰਾ

---

* ਵੇਖੋ ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨੇ 153-154। **—ਸੰਪਾ.**

ਇੱਕ ਅਜਿਹੀ ਥਾਂ ਅੱਪੜ ਗਿਆ, ਜਿਥੇ ਇਹ ਸਮਾਜ ਲਈ ਇੱਕ ਬੁਨਿਆਦੀ ਲੋੜ ਬਣ ਗਿਆ। ਸੱਭਿਅਤਾ ਨੇ ਕਿਰਤ ਦੀਆਂ ਸਭਨਾਂ ਸਥਾਪਤ ਵੰਡਾਂ ਨੂੰ ਪੱਕਿਆਂ ਕੀਤਾ ਅਤੇ ਵਧਾਇਆ, ਵਿਸ਼ੇਸ਼ ਤੌਰ 'ਤੇ ਸ਼ਹਿਰ ਅਤੇ ਪਿੰਡ ਵਿਚਕਾਰ ਫ਼ਰਕ ਨੂੰ ਤਿੱਖਾ ਕਰਕੇ (ਜਾਂ ਸ਼ਹਿਰ ਪਿੰਡ ਉੱਤੇ ਆਰਥਕ ਸਰਦਾਰੀ ਕਰਦਾ ਜਿਵੇਂ ਪ੍ਰਾਚੀਨ ਕਾਲ ਵਿੱਚ ਸੀ, ਜਾਂ ਪਿੰਡ ਸ਼ਹਿਰ ਉੱਤੇ ਸਰਦਾਰੀ ਕਰਦਾ ਜਿਵੇਂ ਮੱਧ-ਕਾਲ ਵਿੱਚ ਸੀ) ਅਤੇ ਕਿਰਤ ਦੀ ਇੱਕ ਤੀਜੀ ਵੰਡ ਦਾ ਵਾਧਾ ਕਰ ਦਿੱਤਾ, ਜਿਹੜੀ ਇਹਦੇ ਲਈ ਹੀ ਵਿਸੇਸ਼ ਸੀ ਅਤੇ ਨਿਰਣਾਇਕ ਮਹੱਤਤਾ ਵਾਲ਼ੀ ਸੀ: ਇਹਨੇ ਇੱਕ ਅਜਿਹੀ ਸ਼੍ਰੇਣੀ ਸਿਰਜੀ ਜਿਹੜੀ ਉਤਪਾਦਨ ਵਿੱਚ ਕੋਈ ਹਿੱਸਾ ਨਹੀਂ ਸੀ ਲੈਂਦੀ ਸਗੋਂ ਅਨੰਨ ਤੌਰ 'ਤੇ ਜਿਣਸਾਂ ਦੇ ਵਟਾਂਦਰੇ ਵਿੱਚ ਰੁੱਝੀ ਹੋਈ ਸੀ—**ਵਪਾਰੀ**। ਪਹਿਲੀਆਂ ਵਿੱਚ ਸ਼੍ਰੇਣੀਆਂ ਦੇ ਸਭੇ ਆਰੰਭਕ ਰੂਪ ਅਨੰਨ ਤੌਰ 'ਤੇ ਉਤਪਾਦਨ ਨਾਲ਼ ਜੁੜੇ ਹੋਏ ਸਨ; ਇਹ ਉਤਪਾਦਨ ਵਿੱਚ ਲੱਗੇ ਲੋਕਾਂ ਨੂੰ ਪ੍ਰਬੰਧਕਾਂ ਅਤੇ ਕੰਮ ਕਰਨ ਵਾਲ਼ਿਆਂ ਵਿੱਚ ਵੰਡਦੇ ਜਾਂ ਵੱਡੀ ਪੱਧਰ ਦੇ ਉਪਜਕਾਰਾਂ ਅਤੇ ਛੋਟੀ ਪੱਧਰ ਦੇ ਉਪਜਕਾਰਾਂ ਵਿੱਚ। ਇਥੇ ਪਹਿਲੀ ਵਾਰ ਇੱਕ ਸ਼੍ਰੇਣੀ ਹੋਂਦ ਵਿੱਚ ਆਉਂਦੀ ਹੈ, ਜਿਹੜੀ ਉਤਪਾਦਨ ਵਿੱਚ ਕੋਈ ਵੀ ਹਿੱਸਾ ਲਏ ਬਗ਼ੈਰ, ਸਮੁੱਚੇ ਤੌਰ 'ਤੇ ਉਤਪਾਦਨ ਦੇ ਪ੍ਰਬੰਧ ਨੂੰ ਆਪਣੀ ਪਕੜ ਵਿੱਚ ਲੈ ਲੈਂਦੀ ਹੈ ਅਤੇ ਉਪਜਕਾਰਾਂ ਨੂੰ ਆਰਥਕ ਤੌਰ 'ਤੇ ਆਪਣੀ ਹਕੂਮਤ ਦੇ ਅਧੀਨ ਕਰ ਲੈਂਦੀ ਹੈ; ਇੱਕ ਅਜਿਹੀ ਸ਼੍ਰੇਣੀ ਜਿਹੜੀ ਦੋ ਉਪਜਕਾਰਾਂ ਵਿੱਚੋਂ ਹਰ ਇੱਕ ਲਈ ਆਪਣੇ ਆਪ ਨੂੰ ਵਿਚੋਲੇ ਵਾਲ਼ੀ ਬਣਾ ਲੈਂਦੀ ਹੈ ਅਤੇ ਦੋਹਾਂ ਦੀ ਲੁੱਟ-ਚੋਂਘ ਕਰਦੀ ਹੈ। ਉਪਜਕਾਰਾਂ ਨੂੰ ਵਟਾਂਦਰੇ ਦੀ ਖੇਚਲ ਅਤੇ ਖ਼ਤਰੇ ਤੋਂ ਬਚਾਉਣ, ਉਹਨਾਂ ਦੀਆਂ ਉਪਜਾਂ ਲਈ ਦੁਰਾਡੀਆਂ ਮੰਡੀਆਂ ਪ੍ਰਾਪਤ ਕਰਨ ਅਤੇ ਸਮਾਜ ਦੀ ਸਭ ਤੋਂ ਲਾਹੇਵੰਦੀ ਸ਼੍ਰੇਣੀ ਬਣ ਜਾਣ ਦੇ ਬਹਾਨੇ, ਪਰਜੀਵੀਆਂ ਦੀ ਇੱਕ ਸ਼੍ਰੇਣੀ ਉਭਰਦੀ ਹੈ, ਅਸਲੀ ਸਮਾਜੀ ਚਾਟੜੇ, ਜਿਹੜੀ, ਅਤਿ-ਅੰਤ ਨਿਗੂਣੀਆਂ ਸੇਵਾਵਾਂ ਦੇ ਇਵਜ਼ਾਨੇ ਵਜੋਂ, ਦੇਸ਼ ਵਿੱਚ ਅਤੇ ਵਿਦੇਸ਼ਾਂ ਵਿੱਚ, ਉਤਪਾਦਨ ਉਤੋਂ ਮਲਾਈ ਲਾਹ ਲੈਂਦੀ ਹੈ, ਤੇਜ਼ੀ ਨਾਲ਼ ਅਥਾਹ ਦੌਲਤ ਅਤੇ ਅਨੁਸਾਰੀ ਸਮਾਜੀ ਪ੍ਰਭਾਵ ਪ੍ਰਾਪਤ ਕਰ ਲੈਂਦੀ ਹੈ ਅਤੇ ਇਸੇ ਹੀ ਕਾਰਨ ਇਹ ਉਹਨਾਂ ਦੀ ਹੋਣੀ ਹੈ ਕਿ ਸਭਿਅਤਾ ਦੇ ਯੁੱਗ ਵਿੱਚ ਨਵੇਂ ਮਾਣ ਅਤੇ ਉਤਪਾਦਨ ਉੱਤੇ ਵੱਧ ਰਿਹਾ ਕੰਟਰੋਲ ਪ੍ਰਾਪਤ ਕਰ ਲੈਣ, ਇਥੋਂ ਤੱਕ ਕਿ ਅੰਤ ਉਹ ਖ਼ੁਦ ਆਪਣੀ ਇੱਕ ਉਪਜ ਪੈਦਾ ਕਰਦੇ ਹਨ—ਸਮੇਂ ਸਮੇਂ ਆਉਣ ਵਾਲ਼ੇ ਵਪਾਰਕ ਸੰਕਟ।

ਅਸੀਂ ਵਿਕਾਸ ਦੇ ਜਿਸ ਪੜਾਅ 'ਤੇ ਵਿਚਾਰ ਕਰ ਰਹੇ ਹਾਂ, ਉਥੇ ਨਵੀਂ ਨਵੀਂ ਹੋਂਦ ਵਿੱਚ ਆਈ ਵਪਾਰੀ ਸ਼੍ਰੇਣੀ ਨੂੰ ਅਜੇ ਉਹਨਾਂ ਵੱਡੀਆਂ ਗੱਲਾਂ ਦੀ ਭਿਣਕ ਤੱਕ ਨਹੀਂ ਜਿਹੜੀਆਂ ਇਹਦੀ ਹੋਣੀ ਵਿੱਚ ਲਿਖੀਆਂ ਸਨ। ਪਰ ਇਹਨੇ ਰੂਪ ਧਾਰਿਆ ਅਤੇ ਆਪਣੇ ਆਪ ਨੂੰ ਵਿਚੋਲੇ ਵਾਲ਼ੀ ਬਣਾ ਲਿਆ ਅਤੇ ਇਹ ਕਾਫ਼ੀ ਸੀ। ਪਰ, ਇਹਦੇ ਨਾਲ਼ ਹੀ **ਧਾਤੀ ਮੁਦਰਾ**, ਟਕਸਾਲ ਵਿੱਚ ਬਣੇ ਸਿੱਕੇ ਹੋਂਦ ਵਿੱਚ ਆ ਗਏ ਅਤੇ ਇਸ ਨਵੇਂ ਸਾਧਨ ਰਾਹੀਂ ਗ਼ੈਰ-ਉਪਜਕਾਰ ਉਪਜਕਾਰ ਅਤੇ ਉਹਦੀਆਂ ਉਪਜਾਂ ਉੱਤੇ ਹਕੂਮਤ ਕਰ ਸਕਦਾ ਸੀ। ਜਿਣਸਾਂ ਦੀ ਜਿਣਸ, ਜਿਹੜੀ ਆਪਣੇ ਅੰਦਰ ਹੋਰਨਾਂ ਸਭਨਾਂ ਜਿਣਸਾਂ ਨੂੰ ਲੁਕਾਉਂਦੀ ਹੈ,

ਲੱਭ ਲਈ ਗਈ ਸੀ; ਉਹ ਟੂਣਾ ਜਿਹੜਾ ਆਪਣੀ ਮਰਜ਼ੀ ਅਨੁਸਾਰ ਹਰ ਚਾਹੀਦੀ ਅਤੇ ਲੋੜੀਂਦੀ ਜਿਣਸ ਵਿੱਚ ਤਬਦੀਲ ਹੋ ਸਕਦਾ ਹੈ। ਜਿਹੜਾ ਕੋਈ ਇਹਦਾ ਮਾਲਕ ਹੁੰਦਾ ਉਹ ਉਤਪਦਾਨ ਦੀ ਦੁਨੀਆਂ ਉੱਤੇ ਹਕੂਮਤ ਕਰਦਾ ਅਤੇ ਇਹ ਸਭ ਤੋਂ ਵਧ ਕਿਨ੍ਹਾਂ ਕੋਲ਼ ਸੀ ? ਵਪਾਰੀ। ਉਹਨਾਂ ਦੇ ਹੱਥਾਂ ਵਿਚ ਮੁਦਰਾ ਦਾ ਸੰਪ੍ਰਦਾ ਸੁਰੱਖਿਅਤ ਸੀ। ਉਹਨੇ ਇਹ ਗੱਲ ਸਪਸ਼ਟ ਕਰਨ ਦਾ ਧਿਆਨ ਰੱਖਿਆ ਕਿ ਸਭੇ ਜਿਣਸਾਂ ਅਤੇ ਇਸੇ ਲਈ ਸਭੇ ਜਿਣਸ ਉਤਪਾਦਕਾਂ ਲਈ ਇਹਦੇ ਅੱਗੇ ਸਿਜਦੇ ਕਰਨੇ ਲਾਜ਼ਮੀ ਹਨ। ਉਹਨੇ ਅਮਲ ਵਿੱਚ ਸਾਬਤ ਕੀਤਾ ਕਿ ਦੌਲਤ ਦੇ ਖ਼ੁਦ ਇਸ ਅਵਤਾਰ ਦੇ ਸਾਹਮਣੇ ਦੌਲਤ ਦੇ ਬਾਕੀ ਸਭ ਰੂਪ ਬਸ ਜਾਪਦੇ ਰੂਪ ਹੀ ਹਨ। ਮੁਦਰਾ ਦੀ ਸ਼ਕਤੀ ਨੇ ਇਸ ਤੋਂ ਪਿੱਛੋਂ ਕਦੀ ਆਪਣੇ ਆਪ ਨੂੰ ਅਜਿਹੇ ਆਦਿ-ਕਾਲੀਨ ਭੱਦੇਪੁਣੇ ਅਤੇ ਹਿੰਸਾ ਨਾਲ਼ ਪ੍ਰਗਟ ਨਹੀਂ ਕੀਤਾ ਜਿਵੇਂ ਇਹਨੇ ਆਪਣੇ ਗਭਰੇਟ ਦਿਨਾਂ ਵਿੱਚ ਕੀਤਾ। ਮੁਦਰਾ ਲਈ ਜਿਣਸਾਂ ਦੀ ਵਿਕਰੀ ਤੋਂ ਪਿੱਛੋਂ ਪੈਸਾ ਉਧਾਰ ਦੇਣ ਲਈ ਆਇਆ, ਜਿਸ ਦਾ ਸਿੱਟਾ ਸੂਦ ਅਤੇ ਸੂਦ-ਖ਼ੋਰੀ ਸੀ ਅਤੇ ਪਿੱਛੋਂ ਦੇ ਸਮੇਂ ਦਾ ਕੋਈ ਕਾਨੂੰਨ ਦੇਣਦਾਰ ਨੂੰ ਇੰਨੀ ਬੇਤਰਸੀ ਅਤੇ ਬੇਬਸੀ ਨਾਲ਼ ਲੈਣਦਾਰ ਦੇ ਪੈਰਾਂ ਵਿੱਚ ਨਹੀਂ ਸੁੱਟਦਾ ਜਿੰਨੀ ਨਾਲ਼ ਪ੍ਰਾਚੀਨ ਏਥਨਜ਼ ਅਤੇ ਰੋਮ ਦੇ ਕਾਨੂੰਨ ਸੁੱਟਦੇ ਹਨ—ਕਾਨੂੰਨਾਂ ਦੇ ਦੋਵੇਂ ਸਿਲਸਿਲੇ ਆਪ-ਮੁਹਾਰੇ ਤੌਰ ’ਤੇ, ਸਾਧਾਰਨ ਕਾਨੂੰਨ ਵਜੋਂ, ਆਰਥਕ ਮਜਬੂਰੀ ਤੋਂ ਛੁੱਟ ਕਿਸੇ ਹੋਰ ਮਜਬੂਰੀ ਤੋਂ ਬਿਨਾਂ, ਹੋਂਦ ਵਿੱਚ ਆਏ।

ਵਸਤਾਂ ਅਤੇ ਗ਼ੁਲਾਮਾਂ ਦੇ ਰੂਪ ਵਿੱਚ ਦੌਲਤ ਤੋਂ ਬਿਨਾਂ, ਮੁਦਰਾਂ ਦੀ ਦੌਲਤ ਤੋਂ ਬਿਨਾਂ, ਭੋਂ ਦੇ ਰੂਪ ਵਿੱਚ ਦੌਲਤ ਹੋਂਦ ਵਿੱਚ ਆਈ। ਵਿਅਕਤੀਆਂ ਨੂੰ ਮੁੱਢ ਵਿੱਚ ਗੋਤ ਜਾਂ ਕਬੀਲੇ ਵੱਲੋਂ ਭੋਂ ਦੇ ਜਿਹੜੇ ਟੋਟੇ ਦਿੱਤੇ ਗਏ ਸਨ, ਉਹਨਾਂ ਸਬੰਧੀ ਉਹਨਾਂ ਦਾ ਮਾਲਕੀ ਦਾ ਹੱਕ ਇੰਨੀ ਚੰਗੀ ਤਰ੍ਹਾਂ ਸਥਾਪਤ ਹੋ ਚੁੱਕਾ ਸੀ ਕਿ ਇਹ ਟੋਟੇ ਉਹਨਾਂ ਦੀ ਨਿੱਜੀ ਜੱਦੀ ਮਾਲਕੀ ਬਣ ਗਏ। ਇਸ ਸਮੇਂ ਤੋਂ ਪਹਿਲਾਂ ਉਹ ਜਿਸ ਗੱਲ ਲਈ ਸਭ ਤੋਂ ਵਧ ਯਤਨ ਕਰਦੇ ਰਹੇ ਸਨ ਉਹ ਭੋਂ ਦੇ ਇਹਨਾਂ ਟੋਟਿਆਂ ਸਬੰਧੀ ਗੋਤਰੀ ਭਾਈਚਾਰੇ ਦੇ ਦਾਅਵੇ ਤੋਂ ਮੁਕਤੀ ਸੀ, ਇੱਕ ਅਜਿਹਾ ਦਾਅਵਾ ਜਿਹੜਾ ਉਹਨਾਂ ਲਈ ਇੱਕ ਬੇੜੀ ਬਣ ਗਿਆ ਸੀ। ਹੁਣ ਉਹ ਇਸ ਬੇੜੀ ਤੋਂ ਆਜ਼ਾਦ ਹੋ ਗਏ ਸਨ—ਛੇਤੀ ਹੀ ਉਹ ਆਪਣੀ ਭੋਂ ਦੀ ਜਾਇਦਾਦ ਤੋਂ ਵੀ ਆਜ਼ਾਦ ਹੋ ਗਏ ਸਨ। ਭੋਂ ਦੀ ਮੁਕੰਮਲ, ਆਜ਼ਾਦ ਮਾਲਕੀ ਦੇ ਅਰਥ ਨਾ ਕੇਵਲ ਬੇਰੋਕ-ਟੋਕ ਅਤੇ ਅਸੰਕੋਚ ਕਬਜ਼ਾ ਹੀ ਸਨ, ਸਗੋਂ ਇਹਦੀ ਹੱਥ-ਬਦਲੀ ਕਰਨ ਦੀ ਸੰਭਾਵਨਾ ਵੀ ਸਨ। ਜਿੰਨਾਂ ਚਿਰ ਭੋਂ ਗੋਤ ਦੀ ਮਾਲਕੀ ਸੀ ਅਜਿਹੀ ਕੋਈ ਸੰਭਾਵਨਾ ਨਹੀਂ ਸੀ। ਪਰ ਜਦੋਂ ਨਵੇਂ ਭੋਂ-ਮਾਲਕ ਨੇ ਗੋਤ ਅਤੇ ਕਬੀਲੇ ਦੀ ਸਰਵਉੱਚ ਮਾਲਕੀ ਦੇ ਸੰਗਲ ਲਾਹ ਸੁੱਟੇ, ਉਹਨੇ ਉਹ ਬੰਧਨ ਵੀ ਤੋੜ ਦਿੱਤੇ ਜਿਹੜੇ ਉਹਨੂੰ ਭੋਂ ਨਾਲ਼ ਅਵੰਡ ਤੌਰ ’ਤੇ ਜੋੜਦੇ ਸਨ। ਇਹਦੇ ਅਰਥ ਕੀ ਸਨ, ਇਹ ਮੁਦਰਾ ਨੇ ਸਪਸ਼ਟ ਕਰ ਦਿੱਤਾ ਜਿਸਦੀ ਕਾਢ ਭੋਂ ਦੀ ਨਿੱਜੀ ਮਾਲਕੀ ਦੀ ਕਾਢ ਦੇ ਨਾਲ਼ ਹੀ ਨਾਲ਼ ਕੀਤੀ ਗਈ ਸੀ। ਭੋਂ ਹੁਣ ਇੱਕ ਜਿਣਸ ਬਣ ਗਈ ਜਿਹੜੀ ਵੇਚੀ ਅਤੇ ਗਹਿਣੇ ਰੱਖੀ ਜਾ ਸਕਦੀ ਸੀ। ਭੋਂ ਦੀ ਨਿੱਜੀ ਮਾਲਕੀ ਅਜੇ ਮਸਾਂ ਲਾਗੂ ਕੀਤੀ ਹੀ ਗਈ ਸੀ ਕਿ ਗਹਿਣੇ ਰੱਖਣ ਦਾ ਪ੍ਰਬੰਧ ਲਭ ਲਿਆ ਗਿਆ (ਵੇਖੋ ਏਥਨਜ਼)। ਜਿਵੇਂ

ਹਿਤੀਰੀਵਾਦ ਅਤੇ ਵੇਸਵਾਗਮਨੀ ਇੱਕ-ਪਤੀ ਇੱਕ-ਪਤਨੀ ਪ੍ਰਥਾ ਦੀ ਪੈੜ ਦੱਬਦੇ ਰਹੇ ਉਸੇ ਤਰ੍ਹਾਂ ਗਹਿਣੇ ਰੱਖਣ ਦਾ ਪ੍ਰਬੰਧ ਭੋਂ ਦੀ ਮਾਲਕੀ ਦੇ ਨਾਲ਼ ਨਾਲ਼ ਰਿਹਾ। ਤੁਸੀਂ ਭੋਂ ਦੀ ਆਜ਼ਾਦ, ਮੁਕੰਮਲ ਅਤੇ ਹੱਥ-ਬਦਲੀ ਯੋਗ ਮਾਲਕੀ ਲਈ ਰੌਲ਼ਾ ਪਾ ਰਹੇ ਸੀ। ਸੋ, ਇਹ ਤੁਹਾਨੂੰ ਮਿਲ ਗਈ —tu lías voulu, Georges Dandin!*

ਵਪਾਰਕ ਫੈਲਾਅ, ਮੁਦਰਾ, ਸੂਦ-ਖ਼ੋਰੀ, ਜ਼ਮੀਨੀ ਜਾਇਦਾਦ ਅਤੇ ਗਹਿਣੇ ਰੱਖਣ ਦੇ ਪ੍ਰਬੰਧ ਦੇ ਨਾਲ਼ ਹੀ ਨਾਲ਼ ਆਏ, ਇੱਕ ਹੱਥ, ਇੱਕ ਨਿੱਕੀ ਸ਼੍ਰੇਣੀ ਦੇ ਹੱਥ ਵਿੱਚ ਦੌਲਤ ਦੀ ਸੰਘਣਤਾ ਅਤੇ ਕੇਂਦਰੀਣਾ ਅਤੇ ਦੂਜੇ ਹੱਥ, ਜਨਤਾ ਦਾ ਗ਼ਰੀਬ ਹੋਣਾ, ਕੰਗਾਲਾਂ ਦਾ ਵਧ ਰਿਹਾ ਸਮੂਹ। ਦੌਲਤ ਦੀ ਨਵੀਂ ਅਮੀਰਸ਼ਾਹੀ ਨੇ, ਜਿਥੇ ਇਹ ਮੁੱਢ ਤੋਂ ਪੁਰਾਣੀ ਕਬਾਇਲੀ ਰਾਠਸ਼ਾਹੀ ਨਾਲ਼ ਸਗਵੀਂ ਨਹੀਂ ਸੀ, ਉਥੇ ਇਹਨੇ ਪਿਛਲੇਰੇ ਨੂੰ ਸਦਾ ਲਈ ਪਿਛੋਕੜ ਵਿੱਚ ਧੱਕ ਦਿੱਤਾ (ਏਥਨਜ਼ ਵਿੱਚ, ਰੋਮ ਵਿੱਚ, ਜਰਮਨਾਂ ਵਿੱਚ) ਅਤੇ ਆਜ਼ਾਦ ਲੋਕਾਂ ਦੀ ਦੌਲਤ ਅਨੁਸਾਰ ਸ਼੍ਰੇਣੀਆਂ ਵਿੱਚ ਵੰਡ ਦਾ ਸਿੱਟਾ, ਵਿਸ਼ੇਸ਼ ਤੌਰ ’ਤੇ ਯੂਨਾਨ ਵਿੱਚ ਗੁਲਾਮਾਂ ਦੀ ਗਿਣਤੀ** ਵਿੱਚ ਅਥਾਹ ਵਾਧੇ ਵਿੱਚ ਨਿਕਲਿਆ, ਜਿਨ੍ਹਾਂ ਦੀ ਜਬਰੀ ਕਿਰਤ ਉਹ ਆਧਾਰ ਬਣ ਗਈ ਜਿਸ ਉੱਤੇ ਸਮਾਜ ਦੀ ਉਪਰਲੀ ਬਣਤਰ ਪਾਲੀ ਜਾਂਦੀ ਸੀ।

ਆਓ ਹੁਣ ਅਸੀਂ ਵੇਖੀਏ ਕਿ ਸਮਾਜੀ ਇਨਕਲਾਬ ਦੇ ਸਿੱਟੇ ਵਜੋਂ ਗੋਤਰੀ ਪ੍ਰਣਾਲੀ ਦਾ ਕੀ ਬਣਿਆ। ਇਹ ਉਹਨਾਂ ਅੰਸ਼ਾਂ ਸਾਹਮਣੇ ਬੇਬਸ ਖੜੀ ਸੀ ਜਿਹੜੇ ਇਹਦੀ ਸਹਾਇਤਾ ਤੋਂ ਬਿਨਾਂ ਹੋਂਦ ਵਿੱਚ ਆਏ ਸਨ। ਇਹ ਇਸ ਪਹਿਲੋਂ ਮਿੱਥੀ ਸ਼ਰਤ ਉੱਤੇ ਆਧਾਰਤ ਸੀ ਕਿ ਇੱਕ ਗੋਤ ਦੇ ਜੀਅ, ਜਾਂ ਘੱਟੋ ਘੱਟ, ਇੱਕ ਕਬੀਲੇ ਦੇ ਜੀਅ, ਇੱਕੋ ਇਲਾਕੇ ਵਿੱਚ ਇਕੱਠੇ ਰਹਿਣ ਅਤੇ ਉਹੋ ਉਸ ਇਲਾਕੇ ਦੇ ਵਸਨੀਕ ਹੋਣ। ਬੜੇ ਚਿਰ ਤੋਂ ਪ੍ਰਸਥਿਤੀ ਅਜਿਹੀ ਨਹੀਂ ਸੀ ਰਹੀ। ਗੋਤ ਅਤੇ ਕਬੀਲੇ ਹਰ ਥਾਂ ਆਪੋ ਵਿੱਚ ਮਿਲ ਜੁਲ ਗਏ ਸਨ; ਹਰ ਥਾਂ ਗ਼ੁਲਾਮ, ਅਧੀਨ ਅਤੇ ਵਿਦੇਸ਼ੀ ਸ਼ਹਿਰੀਆਂ ਵਿਚਕਾਰ ਰਹਿੰਦੇ। ਅਹਿਲ ਹਾਲਤ, ਜਿਹੜੀ ਜਹਾਲਤ ਦੇ ਦਰਮਿਆਨੇ ਪੜਾਅ ਦੇ ਅੰਤ ਦੇ ਨੇੜੇ ਹੀ ਪ੍ਰਾਪਤ ਕੀਤੀ ਗਈ ਸੀ, ਫਿਰਤ-ਘਿਰਤ ਅਤੇ ਵਸੇਬੇ ਦੀ ਤਬਦੀਲੀ ਕਾਰਨ ਉਸ ਵਿੱਚ ਟੋਕ ਪੈ ਗਈ, ਜਿਸ ਉੱਤੇ ਵਪਾਰ, ਕਿੱਤਿਆਂ ਦੀ ਤਬਦੀਲੀ ਅਤੇ ਭੋਂ ਦੀ ਹੱਥ-ਬਦਲੀ ਨਿਰਭਰ ਸਨ। ਗੋਤਰੀ ਜਥੇਬੰਦੀ ਦੇ ਜੀਅ ਸਾਂਝੇ ਮਾਮਲਿਆਂ ਵੱਲ ਧਿਆਨ ਦੇਣ ਲਈ ਹੁਣ ਇਕੱਠੇ ਨਹੀਂ ਸਨ ਹੋ ਸਕਦੇ, ਕੇਵਲ ਨਿੱਕੀ ਮੋਟੀ ਮਹੱਤਤਾ ਵਾਲ਼ੇ ਮਾਮਲੇ, ਜਿਹਾ ਕਿ ਧਾਰਮਿਕ ਰਸਮਾਂ, ਅਜੇ ਤੱਕ ਕਾਇਮ ਸਨ, ਉਹ ਵੀ ਬੇਦਲੀਲੇ ਢੰਗ ਨਾਲ਼। ਉਹਨਾਂ ਲੋੜਾਂ ਅਤੇ ਹਿੱਤਾਂ ਤੋਂ ਬਿਨਾਂ ਜਿਨ੍ਹਾਂ ਲਈ ਗੋਤਰੀ ਸੰਸਥਾਵਾਂ ਥਾਪੀਆਂ ਗਈਆਂ ਅਤੇ ਜਿਨ੍ਹਾਂ ਦਾ ਧਿਆਨ ਰੱਖਣ ਦੇ ਉਹ ਯੋਗ ਸਨ, ਉਪਜੀਵਕਾ

* “ਤੇਰੀ ਇਹ ਇੱਛਾ ਸੀ, ਗਿਅਰਗੇਜ਼ ਦਾਨਦਿਨ!” ਇਹ ਵਾਕੰਸ਼ ਮੋਲੀਅਰ ਦੇ ਨਾਟਕ “ਗਿਅਰਗੇਜ਼ ਦਾਨਦਿਨ” ਵਿੱਚੋਂ ਲਿਆ ਗਿਆ ਹੈ। **—ਸੰਪਾ.**

** ਏਥਨਜ਼ ਵਿੱਚ ਗ਼ੁਲਾਮਾਂ ਦੀ ਗਿਣਤੀ ਲਈ ਵੇਖੋ ਪਿੱਛੇ, ਪੰਨਾ 279। ਕੋਰਿੰਥ ਵਿਖੇ ਸ਼ਹਿਰ ਦੇ ਸਿਖਰਲੇ ਉਭਾਰ ਸਮੇਂ ਇਹ 4,60,000 ਸੀ, ਈਗੀਨਾ ਵਿਖੇ ਇਹ 4,70,000 ਸੀ, ਦੋਹਾਂ ਵਿੱਚ ਆਜ਼ਾਦ ਲੋਕਾਂ ਦੀ ਗਿਣਤੀ ਦਾ ਦਸ ਗੁਣਾ।

ਕਮਾਉਣ ਦੀਆਂ ਨਵੀਆਂ ਪ੍ਰਸਥਿਤੀਆਂ ਵਿਚ ਆਈ ਕਾਇਆ-ਪਲਟ ਅਤੇ ਉਹਦੇ ਸਿੱਟੇ ਵਜੋਂ ਸਮਾਜੀ ਬਣਤਰ ਵਿੱਚ ਆਈ ਤਬਦੀਲੀ ਦੇ ਸਿੱਟੇ ਵਜੋਂ ਨਵੀਆਂ ਲੋੜਾਂ ਅਤੇ ਹਿੱਤ ਪੈਦਾ ਹੋ ਗਏ ਸਨ। ਇਹ ਨਵੀਂਆਂ ਲੋੜਾਂ ਅਤੇ ਹਿੱਤ ਨਾ ਕੇਵਲ ਪੁਰਾਣੀ ਗੋਤਰੀ ਬਣਤਰ ਲਈ ਓਪਰੇ ਸਨ ਸਗੋਂ ਹਰ ਤਰ੍ਹਾਂ ਇਹਦੇ ਰਾਹ ਵਿੱਚ ਰੋਕ ਪਾਉਂਦੇ। ਕਿਰਤ ਦੀ ਵੰਡ ਨੇ ਦਸਤਕਾਰਾਂ ਦੀਆਂ ਜਿਹੜੀਆਂ ਟੋਲੀਆਂ ਪੈਦਾ ਕੀਤੀਆਂ ਉਹਨਾਂ ਅਤੇ ਪਿੰਡਾਂ ਦੇ ਮੁਕਾਬਲੇ ਉੱਤੇ ਸ਼ਹਿਰਾਂ ਦੀਆਂ ਵਿਸੇਸ਼ ਲੋੜਾਂ ਲਈ ਨਵੀਆਂ ਸੰਸਥਾਵਾਂ ਦੀ ਲੋੜ ਸੀ; ਪਰ ਇਹਨਾਂ ਵਿੱਚੋਂ ਹਰ ਇੱਕ ਟੋਲੀ ਵੱਖ ਵੱਖ ਗੋਤਾਂ, ਬਰਾਦਰੀਆਂ ਅਤੇ ਕਬੀਲਿਆਂ ਦੇ ਲੋਕਾਂ, ਜੀਆਂ ਤੋਂ ਬਣਦੀ ਸੀ; ਉਹਨਾਂ ਵਿੱਚ ਤਾਂ ਗ਼ੈਰ-ਸ਼ਹਿਰੀ ਵੀ ਸ਼ਾਮਲ ਸਨ। ਸੋ, ਇਹ ਲਾਜ਼ਮੀ ਸੀ ਕਿ ਨਵੀਆਂ ਸੰਸਥਾਵਾਂ ਲਾਜ਼ਮੀ ਤੌਰ ’ਤੇ ਗੋਤਰੀ ਪ੍ਰਣਾਲੀ ਤੋਂ ਬਾਹਰ, ਇਹਦੇ ਨਾਲ਼ ਨਾਲ਼, ਅਤੇ ਇਹਦਾ ਅਰਥ ਸੀ, ਇਹਦੇ ਵਿਰੁੱਧ ਰੂਪ ਧਾਰਨ ਅਤੇ ਫੇਰ ਹਰ ਗੋਤਰੀ ਜਥੇਬੰਦੀ ਵਿੱਚ ਹਿੱਤਾਂ ਦੀ ਟੱਕਰ ਅਮੀਰਾਂ ਅਤੇ ਗ਼ਰੀਬਾਂ, ਸੂਦਖ਼ੋਰਾਂ ਅਤੇ ਦੇਣਦਾਰਾਂ ਨੂੰ ਇੱਕ ਗੋਤ ਅਤੇ ਕਬੀਲੇ ਵਿੱਚ ਇਕੱਠਾ ਕਰਕੇ ਆਪਣਾ ਪ੍ਰਗਟਾਅ ਕਰਦੀ ਅਤੇ ਸਿਖਰ ਉਤੇ ਅਪੜਦੀ। ਫੇਰ ਨਵੇਂ ਵਸਨੀਕਾਂ ਦਾ ਸਮੂਹ ਸੀ, ਜਿਹੜੇ ਗੋਤਰੀ ਸਬੰਧਾਂ ਲਈ ਓਪਰੇ ਸਨ, ਜਿਹੜੇ, ਜਿਵੇਂ ਕਿ ਰੋਮ ਵਿੱਚ ਹੋਇਆ, ਦੇਸ਼ ਵਿੱਚ ਇੱਕ ਸ਼ਕਤੀ ਬਣ ਸਕਦੇ ਸਨ ਅਤੇ ਉਹਨਾਂ ਦੀ ਗਿਣਤੀ ਹੌਲ਼ੀ ਹੌਲ਼ੀ ਖ਼ੂਨ ਦੇ ਸਾਕੇਦਾਰ ਗੋਤਾਂ ਅਤੇ ਕਬੀਲਿਆਂ ਵੱਲੋਂ ਸਮੋ ਲੈਣ ਲਈ ਬਹੁਤ ਵੱਡੀ ਸੀ। ਗੋਤਰੀ ਸੰਸਥਾਵਾਂ ਇਹਨਾਂ ਸਮੂਹਾਂ ਦੇ ਸਨਮੁਖ ਅਨੰਨ, ਵਿਸ਼ੇਸ਼-ਅਧਿਕਾਰ ਪ੍ਰਾਪਤ ਸੰਸਥਾਵਾਂ ਵਜੋਂ ਆਈਆਂ; ਜੋ ਕੁੱਝ ਆਦਿ ਵਿੱਚ ਇੱਕ ਸੁਭਾਵਕ ਤੌਰ ’ਤੇ ਉੱਭਰੀ ਜਮਹੂਰੀਅਤ ਸੀ ਉਹ ਇੱਕ ਘ੍ਰਿਣਤ ਅਮੀਰ-ਸ਼ਾਹੀ ਵਿੱਚ ਤਬਦੀਲ ਹੋ ਗਈ। ਅੰਤ ਗੋਤਰੀ ਪ੍ਰਣਾਲੀ ਇੱਕ ਅਜਿਹੇ ਸਮਾਜ ਵਿੱਚ ਉੱਭਰੀ ਸੀ ਜਿਸ ਵਿੱਚ ਕੋਈ ਅੰਦਰਲੇ ਵਿਰੋਧ ਨਹੀਂ ਸਨ, ਅਤੇ ਕੇਵਲ ਅਜਿਹੇ ਸਮਾਜ ਦੀ ਹੀ ਅਨੁਸਾਰੀ ਸੀ। ਲੋਕ ਰਾਏ ਤੋਂ ਬਿਨਾਂ ਇਹਦੇ ਕੋਲ਼ ਦਬਾਅ ਪਾਉਣ ਦਾ ਕੋਈ ਸਾਧਨ ਨਹੀਂ ਸੀ। ਪਰ ਹੁਣ ਇੱਕ ਅਜਿਹਾ ਸਮਾਜ ਹੋਂਦ ਵਿੱਚ ਆ ਗਿਆ ਸੀ, ਜਿਹੜਾ ਹੋਂਦ ਦੀਆਂ ਆਪਣੀਆਂ ਆਰਥਕ ਪ੍ਰਸਥਿਤੀਆਂ ਦੇ ਬਲ ਕਾਰਨ ਆਜ਼ਾਦ ਲੋਕਾਂ ਅਤੇ ਗ਼ੁਲਾਮਾਂ ਵਿੱਚ, ਲੁੱਟ-ਚੋਂਘ ਕਰਨ ਵਾਲ਼ਿਆਂ ਅਤੇ ਲੁੱਟੇ-ਪੁਟੇ ਜਾਂਦਿਆਂ ਵਿਚਕਾਰ ਵੰਡਿਆ ਜਾਣਾ ਹੀ ਸੀ; ਇੱਕ ਅਜਿਹਾ ਸਮਾਜ ਜਿਹੜਾ ਨਾ ਕੇਵਲ ਇਹਨਾਂ ਵਿਰੋਧਾਂ ਨੂੰ ਸੁਮੇਲਣ ਦੇ ਹੀ ਨਿਰਯੋਗ ਸੀ ਸਗੋਂ ਜਿਸਨੇ ਇਹਨਾਂ ਨੂੰ ਸਦਾ ਵਧੇਰੇ ਤੀਖਣਤਾ ਵੱਲ ਪੁਚਾਉਣਾ ਸੀ। ਅਜਿਹੇ ਸਮਾਜ ਦੀ ਹੋਂਦ ਜਾਂ ਤਾਂ ਇਹਨਾਂ ਸ਼੍ਰੇਣੀਆਂ ਦੇ ਇੱਕ ਦੂਜੇ ਵਿਰੁੱਧ ਲਗਾਤਾਰ, ਖੁੱਲ੍ਹੇ ਘੋਲ਼ ਦੇ ਰੂਪ ਵਿੱਚ ਹੋ ਸਕਦੀ ਸੀ, ਜਾਂ ਕਿਸੇ ਤੀਜੀ ਸ਼ਕਤੀ ਦੀ ਹਕੂਮਤ ਅਧੀਨ, ਜਿਹੜੀ ਵੇਖਣ ਨੂੰ ਇਹਨਾਂ ਇੱਕ ਦੂਜੇ ਨਾਲ਼ ਜੂਝ ਰਹੀਆਂ ਜਮਾਤਾਂ ਤੋਂ ਉੱਪਰ ਖੜੀ, ਉਹਨਾਂ ਦੀ ਖੁੱਲੀ ਟੱਕਰ ਨੂੰ ਦਬਾਉਂਦੀ ਅਤੇ ਵਧ ਤੋਂ ਵੱਧ ਆਰਥਕ ਘੋਲ਼ ਵਿੱਚ, ਅਖੌਤੀ ਕਾਨੂੰਨੀ ਰੂਪ ਵਿੱਚ, ਇਸ ਜਮਾਤੀ ਘੋਲ਼ ਦੀ ਇਜਾਜ਼ਤ ਦੇਂਦੀ। ਗੋਤਰੀ ਪ੍ਰਣਾਲੀ ਆਪਣੀ ਕਾਰਗਰਤਾ ਦਾ ਸਮਾਂ ਪੁਗਾ ਚੁੱਕੀ ਸੀ। ਇਹਨੂੰ ਕਿਰਤ ਦੀ ਵੰਡ ਅਤੇ ਇਹਦੇ ਸਿੱਟੇ, ਸਮਾਜ ਦੀ ਸ਼੍ਰੇਣੀਆਂ ਵਿੱਚ ਵੰਡ, ਨੇ ਤੋੜ ਫੋੜ ਦਿੱਤਾ। ਇਹਦੀ ਥਾਂ **ਰਾਜ** ਨੇ ਲੈ ਲਈ।

* * *

ਉੱਪਰ ਅਸਾਂ ਉਹਨਾਂ ਤਿੰਨਾਂ ਮੁੱਖ ਰੂਪਾਂ ਵਿੱਚੋਂ ਹਰ ਇੱਕ ਉਤੇ ਵਿਚਾਰ ਕੀਤੀ ਹੈ ਜਿਸ ਅਨੁਸਾਰ ਗੋਤਰੀ ਪ੍ਰਣਾਲੀ ਦੇ ਖੰਡਰਾਂ ਉਤੇ ਰਾਜ ਉਸਾਰਿਆ ਗਿਆ। ਏਥਨਜ਼ ਸਭ ਤੋਂ ਖ਼ਾਲਸ ਕਲਾਸਿਕੀ ਰੂਪ ਦੀ ਪ੍ਰਤਿਨਿੱਧਤਾ ਕਰਦਾ ਹੈ। ਇਥੇ ਰਾਜ ਗੋਤਰੀ ਸਮਾਜ ਅੰਦਰ ਸ਼੍ਰੇਣੀ ਵਿਰੋਧਾਂ ਤੋਂ ਸਿੱਧੀ ਤਰ੍ਹਾਂ ਅਤੇ ਮੁੱਖ ਰੂਪ ਵਿੱਚ ਉਭੱਰਿਆ। ਰੋਮ ਵਿੱਚ ਗੋਤਰੀ ਸਮਾਜ ਅਨੇਕ ਲੰਡੀ-ਬੁੱਚੀ ਵਿਚਕਾਰ ਇੱਕ ਅਨੰਨ ਅਮੀਰ-ਸ਼ਾਹੀ ਬਣ ਗਿਆ, ਇਹ ਲੰਡੀ-ਬੁੱਚੀ ਇਸ ਤੋਂ ਬਾਹਰ ਖੜੀ ਸੀ, ਇਹਦੇ ਕੇਵਲ ਫ਼ਰਜ਼ ਸਨ ਅਤੇ ਕੋਈ ਹੱਕ ਨਹੀਂ ਸਨ। ਲੰਡੀ-ਬੁੱਚੀ ਦੀ ਜਿੱਤ ਨੇ ਪੁਰਾਣੀ ਗੋਤਰੀ ਪ੍ਰਣਾਲੀ ਨੂੰ ਤੋੜ ਫੋੜ ਦਿੱਤਾ ਅਤੇ ਇਹਦੇ ਖੰਡਰਾਂ ਉਤੇ ਰਾਜ ਖੜਾ ਕੀਤਾ, ਜਿਸ ਵਿੱਚ ਗੋਤਰੀ ਅਮੀਰ-ਸ਼ਾਹੀ ਅਤੇ ਲੰਡੀ-ਬੁੱਚੀ ਦੋਵੇਂ ਛੇਤੀ ਹੀ ਪੂਰੀ ਤਰ੍ਹਾਂ ਜਜ਼ਬ ਹੋ ਗਏ। ਅੰਤ, ਰੋਮ ਦੀ ਸਲਤਨਤ ਨੂੰ ਜਿੱਤਣ ਵਾਲ਼ੇ ਜਰਮਨਾਂ ਵਿੱਚ ਰਾਜ ਸਿੱਧੀ ਤਰ੍ਹਾਂ ਵੱਡੇ ਵਿਦੇਸ਼ੀ ਇਲਾਕੇ ਜਿੱਤਣ ਕਾਰਨ, ਜਿਨ੍ਹਾਂ ਉੱਤੇ ਹਕੂਮਤ ਕਰਨ ਦਾ ਗੋਤਰੀ ਪ੍ਰਣਾਲੀ ਕੋਲ਼ ਕੋਈ ਸਾਧਨ ਨਹੀਂ ਸੀ, ਪੈਦਾ ਹੋਇਆ। ਕਿਉਂਕਿ ਇਸ ਜਿੱਤ ਲਈ ਪੁਰਾਣੀ ਵਸੋਂ ਨਾਲ਼ ਗੰਭੀਰ ਘੋਲ਼ ਜਾਂ ਕਿਰਤ ਦੀ ਵਧੇਰੇ ਉੱਨਤ ਵੰਡ ਦੀ ਲੋੜ ਨਹੀਂ ਸੀ ਅਤੇ ਕਿਉਂਕਿ ਜੇਤੂ ਅਤੇ ਜਿੱਤੇ ਗਏ ਆਰਥਕ ਵਿਕਾਸ ਦੇ ਲਗ ਭਗ ਇੱਕੋ ਹੀ ਪੜਾਅ ਉੱਤੇ ਸਨ, ਇਸ ਲਈ ਸਮਾਜ ਦਾ ਆਰਥਕ ਆਧਾਰ ਪਹਿਲਾਂ ਵਾਲ਼ਾ ਹੀ ਰਿਹਾ, ਇਸ ਲਈ, ਗੋਤਰੀ ਪ੍ਰਣਾਲੀ ਸਦੀਆਂ ਤੱਕ ਬਦਲੇ ਹੋਏ ਰੂਪ, ਇਲਾਕਾਈ ਰੂਪ ਵਿੱਚ ਜਾਰੀ ਰਹੀ, ਮਾਰਕ ਦੀ ਪ੍ਰਣਾਲੀ ਦੇ ਰੂਪ ਵਿੱਚ ਅਤੇ ਇਥੋਂ ਤੱਕ ਕਿ ਇਹਨੇ ਕਮਜ਼ੋਰ ਹੋਏ ਰੂਪ ਵਿੱਚ ਆਪਣੇ ਆਪ ਨੂੰ ਪਿਛੋਂ ਦੇ ਵਰ੍ਹਿਆਂ ਵਿੱਚ ਰਾਠ ਅਤੇ ਕੁਲੀਨ ਘਰਾਣਿਆਂ ਵਿੱਚ ਅਤੇ, ਜਿਹਾ ਕਿ ਡਿਥਮਾਰਸ਼ਨ ਵਿੱਚ ਹੋਇਆ, ਕਿਸਾਨ ਘਰਾਣਿਆਂ ਵਿੱਚ ਵੀ ਸੁਰਜੀਤ ਕੀਤਾ।*

ਇਸ ਲਈ, ਰਾਜ ਕੋਈ ਅਜਿਹੀ ਸ਼ਕਤੀ ਨਹੀਂ ਜਿਹੜੀ ਸਮਾਜ ਉੱਤੇ ਬਾਹਰੋਂ ਠੋਸੀ ਗਈ ਹੋਵੇ; ਐਨ ਉਸੇ ਤਰ੍ਹਾਂ ਇਹ "ਸਦਾਚਾਰਕ ਵਿਚਾਰ ਦਾ ਯਥਾਰਥ" ਅਤੇ "ਤਰੱਕ ਦਾ ਯਥਾਰਥ ਤੇ ਬਿੰਬ" ਜਿਵੇਂ ਹੀਗਲ[48] ਦਾਅਵਾ ਕਰਦਾ ਹੈ, ਉੱਕਾ ਹੀ ਨਹੀਂ। ਸਗੋਂ ਇਹ ਉਹਦੇ ਵਿਕਾਸ ਦੇ ਇੱਕ ਖ਼ਾਸ ਪੜਾਅ ਉੱਤੇ ਸਮਾਜ ਦੀ ਇੱਕ ਉਪਜ ਹੈ; ਇਹ ਇਸ ਗੱਲ ਦਾ ਇਕਬਾਲ ਹੈ ਕਿ ਇਹ ਸਮਾਜ ਆਪਣੇ ਆਪ ਵਿੱਚ ਇੱਕ ਹੱਲ ਨਾ ਹੋ ਸਕਣ ਵਾਲ਼ੇ ਵਿਰੋਧ ਵਿੱਚ ਫਸ ਗਿਆ ਹੈ, ਇਹ ਸਮਝੋਤਾ-ਰਹਿਤ ਵਿਰੋਧਾਂ ਕਾਰਨ, ਜਿਨ੍ਹਾਂ ਨੂੰ ਦੂਰ ਕਰਨੋਂ ਇਹ ਅਸਮਰਥ ਹੈ, ਲੀਰੋ ਲੀਰ ਹੋਇਆ ਹੋਇਆ ਹੈ। ਪਰ ਇਸ ਮੰਤਵ ਲਈ ਕਿ ਇਹ ਵਿਰੋਧ, ਟਕਰਾਉਂਦੇ ਆਰਥਿਕ ਹਿੱਤਾਂ ਵਾਲ਼ੀਆਂ ਸ਼੍ਰੇਣੀਆਂ, ਇੱਕ ਨਿਪੁੰਸਕ ਘੋਲ਼ ਵਿੱਚ ਆਪਣੇ ਆਪ ਨੂੰ ਅਤੇ ਸਮਾਜ ਨੂੰ ਤਬਾਹ ਨਾ ਕਰ ਦੇਣ, ਇਸ ਟੱਕਰ ਨੂੰ ਨਰਮ ਬਣਾਉਣ, ਇਹਨੂੰ "ਪ੍ਰਬੰਧ" ਦੀਆਂ ਹੱਦਾਂ ਦੇ ਅੰਦਰ ਰੱਖਣ ਲਈ ਇੱਕ ਅਜਿਹੀ ਸ਼ਕਤੀ ਲੋੜੀਂਦੀ ਹੋ

* ਗੋਤ ਦੇ ਖ਼ਾਸੇ ਦੀ ਸੋਝੀ ਰੱਖਣ ਵਾਲ਼ਾ ਪਹਿਲਾ ਇਤਿਹਾਸਕਾਰ ਨੀਬੂਹਰ ਸੀ ਕਿਉਂਕਿ ਉਹਨੂੰ ਡਿਥਮਾਰਸ਼ਿਆਈ[47] ਟੱਬਰਾਂ ਦਾ ਗਿਆਨ ਸੀ—ਪਰ, ਇਹੋ ਉਹਦੀ ਗ਼ਲਤੀ ਦਾ ਕਾਰਨ ਹੈ, ਜਿਹੜੀ ਉਸਨੇ ਉਹਨਾਂ ਤੋਂ ਮਸ਼ੀਨੀ ਢੰਗ ਨਾਲ਼ ਨਕਲ ਕੀਤੀ। **—ਸੰਪਾ.**

ਗਈ ਜਿਹੜੀ ਵੇਖਣ ਨੂੰ ਸਮਾਜ ਤੋਂ ਉੱਪਰ ਖੜੀ ਸੀ ਅਤੇ ਇਹ ਸ਼ਕਤੀ, ਜਿਹੜੀ ਸਮਾਜ ਦੇ ਵਿੱਚੋਂ ਪੈਦਾ ਹੋਈ ਸੀ, ਪਰ ਜਿਸਨੇ ਆਪਣੇ ਆਪ ਨੂੰ ਇਸ ਤੋਂ ਉੱਪਰ ਖੜਾ ਕਰ ਲਿਆ ਅਤੇ ਸਦਾ ਵਧੇਰੇ ਇਸ ਤੋਂ ਵੱਖ ਹੁੰਦੀ ਗਈ, ਰਾਜ ਹੈ।

ਪੁਰਾਣੀ ਗੋਤਰੀ ਜਥੇਬੰਦੀ ਤੋਂ ਵੱਖ ਰਾਜ ਪਹਿਲਾਂ ਆਪਣੀ ਪਰਜਾ ਨੂੰ **ਇਲਾਕੇ ਅਨੁਸਾਰ ਵੰਡਦਾ** ਹੈ। ਜਿਹਾ ਕਿ ਅਸੀਂ ਵੇਖਿਆ ਹੈ, ਪੁਰਾਣੇ ਗੋਤਰੀ ਸਬੰਧ, ਜਿਹੜੇ ਖ਼ੂਨ ਦੇ ਰਿਸ਼ਤਿਆਂ ਦੇ ਆਧਾਰ ਉੱਤੇ ਉਸਰੇ ਸਨ ਅਤੇ ਉਹਨਾਂ ਰਾਹੀਂ ਹੀ ਜੋੜੇ ਹੋਏ ਸਨ, ਨਾਕਾਫ਼ੀ ਹੋ ਗਏ, ਵਧੇਰੇ ਇਸ ਕਰਕੇ ਕਿ ਉਹ ਪਹਿਲਾਂ ਹੀ ਇਹ ਮਿੱਥ ਲੈਂਦੇ ਸਨ, ਕਿ ਇਹਦੇ ਮੈਂਬਰ ਇੱਕ ਮਿੱਥੇ ਇਲਾਕੇ ਨਾਲ਼ ਜੁੜੇ ਹੋਏ ਹਨ, ਇਹ ਇੱਕ ਅਜਿਹੀ ਕੜੀ ਸੀ ਜਿਸਦੀ ਹੋਂਦ ਬੜੇ ਸਮੇਂ ਤੋਂ ਨਹੀਂ ਸੀ ਰਹੀ। ਇਲਾਕਾ ਕਾਇਮ ਰਿਹਾ ਪਰ ਵਸੋਂ ਵਧੇਰੇ ਫਿਰਤੂ ਹੋ ਗਈ ਸੀ। ਸੋ, ਇਲਾਕੇ ਅਨੁਸਾਰ ਵੰਡ ਮੁੱਢ ਦਾ ਨੁਕਤਾ ਬਣਾਇਆ ਗਿਆ ਅਤੇ ਸ਼ਹਿਰੀਆਂ ਨੂੰ, ਗੋਤ ਜਾਂ ਕਬੀਲੇ ਨੂੰ ਮੁੱਖ ਰਖੇ ਬਿਨਾਂ, ਆਪਣੇ ਸਰਵਜਨਕ ਹਕ ਅਤੇ ਫ਼ਰਜ਼ ਆਪਣੇ ਵਸੇਬੇ ਦੀ ਥਾਂ ਅਨੁਸਾਰ ਵਰਤਣ ਦੀ ਆਗਿਆ ਦੇ ਦਿੱਤੀ ਗਈ। ਇਲਾਕੇ ਅਨੁਸਾਰ ਵਸੋਂ ਦੀ ਵੰਡ ਸਭਨਾਂ ਰਾਜਾਂ ਦਾ ਸਾਂਝਾਂ ਲੱਛਣ ਹੈ। ਇਸੇ ਲਈ ਸਾਨੂੰ ਇਹ ਸੁਭਾਵਕ ਜਾਪਦੀ ਹੈ, ਪਰ ਅਸੀਂ ਵੇਖਿਆ ਹੈ ਕਿ, ਏਥਨਜ਼ ਅਤੇ ਰੋਮ ਵਿੱਚ, ਇਹਦੇ ਗੋਤਾਂ ਅਨੁਸਾਰ ਵੰਡ ਦੀ ਥਾਂ ਲੈਣ ਲਈ ਲੰਮੇ ਅਤੇ ਕਰੜੇ ਘੋਲ਼ਾਂ ਦੀ ਲੋੜ ਸੀ।

ਦੂਜਾ ਹੈ ਕਿ **ਸਰਵਜਨਕ ਸ਼ਕਤੀ** ਦਾ ਸਥਾਪਤ ਹੋਣਾ ਜਿਹੜੀ ਹੁਣ ਵਸੋਂ ਨੂੰ ਇੱਕ ਹਥਿਆਰਬੰਦ ਸ਼ਕਤੀ ਵਜੋਂ ਆਪਣੇ ਆਪ ਨੂੰ ਜੱਥੇਬੰਦ ਕਰਨ ਨਾਲ਼ ਸਗਵੀਂ ਨਹੀਂ। ਇਸ ਵਿਸ਼ੇਸ਼ ਸਰਵਜਨਕ ਸ਼ਕਤੀ ਦੀ ਲੋੜ ਹੈ ਕਿਉਂਕਿ ਸ਼੍ਰੇਣੀਆਂ ਵਿੱਚ ਪਾੜ ਤੋਂ ਪਿਛੋਂ ਵਸੋਂ ਦੀ ਆਪਣੇ ਆਪ ਅਮਲ ਕਰ ਵਾਲ਼ੀ ਜੱਥੇਬੰਦੀ ਅਸੰਭਵ ਹੋ ਗਈ ਹੈ। ਗ਼ੁਲਾਮ ਵੀ ਵਸੋਂ ਦਾ ਹਿੱਸਾ ਸਨ; ਏਥਨਜ਼ ਦੇ 90,000 ਸ਼ਹਿਰੀ 3,65,000 ਗ਼ੁਲਾਮਾਂ ਦੇ ਮੁਕਾਬਲੇ ਉੱਤੇ ਇੱਕ ਵਿਸ਼ੇਸ਼-ਅਧਿਕਾਰਾਂ ਵਾਲ਼ੀ ਜਮਾਤ ਹੀ ਬਣਦੇ ਸਨ। ਏਥਨਜ਼ ਦੀ ਜਮਹੂਰੀਅਤ ਦੀ ਜਨਤਕ ਫ਼ੌਜ ਗ਼ੁਲਾਮਾਂ ਵਿਰੁੱਧ ਇੱਕ ਸਰਵਜਨਕ ਅਮੀਰ-ਸ਼ਾਹੀ ਸ਼ਕਤੀ ਹੀ ਸੀ, ਜਿਨ੍ਹਾਂ ਨੂੰ ਉਹ ਦਬਾ ਕੇ ਰੱਖਦੀ; ਪਰ, ਜਿਹਾ ਕਿ ਉਪਰ ਦੱਸਿਆ ਜਾ ਚੁੱਕਾ ਹੈ, ਸ਼ਹਿਰੀਆਂ ਨੂੰ ਹੱਦਾਂ ਅੰਦਰ ਰੱਖਣ ਲਈ ਵੀ ਇੱਕ ਹਥਿਆਰਬੰਦ ਪੁਲੀਸ ਦੀ ਲੋੜ ਪਈ। ਇਸ ਸਰਵਜਨਕ ਸ਼ਕਤੀ ਦੀ ਹਰ ਰਾਜ ਵਿੱਚ ਹੋਂਦ ਹੈ; ਇਹ ਕੇਵਲ ਹਥਿਆਰਬੰਦ ਲੋਕ ਹੀ ਨਹੀਂ ਸਗੋਂ ਪਦਾਰਥਕ ਵਾਧੇ, ਜੇਲ੍ਹਾਂ ਅਤੇ ਹਰ ਤਰ੍ਹਾਂ ਦੇ ਜਬਰ ਦੇ ਸਾਧਨ, ਵੀ ਹਨ, ਜਿਨ੍ਹਾਂ ਤੋਂ ਗੋਤਰੀ ਸਮਾਜ ਉੱਕਾ ਹੀ ਅਣਜਾਣ ਸੀ। ਜਿਨ੍ਹਾਂ ਸਮਾਜਾਂ ਵਿੱਚ ਅਜੇ ਸ਼੍ਰੇਣੀ ਵਿਰੋਧ ਅਣ-ਵਿਕਸਤ ਹਨ ਜਾਂ ਦੁਰਾਡੀਆਂ ਥਾਵਾਂ ਉੱਤੇ, ਜਿਹਾ ਕਿ ਕੁੱਝ ਸਮਿਆਂ ’ਤੇ ਕੁੱਝ ਖੇਤਰਾਂ ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਹੋਇਆ, ਇਹ ਉੱਕਾ ਹੀ ਨਿਗੂਣੇ, ਲਗਭਗ ਨਾ ਹੋਣ ਦੇ ਬਰਾਬਰ ਹੋ ਸਕਦੇ ਹਨ। ਜਿਸ ਨਿਸਬਤ ਨਾਲ਼ ਰਾਜ ਦੇ ਅੰਦਰ ਸ਼੍ਰੇਣੀ ਵਿਰੋਧ ਵਧੇਰੇ ਤਿੱਖੇ ਹੋ ਜਾਂਦੇ ਹਨ ਅਤੇ ਗਵਾਂਢਲੇ ਰਾਜ ਵਡੇਰੇ ਅਤੇ ਵਧੇਰੇ ਵਸੋਂ ਵਾਲ਼ੇ ਹੋ ਜਾਂਦੇ ਹਨ, ਉਸੇ ਨਿਸਬਤ ਨਾਲ਼ ਇਹ ਵਧੇਰੇ ਬਲਵਾਨ ਹੁੰਦਾ ਹੈ। ਸਾਡੇ ਲਈ ਕੇਵਲ ਅਜੋਕੇ ਯੂਰਪ ਨੂੰ ਵੇਖਣਾ ਕਾਫ਼ੀ ਹੈ, ਜਿਥੇ ਸ਼੍ਰੇਣੀ

ਵਿਰੋਧਾਂ ਅਤੇ ਜਿੱਤਾਂ ਵਿੱਚ ਮੁਕਾਬਲੇ ਨੇ ਸਰਵਜਨਕ ਸ਼ਕਤੀ ਨੂੰ ਇਸ ਹੱਦ ਤੱਕ ਤਿੱਖਾ ਕਰ ਦਿੱਤਾ ਹੈ ਕਿ ਇਹ ਸਮੁੱਚੇ ਸਮਾਜ ਅਤੇ ਇਥੋਂ ਤੱਕ ਕਿ ਰਾਜ ਨੂੰ ਹੜੱਪ ਕਰ ਜਾਣ ਦਾ ਖ਼ਤਰਾ ਬਣ ਗਈ ਹੈ।

ਇਸ ਸਰਵਜਨਕ ਸ਼ਕਤੀ ਨੂੰ ਕਾਇਮ ਰੱਖਣ ਲਈ, ਸ਼ਹਿਰੀਆਂ ਵਲੋਂ ਦੇਣ ਜ਼ਰੂਰੀ ਬਣ ਜਾਂਦੀ ਹੈ—**ਟੈਕਸ**। ਗੋਤਰੀ ਸਮਾਜ ਵਿੱਚ ਇਹ ਉੱਕਾ ਹੀ ਅਣਜਾਣੇ ਹੁੰਦੇ ਹਨ; ਪਰ ਅੱਜ ਅਸੀਂ ਉਹਨਾਂ ਸਬੰਧੀ ਚੋਖਾ ਜਾਣਦੇ ਹਾਂ। ਜਿਉਂ ਜਿਉਂ ਸੱਭਿਅਤਾ ਉੱਨਤੀ ਕਰਦੀ ਹੈ, ਇਹ ਟੈਕਸ ਨਾਕਾਫ਼ੀ ਹੋ ਜਾਂਦੇ ਹਨ; ਰਾਜ ਭਵਿੱਖ ’ਤੇ ਹੁੰਡੀਆਂ ਜਾਰੀ ਕਰਨਾ ਸ਼ੁਰੂ ਕਰ ਦੇਂਦਾ ਹੈ, ਉਹ ਕਰਜ਼ੇ ਲੈਂਦਾ ਹੈ, **ਰਾਜਕੀ ਕਰਜ਼ੇ।** ਬੁੱਢਾ ਯੂਰਪ ਇਸ ਸਬੰਧੀ ਲੰਮੀ ਕਥਾ ਸੁਣਾ ਸਕਦਾ ਹੈ।

ਸਰਵਜਨਕ ਸ਼ਕਤੀ ’ਤੇ ਕਾਬਜ਼ ਹੋ ਕੇ ਅਤੇ ਟੈਕਸ ਲਾਗੂ ਕਰਨ ਦਾ ਅਖ਼ਤਿਆਰ ਪ੍ਰਾਪਤ ਕਰਕੇ ਅਧਿਕਾਰੀ, ਸਮਾਜ ਦੇ ਅੰਗਾਂ ਦੇ ਰੂਪ ਵਿੱਚ, ਹੁਣ ਸਮਾਜ **ਤੋਂ ਉੱਪਰ** ਖੜੇ ਹੁੰਦੇ ਹਨ। ਜੇ ਉਹ ਇਹਨੂੰ ਪ੍ਰਾਪਤ ਕਰ ਵੀ ਸਕਦੇ ਤਾਂ ਪੁਰਾਣੇ ਗੋਤਰੀ ਪ੍ਰਣਾਲੀ ਦੇ ਅੰਗਾਂ ਨੂੰ ਜਿਹੜਾ ਆਜ਼ਾਦ, ਸਵੈ-ਇੱਛਕ ਸਤਿਕਾਰ ਪ੍ਰਾਪਤ ਸੀ ਉਹ ਉਹਨਾਂ ਦੀ ਤਸੱਲੀ ਨਹੀਂ ਕਰਦਾ; ਕਿਉਂਕਿ ਉਹ ਇੱਕ ਅਜਿਹੀ ਸ਼ਕਤੀ ਦੇ ਸਾਧਨ ਹਨ ਜਿਹੜੀ ਸਮਾਜ ਲਈ ਓਪਰੀ ਬਣਦੀ ਜਾ ਰਹੀ ਹੈ, ਉਹਨਾਂ ਲਈ ਸਤਿਕਾਰ ਅਸਾਧਾਰਨ ਕਾਨੂੰਨਾਂ ਰਾਹੀਂ ਲਾਗੂ ਕੀਤਾ ਜਾਂਦਾ ਹੈ, ਜਿਨ੍ਹਾਂ ਅਨੁਸਾਰ ਉਹਨਾਂ ਨੂੰ ਵਿਸ਼ੇਸ਼ ਪਵਿੱਤਰਤਾ ਅਤੇ ਅਖੰਡਤਾ ਪ੍ਰਾਪਤ ਹੋ ਜਾਂਦੀ ਹੈ। ਸੱਭਿਆ ਰਾਜ ਵਿੱਚ ਖੁੱਥੜ ਤੋਂ ਖੁੱਥੜ ਪੁਲਸੀ ਮੁਲਾਜ਼ਮ ਨੂੰ ਗੋਤਰੀ ਸਮਾਜ ਦੇ ਸਮੁੱਚੇ ਸਾਧਨਾਂ ਨਾਲ਼ੋਂ ਵਧੇਰੇ “ਅਧਿਕਾਰ” ਪ੍ਰਾਪਤ ਹੈ; ਪਰ ਅਤਿ-ਅੰਤ ਬਲਵਾਨ ਬਾਦਸ਼ਾਹ ਅਤੇ ਸਭ ਤੋਂ ਮਹਾਨ ਰਾਜ-ਨੇਤਾ ਜਾਂ ਜਰਨੈਲ ਉਸ ਜਬਰ ਤੋਂ ਬਿਨਾਂ ਪ੍ਰਾਪਤ ਕੀਤੇ ਅਤੇ ਅਵਿਵਾਦੀ ਸਤਿਕਾਰ ਉੱਤੇ ਈਰਖਾ ਕਰ ਸਕਦਾ ਹੈ ਜਿਹੜਾ ਸਭ ਤੋਂ ਨੀਵੇਂ ਗੋਤਰੀ ਮੁਖੀ ਨੂੰ ਦਿੱਤਾ ਜਾਂਦਾ ਹੈ। ਇੱਕ ਸਮਾਜ ਦੇ ਅੰਦਰ ਖੜਾ ਹੈ ਜਦੋਂ ਕਿ ਦੂਜਾ ਇਸ ਗੱਲ ਉੱਤੇ ਮਜਬੂਰ ਹੈ ਕਿ ਉਹ ਇਸ ਤੋਂ ਬਾਹਰ ਅਤੇ ਉੱਪਰ ਕਿਸੇ ਚੀਜ਼ ਦੀ ਪ੍ਰਤਿਨਿੱਧਤਾ ਕਰਨ ਦਾ ਯਤਨ ਕਰੇ।

ਕਿਉਂਕਿ ਰਾਜ ਦੀ ਹੋਂਦ ਸ਼੍ਰੇਣੀ ਵਿਰੋਧਾਂ ਨੂੰ ਰੋਕ ਦੇ ਅੰਦਰ ਰੱਖਣ ਤੋਂ ਹੋਈ, ਪਰ ਕਿਉਂਕਿ ਇਹ ਨਾਲ਼ ਹੀ ਨਾਲ਼ ਸ਼੍ਰੇਣੀਆਂ ਦੀਆਂ ਟੱਕਰਾਂ ਵਿੱਚੋਂ ਉਭਰਿਆ, ਇਹ , ਆਮ ਤੌਰ ’ਤੇ, ਸਭ ਤੋਂ ਵੱਧ ਬਲਵਾਨ, ਆਰਥਕ ਪੱਖੋਂ ਗ਼ਾਲਬ ਸ਼੍ਰੇਣੀ ਦਾ ਰਾਜ ਹੁੰਦਾ ਹੈ, ਜਿਹੜੀ ਰਾਜ ਦੇ ਸਾਧਨ ਰਾਹੀਂ, ਰਾਜਸੀ ਤੌਰ ’ਤੇ ਵੀ ਗ਼ਾਲਬ ਸ਼੍ਰੇਣੀ ਬਣ ਜਾਂਦੀ ਹੈ ਅਤੇ ਇਉਂ ਪਸਿੱਤੀ ਸ਼੍ਰੇਣੀ ਨੂੰ ਦਬਾ ਕੇ ਰੱਖਣ ਅਤੇ ਉਹਦੀ ਲੁੱਟ-ਚੋਂਘ ਕਰਨ ਦੇ ਨਵੇਂ ਸਾਧਨ ਪ੍ਰਾਪਤ ਕਰ ਲੈਂਦੀ ਹੈ। ਇਉਂ ਪ੍ਰਾਚੀਨ ਸਮੇਂ ਦਾ ਰਾਜ ਗ਼ੁਲਾਮਾਂ ਨੂੰ ਦਬਾ ਕੇ ਰੱਖਣ ਲਈ ਗ਼ੁਲਾਮਾਂ ਦੇ ਮਾਲਕਾਂ ਦਾ ਰਾਜ ਸੀ, ਜਿਵੇਂ ਸਾਮੰਤੀ ਰਾਜ ਕਿਸਾਨ ਖੇਤ-ਗ਼ੁਲਾਮਾਂ ਅਤੇ ਬਰਦਿਆਂ ਨੂੰ ਦਬਾ ਕੇ ਰੱਖਣ ਲਈ ਰਾਠਾਸ਼ਾਹੀ ਦਾ ਰਾਜ ਸੀ ਅਤੇ ਨਵੀਨ ਪ੍ਰਤਿਨਿੱਧ ਰਾਜ ਪੂੰਜੀ ਵੱਲੋਂ ਉਜਰਤੀ ਕਿਰਤ ਦੀ ਲੁੱਟ-ਚੋਂਘ ਕਰਨ ਦਾ ਸਾਧਨ ਹੈ। ਛੋਟ ਵਜੋਂ ਅਜਿਹੇ ਸਮੇਂ ਆਉਂਦੇ

ਹਨ ਜਦੋਂ ਲੜ ਰਹੀਆਂ ਸ਼੍ਰੇਣੀਆਂ ਇੱਕ ਦੂਜੇ ਦੇ ਇੰਨੀਆਂ ਸਾਂਵੀਆਂ ਹੋ ਜਾਂਦੀਆਂ ਹਨ ਕਿ ਰਾਜ ਸੱਤ੍ਹਾ, ਜਾਪਦੇ ਸਾਲਸ ਵਜੋਂ, ਕੁੱਝ ਸਮੇਂ ਲਈ, ਦੋਹਾਂ ਤੋਂ ਕਿਸੇ ਹੱਦ ਤੱਕ ਸੁਤੰਤਰਤਾ ਪ੍ਰਾਪਤ ਕਰ ਲੈਂਦੀ ਹੈ। ਅਜਿਹੀ ਸੀ ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੀ ਨਿਹਕੇਵਲ ਬਾਦਸ਼ਾਹੀ, ਜਿਸਨੇ ਰਾਠਾਂ ਅਤੇ ਸ਼ਹਿਰੀਆਂ ਦੀ ਸ਼੍ਰੇਣੀ ਵਿਚਕਾਰ ਤੋਲ ਕਾਇਮ ਰੱਖਿਆ; ਅਜਿਹਾ ਸੀ ਪਹਿਲੀ ਅਤੇ ਉਸ ਤੋਂ ਵੀ ਵੱਧ ਦੂਜੀ ਫ਼ਰਾਂਸੀਸੀ ਸਲਤਨਤ ਦਾ ਬੋਨਾਪਾਰਟਵਾਦ, ਜਿਸਨੇ ਬੁਰਜੂਆਜ਼ੀ ਨੂੰ ਪ੍ਰੋਲੇਤਾਰੀ ਵਿਰੁੱਧ ਅਤੇ ਪ੍ਰੋਲੇਤਾਰੀ ਨੂੰ ਬੁਰਜੂਆਜ਼ੀ ਵਿਰੁੱਧ ਵਰਤਿਆ। ਇਸ ਪ੍ਰਕਾਰ ਦੀ ਨਵੀਂ ਪੇਸ਼ਕਾਰੀ ਜਿਸ ਵਿੱਚ ਹਾਕਮ ਅਤੇ ਮਹਿਕੂਮ ਦੋਵੇਂ ਇੱਕੋ ਜਿਹੇ ਹਾਸੋ-ਹੀਣੇ ਜਾਪਦੇ ਹਨ, ਬਿਸਮਰਾਕ ਦੀ ਕੌਮ ਦੀ ਨਵੀਂ ਜਰਮਨ ਸਲਤਨਤ ਸੀਃ ਇਥੇ ਸਰਮਾਏਦਾਰਾਂ ਅਤੇ ਕਿਰਤੀਆਂ ਦੋਹਾਂ ਨੂੰ ਇੱਕ ਦੂਜੇ ਦੇ ਮੁਕਾਬਲੇ ਉੱਤੇ ਸਾਵਾਂ ਰੱਖਿਆ ਜਾਂਦਾ ਹੈ ਅਤੇ ਗ਼ਰੀਬ ਹੋਏ ਪਰੂਸ਼ਿਆਈ ਬੰਦ-ਗੋਤਰੀ ਜਾਗੀਰਦਾਰਾਂ ਦੇ ਲਾਭ ਲਈ ਸਾਵੀਂ ਤਰ੍ਹਾਂ ਲੁੱਟਿਆ ਜਾਂਦਾ ਹੈ।

ਨਾਲ਼ੇ ਵਧੇਰੇ ਇਤਿਹਾਸਕ ਰਾਜਾਂ ਵਿੱਚ ਸ਼ਹਿਰੀਆਂ ਦੇ ਹੱਕ ਉਹਨਾਂ ਦੇ ਧਨ ਅਨੁਸਾਰ ਨਿਰਧਾਰਤ ਕੀਤੇ ਜਾਂਦੇ ਹਨ, ਇਉਂ ਇਸ ਤੱਥ ਨੂੰ ਸਿੱਧੀ ਤਰ੍ਹਾਂ ਪ੍ਰਵਾਨ ਕੀਤਾ ਜਾਂਦਾ ਹੈ ਕਿ ਰਾਜ ਗ਼ੈਰ-ਮਾਲਕ ਸ਼੍ਰੇਣੀਆਂ ਵਿਰੁੱਧ ਉਹਦੀ ਰੱਖਿਆ ਲਈ ਮਾਲਕ ਸ਼੍ਰੇਣੀ ਦੀ ਇੱਕ ਜਥੇਬੰਦੀ ਹੈ। ਇਹ ਏਥਨਜ਼ ਅਤੇ ਰੋਮ ਦੀ ਜਾਇਦਾਦ ਅਨੁਸਾਰ ਵੰਡ ਵਿੱਚ ਪਹਿਲਾਂ ਹੀ ਅਜਿਹਾ ਸੀ। ਇਹ ਮੱਧ-ਕਾਲੀਨ ਸਾਮੰਤੀ ਰਾਜ ਵਿੱਚ ਅਜਿਹਾ ਹੀ ਸੀ, ਜਿਥੇ ਰਾਜਸੀ ਸੱਤ੍ਹਾ ਦੀ ਪਰ੍ਹੇਬੰਦੀ ਮਾਲਕੀ ਹੇਠਲੀ ਭੋਂ ਦੀ ਅਨੁਸਾਰੀ ਸੀ। ਇਹ ਨਵੀਨ ਪ੍ਰਤਿਨਿੱਧ ਰਾਜਾਂ ਵਿੱਚ ਚੋਣਕਾਰ ਬਣਨ ਲਈ ਸ਼ਰਤਾਂ ਵਿੱਚ ਵੇਖਿਆ ਜਾਂਦਾ ਹੈ। ਪਰ ਜਾਇਦਾਦ ਦੇ ਭੇਦਾਂ ਦੀ ਇਹ ਰਾਜਸੀ ਪ੍ਰਵਾਨਗੀ ਕਿਸੇ ਵੀ ਤਰ੍ਹਾਂ ਜ਼ਰੂਰੀ ਨਹੀਂ। ਇਹਦੇ ਉਲਟ ਇਹ ਰਾਜ ਦੇ ਵਿਕਾਸ ਦੀ ਨੀਵੀਂ ਪੱਧਰ ਦੀ ਨਿਸ਼ਾਨੀ ਹੈ। ਰਾਜ ਦੇ ਸਰਵਉੱਚ ਰੂਪ ਵਿੱਚ, ਜਮਹੂਰੀ ਗਣ-ਰਾਜ ਵਿੱਚ, ਜਿਹੜਾ ਸਾਡੀਆਂ ਸਮਾਜ ਦੀਆਂ ਨਵੀਨ ਪ੍ਰਸਥਿਤੀਆਂ ਅਧੀਨ ਸਦਾ ਵਧੇਰੇ ਇੱਕ ਅਟੱਲ ਲੋੜ ਬਣਦਾ ਜਾ ਰਿਹਾ ਹੈ ਅਤੇ ਰਾਜ ਦਾ ਇੱਕੋ ਇੱਕ ਉਹ ਰੂਪ ਹੈ ਜਿਸ ਵਿੱਚ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਨਿਰਣਾਇਕ ਯੁੱਧ ਲੜਿਆ ਜਾਵੇਗਾ—ਸਰਕਾਰੀ ਤੌਰ 'ਤੇ ਜਮਹੂਰੀ ਗਣ-ਰਾਜ ਨੂੰ ਹੁਣ ਜਾਇਦਾਦ ਦੇ ਵਖਰੇਵਿਆਂ ਦਾ ਕੋਈ ਇਲਮ ਨਹੀਂ। ਇਸ ਵਿੱਚ ਦੌਲਤ ਆਪਣੀ ਸ਼ਕਤੀ ਅਣ-ਸਿੱਧੇ ਤੌਰ 'ਤੇ, ਪਰ ਵਧੇਰੇ ਪੱਕੀ ਤਰ੍ਹਾਂ, ਵਰਤਦੀ ਹੈ। ਇੱਕ ਪਾਸੇ ਅਧਿਕਾਰੀਆਂ ਦੇ ਸਿੱਧੇ ਭ੍ਰਿਸ਼ਟਾਚਾਰ ਰਾਹੀਂ, ਅਮਰੀਕਾ ਜਿਸਦੀ ਕਲਾਸਿਕੀ ਮਿਸਾਲ ਹੈ ਅਤੇ ਦੂਜੇ ਹੱਥ ਹਕੂਮਤ ਅਤੇ ਸੱਟਾ ਬਾਜ਼ਾਰ ਵਿਚਕਾਰ ਗੱਠਜੋੜ ਰਾਹੀਂ। ਉਸ ਹੱਦ ਤੱਕ ਇਹ ਸੌਖੇਰਾ ਹੋ ਜਾਂਦਾ ਹੈ, ਜਿਸ ਹੱਦ ਤੱਕ ਰਾਜਕੀ ਕਰਜ਼ਾ ਵਧਦਾ ਹੈ ਅਤੇ ਲਿਮੇਟਿਡ ਕੰਪਨੀਆਂ, ਸੱਟਾ ਬਾਜ਼ਾਰ ਨੂੰ ਕੇਂਦਰ ਵੱਜੋਂ ਵਰਤ ਕੇ, ਕੇਵਲ ਆਵਾਜਾਈ ਦੇ ਸਾਧਨਾਂ ਨੂੰ ਹੀ ਨਹੀਂ ਸਗੋਂ ਖ਼ੁਦ ਉਤਪਾਦਨ ਨੂੰ ਕੇਂਦਰਿਤ ਕਰ ਲੈਂਦੀਆਂ ਹਨ। ਨਵੀਨਤਮ ਫ਼ਰਾਂਸੀਸੀ ਗਣ-ਰਾਜ ਵੀ ਅਤੇ ਅਮਰੀਕਾ ਵੀ ਇਹਦੀਆਂ ਉੱਘੀਆਂ ਮਿਸਾਲਾਂ ਹਨ ਅਤੇ ਸਾਊ ਸਵਿਟਜ਼ਰਲੈਂਡ ਨੇ ਇਸ ਖੇਤਰ ਵਿੱਚ ਆਪਣਾ ਹਿੱਸਾ ਪਾਇਆ ਹੈ। ਪਰ ਇਹ ਗੱਲ

ਕਿ ਇਸ ਭਰਾਤਰੀ ਗੱਠਜੋੜ ਲਈ ਜਮਹੂਰੀ ਗਣ-ਰਾਜ ਦੀ ਲੋੜ ਨਹੀਂ ਇੰਗਲੈਂਡ ਤੋਂ ਸਾਬਤ ਹੁੰਦਾ ਹੈ ਅਤੇ ਨਵੀਂ ਜਰਮਨ ਸਲਤਨਤ ਤੋਂ ਵੀ, ਜਿੱਥੇ ਮਨੁੱਖ ਇਹ ਨਹੀਂ ਦੱਸ ਸਕਦਾ ਕਿ ਸਭਨਾਂ ਲਈ ਵੋਟ ਦੇ ਹੱਕ ਨਾਲ਼ ਕੌਣ ਵਧੇਰੇ ਉੱਚਾ ਹੋਇਆ ਬਿਸਮਾਰਕ ਜਾਂ ਬਲੀਖ਼ਰੂਡਰ ਅਤੇ ਅੰਤ ਮਾਲਕ ਸ਼੍ਰੇਣੀ ਸਭਨਾਂ ਲਈ ਵੋਟ ਦੇ ਹੱਕ ਦੇ ਸਾਧਨ ਰਾਹੀਂ ਸਿੱਧੀ ਹਕੂਮਤ ਕਰਦੀ ਹੈ। ਜਿੰਨਾਂ ਚਿਰ ਪਸਿੱਤੀ ਸ਼੍ਰੇਣੀ, ਜਿਹੜੀ ਸਾਡੀ ਹਾਲਤ ਵਿੱਚ, ਇਸੇ ਲਈ ਪ੍ਰੋਲੇਤਾਰੀ ਹੈ, ਅਜੇ ਆਪਣੀ ਮੁਕਤੀ ਲਈ ਪ੍ਰਪੱਕ ਨਹੀਂ, ਇਹ ਆਪਣੀ ਬਹੁ-ਗਿਣਤੀ ਵਿੱਚ ਸਮਾਜ ਦੀ ਵਰਤਮਾਨ ਪ੍ਰਣਾਲੀ ਨੂੰ ਇੱਕੋ ਇੱਕ ਸੰਭਵ ਪ੍ਰਣਾਲੀ ਸਮਝੇਗੀ ਅਤੇ, ਰਾਜਸੀ ਤੌਰ ’ਤੇ, ਸਰਮਾਏਦਾਰ ਸ਼੍ਰੇਣੀ ਦੀ ਪੂਛ, ਇਹਦਾ ਅਤਿ ਦਾ ਖੱਬਾ ਪੱਖ ਬਣੇਗੀ। ਪਰ, ਜਿਸ ਹੱਦ ਤੱਕ ਇਹ ਸ਼੍ਰੇਣੀ ਆਪਣੀ ਸਵੈ-ਮੁਕਤੀ ਲਈ ਪ੍ਰਪੱਕ ਹੋ ਜਾਂਦੀ ਹੈ, ਉਹ ਖ਼ੁਦ ਆਪਣੀ ਪਾਰਟੀ ਬਣਾਉਂਦੀ ਹੈ ਅਤੇ ਆਪਣੇ ਪ੍ਰਤਿਨਿੱਧ ਚੁਣਦੀ ਹੈ ਅਤੇ ਸਰਮਾਏਦਾਰਾਂ ਦੇ ਨਹੀਂ। ਇਉਂ ਸਭਨਾਂ ਲਈ ਵੋਟ ਦਾ ਹੱਕ ਕਿਰਤੀ ਸ਼੍ਰੇਣੀ ਦੀ ਪ੍ਰਪੱਕਤਾ ਦਾ ਮਾਪਦੰਡ ਹੈ। ਅਜੋਕੇ ਸਮਾਜ ਵਿੱਚ ਇਹ ਹੋਰ ਕੁੱਝ ਦੇ ਨਹੀਂ ਸਕਦਾ ਅਤੇ ਨਾ ਹੀ ਦੇਵੇਗਾ, ਪਰ ਇੰਨਾਂ ਕਾਫ਼ੀ ਹੈ। ਜਿਸ ਦਿਨ ਸਭਨਾਂ ਲਈ ਵੋਟ ਦੇ ਹੱਕ ਦਾ ਥਰਮਾਮੀਟਰ ਕਿਰਤੀਆਂ ਵਿੱਚ ਉਬਲਣ ਦਾ ਨੁਕਤਾ ਅੱਪੜ ਗਿਆ ਦੱਸੇਗਾ, ਉਹਨਾਂ ਅਤੇ ਸਰਮਾਏਦਾਰਾਂ ਦੋਹਾਂ ਨੂੰ ਪਤਾ ਲੱਗ ਜਾਵੇਗਾ ਕਿ ਕੀ ਕਰਨਾ ਹੈ।

ਸੋ, ਰਾਜ ਦੀ ਅਨੰਤ ਸਮਿਆਂ ਤੋਂ ਹੋਂਦ ਨਹੀਂ ਰਹੀ। ਅਜਿਹੇ ਵੀ ਸਮਾਜ ਹੋਏ ਹਨ ਜਿਨ੍ਹਾਂ ਇਸ ਤੋਂ ਬਿਨਾਂ ਗੁਜ਼ਾਰਾ ਕੀਤਾ ਅਤੇ ਜਿਨ੍ਹਾਂ ਕੋਲ਼ ਰਾਜ ਜਾਂ ਰਾਜ ਸ਼ਕਤੀ ਦਾ ਕੋਈ ਸੰਕਲਪ ਨਹੀਂ ਸੀ। ਆਰਥਕ ਵਿਕਾਸ ਦੇ ਇੱਕ ਵਿਸ਼ੇਸ਼ ਪੜਾਅ ਉੱਤੇ, ਜਿਹੜਾ ਲਾਜ਼ਮੀ ਤੌਰ ’ਤੇ ਸਮਾਜ ਦੇ ਸ਼੍ਰੇਣੀਆਂ ਵਿੱਚ ਵੰਡੇ ਜਾਣ ਨਾਲ਼ ਜੁੜਿਆ ਹੋਇਆ ਸੀ, ਰਾਜ ਇਸ ਵੰਡ ਕਾਰਨ ਇੱਕ ਲੋੜ ਬਣ ਗਿਆ। ਹੁਣ ਅਸੀਂ ਉਤਪਾਦਨ ਦੇ ਵਿਕਾਸ ਵਿੱਚ ਇੱਕ ਅਜਿਹੇ ਪੜਾਅ ਉੱਤੇ ਤੇਜ਼ੀ ਨਾਲ਼ ਅੱਪੜ ਰਹੇ ਹਾਂ, ਜਿਥੇ ਇਹਨਾਂ ਸ਼੍ਰੇਣੀਆਂ ਦੀ ਹੋਂਦ ਨਾ ਕੇਵਲ ਲੋੜ ਨਹੀਂ ਰਹੀ ਹੋਵੇਗੀ ਸਗੋਂ ਉਤਪਾਦਨ ਵਿੱਚ ਇੱਕ ਸਪਸ਼ਟ ਰੋਕ ਬਣ ਜਾਵੇਗੀ। ਉਹ ਉਸ ਅਟੱਲ ਢੰਗ ਨਾਲ਼ ਡਿੱਗ ਜਾਣਗੀਆਂ ਜਿਸ ਨਾਲ਼ ਉਹ ਇੱਕ ਪਹਿਲੇ ਪੜਾਅ ਉੱਤੇ ਹੋਂਦ ਵਿੱਚ ਆਈਆਂ ਸਨ। ਉਹਨਾਂ ਦੇ ਨਾਲ਼ ਹੀ ਨਾਲ਼ ਰਾਜ ਦਾ ਅਟੱਲ ਤੌਰ ’ਤੇ ਅੰਤ ਹੋ ਜਾਵੇਗਾ। ਜਿਹੜਾ ਸਮਾਜ ਫੇਰ ਉਤਪਾਦਨ ਨੂੰ ਉਪਜਕਾਰਾਂ ਦੀ ਆਜ਼ਾਦ ਅਤੇ ਬਰਾਬਰ ਸਭਾ ਦੇ ਆਧਾਰ ਉੱਤੇ ਜੱਥੇਬੰਦ ਕਰੇਗਾ, ਉਹ ਰਾਜ ਨੂੰ ਉੱਥੇ ਰੱਖ ਦੇਵੇਗਾ, ਜਿਥੇ ਇਹਦੀ ਥਾਂ ਹੈ: ਪੁਰਾਤਨ ਅਵਸ਼ੇਸ਼ਾਂ ਦੇ ਅਜਾਇਬ-ਘਰ ਵਿੱਚ, ਚਰਖ਼ੇ ਅਤੇ ਕਾਂਸੀਂ ਦੀ ਕੁਹਾੜੀ ਦੇ ਨਾਲ਼।

* * *

ਸੋ, ਉਪ੍ਰੋਕਤ ਤੋਂ ਇਹ ਸਿੱਟਾ ਨਿੱਕਲਦਾ ਹੈ ਕਿ ਸੱਭਿਅਤਾ ਸਮਾਜ ਦੇ ਵਿਕਾਸ ਦਾ ਉਹ ਪੜਾਅ ਹੈ ਜਿਸ ਉੱਤੇ ਕਿਰਤ ਦੀ ਵੰਡ, ਜਿਸਦੇ ਸਿੱਟੇ ਵਜੋਂ ਵਿਅਕਤੀਆਂ ਵਿੱਚ ਵਟਾਂਦਰਾ ਅਤੇ ਜਿਣਸ ਉਤਪਾਦਨ, ਜਿਹੜਾ ਦੋਹਾਂ ਨੂੰ ਜੋੜਦਾ ਹੈ ਆਉਂਦੇ ਹਨ, ਆਪਣੇ

ਪੂਰੇ ਖੇੜੇ ਦੇ ਪੁੱਜਦੀ ਹੈ ਅਤੇ ਹੁਣ ਤੱਕ ਹੋਂਦ ਵਿਚਲੇ ਸਾਰੇ ਸਮਾਜ ਵਿੱਚ ਉੱਕਾ ਹੀ ਇਨਕਲਾਬ ਲਿਆ ਦੇਂਦੀ ਹੈ।

ਇਸ ਤੋਂ ਪਹਿਲੇ ਸਭਨਾਂ ਸਮਾਜੀ ਪੜਾਵਾਂ ਉੱਤੇ ਉਤਪਾਦਨ ਸਮੂਹਕ ਸੀ ਅਤੇ ਇਸੇ ਤਰ੍ਹਾਂ ਹੀ, ਖਪਤ ਵਡੇਰੇ ਜਾਂ ਛੁਟੇਰੇ ਕਮਿਊਨਿਸਟ ਭਾਈਚਾਰਿਆਂ ਦੇ ਅੰਦਰ ਉਪਜਾਂ ਦੀ ਸਿੱਧੀ ਵੰਡ ਰਾਹੀਂ ਹੁੰਦੀ ਸੀ। ਇਹ ਸਾਂਝਾ ਉਤਪਾਦਨ ਅਤਿ-ਅੰਤ ਸੌੜੀਆਂ ਹੱਦਾਂ ਦੇ ਅੰਦਰ ਕੀਤਾ ਜਾਂਦਾ ਸੀ, ਪਰ ਇਸੇ ਲਈ ਹੀ ਉਪਜਕਾਰ ਆਪਣੇ ਉਤਪਾਦਨ ਦੇ ਅਮਲ ਅਤੇ ਉਹਨਾਂ ਦੀਆਂ ਉਪਜਾਂ ਦੇ ਸਵਾਮੀ ਸਨ। ਉਹਨਾਂ ਨੂੰ ਪਤਾ ਸੀ ਕਿ ਉਪਜ ਦਾ ਕੀ ਬਣਦਾ ਹੈ; ਉਹ ਇਹਦੀ ਖਪਤ ਕਰਦੇ, ਇਹ ਉਹਨਾਂ ਦੇ ਹੱਥਾਂ ਵਿੱਚੋਂ ਬਾਹਰ ਨਾ ਜਾਂਦੀ; ਅਤੇ ਜਿੰਨਾਂ ਚਿਰ ਉਤਪਾਦਨ ਇਸ ਆਧਾਰ ਉੱਤੇ ਕੀਤਾ ਜਾਂਦਾ ਸੀ, ਇਹ ਉਪਜਕਾਰਾਂ ਦੇ ਕੰਟਰੋਲ ਤੋਂ ਬਾਹਰ ਨਹੀਂ ਸੀ ਜਾ ਸਕਦਾ ਅਤੇ ਉਹਨਾਂ ਵਿਰੁੱਧ ਕੋਈ ਅਜੀਬ ਪ੍ਰੇਤੀ ਸ਼ਕਤੀਆਂ ਨਹੀਂ ਸੀ ਉਭਾਰ ਸਕਦਾ, ਜਿਹਾ ਕਿ ਸੱਭਿਅਤਾ ਅਧੀਨ ਸਦਾ ਅਤੇ ਅਟੱਲ ਤੌਰ 'ਤੇ ਹੁੰਦਾ ਹੈ।

ਪਰ ਹੌਲ਼ੀ ਹੌਲ਼ੀ ਉਤਪਾਦਨ ਦੇ ਅਮਲ ਵਿੱਚ ਕਿਰਤ ਦੀ ਵੰਡ ਘੁਸ ਆਈ। ਇਹਨੇ ਉਤਪਾਦਨ ਅਤੇ ਵਸਤਾਂ ਉੱਤੇ ਕਬਜ਼ੇ ਦੇ ਸਮੂਹਕ ਖ਼ਾਸੇ ਦੀ ਜੜ੍ਹੀਂ ਤੇਲ ਦੇ ਦਿੱਤਾ, ਇਹਨੇ ਵਿਅਕਤੀਆਂ ਵੱਲੋਂ ਕਬਜ਼ੇ ਨੂੰ ਵਧੇਰੇ ਪ੍ਰਚਲਤ ਅਸੂਲ ਬਣਾ ਦਿੱਤਾ ਅਤੇ ਇਉਂ ਵਿਅਕਤੀਆਂ ਵਿਚਕਾਰ ਵਟਾਂਦਰੇ ਨੂੰ ਜਨਮ ਦਿੱਤਾ—ਕਿਵੇਂ, ਅਸੀਂ ਉੱਪਰ ਵੇਖ ਚੁੱਕੇ ਹਾਂ। ਹੌਲ਼ੀ ਹੌਲ਼ੀ, ਜਿਣਸਾਂ ਦਾ ਉਤਪਾਦਨ ਪ੍ਰਬਲ ਰੂਪ ਬਣ ਗਿਆ।

ਜਿਣਸਾਂ ਦੇ ਉਤਪਾਦਨ ਨਾਲ਼, ਹੁਣ ਆਪਣੀ ਖਪਤ ਲਈ ਨਹੀਂ ਸਗੋਂ ਵਟਾਂਦਰੇ ਲਈ ਉਤਪਾਦਨ, ਉਪਜਾਂ ਲਾਜ਼ਮੀ ਤੌਰ 'ਤੇ ਹੱਥੋਂ ਹੱਥ ਲੰਘਣੀਆਂ ਸ਼ੁਰੂ ਹੋ ਗਈਆਂ। ਉਪਜਕਾਰ ਵਟਾਂਦਰੇ ਦੇ ਅਮਲ ਵਿੱਚ ਆਪਣੀ ਉਪਜ ਤੋਂ ਵੱਖ ਹੋ ਜਾਂਦਾ ਹੈ; ਹੁਣ ਉਹਨੂੰ ਇਹ ਪਤਾ ਨਹੀਂ ਹੁੰਦਾ ਕਿ ਇਹਦਾ ਕੀ ਬਣਿਆ। ਜਿਉਂ ਹੀ ਮੁਦਰਾ ਅਤੇ ਇਹਦੇ ਨਾਲ਼ ਹੀ ਵਪਾਰੀ, ਉਪਜਕਾਰਾਂ ਵਿਚਕਾਰ ਵਿਚੋਲੇ ਵਜੋਂ ਆ ਘੁਸਦੇ ਹਨ, ਵਟਾਂਦਰੇ ਦਾ ਅਮਲ ਹੋਰ ਵੀ ਪੇਚਦਾਰ ਹੋ ਜਾਂਦਾ ਹੈ, ਉਪਜ ਦੀ ਅੰਤਮ ਹੋਣੀ ਹੋਰ ਵੀ ਅਨਿਸ਼ਚਿਤ ਹੋ ਜਾਂਦੀ ਹੈ। ਵਪਾਰੀ ਅਨੇਕ ਹਨ ਅਤੇ ਉਹਨਾਂ ਵਿੱਚੋਂ ਕਿਸੇ ਨੂੰ ਪਤਾ ਨਹੀਂ ਕਿ ਦੂਜਾ ਕੀ ਕਰ ਰਿਹਾ ਹੈ। ਵਸਤਾਂ ਹੁਣ ਹੱਥੋ ਹੱਥ ਹੀ ਨਹੀਂ ਲੰਘਦੀਆਂ ਸਗੋਂ ਮੰਡੀਓ-ਮੰਡੀ ਵੀ ਲੰਘਦੀਆਂ ਹਨ। ਉਪਜਕਾਰਾਂ ਹੱਥੋਂ ਉਹਨਾਂ ਦੇ ਆਪਣੇ ਜੀਵਨ ਦੀਆਂ ਪ੍ਰਸਥਿਤੀਆਂ ਦੇ ਸਮੁੱਚੇ ਉਤਾਪਦਨ ਦਾ ਕੰਟਰੋਲ ਖੁਸ ਗਿਆ ਹੈ ਅਤੇ ਵਪਾਰੀਆਂ ਨੇ ਇਹ ਪ੍ਰਾਪਤ ਨਹੀਂ ਕੀਤਾ। ਉਪਜਾਂ ਅਤੇ ਉਤਪਾਦਨ ਸਬੱਬ ਦੇ ਖਿਡੌਣੇ ਬਣ ਜਾਂਦੇ ਹਨ।

ਪਰ ਸਬੱਬ ਅੰਤਰ-ਸਬੰਧ ਦਾ ਇੱਕ ਧਰੁ ਹੈ। ਦੂਜੇ ਧਰੂ ਨੂੰ ਲੋੜ ਕਿਹਾ ਜਾਂਦਾ ਹੈ। ਕੁਦਰਤ ਵਿੱਚ, ਜਿਥੇ ਵੀ ਸਬੱਬ ਰਾਜ ਕਰਦਾ ਜਾਪਦਾ ਹੈ ਅਸੀਂ ਬਹੁਤ ਪਹਿਲਾਂ ਵਿਖਾ ਦਿੱਤਾ ਹੈ ਕਿ ਹਰ ਵਿਸ਼ੇਸ਼ ਖੇਤਰ ਵਿੱਚ ਲੋੜ ਅਤੇ ਨੇਮ ਸਬੱਬ ਵਿੱਚ ਆਪਣਾ ਜ਼ੋਰਦਾਰ ਪ੍ਰਭਾਵ ਪਾਉਂਦੇ ਹਨ। ਜੋ ਕੁੱਝ ਕੁਦਰਤ ਸਬੰਧੀ ਠੀਕ ਹੈ ਉਹ ਸਮਾਜ ਸਬੰਧੀ ਵੀ ਠੀਕ ਹੈ।

ਜਿੰਨਾਂ ਵਧੇਰੇ ਕੋਈ ਸਮਾਜੀ ਸਰਗਰਮੀ, ਸਮਾਜੀ ਅਮਲਾਂ ਦੀ ਇੱਕ ਲੜੀ, ਚੇਤੰਨ ਮਨੁੱਖੀ ਕੰਟਰੋਲ ਲਈ ਬਹੁਤ ਬਲਵਾਨ ਹੋ ਜਾਂਦੀ ਹੈ, ਮਨੁੱਖੀ ਪਹੁੰਚ ਤੋਂ ਬਾਹਰੀ ਹੋ ਜਾਂਦੀ ਹੈ, ਜਿੰਨਾਂ ਵਧੇਰੇ ਇਹ ਖ਼ਾਲਸ ਸਬੱਬ ਦੇ ਵੱਸ ਪਈ ਜਾਪਦੀ ਹੈ, ਉੱਨਾਂ ਵਧੇਰੇ ਇਹ ਅਨੋਖਾ ਅਤੇ ਅੰਤ੍ਰੀਵ ਨਿਯਮ ਇਸ ਸਬੱਬ ਵਿੱਚ ਆਪਣਾ ਪ੍ਰਭਾਵ ਪਾਉਂਦਾ ਹੈ, ਜਿਵੇਂ ਇਹ ਸੁਭਾਵਕ ਲੋੜ ਕਾਰਨ ਹੋਇਆ ਹੋਵੇ। ਅਜਿਹੇ ਨਿਯਮ ਉਤਪਾਦਨ ਅਤੇ ਵਸਤਾਂ ਦੇ ਵਟਾਂਦਰੇ ਦੇ ਸਬੱਬਾਂ ਨੂੰ ਵੀ ਕੰਟਰੋਲ ਕਰਦੇ ਹਨ; ਅਜਿਹੇ ਨਿਯਮ ਵਿਕੋਲਤ੍ਰੇ ਉਪਜਕਾਰਾਂ ਅਤੇ ਵਟਾਂਦਰਾ ਕਰਨ ਵਾਲ਼ਿਆਂ ਨੂੰ ਅਨੋਖੇ ਅਤੇ ਮੁੱਢ ਵਿੱਚ ਅਣਜਾਣੀਆਂ ਸ਼ਕਤੀਆਂ ਵਜੋਂ ਵੀ ਜਾਪਦੇ ਹਨ, ਜਿਨ੍ਹਾਂ ਦੇ ਖ਼ਾਸੇ ਦੀ ਪਹਿਲਾਂ ਪਹਿਲ ਬੜੀ ਮਿਹਨਤ ਨਾਲ਼ ਖੋਜ ਕਰਨੀ ਪੈਂਦੀ ਅਤੇ ਜਾਣਨਾ ਪੈਂਦਾ ਹੈ। ਜਿਣਸ ਉਤਪਾਦਨ ਦੇ ਇਹ ਆਰਥਕ ਨਿਯਮ ਉਤਪਾਦਨ ਦੇ ਇਸ ਰੂਪ ਦੇ ਵਿਕਾਸ ਦੇ ਵੱਖ ਵੱਖ ਪੜਾਵਾਂ ਉੱਤੇ ਤਬਦੀਲ ਹੁੰਦੇ ਹਨ; ਪਰ, ਸਮੁੱਚੇ ਤੌਰ ’ਤੇ, ਸੱਭਿਅਤਾ ਦੇ ਸਮੁੱਚੇ ਯੁੱਗ ਉੱਤੇ ਇਹ ਨਿਯਮ ਭਾਰੂ ਰਹੇ ਹਨ। ਅੱਜ ਤੱਕ ਉਪਜ ਉਪਜਕਾਰ ਦੀ ਮਾਲਕ ਹੈ; ਅੱਜ ਤੱਕ ਸਮਾਜ ਦਾ ਕੁੱਲ ਉਤਪਾਦਨ ਸਮੂਹਕ ਤੌਰ ’ਤੇ ਸੋਚੀ ਪਲਾਨ ਅਨੁਸਾਰ ਨਹੀਂ ਸਗੋਂ ਕੁਦਰਤੀ ਸ਼ਕਤੀਆਂ ਨਾਲ਼ ਅਮਲ ਕਰਕੇ ਇਹਨਾਂ ਅੰਨ੍ਹੇ ਨਿਯਮਾਂ ਅਨੁਸਾਰ, ਅੰਤਲੇ ਆਸਰੇ ਵਜੋਂ ਸਮੇਂ ਸਮੇਂ ਆਉਂਦੇ ਵਪਾਰਕ ਸੰਕਟਾਂ ਰਾਹੀਂ ਮਿੱਥਿਆ ਜਾਂਦਾ ਹੈ।

ਅਸੀਂ ਪਿੱਛੇ ਵੇਖਿਆ ਹੈ ਕਿ ਕਿਵੇਂ ਉਤਪਾਦਨ ਦੇ ਵਿਕਾਸ ਦੇ ਕਿਸੇ ਮੁੱਢਲੇ ਪੜਾਅ ਉੱਤੇ ਹੀ ਮਨੁੱਖੀ ਕਿਰਤ ਸ਼ਕਤੀ ਉਪਜਕਾਰ ਦੀ ਉਪਜੀਵਕਾ ਲਈ ਲੋੜੀਂਦੀ ਤੋਂ ਵੱਧ ਉਪਜ ਕਰਨ ਦੇ ਯੋਗ ਹੋ ਗਈ ਅਤੇ ਕਿਵੇਂ, ਮੁੱਖ ਤੌਰ ’ਤੇ, ਇਹ ਪੜਾਅ ਕਿਰਤ ਦੀ ਵੰਡ ਅਤੇ ਵਿਅਕਤੀਆਂ ਵਿਚਕਾਰ ਵਟਾਂਦਰੇ ਦੇ ਪਹਿਲੇ ਪ੍ਰਗਟਾਅ ਨਾਲ਼ ਸਗਵਾਂ ਸੀ। ਹੁਣ, ਇਹ ਮਹਾਨ ਗੱਲ ਜਾਣਨ ਲਈ ਬਹੁਤ ਸਮਾਂ ਨਾ ਲੱਗਾ ਕਿ ਖ਼ੁਦ ਮਨੁੱਖ ਵੀ, ਇੱਕ ਵਸਤ ਹੋ ਸਕਦਾ ਹੈ, ਕਿ ਮਨੁੱਖੀ ਸ਼ਕਤੀ ਮਨੁੱਖ ਨੂੰ ਗ਼ੁਲਾਮ ਵਿੱਚ ਤਬਦੀਲ ਕਰਕੇ ਵਟਾਂਦਰੇ ਵਿੱਚ ਲਿਆਂਦੀ ਅਤੇ ਵਰਤੀ ਜਾ ਸਕਦੀ ਹੈ। ਮਨੁੱਖਾਂ ਨੇ ਅਜੇ ਵਟਾਂਦਰਾ ਸ਼ੁਰੂ ਕੀਤਾ ਹੀ ਸੀ ਕਿ ਖ਼ੁਦ ਉਹਨਾਂ ਦਾ ਵਟਾਂਦਰਾ ਹੋਣਾ ਸ਼ੁਰੂ ਹੋ ਗਿਆ। ਸਰਗਰਮ ਸਿਥਲ ਹੋ ਗਿਆ, ਭਾਵੇਂ ਇਹ ਮਨੁੱਖ ਦੀ ਇੱਛਾ ਸੀ ਜਾਂ ਨਹੀਂ।

ਗ਼ੁਲਾਮੀ ਨਾਲ਼, ਜਿਹੜੀ ਸੱਭਿਅਤਾ ਵਿੱਚ ਆਪਣੇ ਪੂਰੇ ਵਿਕਾਸ ’ਤੇ ਅੱਪੜੀ, ਇੱਕ ਲੁੱਟ-ਚੋਂਘ ਕਰਨ ਵਾਲ਼ੀ ਅਤੇ ਇੱਕ ਲੁੱਟੀ ਖਸੁੱਟੀ ਜਾਂਦੀ ਸ਼੍ਰੇਣੀ ਵਿਚਕਾਰ ਸਮਾਜ ਦਾ ਪਹਿਲਾ ਮਹਾਨ ਪਾੜ ਆਇਆ। ਇਹ ਪਾੜ ਸੱਭਿਅਤਾ ਦੇ ਸਾਰੇ ਸਮੇਂ ਵਿੱਚ ਜਾਰੀ ਰਿਹਾ ਹੈ। ਗ਼ੁਲਾਮੀ ਲੁੱਟ-ਚੋਂਘ ਦੀ ਪਹਿਲੀ ਨਿਸ਼ਾਨੀ ਸੀ, ਜਿਹੜੀ ਪ੍ਰਾਚੀਨ ਸਮਿਆਂ ਦੀ ਵਿਸ਼ੇਸ਼ਤਾ ਸੀ; ਇਸ ਤੋਂ ਪਿੱਛੋਂ ਮੱਧ-ਕਾਲ ਵਿੱਚ ਖੇਤ-ਗ਼ੁਲਾਮੀ ਆਈ ਅਤੇ ਨਵੀਨ ਸਮੇਂ ਵਿੱਚ ਉਜਰਤੀ ਕਿਰਤ। ਇਹ ਸੇਵਕੀ ਦੇ ਤਿੰਨ ਮਹਾਨ ਰੂਪ ਹਨ, ਜਿਹੜੇ ਸੱਭਿਅਤਾ ਦੇ ਤਿੰਨ ਮਹਾਨ ਦੌਰਾਂ ਦੇ ਲਖਣਾਇਕ ਹਨ; ਖੁੱਲ੍ਹੀ ਅਤੇ ਪਿੱਛੇ ਜਿਹੇ ਤੋਂ ਗੁੱਝੀ ਗ਼ੁਲਾਮੀ, ਇਹਦੇ ਪੱਕੇ ਸਾਥੀ ਰਹੇ ਹਨ।

ਆਰਥਿਕ ਤੌਰ ’ਤੇ ਇਹ ਗੱਲਾਂ ਲਾਗੂ ਹੋਣਾ: 1) ਧਾਤੀ ਸਿੱਕਾ ਅਤੇ ਇਉਂ,

ਮੁਦਰਾ ਪੂੰਜੀ, ਸੂਦ ਅਤੇ ਸੂਦ-ਖੋਰੀ; 2) ਵਪਾਰੀਆਂ ਦਾ ਉਪਜਕਾਰਾਂ ਵਿਚਕਾਰ ਵਿਚੋਲਿਆਂ ਵਜੋਂ ਕੰਮ ਕਰਨਾ; 3) ਭੋਂ ਦੀ ਨਿੱਜੀ ਮਾਲਕੀ ਅਤੇ ਗਹਿਣੇ ਰੱਖਣਾ; 4) ਉਤਪਾਦਨ ਦੇ ਪ੍ਰਚਲਤ ਰੂਪ ਵੱਜੋਂ ਗ਼ੁਲਾਮ ਕਿਰਤ ਦਾ ਲਾਗੂ ਹੋਣਾ, ਜਿਣਸ ਉਤਪਾਦਨ ਦੇ ਪੜਾਅ ਦੇ, ਜਿਨ੍ਹਾਂ ਨਾਲ਼ ਸੱਭਿਅਤਾ ਦਾ ਮੁੱਢ ਬੱਝਾ, ਉੱਘੇ ਲੱਛਣ ਹਨ। ਸੱਭਿਅਤਾ ਦੇ ਅਨੁਸਾਰੀ ਟੱਬਰ ਦਾ ਰੂਪ ਅਤੇ ਇਹਦੇ ਅਧੀਨ ਪੱਕੇ ਤੌਰ 'ਤੇ ਪ੍ਰਚਲਤ ਹੋਣ ਵਾਲ਼ਾ ਰੂਪ, ਇੱਕ-ਪਤੀ ਇੱਕ-ਪਤਨੀ ਪ੍ਰਥਾ ਹੈ, ਇਸਤਰੀ ਉੱਤੇ ਮਰਦ ਦੀ ਸਰਦਾਰੀ ਅਤੇ ਵਿਕੋਲਤ੍ਰੇ ਟੱਬਰ ਦਾ ਸਮਾਜ ਦੀ ਆਰਥਿਕ ਇਕਾਈ ਬਣ ਜਾਣਾ। ਸਭਿਆ ਸਮਾਜ ਦੀ ਜੁੜਤਕਾਰ ਸ਼ਕਤੀ ਰਾਜ ਹੈ, ਜਿਹੜਾ ਆਪਣੇ ਸਭਨਾਂ ਮਿਸਾਲੀ ਸਮਿਆਂ ਵਿੱਚ ਅਨੰਨ ਤੌਰ 'ਤੇ ਹਾਕਮ ਸ਼੍ਰੇਣੀ ਦਾ ਰਾਜ ਰਹਿੰਦਾ ਹੈ ਅਤੇ ਹਰ ਹਾਲਤ ਵਿੱਚ ਲਾਜ਼ਮੀ ਤੌਰ 'ਤੇ ਪਸਿੱਤੀ ਸ਼੍ਰੇਣੀ ਨੂੰ, ਲੁੱਟੀ-ਖਸੁੱਟੀ ਜਾਂਦੀ ਸ਼੍ਰੇਣੀ ਨੂੰ ਦੱਬ ਕੇ ਰੱਖਣ ਦਾ ਸਾਧਨ ਹੈ। ਸੱਭਿਅਤਾ ਦੇ ਹੋਰ ਚਿੰਨ੍ਹ ਹਨ: ਇੱਕ ਹੱਥ ਸ਼ਹਿਰ ਅਤੇ ਪਿੰਡ ਵਿਚਕਾਰ ਫ਼ਰਕ ਦਾ ਸਮਾਜੀ ਕਿਰਤ ਦੀ ਸਮੁੱਚੀ ਵੰਡ ਵਜੋਂ ਮਿੱਥਿਆ ਜਾਣਾ; ਦੂਜੇ ਹੱਥ ਵਸੀਅਤਾਂ ਪ੍ਰਚਲਤ ਹੋਣਾ, ਜਿਨ੍ਹਾਂ ਅਨੁਸਾਰ ਜਾਇਦਾਦ ਦਾ ਮਾਲਕ ਆਪਣੀ ਮੌਤ ਤੋਂ ਪਿੱਛੋਂ ਵੀ ਆਪਣੀ ਜਾਇਦਾਦ ਦੀ ਹੋਣੀ ਦਾ ਨਿਰਣਾ ਕਰ ਸਕਦਾ ਹੈ। ਇਹ ਸੰਸਥਾ, ਜਿਹੜੀ ਪੁਰਾਣੀ ਗੋਤਰੀ ਪ੍ਰਣਾਲੀ ਉੱਤੇ ਸਿੱਧੀ ਚੋਟ ਸੀ, ਏਥਨਜ਼ ਵਿਖੇ ਸੋਲੋਨ ਦੇ ਸਮੇਂ ਤੱਕ ਅਣਜਾਣੀ ਸੀ; ਰੋਮ ਵਿੱਚ ਇਹ ਬਹੁਤ ਛੇਤੀ ਲਾਗੂ ਕਰ ਦਿੱਤੀ ਗਈ, ਪਰ ਅਸੀਂ ਇਹ ਨਹੀਂ ਜਾਣਦੇ ਕਦੋਂ।* ਜਰਮਨਾਂ ਵਿੱਚ ਇਹ ਪਾਦਰੀਆਂ ਨੇ ਲਾਗੂ ਕੀਤੀ ਤਾਂ ਜੁ ਚੰਗੇ ਇਮਾਨਦਾਰ ਜਰਮਨ ਆਪਣੀ ਜਾਇਦਾਦ ਕਿਸੇ ਰੋਕ ਟੋਕ ਤੋਂ ਬਿਨਾਂ ਵਿਰਸੇ ਵਿੱਚ ਇਸਾਈ ਧਾਰਮਿਕ

* Lassalle F., ìDas System der erworbenen Rechteî. Th. II ìDas Wesen des Rˆmischen und Germanischen Erbrechts in historisch-philophischer Entwicklungî. (ਫ਼. ਲਾਸਾਲ, "ਪ੍ਰਾਪਤ ਕੀਤੇ ਹੱਕਾਂ ਦੀ ਪ੍ਰਣਾਲੀ", ਭਾਗ ਦੂਜਾ, "ਰੋਮਨ ਅਤੇ ਜਰਮਨ ਵਿਰਸੇ ਦੇ ਕਾਨੂੰਨ ਦਾ ਤੱਤ, ਆਪਣੇ ਇਤਿਹਾਸਕ ਅਤੇ ਦਾਰਸ਼ਨਿਕ ਵਿਕਾਸ ਵਿੱਚ"); (ਇਸ ਕਿਰਤ ਦੀ ਪਹਿਲੀ ਛਾਪ ਲਾਈਪਜ਼ਿਗ ਵਿਖੇ 1861 ਵਿੱਚ ਛਪੀ।—**ਸੰਪਾ.**) ਆਪਣੇ ਦੂਜੇ ਹਿੱਸੇ ਵਿੱਚ ਮੁੱਖ ਤੌਰ 'ਤੇ ਇਸ ਸਮੁਦਾਏ ਉੱਤੇ ਘੁੰਮਦਾ ਹੈ ਕਿ ਰੋਮ ਵਿਖੇ ਵਸੀਅਤ ਰੋਮ ਜਿੰਨੀ ਹੀ ਪੁਰਾਣੀ ਸੰਸਥਾ ਹੈ, ਕਿ ਰੋਮ ਦੇ ਇਤਿਹਾਸ ਵਿੱਚ ਕਦੇ ਅਜਿਹਾ "ਸਮਾਂ ਨਹੀਂ ਸੀ ਜਦੋਂ ਵਸੀਅਤਾਂ ਦੀ ਹੋਂਦ ਨਹੀਂ ਸੀ"; ਕਿ ਵਸੀਅਤ ਪੂਰਵ-ਰੋਮਨ ਸਮੇਂ ਵਿੱਚ ਮੁਰਦਿਆਂ ਦੀ ਪੂਜਾ ਦੇ ਸਿੱਟੇ ਵਜੋਂ ਹੋਂਦ ਵਿੱਚ ਆਈ। ਪੁਰਾਣੀ ਪਰਪਾਟੀ ਦੇ ਪੱਕੇ ਹੀਗਲਵਾਦੀ ਵਜੋਂ, ਲਾਸਾਲ ਰੋਮ ਦੇ ਕਾਨੂੰਨ ਦੀਆਂ ਧਾਰਾਵਾਂ ਨੂੰ ਰੋਮ-ਵਾਸੀਆਂ ਦੀਆਂ ਸਮਾਜੀ ਪ੍ਰਸਥਿਤੀਆਂ ਦੀ ਨਹੀਂ ਸਗੋਂ ਇੱਛਾ ਦੇ "ਕਿਆਸੇ ਸੰਕਲਪ" ਦੀ ਉਪਜ ਸਮਝਦਾ ਹੈ ਅਤੇ ਇਉਂ ਉੱਕਾ ਹੀ ਅਣ-ਇਤਿਹਾਸਕ ਸਿੱਟੇ 'ਤੇ ਅੱਪੜਦਾ ਹੈ। ਇਹ ਉਸ ਪੁਸਤਕ ਵਿੱਚ ਉੱਕਾ ਹੀ ਹੈਰਾਨੀ ਦੀ ਗੱਲ ਨਹੀਂ ਜਿਹੜੀ ਅਜਿਹੇ ਹੀ ਕਿਆਸੇ ਸੰਕਲਪਾਂ ਤੋਂ ਇਹ ਸਿੱਟਾ ਕੱਢਦੀ ਹੈ ਕਿ ਰੋਮਨਾਂ ਦੇ ਵਿਰਸੇ ਵਿੱਚ ਜਾਇਦਾਦ ਦੀ ਹੱਥ-ਬਦਲੀ ਉੱਕਾ ਹੀ ਦੁਜੈਲੀ ਮਹੱਤਤਾ ਵਾਲ਼ਾ ਮਾਮਲਾ ਸੀ। ਲਾਸਾਲ ਰੋਮ ਦੇ, ਵਿਸ਼ੇਸ਼ ਤੌਰ 'ਤੇ ਪਹਿਲੇਰੇ ਸਮੇਂ ਦੇ, ਕਾਨੂੰਨਦਾਨਾਂ ਦੇ ਭਰਮਾਂ ਵਿੱਚ ਨਿਸ਼ਚਾ ਹੀ ਨਹੀਂ ਰੱਖਦਾ, ਉਹ ਉਹਨਾਂ ਤੋਂ ਅੱਗੇ ਵੀ ਵਧ ਜਾਂਦਾ ਹੈ।

ਸੰਪ੍ਰਦਾਅ ਨੂੰ ਵਿਰਸੇ ਵਿੱਚ ਦੇ ਸਕੇ।

ਇਸ ਪ੍ਰਣਾਲੀ ਨੂੰ ਆਪਣਾ ਆਧਾਰ ਬਣਾਕੇ ਸੱਭਿਅਤਾ ਨੇ ਉਹ ਪ੍ਰਾਪਤੀਆਂ ਕੀਤੀਆਂ ਹਨ ਜਿਨ੍ਹਾਂ ਨਾਲ਼ ਨਿਬੜਨ ਵਿੱਚ ਪੁਰਾਣਾ ਗੋਤਰੀ ਸਮਾਜ ਉੱਕਾ ਹੀ ਅਸਮਰਥ ਸੀ। ਪਰ ਉਹਨੇ ਮਨੁੱਖ ਦੀਆਂ ਅਤਿ ਨੀਚ ਭਾਵਨਾਵਾਂ ਅਤੇ ਜਜ਼ਬਿਆਂ ਨੂੰ ਹਵਾ ਦੇ ਕੇ, ਉਹਦੀਆਂ ਹੋਰ ਯੋਗਤਾਵਾਂ ਦੀ ਕੀਮਤ ਉੱਤੇ ਉਹਨਾਂ ਦਾ ਵਿਕਾਸ ਕਰਕੇ ਅਜਿਹਾ ਕੀਤਾ ਹੈ। ਇਹਦੀ ਹੋਂਦ ਦੇ ਪਹਿਲੇ ਦਿਨ ਤੋਂ ਅੱਜ ਤੱਕ ਨੰਗਾ ਲੋਭ ਸੱਭਿਅਤਾ ਦੀ ਚਾਲਕ ਆਤਮਾ ਰਹੀ ਹੈ; ਦੌਲਤ ਅਤੇ ਹੋਰ ਦੌਲਤ ਅਤੇ ਫੇਰ ਦੌਲਤ; ਦੌਲਤ, ਸਮਾਜ ਦੀ ਨਹੀਂ ਸਗੋਂ ਇਸ ਖੁੱਥੜ ਵਿਅਕਤੀ ਦੀ, ਇਹਦਾ ਇੱਕੋ ਇੱਕ ਅਤੇ ਨਿਰਣਾਇਕ ਆਸ਼ਾ ਸੀ। ਜੇ, ਇਸ ਆਸ਼ੇ ਦੀ ਭਾਲ ਵਿੱਚ, ਵਿਗਿਆਨ ਦਾ ਵੱਧ ਰਿਹਾ ਵਿਕਾਸ ਅਤੇ ਕਲਾ ਦੇ ਖੇੜੇ ਦੇ ਮੁੜ ਮੁੜ ਆਉਂਦੇ ਦੌਰ ਇਹਦੀ ਝੋਲੀ ਪਏ ਤਾਂ ਅਜਿਹਾ ਇਸ ਲਈ ਹੋਇਆ ਕਿ ਦੌਲਤ ਦੇ ਇਕੱਤਰੀਕਰਨ ਵਿੱਚ ਅਜੋਕੀਆਂ ਚੋਖੀਆਂ ਪ੍ਰਾਪਤੀਆਂ ਇਹਨਾਂ ਤੋਂ ਬਿਨਾਂ ਅਸੰਭਵ ਹੁੰਦੀਆਂ।

ਕਿਉਂਕਿ ਇੱਕ ਸ਼੍ਰੇਣੀ ਵੱਲੋਂ ਦੂਜੀ ਦੀ ਲੁੱਟ-ਚੋਂਘ ਸੱਭਿਅਤਾ ਦਾ ਆਧਾਰ ਹੈ, ਇਹਦਾ ਸਾਰਾ ਵਿਕਾਸ ਇੱਕ ਲਗਾਤਾਰ ਵਿਰੋਧ ਵਿੱਚ ਚਲਦਾ ਹੈ। ਉਤਪਾਦਨ ਵਿੱਚ ਹਰ ਉੱਨਤੀ ਉਸੇ ਸਮੇਂ ਪਸਿੱਤੀ ਸ਼੍ਰੇਣੀ ਦੀ, ਅਰਥਾਤ ਵੱਡੀ ਬਹੁ-ਗਿਣਤੀ ਦੀ, ਪ੍ਰਸਥਿਤੀ ਵਿੱਚ ਇੱਕ ਅਵੁਨਤੀ ਹੈ। ਜਿਹੜਾ ਇੱਕ ਲਈ ਲਾਭ ਹੈ ਲਾਜ਼ਮੀ ਤੌਰ 'ਤੇ ਦੂਜੇ ਲਈ ਦੁੱਖਾਂ ਦਾ ਕਾਰਨ ਹੈ; ਇੱਕ ਸ਼੍ਰੇਣੀ ਲਈ ਹਰ ਨਵੀਂ ਮੁਕਤੀ ਦਾ ਅਰਥ ਸਦਾ ਹੀ ਇੱਕ ਹੋਰ ਸ਼੍ਰੇਣੀ ਲਈ ਨਵਾਂ ਜਬਰ ਹੁੰਦਾ ਹੈ। ਇਹਦਾ ਸਭ ਤੋਂ ਪ੍ਰਤੱਖ ਸਬੂਤ ਮਸ਼ੀਨਾਂ ਦਾਖ਼ਲ ਕਰਨ ਤੋਂ ਮਿਲਦਾ ਹੈ, ਜਿਸਦਾ ਸਿੱਟੇ ਅੱਜ ਖ਼ੂਬ ਜਾਣੇ ਪਛਾਣੇ ਹਨ। ਜਿਹਾ ਕਿ ਅਸਾਂ ਵੇਖਿਆ ਹੈ, ਜਿਥੇ ਜਹਾਲਤ ਹੱਕਾਂ ਅਤੇ ਫ਼ਰਜਾਂ ਵਿਚਕਾਰ ਸ਼ਾਇਦ ਹੀ ਕੋਈ ਫ਼ਰਕ ਕਰਦੀ ਹੋਵੇ, ਸੱਭਿਅਤਾ ਇੱਕ ਸ਼੍ਰੇਣੀ ਨੂੰ ਲਗ ਭਗ ਸਾਰੇ ਹੱਕ ਅਤੇ ਇੱਕ ਹੋਰ ਸ਼੍ਰੇਣੀ ਨੂੰ ਲਗ ਭਗ ਸਭੇ ਫ਼ਰਜ਼ ਦੇ ਕੇ, ਇਹਨਾਂ ਵਿਚਕਾਰ ਫ਼ਰਕ ਅਤੇ ਵਿਰੋਧ ਨੂੰ ਖੁੰਢੇ ਤੋਂ ਖੁੰਢੇ ਦਿਮਾਗ਼ ਲਈ ਵੀ ਸਪਸ਼ਟ ਕਰ ਦੇਂਦੀ ਹੈ।

ਪਰ ਅਜਿਹਾ ਨਹੀਂ ਹੋਣਾ ਚਾਹੀਦਾ। ਜੋ ਕੁੱਝ ਹਾਕਮ ਸ਼੍ਰੇਣੀ ਲਈ ਚੰਗਾ ਹੈ ਉਹ ਸਮੁੱਚੇ ਸਮਾਜ ਲਈ ਚੰਗਾ ਹੋਣਾ ਚਾਹੀਦਾ ਹੈ, ਜਿਸ ਨਾਲ਼ ਹਾਕਮ ਸ਼੍ਰੇਣੀ ਆਪਣੇ ਆਪ ਨੂੰ ਸਗਵਾਂ ਦੱਸਦੀ ਹੈ। ਸੋ, ਜਿੰਨਾਂ ਵਧੇਰੇ ਸੱਭਿਅਤਾ ਉੱਨਤੀ ਕਰਦੀ ਹੈ ਉੱਨਾਂ ਵਧੇਰੇ ਇਹ ਇਹਨਾਂ ਬੁਰਾਈਆਂ ਉੱਤੇ ਪਰਦਾ ਪਾਉਣ ਉੱਤੇ ਮਜਬੂਰ ਹੁੰਦੀ ਹੈ, ਲਾਜ਼ਮੀ ਤੌਰ 'ਤੇ ਪਿਆਰ ਦਾ ਲਬਾਦਾ ਘੜਦੀ ਹੈ; ਮੁੱਕਦੀ ਗੱਲ ਇਹ ਰਿਵਾਇਤੀ ਦੰਭ ਪ੍ਰਚਲਤ ਕਰਦੀ ਹੈ—ਜਿਸਤੋਂ ਇਸ ਤੋਂ ਪਹਿਲਾਂ ਦੇ ਸਮਾਜ ਦੇ ਰੂਪ ਅਤੇ ਇਥੋਂ ਤੱਕ ਸਭਿਅਤਾ ਦੇ ਮੁੱਢਲੇ ਰੂਪ ਵੀ ਅਣਜਾਣ ਸਨ—ਜਿਸਦੀ ਸਿਖਰ ਇਸ ਐਲਾਨ ਵਿੱਚ ਹੁੰਦੀ ਹੈ: ਲੋਟੂ ਸ਼੍ਰੇਣੀ ਉੱਕਾ ਹੀ ਲੁੱਟੀ-ਖਸੁੱਟੀ ਜਾਂਦੀ ਸ਼੍ਰੇਣੀ ਦੇ ਹਿੱਤਾਂ ਵਿੱਚ ਪਸਿੱਤੀ ਸ਼੍ਰੇਣੀ ਦੀ ਲੁੱਟ-ਚੋਂਘ ਕਰਦੀ ਹੈ ਅਤੇ ਜੇ ਪਿਛਲੇਰੀ ਇਹ ਨਹੀਂ ਸਮਝਦੀ ਅਤੇ ਆਕੀ ਹੋ ਜਾਂਦੀ ਹੈ, ਤਾਂ ਇਉਂ ਇਹ ਆਪਣੇ ਪਰਉਪਕਾਰੀਆਂ, ਲੋਟੂਆਂ, ਵੱਲ ਅਕ੍ਰਿਤਘਣਤਾ ਵਿਖਾਉਂਦੀ ਹੈ।*

---

* ਮੁੱਢ ਤੋਂ ਮੇਰੀ ਸਲਾਹ ਫ਼ੋਰੀਅਰ ਦੀਆਂ ਕਿਰਤਾਂ ਵਿੱਚ ਖਿੱਲਰੀ ਹੋਈ ਸੱਭਿਅਤਾ ਦੀ ਸ਼ਾਨਦਾਰ ਪੜਚੋਲ ਨੂੰ ਮਾਰਗਨ ਦੀ ਅਤੇ ਮੇਰੀ ਆਪਣੀ ਪੜਚੋਲ਼ ਦੇ ਨਾਲ਼ ਰੱਖਣ ਦੀ ਸੀ। ਮੰਦੇ ⇨

ਅਤੇ ਹੁਣ ਅੰਤ ਵਿੱਚ, ਸੱਭਿਅਤਾ ਸਬੰਧੀ ਮਾਰਗਨ ਦਾ ਫ਼ੈਸਲਾ:

"ਸੱਭਿਅਤਾ ਦੇ ਸ਼ੁਰੂ ਤੋਂ, ਜਾਇਦਾਦ ਦਾ ਵਾਧਾ ਇੰਨਾ ਧੜਵੈਲ ਰਿਹਾ ਇਹਦਾ ਰੂਪ ਇੰਨੇ ਭਿੰਨ ਭਿੰਨ ਰਹੇ ਹਨ, ਇਹਦੀ ਵਰਤੋ ਇੰਨੀ ਵਿਸਤ੍ਰਤ ਹੋਣ ਵਾਲ਼ੀ ਰਹੀ ਹੈ ਅਤੇ ਇਹਦਾ ਪ੍ਰਬੰਧ ਇਹਦੇ ਮਾਲਕਾਂ ਦੇ ਹਿੱਤਾਂ ਵਿੱਚ ਇੰਨਾ ਸਿਆਣਾ ਰਿਹਾ ਹੈ ਕਿ ਇਹ, ਲੋਕਾਂ ਹੱਥੋਂ, ਇੱਕ **ਪ੍ਰਬੰਧ ਨਾ ਹੋ ਸਕਣ ਵਾਲ਼ੀ ਸ਼ਕਤੀ ਬਣ ਗਈ ਹੈ। ਮਨੁੱਖੀ ਮਨ ਆਪਣੀ ਸਿਰਜਣਾ ਸਾਹਮਣੇ ਹੈਰਾਨ ਖੜਾ ਹੈ।** ਪਰ ਸਮਾਂ ਆਵੇਗਾ ਜਦੋਂ ਮਨੁੱਖੀ ਅਕਲ ਜਾਇਦਾਦ ਉੱਤੇ ਮਾਲਕੀ ਤੱਕ ਉੱਭਰ ਜਾਵੇਗੀ ਅਤੇ ਰਾਜ ਨਾਲ਼ ਉਹਦੇ ਵੱਲੋਂ ਰੱਖਿਆ ਕੀਤੀ ਜਾਂਦੀ ਜਾਇਦਾਦ ਦੇ ਰਿਸ਼ਤਿਆਂ ਨੂੰ ਅਤੇ ਇਹਦੇ ਮਾਲਕਾਂ ਦੀਆਂ ਜ਼ਿੰਮੇਵਾਰੀਆਂ ਨੂੰ ਪ੍ਰੀਭਾਸ਼ਿਤ ਕਰੇਗੀ ਅਤੇ ਉਹਨਾਂ ਦੇ ਹੱਕਾਂ ਨੂੰ ਸੀਮਤ ਕਰੇਗੀ। ਸਮਾਜ ਦੇ ਹਿੱਤ ਵਿਅਕਤੀਆਂ ਦੇ ਹਿੱਤਾਂ ਉੱਤੇ ਪ੍ਰਬਲ ਹਨ ਅਤੇ ਦੋਹਾਂ ਨੂੰ ਇੱਕ ਸੁਮੇਲੇ ਅਤੇ ਮੁਨਸਫ਼ੀ ਸਬੰਧ ਵਿੱਚ ਲਿਆਉਣਾ ਲਾਜ਼ਮੀ ਹੈ। ਜੇ ਉਨਤੀ ਉਸੇ ਤਰ੍ਹਾਂ ਭਵਿੱਖ ਦਾ ਨੇਮ ਹੋਣਾ ਹੈ ਜਿਵੇਂ ਇਹ ਬੀਤੇ ਵਿੱਚ ਸੀ ਤਾਂ ਕੇਵਲ ਜਾਇਦਾਦੀ ਜੀਵਨ ਮਨੁੱਖਜਾਤੀ ਦੀ ਅੰਤਮ ਹੋਣੀ ਨਹੀਂ ਹੋ ਸਕਦਾ। ਸੱਭਿਅਤਾ ਦੇ ਸ਼ੁਰੂ ਤੋਂ ਜਿਹੜਾ ਸਮਾਂ ਲੰਘਿਆ ਹੈ ਉਹ ਮਨੁੱਖ ਦੀ ਬੀਤੇ ਦੀ ਹੋਂਦ ਦੇ ਕਾਲ ਦਾ ਇੱਕ ਭੋਰਾ ਹੀ ਹੈ ਅਤੇ ਆਉਣ ਵਾਲ਼ੇ ਯੁੱਗਾਂ ਦਾ ਵੀ ਭੋਰਾ ਹੀ ਹੈ। ਸਮਾਜ ਦੀ ਘੁਲਾਵਟ ਚੋਖੀ ਹੱਦ ਤੱਕ ਉਸ ਜੀਵਨ ਦਾ ਅੰਤ ਬਣਦੀ ਜਾਪਦੀ ਹੈ ਜਿਸਦਾ ਅੰਤ ਅਤੇ ਆਸ਼ਾ ਜਾਇਦਾਦ ਸੀ, ਕਿਉਂਕਿ ਅਜਿਹੇ ਜੀਵਨ ਵਿੱਚ ਸਵੈ-ਨਾਸ ਦੇ ਅੰਸ਼ ਹਨ। ਹਕੂਮਤ ਵਿੱਚ ਜਮਹੂਰੀਅਤ, ਸਮਾਜ ਵਿੱਚ ਭਾਈਚਾਰਾ, ਹੱਕਾਂ ਅਤੇ ਵਿਸ਼ੇਸ਼-ਅਧਿਕਾਰਾਂ ਵਿੱਚ ਬਰਾਬਰੀ ਅਤੇ ਵਿਆਪਕ ਵਿੱਦਿਆ, ਸਮਾਜ ਦੇ ਨਵੇਂ ਪੜਾਅ ਦੀ ਆਮਦ ਦੀ ਝਲਕ ਦੇਂਦੇ ਹਨ, ਤਜਰਬਾ, ਅਕਲ ਅਤੇ ਗਿਆਨ ਜਿਸ ਵੱਲ ਲਗਾਤਾਰ ਜਾ ਰਹੇ ਹਨ। **ਇਹ, ਇੱਕ ਉਚੇਰੇ ਰੂਪ ਵਿੱਚ ਪ੍ਰਾਚੀਨ ਗੋਤਾਂ ਦੀ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦਾ ਮੁੜ-ਸਥਾਪਤੀ ਹੋਣਾ ਹੋਵੇਗਾ*।"**

ਮਾਰਚ ਦੇ ਅੰਤ ਤੋਂ 26 ਮਈ
1884 ਦੌਰਾਨ ਲਿਖੀ ਗਈ।
ਪਹਿਲਾਂ ਪਹਿਲ ਇੱਕ ਵੱਖਰੀ ਪ੍ਰਕਾਸ਼ਨਾ
ਵਜੋਂ 1884 ਵਿੱਚ ਜ਼ਿਊਰਿਖ ਵਿਖੇ ਛਪੀ।
ਦਸਤਖ਼ਤ : ਫ਼ਰੈਡਰਿਕ ਏਂਗਲਜ਼

ਚੌਥੀ ਜਰਮਨ ਛਾਪ ਦੇ ਪਾਠ
ਅਨੁਸਾਰ ਛਾਪੀ ਗਈ,
1891।

---

⇨ਭਾਗੀਂ ਮੈਂ ਇਸ ਲਈ ਸਮਾਂ ਨਹੀਂ ਕੱਢ ਸਕਦਾ। ਮੈਂ ਤਾਂ ਕੇਵਲ ਇਹੋ ਕਹਿ ਸਕਦਾ ਹਾਂ ਕਿ ਫ਼ੋਰੀਅਰ ਇੱਕ-ਪਤੀ ਇੱਕ-ਪਤਨੀ ਪ੍ਰਥਾ ਅਤੇ ਭੋਂ ਦੀ ਨਿੱਜੀ ਮਾਲਕੀ ਨੂੰ ਸੱਭਿਅਤਾ ਦੇ ਮੁੱਖ ਲੱਛਣ ਸਮਝਦਾ ਸੀ ਅਤੇ ਉਹਨੇ ਇਹਨੂੰ ਗ਼ਰੀਬਾਂ ਵਿਰੁੱਧ ਅਮੀਰਾਂ ਦੇ ਯੁੱਧ ਵਜੋਂ ਬਿਆਨਿਆ। ਅਸੀਂ ਪਹਿਲਾਂ ਹੀ ਉਹਦੀਆਂ ਕਿਰਤਾਂ ਵਿੱਚ ਇਹ ਤੱਥ ਦੀ ਡੂੰਘੀ ਸਮਝ ਵੇਖਦੇ ਹਾਂ ਕਿ ਸਭਨਾਂ ਅਪੂਰਣ ਸਮਾਜਾਂ ਵਿੱਚ, ਜਿਨ੍ਹਾਂ ਨੂੰ ਟਾਕਰਵੇਂ ਹਿੱਤ ਪਾੜਦੇ ਹਨ, ਵਿਕੋਲਤ੍ਰੇ ਟੱਬਰ (les familles incohÈrentes) ਆਰਥਕ ਇਕਾਈਆਂ ਹਨ।

* ਵੇਖੋ ਮਾਰਕਸ-ਏਂਗਲਜ਼, ਮੁਹਾਫ਼ਜ਼ਖ਼ਾਨਾ, ਸੈਂਚੀ 9, ਪੰਨਾ 56-57। **—ਸੰਪਾ.**

# ਨੋਟ

1. **ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ**—ਮਾਰਕਸਵਾਦ ਦੀ ਇੱਕ ਬੁਨਿਆਦੀ ਪੁਸਤਕ। ਇਹ ਮਨੁੱਖਤਾ ਦੇ ਇਤਿਹਾਸ ਦਾ, ਇਸ ਦੇ ਵਿਕਾਸ ਦੇ ਮੁੱਢਲੇ ਪੜਾਵਾਂ ਵਿੱਚ, ਵਿਗਿਆਨਕ ਵਿਸ਼ਲੇਸ਼ਣ ਪੇਸ਼ ਕਰਦੀ ਹੈ, ਆਦਿ-ਭਾਈਚਾਰਾ ਪ੍ਰਬੰਧ ਦੇ ਟੁੱਟਣ ਅਤੇ ਨਿੱਜੀ ਜਾਇਦਾਦ 'ਤੇ ਆਧਾਰਤ ਜਮਾਤੀ ਸਮਾਜ ਦੀ ਰਚਨਾ ਦੇ ਅਮਲ ਨੂੰ ਉਜਾਗਰ ਕਰਦੀ ਹੈ, ਇਸ ਸਮਾਜ ਦੇ ਆਮ ਲੱਛਣ ਉਲੀਕਦੀ ਹੈ, ਵੱਖ ਵੱਖ ਸਮਾਜੀ-ਆਰਥਕ ਬਣਤਰਾਂ ਵਿੱਚ ਟੱਬਰ ਦੇ ਸਬੰਧਾਂ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰਦੀ ਹੈ, ਰਾਜ ਦੇ ਮੂਲ ਤੇ ਤੱਤ ਨੂੰ ਬਿਆਨ ਕਰਦੀ ਹੈ ਅਤੇ ਸ਼੍ਰੇਣੀ ਰਹਿਤ ਕਮਿਊਨਿਸਟ ਸਮਾਜ ਦੀ ਅੰਤਮ ਜਿੱਤ ਨਾਲ਼ ਇਸ ਦੇ ਸਹਿਜੇ ਸਹਿਜੇ ਲੋਪ ਹੋ ਜਾਣ ਦੀ ਇਤਿਹਾਸਕ ਅਟੱਲਤਾ ਪ੍ਰਤੱਖ ਕਰਦੀ ਹੈ।

ਪੁਸਤਕ "ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ" ਏਂਗਲਜ਼ ਨੇ ਦੋ ਮਹੀਨਿਆਂ—ਮਾਰਚ 1884 ਦੇ ਅੰਤ ਤੋਂ ਮਈ 1884 ਦੇ ਅੰਤ—ਵਿੱਚ ਲਿਖੀ। ਮਾਰਕਸ ਦੇ ਖਰੜੇ ਛਾਂਟਦੇ ਹੋਏ ਏਂਗਲਜ਼ ਨੂੰ ਅਗਾਂਹ-ਵਧੂ ਅਮਰੀਕੀ ਲੇਖਕ ਲ. ਮਾਰਗਨ ਦੀ ਪੁਸਤਕ "ਪ੍ਰਾਚੀਨ ਸਮਾਜ" ਦਾ ਵਿਸਥਾਰ-ਪੂਰਵਕ ਸਾਰ ਮਿਲਿਆ, ਜਿਹੜਾ ਮਾਰਕਸ ਨੇ 1880-1881 ਵਿੱਚ ਤਿਆਰ ਕੀਤਾ ਸੀ, ਜਿਸ ਵਿੱਚ ਮਾਰਕਸ ਦੀਆਂ ਅਨੇਕ ਪੜਚੋਲੀਆਂ ਟੀਕਾ-ਟਿੱਪਣੀਆਂ, ਉਹਦੀਆਂ ਆਪਣੀਆਂ ਪ੍ਰਸਤਾਵਨਾਵਾਂ ਵੀ ਅਤੇ ਹੋਰਨਾਂ ਸੋਮਿਆਂ ਤੋਂ ਵਾਧੇ ਵੀ ਸ਼ਾਮਲ ਸਨ। ਇਸ ਸਾਰ ਤੋਂ ਜਾਣੂ ਹੋ ਜਾਣ ਪਿੱਛੋਂ ਅਤੇ ਇਸ ਸਿੱਟੇ ਉੱਤੇ ਅੱਪੜਨ ਪਿੱਛੋਂ ਕਿ ਮਾਰਗਨ ਦੀ ਪੁਸਤਕ ਇਤਿਹਾਸ ਦੀ ਉਸ ਪਦਾਰਥਵਾਦੀ ਸੂਝ ਅਤੇ ਆਦਿ-ਕਾਲੀਨ ਸਮਾਜ ਬਾਰੇ ਉਹਨਾਂ ਵਿਚਾਰਾਂ ਦੀ ਪੁਸ਼ਟੀ ਕਰਦੀ ਹੈ, ਜਿਹੜੇ ਮਾਰਕਸ ਅਤੇ ਖ਼ੁਦ ਏਂਗਲਜ਼ ਨੇ ਘੜੇ ਸਨ, ਏਂਗਲਜ਼ ਨੇ ਇਹ ਜ਼ਰੂਰੀ ਸਮਝਿਆ ਕਿ ਮਾਰਕਸ ਦੀਆਂ ਟੀਕਾ-ਟਿੱਪਣੀਆਂ ਦੀ ਵਿਸ਼ਾਲ ਵਰਤੋਂ ਕਰਕੇ ਅਤੇ ਮਾਰਗਨ ਦੀ ਪੁਸਤਕ ਵਿੱਚੋਂ ਤੱਥਵੀ ਸਮੱਗਰੀ ਦੀ ਵਰਤੋਂ ਕਰਕੇ ਇੱਕ ਵਿਸ਼ੇਸ਼ ਲਿਖਤ ਲਿਖਣ। ਏਂਗਲਜ਼ ਇਸ ਕਾਰਜ ਨੂੰ "ਇੱਕ ਤਰ੍ਹਾਂ ਮਾਰਕਸ ਦੀ ਆਗਿਆ ਪਾਲਣਾ ਸਮਝਦੇ ਸਨ।" ਆਪਣੀ ਪੁਸਤਕ ਉੱਤੇ ਕੰਮ ਕਰਦੇ ਹੋਏ ਏਂਗਲਜ਼ ਨੇ ਯੂਨਾਨ, ਰੋਮ, ਪ੍ਰਾਚੀਨ ਆਇਰਲੈਂਡ, ਪ੍ਰਾਚੀਨ ਜਰਮਨਾਂ ਆਦਿ ਦੇ ਇਤਿਹਾਸ ਸਬੰਧੀ ਆਪਣੀ ਖੋਜ ਵਿੱਚੋਂ ਅਨੇਕ ਤਰ੍ਹਾਂ ਦੀ ਵੱਖ ਵੱਖ ਸਮੱਗਰੀ ਵਰਤੀ।

1890 ਵਿੱਚ ਆਦਿ-ਕਾਲੀਨ ਸਮਾਜ ਦੇ ਇਤਿਹਾਸ ਸਬੰਧੀ ਨਵੀਂ ਸਮੱਗਰੀ ਇਕੱਠੀ ਹੋਣ ਨੂੰ ਮੁੱਖ ਰੱਖਦੇ ਹੋਏ ਏਂਗਲਜ਼ ਨੇ ਆਪਣੀ ਪੁਸਤਕ ਦੀ ਨਵੀਂ ਛਾਪ ਤਿਆਰ ਕਰਨੀ ਸ਼ੁਰੂ ਕੀਤੀ। ਇਸ ਕੰਮ ਦੇ ਦੌਰਾਨ ਉਹਨਾਂ ਨੇ ਇਸ ਪ੍ਰਸ਼ਨ ਸਬੰਧੀ ਸਭੇ ਅਤਿ ਨਵੀਨ ਪੁਸਤਕਾਂ ਪੜ੍ਹੀਆਂ, ਵਿਸ਼ੇਸ਼ ਤੌਰ 'ਤੇ ਰੂਸੀ ਆਲਮ ਮ. ਮ. ਕੋਵਾਲੇਵਸਕੀ ਦੀਆਂ ਕਿਰਤਾਂ। ਉਹਨਾਂ ਨੇ ਮੂਲ ਪਾਠ ਵਿੱਚ ਅਨੇਕਾਂ ਸੋਧਾਂ ਕੀਤੀਆਂ ਅਤੇ ਉਹਨੂੰ

ਚੋਖਾ ਵਧਾਇਆ, ਖਾਸ ਕਰਕੇ ਟੱਬਰ ਬਾਰੇ ਕਾਂਡ।

ਏਂਗਲਜ਼ ਦੀ ਪੁਸਤਕ ਦੀ ਚੌਥੀ ਸੋਧੀ ਅਤੇ ਵਧਾਈ ਛਾਪ 1891 ਦੇ ਅਖ਼ੀਰ ਵਿੱਚ ਸਟੁਟਗਾਰਟ ਵਿਖੇ ਛਾਪੀ ਗਈ ਅਤੇ ਉਸ ਤੋਂ ਪਿੱਛੋਂ ਇਸ ਵਿੱਚ ਕੋਈ ਤਬਦੀਲੀ ਨਾ ਕੀਤੀ ਗਈ।

2. **ਕਨਟੈਂਪੋਰਾਨੋਲ**—ਸਮਾਜਵਾਦੀ ਰੁਝਾਨ ਵਾਲ਼ਾ ਰੁਮਾਨੀਆਈ ਅਖਬਾਰ, ਜਿਹੜਾ 1881-90 ਵਿੱਚ ਯਾਸੀ ਸ਼ਹਿਰ ਤੋਂ ਪ੍ਰਕਾਸ਼ਿਤ ਹੋਇਆ।
3. **ਮਗਰ**—ਇੱਕ ਕਬੀਲਾ, ਅੱਜ ਕੱਲ ਇੱਕ ਕੌਮੀਅਤ, ਜਿਹੜੀ ਨੇਪਾਲ ਦੇ ਪੱਛਮੀ ਹਿੱਸੇ ਵਿੱਚ ਰਹਿੰਦੀ ਹੈ।
4. ਏਂਗਲਜ਼ ਨੇ ਅਗਸਤ ਤੇ ਸਤੰਬਰ 1888 ਵਿੱਚ ਅਮਰੀਕਾ ਤੇ ਕਨੇਡਾ ਦੀ ਯਾਤਰਾ ਕੀਤੀ।
5. **ਪੁਇਬਲੋ**—ਉੱਤਰੀ ਅਮਰੀਕਾ ਦੇ ਇੰਡੀਅਨ ਕਬੀਲਿਆਂ ਦੀ ਉਸ ਟੋਲੀ ਦਾ ਨਾਂ ਜਿਹੜੇ ਨਿਊ ਮੈਕਸੀਕੋ ਦੇ ਇਲਾਕੇ ਵਿੱਚ ਰਹਿੰਦੇ ਸਨ (ਅੱਜ ਕਲ ਸੰਯੁਕਤ ਰਾਜ ਅਮਰੀਕਾ ਦਾ ਦੱਖਣ-ਪੱਛਮੀ ਤੇ ਮੈਕਸੀਕੋ ਦਾ ਉੱਤਰੀ ਹਿੱਸਾ), ਜਿਨ੍ਹਾਂ ਦਾ ਇਤਿਹਾਸ ਅਤੇ ਸਭਿਆਚਾਰ ਸਾਂਝੇ ਸਨ। ਇਹ ਨਾਂ ਸਪੇਨੀ ਸ਼ਬਦ ਪੁਇਬਲੋ (ਲੋਕ, ਪਿੰਡ, ਭਾਈਚਾਰਾ) ਤੋਂ ਨਿਕਲਿਆ ਹੈ ਅਤੇ ਇਹ ਨਾਂ ਉਹਨਾਂ ਨੂੰ ਸਪੇਨੀ ਜੇਤੂਆਂ ਨੇ ਉਹਨਾਂ ਦੇ ਪਿੰਡਾਂ ਦੇ ਵਿਸ਼ੇਸ਼ ਖ਼ਾਸੇ ਕਾਰਨ ਦਿੱਤਾ, ਜਿਹੜੇ ਇੱਕ ਵੱਡੀ 5-6 ਮੰਜ਼ਲਾਂ ਵਾਲ਼ੀ ਇੱਕੋ ਇੱਕ ਕਿਲ੍ਹਾਬੰਦ ਇਮਾਰਤ ਦੇ ਹੁੰਦੇ ਸਨ, ਜਿਨ੍ਹਾਂ ਵਿੱਚ ਇੱਕ ਹਜ਼ਾਰ ਤੱਕ ਲੋਕ ਰਹਿੰਦੇ ਸਨ; ਇਹੋ ਨਾਂ ਇਸ ਕਬੀਲੇ ਦੇ ਪਿੰਡਾਂ ਨੂੰ ਵੀ ਦਿੱਤਾ ਗਿਆ।
6. ਇੱਥੇ ਮੱਧ ਏਸ਼ੀਆ ਦੇ ਦਰਿਆਵਾਂ ਅਮੂ ਦਰਿਆ ਅਤੇ ਸਿਰ ਦਰਿਆ—ਦੇ ਪ੍ਰਾਚੀਨ ਨਾਵਾਂ ਵੱਲ ਇਸ਼ਾਰਾ ਹੈ।
7. **ਨਾਰਮਨ**—ਮੱਧ ਯੁੱਗ ਦੇ ਸ਼ੁਰੂ ਵਿੱਚ ਨਾਰਵੇ, ਸਵੀਡਨ ਤੇ ਡੈਨਮਾਰਕ ਦੇ ਲੋਕਾਂ ਵਿੱਚ ਵਰਤਿਆ ਜਾਂਦਾ ਆਮ ਨਾਂ।

    **ਵਾਈਕਿੰਗ**—ਸਕੈਂਡੇਨੇਵੀਆਈ ਸਮੁੰਦਰੀ ਡਾਕੂ ਤੇ ਜਹਾਜ਼ੀ ਜਿਨ੍ਹਾਂ ਨੇ 8ਵੀਂ ਸਦੀ ਦੇ ਅੰਤਲੇ ਭਾਗ ਤੋਂ 11ਵੀਂ ਸਦੀ ਦੇ ਅੱਧ ਤੱਕ ਧਾੜਵੀ ਹਮਲੇ ਕੀਤੇ।
8. ਮਾਰਕਸ ਦਾ ਇਹ ਖ਼ਤ ਸਾਡੇ ਤੱਕ ਨਹੀਂ ਅੱਪੜਿਆ।
9. ਇੱਥੇ ਇਸ਼ਾਰਾ ਵੈਗਨਰ ਦੇ ਚੌ-ਲੜੀਏ ਸੰਗੀਤ-ਨਾਟ "ਨਿਬੇਲੁੰਗ ਘੇਰੇ" ਵੱਲ ਹੈ, ਜਿਹੜਾ ਸੰਗੀਤ ਲੇਖਕ ਨੇ ਸਕੈਂਡੇਨੇਵਿਆਈ ਮਹਾਂ-ਕਾਵ "ਐਡਾ" ਅਤੇ ਜਰਮਨ ਮਹਾਂ-ਕਾਵ "ਨਿਬੇਲੁੰਗ ਦੇ ਗੀਤ" ਦੇ ਆਧਾਰ ਉੱਤੇ ਲਿਖਿਆ।
10. "ਐਡਾ" ਅਤੇ "ਓਗਿਸਡਰੇਕਾ" ਸਕੈਂਡੇਨੇਵਿਆਈ ਕੌਮਾਂ ਦੀਆਂ ਮਿਥਿਹਾਸਕ ਅਤੇ ਸੂਰਮਾ ਕਥਾਵਾਂ ਅਤੇ ਗੀਤਾਂ ਦਾ ਸੰਗ੍ਰਹਿ।
11. **ਆਸਾ ਅਤੇ ਵਾਨਾ**—ਸਕੈਂਡੇਨੇਵਿਆਈ ਦੇਵ-ਮਾਲਾ ਵਿੱਚ ਦੇਵਤਿਆਂ ਦੀਆਂ ਦੋ ਟੋਲੀਆਂ।

12. ਇਸ਼ਾਰਾ ਆਸਟਰੇਲੀਆ ਦੇ ਬਹੁਤੇ ਆਦਿ-ਵਾਸੀ ਕਬੀਲਿਆਂ ਦੇ ਵਿਸ਼ੇਸ਼ ਦਲਾਂ ਵੱਲ ਹੈ। ਹਰ ਦਲ ਦੇ ਮਰਦ ਇੱਕ ਖਾਸ ਦਲ ਨਾਲ਼ ਸਬੰਧਤ ਔਰਤਾਂ ਨਾਲ਼ ਸ਼ਾਦੀ ਕਰ ਸਕਦੇ ਸਨ। ਹਰ ਕਬੀਲੇ ਵਿੱਚ 4 ਤੋਂ 8 ਤੱਕ ਅਜਿਹੇ ਦਲ ਸਨ।

13. ਪ੍ਰਾਚੀਨ ਰੋਮ ਵਿੱਚ ਹਰ ਵਰ੍ਹੇ ਸੈਚਰਨ (ਸ਼ਨੀ) ਦੇਵਤਾ ਦੇ ਮਾਣ ਵਿੱਚ ਮਨਾਇਆ ਜਾਣਾ ਵਾਲ਼ਾ ਤਿਓਹਾਰ, ਜਿਹੜਾ ਸਿਆਲ ਦੀ ਮੱਧ-ਰਾਤਰੀ ਦੇ ਅਵਸਰ 'ਤੇ ਖੇਤੀ ਦਾ ਕੰਮ ਮੁੱਕਣ ਦੇ ਅਵਸਰ ਉੱਤੇ ਮਨਾਇਆ ਜਾਂਦਾ। ਇਸ ਜਸ਼ਨ ਦੇ ਸਮੇਂ ਜਨਤਕ ਸਮੂਹ-ਭੋਜ ਅਤੇ ਲਿੰਗੀ ਖ਼ਰਮਸਤੀਆਂ ਹੁੰਦੀਆਂ; "ਸ਼ੈਚੁਰਨਾਲੀਆ" ਦਾ ਸ਼ਬਦ ਖੁੱਲ੍ਹੇ ਖਾਣ ਪੀਣ ਅਤੇ ਲਿੰਗੀ ਖ਼ਰਮਸਤੀਆਂ ਲਈ ਆਮ ਨਾਂਵ ਬਣ ਗਿਆ ਹੈ।

14. Morgan L. H., Ancient Society. London, 1877, p.465-466.

15. Morgan L. H, Ancient Society London, 1877, p. 470.

16. ਇਥੇ ਇਸ਼ਾਰਾ ਮ. ਮ. ਕੋਵਾਲੇਵਸਕੀ ਦੀ ਪੁਸਤਕ, "ਪ੍ਰਾਚੀਨ ਕਾਨੂੰਨ, ਪਹਿਲਾ ਅੰਕ, ਗੋਤ" ਮਾਸਕੋ, 1886, ਵੱਲ ਹੈ। ਇਸ ਕ੍ਰਿਤ ਵਿੱਚ ਕੋਵਾਲੇਵਸਕੀ ਨੇ ਰੂਸ ਵਿੱਚ ਟੱਬਰ ਦੀ ਕਮਿਊਨ ਸਬੰਧੀ ਵਾਕਫ਼ੀ ਵੱਲ ਇਸ਼ਾਰਾ ਕੀਤਾ।

17. ਯਾਰੋਸਲਾਵ "**ਪ੍ਰਾਵਦਾ**" ਜਿਸਨੂੰ ਪ੍ਰਾਚੀਨ "ਰੂਸੀ ਪ੍ਰਾਵਦਾ" ਦਾ ਪਹਿਲਾ ਹਿੱਸਾ ਕਿਹਾ ਜਾਂਦਾ ਹੈ—ਜਿਹੜਾ ਪ੍ਰਾਚੀਨ ਰੂਸ ਦੇ ਕਾਨੂੰਨਾਂ ਦਾ ਪਹਿਲਾ ਸੰਗ੍ਰਹਿ ਹੈ, XI—XII ਸਦੀਆਂ ਵਿੱਚ ਪ੍ਰਗਟ ਹੋਇਆ ਅਤੇ ਇਹਨੇ ਉਸ ਸਮੇਂ ਦੇ ਸਮਾਜ ਦੇ ਆਰਥਕ ਅਤੇ ਸਮਾਜੀ ਸਬੰਧਾਂ ਨੂੰ ਪ੍ਰਤਿਬਿੰਬਤ ਕੀਤਾ।

**ਦਲਮਾਸ਼ਿਆਈ ਕਾਨੂੰਨ**—ਕਾਨੂੰਨਾਂ ਦਾ ਉਹ ਸੰਗ੍ਰਹਿ ਜਿਹੜੇ XV—XVII ਸਦੀਆਂ ਵਿੱਚ ਪਲਿਤਸਾ (ਦਲਮਾਸ਼ੀਆ ਦੇ ਇੱਕ ਹਿੱਸੇ) ਵਿੱਚ ਪ੍ਰਚਲਤ ਸਨ; ਇਹ ਪੋਲਿਤਸੀ ਰਾਜ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ।

18. Calpullis (ਕਾਲਪੁਲਿਸ) —ਮੈਕਸੀਕੀ ਅਮਰੀਕਾਂ ਦੇ ਸਪੇਨ ਵੱਲੋਂ ਜਿੱਤੇ ਜਾਣ ਦੇ ਸਮੇਂ ਟੱਬਰ ਦੀ ਕਮਿਊਨ; ਹਰ ਟੱਬਰੀ ਭਾਈਚਾਰੇ (Calpulli) ਦੇ ਸਾਂਝੇ ਵਡੇਰੇ ਹੁੰਦੇ ਸਨ, ਉਹ ਭੋਂ ਦੇ ਇੱਕ ਟੋਟੇ ਦੇ ਸਾਂਝੇ ਮਾਲਕ ਹੁੰਦੇ ਸਨ ਜਿਹੜੀ ਵਾਰਸਾਂ ਵਿੱਚ ਵੰਡੀ ਨਹੀਂ ਸੀ ਜਾ ਸਕਦੀ।

19. ìDas Auslandî—ਜਰਮਨ ਰਸਾਲਾ ਭੂਗੋਲ, ਨਸਲ-ਵਿਗਿਆਨ ਅਤੇ ਵਿਗਿਆਨ ਦੇ ਖ਼ਾਸੇ ਸਬੰਧੀ ਸੀ। ਇਹ 1828-1893 ਦੇ ਵਿਚਕਾਰ ਛਪਿਆ।

20. **ਸਪਾਰਟੀਆਟ**—ਪ੍ਰਾਚੀਨ ਸਪਾਰਟਾ ਦੇ ਸ਼ਹਿਰੀਆਂ ਦੀ ਉਹ ਜਮਾਤ ਜਿਸ ਨੂੰ ਹੀਲਾਟਾਂ ਦੇ ਉਲਟ ਪੂਰੇ ਸ਼ਹਿਰੀ ਹੱਕ ਪ੍ਰਾਪਤ ਸਨ।

**ਹੀਲਾਟ**—ਪ੍ਰਾਚੀਨ, ਸਪਾਰਟਾ ਦੇ ਹੱਕ-ਰਹਿਤ ਵਸਨੀਕ, ਜਿਹੜੇ ਭੋਂ ਨਾਲ਼ ਬੱਝੇ ਹੁੰਦੇ ਸਨ ਅਤੇ ਜਾਗੀਰਦਾਰਾਂ ਲਈ ਕੁੱਝ ਫ਼ਰਜ਼ ਪੂਰੇ ਕਰਨ ਲਈ ਮਜਬੂਰ ਸਨ। ਹੀਲਾਟਾਂ ਦੀ ਹਾਲਤ ਅਸਲ ਵਿੱਚ ਗ਼ੁਲਾਮਾਂ ਦੀ ਹਾਲਤ ਤੋਂ ਵੱਖ ਨਹੀਂ ਸੀ।

21. ਅਰਿਸਟੋਫ਼ੇਨਜ਼, "ਇਸਤਰੀਆਂ ਅਤੇ ਫ਼ਸਮੋਫ਼ੋਰੀਆ ਦਾ ਤਿਓਹਾਰ।"

22. hierodules (ਹੀਰੋਡਿਊਲਜ਼)—ਪ੍ਰਾਚੀਨ ਯੂਨਾਨ ਅਤੇ ਯੂਨਾਨੀ ਬਸਤੀਆਂ ਵਿੱਚ ਮੰਦਰਾਂ ਦੀ ਮਲਕੀਅਤ ਮਰਦ ਅਤੇ ਇਸਤਰੀ ਗ਼ੁਲਾਮ, ਕਈ ਥਾਈਂ, ਵਿਸ਼ੇਸ਼ ਤੌਰ 'ਤੇ ਏਸ਼ਿਆਈ ਕੋਚਕ ਅਤੇ ਕੋਰਿੰਥ ਵਿੱਚ ਇਹ ਗ਼ੁਲਾਮ ਇਸਤਰੀਆਂ ਮੰਦਰ ਦੀਆਂ ਵੇਸਵਾਵਾਂ ਵੀ ਹੁੰਦੀਆਂ ਸਨ।

23. Taifali— ਗੋਤਾਂ ਨਾਲ਼ ਸਬੰਧਤ ਇੱਕ ਜਰਮਨੀ ਕਬੀਲਾ। ਤੀਜੀ ਸਦੀ ਤੱਕ ਇਹ ਕਾਲ਼ੇ ਸਾਗਰ ਦੇ ਉੱਤਰੀ ਕੰਢਿਆਂ 'ਤੇ ਟਿੱਕ ਗਿਆ ਸੀ ਅਤੇ ਮਗਰੋਂ, ਚੌਥੀ ਸਦੀ ਦੇ ਪਿਛਲੇਰੇ ਅੱਧ ਵਿੱਚ, ਹਿਊਨਾਂ ਵੱਲੋਂ ਇੱਥੋਂ ਕੱਢ ਦਿੱਤਾ ਗਿਆ।

Heruli—ਇੱਕ ਜਰਮਾਨੀ ਕਬੀਲਾ ਜਿਹੜਾ ਨਵੇਂ ਯੁੱਗ ਤੋਂ ਪਹਿਲਾਂ ਸਕੈਂਡੇਨੇਵੀਆਈ ਟਾਪੂਹਾਰ 'ਤੇ ਟਿਕ ਗਿਆ ਸੀ। ਤੀਜੀ ਸਦੀ ਵਿੱਚ, ਇਸ ਦਾ ਇੱਕ ਹਿੱਸਾ ਕਾਲ਼ੇ ਸਾਗਰ ਦੇ ਉੱਤਰੀ ਕੰਢਿਆਂ 'ਤੇ ਚਲਾ ਗਿਆ ਜਿਥੋਂ ਉਸ ਨੂੰ ਹਿਊਨਾਂ ਨੇ ਬਾਹਰ ਕੱਢ ਦਿੱਤਾ।

24. "**ਗੁਦਰੁਨ**" (ਇਹਦਾ ਦੂਜਾ ਨਾਂ "ਕੁਦਰੁਨ" ਹੈ)—13ਵੀਂ ਸਦੀ ਦੇ ਮੱਧ ਦਾ ਜਰਮਨ ਮਹਾਂ-ਕਾਵ।

25. ਇਥੇ ਹਵਾਲਾ ਹੈ ਸਪੇਨੀ ਜੇਤੂਆਂ ਵੱਲੋਂ 1519-1522 ਵਿੱਚ ਮੈਕਸੀਕੋ ਉੱਤੇ ਕਬਜ਼ੇ ਵੱਲ ਹੈ।

26. "**ਨਿਰਪੱਖ ਕੌਮਾਂ**"—17ਵੀਂ ਸਦੀ ਵਿੱਚ ਇਰਾਕੁਈਆਂ ਦੇ ਕੁੱਝ ਗਵਾਂਢੀ ਕਬੀਲਿਆਂ ਦਾ, ਜਿਹੜੇ ਏਅਰੀ ਝੀਲ ਦੇ ਉੱਤਰੀ ਕੰਢੇ ਉੱਤੇ ਰਹਿੰਦੇ ਸਨ, ਅਖੌਤੀ ਫ਼ੌਜੀ ਸੰਘ। ਉਹਨਾਂ ਨੂੰ ਇਹ ਨਾਂ ਫ਼ਰਾਂਸੀਸੀ ਆਬਾਦਕਾਰਾਂ ਨੇ ਇਹ ਮੁੱਖ ਰੱਖ ਕੇ ਦਿੱਤਾ ਕਿ ਖ਼ੁਦ ਇਰਾਕੁਈ ਕਬੀਲਿਆਂ ਅਤੇ ਗੁਰੋਨ ਕਬੀਲਿਆਂ ਵਿਚਕਾਰ ਯੁੱਧਾਂ ਸਮੇਂ ਇਹ ਨਿਰਪੱਖ ਰਹੇ।

27. ਇਥੇ ਇਸ਼ਾਰਾ 1879-1887 ਵਿੱਚ ਬਰਤਾਨੀਆ ਅਤੇ ਜ਼ੁਲੂਆਂ ਵਿਚਕਾਰ ਯੁੱਧ ਵੱਲ ਹੈ।

ਨਿਊਬੀਆਈਆਂ, ਅਰਬਾਂ ਅਤੇ ਸੂਡਾਨ ਦੀਆਂ ਹੋਰ ਕੌਮਾਂ ਦੀ ਕੌਮੀ-ਆਜ਼ਾਦੀ ਲਈ ਬਗ਼ਾਵਤ ਮੁਸਲਿਮ ਧਾਰਮਿਕ ਨੇਤਾ ਮੁਹੰਮਦ-ਅਹਿਮਦ ਦੀ, ਜਿਸਨੇ ਆਪਣੇ ਆਪ ਨੂੰ ਮਹਿਦੀ, ਨਿਜਾਤ ਦਿਵਾਉਣ ਵਾਲ਼ਾ ਕਿਹਾ, ਅਗਵਾਈ ਹੇਠ 1881 ਤੋਂ ਸ਼ੁਰੂ ਹੋ ਗਈ ਅਤੇ 1883-1884 ਵਿੱਚ ਵਿਸ਼ੇਸ਼ ਸਫ਼ਲਤਾਵਾਂ ਤੱਕ ਅੱਪੜ ਗਈ ਸੀ, ਜਦੋਂ ਸੂਡਾਨ ਦਾ ਸਾਰਾ ਇਲਾਕਾ ਅੰਗ੍ਰੇਜ਼ ਬਸਤੀਵਾਦੀਆਂ ਦੀਆਂ ਫ਼ੌਜਾਂ ਤੋਂ, ਜਿਹੜੀਆਂ 70ਵਿਆਂ ਤੋਂ ਸੂਡਾਨ ਵਿੱਚ ਘੁਸਣੀਆਂ ਸ਼ੁਰੂ ਹੋਈਆਂ ਸਨ, ਆਜ਼ਾਦ ਕਰਵਾ ਲਿਆ ਗਿਆ। ਅੰਗ੍ਰੇਜ਼ ਕੇਵਲ 1899 ਵਿੱਚ ਹੀ ਹਥਿਆਰਾਂ ਦੀ ਅਤਿ-ਅੰਤ ਉੱਤਮਤਾ ਕਾਰਨ ਹੀ ਸੂਡਾਨ ਨੂੰ ਜਿੱਤ ਸਕੇ।

28. ਇਥੇ ਅਖੌਤੀ ਮੇਤਾਕੀਆਂ ਵੱਲ ਇਸ਼ਾਰਾ ਹੈ—ਜਿਹੜੇ ਪੱਕੀ ਤਰ੍ਹਾਂ ਰਹਿਣ ਲਈ ਐਟੀਕਾ ਵਿੱਚ ਵਸ ਗਏ ਸਨ; ਆਜ਼ਾਦ ਹੋਣ ਦੇ ਬਾਵਜੂਦ ਉਹਨਾਂ ਨੂੰ ਏਥਨਜ਼ ਦੇ ਸ਼ਹਿਰੀਆਂ

ਦੇ ਹੱਕ ਹਾਸਲ ਨਹੀਂ ਸਨ। ਉਹ ਮੁੱਖ ਤੌਰ 'ਤੇ ਦਸਤਕਾਰੀਆਂ ਅਤੇ ਵਪਾਰ ਵਿੱਚ ਰੁੱਝੇ ਹੋਏ ਸਨ ਅਤੇ ਇੱਕ ਵਿਸ਼ੇਸ਼ ਟੈਕਸ ਦੇਣ ਅਤੇ ਪੂਰੇ ਹੱਕ ਰੱਖਣ ਵਾਲ਼ੇ ਸ਼ਹਿਰੀਆਂ ਵਿਚੋਂ ਇੱਕ ਦੀ ਰੱਖਿਆ ਅਧੀਨ ਹੋਣ 'ਤੇ ਮਜਬੂਰ ਸਨ, ਇਸ ਸ਼ਹਿਰੀ ਰਾਹੀਂ ਉਹ ਪ੍ਰਬੰਧਕ ਸੱਤ੍ਹਾ ਅਗੇ ਅਰਜ਼ੀ ਪੇਸ਼ ਕਰ ਸਕਦੇ ਸਨ।

29. **ਬਾਰ੍ਹਾਂ ਸਾਰਣੀਆਂ ਦੇ ਕਾਨੂੰਨ—**ਰੋਮਨ ਕਾਨੂੰਨ ਦੀ ਪ੍ਰਾਚੀਨ ਨਿਸ਼ਾਨੀ। ਇਹ ਪੰਜਵੀਂ ਸਦੀ ਪੂਰਬ ਈਸਾ ਵਿੱਚ ਅਮੀਰਸ਼ਾਹਾਂ ਵਿਰੁੱਧ ਆਮ ਲੋਕਾਂ ਦੇ ਘੋਲ਼ ਵਜੋਂ ਇਕੱਤਰ ਕੀਤੇ ਗਏ ਅਤੇ ਉਹਨਾਂ ਪਹਿਲਾਂ ਪ੍ਰਚਲਤ ਰਿਵਾਜੀ ਕਾਨੂੰਨਾਂ ਦੀ ਥਾਂ ਲਈ; ਇਹਨਾਂ ਕਾਨੂੰਨਾਂ ਨੇ ਰੋਮਨ ਸਮਾਜ ਦੀ ਜਾਇਦਾਦ ਅਨੁਸਾਰ ਪੁੜ-ਬੰਦੀ, ਖੇਤ-ਗ਼ੁਲਾਮੀ ਅਤੇ ਗ਼ੁਲਾਮਾਂ ਦੇ ਮਾਲਕ ਰਾਜ ਦੇ ਵਿਕਾਸ ਨੂੰ ਪ੍ਰਤਿਬਿੰਬਤ ਕੀਤਾ; ਇਹ ਕਾਨੂੰਨ ਬਾਰ੍ਹਾਂ ਸਾਰਣੀਆਂ ਵਿੱਚ ਲਿਖੇ ਗਏ।
30. **ਦੂਜਾ ਪਿਊਨਿਆਈ ਯੁੱਧ** (218-201 ਪੂਰਬ ਈਸਾ) ਉਹਨਾਂ ਯੁੱਧਾਂ ਵਿੱਚੋਂ ਇੱਕ ਜਿਹੜਾ ਅਤੀਤ ਦੇ ਦੋ ਸਭ ਤੋਂ ਵੱਡੇ ਗ਼ੁਲਾਮ ਮਾਲਕ ਰਾਜਾਂ—ਰੋਮ ਅਤੇ ਕਾਰਥੇਜ— ਵਿਚਕਾਰ ਪੱਛਮੀ ਰੋਮ ਸਾਗਰ ਦੇ ਇਲਾਕੇ ਵਿੱਚ ਸਰਦਾਰੀ ਸਥਾਪਤ ਕਰਨ, ਨਵੇਂ ਇਲਾਕਿਆਂ ਉੱਤੇ ਕਬਜ਼ਾ ਕਰਨ ਅਤੇ ਗ਼ੁਲਾਮ ਪ੍ਰਾਪਤ ਕਰਨ ਲਈ ਲੜਿਆ ਗਿਆ। ਇਸ ਯੁੱਧ ਦਾ ਅੰਤ ਕਾਰਥੇਜ ਦੀ ਹਾਰ ਨਾਲ਼ ਹੋਇਆ।
31. ਅੰਗ੍ਰੇਜ਼ਾਂ ਹੱਥੀਂ ਵੇਲਜ਼ ਉੱਤੇ ਕਬਜ਼ਾ 1283 ਵਿੱਚ ਪੂਰਾ ਹੋਇਆ ਪਰ ਉਸ ਤੋਂ ਪਿੱਛੋਂ ਵੀ ਵੇਲਜ਼ ਦੀ ਖ਼ੁਦ-ਅਖ਼ਤਿਆਰੀ ਕਾਇਮ ਰਹੀ। ਅੰਤ ਇਹਨੂੰ 16ਵੀਂ ਸਦੀ ਦੇ ਮੱਧ ਵਿੱਚ ਇੰਗਲੈਂਡ ਨਾਲ਼ ਮਿਲਾ ਦਿੱਤਾ ਗਿਆ।
32. 1869-1870 ਵਿੱਚ ਏਂਗਲਜ਼ ਆਇਰਲੈਂਡ ਦੇ ਇਤਿਹਾਸ ਸਬੰਧੀ ਇੱਕ ਵੱਡੀ ਕਿਰਤ ਤਿਆਰ ਕਰ ਰਹੇ ਸਨ, ਇਹ ਮੁਕੰਮਲ ਨਾ ਹੋਈ। ਕੈਲਟਾਂ ਦੇ ਇਤਿਹਾਸ ਦੇ ਅਧਿਐਨ ਦੇ ਸਬੰਧ ਵਿੱਚ ਉਹਨਾਂ ਨੇ ਵੇਲਜ਼ ਦੇ ਪ੍ਰਾਚੀਨ ਕਾਨੂੰਨਾਂ ਦਾ ਵੀ ਅਧਿਐਨ ਕੀਤਾ।
33. ਏਂਗਲਜ਼ ਨੇ ìAncient Laws and Institutes of Walesî. Vol. I, 1841 ["ਵੇਲਜ਼ ਦੇ ਪ੍ਰਾਚੀਨ ਕਾਨੂੰਨ ਅਤੇ ਇਤਿਹਾਸ" ਸੈਂਚੀ 1, 1841, ਪੰਨਾ 93] ਨਾਂ ਦੀ ਪੁਸਤਕ ਵਿੱਚੋਂ ਟੂਕ ਦਿੱਤੀ ਹੈ।
34. ਸਤੰਬਰ 1891 ਵਿੱਚ ਏਂਗਲਜ਼ ਨੇ ਸਕਾਟਲੈਂਡ ਅਤੇ ਆਇਰਲੈਂਡ ਦਾ ਦੌਰਾ ਕੀਤਾ।
35. ਜਬਰ ਅਤੇ ਐਂਗਲੋ-ਸੈਕਸਨ ਅਮੀਰਸ਼ਾਹੀ ਅਤੇ ਬੁਰਜੂਆਜ਼ੀ ਦੇ ਹਿੱਤਾਂ ਵਿੱਚ ਭੋਂ ਖੋਹੇ ਜਾਣ ਵਿਰੁਧ ਸਕਾਟਲੈਂਡ ਦੇ ਪਹਾੜੀ ਕਬੀਲਿਆਂ ਦੀ ਬਗ਼ਾਵਤ 1745-1746 ਵਿੱਚ ਹੋਈ; ਪਹਾੜੀ ਇਲਾਕਿਆਂ ਦੇ ਕਬਾਇਲੀ ਪੁਰਾਣੀ ਗੋਤਰੀ ਬਣਤਰ ਕਾਇਮ ਰੱਖਣ ਲਈ ਲੜੇ। ਇਸ ਦਬਾਏ ਜਾਣ ਦੇ ਸਿੱਟੇ ਵੱਜੋਂ ਸਕਾਟਲੈਂਡ ਵਿੱਚ ਕਬੀਲਾ ਪ੍ਰਥਾ ਤਬਾਹ ਹੋ ਗਈ; ਜ਼ਮੀਨ ਉੱਤੇ ਗੋਤਰੀ ਕਬਜ਼ੇ ਦੀ ਰਹਿੰਦ ਖੂੰਹਦ ਖ਼ਤਮ ਕਰ ਦਿੱਤੀ ਗਈ ਅਤੇ ਸਕਾਟਲੈਂਡ ਦੇ ਕਿਸਾਨਾਂ ਨੂੰ ਭੋਂ ਤੋਂ ਧੱਕਣ ਦਾ ਅਮਲ ਤੇਜ਼ ਹੋ ਗਿਆ,

ਗੋਤਰੀ ਅਦਾਲਤਾਂ ਖ਼ਤਮ ਕਰ ਦਿੱਤੀਆਂ ਗਈਆਂ ਅਤੇ ਕੁੱਝ ਗੋਤਰੀ ਰਿਵਾਜਾਂ ਉੱਤੇ ਪਾਬੰਦੀ ਲਾ ਦਿੱਤੀ ਗਈ।

36. **ਅਲਾਮਾਨੀ ਕਾਨੂੰਨ**—ਜਰਮਨ ਕਬਾਇਲੀ ਸੰਘ ਅਲਾਮਾਨ ਦੇ ਰਿਵਾਇਤੀ ਕਾਨੂੰਨਾਂ ਦੀ ਸੰਘਤਾ। ਇਹ ਲੋਕ ਅਜੋਕੇ ਅਲਸਾਸ, ਪੂਰਬੀ ਸਵਿਟਜ਼ਰਲੈਂਡ ਅਤੇ ਦੱਖਣ-ਪੱਛਮੀ ਜਰਮਨੀ ਵਿੱਚ ਰਹਿੰਦੇ ਸਨ; ਇਹ ਸੰਘਤਾ ਛੇਵੀਂ ਸਦੀ ਦੇ ਅੰਤ ਅਤੇ ਸੱਤਵੀਂ ਅਤੇ ਅੱਠਵੀਂ ਸਦੀ ਦੇ ਸ਼ੁਰੂ ਨਾਲ਼ ਸਬੰਧਤ ਹੈ। ਏਂਗਲਜ਼ ਇਥੇ ਇਸ ਕਾਨੂੰਨ ਦੇ 31ਵੇਂ (34ਵੇਂ) ਕਾਨੂੰਨ ਵਲ ਇਸ਼ਾਰਾ ਕਰ ਰਹੇ ਹਨ।

37. "**ਹਿਲਡੇਬਰਾਂਡ ਦਾ ਗੀਤ**"—ਬੀਰ ਗਾਥਾ, ਅੱਠਵੀਂ ਸਦੀ ਦੀ ਪੁਰਾਣੀ ਜਰਮਨ ਸੂਰਮਾ ਕਵਿਤਾ ਦਾ ਹਿੱਸਾ, ਇਹਦੇ ਕੁੱਝ ਹਿੱਸੇ ਹੀ ਬਚੇ ਹਨ।

38. ਸਿਵਿਲਿਸ ਦੀ ਅਗਵਾਈ ਹੇਠ ਰੋਮ ਦੇ ਗ਼ਲਬੇ ਵਿਰੁੱਧ ਜਰਮਨ ਅਤੇ ਗਾਲ ਕਬੀਲਿਆਂ ਦੀ ਬਗ਼ਾਵਤ 69-70 ਵਿੱਚ ਹੋਈ (ਕੋਈ ਹੋਰ ਸੋਮਿਆਂ ਅਨੁਸਾਰ 69-71 ਵਿੱਚ।) ਅਤੇ ਗਾਲ ਅਤੇ ਰੋਮ ਦੇ ਅਧੀਨ ਜਰਮਨ ਇਲਾਕਿਆਂ ਦੇ ਚੋਖੇ ਹਿੱਸੇ ਉੱਤੇ ਫੈਲ ਗਈ। ਇਸ ਬਗ਼ਾਵਤ ਨੇ ਰੋਮ ਲਈ ਇਹ ਸਾਰਾ ਇਲਾਕਾ ਹੱਥੋਂ ਨਿਕਲ਼ ਜਾਣ ਦਾ ਖ਼ਤਰਾ ਪੈਦਾ ਕਰ ਦਿੱਤਾ। ਮੁੱਢਲੀਆਂ ਜਿੱਤਾਂ ਪਿੱਛੋਂ ਬਾਗ਼ੀਆਂ ਨੂੰ ਹਾਰ ਹੋਈ ਅਤੇ ਉਹ ਰੋਮ ਨਾਲ਼ ਅਮਨ ਸੰਧੀ ਉੱਤੇ ਸਹੀ ਕਰਨ 'ਤੇ ਮਜਬੂਰ ਹੋ ਗਏ।

39. ìCodex Laureshamensisî("ਲੋਰਸ਼ ਦੀ ਸੰਘਤਾ"), ਲੋਰਸ਼ ਦੇ ਮੱਠ ਦੇ ਜ਼ਮੀਨੀ ਮਾਲਕੀ ਦੇ ਪਟਿਆਂ ਅਤੇ ਵਿਸ਼ੇਸ਼-ਅਧਿਕਾਰਾਂ ਦਾ ਸੰਗ੍ਰਹਿ। ਇਹ ਮੱਠ ਦੱਖਣ-ਪੱਛਮੀ ਜਰਮਨੀ ਵਿੱਚ ਵੱਡੀ ਸਾਮੰਤੀ ਮਾਲਕੀ ਦਾ ਪ੍ਰਤਿਨਿੱਧ ਸੀ। ਇਹ ਸੰਘਤਾ, ਜਿਹੜੀ ਬਾਰ੍ਹਵੀਂ ਸਦੀ ਵਿੱਚ ਇਕਤਰ ਕੀਤੀ ਗਈ ਅੱਠਵੀਂ-ਨੌਵੀਂ ਸਦੀ ਵਿੱਚ ਕਿਸਾਨਾਂ ਅਤੇ ਸਾਮੰਤਾਂ ਦੀ ਭੋਂ ਮਾਲਕੀ ਦੇ ਇਤਿਹਾਸ ਦੇ ਸਭ ਤੋਂ ਮਹੱਤਵ-ਪੂਰਨ ਸੋਮਿਆਂ ਵਿੱਚ ਇੱਕ ਹੈ।

40. Iberians—ਕਬੀਲਿਆਂ ਦਾ ਇੱਕ ਦਲ, ਜਿਹੜੇ ਪ੍ਰਾਚੀਨ ਸਮੇਂ ਇਬੇਰੀਅਨ ਟਾਪੂਹਾਰ ਦੇ ਇੱਕ ਭਾਗ, ਮੱਧ ਸਾਗਰ ਦੇ ਨਾਲ਼ ਲਗਦੇ ਟਾਪੂਆਂ ਅਤੇ ਸਮਕਾਲੀ ਫਰਾਂਸ ਦੇ ਦੱਖਣ-ਪੂਰਬ ਵਿੱਚ ਵਸੇ ਹੋਏ ਸਨ।

Ligurians—ਕਬੀਲਿਆਂ ਦਾ ਇੱਕ ਦਲ ਜਿਹੜੇ ਪ੍ਰਾਚੀਨ ਸਮੇਂ ਇਤਾਲਵੀ ਟਾਪੂਹਾਰ ਦੇ ਵਡੇਰੇ ਭਾਗ ਵਿੱਚ ਰਹਿੰਦੇ ਸਨ। 6ਵੀਂ ਸਦੀ ਪੂਰਬ ਈਸਾ ਵਿੱਚ Halic ਕਬੀਲਿਆਂ ਨੇ ਇਹਨਾਂ ਨੂੰ ਟਾਪੂਹਾਰ ਦੇ ਉੱਤਰ-ਪੱਛਮੀ ਭਾਗ ਅਤੇ ਗਾਲ ਦੇ ਤਟਵਰਤੀ ਦੱਖਣ-ਪੂਰਬੀ ਭਾਗ ਵੱਲ ਭਜਾ ਦਿੱਤਾ।

Noricaus ਇਲੀਰੀਅਨ ਤੇ ਕੈਲਟਿਕ ਕਬੀਲਿਆਂ ਦਾ ਇੱਕ ਦਲ ਜਿਹੜੇ ਪ੍ਰਾਚੀਨ ਰੋਮਾਨੀ ਪ੍ਰਦੇਸ਼ ਨੋਰੀਕਮ (ਇਸ ਵੇਲੇ ਸਟੀਰੀਆ ਦਾ ਭਾਗ ਅਤੇ ਕਾਰਿਨਥੀਆ ਦਾ ਭਾਗ) ਦੇ ਇਲਾਕੇ ਵਿੱਚ ਰਹਿੰਦੇ ਸਨ।

41. ਇਥੇ ਇਸ਼ਾਰਾ ਜਰਮਨ ਕੌਮ ਦੀ ਪਵਿੱਤਰ ਜਰਮਨ ਸਲਤਨਤ ਵੱਲ ਹੈ—962 ਵਿੱਚ

ਕਾਇਮ ਹੋਈ ਇੱਕ ਮੱਧਕਾਲੀਨ ਸ਼ਹਿਨਸ਼ਾਹੀ, ਜਿਸ ਵਿੱਚ ਜਰਮਨੀ ਦਾ ਇਲਾਕਾ ਅਤੇ ਇਟਲੀ ਦਾ ਇੱਕ ਹਿੱਸਾ ਸ਼ਾਮਲ ਸਨ। ਪਿੱਛੋਂ ਜਾ ਕੇ, ਫ਼ਰਾਂਸ ਦੇ ਕੁੱਝ ਇਲਾਕੇ, ਬੋਹੀਮੀਆ, ਆਸਟ੍ਰੀਆ, ਨੀਦਰਲੈਂਡਜ਼, ਸਵਿਟਜ਼ਰਲੈਂਡ ਅਤੇ ਦੂਜੇ ਦੇਸ਼ ਵੀ ਸ਼ਹਿਨਸ਼ਾਹੀ ਵਿੱਚ ਸ਼ਾਮਲ ਹੋ ਗਏ। ਇਹ ਸਾਮੰਤੀ ਰਿਆਸਤਾਂ ਅਤੇ ਆਜ਼ਾਦ ਨਗਰਾਂ ਦਾ ਇੱਕ ਢਿਲਮ-ਢਿਲਾ ਸੰਘ ਸੀ ਜਿਹੜੇ ਸ਼ਹਿਨਸ਼ਾਹ ਦੇ ਸਰਵਉੱਚ ਅਧਿਕਾਰ ਨੂੰ ਪ੍ਰਵਾਨ ਕਰਦੇ ਸਨ। 1806 ਵਿੱਚ ਇਸ ਦਾ ਪਤਨ ਹੋ ਗਿਆ ਜਦੋਂ ਫ਼ਰਾਂਸ ਵਿਰੁੱਧ ਜੰਗ ਵਿੱਚ ਹਾਰਨ ਤੋਂ ਪਿੱਛੋਂ ਹਾਪਸਬਰਗ ਨੂੰ ਪਾਵਨ ਰੋਮਨ ਸ਼ਹਿਨਸਾਹੀ ਦੇ ਸ਼ਹਿਨਸ਼ਾਹ ਦੀ ਉਪਾਧੀ ਤਜਣੀ ਪਈ।

42. Benefices (ਬੈਨੀਫ਼ਿਸ) [beneficium—ਸ਼ਬਦਾਂਤਕ ਅਰਥ—ਚੰਗਾ ਕਰਮ]—ਜ਼ਮੀਨ ਦੇ ਪਟੇ ਦੀ ਉਹ ਪ੍ਰਥਾ ਜਿਹੜੀ ਅੱਠਵੀਂ ਸਦੀ ਦੇ ਪਹਿਲੇ ਅੱਧ ਵਿੱਚ ਫ਼ਰੈਂਕਾਂ ਦੇ ਦੇਸ਼ ਵਿੱਚ ਆਮ ਪ੍ਰਚਲਤ ਸੀ। ਕੁੱਝ ਸੇਵਾਵਾਂ, ਮੁੱਖ ਤੌਰ ’ਤੇ ਫ਼ੌਜੀ ਸੇਵਾਵਾਂ ਦੇ ਬਦਲੇ, ਜਾਗੀਰ ਮਿਲਣ ਵਾਲ਼ੇ ਨੂੰ ਭੋਂ ਉੱਤੇ ਵਸੇ ਖੇਤ-ਗ਼ੁਲਾਮਾਂ ਸਮੇਤ ਆਪਣੀ ਜ਼ਿੰਦਗੀ ਵਿੱਚ ਵਰਤਣ ਲਈ ਦਿੱਤਾ ਜਾਂਦਾ ਭੋਂ ਦਾ ਟੋਟਾ। ਬੈਨੀਫ਼ਿਸਾਂ ਦੀ ਪ੍ਰਥਾ ਨੇ ਕਿਸਾਨ ਜਨਤਾ ਨੂੰ ਖੇਤ-ਗ਼ੁਲਾਮਾਂ ਵਿੱਚ ਤਬਦੀਲ ਕਰਕੇ ਸਾਮੰਤੀ ਸ਼੍ਰੇਣੀ, ਵਿਸ਼ੇਸ਼ ਤੌਰ ’ਤੇ ਛੋਟੇ ਅਤੇ ਦਰਮਿਆਨੇ ਰਾਠਾਂ ਅਤੇ ਬਾਜਗੁਜ਼ਾਰ ਸਬੰਧਾਂ ਅਤੇ ਰਾਠਸ਼ਾਹੀ ਦੇ ਬਣਨ ਵਿੱਚ ਸਹਾਇਤਾ ਦਿੱਤੀ। ਪਿੱਛੋਂ ਜਾ ਕੇ ਬੈਨੀਫ਼ਿਸ ਜੱਦੀ ਭੋਂ (ਫ਼ਿਊਡ) ਬਣਨੇ ਸ਼ੁਰੂ ਹੋ ਗਏ।

43. **ਜ਼ਿਲ੍ਹਿਆਂ ਦੇ ਕਾਊਂਟ** (Gaugrafen)—ਫ਼ਰੈਂਕਾਂ ਦੇ ਰਾਜ ਵਿੱਚ ਬਾਦਸ਼ਾਹ ਵੱਲੋਂ ਜ਼ਿਲ੍ਹਿਆਂ ਜਾਂ ਕਾਉਂਟੀਆਂ ਦੇ ਮੁਖੀ ਦੇ ਤੌਰ ’ਤੇ ਥਾਪੇ ਗਏ ਅਧਿਕਾਰੀ। ਆਪਣੇ ਇਲਾਕੇ ਵਿੱਚ ਕਾਉਂਟ ਨੂੰ ਅਦਾਲਤੀ ਅਧਿਕਾਰ ਪ੍ਰਾਪਤ ਹੁੰਦੇ, ਉਹ ਟੈਕਸ ਇਕੱਠੇ ਕਰਦਾ ਅਤੇ ਉਹਨਾਂ ਫ਼ੌਜਾਂ ਦਾ ਪ੍ਰਬੰਧ ਕਰਦਾ ਜਿਹੜੀਆਂ ਮੁਹਿੰਮਾਂ ਸਮੇਂ ਉਹਦੇ ਅਧੀਨ ਸਨ। ਆਪਣੀ ਸੇਵਾ ਲਈ ਉਹਨੂੰ ਆਪਣੇ ਜ਼ਿਲ੍ਹੇ ਵਿੱਚ ਇਕੱਠੀ ਕੀਤੀ ਬਾਦਸ਼ਾਹ ਦੀ ਆਮਦਨ ਦਾ ਤੀਜਾ ਹਿੱਸਾ ਮਿਲਦਾ। ਉਹਨੂੰ ਜ਼ਮੀਨੀ ਗਰਾਂਟ ਦੇ ਰੂਪ ਵਿੱਚ ਵੀ ਇਕਵਜ਼ਾਨਾ ਮਿਲਦਾ। ਪਿੱਛੋਂ ਜਾ ਕੇ ਕਾਉਂਟ ਹੌਲ਼ੀ ਹੌਲ਼ੀ ਬਾਦਸ਼ਾਹ ਵੱਲੋਂ ਥਾਪੇ ਅਧਿਕਾਰੀਆਂ ਦੀ ਥਾਂ ਵੱਡੇ ਸਾਮੰਤ ਬਣ ਗਏ ਜਿਨ੍ਹਾਂ ਨੂੰ ਜਦੋਂ ਵਿਰਾਸਤ ਦਾ ਹੱਕ ਪੀੜ੍ਹੀ ਅਨੁਸਾਰ ਪ੍ਰਵਾਨ ਕਰ ਲਿਆ ਗਿਆ, ਵਿਸ਼ੇਸ਼ ਤੌਰ ਉੱਤੇ 877 ਤੋਂ, ਜਦੋਂ ਕਾਉਂਟ ਦੀ ਪਦਵੀ ਜਦੀ ਆਧਾਰ ਉੱਤੇ ਪਾ ਦਿੱਤੀ ਗਈ।

44. Angariae (ਅੰਗਾਰੀ)—ਰੋਮਨ ਸਲਤਨਤ ਦੇ ਉਹ ਫ਼ਰਜ਼ ਜਿਹੜੇ ਰਾਜਕੀ ਪਰੀਵਾਹਨ ਨੂੰ ਚਾਲੂ ਰੱਖਣ ਲਈ ਸ਼ਹਿਰੀਆਂ ਤੋਂ ਮੰਗੇ ਜਾਂਦੇ ਸਨ। ਅੱਗੋਂ ਇਹ ਬਹੁਤ ਵਧ ਗਏ ਅਤੇ ਵਸੋਂ ਲਈ ਭਾਰ ਬਣ ਗਏ।

45. Commendations (ਕੋਮਿੰਦਾਸੀ)—8ਵੀਂ ਨੌਵੀਂ ਸਦੀ ਵਿੱਚ ਸ਼ੁਰੂ ਹੋਏ ਕਿਸਾਨਾਂ ਦੇ ਸਾਮੰਤਾਂ ਦੀ ਰੱਖਿਆ ਹੇਠ ਆਉਣ ਦੇ ਪ੍ਰਬੰਧਾਂ ਵਿੱਚੋਂ ਇੱਕ, ਅਤੇ ਛੋਟੇ ਸਾਮੰਤਾਂ ਦੇ ਕੁੱਝ

ਸ਼ਰਤਾਂ ਅਧੀਨ ਵੱਡੇ ਸਾਮੰਤਾਂ ਦੀ ਰੱਖਿਆ ਹੇਠ ਆਉਣ ਦੀ ਵੀ ਪ੍ਰਣਾਲੀ (ਸਰਪ੍ਰਸਤ ਦੇ ਹੱਕ ਵਿੱਚ ਫ਼ੌਜੀ ਸੇਵਾ ਅਤੇ ਹੋਰ ਸੇਵਾ ਅਤੇ ਆਪਣੀ ਭੋਂ ਵੱਡੇ ਸਾਮੰਤ ਦੇ ਨਾਂ ਕਰ ਦੇਣ ਅਤੇ ਸ਼ਰਤਾਂ ਸਹਿਤ ਗਰਾਂਟ ਵਜੋਂ ਵਾਪਸ ਮਿਲਣਾ)। ਕਿਸਾਨਾਂ ਲਈ ਇਹਦਾ ਅਰਥ ਸੀ ਨਿੱਜੀ ਆਜ਼ਾਦੀ ਖੁੱਸ ਜਾਣਾ। ਕੁੱਝ ਹਾਲਤਾਂ ਵਿੱਚ ਉਹਨਾਂ ਨੂੰ ਜ਼ਬਰਦਸਤੀ ਅਜਿਹਾ ਕਰਨ 'ਤੇ ਮਜਬੂਰ ਕੀਤਾ ਗਿਆ। ਛੋਟੇ ਸਾਮੰਤ ਲਈ ਇਹਦਾ ਅਰਥ ਵੱਡੇ ਸਾਮੰਤਾਂ ਨਾਲ਼ ਸਾਮੰਤਸ਼ਾਹੀ ਸਬੰਧਾਂ ਦਾ ਸ਼ੁਰੂ ਹੋਣਾ ਸੀ।

46. **ਹੇਸਟਿੰਗਜ਼ ਦੀ ਲੜਾਈ 1066 ਵਿੱਚ** ਹੋਈ। ਇਹ ਨਾਰਮੰਡੀ ਦੇ ਡਿਊਕ ਵਿਲੀਅਮ ਦੀਆਂ, ਜਿਸ ਨੇ ਇੰਗਲੈਂਡ ਉੱਤੇ ਹਮਲਾ ਕੀਤਾ, ਫ਼ੌਜਾਂ ਅਤੇ ਐਂਗਲੋ-ਸੈਕਸਨਾਂ ਵਿਚਕਾਰ ਲੜੀ ਗਈ। ਐਂਗਲੋ-ਸੈਕਸਨ ਫ਼ੌਜਾਂ ਜਿਨ੍ਹਾਂ ਆਪਣੀ ਫ਼ੌਜੀ ਜੱਥੇਬੰਦੀ ਵਿੱਚ ਸਾਂਝੀਵਾਲ ਪ੍ਰਣਾਲੀ ਦੀ ਰਹਿੰਦ-ਖੂੰਹਦ ਕਾਇਮ ਰੱਖੀ ਅਤੇ ਜਿਨ੍ਹਾਂ ਕੋਲ਼ ਪਿੱਛੜੇ ਹਥਿਆਰ ਸਨ, ਤਬਾਹ ਹੋ ਗਈਆਂ। ਬਾਦਸ਼ਾਹ ਹੈਰਲਡ ਜੰਗ ਵਿੱਚ ਮਾਰਿਆ ਗਿਆ ਅਤੇ ਵਿਲੀਅਮ ਪਹਿਲੇ, ਜੇਤੂ, ਦੇ ਨਾਂ ਹੇਠ ਇੰਗਲੈਂਡ ਦਾ ਬਾਦਸ਼ਾਹ ਬਣ ਗਿਆ।

47. **ਡਿਥਮਾਰਸ਼ਨ** — ਅੱਜ ਕੱਲ ਦੇ ਸਲੇਸ਼ਵਿਗ-ਹੋਲਸਟੀਨ (ਪੱਛਮੀ ਜਰਮਨੀ ਦਾ ਇੱਕ ਹਿੱਸਾ) ਦੇ ਦੱਖਣ-ਪੱਛਮ ਦਾ ਇਲਾਕਾ। ਪ੍ਰਾਚੀਨ ਸਮਿਆਂ ਵਿੱਚ ਇਥੇ ਸੈਕਸਨ ਰਹਿੰਦੇ ਸਨ। ਅੱਠਵੀਂ ਸਦੀ ਵਿੱਚ ਇਹਦੇ ਉੱਤੇ ਚਾਰਲਸ ਮਹਾਨ ਨੇ ਕਬਜ਼ਾ ਕਰ ਲਿਆ ਅਤੇ ਉਸ ਤੋਂ ਪਿੱਛੋਂ ਇਹ ਵੱਖ ਵੱਖ ਧਾਰਮਿਕ ਅਤੇ ਗ਼ੈਰ-ਮਜ਼੍ਹਬੀ ਸਾਮੰਤਾਂ ਦੇ ਕਬਜ਼ੇ ਹੇਠ ਰਿਹਾ। 12ਵੀਂ ਸਦੀ ਦੇ ਮੱਧ ਤੋਂ ਡਿਥਮਾਰਸ਼ਨ ਦੀ ਵਸੋਂ ਦੀ ਬਹੁ-ਗਿਣਤੀ ਆਜ਼ਾਦ ਕਿਸਾਨ ਸਨ, ਹੌਲ਼ੀ ਹੌਲ਼ੀ ਉਹਨਾਂ ਆਜ਼ਾਦੀ ਪ੍ਰਾਪਤ ਕਰਨ ਦਾ ਯਤਨ ਕੀਤਾ 13ਵੀਂ ਸਦੀ ਦੇ ਮੁੱਢ ਤੋਂ ਸੋਲ੍ਹਵੀਂ ਸਦੀ ਦੇ ਮੱਧ ਤੱਕ ਅਮਲ ਵਿੱਚ ਆਜ਼ਾਦ ਸਨ, ਇਸ ਸਮੇਂ ਵਿੱਚ ਡਿਥਮਾਰਸ਼ਨ ਆਪਣੇ ਆਪ ਨੂੰ ਇੱਕ ਤਰ੍ਹਾਂ ਦੇ ਕਿਸਾਨਾਂ ਦੇ ਸਵੈ-ਸ਼ਾਸਕ ਭਾਈਚਾਰਿਆਂ ਦੇ ਸਮੂਹ ਦੇ ਤੌਰ 'ਤੇ ਪੇਸ਼ ਕਰਦਾ ਰਿਹਾ। ਵਧੇਰੇ ਹਾਲਤਾਂ ਵਿੱਚ ਇਹਨਾਂ ਭਾਈਚਾਰਿਆਂ ਦਾ ਆਧਾਰ ਕਿਸਾਨਾਂ ਦੇ ਗੋਤ ਰਹੇ। 14ਵੀਂ ਸਦੀ ਤੱਕ ਡਿਥਮਾਰਸ਼ਨ ਵਿੱਚ ਸਰਵਉੱਚ ਸੱਤ੍ਹਾ ਭੋਂ ਦੇ ਸਭਨਾਂ ਆਜ਼ਾਦ ਮਾਲਕਾਂ ਦੇ ਇਕੱਠ ਕੋਲ਼ ਸੀ, ਇਸ ਤੋਂ ਪਿੱਛੋਂ ਇਹ ਤਿੰਨ ਚੁਣੇ ਸਮੂਹਾਂ ਦੇ ਹੱਥ ਚਲੀ ਗਈ। 1559 ਵਿੱਚ ਡੈਨਮਾਰਕ ਦੇ ਬਾਦਸ਼ਾਹ ਫ਼ਰੈਡਰਿਕ ਦੂਜੇ ਦੀਆਂ ਅਤੇ ਹੋਲਸਟੀਨ ਦੇ ਡਿਊਕਾਂ ਜੋਹਾਨ ਅਤੇ ਐਡੋਲਫ਼ ਦੀਆਂ ਫ਼ੌਜਾਂ ਨੇ ਡਿਥਮਾਰਸ਼ਨ ਦੀ ਵਸੋਂ ਦੇ ਵਿਰੋਧ ਨੂੰ ਕੁਚਲ ਦਿੱਤਾ ਅਤੇ ਇਲਾਕਾ ਇਹਨਾਂ ਜੇਤੂਆਂ ਵਿੱਚ ਵੰਡ ਦਿੱਤਾ ਗਿਆ। ਪਰ ਭਾਈਚਾਰਾ ਜੱਥੇਬੰਦੀ ਅਤੇ ਸਵੈ-ਸ਼ਾਸਨ ਡਿਥਮਾਰਸ਼ਨ ਵਿੱਚ 19ਵੀਂ ਸਦੀ ਦੇ ਦੂਜੇ ਅੱਧ ਤੱਕ ਜਾਰੀ ਰਿਹਾ।

48. Hegel G. W. F., Grundlinien der Philosophie des Rechts. ßß 257, 360 (ਗ. ਵ. ਫ਼. ਹੀਗਲ "ਕਾਨੂੰਨ ਦੇ ਦਰਸ਼ਨ ਦਾ ਆਧਾਰ", ਪੈਰਾ 257 ਤੇ 360), ਇਸ ਕ੍ਰਿਤ ਦੀ ਪਹਿਲੀ ਛਾਪ 1821 ਵਿੱਚ ਬਰਲਿਨ ਵਿਖੇ ਛਪੀ।

# ਨਾਮਾਵਲੀ

### ੳ

**ਉਲਫਿਲਾ** (ਜਾਂ ਵੁਲਫ਼ਿਲਾ) (ਲਗ ਭਗ 311–83)— ਪੱਛਮੀ ਗੋਥਕ ਧਾਰਮਿਕ ਅਤੇ ਰਾਜਸੀ ਨੇਤਾ, ਗੋਥਾਂ ਦਾ ਈਸਾਈਕਰਨ ਕੀਤਾ, ਗੋਥਕ ਵਰਣਮਾਲਾ ਦਾ ਰਚਣਹਾਰ, ਗੋਥਕ ਵਿੱਚ ਅੰਜੀਲ ਦਾ ਅਨੁਵਾਦ ਕੀਤਾ।

**ਓੱਡੋਆਕਰ** (ਲਗ ਭਗ 434–93)— ਜਰਮਨ ਦਸਤਿਆਂ ਦੇ ਨੇਤਾਵਾਂ ਵਿੱਚੋਂ ਇੱਕ; 476 ਵਿੱਚ ਰੋਮ ਦੇ ਸ਼ਾਹਿਨਸ਼ਾਹ ਨੂੰ ਤਖ਼ਤ ਤੋਂ ਲਾਹ ਦਿੱਤਾ ਅਤੇ ਇਟਲੀ ਵਿੱਚ "ਜਾਹਿਲਾਂ" ਦੀ ਪਹਿਲੀ ਬਾਦਸ਼ਾਹੀ ਦਾ ਬਾਦਸ਼ਾਹ ਬਣ ਗਿਆ।

### ਅ

**ਅਗਾਸਿਜ਼ (Agassiz)**, ਲੂਈ ਯਾਂ ਰੋਡੋਲਫ਼ (1807–73)—ਸਵਿਟਜ਼ਰੈਂਡ ਦਾ ਕੁਦਰਤ–ਵਿਗਿਆਨੀ ਅਤੇ ਸੈਲਾਨੀ।

**ਆਨਾਕਸਾਂਦਰੀਦਾਜ਼** (ਛੇਵੀਂ ਸਦੀ ਪੂਰਵ ਈਸਾ)—ਸਪਾਰਟਾ ਦਾ ਬਾਦਸ਼ਾਹ (560 ਪੂਰਵ ਈਸਾ ਤੋਂ), ਜਿਸ ਨੇ ਅਰਿਸਟੋਨਜ਼ ਨਾਲ਼ ਰਲ਼ ਕੇ ਰਾਜ ਕੀਤਾ।

**ਅਪੀਅਸ** ਕਲਾਡੀਅਸ (ਮੌਤ ਲਗ ਭਗ 448 ਪੂਰਵ ਈਸਾ)—ਰੋਮ ਦਾ ਰਾਜਨੇਤਾ, ਦੇਸਮਵੀਰਾਂ (ਦਸਾਂ) ਦੀ ਕਮੇਟੀ ਦਾ ਮੈਂਬਰ (451, 450 ਪੂਰਵ ਈਸਾ), ਜਿਸ ਨੇ ਬਾਰ੍ਹਾਂ ਸਾਰਣੀਆਂ ਦੇ ਕਾਨੂੰਨ ਲਾਗੂ ਕੀਤੇ।

**ਅਮੀਆਨੁਸ** ਮਾਰਸੀਲੀਨੁਸ (ਲਗ ਭਗ 332–ਲਗ ਭਗ 400)— ਰੋਮ ਦਾ ਇਤਿਹਾਸਕਾਰ, "ਇਤਿਹਾਸ" ਦਾ ਲੇਖਕ।

**ਅਰਸਤੂ** (384–322 ਪੂਰਵ ਈਸਾ)—ਪ੍ਰਾਚੀਨ ਦਾਰਸ਼ਨਿਕ ਦਰਸ਼ਨ ਵਿੱਚ ਉਹ ਪਦਾਰਥਵਾਦ ਅਤੇ ਆਦਰਸ਼ਵਾਦ ਦੇ ਵਿਚਕਾਰ ਸੀ। ਗ਼ੁਲਾਮ ਮਾਲਕ ਸ਼੍ਰੇਣੀ ਦਾ ਵਿਚਾਰਦਾਤਾ।

**ਅਰਤਾਕਸੇਰਕਸ**— ਅਕੇਮੇਨੇਦੀ ਵੰਸ਼ ਦੇ ਤਿੰਨ ਈਰਾਨੀ ਬਾਦਸ਼ਾਹਾਂ ਦਾ ਨਾਮ।

**ਅਰਿਸਟਾਈਡਜ਼** (ਲਗ ਭਗ 540–467 ਪੂਰਵ ਈਸਾ)— ਪ੍ਰਾਚੀਨ ਯੂਨਾਨੀ ਰਾਜਨੇਤਾ ਅਤੇ ਫ਼ੌਜੀ ਕਮਾਂਡਰ।

**ਅਰਿਸਟਨਜ਼** (ਛੇਵੀਂ ਸਦੀ ਪੂਰਵ ਈਸਾ) —ਸਪਾਰਟਾ ਦਾ ਬਾਦਸ਼ਾਹ (574–

520 ਪੂਰਵ ਈਸਾ), ਜਿਸਨੇ ਅਨਾਕਸਾਂਦਰੀਦਾਜ਼ ਨਾਲ਼ ਰਲ ਕੇ ਰਾਜ ਕੀਤਾ।

**ਅਰਿਸਟੋਫ਼ੇਨਜ਼** (ਲਗ ਭਗ 446–385 ਪੂਰਵ ਈਸਾ) — ਪ੍ਰਸਿੱਧ ਪ੍ਰਾਚੀਨ ਯੂਨਾਨੀ ਨਾਟਕਾਰ, ਰਾਜਸੀ ਕਾਮੇਡੀਆਂ ਦਾ ਲੇਖਕ।

**ਆਗਸਟਸ** (63 ਪੂਰਵ ਈਸਾ–14 ਈਸਵੀ) —ਰੋਮਨ ਸ਼ਹਿਨਸਾਹ (27 ਪੂਰਵ ਈਸਾ–14 ਈਸਵੀ)।

**ਐਸਪੀਨਾਸ** (Espinas), ਐਲਫ਼ਰਡ ਵਿਕਟਰ (1844–1922)— ਫ਼ਰਾਂਸੀਸੀ ਬੁਰਜੂਆ ਦਾਰਸ਼ਨਿਕ ਅਤੇ ਸਮਾਜ-ਵਿਗਿਆਨੀ, ਵਿਕਾਸ ਦੇ ਸਿਧਾਂਤ ਦਾ ਹਾਮੀ।

**ਐਸ਼ੂਲਸ** (525–456 ਪੂਰਵ ਈਸਾ) — ਪ੍ਰਾਚੀਨ ਯੂਨਾਨੀ ਨਾਟਕਾਰ, ਕਲਾਸਿਕੀ ਤਰਾਸਦੀਆਂ ਦਾ ਲੇਖਕ।

**ਐਨਾਕਰੀਓਨ** (6 ਸਦੀ ਪੂਰਵ ਈਸਾ ਦਾ ਦੂਜਾ ਅੱਧ) — ਪ੍ਰਾਚੀਨ ਯੂਨਾਨੀ ਸਰੋਦੀ ਕਵੀ।

### ੲ

**ਇਰਮੀਨੋਨ** (Irminon) (ਮੌਤ ਲਗ ਭਗ 826) —ਸੇਂਟ-ਜੇਰਮੇਨ ਦੇ ਮੱਠ ਦਾ ਮਹੰਤ (812–817)।

**ਏਂਗਲਜ਼** (Engels), ਫ਼ਰੈਡਰਿਕ (1820–1895)।

### ਸ

**ਸਕਾਟ** (Scott), ਵਾਲਟਰ (1771–1832)— ਅੰਗਰੇਜ਼ੀ ਦਾ ਉੱਘਾ ਲੇਖਕ।

**ਸਰਵੀਅਸ ਤੁਲੀਅਸ** (578–34 ਪੂਰਵ ਈਸਾ) —ਪ੍ਰਾਚੀਨ ਰੋਮ ਦਾ ਅਰਧ-ਰਿਵਾਇਤੀ ਬਾਦਸ਼ਾਹ।

**ਸਾਓਸੁਰ** (Saussure) (1829–1905)—ਸਵਿਟਜ਼ਰਲੈਂਡ ਦਾ ਪਸ਼ੂ-ਵਿਗਿਆਨੀ।

**ਸਿਲਵਿਆਨਸ** (ਲਗ ਭਗ 390–ਲਗ ਭਗ 484) —ਮਾਰਸੇਲਜ਼ ਵਿਖੇ ਈਸਾਈ ਪਾਦਰੀ ਅਤੇ ਲੇਖਕ, "ਦੇ ਗੁਰਬੇਨੇਸ਼ੀਓਨ ਡਾਈ" ("ਰੱਬ ਦੀ ਹਕੂਮਤ") ਨਾਂ ਦੀ ਪੁਸਤਕ ਦਾ ਲੇਖਕ।

**ਸਿਵਿਲਸ** (Civilis), ਜੂਲੀਅਸ (ਪਹਿਲੀ ਸਦੀ ਈਸਵੀ)— ਬਾਤਾਵੀਅਨਾਂ ਦੇ ਜਰਮਨ ਕਬੀਲੇ ਦਾ ਆਗੂ, ਰੋਮਨ ਹਕੂਮਤ ਦੇ ਖਿਲਾਫ ਜਰਮਨ ਅਤੇ ਗਾਲਿਕ ਕਬੀਲਿਆਂ ਦੀ ਬਗ਼ਾਵਤ ਦੀ ਅਗਵਾਈ ਕੀਤੀ।

**ਸੀਜ਼ਰ**, ਗੇਈਅਸ ਜੂਲੀਅਸ (ਲਗ ਭਗ 100–44 ਪੂਰਬ ਈਸਾ)— ਪ੍ਰਸਿੱਧ ਰੋਮਨ ਸੈਨਿਕ ਸੂਰਮਾ ਅਤੇ ਰਾਜਨੇਤਾ।

**ਸੀਜ਼ੀਰੀਆ ਦਾ ਪ੍ਰੋਕੋਪੀਅਸ** (ਪੰਜਵੀਂ ਸਦੀ ਦਾ ਅੰਤ-ਲਗ ਭਗ 562)—

ਬਾਜ਼ਨਤੀਨੀ ਇਤਿਹਾਸਕਾਰ, "ਈਰਾਨੀਆਂ, ਵੈਂਡਲਾਂ ਅਤੇ ਗੋਥਾਂ ਵਿਰੁੱਧ ਜਸਟੀਨੀਅਨ ਦੇ ਯੁੱਧ" ਦਾ ਲੇਖਕ।

**ਸ਼ੂਮਾਨ** (Sch^mann), ਗਿਆਰਗ ਫਰੀਡਰਿਖ਼ (1793-1879)—ਜਰਮਨ ਭਾਸ਼ਾ-ਵਿਗਿਆਨੀ ਅਤੇ ਇਤਿਹਾਸਕਾਰ, ਪ੍ਰਾਚੀਨ ਯੂਨਾਨ ਸਬੰਧੀ ਕਈ ਕਿਰਤਾਂ ਦਾ ਲੇਖਕ।

**ਸੋਲੋਨ** (ਲਗ ਭਗ 638-ਲਗ ਭਗ 558 ਪੂਰਵ ਈਸਾ)— ਏਥਨਜ਼ ਦਾ ਪ੍ਰਸਿੱਧ ਵਿਧਾਇਕ, ਆਮ ਜਨਤਾ ਦੇ ਦਬਾਅ ਅਧੀਨ ਕੁੰਟਬੀ ਅਮੀਰਸ਼ਾਹੀ ਵਿਰੋਧੀ ਨਿਸ਼ਾਨੇ ਵਾਲ਼ੇ ਅਨੇਕ ਕਾਨੂੰਨ ਪਾਸ ਕੀਤੇ।

### ਹ

**ਹਾਉਪਟ** (Haupt), ਹਰਮਾਨ ਵਿਲਹੈਲਮ (ਜਨਮ ਲਗ ਭਗ-1831)—ਜਰਮਨ ਵਪਾਰਕ ਅਧਿਕਾਰੀ, ਕਮਿਊਨਿਸਟ ਲੀਗ ਦਾ ਮੈਂਬਰ; ਕੋਲੋਨ ਕਮਿਊਨਿਸਟ ਮੁਕੱਦਮੇ ਨਾਲ਼ ਸਬੰਧਤ, ਉਸ ਨੇ ਵਿਸਾਹਘਾਤੀ ਗਵਾਹੀ ਦਿੱਤੀ; ਮੁਕੱਦਮੇ ਤੱਕ ਛੱਡ ਦਿੱਤਾ ਗਿਆ, ਉਹ ਬਰਾਜ਼ੀਲ ਭਜ ਗਿਆ।

**ਹਾਲੀਕਾਰਨਾਸਸ ਦਾ ਡਾਓਨੀਸਿਸ** (ਪਹਿਲੀ ਸਦੀ ਪੂਰਵ ਈਸਾ-ਪਹਿਲੀ ਸਦੀ ਈਸਵੀ)—ਪ੍ਰਾਚੀਨ ਯੂਨਾਨੀ ਇਤਿਹਾਸਕਾਰ ਅਤੇ ਅਲੰਕਾਰ-ਸ਼ਾਸਤਰੀ, "ਪ੍ਰਾਚੀਨ ਰੋਮ ਦਾ ਇਤਿਹਾਸ" ਦਾ ਲੇਖਕ।

**ਹਿਊਸਲਰ** (Heusler), ਆਂਦਰੀਆਜ਼ (1834-1921)— ਸਵਿਟਜ਼ਰਲੈਂਡ ਦਾ ਬੁਰਜੂਆ ਵਕੀਲ, ਸਵਿਸ ਅਤੇ ਜਰਮਨ ਕਾਨੂੰਨ ਸਬੰਧੀ ਕਈ ਕਿਰਤਾਂ ਦਾ ਲੇਖਕ।

**ਹੀਗਲ** (Hegel), ਜਾਰਜ ਵਿਲਹੈਲਮ ਫ਼ਰੀਡਰੀਖ਼ (1770-1831) —ਮਹਾਨ ਕਲਾਸਿਕੀ ਜਰਮਨ ਦਾਰਸ਼ਨਿਕ ਬਾਹਰਮੁਖੀ ਵਿਚਾਰਵਾਦੀ।

**ਹੀਰੋਡਾਟਸ** (ਲਗ ਭਗ 484-ਲਗਭਗ 425 ਪੂਰਵ ਈਸਾ)—ਪ੍ਰਾਚੀਨ ਯੂਨਾਨੀ ਇਤਿਹਾਸਕਾਰ।

**ਹੁਸ਼ਕੇ** (Huscke), ਗਿਓਰਗ ਫ਼ਿਲਿਪ ਐਡੂਆਰਡ (1801-86)—ਜਰਮਨ ਬੁਰਜੂਆ ਵਕੀਲ, ਰੋਮ ਦੇ ਕਾਨੂੰਨ ਸਬੰਧੀ ਅਨੇਕ ਕਿਰਤਾਂ ਦਾ ਲੇਖਕ।

**ਹੈਰੋਡ** (73-4 ਪੂਰਵ ਈਸਾ) — ਜੂਡੀਆ ਦਾ ਬਾਦਸ਼ਾਹ (40-44 ਪੂਰਵ ਈਸਾ)।

**ਹੋਮਰ** —ਅਰਧ-ਰਵਾਇਤੀ ਯੂਨਾਨੀ ਮਹਾਂ-ਕਾਵ ਲੇਖਕ ਕਵੀ, "ਇਲੀਅਡ" ਅਤੇ "ਓਡੇਸੀ" ਦਾ ਲੇਖਕ।

**ਹੋਵਿਟ** (Howitt), ਐਲਫ਼ਰਡ ਵਿਲੀਅਮ (1830-1908) —ਅੰਗ੍ਰੇਜ਼ ਨਸਲ-ਵਿਗਿਆਨੀ, ਆਸਟ੍ਰੇਲੀਆ ਦਾ ਮਾਹਿਰ, ਆਸਟ੍ਰੇਲੀਆ ਵਿੱਚ ਬਸਤੀਵਾਦੀ ਅਧਿਕਾਰੀ (1862-1901); ਆਸਟ੍ਰੇਲੀਆਈ ਕਬੀਲਿਆਂ ਸਬੰਧੀ ਅਨੇਕ ਕਿਰਤਾਂ ਦਾ ਲੇਖਕ।

## ਕ

**ਕਲਾਡੀਆਈ**— ਰੋਮ ਦੇ ਕੁਲੀਨ।

**ਕਲੀਸਥੇਨਜ਼**— ਏਥਨਜ਼ ਦਾ ਰਾਜਸੀ ਨੇਤਾ, 510-507 ਪੂਰਵ ਈਸਾ ਵਿੱਚ ਏਥਨਜ਼ ਵਿਖੇ ਕੁਟੰਬ ਪ੍ਰਣਾਲੀ ਖ਼ਤਮ ਕਰਨ ਅਤੇ ਗ਼ੁਲਾਮ-ਮਾਲਕ ਜਮਹੂਰੀਅਤ ਸਥਾਪਤ ਕਰਨ ਦੇ ਮੰਤਵ ਨਾਲ਼ ਸੁਧਾਰ ਲਾਗੂ ਕੀਤੇ।

**ਕੁਇੰਤੀਲੀਆ**— ਰੋਮ ਦੇ ਕੁਲੀਨ।

**ਕੁਨੋਵ** (Cunow), ਹੀਨਰਿਖ ਵਿਲਹਲਮ ਕਾਰਲ (1862-1936)— ਜਰਮਨ ਸੋਸ਼ਲ-ਡੈਮੋਕਰੈਟ, ਇਤਿਹਾਸਕਾਰ, ਸਮਾਜ-ਵਿਗਿਆਨੀ ਅਤੇ ਨਸਲ-ਵਿਗਿਆਨੀ; 1880ਵਿਆਂ ਅਤੇ 1890ਵਿਆਂ ਵਿੱਚ ਮਾਰਕਸਵਾਦੀਆਂ ਦੇ ਨੇੜੇ; ਅੱਗੋਂ ਜਾ ਕੇ ਸੁਧਾਰਵਾਦੀ।

**ਕੁਵਿਯੇ** (Cuvier), ਗਿਆਰਗੇਜ਼ (1769-1832)— ਫ਼ਰਾਂਸੀਸੀ ਕੁਦਰਤ-ਵਿਗਿਆਨੀ ਜਿਹੜਾ ਜਾਨਵਰਾਂ ਦੇ ਨਿਸਬਤੀ ਸਰੀਰ-ਬਣਤਰ ਵਿਗਿਆਨ, ਪਥਰਾਏ ਸਰੀਰਾਂ ਦੇ ਅਧਿਐਨ ਦੇ ਵਿਗਿਆਨ ਅਤੇ ਵਰਗੀਕਰਣ ਦੇ ਆਪਣੇ ਅਧਿਐਨ ਲਈ ਪ੍ਰਸਿੱਧ ਸੀ; ਪਰਲੋਆ ਦੇ ਅਣ-ਵਿਗਿਆਨਕ ਸਿਧਾਂਤ ਦਾ ਮੋਢੀ।

**ਕੇ** (Kaye), ਜੌਹਨ ਵਿਲੀਅਮ (1814-1876)— ਅੰਗ੍ਰੇਜ਼ ਬਸਤੀਆਂ ਵਿੱਚ ਅਫ਼ਸਰ, ਹਿੰਦ ਦੇ ਇਤਿਹਾਸ ਅਤੇ ਨਸਲ-ਵਿਗਿਆਨ ਸਬੰਧੀ ਅਤੇ ਅਫ਼ਗਾਨਿਸਤਾਨ ਅਤੇ ਹਿੰਦ ਵਿੱਚ ਬਰਤਾਨਵੀ ਬਸਤੀਵਾਦੀ ਯੁੱਧਾਂ ਸਬੰਧੀ ਕਈ ਕਿਰਤਾਂ ਦਾ ਲੇਖਕ।

**ਕੋਲਾਂਜ ਦਾ** (Coulanges de)—ਫ਼ਰਾਂਸੀਸੀ ਬੁਰਜੂਆ ਇਤਿਹਾਸਕਾਰ।

**ਕੋਵਾਲੇਵਸਕੀ**, ਮੈਕਸਿਮ ਮੈਕਸਿਮੋਵਿਚ (1851-1916)— ਰੂਸੀ ਵਿਗਿਆਨੀ ਅਤੇ ਰਾਜਨੇਤਾ, ਬੁਰਜੂਆ ਉਦਾਰਪੰਥੀ, ਪ੍ਰਾਚੀਨ ਭਾਈਚਾਰਾ ਪ੍ਰਣਾਲੀ ਸਬੰਧੀ ਕਈ ਕਿਰਤਾਂ ਦਾ ਲੇਖਕ।

## ਗ

**ਗਰਿਮ** (Grimm), ਜੈਕਬ (1785-1863)— ਉੱਘਾ ਜਰਮਨ ਭਾਸ਼ਾ-ਵਿਗਿਆਨੀ ਅਤੇ ਸੱਭਿਆਚਾਰ ਦਾ ਇਤਿਹਾਸਕਾਰ, ਜਰਮਨ ਭਾਸ਼ਾ, ਕਾਨੂੰਨ, ਮਿਥਿਹਾਸ ਅਤੇ ਸਾਹਿਤ ਦੇ ਇਤਿਹਾਸ ਸਬੰਧੀ ਕਈ ਕਿਰਤਾਂ ਦਾ ਲੇਖਕ।

**ਗਰੋਟ** (Grote), ਜਾਰਜ (1794-1871) — ਅੰਗ੍ਰੇਜ਼ ਬੁਰਜੂਆ ਇਤਿਹਾਸਕਾਰ, ਧੜਵੈਲ "ਯੂਨਾਨ ਦਾ ਇਤਿਹਾਸ" ਦਾ ਲੇਖਕ।

**ਗਲੈਡਸਟੋਨ** (Gladstone), ਵਿਲੀਅਮ ਐਵਰਟ (1809-1898)— ਅੰਗਰੇਜ਼ ਰਾਜਨੇਤਾ, 19ਵੀਂ ਸਦੀ ਦੇ ਦੂਜੇ ਅੱਧ ਵਿੱਚ ਲਿਬਰਲ ਪਾਰਟੀ ਦਾ ਆਗੂ, ਵਿਤ ਮੰਤਰੀ (1852-55 ਅਤੇ 1859-66), ਪ੍ਰਧਾਨ ਮੰਤਰੀ (1868-74, 1880-84, 1886,

1892–94)।

**ਗਾਈਸ** (ਦੂਜੀ ਸਦੀ ਈਸਵੀ)— ਜਰਮਨ ਕਾਨੂੰਨਦਾਨ, ਰੋਮਨ ਕਾਨੂੰਨ ਨੂੰ ਸੂਤਰਬੱਧ ਕਰਨ ਲਈ ਉੱਘਾ।

**ਗੋਇਟੇ** (Goethe) ਯੋਹਾਨ ਵੋਲਫਰਾਂਗ (1749–1832)— ਮਹਾਨ ਜਰਮਨ ਲੇਖਕ ਅਤੇ ਚਿੰਤਕ।

**ਚ**

**ਚਾਰਲਸ ਮਹਾਨ** (ਸ਼ਾਰਲੀਮੇਜਨ) (ਲਗ ਭਗ 742–814) —ਫ਼ਰੈਂਕਾਂ ਦਾ ਬਾਦਸ਼ਾਹ (768–800) ਅਤੇ ਸ਼ਹਿਨਸ਼ਾਹ (800–814)।

**ਜ**

**ਜ਼ਿਰੋ-ਤਿਓਲੋਨ** (Giraud-Teulon), ਅਲੈਕਸਿਸ (ਜਨਮ 1839)— ਜਨੇਵਾ ਵਿਖੇ ਇਤਿਹਾਸ ਦਾ ਪ੍ਰੋਫ਼ੈਸਰ। ਪ੍ਰਾਚੀਨ ਸਮਾਜ ਦੇ ਇਤਿਹਾਸ ਸਬੰਧੀ ਕਿਰਤਾਂ ਦਾ ਲੇਖਕ।

**ਜ਼ੁਗੇਨਹੀਮ** (Sugenheim), ਸੈਮਉਲ (1811–1877)— ਜਰਮਨ ਬੁਰਜੂਆ ਇਤਿਹਾਸਕਾਰ।

**ਜ਼ੁਰੀਤਾ** (Zurita), ਅਲੋਂਸੋ— 19ਵੀਂ ਸਦੀ ਦੇ ਮੱਧ ਵਿੱਚ ਮੱਧ ਅਮਰੀਕਾ ਵਿੱਚ ਸਪੇਨੀ ਬਸਤੀਵਾਦੀ ਅਧਿਕਾਰੀ।

**ਜੂਲੀਆ—** ਰੋਮ ਦਾ ਕੁਲੀਨ।

**ਟ**

**ਟਰੀਅਰ** (Trier), ਗੇਰਸਨ (ਜਨਮ 1851) —ਡੈਨਮਾਰਕ ਦਾ ਸੋਸ਼ਲ–ਡੈਮੋਕ੍ਰੈਟ, ਸੋਸ਼ਲ–ਡੈਮੋਕਰੈਟ ਪਾਰਟੀ ਦੀ ਇਨਕਲਾਬੀ ਘੱਟ–ਗਿਣਤੀ ਦੇ ਆਗੂਆਂ ਵਿੱਚੋਂ ਇੱਕ; ਪਾਰਟੀ ਦੇ ਮੌਕਾਪ੍ਰਸਤ ਪੱਖ ਵਿਰੁੱਧ ਸੰਗਰਾਮ ਕੀਤਾ; ਡੈਨਿਸ਼ ਵਿੱਚ ਏਂਗਲਜ਼ ਦੀਆਂ ਰਚਨਾਵਾਂ ਦਾ ਅਨੁਵਾਦਕ।

**ਟਾਰਕੁਈਨੀਅਸ ਸੁਪਰਬਸ** (534– ਲਗ ਭਗ 509 ਪੂਰਵ ਈਸਾ)— ਪ੍ਰਾਚੀਨ ਰੋਮ ਦਾ ਅਰਧ–ਰਿਵਾਇਤੀ ਬਾਦਸ਼ਾਹ; ਰਿਵਾਇਤ ਅਨੁਸਾਰ ਉਹਨੂੰ ਜਨਤਾ ਦੀ ਬਗ਼ਾਵਤ ਕਾਰਨ ਰੋਮ ਵਿੱਚੋਂ ਕੱਢ ਦਿੱਤਾ ਗਿਆ, ਜਿਸ ਪਿੱਛੋਂ ਗਣ–ਰਾਜੀ ਪ੍ਰਣਾਲੀ ਸਥਾਪਤ ਕੀਤੀ ਗਈ।

**ਟਿਬਰੇਅਸ** (42 ਪੂਰਵ ਈਸਾ–37 ਈਸਵੀ) —ਰੋਮ ਦਾ ਸ਼ਹਿਨਸ਼ਾਹ (14–37)

**ਟੂਰਜ਼ ਦਾ ਗ੍ਰੈਗੋਰੀ** (ਗਿਓਰਗੀਅਸ ਫ਼ਲੋਰੈਂਟੀਅਸ) (ਲਗ ਭਗ 540–ਲਗ ਭਗ 594)— ਈਸਾਈ ਪਾਦਰੀ, ਧਰਮ–ਸ਼ਾਸਤਰੀ ਅਤੇ ਇਤਿਹਾਸਕਾਰ, 573 ਤੋਂ ਟੂਰਜ਼ ਦਾ ਲਾਟ ਪਾਦਰੀ; "ਫ਼ਰੈਂਕਾਂ ਦਾ ਇਤਿਹਾਸ" ਅਤੇ "ਚਮਤਕਾਰਾਂ ਦੀਆਂ ਸੱਤ ਪੁਸਤਕਾਂ" ਦਾ

ਲੇਖਕ।

**ਟੇਲਰ** (Tylor), ਐਡਵਰਡ ਬੈਨਟ (1832-1917) —ਉੱਘਾ ਅੰਗ੍ਰੇਜ਼ ਨਸਲ-ਵਿਗਿਆਨੀ, ਸੱਭਿਆਚਾਰ ਅਤੇ ਨਸਲ-ਵਿਗਿਆਨ ਦੇ ਇਤਿਹਾਸ ਵਿੱਚ ਕਰਮ-ਵਿਕਾਸ ਦੇ ਸਿਧਾਂਤ ਦਾ ਬਾਨੀ।

**ਟੈਟਸਿਟਸ**, ਪੁਬਲਿਅਸ ਕਾਰਨੇਲੀਅਸ (ਲਗ ਭਗ 55-ਲਗ ਭਗ 120 ਈਸਵੀ) —ਪ੍ਰਸਿੱਧ ਰੋਮਨ ਇਤਿਹਾਸਕਾਰ, "ਜਰਮਨੀ", "ਇਤਿਹਾਸ" ਅਤੇ "ਸਾਲਵਾਰਾਂ" ਦਾ ਲੇਖਕ।

## ਡ

**ਡਾਈਓਡੋਰਸ ਸਿਸੂਲਸ** (ਲਗ ਭਗ 80-29 ਪੂਰਵ ਈਸਾ) —ਪ੍ਰਾਚੀਨ ਯੂਨਾਨੀ ਇਤਿਹਾਸਕਾਰ, ਸੰਸਾਰ ਇਤਿਹਾਸ ਸਬੰਧੀ ਕਈ ਕਿਰਤਾਂ "ਇਤਿਹਾਸਕ ਪੁਸਤਕਾਂ" ਦਾ ਲੇਖਕ।

**ਡਾਰਵਿਨ** (Darwin), ਚਾਰਲਸ ਰਾਬਰਟ (1809-1882) — ਮਹਾਨ ਅੰਗ੍ਰੇਜ਼ ਜੀਵ-ਵਿਗਿਆਨੀ, ਜੀਵ ਸੰਸਾਰ ਦੇ ਵਿਕਾਸ ਦੇ ਵਿਗਿਆਨਕ ਸਿਧਾਂਤ ਦਾ ਮੋਢੀ।

**ਡੀਕੇਆਰਕੁਸ** (ਚੌਥੀ ਸਦੀ ਪੂਰਵ ਈਸਾ) — ਪ੍ਰਾਚੀਨ ਯੂਨਾਨੀ ਆਲਮ, ਅਰਸਤੂ ਦਾ ਸ਼ਾਗਿਰਦ, ਇਤਿਹਾਸ, ਰਾਜਨੀਤੀ, ਦਰਸ਼ਨ, ਭੂਗੋਲ, ਆਦਿ ਸਬੰਧੀ ਕਈ ਕਿਰਤਾਂ ਦਾ ਲੇਖਕ।

**ਡੀਟਜ਼** (Dietz), ਜੋਹਾਨ ਹਾਈਨਰਿਖ਼ ਵਿਲਹੈਲਮ (1843-1922) — ਜਰਮਨ ਸੋਸ਼ਲ-ਡੈਮੋਕਰੈਟ, ਇੱਕ ਸਮਾਜਿਕ-ਜਮਹੂਰੀ ਪ੍ਰਕਾਸ਼ਨ ਘਰ ਦਾ ਬਾਨੀ, 1881 ਤੋਂ ਰੀਸ਼ਤਾਗ ਦਾ ਮੈਂਬਰ।

**ਡੈਮੋਸਥਨੀਜ਼** (384-322 ਪੂਰਵ ਈਸਾ) — ਪ੍ਰਸਿੱਧ ਪ੍ਰਾਚੀਨ ਯੂਨਾਨੀ ਬੁਲਾਰਾ ਅਤੇ ਰਾਜਨੇਤਾ।

## ਥ

**ਥਿਓਡੋਰਿਚ**— ਦੋ ਪੱਛਮੀ ਗੋਥਕ ਬਾਦਸ਼ਾਹਾਂ ਦਾ ਨਾਂ—ਥਿਓਡੋਰਿਚ ਪਹਿਲਾ (ਲਗ ਭਗ 418-51 ਵਿੱਚ ਰਾਜ ਕੀਤਾ), ਥਿਓਡੋਰਿਚ ਦੂਜਾ (ਲਗ ਭਗ 453-66 ਵਿੱਚ ਰਾਜ ਕੀਤਾ) ਅਤੇ ਥਿਓਡੋਰਿਚ ਪੂਰਬੀ ਗੋਥਾਂ ਦਾ ਬਾਦਸ਼ਾਹ (474-526 ਵਿੱਚ ਰਾਜ ਕੀਤਾ)।

**ਥੀਓਕਰਾਈਟਸ**—ਤੀਜੀ ਸਦੀ ਪੂਰਵ ਈਸਾ ਦਾ ਪ੍ਰਾਚੀਨ ਯੂਨਾਨੀ ਕਵੀ।

**ਥੁਸਾਈਡਾਈਡਜ਼** (ਲਗ ਭਗ 460-ਲਗ ਭਗ 395 ਪੂਰਵ ਈਸਾ) —ਪ੍ਰਾਚੀਨ ਯੂਨਾਨ ਦਾ ਵੱਡਾ ਇਤਿਹਾਸਕਾਰ, "ਪੋਲੀਪੋਨੇਸਿਆਈ ਯੁੱਧ ਦਾ ਇਤਿਹਾਸ" ਦਾ ਲੇਖਕ।

## ਦ

**ਦੂਰੀਊ ਦ ਲਾ ਮਾਲੇ** (Dureau de la Malle), ਅਡੋਲਫ਼ ਜੂਇਲੇ ਸਿਸਾਰੇ ਆਗਸਤੇ (1777–1857) — ਫ਼ਰਾਂਸੀਸੀ ਕਵੀ ਅਤੇ ਇਤਿਹਾਸਕਾਰ।

## ਨ

**ਨਾਦੇਜਦੇ** (Nadejde), ਜੌਹਨ (1854–1928) — ਰੁਮਾਨੀਆ ਦਾ ਪ੍ਰਚਾਰ-ਲੇਖਕ ਅਤੇ ਦੁਭਾਸ਼ੀਆ, ਸੋਸ਼ਲ-ਡੈਮੋਕਰੈਟ; 1890ਵਿਆਂ ਵਿੱਚ, ਮੌਕਾਪ੍ਰਸਤ ਬਣ ਗਿਆ।

**ਨਿਆਰਕਸ** (ਲਗ ਭਗ 360–ਲਗ ਭਗ 312 ਪੂਰਵ ਈਸਾ) — ਮਕਦੂਨੀਆ ਦੇ ਸਮੁੰਦਰੀ ਬੇੜੇ ਦਾ ਕਮਾਨ ਅਫ਼ਸਰ, ਮਕਦੂਨੀਆ ਦੇ ਬੇੜੇ ਦੀ ਹਿੰਦ ਤੋਂ ਮੈਸੋਪੋਟੇਮੀਆ ਤੱਕ ਮੁਹਿੰਮ (360–24 ਪੂਰਵ ਈਸਾ) ਦਾ ਬਿਆਨ ਕੀਤਾ।

**ਨੀਬੂਹਰ** (Nibuhr), ਬਰਥੋਲਡ ਗਿਓਰਗ (1776–1831)—ਜਰਮਨ ਬੁਰਜੂਆ ਇਤਿਹਾਸਕਾਰ, ਅਤੀਤ ਦੇ ਇਤਿਹਾਸ ਸਬੰਧੀ ਕਈ ਕਿਰਤਾਂ ਦਾ ਲੇਖਕ।

## ਪ

**ਪਰਸੀਅਸ** (212–166 ਪੂਰਵ ਈਸਾ) — ਮਕਦੂਨੀਆ ਦਾ ਬਾਦਸ਼ਾਹ (179–168 ਪੂਰਵ ਈਸਾ)।

**ਪਲਿਨੀ** (ਗਾਯਾ ਪਲੀਨੀਅਸ ਸਿਕੁੰਡਸ) (23–79) — ਰੋਮ ਦਾ ਕੁਦਰਤ-ਵਿਗਿਆਨੀ, 31 ਸੈਂਚੀਆਂ ਵਾਲ਼ੇ "ਕੁਦਰਤ ਦਾ ਇਤਿਹਾਸ" ਦਾ ਲੇਖਕ।

**ਪਲੂਟਾਰਚ** (ਲਗ ਭਗ 46–ਲਗ ਭਗ 125—ਈਸਵੀ ) ਪ੍ਰਾਚੀਨ ਯੂਨਾਨੀ ਲੇਖਕ, ਦਾਰਸ਼ਨਿਕ-ਆਦਰਸ਼ਵਾਦੀ।

**ਪਿਸਿਸਤਰਾਤਸ** (ਲਗ ਭਗ 600–527 ਪੂਰਵ ਈਸਾ) — ਵਿੱਚ ਵਿੱਚ ਸਮਾਂ ਪ ਾਕੇ (560–27 ਪੂਰਵ ਈਸਾ) ਏਥਨਜ਼ ਦਾ ਜ਼ਾਲਮ ਹਾਕਮ।

## ਫ

**ਫ਼ਰਡੀਨੈਂਡ ਪੰਜਵਾਂ, ਕੈਥੋਲਕ** (1452–1516) — ਕੈਸਟਾਈਲ ਦਾ ਬਾਦਸ਼ਾਹ (1474–1504) ਅਤੇ ਗਵਰਨਰ (1507–16), ਫ਼ਰਡੀਨੈਂਡ ਦੂਜੇ ਦੇ ਨਾਂ ਹੇਠ ਅਰਾਗੋਨ ਦਾ ਬਾਦਸ਼ਾਹ (1479–1516)।

**ਫ਼ਰੀਮੈਨ** (Freeman), ਐਡਵਰਡ ਆਗਸਟਸ (1823–92) —ਅੰਗ੍ਰੇਜ਼ ਬੁਰਜੂਆ ਇਤਿਹਾਸਕਾਰ, ਆਕਸਫ਼ੋਰ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ।

**ਫ਼ਿਸਨ** (Fison), ਲਾਰੀਮਰ (1832–1907) —ਬਰਤਾਨਵੀ ਨਸਲ-ਵਿਗਿਆਨੀ, ਮਿਸ਼ਨਰੀ, ਆਸਟ੍ਰੇਲੀਆ ਬਾਰੇ ਮਾਹਰ, ਆਸਟ੍ਰੇਲੀਆਈ ਅਤੇ ਫ਼ਿਜੀ ਦੇ

ਕਬੀਲਿਆਂ ਸਬੰਧੀ ਅਨੇਕ ਪੁਸਤਕਾਂ ਦਾ ਲੇਖਕ।

**ਫ਼ੁਸਟਲ, ਦੇ ਕੋਲਾਂਜ** (Fustel de Coulanges), ਨੂਮਾ ਦੇਨਿਸ (1830–89) — ਫ਼ਰਾਂਸੀਸੀ ਬੁਰਜੂਆ ਇਤਿਹਾਸਕਾਰ। "ਪ੍ਰਾਚੀਨ ਸ਼ਹਿਰੀ ਭਾਈਚਾਰੇ" ਦਾ ਲੇਖਕ।

**ਫ਼ੇਬੀਅਨ** — ਰੋਮ ਦਾ ਕੁਲੀਨ ਕੁੰਟਬ।

**ਫ਼ੋਰੀਅਰ** (Fourier), ਸ਼ਾਰਲ (1772–1837) — ਮਹਾਨ ਫਰਾਂਸੀਸੀ ਯੂਟੋਪੀਆਈ ਸਮਾਜਵਾਦੀ।

**ਬ**

**ਬਲੀਖ਼ਰੂਬਰ** (Bleichr^der), ਗਰਸਨ (1822–1893) —ਜਰਮਨ ਪੋਤਦਾਰ, ਬਿਸਮਾਰਕ ਦਾ ਨਿੱਜੀ ਬੈਂਕਰ, ਵਿੱਤ ਮਾਮਲਿਆਂ ਸਬੰਧੀ ਉਹਦਾ ਗ਼ੈਰ–ਸਰਕਾਰੀ ਸਲਾਹਕਾਰ ਅਤੇ ਅਨੇਕ ਸੱਟੇ ਦੀਆਂ ਗੋਦਾਂ ਵਿੱਚ ਉਹਦੇ ਵੱਲੋਂ ਗੱਲ ਬਾਤ ਕਰਨ ਵਾਲ਼ਾ।

**ਬਾਖ਼ੋਫ਼ੇਨ** (Bachofen), ਜੋਹਾਨ ਜੈਕਬ (1815–1887) — ਸਵਿਟਜ਼ਰਲੈਂਡ ਦਾ ਉੱਘਾ ਇਤਿਹਾਸਕਾਰ ਅਤੇ ਵਕੀਲ, "ਮਾਤਰੀ ਹੱਕ" ਦਾ ਲੇਖਕ।

**ਬਾਂਗ** (Bang), ਅਨਤੋਨ ਕ੍ਰਿਸਚੀਅਨ (1840–1913) — ਨਾਰਵੇ ਦਾ ਧਰਮ–ਸ਼ਾਸਤਰੀ, ਸਕੈਂਡੇਨੇਵਿਆਈ ਮਿਥਿਹਾਸ ਅਤੇ ਨਾਰਵੇ ਵਿੱਚ ਈਸਾਈਅਤ ਦੇ ਇਤਿਹਾਸ ਦਾ ਲੇਖਕ।

**ਬਿਸਮਾਰਕ** (Bismarck), ਓਟੋ, ਪ੍ਰਿੰਸ (1815–1898) — ਪਰੂਸ਼ੀਆ ਦਾ ਰਾਜਨੇਤਾ ਅਤੇ ਡਿਪਲੋਮੈਟ, ਪਰੂਸ਼ੀਅਨ ਜੁੰਕਰਾਂ ਦੇ ਹਿੱਤਾਂ ਦਾ ਝੰਡਾਬਰਦਾਰ; ਪਰੂਸ਼ੀਆ ਦਾ ਮੰਤਰੀ–ਪ੍ਰਧਾਨ (1862–71), ਜਰਮਨ ਸ਼ਹਿਨਸ਼ਾਹੀ ਦਾ ਰਾਈਖ਼ਸ਼–ਚਾਂਸਲਰ (1871–90)।

**ਬੀਡ ਸਤਿਕਾਰਿਆ** (ਲਗਭਗ 673–735) —ਅੰਗ੍ਰੇਜ਼ ਆਲਮ, ਵਿਰਕਤ, ਇਤਿਹਾਸਕਾਰ।

**ਬੁਗੇ** (Bugge), ਅਲਸਿਉਸ ਸੋਫ਼ਸ (1833–1907) — ਨਾਰਵੇ ਦਾ ਭਾਸ਼ਾ–ਵਿਗਿਆਨੀ, ਪ੍ਰਾਚੀਨ ਸਕੈਂਡੇਨੇਵਿਆਈ ਸਾਹਿਤ ਅਤੇ ਮਿਥਿਹਾਸ ਸਬੰਧੀ ਕਿਰਤਾਂ ਦਾ ਲੇਖਕ।

**ਬੇਕਰ** (Becker), ਵਿਲਹਲਮ ਅਡੋਲਫ਼ (1796–1846) —ਜਰਮਨ ਇਤਿਹਾਸਕਾਰ, ਪ੍ਰਾਚੀਨ ਇਤਿਹਾਸ ਸਬੰਧੀ ਕਿਰਤਾਂ ਦਾ ਲੇਖਕ।

**ਬੈਨਕਰਾਫ਼ਟ** (Bancroft), ਹੂਬਰਟ ਹੋ (1832–1918) — ਅਮਰੀਕੀ ਬੁਰਜੂਆ ਇਤਿਹਾਸਕਾਰ, ਇਤਿਹਾਸ ਅਤੇ ਨਸਲ–ਵਿਗਿਆਨ ਸਬੰਧੀ ਕਿਰਤਾਂ ਦਾ ਲੇਖਕ।

**ਬੋਨੀਏ** (Bonnier), ਸ਼ਾਰਲ (ਜਨਮ 1863) — ਫ਼ਰਾਂਸੀਸੀ ਸਮਾਜਵਾਦੀ, ਪੱਤਰਕਾਰ।

## ਮ

**ਮਾਰਕਸ** (Marx), ਕਾਰਲ (1818–1883)।

**ਮਾਰਗਨ** (Morgan), ਲੈਵਿਸ ਹੈਨਰੀ (1818–1881) — ਪ੍ਰਸਿੱਧ ਅਮਰੀਕੀ ਵਿਗਿਆਨੀ, ਆਦਿ-ਕਾਲੀਨ ਸਮਾਜ ਦਾ ਇਤਿਹਾਸਕਾਰ ਅਤੇ ਆਪਮੁਹਾਰਾ ਪਦਾਰਥਵਾਦੀ।

**ਮਾਰਟਿਗਨੇਟੀ** (Martignetti), ਪਾਸਕੁਆਲ—ਇਟਲੀ ਦਾ ਸੋਸ਼ਲਿਸਟ, ਮਾਰਕਸ ਤੇ ਏਂਗਲਜ਼ ਦੀਆਂ ਕ੍ਰਿਤ ਨੂੰ ਅਤਾਲਵੀ ਵਿੱਚ ਅਨੁਵਾਦ ਕਰਨ ਵਾਲ਼ਾ।

**ਮਾਰੇਰ** (Maurer), ਗਿਓਰਗ ਲੁਡਵਿਗ (1790–1872) — ਉੱਘਾ ਜਰਮਨ ਬੁਰਜੂਆ ਇਤਿਹਾਸਕਾਰ, ਪ੍ਰਾਚੀਨ ਅਤੇ ਮੱਧ-ਕਾਲੀਨ ਜਰਮਨੀ ਦੇ ਸਮਾਜਕ ਪ੍ਰਬੰਧ ਦਾ ਖੋਜਕਾਰ।

**ਮੈਕਲੇਨਨ** (Mclennan), ਜੌਹਨ ਫ਼ਰਗੂਸਨ (1827–1881) — ਸਕਾਟਲੈਂਡਵਾਸੀ ਬੁਰਜੂਆ ਵਕੀਲ ਅਤੇ ਇਤਿਹਾਸਕਾਰ, ਵਿਆਹ ਅਤੇ ਟੱਬਰ ਦੇ ਇਤਿਹਾਸ ਸਬੰਧੀ ਕਿਰਤਾਂ ਦਾ ਲੇਖਕ।

**ਮੈਨ** (Maine), ਹੈਨਰੀ ਜਾਰਜ ਸਮਨਰ (1822–88) — ਅੰਗ੍ਰੇਜ਼ ਵਕੀਲ, ਕਈ ਕਿਰਤਾਂ ਦਾ ਲੇਖਕ।

**ਮੋਸਕ** —ਦੂਜੀ ਸਦੀ ਪੂਰਵ ਈਸਾ ਦੇ ਮੱਧ ਦਾ ਪ੍ਰਾਚੀਨ ਯੂਨਾਨੀ ਕਵੀ।

**ਮੋਮਸਨ** (Mommsen), ਥਿਓਡੋਰ (1817–1906) — ਜਰਮਨ ਬੁਰਜੂਆ ਇਤਿਹਾਸਕਾਰ, ਪ੍ਰਾਚੀਨ ਰੋਮ ਦੇ ਇਤਿਹਾਸ ਸਬੰਧੀ ਅਨੇਕ ਕਿਰਤਾਂ ਦਾ ਲੇਖਕ।

**ਮੋਲੀਅਰ** (MoliÈrÈ), ਜੀਨ-ਬੈਪਟਿਸਟੇ (1622–73) — ਅਸਲੀ ਨਾਂ ਪੋਕੁਇਲਿਨ, ਮਹਾਨ ਫ਼ਰਾਂਸੀਸੀ ਨਾਟਕਾਰ।

## ਯ

**ਯਾਰੋਸਲਾਵ ਸਿਆਣਾ** (978–1054) — ਕੀਵ ਦਾ ਮਹਾਨ ਰਾਜਾ (1019–54)।

**ਯੂਰੀਪੀਡੀਜ਼** (ਲਗ ਭਗ 480–ਲਗ ਭਗ 406 ਪੂਰਵ ਈਸਾ) — ਪ੍ਰਾਚੀਨ ਯੂਨਾਨ ਦਾ ਪ੍ਰਸਿੱਧ ਨਾਟਕਾਰ, ਕਲਾਸਿਕੀ ਤਰਾਸਦੀਆਂ ਦਾ ਲੇਖਕ।

## ਰ

**ਰ੍ਹਾਈਟ** (Wright), ਆਰਥਰ (1803–1874) — ਅਮਰੀਕੀ ਮਿਸ਼ਨਰੀ, ਜਿਹੜਾ 1831 ਤੋਂ 1875 ਤੱਕ ਸੈਨੇਕਾ ਇੰਡੀਅਨਾਂ ਵਿੱਚ ਰਿਹਾ ਅਤੇ ਉਹਨਾਂ ਦੀ ਭਾਸ਼ਾ ਦਾ ਸ਼ਬਦ-ਕੋਸ਼ ਤਿਆਰ ਕੀਤਾ।

**ਰਾਵੇ** (RavÈe), ਹੈਨਰੀ — ਫਰਾਂਸੀਸੀ ਪੱਤਰਕਾਰ, ਏਂਗਲਜ਼ ਦੀਆਂ ਰਚਨਾਵਾਂ ਦਾ ਫਰਾਂਸੀਸੀ ਵਿੱਚ ਅਨੁਵਾਦ ਕੀਤਾ।

### ਲ

**ਲਾਸਾਲ** (Lassale), ਫਰਦੀਨਾਂਦ (1825-1864) — ਜਰਮਨ ਨਿੱਕ-ਬੁਰਜੂਆ ਪ੍ਰਚਾਰ-ਲੇਖਕ ਅਤੇ ਵਕੀਲ; 1848-49 ਵਿੱਚ ਰ੍ਹਾਈਨ ਪ੍ਰਾਂਤ ਦੀ ਜਮਹੂਰੀ ਲਹਿਰ ਵਿੱਚ ਹਿੱਸਾ ਲਿਆ; 1860 ਵਿਆਂ ਦੇ ਸ਼ੁਰੂ ਵਿੱਚ, ਜਰਮਨ ਮਜ਼ਦੂਰ ਜਮਾਤ ਲਹਿਰ ਵਿੱਚ ਸ਼ਾਮਲ ਸੀ, ਜਰਮਨ ਕਿਰਤੀਆਂ ਦੀ ਆਮ ਸਭਾ ਦੇ ਬਾਨੀਆਂ ਵਿੱਚੋਂ ਇੱਕ (1863); ਪਰੂਸ਼ੀਆ ਦੀ ਸਰਦਾਰੀ ਹੇਠ "ਉੱਪਰ ਤੋਂ" ਜਰਮਨੀ ਦੇ ਏਕੀਕਰਨ ਦਾ ਸਮਰਥਨ ਕੀਤਾ, ਜਰਮਨ ਕਿਰਤੀ ਜਮਾਤ ਲਹਿਰ ਵਿੱਚ ਮੌਕਾਪ੍ਰਸਤ ਪ੍ਰਵਿਰਤੀ ਦੀ ਨੀਂਹ ਰੱਖੀ।

**ਲਾਟੂਰਨੀਊ** (Letourneau), ਚਾਰਲਸ ਯਾਨ ਮੇਰੀ (1831-1902) — ਫ਼ਰਾਂਸੀਸੀ ਬੁਰਜੂਆ ਸਮਾਜ-ਵਿਗਿਆਨੀ ਅਤੇ ਨਸਲ-ਵਿਗਿਆਨੀ।

**ਲਿਉਤਪਰਾਂਦ** (ਲਗ ਭਗ 922-ਲਗ ਭਗ 972) — ਮੱਧ ਕਾਲ ਦਾ ਇਤਿਹਾਸਕਾਰ ਅਤੇ ਲਾਟ ਪਾਦਰੀ, "ਰੀਕੰਪੈਂਸੇ" ਦਾ ਲੇਖਕ।

**ਲਿਵੀ**, ਟਾਈਟਸ (59 ਪੂਰਵ ਈਸਾ-97 ਈਸਵੀ) —ਰੋਮ-ਵਾਸੀ ਇਤਿਹਾਸਕਾਰ, "ਇਹਦੀ ਨੀਂਹ ਰੱਖੇ ਜਾਣ ਤੋਂ ਰੋਮ ਦਾ ਇਤਿਹਾਸ" ਦਾ ਲੇਖਕ।

**ਲੁਸੀਆਨ** (ਲਗਭਗ 120-ਲਗਭਗ 180) —ਪ੍ਰਾਚੀਨ ਯੂਨਾਨੀ ਲੇਖਕ, ਨਾਸਤਕ।

**ਲੱਬੋਕ** (Lubbock), ਜੌਹਨ (1834-1913) —ਅੰਗ੍ਰੇਜ਼ ਜੀਵ-ਵਿਗਿਆਨੀ, ਡਾਰਵਿਨਵਾਦੀ, ਨਸਲ-ਵਿਗਿਆਨੀ, ਪੁਰਾਸਾਰੀ ਵਿਗਿਆਨੀ। ਆਦਿ-ਕਾਲੀਨ ਸਮਾਜ ਦੇ ਇਤਿਹਾਸ ਬਾਰੇ ਕਿਰਤਾਂ ਦਾ ਲੇਖਕ।

**ਲੈਂਗੇ** (Lange), ਕ੍ਰਿਸ਼ਚੀਅਨ ਕੋਨਰਡ ਲੁਡਵਿਗ (1825-85) —ਜਰਮਨ ਭਾਸ਼ਾ-ਵਿਗਿਆਨੀ, ਪ੍ਰਾਚੀਨ ਰੋਮ ਦੇ ਇਤਿਹਾਸ ਸਬੰਧੀ ਕਈ ਕਿਰਤਾਂ ਦਾ ਲੇਖਕ।

**ਲੈਥਮ** (Latham), ਰਾਬਰਟ ਗਾਰਡਨ (1812-88) —ਅੰਗ੍ਰੇਜ਼ ਭਾਸ਼ਾ-ਵਿਗਿਆਨੀ ਅਤੇ ਨਸਲ-ਵਿਗਿਆਨੀ।

**ਲੌਂਗਸ** — ਦੂਜੀ ਸਦੀ ਦੇ ਅੰਤ-ਤੀਜੀ ਸਦੀ ਦੇ ਮੁੱਢ ਦਾ ਪ੍ਰਾਚੀਨ ਯੂਨਾਨੀ ਲੇਖਕ।

### ਵ

**ਵਾਕਸਮੁਟ** (Wachsmuth), ਵਿਲਹਲਮ (1784-1866) —ਜਰਮਨ ਬੁਰਜੂਆ ਇਤਿਹਾਸਕਾਰ, ਅਤੀਤ ਅਤੇ ਯੂਰਪ ਦੇ ਇਤਿਹਾਸ ਸਬੰਧੀ ਕਈ ਕਿਰਤਾਂ ਲਿਖੀਆਂ।

**ਵਾਟਸਨ** (Watson), ਜੌਹਨ ਫ਼ੋਰਬਜ਼ (1827-92) —ਅੰਗ੍ਰੇਜ਼ ਡਾਕਟਰ,

ਬਸਤੀਵਾਦੀ ਅਧਿਕਾਰੀ, 1858-79 ਵਿੱਚ ਲੰਦਨ ਵਿਖੇ ਹਿੰਦ ਦੇ ਸੰਗ੍ਰਹਿਆਲੇ ਦਾ ਡਾਇਰੈਕਟਰ, ਹਿੰਦ ਬਾਰੇ ਕਈ ਕਿਰਤਾਂ ਦਾ ਲੇਖਕ।

**ਵਾਰ**, ਪੁਬਲੀਅਸ ਕਿਉਨਟੀਲੀਉਸ (ਲਗ ਭਗ 53 ਪੂਰਵ ਈਸਾ ਤੋਂ 9 ਈਸਵੀ ਤੱਕ) —ਰੋਮ ਦਾ ਰਾਜਸੀ ਨੇਤਾ ਅਤੇ ਫ਼ੌਜੀ ਕਮਾਂਡਰ, 7-9 ਈਸਵੀ ਵਿੱਚ ਜਰਮਨੀ ਦਾ ਗਵਰਨਰ, ਟਿਊਟੋਬਰਗ ਜੰਗਲ ਵਿੱਚ ਬਾਗ਼ੀ ਜਰਮਨਾਂ ਵਿਰੁੱਧ ਲੜਾਈ ਵਿੱਚ ਮਾਰਿਆ ਗਿਆ।

**ਵੂਲਫ਼ਰੈਮ** ਵਾਨ ਐਸ਼ਨਬਾਖ਼ (ਲਗ ਭਗ 1170-ਲਗ ਭਗ 1220) —ਮੱਧ ਕਾਲ ਦਾ ਜਰਮਨ ਕਵੀ।

**ਵੇਟਜ਼** (Waitz), ਗਿਓਰਗ (1813-86) —ਜਰਮਨ ਬੁਰਜੂਆ ਇਤਿਹਾਸਕਾਰ, ਜਰਮਨੀ ਦੇ ਮੱਧ ਕਾਲ ਦੇ ਇਤਿਹਾਸ ਸਬੰਧੀ ਕਿਰਤਾਂ ਦਾ ਲੇਖਕ।

**ਵੇਲੇਦਾ** —ਬਰੁਕਟਰਾਂ ਦੇ ਜਰਮਨ ਕਬੀਲੇ ਦੀ ਪੁਜਾਰਨ ਅਤੇ ਭਵਿੱਖ-ਵਕਤਾ; ਰੋਮ ਦੇ ਰਾਜ ਵਿਰੁੱਧ ਜਰਮਨ ਅਤੇ ਗਾਲ ਦੇ ਕਬੀਲਿਆਂ ਦੀ ਬਗ਼ਾਵਤ ਵਿੱਚ ਸਰਗਰਮ ਹਿੱਸਾ ਲਿਆ।

**ਵੈਸਟਰਮਾਰਕ** (Westermarck), ਐਡਵਾਰਡ ਅਲੇਕਸਾਂਦਰ (1862-1939) —ਫ਼ਿਨਲੈਂਡ ਦਾ ਬੁਰਜੂਆ ਨਸਲ-ਵਿਗਿਆਨੀ ਅਤੇ ਸਮਾਜ-ਵਿਗਿਆਨੀ।

**ਵੈਗਨਰ** (Wagner), ਰਿਚਰਡ (1813-1888) —ਮਹਾਨ ਜਰਮਨ ਸਵਰਕਾਰ (Composer)।

# ਸਾਹਿਤਕ ਅਤੇ ਮਿਥਿਹਾਸਕ ਸ਼ਖ਼ਸੀਅਤਾਂ

## ੳ

**ਉਟੇ, ਨਾਰਵਿਜੀਆਈ** —ਪ੍ਰਾਚੀਨ ਜਰਮਨ ਕੌਮੀ ਮਹਾਂ ਕਾਵ ਅਤੇ 13ਵੀਂ ਸਦੀ ਦੀ ਕਵਿਤਾ "ਗੁਦਰੁਨ" ਦੀ ਹੀਰੋਇਨ।

**ਓਡੇਸਿਉਸ** —ਹੋਮਰ ਦੀਆਂ ਕਵਿਤਾਵਾਂ "ਇਲੀਅਡ" ਅਤੇ "ਓਡੇਸੀ" ਦਾ ਹੀਰੋ, ਇਥਾਕਾ ਦੇ ਟਾਪੂ ਦਾ ਮਿਥਿਹਾਸਕ ਬਾਦਸ਼ਾਹ, ਟਰਾਏ ਦੇ ਯੁੱਧ ਵਿੱਚ ਯੂਨਾਨੀ ਫ਼ੌਜਾਂ ਦੇ ਆਗੂਆਂ ਵਿੱਚੋਂ ਇੱਕ, ਆਪਣੀ ਦਲੇਰੀ, ਚਤੁਰਾਈ ਅਤੇ ਸੁਭਾਸ਼ੀ ਯੋਗਤਾ ਲਈ ਪ੍ਰਸਿੱਧ।

**ਓਰੇਸਟਜ਼** (ਯੂਨਾਨੀ ਮਿਥਿਹਾਸ) —ਅਗਾਮੈਮਨਾਨ ਅਤੇ ਕਲੀਤੇਮਨੇਸਤਰਾ ਦਾ ਪੁੱਤਰ ਜਿਸਨੇ ਆਪਣੀ ਮਾਂ ਅਤੇ ਏਗਿਸਥਸ ਕੋਲ਼ੋਂ ਆਪਣੇ ਪਿਤਾ ਦੇ ਕਤਲ ਦਾ ਬਦਲਾ ਲਿਆ; ਐਸ਼ੂਲਸ ਦੀਆਂ ਤਰਾਸਦੀਆਂ "ਕੋਈਫ਼ੋਰੋ" ਅਤੇ "ਯੇਮੀਨੀਡਸ" ("ਓਰੇਸਟੀਆ" ਤਿੱਕੜੀ ਦਾ ਦੂਜਾ ਤੇ ਤੀਜਾ ਭਾਗ) ਦਾ ਨਾਇਕ।

## ਅ

**ਅਗਾਮੈਮਨਾਨ** —(ਯੂਨਾਨੀ ਮਿਥਿਹਾਸ) —ਅਰਗੋਲਿਸ ਦਾ ਉਪਾਖਿਆਨਕ ਬਾਦਸ਼ਾਹ, ਹੋਮਰ ਦੀ "ਇਲੀਅਡ" ਦਾ ਹੀਰੋ, ਟਰਾਏ ਦੇ ਯੁੱਧਾਂ ਸਮੇਂ ਯੂਨਾਨੀ ਫ਼ੌਜ ਦਾ ਆਗੂ; ਅਸ਼ੂਲਸ ਦੀ ਤਰਾਸਦੀ ਦਾ ਹੀਰੋ।

**ਅਪਾਲ** (ਯੂਨਾਨੀ ਮਿਥਿਹਾਸ) —ਸੂਰਜ ਅਤੇ ਚਾਨਣ ਦਾ ਦੇਵਤਾ, ਕਲਾਵਾਂ ਦਾ ਸਰਪ੍ਰਸਤ।

**ਅਬਰਾਹਮ —**ਅੰਜੀਲ ਅਨੁਸਾਰ ਪ੍ਰਾਚੀਨ ਯਹੂਦੀ ਵਡਿਕਾ।

**ਅਰਗੋਨਾਟਸ** (ਯੂਨਾਨੀ ਮਿਥਿਹਾਸ) —ਉਪਾਖਿਆਨਕ ਸੂਰਮੇ, ਜਿਹੜੇ ਇੱਕ ਜਿਨ ਵੱਲੋਂ ਰਾਖੀ ਕੀਤੀ ਜਾਂਦੀ ਸੋਨੇ ਦੀ ਪਸ਼ਮ ਪ੍ਰਾਪਤ ਕਰਨ ਲਈ "ਆਰਗੋ" ਨਾਂ ਦੇ ਜਹਾਜ਼ ਉੱਤੇ ਕੋਲਚੀਆਂ ਵੱਲ ਗਏ।

**ਅਰੀਨੀਜ਼** (ਯੂਨਾਨੀ ਮਿਥਿਹਾਸ) —ਬਦਲੇ ਦੀਆਂ ਦੇਵੀਆਂ, ਐਸ਼ੂਲਸ ਦੀਆਂ ਤਰਾਸਦੀਆ "ਕੋਈਫ਼ੋਰੋ" ਅਤੇ "ਯੋਮੀਨੀਡਸ" ("ਓਰੇਸਟੀਆ" ਤਿੱਕੜੀ ਦਾ ਦੂਜਾ ਤੇ ਤੀਜਾ ਭਾਗ) ਦੀਆਂ ਨਾਇਕਾਵਾਂ।

**ਆਇਰਲੈਂਡ ਦਾ ਸਿਗੇਬਾਂਤ** — ਪ੍ਰਾਚੀਨ ਜਰਮਨ ਮਹਾਂ-ਕਾਵ ਅਤੇ 13 ਵੀਂ ਸਦੀ

ਦੀ ਜਰਮਨ ਕਵਿਤਾ "ਗੁਦਰੁਨ" ਦਾ ਹੀਰੋ, ਆਇਰਲੈਂਡ ਦਾ ਬਾਦਸ਼ਾਹ।

**ਐਟਜ਼ਲ** —ਪ੍ਰਾਚੀਨ ਜਰਮਨ ਕੌਮੀ ਮਹਾਂ-ਕਾਵ ਅਤੇ ਮੱਧ ਕਾਲ ਦੀ ਜਰਮਨ ਕਵਿਤਾ "ਨਿਬੇਲੁੰਗ ਦਾ ਗੀਤ" ਦਾ ਹੀਰੋ, ਹੁਨਾਂ ਦਾ ਬਾਦਸ਼ਾਹ।

**ਐਥੀਨਾ ਪਾਲਾਸ** (ਯੂਨਾਨੀ ਮਿਥਿਹਾਸ) — ਯੁੱਧ ਅਤੇ ਸਿਆਣਪ ਦੇ ਤਰਕਸ਼ੀਲ ਬਣਾਏ ਜਾਣ ਦੀ ਦੇਵੀ, ਏਥਨਜ਼ ਦੇ ਰਾਜ ਦੀ ਸਰਪ੍ਰਸਤ।

**ਐਨਾਈਤਿਸ** — ਪ੍ਰਾਚੀਨ ਈਰਾਨੀ ਮਿੱਥਾਂ ਵਿੱਚ ਪਾਣੀਆਂ ਅਤੇ ਉਪਜਾਊਪਨ ਦੀ ਦੇਵੀ, ਅਨਾਹੀਤਾ ਦਾ ਯੂਨਾਨੀ ਨਾਂ; ਅਰਮੇਨੀਆਂ ਵਿੱਚ ਇਸ ਦੇਵੀ ਦੀ ਪੂਜਾ ਵਿਸ਼ਾਲ ਰੂਪ ਵਿੱਚ ਫੈਲੀ ਹੋਈ ਸੀ ਜਿਥੇ ਉਸਦੇ ਬਿੰਬ ਨੂੰ ਉਪਜਾਊਪਨ ਦੀਆਂ ਏਸ਼ੀਆ ਮਾਈਨਰ ਦੀਆਂ ਦੇਵੀਆਂ ਨਾਲ਼ ਅਭੇਦ ਕੀਤਾ ਗਿਆ ਸੀ।

**ਐਫ਼ਰੋਡਾਈਟ** (ਯੂਨਾਨੀ ਮਿਥਿਹਾਸ) — ਪਿਆਰ ਅਤੇ ਹੁਸਨ ਦੀ ਦੇਵੀ।

**ਐਲਥੀਆ** (ਯੂਨਾਨੀ ਮਿਥਿਹਾਸ) — ਬਾਦਸ਼ਾਹ ਥੈਸਟੀਅਸ ਦੀ ਧੀ, ਮੇਲੀਆਗਰ ਦੀ ਮਾਂ।

## ੲ

**ਇਉਮਾਈਸ** (ਯੂਨਾਨੀ ਮਿਥਿਹਾਸ) — ਹੋਮਰ ਦੀ "ਓਡੇਸੀ" ਦਾ ਹੀਰੋ, ਇਥਾਕਾ ਦੇ ਬਾਦਸ਼ਾਹ ਓਡੇਸੀਉਸ ਦੇ ਸੂਰਾਂ ਦਾ ਆਜੜੀ, ਜਿਹੜਾ ਉਹਦੇ ਅਨੰਤ ਰੱਟਣਾਂ ਵਿੱਚ ਉਹਦਾ ਵਫ਼ਾਦਾਰ ਰਿਹਾ।

**ਇਟਿਓਕਲੀਜ਼** (ਯੂਨਾਨੀ ਮਿਥਿਹਾਸ) —ਥੇਬੇਜ਼ ਦੇ ਬਾਦਸ਼ਾਹ ਓਡੀਪਸ ਦੇ ਪੁੱਤਰਾਂ ਵਿੱਚੋਂ ਇੱਕ, ਜਿਹੜਾ ਉੱਥੇ ਆਪਣੇ ਭਰਾ ਪੋਲੀਨੀਸ਼ੇਜ਼ ਨਾਲ਼ ਸੱਤ੍ਹਾ ਵਿੱਚ ਭਿਆਲ ਸੀ, ਆਪਣੇ ਭਰਾ ਨੂੰ ਕਤਲ ਕਰ ਦਿੱਤਾ ਅਤੇ ਆਪ ਸੱਤ੍ਹਾ ਲਈ ਲੜਦਾ ਹੋਇਆ ਮਾਰਿਆ ਗਿਆ; ਇਹ ਮਿਥਿਹਾਸਕ ਕਹਾਣੀ "ਥੇਬੇਜ਼ ਵਿਰੁੱਧ ਸਤ" ਦਾ ਆਧਾਰ ਬਣੀ।

## ਸ

**ਸਿਫ਼** (ਸਕੈਂਡੇਨੇਵਿਆਈ ਮਿਥਿਹਾਸ) — ਅਸਮਾਨੀ ਗਰਜ ਦੇ ਦੇਵਤੇ ਥੋਰ ਦੀ ਪਤਨੀ, ਪ੍ਰਾਚੀਨ ਸਕੈਂਡੇਨੇਵਿਆਈ ਕੌਮੀ ਮਹਾਂ-ਕਾਵ "ਵੱਡੀ ਐਡਾ" ਦੀ ਹੀਰੋਇਨ।

**ਸੀਗਫ਼ਰੀਡ** — ਪ੍ਰਾਚੀਨ ਜਰਮਨ ਮਹਾਂ-ਕਾਵ ਅਤੇ ਮੱਧ ਕਾਲ ਦੀ ਕਵਿਤਾ "ਨਿਬੇਲੁੰਗ ਦਾ ਗੀਤ" ਦਾ ਹੀਰੋ।

## ਹ

**ਹਰਵਿੰਗ** — ਪ੍ਰਾਚੀਨ ਜਰਮਨ ਕੌਮੀ ਮਹਾਂ-ਕਾਵ ਅਤੇ 13 ਵੀਂ ਸਦੀ ਦੀ ਕਵਿਤਾ "ਗੁਦਰੁਨ" ਦਾ ਹੀਰੋ, ਸੀਲੈਂਡ ਦਾ ਬਾਦਸ਼ਾਹ, ਗੁਦਰੁਨ ਦਾ ਮੰਗੇਤਰ ਅਤੇ ਪਿੱਛੋਂ ਉਹਦਾ ਪਤੀ।

**ਹਾਦੂਬਰਾਂਡ** — ਪ੍ਰਾਚੀਨ ਜਰਮਨ ਸੂਰਮਾ ਮਹਾਂ-ਕਾਵ "ਹਿਲਡੇਬਰਾਂਡਸਲੀਡ" (ਹਿਲਡੇਬਰਾਂਡ ਦਾ ਗੀਤ) ਦੀ ਸ਼ਖ਼ਸੀਅਤ, ਹਿਲਡੇਬਰਾਂਡ ਦਾ ਪੁੱਤਰ।

**ਹਾਰਮੁਟ** — ਪ੍ਰਾਚੀਨ ਜਰਮਨ ਕੌਮੀ ਮਹਾਂ-ਕਾਵ ਅਤੇ 13ਵੀਂ ਸਦੀ ਦੀ ਕਵਿਤਾ "ਗੁਦਰੁਨ" ਦਾ ਹੀਰੋ, ਨਾਰਮੰਡੀ ਦੇ ਬਾਦਸ਼ਾਹ ਦਾ ਪੁੱਤਰ, ਗੁਦਰੁਨ ਦੇ ਰੱਦ ਕੀਤੇ ਮੰਗੇਤਰਾਂ ਵਿੱਚੋਂ ਇੱਕ।

**ਹਿਲਡੇ** — ਪ੍ਰਾਚੀਨ ਜਰਮਨ ਮਹਾਂ-ਕਾਵ ਅਤੇ 13ਵੀਂ ਸਦੀ ਦੀ ਕਵਿਤਾ "ਗੁਦਰੁਨ" ਦੀ ਹੀਰੋਇਨ, ਆਇਰਲੈਂਡ ਦੇ ਬਾਦਸ਼ਾਹ ਦੀ ਧੀ, ਹੇਗੇਲਿੰਗਨ ਦੇ ਬਾਦਸ਼ਾਹ ਹੈਟਲ ਦੀ ਪਤਨੀ।

**ਹਿਲਡੇਬਰਾਂਡ** — ਪ੍ਰਾਚੀਨ ਜਰਮਨ ਕੌਮੀ ਮਹਾਂ-ਕਾਵ "ਹਿਲਡੇਬਰਾਂਡਸਲੀਡ" ("ਹਿਲਡੇਬਰਾਂਡ ਦਾ ਗੀਤ") ਦਾ ਮੁੱਖ ਹੀਰੋ।

**ਹੇਕਾਟੇ** (ਯੂਨਾਨੀ ਮਿਥਿਹਾਸ) — ਤਿੰਨ ਸਿਰਾਂ ਅਤੇ ਤਿੰਨ ਦੇਹਾਂ ਵਾਲ਼ੀ ਚਾਨਣੀ ਦੀ ਦੇਵੀ, ਪਾਤਾਲ ਦੇ ਰਾਖ਼ਸ਼ਾਂ ਅਤੇ ਪ੍ਰੇਤਾਂ ਦੀ ਮਾਲਕਣ, ਬਦੀ ਅਤੇ ਟੂਣੇ ਦੀ ਸਰਪ੍ਰਸਤ।

**ਹੈਟਲ** — ਪ੍ਰਾਚੀਨ ਜਰਮਨ ਕੌਮੀ ਮਹਾਂ-ਕਾਵ ਅਤੇ 13ਵੀਂ ਸਦੀ ਕਵਿਤਾ "ਗੁਦਰੁਨ" ਦਾ ਹੀਰੋ, ਹੇਗੇਲਿੰਗਨ ਦਾ ਬਾਦਸ਼ਾਹ।

**ਹੈਰਾਕਲੇਜ਼** (ਯੂਨਾਨੀ ਮਿਥਿਹਾਸ) — ਸਭ ਤੋਂ ਹਰਮਨ-ਪਿਆਰਾ ਨਾਇਕ, ਜਿਹੜਾ ਆਪਣੀ ਖੇਡਾਂ ਦੀ ਤਾਕਤ ਅਤੇ ਪਰਾ-ਮਨੁੱਖੀ ਕਾਰਨਾਮਿਆਂ ਕਾਰਨ ਪ੍ਰਸਿੱਧ ਸੀ।

## ਕ

**ਕਸਾਂਦਰਾ** (ਯੂਨਾਨੀ ਮਿਥਿਹਾਸ) — ਟਰਾਏ ਦੇ ਬਾਦਸ਼ਾਹ ਪ੍ਰਾਇਮ ਦੀ ਧੀ, ਭਵਿੱਖ-ਵਕਤਾ; ਟਰਾਏ ਉੱਤੇ ਕਬਜ਼ੇ ਪਿੱਛੋਂ ਅਗਾਮੈਮਨਾਨ ਉਹਨੂੰ ਚੁੱਕ ਕੇ ਲੈ ਗਿਆ; ਅਸ਼ੂਲਸ ਦੀ ਤਰਾਸਦੀ "ਅਗਾਮੈਮਨਾਨ" ਦੇ ਪਾਤਰਾਂ ਵਿੱਚੋਂ ਇੱਕ।

**ਕ੍ਰਿਮਹਿਲਡ** — ਪ੍ਰਾਚੀਨ ਜਰਮਨ ਮਹਾਂ-ਕਾਵ ਅਤੇ ਮੱਧ ਕਾਲ ਦੀ ਕਵਿਤਾ "ਨਿਬੇਲੁੰਗ ਦਾ ਗੀਤ" ਦੀ ਹੀਰੋਇਨ, ਬਰਗੰਡੀਆ ਦੇ ਬਾਦਸ਼ਾਹ ਗੁਨਥਰ ਦੀ ਭੈਣ, ਸੀਗਫ਼ਰੀਡ ਦੀ ਲਾੜੀ ਅਤੇ ਪਿੱਛੋਂ ਉਹਦੀ ਪਤਨੀ, ਉਹਦੀ ਮੌਤ ਤੋਂ ਪਿੱਛੋਂ ਹੁਨਾਂ ਦੇ ਬਾਦਸ਼ਾਹ ਐਟਜ਼ਲ ਦੀ ਪਤਨੀ।

**ਕਲਿਊਪੈਤਰਾ** (ਯੂਨਾਨੀ ਮਿਥਿਹਾਸ) — ਉੱਤਰੀ ਪੌਣ ਦੇ ਦੇਵਤੇ ਬੋਰੀਆਸ ਦੀ ਧੀ।

**ਕਲੀਤੇਮਨੇਸਤਰਾ** (ਯੂਨਾਨੀ ਮਿਥਿਹਾਸ) — ਅਗਾਮੈਮਨਾਨ ਦੀ ਪਤਨੀ, ਜਿਸਨੇ ਟਰਾਏ ਦੇ ਯੁੱਧ ਤੋਂ ਵਾਪਸੀ 'ਤੇ ਆਪਣੇ ਪਤੀ ਨੂੰ ਕਤਲ ਕਰ ਦਿੱਤਾ, ਅਸ਼ੂਲਸ ਦੀ ਤਰਾਸਦੀ "ਓਰੇਸਟੀਆ" ਦੀ ਹੀਰੋਇਨ।

**ਕਲੋਓ** — ਲੋਂਗਸ (ਦੂਜੀ-ਤੀਜੀ ਸਦੀ) ਦੇ ਲਿਖੇ ਪ੍ਰਾਚੀਨ ਯੂਨਾਨੀ ਨਾਵਲ "ਡਾਫ਼ਨਿਸ ਅਤੇ ਕਲੋਓ" ਦੀ ਹੀਰੋਇਨ, ਪਿਆਰ ਕਰਨ ਵਾਲ਼ੀ ਅੜਚਨ ਦਾ ਬਿੰਬ।

## ਗ

**ਗਨੀਮੇਡ** (ਯੂਨਾਨੀ ਮਿਥਿਹਾਸ) — ਸੋਹਣਾ ਜਵਾਨ, ਜਿਸ ਨੂੰ ਦੇਵਤਿਆਂ ਨੇ ਚੁਰਾਇਆ ਅਤੇ ਓਲੰਪਸ (ਯੂਨਾਨੀ ਮਿਥਿਹਾਸ ਅਨੁਸਾਰ ਦੇਵਤਿਆਂ ਦਾ ਨਿਵਾਸ ਸਥਾਨ) ਉੱਤੇ ਲੈ ਗਏ, ਜਿਥੇ ਉਹ ਜ਼ੀਉਸ (ਯੂਨਾਨ ਦਾ ਸਰਵਉੱਚ ਦੇਵਤਾ) ਦਾ ਪਿਆਲਾ-ਬਰਦਾਰ ਬਣ ਗਿਆ।

**ਗਿਆਰਗੇਜ਼ ਦਾਨਦਿਨ** — ਮੋਲੀਅਰ ਦੀ ਕਾਮੇਡੀ "ਗਿਆਰਗੇਜ਼ ਦਾਨਦਿਨ ਜਾਂ ਛਲਿਆ ਪਤੀ" ਦਾ ਹੀਰੋ, ਇੱਕ ਅਮੀਰ ਕਿਸਾਨ ਅਤੇ ਸਿੱਧੜ, ਜਿਸਨੇ ਇੱਕ ਦੀਵਾਲੀਆ ਰਾਠ ਇਸਤਰੀ ਨਾਲ਼ ਵਿਆਹ ਕੀਤਾ, ਜਿਸਨੇ ਜੁਗਤ ਨਾਲ਼ ਉਹਨੂੰ ਧੋਖਾ ਦਿੱਤਾ।

**ਗੁਦਰੁਨ** (ਕੁਦਰੁਨ) — ਪ੍ਰਾਚੀਨ ਜਰਮਨ ਕੌਮੀ ਮਹਾਂ-ਕਾਵ ਅਤੇ 13ਵੀਂ ਸਦੀ ਦੀ ਕਵਿਤਾ "ਗੁਦਰੁਨ" ਦੀ ਮੁੱਖ ਹੀਰੋਇਨ, ਹੈਟਲ (ਹੇਗੇਲਿੰਗਨ ਦੇ ਬਾਦਸ਼ਾਹ) ਅਤੇ ਆਇਰਲੈਂਡ ਦੇ ਹਿਲਡੇ ਦੀ ਧੀ, ਹਰਵਿਗ (ਸੀਲੈਂਡ ਦੇ ਬਾਦਸ਼ਾਹ) ਦੀ ਲਾੜੀ, ਜਿਸਨੂੰ ਨਾਰਮੰਡੀ ਦੇ ਹਾਰਮੁਟ ਨੇ ਚੋਰੀ ਕਰ ਲਿਆ ਅਤੇ ਆਪਣੇ ਨਾਲ਼ ਵਿਆਹ ਕਰਨੋਂ ਨਾਂਹ ਕਾਰਨ 13 ਸਾਲ ਕੈਦ ਰੱਖਿਆ; ਹਰਵਿਗ ਵਲੋਂ ਆਜ਼ਾਦ ਕਰਵਾਏ ਜਾਣ 'ਤੇ ਗੁਦਰੁਨ ਉਹਦੀ ਪਤਨੀ ਬਣ ਗਈ।

**ਗੁਨਥਰ** — ਪ੍ਰਾਚੀਨ ਜਰਮਨ ਮਹਾਂ-ਕਾਵ ਅਤੇ ਮੱਧ-ਕਾਲ ਦੀ ਜਰਮਨ ਕਵਿਤਾ "ਨਿਬੇਲੁੰਗ ਦਾ ਗੀਤ" ਦਾ ਮੁੱਖ ਹੀਰੋ, ਬਰਗੰਡੀਆ ਦਾ ਬਾਦਸ਼ਾਹ।

## ਜ

**ਜ਼ੀਊਸ** (ਯੂਨਾਨੀ ਮਿਥਿਹਾਸ) — ਸਰਵਉੱਚ ਦੇਵਤਾ।

## ਟ

**ਟਿਊਕਰੋਜ਼** — ਹੋਮਰ ਦੀ ਕਵਿਤਾ "ਇਲੀਅਡ" ਦੇ ਹੀਰੋਆਂ ਵਿੱਚੋਂ ਇੱਕ, ਟਰਾਏ ਦੇ ਯੁੱਧ ਵਿੱਚ ਲੜਿਆ।

**ਟੈਲਾਮਾਨ** (ਯੂਨਾਨੀ ਮਿਥਿਹਾਸ) — ਸੂਰਮਾ ਜਿਸਨੇ ਟਰਾਏ ਵਿਰੁੱਧ ਜੰਗ ਵਿੱਚ ਹਿੱਸਾ ਲਿਆ ਸੀ।

**ਟੈਲੀਮਾਕਸ** — ਹੋਮਰ ਦੀ "ਓਡੇਸੀ" ਦਾ ਹੀਰੋ, ਇਥਾਕਾ ਦੇ ਬਾਦਸ਼ਾਹ ਓਡੇਸੀਉਸ ਦਾ ਪੁੱਤਰ।

## ਡ

**ਡਾਫਨਿਸ** — ਲੌਂਗਸ ਵੱਲੋਂ ਲਿਖੇ ਪ੍ਰਾਚੀਨ (ਦੂਜੀ-ਤੀਜੀ ਸਦੀ) ਯੂਨਾਨੀ ਨਾਵਲ "ਡਾਫ਼ਨਿਸ ਅਤੇ ਕਲੋਓ" ਦਾ ਹੀਰੋ, ਪਿਆਰ ਕਰਨ ਵਾਲ਼ੇ ਆਜੜੀ ਦਾ ਬਿੰਬ।

### ਥ

**ਥੀਸੀਉਸ** (ਯੂਨਾਨੀ ਮਿਥਿਹਾਸ) — ਮੁੱਖ ਹੀਰੋਆਂ ਵਿੱਚੋਂ ਇੱਕ, ਏਥਨਜ਼ ਦਾ ਰਿਵਾਇਤੀ ਬਾਦਸ਼ਾਹ, ਉਹਨੂੰ ਏਥਨਜ਼ ਦੇ ਰਾਜ ਦਾ ਮੋਢੀ ਦਸਿਆ ਜਾਂਦਾ ਹੈ।

**ਥੇਸਟੀਅਸ** (ਯੂਨਾਨੀ ਮਿਥਿਹਾਸ) — ਏਥੋਲੀਆ ਵਿੱਚ ਪਲਿਓਰੋਨ ਦਾ ਰਿਵਾਇਤੀ ਬਾਦਸ਼ਾਹ।

### ਨ

**ਨਜੋਰਡ** (ਸਕੈਂਡੇਨੇਨਿਆਈ ਮਿਥਿਹਾਸ) — ਉਪਜਾਇਕਤਾ ਦਾ ਦੇਵਤਾ, ਪ੍ਰਾਚੀਨ ਸਕੈਂਡੇਨੇਵਿਆਈ ਮਹਾਂ-ਕਾਵ "ਵਡੀ ਐਡਾ" ਦਾ ਹੀਰੋ।

**ਨੈਸਟਰ** (ਯੂਨਾਨੀ ਮਿਥਿਹਾਸ) — ਟਰਾਏ ਦੇ ਯੁੱਧ ਵਿੱਚ ਹਿੱਸਾ ਲੈਣ ਵਾਲ਼ੇ ਯੂਨਾਨੀ ਹੀਰੋਆਂ ਵਿੱਚੋਂ ਸਭ ਤੋਂ ਵੱਡਾ ਅਤੇ ਸਭ ਤੋਂ ਸਿਆਣਾ।

### ਪ

**ਪਾਲੀਨੀਸਿਸ** (ਯੂਨਾਨੀ ਮਿਥਿਹਾਸ) — ਥੇਬੇਜ਼ ਦੇ ਬਾਦਸ਼ਾਹ ਓਡੀਪਸ ਦੇ ਪੁੱਤਰਾਂ ਵਿੱਚੋਂ ਇੱਕ, ਥੇਬੇਜ਼ ਵਿੱਚ ਇਟਿਓਕਲੀਜ਼ ਨਾਲ਼ ਸੱਤਾ ਵਿੱਚ ਸਾਂਝ ਰਖੀ, ਆਪਣੇ ਭਰਾ ਨੂੰ ਕਤਲ ਕਰ ਦਿੱਤਾ ਅਤੇ ਇਸੇ ਲੜਾਈ ਵਿੱਚ ਆਪ ਮਾਰਿਆ ਗਿਆ; ਇਹ ਮਿਥਿਹਾਸਕ ਕਹਾਣੀ ਅਸ਼ੂਲਸ ਦੀ ਤਰਾਸਦੀ "ਥੇਬੇਜ਼ ਵਿਰੁੱਧ ਸਤ" ਦਾ ਆਧਾਰ ਬਣੀ।

### ਫ

**ਫ਼ਿਨੀਅਸ** (ਯੂਨਾਨੀ ਮਿਥਿਹਾਸ) — ਅੰਨ੍ਹਾਂ ਪੈਗ਼ੰਬਰ, ਆਪਣੀ ਦੂਜੀ ਪਤਨੀ ਦੇ ਉਕਸਾਉਣ 'ਤੇ ਉਹਨਾਂ ਆਪਣੀ ਪਹਿਲੀ ਪਤਨੀ ਬੋਰੀਅਸ ਦੀ ਧੀ ਕਲਿਊਪੈਤਰਾ ਦੇ ਬੱਚਿਆਂ ਉੱਤੇ ਜ਼ੁਲਮ ਢਾਏ, ਜਿਸ ਲਈ ਦੇਵਤਿਆਂ ਨੇ ਉਸਨੂੰ ਸਜ਼ਾ ਦਿੱਤੀ।

**ਫ਼ਰੀਆ** (ਸਕੈਂਡੇਨੇਵਿਆਈ ਮਿਥਿਹਾਸ) — ਉਪਜਾਇਕਤਾ ਅਤੇ ਪਿਆਰ ਦੀ ਦੇਵੀ, ਪ੍ਰਾਚੀਨ ਸਕੈਂਡੇਨੇਵਿਆਈ ਕੌਮੀ ਮਹਾਂ-ਕਾਵ "ਵੱਡੀ ਐਡਾ" ਦੀ ਹੀਰੋਇਨ, ਆਪਣੇ ਭਰਾ ਦੇਵਤਾ ਫ਼ਰੇਅਰ ਦੀ ਪਤਨੀ।

### ਬ

**ਬਰੁਨਹਿਲਡ** — ਪ੍ਰਾਚੀਨ ਜਰਮਨ ਕੌਮੀ ਗਾਥਾ "ਨਿਬੇਲੁੰਗ ਦਾ ਗੀਤ" ਦੀ ਹੀਰੋਇਨ, ਜਿਹੜੀ ਮੱਧ ਕਾਲ ਦੀ ਜਰਮਨ ਕਵਿਤਾ ਹੈ, ਆਈਸਲੈਂਡ ਦੀ ਮਲਿਕਾ ਅਤੇ ਪਿੱਛੋਂ ਬਰਗੰਡੀ ਦੇ ਬਾਦਸ਼ਾਹ ਗੁਨਥਰ ਦੀ ਪਤਨੀ।

**ਬੋਰੀਆਦ** (ਯੂਨਾਨੀ ਮਿਥਿਹਾਸ) — ਉੱਤਰੀ ਪੌਣ ਦੇ ਦੇਵਤੇ ਬੋਰੀਆਸ ਅਤੇ ਏਥਨਜ਼ ਦੀ ਮਲਿਕਾ ਓਰੇਇਥੀਆ ਦੇ ਬੱਚੇ।

## ਮ

**ਮਲੀਆਗਰ** (ਯੂਨਾਨੀ ਮਿਥਿਹਾਸ) — ਕਾਲਿਆਦੋਨ ਦੇ ਰਿਵਾਇਤੀ ਬਾਦਸ਼ਾਹ ਈਨੀਉਸ ਅਤੇ ਅਲਥੀਆ ਦਾ ਪੁੱਤਰ, ਜਿਸਨੇ ਆਪਣੀ ਮਾਂ ਦੇ ਭਰਾਵਾਂ ਨੂੰ ਕਤਲ ਕਰ ਦਿੱਤਾ।

**ਮੀਲਿਤਾ** — ਬੇਬੀਲੋਨ ਦੇ ਮਿਥਿਹਾਸ ਵਿੱਚ ਪਿਆਰ ਅਤੇ ਉਪਜਾਇਕਤਾ ਦੀ ਦੇਵੀ ਇਸ਼ਤਾਰ ਦਾ ਯੂਨਾਨੀ ਨਾਂ।

**ਮੁਲੀਓਸ** — ਹੋਮਰ ਦੀ ਕਵਿਤਾ "ਓਡੇਸੀ" ਦਾ ਪਾਤਰ, ਇੱਕ ਨਕੀਬ।

**ਮੂਸਾ** (ਅੰਜੀਲ) — ਪੈਗੰਬਰ ਅਤੇ ਕਾਨੂੰਨ ਪ੍ਰਦਾਨ ਕਰਨ ਵਾਲ਼ਾ, ਜਿਸਨੇ ਯਹੂਦੀਆਂ ਨੂੰ ਮਿਸਰ ਦੀ ਕੈਦ ਤੋਂ ਛੁਡਾਇਆ ਅਤੇ ਉਹਨਾਂ ਕਾਨੂੰਨ ਦਿੱਤੇ।

**ਮੈਫ਼ਿਸਟਾਫ਼ਲੀਜ਼** — ਜਰਮਨ ਕਵੀ ਗੋਇਟੇ ਦੀ ਤਰਾਸਦੀ "ਫ਼ਾਸਟ" ਦਾ ਮੁੱਖ ਪਾਤਰ।

**ਮੋਰਲੈਂਡ ਦਾ ਸੀਗਫ਼ਰੀਡ** — ਪ੍ਰਾਚੀਨ ਜਰਮਨ ਮਹਾਂ-ਕਾਵ ਅਤੇ ਮੱਧ ਕਾਲ ਦੀ ਜਰਮਨ ਕਵਿਤਾ "ਨਿਬੇਲੁੰਗ ਦਾ ਗੀਤ" ਦਾ ਹੀਰੋ, "ਗੁਦਰੁਨ" ਦੇ ਰਦ ਕੀਤੇ ਮੰਗੇਤਰਾਂ ਵਿੱਚੋਂ ਇੱਕ।

## ਰ

**ਰੋਮੂਲਸ** — ਰਿਵਾਇਤ ਅਨੁਸਾਰ ਰੋਮ ਦੀ ਨੀਂਹ ਰੱਖਣ ਵਾਲ਼ਾ ਅਤੇ ਬਾਦਸ਼ਾਹ।

## ਲ

**ਲੋਕੀ** (ਸਕੈਂਡੇਨੇਵਿਆਈ ਮਿਥਿਹਾਸ) — ਬਦੂ ਦੈਂਤ ਅਤੇ ਅੱਗ ਦਾ ਦੇਵਤਾ, ਸਕੈਂਡੇਨੇਵੀਆ ਦੇ ਮਹਾਂ-ਕਾਵ "ਵਡੀ ਐਡਾ" ਦਾ ਹੀਰੋ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ – 65.00 ਰੁ.